# ਧਰਤ ਅਨੰਦਪੁਰ ਦੀ

ਕਰਤਾ ਅਤੇ ਪ੍ਰਕਾਸ਼ਕ

## ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾਕ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)
ਇੰਡੀਆ-144207 ਫੋਨ: +91-1886-260334
E-mail: RamPurKhera@yahoo.ca | www.RamPurKhera.Com

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ: ਜੂਨ 2015 10000 ਕਾਪੀ

(ਸ੍ਰੀ ਅਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਤੇ)

ਕਰਤਾ ਅਤੇ ਪ੍ਰਕਾਸ਼ਕ

# ਸੰਤ ਸੇਵਾ ਸਿੰਘ

**ਗੁਰਦੁਆਰਾ ਰਾਮਪੁਰ ਖੇੜਾ ਸਾਹਿਬ**

**ਡਾਕਖਾਨਾ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ**

**ਇੰਡੀਆ-144207 ਫੋਨ : +91-1886-260334**

**E-mail: RamPurKhera@yahoo.ca | www.RamPurKhera.Com**

## ਭੇਟਾ : ਵੀਚਾਰ ਅਤੇ ਅਮਲ

ਟਾਈਪ ਸੈਟਿੰਗ ਅਤੇ ਡਿਜ਼ਾਈਨਿੰਗ :

**ਪ੍ਰਿੰਸੀਪਲ ਤੇਜਿੰਦਰ ਸਿੰਘ (ਖ਼ਾਲਸਾ)**

**ਸੰਤ ਬਾਬਾ ਹਰਨਾਮ ਸਿੰਘ ਮੈਮੋਰੀਅਲ ਮਲਟੀਮੀਡੀਆ ਅਕੈਡਮੀ**

**(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ)**

ਪ੍ਰਿੰਟਰਜ:

**ਪ੍ਰਿੰਟਵੈਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ**

# ਸਮਰਪਿਤ

ਸਦੀਆਂ ਤੋਂ ਹਿੰਦੁਸਤਾਨੀ ਪਰਜਾ ਦੇ ਗਲੀਂ ਪਈਆਂ

ਪੀੜ੍ਹੀਆਂ ਗੁਲ਼ਾਮੀ ਦੀਆਂ ਜੰਜ਼ੀਰਾਂ ਨੂੰ ਕੱਟ ਕੇ

ਅਜ਼ਾਦ ਫਿਜ਼ਾ ਵਿੱਚ ਸਾਹ ਦਿਵਾਉਣ ਵਾਲੇ

ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਅਤੇ

ਉਨ੍ਹਾਂ ਦੀ ਮੁਬਾਰਕ ਚਰਨ ਛੋਹ ਨਾਲ

ਪਾਵਨ ਹੋਈ ਧਰਤ ਅਨੰਦਪੁਰ

ਨੂੰ

**੩੫੦ਵੇਂ** ਸਥਾਪਨਾ ਦਿਵਸ ਤੇ

**b**

# ਤਤਕਰਾ


**ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥**
-ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ
(ਹੈੱਡ ਗ੍ਰੰਥੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ) (viii)

**ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥**
-ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ
(ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ) (x)

**ਸਤਿਗੁਰ ਕੀ ਸੇਵਾ ਸਫਲ ਹੈ** -ਬਾਬਾ ਸਰਬਜੋਤ ਸਿੰਘ ਜੀ ਬੇਦੀ
ਊਨਾ ਸਾਹਿਬ (ਹਿਮਾਚਲ ਪ੍ਰਦੇਸ਼) (xi)

**ਉਦਮੁ ਕਰਤ ਆਨਦ ਭਇਆ** -ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ
ਮੁਖੀ ਦਮਦਮੀ ਟਕਸਾਲ, ਜਥਾ ਭਿੰਡਰਾਂ (ਮਹਿਤਾ) (xiii)

**ਧਰਤਿ ਸੁਭਾਗੀ ਰਾਮ** -ਸੰਤ ਸੇਵਾ ਸਿੰਘ ਜੀ
ਗੁਰਦੁਆਰਾ ਰਾਮਪੁਰ ਖੇੜਾ ਸਾਹਿਬ (xv)

1. ਚੱਕ ਨਾਨਕੀ ਤੋਂ ਅਨੰਦਪੁਰ ਸਾਹਿਬ ਕਹਿਲਾਉਣ ਵਾਲੀ ਧਰਤ ਅਨੰਦਪੁਰ ਦੀ 1
2. ਤਿਲਕ ਜੰਞੂ (ਮਨੁੱਖੀ ਅਧਿਕਾਰਾਂ) ਦੀ ਰਖਵਾਲੀ ਧਰਤ ਅਨੰਦਪੁਰ ਦੀ 4
3. ਵੱਖ-ਵੱਖ ਧਰਮਾਂ ਦੀ ਵਿਭਿੰਨਤਾ ਦੀ ਅਲੰਬਰਦਾਰ ਧਰਤ ਅਨੰਦਪੁਰ ਦੀ 10
4. ਜਾਤ-ਪਾਤ ਦਾ ਖਾਤਮਾ ਕਰਕੇ ਨੀਚਹ ਊਚ ਕਰਨ ਵਾਲੀ ਧਰਤ ਅਨੰਦਪੁਰ ਦੀ 14
5. ਮਾਥੈ ਛਤ੍ਰ ਧਰੈ ਦੀਆਂ ਬਖਸ਼ਿਸ਼ਾਂ ਕਰਨ ਵਾਲੀ ਧਰਤ ਅਨੰਦਪੁਰ ਦੀ 20
6. ਰਣਜੀਤ ਨਗਾਰੇ ਦੀ ਜਨਮ ਦਾਤੀ ਧਰਤ ਅਨੰਦਪੁਰ ਦੀ 23
7. ਅੰਮ੍ਰਿਤੁ ਪੀਆ ਸਤਿਗੁਰਿ ਦੀਆ ਦੀ ਬਖਸ਼ਿਸ਼ ਕਰਨ ਵਾਲੀ ਧਰਤ ਅਨੰਦਪੁਰ ਦੀ 26
8. ਸਤਿਗੁਰ ਮੇਰਾ ਮਾਰ ਜੀਵਾਲੈ ਨੂੰ ਸਾਮਰਤੱਖ ਕਰਨ ਵਾਲੀ ਧਰਤ ਅਨੰਦਪੁਰ ਦੀ 34

9. ਆਪੇ ਗੁਰ ਚੇਲਾ ਦੀ ਰੀਤ ਚਲਾਉਣ ਵਾਲੀ
ਧਰਤ ਅਨੰਦਪੁਰ ਦੀ 50
10.ਤੀਸਰੀ ਸਿੱਖ ਕੌਮ ਪੈਦਾ ਕਰਨ ਵਾਲੀ ਧਰਤ ਅਨੰਦਪੁਰ ਦੀ 55
11.ਰੈੱਡ ਕਰਾਸ ਦੀ ਬਾਨੀ ਧਰਤ ਅਨੰਦਪੁਰ ਦੀ 71
12.ਖਲਕ ਵਸੈ ਰਬ ਮਾਹਿ ਦਾ ਸੰਦੇਸ਼ ਦ੍ਰਿੜ ਕਰਵਾਉਣ ਵਾਲੀ
ਧਰਤ ਅਨੰਦਪੁਰ ਦੀ 77
13.ਬੂਡਤ ਜਾਤ ਪੂਰੇ ਗੁਰ ਕਾਢੇ ਦੀਆਂ ਬਖਸ਼ਿਸ਼ਾਂ ਕਰਨ ਵਾਲੀ
ਧਰਤ ਅਨੰਦਪੁਰ ਦੀ 84
14.ਜ਼ਰ, ਜ਼ੋਰੂ, ਜ਼ਮੀਨ ਤੋਂ ਅਛੋਹ ਧਰਤ ਅਨੰਦਪੁਰ ਦੀ 91
15.ਰਖਿਆਤਮਕ ਯੁੱਧ ਕਲਾ ਦਾ ਨਮੂਨਾ ਧਰਤ ਅਨੰਦਪੁਰ ਦੀ 95
16.ਵਿਚਾਰੀ ਹੋਲੀ ਨੂੰ "ਹੋਲੇ ਮਹੱਲੇ" ਦਾ ਰੂਪ ਦੇਣ ਵਾਲੀ
ਧਰਤ ਅਨੰਦਪੁਰ ਦੀ 100
17.ਸੇਵਾ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 103
18.ਵਿਦਵਾਨਾਂ ਤੇ ਬੇ-ਪਨਾਹਾਂ ਦੀ ਪਨਾਹ ਧਰਤ ਅਨੰਦਪੁਰ ਦੀ 107
19.ਚੜ੍ਹ ਆਏ ਵੈਰੀ ਜਰਨੈਲਾਂ ਨੂੰ ਮੁਰੀਦ ਬਨਾਉਣ ਵਾਲੀ
ਧਰਤ ਅਨੰਦਪੁਰ ਦੀ 110
20.ਪਰ-ਪਤ ਦੀ ਰਖਵਾਲੀ ਧਰਤ ਅਨੰਦਪੁਰ ਦੀ 116
21.ਗਰੀਬ ਦਾ ਮੂੰਹ ਗੁਰੂ ਦੀ ਗੋਲਕ ਦਰਸਾਉਣ ਵਾਲੀ
ਧਰਤ ਅਨੰਦਪੁਰ ਦੀ 121
22.ਵਿਦਵਾਨ ਬਨਾਉਣ ਵਾਲੀ ਤੇ ਵਿਦਿਆ ਦੀ ਦਾਤੀ
ਧਰਤ ਅਨੰਦਪੁਰ ਦੀ 128
23.ਸੰਸਾਰ ਵਿੱਚ ਨਾਮ ਕਿਸਦਾ ਰਹਿੰਦਾ ਦਰਸਾਉਣ ਵਾਲੀ
ਧਰਤ ਅਨੰਦਪੁਰ ਦੀ 135
24.ਹਾਜ਼ਰਾਂ ਨੂੰ ਗੈਰ ਹਾਜ਼ਰ ਤੇ ਗੈਰ ਹਾਜ਼ਰਾਂ ਨੂੰ ਹਾਜ਼ਰ
ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 141
25.ਸਿਦਕ ਦੀ ਪਰਖ ਕਰਨ ਵਾਲੀ ਧਰਤ ਅਨੰਦਪੁਰ ਦੀ 146
26.ਪਾਖੰਡ ਦਾ ਪਾਜ ਉਘੇੜਨ ਵਾਲੀ ਧਰਤ ਅਨੰਦਪੁਰ ਦੀ 154
27.ਸੰਗਤੀ ਅਰਦਾਸ ਦੀ ਮਹਾਨਤਾ ਦਰਸਾਉਣ ਵਾਲੀ
ਧਰਤ ਅਨੰਦਪੁਰ ਦੀ 160
28.ਸਾਡੇ ਹੁਕਮ ਮੰਨਣ ਦੀ ਦਸ਼ਾ ਦਰਸਾਉਣ ਵਾਲੀ
ਧਰਤ ਅਨੰਦਪੁਰ ਦੀ 168

29.ਨਿਰੇ ਭੇਖ ਦਾ ਹਸ਼ਰ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 175
30.ਸ਼ੁੱਧ ਗੁਰਬਾਣੀ ਪੜ੍ਹਣ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 186
31.ਜਗਤ ਜੂਠ (ਤੰਬਾਕੂ) ਦੀ ਛੋਹ ਤੋਂ ਅਛੋਹ ਧਰਤ ਅਨੰਦਪੁਰ ਦੀ 197
32.ਆਚਰਣ ਦਾ ਸ਼ਿਖਰ ਸਿਖਾਲਣ ਵਾਲੀ ਧਰਤ ਅਨੰਦਪੁਰ ਦੀ 205
33.ਖਿਮਾਂ ਦੀ ਸ਼ਿਖਰ ਤੇ ਤਿੰਨ ਤਰ੍ਹਾਂ ਦੇ ਸਿੱਖ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 213
34.ਪੁੱਠੇ ਲੇਖਾਂ ਨੂੰ ਸਿੱਧੇ ਕਰਨ ਦਾ ਰਸਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 226
35.ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 237
36.ਲੰਗਰ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 241
37.ਵਿਦਵਾਨਾਂ ਨੂੰ ਤਲਵਾਰਾਂ ਦੀ ਥਾਂ ਕਲਮ ਪਕੜਾਉਣ ਵਾਲੀ ਧਰਤ ਅਨੰਦਪੁਰ ਦੀ 249
38.ਗੁਰਿ ਨਿਮਖ ਨ ਮਨ ਤੇ ਟਾਰੀ ਰੇ ਨੂੰ ਪਰਪੱਕ ਕਰਵਾਉਣ ਵਾਲੀ ਧਰਤ ਅਨੰਦਪੁਰ ਦੀ 255
39.ਕੌੜਾ-ਫਿੱਕਾ ਬੋਲ ਬੋਲਣ ਦਾ ਹਸ਼ਰ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ 263
40.ਗੁਰੂ ਚਰਨ ਛੋਹ ਪ੍ਰਾਪਤ ਗੁਰਧਾਮ ਅਨੰਦਪੁਰ ਸਾਹਿਬ ਦੇ 275
41.ਗੁਰੂ ਕਾ ਲਾਹੌਰ ਅਤੇ ਉਥੋਂ ਦੇ ਗੁਰਦੁਆਰਾ ਸਾਹਿਬਾਨ 286
42.ਕੀਰਤਪੁਰ ਸਾਹਿਬ ਦੇ ਗੁਰਦੁਆਰੇ 287
43.ਵੇਦਣ ਕਹੀਏ ਕਿਸ? 292

॥ਅਕਾਲ ਸਹਾਇ॥

ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ
ਹੈੱਡ ਗ੍ਰੰਥੀ
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ,
ਸ੍ਰੀ ਅੰਮ੍ਰਿਤਸਰ।

Singh Sahib Giani Jagtar Singh
Head Priest
Sachkhand Sri Harmandir Sahib Ji,
Sri Amritsar (Pb.) India.

Ref. No.____________ Dated______________

# ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥

੧੯ ਜੂਨ ੨੦੧੫ ਨੂੰ ਸਮੁੱਚਾ ਖ਼ਾਲਸਾ ਪੰਥ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਜੀ ਦਾ ੩੫੦ ਸਾਲਾ ਸਥਾਪਨਾ ਦਿਵਸ ਬੜੀ ਸ਼ਰਧਾ ਪ੍ਰੇਮ ਭਾਵ ਤੇ ਪੂਰੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾ ਰਿਹਾ ਹੈ। ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਨੌਵੀਂ ਜੋਤ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਜੀ ਨੇ ਕਹਿਲੂਰ (ਬਿਲਾਸਪੁਰ) ਦੇ ਰਾਜੇ ਤਾਰਾ ਚੰਦ ਦੇ ਪ੍ਰਵਾਰ ਕੋਲੋਂ ਮੁੱਲ ਖਰੀਦ ਕੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਇਹ ਪਾਵਨ ਧਰਤੀ ਵਸਾਉਣਾ ਕੀਤੀ ਸੀ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਧੰਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨੀਵੀਆਂ ਜਾਤਾਂ, ਲਿਤਾੜੇ ਹੋਏ, ਨਿਥਾਵੇਂ, ਅਮੀਰਾਂ ਰਾਜਿਆਂ ਦੀ ਗ਼ੁਲਾਮੀ ਹੇਠ ਦੱਬੇ ਲੋਕਾਂ ਨੂੰ ਚੁੱਕ ਕੇ ਆਪਣੀ ਛਾਤੀ ਨਾਲ ਲਾਇਆ। ਸਤਿਗੁਰਾਂ ਨੇ ਨਿਆਰਾ ਖ਼ਾਲਸਾ ਪੰਥ ਸਾਜਣ ਲਈ ਜਦੋਂ ਉੱਚ ਜਾਤੀਏ ਤੇ ਰਾਜਿਆਂ, ਮਹਾਰਾਜਿਆਂ, ਪਹਾੜੀਆਂ ਦੀ ਪਰਖ ਕੀਤੀ ਤਾਂ ਉਹ ਪੂਰੇ ਨਹੀਂ ਉੱਤਰੇ, ਤਾਂ ਇਸੇ ਪਾਵਨ ਧਰਤੀ ਤੇ ਨਿਮਾਣੇ, ਲਿਤਾੜੇ, ਦੱਬੇ ਕੁਚਲੇ ਲੋਕਾਂ ਵੱਲ ਇਸ਼ਾਰਾ ਕਰ ਕੇ ਸ੍ਰੀ ਕਲਗੀਧਰ ਜੀ ਨੇ ਫੁਰਮਾਇਆ ਸੀ:-

**ਜਿਨ ਕੀ ਜਾਤ ਵਰਨ ਕੁਲ ਮਾਹੀ॥ ਸਿਰਦਾਰੀ ਨਹ ਭਈ ਕਦਾਹੀ॥**
**ਇਨਹੀ ਕੋ ਸਿਰਦਾਰ ਬਨਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਸਤਿਗੁਰਾਂ ਨੇ ਉੱਚੀ ਅਵਾਜ਼ ਨਾਲ ਅਹੰਕਾਰੀ ਰਾਜਿਆਂ ਨੂੰ ਇਹ ਕਹਿ ਕੇ ਪਛਾੜਿਆ:-

**ਇਨ ਗ਼ਰੀਬ ਸਿਖਨ ਕੋ ਦੇਊ ਪਾਤਸ਼ਾਹੀ॥**
**ਯਾਦ ਰਖੈ ਹਮਰੀ ਗੁਰਿਆਈ॥**

ਇਸ ਪਾਵਨ ਧਰਤੀ ਤੇ ਸਤਿਗੁਰਾਂ ਨੇ ਬੇਅੰਤ ਕੌਤਕ ਵਰਤਾਏ, ਜਿਨ੍ਹਾਂ ਦਾ

ਵਿਸਥਾਰ ਬਾਬਾ ਜੀ ਨੇ ਇਸ ਪੁਸਤਕ ਵਿੱਚ ਕੀਤਾ ਹੈ। ਇਸ ਧਰਤ ਅਨੰਦਪੁਰ ਦੇ ਖ਼ਾਲਸਾ ਪੰਥ ਤੇ ਕੀ-ਕੀ ਅਹਿਸਾਨ ਹਨ? ਬਾਬਾ ਜੀ ਨੇ ਬਹੁਤ ਹੀ ਪ੍ਰੇਮ-ਪਿਆਰ ਤੇ ਵਿਸਥਾਰ ਨਾਲ ਇਸ ਪੁਸਤਕ ਵਿੱਚ ਵਰਨਣ ਕੀਤੇ ਹਨ। ਸੋ ਇਸ ਮਹਾਨ ਸ਼ਤਾਬਦੀ ਨੂੰ ਸਮਰਪਿਤ ਇਹ ਪੁਸਤਕ "**ਧਰਤ ਅਨੰਦਪੁਰ ਦੀ**" ਜੋ ਕਿ ਅਤੀ-ਸਤਿਕਾਰਯੋਗ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਵਾਲੇ ਆਪਣੇ ਹਸਤ-ਕਮਲਾਂ ਨਾਲ ਲਿਖ ਕੇ ਸੰਗਤਾਂ ਦੀ ਸੇਵਾ ਵਿੱਚ ਅਰਪਣ ਕਰ ਰਹੇ ਹਨ, ਜਿਸ ਨੂੰ ਪੜ੍ਹ ਕੇ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਅਨਮੁੱਲੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰ ਸਕਣਗੀਆਂ। ਮਹਾਂਪੁਰਖ ਪਹਿਲਾਂ ਵੀ ਬੇਅੰਤ ਪੁਸਤਕਾਂ ਛਪਵਾ ਕੇ, ਕੈਸਟਾਂ, ਸੀ.ਡੀਆਂ ਤੇ ਹੋਰ ਅਧੁਨਿਕ ਸਾਧਨਾਂ ਨਾਲ ਭੇਟਾ ਰਹਿਤ ਸੰਗਤਾਂ ਵਿੱਚ ਵੰਡ ਕੇ ਗੁਰਸਿੱਖੀ ਦਾ ਬਹੁਤ ਭਾਰੀ ਪ੍ਰਚਾਰ ਕਰ ਰਹੇ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਬੇਅੰਤ ਸੰਗਤਾਂ ਲਾਹਾ ਪ੍ਰਾਪਤ ਕਰ ਰਹੀਆਂ ਹਨ। ਦਾਸ ਦੀ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਚਰਨਾਂ ਵਿੱਚ ਹੱਥ ਜੋੜ ਅਰਦਾਸ ਹੈ ਕਿ ਸਤਿਗੁਰੂ ਜੀ ਸੰਤ ਬਾਬਾ ਸੇਵਾ ਸਿੰਘ ਜੀ ਨੂੰ ਦੀਰਘ ਆਯੂ ਅਤੇ ਸਿਹਤਯਾਬੀ ਬਖਸ਼ਣ ਤਾਂ ਜੋ ਬਾਬਾ ਜੀ ਵੱਧ ਤੋਂ ਵੱਧ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਸਕਣ।

ਆਖ਼ਿਰ ਵਿੱਚ ਦਾਸ ਦੀ ਇਹੀ ਬੇਨਤੀ ਹੈ ਕਿ ਆਉ ਅੰਮ੍ਰਿਤ ਛਕੀਏ, ਕੇਸਾਂ ਦਾ ਸਤਿਕਾਰ ਕਰੀਏ, ਨਸ਼ਿਆਂ ਦਾ ਤਿਆਗ ਕਰੀਏ, ਭਰੂਣ ਹੱਤਿਆ ਤੇ ਹੋਰ ਭੈੜੀਆਂ ਅਲਾਮਤਾਂ ਤੋਂ ਬਚੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ੍ਹ ਲੱਗ ਕੇ ਸਿੱਖੀ ਵਿੱਚ ਪ੍ਰਪੱਕ ਹੋਈਏ। ਦਾਸ ਇਸ ਵਧੀਆ ਉਪਰਾਲੇ ਲਈ ਬਾਬਾ ਜੀ ਦਾ ਧੰਨਵਾਦ ਕਰਦਾ ਹੈ ਅਤੇ ਵਧਾਈ ਦਿੰਦਾ ਹੈ।

ਭੁੱਲ-ਚੁੱਕ ਦੀ ਖਿਮਾਂ।

ਗੁਰੂ ਪੰਥ ਦਾ ਦਾਸ

ਗਿਆਨੀ ਜਗਤਾਰ ਸਿੰਘ
ਹੈੱਡ ਗ੍ਰੰਥੀ
ਸਚਖੰਡ ਸ੍ਰੀ ਹਰਿਮੰਦਰ ਸਾਹਿਬ
ਅੰਮ੍ਰਿਤਸਰ

ੴ ਵਾਹਿਗੁਰੂ ਜੀ ਕੀ ਫ਼ਤਹ॥


# ਸਿੰਘ ਸਾਹਿਬ ਗਿਆਨੀ ਮੱਲ ਸਿੰਘ

ਜਥੇਦਾਰ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ (ਰੋਪੜ)
ਫੋਨ : 01887-232100
ਫੈਕਸ : 01887-232523
ਮੋਬਾਇਲ : 94175-42974
email : singhsahibgianimalsingh@gmail.com

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ (ਰੋਪੜ)
TAKHAT SRI KESGARH SAHIB
SRI ANANDPUR SAHIB (ROPAR)


ਨੰਬਰ 20-3-2015 ਮਿਤੀ 18-3-2015

## ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥

ਅੱਜ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਖਾਲਸਾ ਪੰਥ ਦੀ ਸਿਰਜਣਾ-ਭੂਮੀ ਸ੍ਰੀ ਅਨੰਦਪੁਰ ਸਾਹਿਬ ਜੀ ਦੇ 350 ਸਾਲਾ ਸਥਾਪਨਾ ਦਿਵਸ ਨੂੰ ਬੜੀ ਸ਼ਰਧਾ ਭਾਵਨਾ ਅਤੇ ਪਿਆਰ ਨਾਲ ਮਨਾ ਰਹੀਆਂ ਹਨ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਫੁਲਵਾੜੀ, ਖਾਲਸਾ ਪ੍ਰਵਾਰ ਦੀਆਂ ਸਮੂਹ ਜਥੇਬੰਦੀਆਂ ਅਤੇ ਕੌਮ ਦੀਆਂ ਸਤਿਕਾਰਤ ਹਸਤੀਆਂ ਸੰਗਤਾਂ ਦੇ ਸਹਿਯੋਗ ਨਾਲ ਯਥਾ-ਸ਼ਕਤ ਉੱਦਮ ਕਰਕੇ ਇਸ ਮਹਾਨ ਅਵਸਰ ਤੇ ਆਪਣੀ ਹਾਜ਼ਰੀ ਗੁਰੂ ਚਰਨਾਂ ਵਿੱਚ ਲਗਾਉਣ ਲਈ ਯਤਨਸ਼ੀਲ ਹਨ।

ਸਤਿਕਾਰਯੋਗ ਸੰਤ ਬਾਬਾ ਸੇਵਾ ਸਿੰਘ ਜੀ ਗੁਰਦੁਆਰਾ ਰਾਮਪੁਰ ਖੇੜਾ ਵਾਲੇ, ਜਿੰਨ੍ਹਾਂ ਨੇ ਗੁਰੂ ਮੇਹਰ ਸਦਕਾ ਪੰਥ ਵਲੋਂ ਪਿਛਲੇ ਸਮੇਂ ਦੌਰਾਨ ਮਨਾਏ ਗਏ ਪੁਰਬਾਂ ਉਪਰ ਗੁਰੂ ਸੰਦੇਸ਼ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਲਿਖਤ ਰੂਪ ਵਿੱਚ ਅਹਿਮ ਯੋਗਦਾਨ ਪਾਉਂਦਿਆਂ **ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ** ਅਨੁਸਾਰ ਅਤਿ ਸ਼ਲਾਘਾਯੋਗ ਸੇਵਾ ਕੀਤੀ ਸੀ। ਇਸੇ ਪ੍ਰੰਪਰਾ ਨੂੰ ਜਾਰੀ ਰੱਖਦਿਆਂ ਬਾਬਾ ਜੀ ਨੇ ਕਲਗੀਧਰ ਪਾਤਸ਼ਾਹ ਜੀ ਦੀ ਨਿਵਾਜੀ ਇਸ ਅਨੰਦਪੁਰ ਸਾਹਿਬ ਜੀ ਦੀ ਸੁਭਾਗੀ ਧਰਤ ਉਪਰ ਗੁਰਦੇਵ ਪਿਤਾ ਜੀ ਵੱਲੋਂ ਗੁਰਸਿੱਖਾਂ ਨੂੰ ਜੀਵਨ ਸੇਧ ਬਖਸ਼ਣ ਲਈ ਵਰਤਾਏ ਕੌਤਕਾਂ ਨੂੰ ਸਾਡੇ ਹਿਰਦਿਆਂ ਵਿੱਚ ਤਰੋ-ਤਾਜ਼ਾ ਕਰਦਿਆਂ **ਧਰਤ ਅਨੰਦਪੁਰ ਦੀ** ਪੁਸਤਕ ਲਿਖ ਕੇ ਨਿਵੇਕਲੀ ਸੇਵਾ ਕੀਤੀ ਹੈ ਜੋ ਕਿ ਅਤਿ ਸ਼ਲਾਘਾਯੋਗ ਉੱਦਮ ਹੈ। ਅਜਿਹੇ ਉਪਰਾਲੇ ਦੀ ਇਸ ਸੁਭਾਗੇ ਅਵਸਰ ਤੇ ਅਤਿਅੰਤ ਜਰੂਰਤ ਸੀ ਜਿਸ ਨੂੰ ਸਾਹਿਬਾਂ ਨੇ ਆਪ ਕਿਰਪਾ ਕਰਕੇ ਸੰਤ ਬਾਬਾ ਸੇਵਾ ਸਿੰਘ ਜੀ ਪਾਸੋਂ ਸੰਪੂਰਨ ਕਰਵਾਇਆ ਹੈ। ਇਸ ਪੁਸਤਕ ਨੂੰ ਪੜ੍ਹ ਕੇ ਸੰਗਤਾਂ ਦੇ ਮਨਾ ਵਿੱਚ **ਕਲਗੀਧਰ ਪਿਤਾ ਜੀ ਦੀਆਂ ਰਹਿਮਤਾਂ** ਦੀ ਯਾਦ ਨਿਸ਼ਚੇ ਹੀ ਤਾਜ਼ਾ ਹੋਵੇਗੀ ਅਤੇ ਇਨ੍ਹਾਂ ਬ੍ਰਿਤਾਂਤਾਂ ਤੋਂ ਪ੍ਰੇਰਣਾ ਲੈ ਕੇ ਸਾਨੂੰ ਆਪਣੇ ਜੀਵਨ ਨੂੰ ਗੁਰਮੁਖੀ ਰੰਗਤ ਵਿੱਚ ਢਾਲਣ ਦੀ ਪ੍ਰੇਰਣਾ ਅਵੱਸ਼ ਮਿਲੇਗੀ।

ਮੈਂ, ਸੰਤ ਬਾਬਾ ਸੇਵਾ ਸਿੰਘ ਜੀ ਨੂੰ ਇਸ ਉੱਦਮ ਲਈ ਅਤਿਅੰਤ ਮੁਬਾਰਕਬਾਦ ਦਿੰਦਾ ਹੋਇਆ ਗੁਰੂ ਚਰਨਾਂ ਵਿੱਚ ਜੋਦੜੀ ਕਰਦਾ ਹਾਂ ਕਿ ਕਲਗੀਧਰ ਪਾਤਸ਼ਾਹ, ਬਾਬਾ ਜੀ ਨੂੰ ਹੋਰ ਚੜ੍ਹਦੀਕਲਾ ਬਖਸ਼ਿਸ਼ ਕਰਨ ਤਾਂ ਜੋ ਅਜਿਹੇ ਸਾਰਥਿਕ ਉਪਰਾਲਿਆਂ ਰਾਹੀਂ ਉਹ ਖਾਲਸਾ ਪੰਥ ਦੀ ਸੇਵਾ ਨਿਰੰਤਰ ਜਾਰੀ ਰੱਖਣ।

**ਵਾਹਿਗੁਰੂ ਜੀ ਕਾ ਖਾਲਸਾ॥ਵਾਹਿਗੁਰੂ ਜੀ ਕੀ ਫਤਹਿ॥**

ਗੁਰੂ ਪੰਥ ਦਾ ਦਾਸ,

**(ਸਿੰਘ ਸਾਹਿਬ ਗਿਆਨੀ ਮੱਲ ਸਿੰਘ),**
**ਜਥੇਦਾਰ,**
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

# ਸਤਿਗੁਰ ਕੀ ਸੇਵਾ ਸਫਲ ਹੈ

ਆਪ ਨਰਾਇਣ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਦਸਵੀਂ ਜੋਤਿ ਕਲਗੀਧਰ ਪਾਤਸ਼ਾਹ, ਸਰਬੰਸਦਾਨੀ, ਸਾਹਿਬ-ਏ-ਕਮਾਲ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਨੂੰ, ਭਾਰਤ ਦੇ ਗਲੋਂ ਧਾਰਮਿਕ, ਆਰਥਿਕ ਅਤੇ ਰਾਜਨੀਤਕ ਗੁਲਾਮੀਂ ਦੀਆਂ ਫਾਹੀਆਂ ਕੱਟ ਕੇ ਸ੍ਵੈ-ਮਾਣ ਅਤੇ ਗੈਰਤਮੰਦ ਜੀਵਨ ਜੀਊਣ ਵਾਲੇ ਸੰਪੂਰਨ ਮਨੁੱਖ ਦੀ ਸਿਰਜਣਾ ਕਰਨ ਲਈ ਚੁਣਿਆ। ਨੌਵੀਂ ਜੋਤ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਵਿੱਖ ਵਿੱਚ ਹੋਣ ਵਾਲੀ ਇਸ ਕ੍ਰਾਂਤੀ ਲਈ ਭੂਮੀ ਤਿਆਰ ਕਰਦਿਆਂ ਚੱਕ ਨਾਨਕੀ ਦੇ ਰੂਪ ਵਿੱਚ ਇਸ ਸੁਭਾਗੀ ਧਰਤੀ ਨੂੰ ਪਹਿਲੋਂ ਹੀ ਪਹਿਚਾਣ ਲਿਆ ਸੀ ਅਤੇ ਇਸ ਨੂੰ ਆਪਣੀ ਚਰਨ-ਛੋਹ ਦੇ ਕੇ ਨਿਵਾਜਿਆ। ਅੱਜ ਸਮੁੱਚੀ ਕੌਮ ਇਸ ਕ੍ਰਾਂਤੀਕਾਰੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਥਾਪਨਾ ਵਰ੍ਹੇਗੰਢ ਪੰਥਕ ਰੂਪ ਵਿੱਚ ਮਨਾ ਰਹੀ ਹੈ।

ਸਤਿਕਾਰਯੋਗ ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਵਾਲਿਆਂ ਪਾਸੋਂ ਧੰਨ ਗੁਰੂ ਨਾਨਕ ਸਾਹਿਬ ਆਪ ਰਹਿਮਤ ਕਰ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਲੈ ਰਹੇ ਹਨ। ਪਿਛਲੇ ਸਮੇਂ ਦੌਰਾਨ ਪੰਥਕ ਰੂਪ ਵਿੱਚ ਮਨਾਏ ਗਏ ਪੁਰਬਾਂ, ਸ਼ਤਾਬਦੀਆਂ ਦੇ ਮੌਕੇ ਤੇ ਗੁਰੂ ਸੰਦੇਸ਼ ਨੂੰ ਲੁਕਾਈ ਤੱਕ ਪਹੁੰਚਾਉਣ ਲਈ ਬਾਬਾ ਜੀ ਨੇ ਲਿਖਤ ਰਾਹੀਂ ਜੋ ਵਿਸ਼ੇਸ਼ ਸੇਵਾ ਕੀਤੀ ਹੈ ਉਹ ਅਤਿ ਸਰਾਹਨੀਯ ਹੈ। ਇਹ ਪੁਸਤਕਾਂ ਅਤੇ ਗੁਰਮਤਿ ਸਾਹਿਤ ਜੋ ਸੰਗਤ ਤੱਕ ਉਹਨਾਂ ਵੱਲੋਂ ਭੇਟਾ ਰਹਿਤ ਪਹੁੰਚਾਇਆ ਜਾਂਦਾ ਹੈ, ਨੂੰ ਪੜ੍ਹ ਸੁਣ ਕੇ ਸੰਗਤਾਂ ਨੇ ਬਹੁਤ ਲਾਭ ਪ੍ਰਾਪਤ ਕੀਤਾ ਅਤੇ ਕਰ ਰਹੀਆਂ ਹਨ।

ਗੁਰਮਤਿ ਪ੍ਰਚਾਰ-ਪ੍ਰਸਾਰ ਦੀ ਇਸੇ ਲੜੀ ਨੂੰ ਜਾਰੀ ਰੱਖਦਿਆਂ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਸੁਭਾਗੀ ਧਰਤੀ ਦੇ ੩੫੦ਵੇਂ ਸਥਾਪਨਾ ਦਿਵਸ ਤੇ ਕਲਗੀਧਰ ਜੀ ਵੱਲੋਂ ਗੁਰਸਿੱਖਾਂ ਨੂੰ ਜੀਵਨ ਸੇਧ ਦੇਣ ਲਈ ਇਸ ਭੂਮੀ ਤੇ ਵਰਤਾਏ ਕੌਤਕਾਂ ਨੂੰ ਜ਼ਿਹਨ-ਨਸ਼ੀਨ ਕਰ ਕੇ ਸੰਗਤਾਂ ਆਪਣੇ ਜੀਵਨ ਵਿੱਚ ਇਹਨਾਂ ਸੰਦੇਸ਼ਾਂ ਤੋਂ ਸੇਧ ਲੈ ਸਕਣ, ਦੀ ਭਾਵਨਾ ਨਾਲ ਇਹ ਹੱਥਲੀ ਪੁਸਤਕ "ਧਰਤ ਅਨੰਦਪੁਰ ਦੀ" ਵੀ ਬਾਬਾ ਜੀ ਸੰਗਤਾਂ ਦੀ ਭੇਂਟ ਕਰ ਰਹੇ ਹਨ ਜੋ ਕਿ ਅਤਿ ਸ਼ਲਾਘਾਯੋਗ ਉੱਦਮ ਹੈ।

ਧੰਨ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਚਰਨਾਂ ਵਿੱਚ ਮੇਰੀ ਅਰਦਾਸ ਹੈ ਕਿ ਸਤਿਗੁਰੂ ਜੀ, ਸੰਤ ਬਾਬਾ ਸੇਵਾ ਸਿੰਘ ਜੀ ਨੂੰ ਚੜ੍ਹਦੀਕਲਾ ਬਖਸ਼ਿਸ਼ ਕਰ ਕੇ ਗੁਰਮਤਿ ਪ੍ਰਸਾਰ ਦੇ ਇਹਨਾਂ ਕਾਰਜਾਂ ਨੂੰ ਜਾਰੀ ਰੱਖਣ ਲਈ ਹੋਰ ਵਧੇਰੇ ਉੱਦਮ ਅਤੇ ਬਲ ਪ੍ਰਦਾਨ ਕਰਨ। ਆਸ ਹੈ ਕਿ ਸੰਗਤਾਂ ਇਸ ਪੁਸਤਕ ਤੋਂ ਵੀ ਪਹਿਲੀਆਂ ਲਿਖਤਾਂ ਵਾਂਗ ਲਾਹਾ ਪ੍ਰਾਪਤ ਕਰਨਗੀਆਂ।

ਮਾਰਚ 2015

**ਬਾਬਾ ਸਰਬਜੋਤ ਸਿੰਘ**
ਸਤਾਹਰਵੀਂ ਸੰਤਾਨ ਪਾ. ੧
(ਗੁਰੂ-ਵੰਸ਼ ਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ)
ਊਨਾ ਸਾਹਿਬ (ਹਿਮਾਚਲ ਪ੍ਰਦੇਸ਼)

# ਉਦਮੁ ਕਰਤ ਆਨਦੁ ਭਇਆ

ਜੂਨ ਮਹੀਨੇ ਵਿੱਚ ਸਮੁੱਚਾ ਖ਼ਾਲਸਾ ਪੰਥ, ਖ਼ਾਲਸੇ ਦੀ ਸਿਰਜਣਾ ਭੂਮੀ ਸ੍ਰੀ ਅਨੰਦਪੁਰ ਸਾਹਿਬ ਜੀ ਦਾ ੩੫੦ਵਾਂ ਸਥਾਪਨਾ ਦਿਵਸ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ-ਪਿਆਰ ਨਾਲ ਮਨਾ ਰਿਹਾ ਹੈ।

ਸਿੱਖ ਹਿਰਦਿਆ ਵਿੱਚ ਅਤੇ ਸੰਸਾਰ ਭਰ ਦੀਆਂ ਨਜ਼ਰਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਮਹੱਤਤਾ ਖ਼ਾਲਸੇ ਦੀ ਸਿਰਜਣਾ ਭੂਮੀ ਦੇ ਰੂਪ ਵਿੱਚ ਵਿਸ਼ੇਸ਼ ਕਰਕੇ ਹੈ ਪਰ ਜਦ ਅਸੀਂ ਇਤਿਹਾਸ ਦੇ ਪੰਨਿਆਂ ਉੱਪਰ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਧਰਤ ਨੂੰ ਕਲਗੀਧਰ ਪਾਤਸ਼ਾਹ ਜੀ ਦੀ ਪਾਵਨ ਚਰਨ-ਛੋਹ ਮਾਨਣ ਦਾ ਸਭ ਤੋਂ ਜਿਆਦਾ ਸਮਾਂ ਨਸੀਬ ਹੋਇਆ। ਬਿਨਾਂ ਸ਼ੱਕ ਸਾਹਿਬਾਂ ਨੇ ਅਨੇਕਾਂ ਕੌਤਕ ਇਸ ਧਰਤੀ ਤੇ ਵਰਤਾ ਕੇ ਸਾਨੂੰ ਗੁਰਸਿੱਖੀ ਕਮਾਉਣ ਦੀ ਜਾਚ ਦਰਸਾਈ।

ਸਤਿਕਾਰਯੋਗ ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਸਾਹਿਬ ਵਾਲੇ ਜੋ ਪੰਥ ਦੀ ਅਤਿ ਸਤਿਕਾਰਤ ਹਸਤੀ ਹਨ, ਸਤਿਗੁਰੂ ਜੀ ਦੀ ਰਹਿਮਤ ਦਾ ਸਦਕਾ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਤੋਂ "ਨਾਮ-ਸਿਮਰਨ" ਸਮਾਗਮਾਂ ਦੇ ਰਾਹੀਂ ਜਗਿਆਸੂਆਂ ਨੂੰ "ਭਜ ਕੇਵਲ ਨਾਮ" ਦੀ ਸ੍ਰੇਸ਼ਟ ਕਾਰ ਨਾਲ ਜੋੜ ਰਹੇ ਹਨ। ਇਸ ਤੋਂ ਇਲਾਵਾ ਗੁਰਸਿੱਖੀ ਪ੍ਰਚਾਰ-ਪ੍ਰਸਾਰ ਦੇ ਨਾਲ ਸਮਾਜ ਭਲਾਈ ਦੇ ਅਨੇਕਾਂ ਕਾਰਜ ਵੀ ਇਸ ਅਸਥਾਨ ਤੋਂ ਚੱਲ ਰਹੇ ਹਨ। ਇਹਨਾਂ ਸਮੁੱਚੇ ਉਪਰਾਲਿਆਂ ਦੇ ਨਾਲ-ਨਾਲ ਇੱਕ ਵਿਸ਼ੇਸ਼ ਕਾਰਜ, ਜਿਸ ਦੀ ਅਜੋਕੇ ਸਮੇਂ ਵਿੱਚ ਅਤਿਅੰਤ ਲੋੜ ਹੈ, ਉਹ ਹੈ "ਸ਼ਬਦ ਲੰਗਰ" ਦੁਆਰਾ ਸਤਿਗੁਰੂ ਜੀ ਦਾ ਸੰਦੇਸ਼ ਲਿਖਤ ਰੂਪ ਵਿੱਚ ਘਰ-ਘਰ ਪਹੁੰਚਾਉਣਾ, ਇਹ ਕਾਰਜ ਗੁਰਦੁਆਰਾ ਰਾਮਪੁਰ ਖੇੜਾ ਤੋਂ ਬਾਬਾ ਸੇਵਾ ਸਿੰਘ ਜੀ ਦੀ ਸੁਯੋਗ ਅਗਵਾਈ ਵਿੱਚ ਵੱਡੇ ਪੱਧਰ ਤੇ ਚੱਲ ਰਿਹਾ ਹੈ। ਸਿੱਖ ਪੰਥ ਦੀ ਅਤੇ ਗੁਰਸਿੱਖੀ ਪ੍ਰਚਾਰ ਦੀ ਸੇਵਾ ਕਲਮ ਰਾਹੀਂ ਕਰਨ ਦਾ ਵਿਸ਼ੇਸ਼ ਉਪਰਾਲਾ ਸਤਿਗੁਰੂ ਜੀ ਨੇ ਬਾਬਾ ਜੀ ਨੂੰ ਬਖਸ਼ਿਸ਼ ਕੀਤਾ ਹੈ; ਜਿਸ ਅਧੀਨ ਲੱਖਾਂ ਦੀ ਗਿਣਤੀ ਵਿੱਚ ਪੁਸਤਕਾਂ,ਕਿਤਾਬਚੇ, ਸੀ.ਡੀਜ. ਆਦਿਕ ਭੇਟਾ ਰਹਿਤ ਸੰਗਤਾਂ ਤੱਕ ਪਹੁੰਚਾਈਆਂ ਜਾ ਚੁੱਕੀਆਂ ਹਨ, ਜਿਨ੍ਹਾਂ ਤੋਂ ਬੇਅੰਤ ਸੰਗਤਾਂ ਲਾਭ ਪ੍ਰਾਪਤ ਕਰ ਚੁੱਕੀਆਂ ਹਨ ਅਤੇ ਕਰ ਰਹੀਆਂ ਹਨ।

ਮੈਨੂੰ ਯਾਦ ਹੈ ਕਿ ਜਦ ੨੦੦੬ ਵਿੱਚ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਪਾਵਨ ਧਰਤੀ ਤੇ ਦਮਦਮੀ ਟਕਸਾਲ ਅਤੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੀ ਅਗਵਾਈ ਵਿੱਚ ਸਮੁੱਚੇ ਪੰਥ ਨੇ ਸਵੈ ਪੜਚੋਲ ਦੀ ਭਾਵਨਾ ਨਾਲ " ਵਿਰਸਾ ਸੰਭਾਲ

ਸੰਮੇਲਨ" ਦਾ ਉੱਦਮ ਕੀਤਾ ਸੀ, ਉਸ ਸਮੇਂ ਵੀ ਸੰਤ ਬਾਬਾ ਸੇਵਾ ਸਿੰਘ ਜੀ ਨੇ, "ਸਾਡਾ ਵਿਰਸਾ ਤੇ ਸਵੈ ਪੜਚੋਲ" ਅਤੇ "ਸਮਾਜਿਕ ਕੁਰੀਤੀਆਂ" ਦੇ ਸਿਰਲੇਖ ਹੇਠ ਕਿਤਾਬਚੇ ਲਿਖ ਕੇ, ਹਜ਼ਾਰਾਂ ਦੀ ਗਿਣਤੀ ਵਿੱਚ ਛਪਵਾ ਕੇ ਸੰਗਤਾਂ ਵਿੱਚ ਭੇਟਾ ਰਹਿਤ ਵੰਡ ਕੇ ਅਮੀਰ ਸਿੱਖ ਵਿਰਸੇ ਦੀ ਜਾਣਕਾਰੀ ਅਤੇ ਇਸ ਦੀ ਸੰਭਾਲ ਲਈ ਸਵੈ ਪੜਚੋਲ ਕਰਨ ਦਾ ਬਾ-ਕਮਾਲ ਉੱਦਮ ਕੀਤਾ ਸੀ ਅਤੇ ਅਜਿਹੇ ਸਾਰਥਿਕ ਉਪਰਾਲੇ ਹਰ ਉਚੇਚੇ ਅਵਸਰ ਤੇ ਕਰਨ ਲਈ ਆਪ ਜੀ ਯਤਨਸ਼ੀਲ ਰਹਿੰਦੇ ਹਨ।

ਜਿਵੇਂ ਦਾਸ ਨੇ ਅਰੰਭ ਵਿੱਚ ਬੇਨਤੀ ਕੀਤੀ ਹੈ ਕਿ ਕਲਗੀਧਰ ਪਾਤਸ਼ਾਹ ਜੀ ਦੇ ਜੀਵਨ ਦੇ ਲੰਬੇ ਅਲੌਕਿਕ ਇਤਿਹਾਸ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਆਪਣੇ ਅੰਦਰ ਸਮੋਈ ਬੈਠੀ ਹੈ ਜਿਸ ਦੀ ਇੱਕ-ਇੱਕ ਘਟਨਾ ਸਾਡੇ ਜੀਵਨ ਨੂੰ "ਗੁਰਮੁਖੀ ਰੰਗਤ" ਦੇਣ ਦੀ ਸਮਰੱਥਾ ਰੱਖਦੀ ਹੈ। ਇਹਨਾਂ ਕੌਤਕਾਂ ਨੂੰ ਸਿੱਖ ਹਿਰਦਿਆਂ ਅਤੇ ਲੁਕਾਈ ਵਿੱਚ ਤਰੋ-ਤਾਜ਼ਾ ਕਰਨ ਲਈ ਸੰਤ ਬਾਬਾ ਸੇਵਾ ਸਿੰਘ ਜੀ ਨੇ ਇਹ ਪੁਸਤਕ ਲਿਖ ਕੇ ਬਹੁਤ ਹੀ ਸਾਰਥਿਕ ਉਪਰਾਲਾ ਕੀਤਾ ਹੈ ਜਿਸ ਦੀ ਬਹੁਤ ਜ਼ਿਆਦਾ ਜ਼ਰੂਰਤ ਸੀ।

ਮੈਂ ਇਸ ਸ੍ਰੇਸ਼ਟ ਉੱਦਮ ਲਈ ਜਿੱਥੇ ਬਾਬਾ ਜੀ ਨੂੰ ਵਧਾਈ ਦਿੰਦਾ ਹਾਂ, ਉੱਥੇ ਨਾਲ ਹੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਕਲਗੀਧਰ ਪਾਤਸ਼ਾਹ, ਬਾਬਾ ਜੀ ਨੂੰ ਹੋਰ ਚੜ੍ਹਦੀਕਲਾ ਬਖਸ਼ਿਸ਼ ਕਰਨ ਤਾਂ ਜੋ ਗੁਰਮਤਿ ਪ੍ਰਚਾਰ ਦੇ ਖੇਤਰ ਵਿੱਚ ਆਪ ਜੀ ਲਿਖਤ ਅਤੇ ਹੋਰ ਸਾਧਨਾਂ ਰਾਹੀਂ ਹੋਰ ਵਧੇਰੇ ਯੋਗਦਾਨ ਪਾ ਸਕਣ। ਨਾਲ ਹੀ ਮੈਨੂੰ ਪੂਰਨ ਆਸ ਹੈ ਕਿ ਜਿੱਥੇ ਇਸ ਪੁਸਤਕ ਨੂੰ ਪੜ੍ਹ ਕੇ ਸੰਗਤਾਂ ਦੇ ਹਿਰਦਿਆਂ ਵਿੱਚ ਕਲਗੀਧਰ ਪਾਤਸ਼ਾਹ ਜੀ ਦੀਆਂ ਰਹਿਮਤਾਂ ਦੀ ਯਾਦ ਤਰੋ-ਤਾਜ਼ਾ ਹੋਵੇਗੀ, ਉੱਥੇ ਇਹਨਾਂ ਯਾਦਾਂ ਨੂੰ ਆਪਣੇ ਵਿੱਚ ਸਮੋਈ ਧਰਤ ਅਨੰਦਪੁਰ ਸਾਹਿਬ ਜੀ ਦੀ ੩੫੦ ਸਾਲਾ ਸਥਾਪਨਾ ਵਰ੍ਹੇਗੰਢ ਮੌਕੇ ਕੀਤੀ ਯਾਤਰਾ ਨੂੰ ਹੋਰ ਸ਼ਰਧਾਮਈ ਬਣਾਉਣ ਵਿੱਚ ਹੱਥਲੀ ਪੁਸਤਕ ਜ਼ਰੂਰ ਸਹਾਇਕ ਹੋਵੇਗੀ।

ਗੁਰੂ ਪੰਥ ਦਾ ਦਾਸ
**ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ**
ਮੁਖੀ ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ

ਮਾਰਚ 2015

# ਦੋ ਸ਼ਬਦ

ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿਚਲੀ ਇੱਕ ਰਮਣੀਕ ਵਾਦੀ ਜਿਸ ਵਿੱਚ ਪੈਰ ਧਰਦਿਆਂ ਹੀ ਕਰਤੇ ਦੀ ਕੁਦਰਤ ਦਾ ਅਨੰਦ ਮਨੁੱਖੀ ਜ਼ਿਹਨ ਵਿੱਚ ਐਸਾ ਵਿਸਮਾਦ ਰੂਪ ਹੋ ਕੇ ਵਰਤਦਾ ਹੈ ਕਿ ਮਨੁੱਖੀ ਸੁਰਤ ਉਸ ਵਿਸਮਾਦ ਦਾ ਅਨੰਦ ਮਾਣਦੀ ਕਿਸੇ ਹੋਰ ਹੀ ਮੰਡਲ ਦੀ ਵਾਸੀ ਜਾ ਬਣਦੀ ਹੈ। ਇਸ ਰਮਣੀਕ ਵਾਦੀ ਦਾ ਅਨੰਦ ਮਾਣ ਰਹੇ ਮਨੁੱਖ ਦੀ ਬਿਸਮਮਈ ਸੁਰਤ ਜਦ ਧਰਤ ਉੱਪਰ ਵਾਪਿਸ ਗੇੜਾ ਮਾਰਦੀ ਹੈ ਤਾਂ ਦੁੱਧ ਵਾਂਗ ਚਮਕਦਾ ਇੱਕ ਅਤੀ ਨਿਰਮਲ ਅਸਥਾਨ ਅਗੰਮੀ ਮਹੱਲ ਜੋ ਇੱਕ ਉੱਚੀ ਠੇਰੀ ਤੇ ਬਿਰਾਜਮਾਨ ਹੋ ਇਸ ਰਮਣੀਕ ਵਾਦੀ ਨੂੰ ਚਾਰ ਚੰਨ ਲਾ ਰਿਹਾ ਹੈ, ਜਿਸ ਦੀ ਆਭਾ ਨੂੰ ਹੋਰ ਚਮਕਾਉਣ ਲਈ ਸੂਰਜ ਵੀ ਆਪਣੀਆਂ ਕਿਰਨਾਂ ਉਸ ਅਸਥਾਨ ਉੱਪਰ ਬਿਖੇਰ-ਕੇ ਮਾਨੋ ਆਪਣੇ ਧੰਨ ਭਾਗ ਜਾਣਦਾ ਹੈ। ਇਹ ਪਾਵਨ ਅਸਥਾਨ ਹੈ ਸਿੱਖ ਕੌਮ ਦਾ ਤਖ਼ਤ "ਸ੍ਰੀ ਕੇਸਗੜ੍ਹ ਸਾਹਿਬ" ਅਤੇ ਸ਼ਾਂਤ ਫ਼ਿਜ਼ਾ ਵਿੱਚ ਅਰਸ਼ੀ ਪ੍ਰੀਤਮ ਪਿਆਰੇ ਦੇ ਪਾਵਨ ਚਰਨਾਂ ਦੀ ਮਹਿਕ ਨਾਲ ਲਬਰੇਜ਼ ਅਗੰਮੀ ਹੁਲਾਰੇ ਅਤੇ ਵਿਸਮਾਦੀ ਅਨੰਦ ਬਖਸ਼ ਰਹੀ ਧਰਤੀ ਹੈ "ਸ੍ਰੀ ਅਨੰਦਪੁਰ ਸਾਹਿਬ" ਦੀ।

ਇਸ ਅਨੰਦਪੁਰ ਸਾਹਿਬ ਦੀ ਭਾਗਾਂ ਭਰੀ ਧਰਤੀ ਨੂੰ ਖ਼ਾਲਸਾ ਪੰਥ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੈ ਅਤੇ ਸਮੁੱਚਾ ਵਿਸ਼ਵ ਵੀ "ਸ੍ਰੀ ਅਨੰਦਪੁਰ ਸਾਹਿਬ" ਦੀ ਮਹੱਤਤਾ ਇਸੇ ਕਰਕੇ ਹੀ ਜਾਣ ਰਿਹਾ ਹੈ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ ਤੇ ਇਸ ਅਨੰਦਪੁਰ ਸਾਹਿਬ ਦੀ ਧਰਤੀ ਤੇ ਹੀ "**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥**" ਲਈ ਸਰਬੰਸ-ਦਾਨੀ, ਕਲਗੀਆਂ ਵਾਲੇ, ਬਾਦਸ਼ਾਹ ਦਰਵੇਸ਼, ਰਾਜਾਨ ਰਾਜ, ਭਾਨਾਨ ਭਾਨ, ਮਹਾਨ ਜਰਨੈਲ, ਮਹਾਨ ਕਵੀ, ਤ੍ਰਿਲੋਕੀ ਮਾਲਕ, ਸਮਰੱਥ ਸਤਿਗੁਰੂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ "ਖ਼ਾਲਸਾ" ਸਾਜ ਕੇ ਭਾਰਤ ਵਰਸ਼ ਦੇ ਗਲੋਂ ਗੁਲਾਮੀਂ ਦੀਆਂ ਜੰਜ਼ੀਰਾਂ ਤੋੜ, ਦੱਬੇ ਕੁਚਲੇ ਮਨੁੱਖ ਨੂੰ "ਸਿਰਦਾਰ" ਬਣਾ ਕੇ ਇੱਕ ਸੰਪੂਰਨ ਮਨੁੱਖ ਦਾ ਰੂਪ ਬਖਸ਼ਿਆ।

ਅੱਜ ਜਦ ਸਮੁੱਚਾ ਖ਼ਾਲਸਾ ਪੰਥ ਸ੍ਰੀ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਾਜਨਾ ਵਰ੍ਹੇ ਗੰਢ ਪੂਰੇ ਖ਼ਾਲਸਾਈ ਜਾਹੋ-ਜ਼ਲਾਲ ਵਿੱਚ ਮਨਾ ਰਿਹਾ ਹੈ। ਤਦ ਸ੍ਰੀ ਅਨੰਦਪੁਰ ਸਾਹਿਬ ਦੀ ਸੁਭਾਗੀ ਧਰਤ ਨੂੰ ਨਤਮਸਤਕ ਹੋਣ ਲਈ ਸੁਤੇ ਸਿਧ ਮਨ ਵਿੱਚ ਇੱਕ ਲਾਲਸਾ ਉਪਜੀ। ਜਦ ਥੋੜ੍ਹਾ ਡੂੰਘਾਈ ਵਿੱਚ ਜਾ ਕੇ ਇਸ ਸੁਹਾਵੜੀ ਧਰਤ ਦੇ ਸੁਰਤਮਈ ਦਰਸ਼ਨ ਕੀਤੇ ਤਾਂ ਇਸ "ਪੁਨੀਤ ਧਰਤ" ਦੇ ਪਰਉਪਕਾਰਾਂ ਦੀ ਇੱਕ

ਲੰਬੀ ਲੜੀ ਜ਼ਿਹਨ ਵਿੱਚ ਉੱਤਰਨੀ ਅਰੰਭ ਹੋ ਗਈ ਕਿ ਚੱਕ ਨਾਨਕੀ ਤੋਂ ਅਨੰਦਪੁਰ ਸਾਹਿਬ ਬਨਣ ਵਾਲੀ ਇਹ ਪਾਵਨ ਧਰਤੀ ਕੇਵਲ "ਖ਼ਾਲਸਾ ਜੀ" ਦੀ ਸਿਰਜਣਾ ਭੂਮੀ ਹੀ ਨਹੀਂ ਬਲਕਿ;

* ਇਹ ਪਰਉਪਕਾਰੀ ਧਰਤ ਅਨੰਦਪੁਰ ਦੀ ਹੀ ਹੈ, ਜਿੱਥੇ ਸਤਿਗੁਰੂ ਜੀ ਨੇ ਤਿਲਕ ਜੰਞੂ ਦੀ ਰਾਖੀ ਕਰਕੇ ਮਨੁੱਖੀ ਅਧਿਕਾਰਾਂ (Human Rights) ਦੀ ਰਖਵਾਲੀ ਲਈ ਆਪਾ ਨਿਛਾਵਰ ਕਰਨ ਦਾ ਮੁੱਢ ਬੰਨ੍ਹਿਆ।

* ਇਸ ਧਰਤੀ ਨੇ ਦੱਬੇ ਕੁਚਲੇ ਮਨੁੱਖ ਨੂੰ "ਸਿਰਦਾਰ" ਦਾ ਖਿਤਾਬ ਬਖਸ਼ ਕੇ ਨਿਵਾਜ਼ਿਆ ਗਿਆ।

* ਇਸ ਧਰਤੀ ਤੇ ਖ਼ਾਲਸਾ ਕੌਮ ਦੀ ਪ੍ਰਭੂ ਸੱਤਾ ਦੀ ਗੂੰਜ "ਰਣਜੀਤ ਨਗਾਰੇ" ਵਿੱਚੋਂ ਪ੍ਰਗਟੀ।

* ਸੰਸਾਰ ਨੂੰ ਸ਼ਾਇਦ ਇਸ ਰਹੱਸ ਦਾ ਬੋਧ ਨਾ ਹੋਵੇ ਕਿ ਰੈੱਡ ਕਰਾਸ (Red cross) ਦੀ ਅਰੰਭਤਾ ੧੮੬੨ ਈ: ਵਿੱਚ Solferino ਦੇ ਜੰਗੀ ਮੈਦਾਨ ਤੋਂ ਨਾ ਹੋ ਕੇ ਇਸ ਅਨੰਦਪੁਰ ਦੀ ਧਰਤੀ ਤੋਂ ੧੭੦੪ ਈ: ਵਿੱਚ ਹੋਈ। ਜਿਸ ਦੀ ਸ਼ੁਰੂਆਤ ਪਿਤਾ ਦਸਮੇਸ਼ ਜੀ ਨੇ ਭਾਈ ਘਨ੍ਹਈਆ ਜੀ ਪਾਸੋਂ ਕਰਵਾਈ।

ਇਤਿਆਦਿ ਹੋਰ ਅਨੇਕਾਂ ਅਲੌਕਿਕ ਦ੍ਰਿਸ਼ ਜਦ ਜ਼ਿਹਨ-ਗੋਚਰੇ ਹੋਏ ਤਦ ਮਨ ਵਿਸਮਾਦ ਰੂਪ ਹੋ ਗਿਆ। ਹਿਰਦੇ ਵਿੱਚ ਇੱਕ ਤਾਂਘ ਉਪਜੀ ਕਿ ਅਜਿਹੇ ਮਹਾਨ ਕਾਰਜ ਜੋ ਇਸ "ਧਰਤ ਅਨੰਦਪੁਰ" ਦੇ ਉਦਰ ਵਿੱਚੋਂ ਪ੍ਰਗਟੇ, ਭਾਵੇਂ ਬਹੁਤਾਤ ਵਿੱਚ ਇਹ ਗੁਰਸਿੱਖਾਂ ਦੀ ਸਿਮ੍ਰਤੀ ਵਿੱਚ ਕਿਤੇ ਨਾ ਕਿਤੇ ਟਿਕੇ ਹੋਏ ਤੇ ਹੈਨ ਪਰ ਅਚੇਤਤਾਈ ਦੀ ਧੂੜ ਪਈ ਹੋਣ ਕਰਕੇ ਸ਼ਾਇਦ ਚੇਤੇ ਵਿੱਚ ਉਜਾਗਰ ਰੂਪ ਵਿੱਚ ਨਾ ਪ੍ਰਗਟੇ ਹੋਣ। ਸੋ ਇਹਨਾਂ ਯਾਦਾਂ ਨੂੰ ਸਿੱਖ ਸਿਮ੍ਰਤੀ ਵਿੱਚ ਤਰੋ ਤਾਜ਼ਾ ਕਰਨ ਅਤੇ ਬਾਕੀ ਲੋਕਾਈ ਦੇ ਸਾਹਵੇਂ ਸਾਮਰਤੱਖ ਕਰਨ ਦੀ ਪ੍ਰੇਰਣਾ ਸਤਿਗੁਰੂ ਜੀ ਨੇ ਹਿਰਦੇ ਵਿੱਚ ਪੈਦਾ ਕੀਤੀ।

ਜਿਵੇਂ ਸਤਿਗੁਰੂ ਜੀ ਨੇ ਆਪ ਮਿਹਰਾਮਤ ਕਰ ਕੇ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ ਤੀਸਰੀ ਸ਼ਤਾਬਦੀ ਮੌਕੇ "ਸਬਦੁ ਗੁਰ ਪੀਰਾ" ੫੪੮ ਪੰਨਿਆਂ ਦੀ ਪੁਸਤਕ ਦੇ ਰੂਪ ਵਿੱਚ ਸੇਵਾ ਲਈ ਸੀ। ਸਤਿਗੁਰੂ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਤੇ "ਗੁਰੁ ਅਰਜੁਨੁ ਪਰਤਖੵ ਹਰਿ" ਕਿਤਾਬਚੇ ਦੇ ਰੂਪ ਵਿੱਚ ਸਤਿਗੁਰੂ ਜੀ ਦਾ ਸੰਖੇਪ ਜੀਵਨ ਬ੍ਰਿਤਾਂਤ ਤੇ ਗੁਰ ਸਾਗਰ ੧੨੦ ਪੰਨਿਆਂ ਦੀ ਪੁਸਤਕ ਦੁਆਰਾ ਗੁਰੂ ਉਪਦੇਸ਼ਾਂ ਦੀ ਸੰਗਤ ਨਾਲ ਸਾਂਝਾ ਕੀਤੀ ਸੀ। ਇਸ ਤੋਂ ਉਪ੍ਰੰਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦੀ ਤੀਜੀ

ਸ਼ਤਾਬਦੀ ਤੇ "ਗੁਰੂ ਗ੍ਰੰਥ ਸਾਹਿਬ ਦਰਸ਼ਨ" ੩੨੦ ਪੰਨਿਆਂ ਦੀ ਪੁਸਤਕ ਲੇਖਣੀ ਰੂਪ ਵਿੱਚ ਸਤਿਗੁਰੂ ਜੀ ਨੇ ਰਹਿਮਤ ਕਰਕੇ ਸੇਵਾ ਲਈ। ਸੰਗਤਾਂ ਨੇ ਇਨ੍ਹਾਂ ਪੁਸਤਕਾਂ ਨੂੰ ਬਹੁਤ ਸਤਿਕਾਰ ਦਿੱਤਾ ਤੇ ਲਾਹਾ ਪ੍ਰਾਪਤ ਕੀਤਾ। ਉਸ ਤੋਂ ਉਤਸ਼ਾਹਿਤ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਥਾਪਨਾ ਵਰ੍ਹੇ ਗੰਢ ਮੌਕੇ, ਇਸ "ਸੁਭਾਗੀ ਧਰਤ" ਨੂੰ ਨਤਮਸਤਕ ਹੋ, ਇਸ ਦੇ ਪਰਉਪਕਾਰਾਂ ਨੂੰ ਅਕੀਦਤ ਦੇ ਪੁਸ਼ਪ ਭੇਟ ਕਰਨ ਲਈ ਜਿਤਨੇ ਕੁ ਪਰਉਪਕਾਰ ਸਿਮ੍ਰਤੀ ਵਿੱਚ ਆਏ ਉਹਨਾਂ ਦੀ ਸਾਂਝ ਆਪ ਸੰਗਤ ਨਾਲ ਇਸ ਪੁਸਤਕ ਰਾਹੀਂ ਕਰਨ ਦਾ ਉਪਰਾਲਾ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਕੀਤਾ ਹੈ।

ਆਸ ਹੈ ਆਪ ਜੀ ਪ੍ਰਵਾਨ ਕਰੋਗੇ। ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿੱਚ ਅਰਦਾਸ ਹੈ ਕਿ ਜੋ ਜੋ ਮਹਾਨ ਪੂਰਨੇ ਕਲਗੀਧਰ ਜੀ ਨੇ ਆਪਣੇ ਜੀਵਨ ਪ੍ਰਯੰਤ ਅਤੇ ਖਾਸ ਕਰਕੇ ਖ਼ਾਲਸੇ ਦੀ ਇਸ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਵਿਚਰ ਕੇ ਪਾਏ, ਉਹ ਸਾਡੇ ਜੀਵਨ ਵਿੱਚ ਪ੍ਰੇਰਣਾ ਸ੍ਰੋਤ ਬਣ ਜਾਣ ਅਤੇ ਅਸੀਂ ਸ੍ਰੀ ਅਨੰਦਪੁਰ ਸਾਹਿਬ ਦੀ ਇਸ "ਪਾਵਨ ਧਰਤ" ਦੀ ੩੫੦ਵੀਂ ਸਥਾਪਨਾ ਵਰ੍ਹੇ ਗੰਢ ਦੇ ਅਵਸਰ ਤੇ ਇਸ "ਸੁਭਾਗੀ ਧਰਤਿ" ਨੂੰ ਸਿਜਦਾ ਕਰਦੇ, ਨਤਮਸਤਕ ਹੁੰਦੇ, ਜ਼ੁਹਾਰਾਂ ਤੇ ਨਮਸਕਾਰਾਂ ਕਰਦੇ, ਇਸ ਧਰਤ ਤੋਂ ਆਪਾਂ ਘੋਲ ਘੁਮਾਉਂਦੇ ਹੋਏ, ਗੁਰਦੇਵ ਪਾਤਸ਼ਾਹ ਜੀ ਦੀਆਂ ਬਖਸ਼ਿਸ਼ਾਂ, ਰਹਿਮਤਾਂ ਆਪਣੇ ਹਿਰਦੇ ਰੂਪੀ ਕਟੋਰੇ ਵਿੱਚ ਪੁਆਉਣ ਦੀ ਚਾਹਨਾਂ ਨਾਲ ਆਪਣੇ ਜੀਵਨ ਨੂੰ ਸਤਿਗੁਰੂ ਜੀ ਦੇ ਦਰਸਾਏ ਮਾਰਗ ਉੱਪਰ ਤੋਰ, ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਗੁਰੂ ਵਾਲੇ ਬਣ ਕੇ ਸਕਾਰਥਾ ਕਰ ਸਕੀਏ ਤਾਂ ਜੋ

**ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ॥**

ਦੀ ਰਹਿਮਤ ਅਸਾਡੇ ਤੇ ਵੀ ਵਰਤ ਜਾਵੇ। ਭੁਝੰਗੀ ਸ: ਭੁਪਿੰਦਰ ਸਿਘ ਜਿਸ ਨੂੰ ਗੁਰੂ ਮਹਾਰਾਜ ਜੀ ਨੇ ਗੁਰਮਤ ਦੀ ਦਾਤ ਦੇ ਨਾਲ ਤੀਖਣ ਬੁੱਧੀ ਦੀ ਦਾਤ ਵੀ ਪ੍ਰਦਾਨ ਕੀਤੀ ਹੈ। ਉਨ੍ਹਾਂ ਨੇ "ਧਰਤ ਅਨੰਦਪੁਰ ਦੀ" ਪੁਸਤਕ ਨੂੰ ਸੁੰਦਰ ਵਾਕ ਰਚਨਾ ਨਾਲ ਸ਼ਿੰਗਾਰਿਆ ਤੇ ਪਿਛਲੀਆਂ ਪੁਸਤਕਾਂ ਦੀ ਸੁਧਾਈ ਵਾਂਗ ਇਸ ਪੁਸਤਕ ਦੀ ਵੀ ਬਹੁਤ ਥੋੜ੍ਹੇ ਸਮੇਂ ਵਿੱਚ ਸੁਧਾਈ ਕਰਕੇ ਸਮੇਂ ਸਿਰ ਛਾਪਣ ਯੋਗ ਬਣਾਇਆ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਭੁਝੰਗੀ ਨੂੰ ਸੇਵਾ ਵਿੱਚ ਤੱਤਪਰ ਹੋਣ ਦਾ ਹੋਰ ਬਲ ਬਖਸ਼ਣ।

ਮੈਂ ਰਿਣੀ ਹਾਂ ਸ: ਹਰਬਿੰਦਰ ਸਿੰਘ U.K. ਦਾ ਜਿਨ੍ਹਾਂ ਨੇ ਯੋਗ ਟਿੱਪਣੀਆਂ ਦੁਆਰਾ ਪੁਸਤਕ ਵਿੱਚ ਵਾਧ-ਘਾਟ ਲਈ ਜੋਗ ਸੁਝਾਵਾਂ ਸਹਿਤ ਪ੍ਰੇਰਨਾ ਦਿੱਤੀ ਅਤੇ ਨਾਲ ਹੀ ਭਾਈ ਤੇਜਿੰਦਰ ਸਿੰਘ ਖ਼ਾਲਸਾ ਦਾ ਜਿਨ੍ਹਾਂ ਨੇ ਸਾਰੀ ਪੁਸਤਕ ਨੂੰ

ਟਾਈਪ ਕਰਨ ਦਾ ਕਾਰਜ ਕੀਤਾ।

ਅੰਤ ਵਿੱਚ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਪੁਸਤਕ ਦੇ ਖਰੜੇ ਨੂੰ ਸਰਵਰਕ ਸਮੇਤ ਪੂਰਨ ਪੁਸਤਕ ਦਾ ਰੂਪ ਦੇ ਸੰਗਤਾਂ ਤੱਕ ਪਹੁੰਚਾਉਣ ਦਾ ਕਾਰਜ ਕੀਤਾ। ਗੁਰੂ ਚਰਨਾਂ ਵਿੱਚ ਅਰਦਾਸ ਹੈ ਸਤਿਗੁਰੂ ਜੀ ਸਰਬ ਨੂੰ ਸੇਵਾ ਦਾ ਫ਼ਲ ਤੇ ਆਤਮਿਕ ਅਸੀਸ ਪ੍ਰਦਾਨ ਕਰ ਕੇ ਨਿਵਾਜਣ ਦੀ ਕ੍ਰਿਪਾਲਤਾ ਕਰਨ।

ਭੁੱਲ ਚੁੱਕ ਦੀ ਖਿਮਾਂ।

ਮਾਰਚ 2015

ਗੁਰੂ ਪੰਥ ਦਾ ਦਾਸ
**ਸੰਤ ਸੇਵਾ ਸਿੰਘ**
ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾਕ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ
pMjb (ieMfIAw) 144207
ਫੋਨ : +91-1886-260334

# ੧
# ਚੱਕ ਨਾਨਕੀ ਤੋਂ ਅਨੰਦਪੁਰ ਸਾਹਿਬ ਕਹਿਲਾਉਣ ਵਾਲੀ ਧਰਤ ਅਨੰਦਪੁਰ ਦੀ

ਜਾਣੀ ਜਾਣ, ਅੰਤਰਯਾਮੀ, ਤਿਆਗ ਅਤੇ ਬੈਰਾਗ ਦੀ ਮੂਰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਵਿੱਖ ਨੂੰ ਭਾਂਪਦਿਆਂ ਅਜਿਹੇ ਥਾਉਂ ਦੀ ਭਾਲ ਅਰੰਭੀ, ਜਿੱਥੇ ਟਿਕਾਣਾ ਕਰਨ ਨਾਲ ਈਰਖਾਲੂਆਂ ਤੋਂ ਦੂਰੀ ਪੈ ਸਕੇ। ਇਸ ਦੇ ਨਾਲ ਹੀ ਆਉਣ ਵਾਲੇ ਸਮੇਂ ਵਿੱਚ ਭਾਰਤੀ ਜਨਤਾ ਦੇ ਗਲ ਵਿੱਚ ਪਈਆਂ ਗੁਲਾਮੀਂ ਦੀਆਂ ਜੰਜ਼ੀਰਾਂ ਤੋੜਨ ਅਤੇ ਨਵੀਂ ਕੌਮ ਸਾਜਣ ਦੇ ਜਿੱਥੇ ਕਾਰਜ ਹੋਣੇ ਹਨ, ਉਸ ਸੁਰੱਖਿਅਤ ਥਾਂ ਦੀ ਚੋਣ ਕੀਤੀ ਜਾ ਸਕੇ। ਇਸ ਭਾਲ ਵਿੱਚ ਆਪ ਜੀ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਕੀਰਤਪੁਰ ਪਧਾਰੇ ਤੇ ਆਪਣੀ ਦੂਰ-ਅੰਦੇਸ਼ੀ ਅਤੇ ਅਨੁਭਵਤਾ ਨਾਲ ਜਿਸ ਜਗ੍ਹਾ ਦਾ ਨਾਮ ਅੱਜਕਲ "ਅਨੰਦਪੁਰ ਸਾਹਿਬ" ਹੈ, ਉਸ ਜਗ੍ਹਾ ਦੀ ਚੋਣ ਕੀਤੀ। ਇਸ ਦੇ ਚੜ੍ਹਦੇ ਪਾਸੇ ਪਹਾੜੀਆਂ ਦਾ ਘੇਰਾ, ਲਹਿੰਦੇ ਪਾਸੇ ਮੈਦਾਨ ਅਰੰਭ ਹੋਣ ਤੋਂ ਪਹਿਲਾਂ ਦਰਿਆ ਸਤਲੁਜ ਦਾ ਵਹਿਣ, ਜੋ ਪਾਣੀ ਦੀ ਲੋੜ ਪੂਰੀ ਕਰਨ ਦੇ ਵੀ ਸਮਰੱਥ ਸੀ ਅਤੇ ਦੁਸ਼ਮਣ ਦੇ ਸਿੱਧਾ ਹਮਲਾਵਰ ਹੋਣ ਦੀ ਹਾਲਤ ਵਿੱਚ ਕਿਲ੍ਹੇ ਦਾ ਕੰਮ ਵੀ ਕਰਦਾ ਸੀ। ਇਹ ਧਰਤੀ ਕਹਿਲੂਰ (ਬਿਲਾਸਪੁਰ) ਦੇ ਰਾਜੇ ਦੀ ਰਿਆਸਤ ਵਿੱਚ ਸੀ। ਇਸ ਜਗ੍ਹਾ ਦਾ ਨਾਮ ਪਹਿਲਾਂ ਮਾਖੋਵਾਲ ਸੀ, ਜੋ ਉਜਾੜ, ਥੇਹ, ਬੀਆਬਾਨ ਤੇ ਪ੍ਰੇਤਾਂ ਦੀ ਧਰਤੀ ਕਹਿਲਾਉਂਦੀ ਸੀ। ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਹਿਲੂਰ (ਬਿਲਾਸਪੁਰ) ਦੇ ਰਾਜੇ ਦੀਪ ਚੰਦ ਦੀ ਰਾਣੀ ਡੂੰਗਰ ਚੰਪਾ ਪਾਸੋਂ 2200 ਰੁਪਏ (ਬਾਈ ਸੌ ਰੁਪਏ) ਮੁੱਲ ਤਾਰ ਕੇ ਇਹ ਜਗ੍ਹਾ ਖ਼੍ਰੀਦ ਲਈ।

ਇਸ ਮਾਖੋਵਾਲ ਦੀ ਖ਼੍ਰੀਦੀ ਜ਼ਮੀਨ ਵਿੱਚ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ 19 ਜੂਨ 1665 ਮੁਤਾਬਿਕ ੨੧ ਹਾੜ ੧੭੨੨ ਬਿਕ੍ਰਮੀ ਨੂੰ ਬਾਬਾ ਬੁੱਢਾ ਸਾਹਿਬ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਹੱਥੀਂ ਨਗਰ ਦੀ ਮੋਹੜੀ ਗਡਵਾ, ਨੀਂਹ ਰੱਖੀ ਤੇ ਇਸ ਨਗਰ ਦਾ ਨਾਉਂ [1]ਚੱਕ ਨਾਨਕੀ ਰੱਖਿਆ। ਜਦੋਂ ਸਤਿਗੁਰੂ (ਗੁਰੂ) ਗੋਬਿੰਦ ਸਿੰਘ ਜੀ ਪਟਨਾ ਸਾਹਿਬ ਤੋਂ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ ਜੀ) ਦੀ ਜੂਹ ਵਿੱਚ ਪੁੱਜੇ ਤਦੋਂ ਸਾਹਿਬ ਕਲਗੀਧਰ ਜੀ ਨੇ ਆਪਣੇ ਮੁਖਾਰਬਿੰਦ ਚੋਂ ਤੀਸਰੇ ਪਾਤਸ਼ਾਹ ਸ੍ਰੀ

੧. ਸਤਿਗੁਰੂ ਗੁਰੂ ਤੇਗ ਬਹਾਦਰ ਸਾਹਿਬ ਦੇ ਮਾਤਾ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ ਮਾਤਾ ਨਾਨਕੀ ਜੀ ਦੇ ਨਾਉਂ ਤੇ।

ਗੁਰੂ ਅਮਰਦਾਸ ਸਾਹਿਬ ਜੀ ਦੀ ਉਚਾਰਣ ਕੀਤੀ "ਅਨੰਦ" ਬਾਣੀ ਦੀਆਂ ਪੰਜ ਪਉੜੀਆਂ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਿਲਾਪ ਦੀ ਖੁਸ਼ੀ ਵਿੱਚ ਬੜੇ ਪਿਆਰ ਨਾਲ ਪੜ੍ਹੀਆਂ ਤੇ ਚੱਕ ਨਾਨਕੀ ਨਗਰ ਵਿੱਚ ਦਾਖਲ ਹੋਏ। ਗੋਬਿੰਦ ਰਾਏ ਜੀ ਦੀ ਸ਼ਰਧਾ ਅਤੇ ਪਿਆਰ ਦੇਖ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਚਨ ਕੀਤਾ ਕਿ ਹੁਣ ਇਸ ਚੱਕ ਨਾਨਕੀ ਦਾ ਨਾਉਂ ਸ੍ਰੀ ਅਨੰਦਪੁਰ ਹੋਇਆ।

ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨੱਤੀ[੧] ਸਾਲ ਇਸ ਪਾਵਨ ਧਰਤੀ ਨੂੰ ਆਪਣੀ ਚਰਨ ਛੋਹ ਪ੍ਰਦਾਨ ਕੀਤੀ ਤੇ ਇਸ ਪਵਿੱਤ੍ਰ ਧਰਤੀ ਤੇ ਬੈਠ ਉਹ ਕਾਰਜ ਕੀਤੇ, ਜੋ ਸੰਸਾਰ ਵਿੱਚ ਹੋਰ ਕਿਸੇ ਧਰਤੀ ਤੋਂ ਨਹੀਂ ਹੋ ਸਕੇ। ਇਸੇ ਅਨੰਦਪੁਰ ਦੀ ਧਰਤੀ ਤੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਪਰਮ ਪਿਆਰੇ ਗੁਰਦੇਵ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਅਤੇ ਹਿੰਦੂ ਧਰਮ ਦੇ ਚਿੰਨ੍ਹਾਂ, ਤਿਲਕ ਜੰਞੂ ਦੀ ਰਖਵਾਲੀ ਕਰਨ ਹਿਤ ਆਪਣੇ ਸਰੀਰ ਦਾ ਬਲੀਦਾਨ ਦੇਣ ਲਈ ਤੋਰਿਆ। ਅਨੰਦਪੁਰ ਸਾਹਿਬ ਵਿੱਖੇ ਹੀ ਸਤਿਗੁਰੂ ਜੀ ਨੇ ਤੇਗ ਦੀ ਧਾਰ ਦੁਆਰਾ ਪਰਖ ਕਰਕੇ, ਖ਼ਾਲਸਾ ਕੌਮ ਦੀ ਸਾਜਨਾ ਕੀਤੀ। ਅਨੰਦਪੁਰ ਦੀ ਧਰਤੀ ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ "**ਸੁਰਿ ਨਰਿ ਮੁਨ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ**" ਦੀਆਂ ਬਖਸ਼ਿਸ਼ਾਂ ਖ਼ਾਲਸੇ ਨੇ ਪ੍ਰਾਪਤ ਕੀਤੀਆਂ।

ਇਸੇ ਪਾਵਨ ਅਸਥਾਨ ਤੇ ਸ੍ਰੀ ਕਲਗੀਧਰ ਪਿਤਾ ਜੀ ਨੇ: -

**ਵਹ ਪ੍ਰਗਟਿਓ ਮਰਦ ਅਗੰਮੜਾ[੨] ਵਰੀਆਮ[੩] ਇਕੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥** ਵਾਰ:੪੧, ਪਉੜੀ:੧੭

ਦੀ ਅਸਚਰਜ ਅਤੇ ਨਿਵੇਕਲੀ ਕਾਰ ਕੀਤੀ। ਇਸੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਸਤਿਗੁਰੂ ਜੀ ਨੇ ਨੀਵੇਂ ਕਹੇ ਜਾਣ ਵਾਲੇ ਅਤੇ ਸਮਾਜ ਦੇ ਲਿਤਾੜੇ ਤੇ ਦੁਰਕਾਰੇ ਮਨੁੱਖਾਂ ਨੂੰ ਸਿਰਦਾਰੀਆਂ ਪ੍ਰਦਾਨ ਕਰ, ਬਚਨ ਕੀਤੇ:-

**ਜਿਨ ਕੀ ਬਰਨ ਗੋਤ ਕੁਲ ਮਾਹੀ॥ ਸਿਰਦਾਰੀ ਨਹ ਭਈ ਕਿਦਾਈ॥**
**ਇਨਹੀ ਕੋ ਸਿਰਦਾਰ ਬਨਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਇਸੇ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਜਰਵਾਣਿਆਂ ਵਲੋਂ ਹਿੰਦੂ ਬਹੂ-ਬੇਟੀਆਂ ਦੀ ਲੁੱਟੀ ਜਾ ਰਹੀ ਪੱਤ ਨੂੰ ਠੱਲ ਪਾਈ। ਇਸੇ ਅਨੰਦਪੁਰ ਸਾਹਿਬ ਦੀ

---

੧.ਤਵਾਰੀਖ ਗੁਰੂ ਖ਼ਾਲਸਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੨੧ ਮਾਘ ੧੭੨੯ ਬਿ. ਨੂੰ ਸ੍ਰੀ ਅਨੰਦਪੁਰ ਸਾਹਿਬ ਪ੍ਰਵੇਸ਼ ਕੀਤਾ ਅਤੇ ੧੫ ਮੱਘਰ ੧੭੬੧ ਬਿ. ਨੂੰ ਇਸ ਅਸਥਾਨ ਨੂੰ ਛੱਡਿਆ। ਇਸੇ ਸਮੇਂ ਦੌਰਾਨ ਆਪ ਜੀ ਨੇ ਅੱਸੂ ੧੭੪੧ ਬਿ. ਤੋਂ ਅੱਸੂ ੧੭੪੪ ਬਿ. ਤੱਕ ਕਰੀਬਨ ਤਿੰਨ ਸਾਲ ਦਾ ਸਮਾਂ ਸ੍ਰੀ ਪਾਉਂਟਾ ਸਾਹਿਬ ਦੀ ਧਰਤੀ ਨੂੰ ਭਾਗ ਲਾਏ। ਇੰਞ ਸ੍ਰੀ ਅਨੰਦਪੁਰ ਸਾਹਿਬ ਦੀ ਸੁਭਾਗੀ ਧਰਤੀ ਉੱਪਰ ਦਸਮੇਸ਼ ਪਿਤਾ ਜੀ ਦੇ ਨਿਵਾਸ ਕਰਨ ਦਾ ਸਮਾਂ ੨੯ ਕੁ ਸਾਲ ਬਣਦਾ ਹੈ। ਇਤਿਹਾਸਕ ਸ੍ਰੋਤਾਂ ਵਿੱਚ ਇਹਨਾਂ ਤਾਰੀਖਾਂ ਦਾ ਥੋੜ੍ਹਾ ਫਰਕ ਜ਼ਰੂਰ ਹੈ।

੨.ਜਿਸ ਦਾ ਕੋਈ ਅੰਤ ਨਾ ਪਾ ਸਕੇ, ਅਗੰਮ **੩**.ਅਤਿ-ਬਲਵਾਨ ਯੋਧਾ, ਮਹਾਨ ਸੂਰਮਾ

ਪਵਿੱਤ੍ਰ ਧਰਤੀ ਤੇ ਦੁਸ਼ਮਣ ਬਣ, ਚੜ੍ਹ ਆਏ ਮੁਗਲ ਜਰਨੈਲਾਂ ਨੂੰ ਸਤਿਗੁਰੂ ਜੀ ਨੇ ਆਪਣੀ ਪਾਵਨ ਦ੍ਰਿਸ਼ਟੀ ਨਾਲ ਆਪਣੇ ਮੁਰੀਦ ਬਣਾਇਆ। ਇਸੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਰਣਜੀਤ ਨਗਾਰੇ ਨੇ ਗੂੰਜਾਂ ਪਾਉਣੀਆਂ ਅਰੰਭ ਕੀਤੀਆਂ। ਇਸੇ ਪਾਵਨ ਪਵਿੱਤ੍ਰ ਧਰਤੀ ਤੋਂ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖ ਭਾਈ ਘਨ੍ਹਈਆ ਜੀ ਪਾਸੋਂ ਰੈੱਡ-ਕਰਾਸ ਦੀ ਅਰੰਭਤਾ ਕਰਵਾਈ। ਇਸੇ ਅਸਥਾਨ ਤੋਂ ਸਤਿਗੁਰੂ ਕਲਗੀਧਰ ਜੀ ਨੇ ਦੇਸ਼ ਦੀ ਸੁਤੰਤਰਤਾ ਲਈ ਕਾਰਜ ਅਰੰਭੇ। ਇਸੇ ਪਾਵਨ ਧਰਤੀ ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਹਿੰਦੁਸਤਾਨ 'ਚੋਂ ਵਿਦਵਾਨਾਂ ਨੂੰ ਸੱਦਾ ਦੇ, ਇਕੱਤ੍ਰ ਕਰ, ਬੀਰ-ਰਸੀ ਅਤੇ ਪ੍ਰੇਮ-ਰਸੀ ਸਾਹਿਤ ਦੀ ਰਚਨਾ ਕਰਵਾ, ਉਹਨਾਂ ਵਿਦਵਾਨਾਂ ਨੂੰ ਮੂੰਹ ਮੰਗੇ ਇਨਾਮ, ਰੁਜ਼ੀਨੇ ਤੇ ਤੋਹਫ਼ੇ ਪ੍ਰਦਾਨ ਕਰਕੇ, ਵਿਦਵਾਨਾਂ ਨੂੰ ਸਤਕਾਰਿਆ। ਇਸੇ ਹੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਸਤਿਗੁਰੂ ਜੀ ਨੇ ਚਾਰ ਜੰਗਾਂ ਲੜੀਆਂ ਅਤੇ ਚੌਹਾਂ ਵਿੱਚ ਹਿੰਦੂ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੂੰ ਕਰਾਰੀ ਹਾਰ ਦੇ ਕੇ ਜਿੱਤ ਦੇ ਡੰਕੇ ਵਜਾਏ। ਲੋਕਾਂ ਵਲੋਂ ਨੀਵੀਂ ਜਾਤ ਦੇ ਕਹੇ ਜਾਣ ਵਾਲੇ ਸਿੱਖ, ਜਿਨ੍ਹਾਂ ਮੌਕੇ ਦੀ ਜ਼ਾਲਮ ਸਰਕਾਰ ਦੇ ਡਰ ਭੈ ਤੋਂ ਮੁਕਤ ਹੋ ਆਪਣੇ ਜੀਵਨ ਦੀ ਬਾਜ਼ੀ ਲਾ ਕੇ ਲਾ-ਮਿਸਾਲ ਕਾਰਜ਼ ਕੀਤੇ ਅਤੇ ਦਿੱਲੀ, ਚਾਂਦਨੀ ਚੌਂਕ 'ਚੋਂ ਗੁਰੂ ਤੇਗ ਬਹਾਦਰ ਪਿਤਾ ਜੀ ਦਾ ਸੀਸ ਅਨੰਦਪੁਰ ਸਾਹਿਬ ਲਿਆ ਕਲਗੀਧਰ ਜੀ ਦੇ ਸਨਮੁੱਖ ਹਾਜ਼ਿਰ ਕੀਤਾ। ਸਤਿਗੁਰੂ ਜੀ ਨੇ ਇਸੇ ਪਾਵਨ ਅਸਥਾਨ ਤੇ ਹੀ ਉਹਨਾਂ ਨੂੰ ਆਪਣੇ ਪੁੱਤਰ "**ਰੰਘਰੇਟੇ ਗੁਰੂ ਕੇ ਬੇਟੇ**" ਕਹਿ ਨਿਵਾਜ਼ਿਆ ਤੇ ਅਨੇਕਾਂ ਅਸੀਸਾਂ ਪ੍ਰਦਾਨ ਕੀਤੀਆਂ।

ਅੱਜ ਸਾਰਾ ਖ਼ਾਲਸਾ ਪੰਥ ਸ੍ਰੀ ਅਨੰਦਪੁਰ ਸਾਹਿਬ ਦੀ ਇਨਕਲਾਬੀ ਪਾਵਨ ਧਰਤੀ ਦਾ ੩੫੦ਵਾਂ ਸਥਾਪਨਾ ਦਿਵਸ ਬੜੇ ਉਤਸ਼ਾਹ ਅਤੇ ਪਿਆਰ ਨਾਲ ਮਨਾਉਣ ਲਈ ਤਿਆਰੀ ਕਰ ਰਿਹਾ ਹੈ। ਅਰੰਭਤਾ ਵੀ ਨਗਰ ਕੀਰਤਨਾਂ ਦੇ ਰੂਪ ਵਿੱਚ ਹੋ ਚੁੱਕੀ ਹੈ। ਸਤਿਗੁਰੂ ਜੀ ਕ੍ਰਿਪਾ ਕਰਨ ਜਿੱਥੇ ਆਪਾਂ ਵੱਧ-ਚੜ੍ਹ ਕੇ ਖ਼ਾਲਸਾ ਪੰਥ ਦੀ ਹੋਂਦ-ਹਸਤੀ ਦਾ ਜਲੌਅ ਸੰਸਾਰ ਵਿੱਚ ਪ੍ਰਗਟ ਕਰਨਾ ਹੈ, ਉੱਥੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਨੁੱਖਤਾ ਲਈ ਜੋ ਪਰਉਪਕਾਰੀ ਕਾਰਜ਼ ਕੀਤੇ ਉਨ੍ਹਾਂ ਨੂੰ ਹਿਰਦੇ ਵਿੱਚ ਵਸਾ, ਸਤਿਗੁਰੂ ਜੀ ਦੇ ਪਰਉਪਕਾਰ ਨੂੰ ਬਾਰ-ਬਾਰ ਸਿਜਦਾ ਕਰੀਏ ਅਤੇ ਇਹਨਾਂ ਪਰਉਪਕਾਰਾਂ ਨੂੰ ਕੁੱਲ ਲੁਕਾਈ ਤੱਕ ਪਹੁੰਚਾਉਣ ਦਾ ਯਤਨ ਕਰੀਏ। ਵਿਸ਼ੇਸ਼ ਤੌਰ ਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਸੀਂ ਸਾਰੇ ਖ਼ਾਲਸਾ ਸਜ ਕੇ, ਖ਼ਾਲਸਾਈ ਰਹਿਣੀ ਰਹਿਤ ਵਿੱਚ ਪ੍ਰਪੱਕ ਹੋ ਕੇ ਆਪਣਾ ਅਤੇ ਲੁਕਾਈ ਦਾ ਭਲਾ ਕਰਨ ਹਿਤ ਯਤਨਸ਼ੀਲ ਹੋਈਏ। ਸਤਿਗੁਰੂ ਜੀ ਨੇ ਇਸ ਧਰਤੀ ਤੇ ਸੁਸ਼ੋਭਿਤ ਹੋ ਕੇ ਜੋ ਪੂਰਨੇ ਪਾਏ ਹਨ ਉਨ੍ਹਾਂ ਪੂਰਨਿਆਂ ਉੱਪਰ ਚਲਣ ਦਾ ਯਤਨ ਕਰਕੇ ਕਲਗੀਧਰ ਪਿਤਾ ਜੀ ਦੀ ਪ੍ਰਸੰਨਤਾ ਪ੍ਰਾਪਤ ਕਰੀਏ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਦੇ ਪਰਉਪਕਾਰਾਂ ਦਾ ਰਿਣ ਚੁਕਾਉਣ ਦਾ ਯਤਨ ਕਰੀਏ।

# ੨
# ਤਿਲਕ ਜੰਞੂ (ਮਨੁੱਖੀ ਅਧਿਕਾਰਾਂ) ਦੀ ਰਖਵਾਲੀ ਧਰਤ ਅਨੰਦਪੁਰ ਦੀ

ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਥੜ੍ਹਾ ਸਾਹਿਬ ਦੇ ਅਸਥਾਨ ਤੇ ਦੀਵਾਨ ਸਜਿਆ ਹੋਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿੰਘਾਸਣ ਤੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ ਦੀਦਾਰ ਅਤੇ ਉਪਦੇਸ਼ ਬਖਸ਼ਿਸ਼ ਕਰ ਰਹੇ ਸਨ। [1]ਮੇਵੜਾ, ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਹਾਜ਼ਿਰ ਹੋਇਆ। ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਕਸ਼ਮੀਰ ਤੋਂ ਪੰਡਿਤ ਕਿਰਪਾ ਰਾਮ ਦੀ ਤਾਬੇਦਾਰੀ ਵਿੱਚ ੫੦੦ ਬ੍ਰਾਹਮਣਾਂ ਦਾ ਵਫ਼ਦ ਆਪ ਜੀ ਦੇ ਚਰਨਾਂ ਵਿੱਚ ਪੁਕਾਰ ਕਰਨ ਲਈ ਹਾਜ਼ਿਰ ਹੋਣਾ ਚਾਹੁੰਦਾ ਹੈ, ਸਾਹਿਬ ਜੀ ਦੀ ਆਗਿਆ ਹੋਵੇ ਤਾਂ ਮੈਂ ਉਹਨਾਂ ਨੂੰ ਲੈ ਆਵਾਂ?" ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮੁਸਕਰਾਏ ਤੇ ਮੇਵੜੇ ਨੂੰ ਕਿਹਾ ਕਿ 'ਗੁਰੂ ਘਰ ਵਿੱਚ ਹਰ ਇੱਕ ਨੂੰ ਹਰ ਸਮੇਂ ਆਪਣੀ ਬਿਰਥਾ ਕਹਿਣ ਦੀ ਖੁੱਲ ਹੈ। ਜਾਉ, ਉਹਨਾਂ ਨੂੰ ਜਲਦੀ ਲੈ ਆਉ।' ਮੇਵੜੇ ਨੇ ਕਸ਼ਮੀਰ ਤੋਂ ਆਏ ਪੰਡਤਾਂ ਦੇ ਆਗੂ ਨੂੰ ਸਤਿਗੁਰਾਂ ਦਾ ਹੁਕਮ ਕਹਿ ਸੁਣਾਇਆ ਅਤੇ ਦਰਬਾਰ ਵਿੱਚ ਲਿਆਉਣ ਲਈ ਅੱਗੇ ਹੋ ਤੁਰਿਆ। ਜਿਸ ਵੇਲੇ ਕ੍ਰਿਪਾ ਰਾਮ ਦੀ ਅਗਵਾਈ ਵਿੱਚ ੫੦੦ ਬ੍ਰਾਹਮਣਾਂ ਦਾ ਵਫ਼ਦ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਿਰ ਹੋਇਆ, ਸਾਰਿਆਂ ਦੇ ਚਿਹਰੇ ਚਿੰਤਾ ਵਿੱਚ ਗ੍ਰਸੇ ਹੋਏ ਸਨ। ਸਾਰਿਆਂ ਦੇ ਚਿਹਰਿਆਂ ਤੇ ਲੰਮਾ ਪੰਧ ਤੁਰ ਕੇ ਆਉਣ ਦੀ ਥਕਾਵਟ ਸਾਫ਼ ਦਿਸਦੀ ਸੀ, ਸਫ਼ਰ ਕਾਰਨ ਕੱਪੜੇ ਮੈਲੇ ਅਤੇ ਫਟੇ ਹੋਏ ਸਨ। ਹਰ ਇੱਕ ਪੰਡਤ ਨੇ ਗਲ ਵਿੱਚ [2]ਪੱਲਾ ਪਾ ਮੂੰਹ ਵਿੱਚ ਘਾਹ ਦੇ ਤਿਣਕੇ ਦੰਦਾਂ ਨਾਲ ਫੜੇ ਹੋਏ ਸਨ। ਵਾਰੀ-ਵਾਰੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਸਭ ਨੇ ਮੱਥਾ ਟੇਕਿਆ। ਸਤਿਗੁਰੂ ਜੀ ਨੇ ਪੰਡਤ ਕਿਰਪਾ ਰਾਮ ਨੂੰ ਇੰਨੇ ਵੱਡੇ ਵਫ਼ਦ ਸਮੇਤ ਇਸ ਹਾਲਤ ਵਿੱਚ ਹਾਜ਼ਰ ਹੋਣ ਦਾ ਕਾਰਨ ਪੁੱਛਿਆ।

ਪੰਡਤ ਕਿਰਪਾ ਰਾਮ ਨੇ ਸਤਿਗੁਰਾਂ ਦੇ ਸਨਮੁੱਖ ਗਲ ਪਿਆ ਪੱਲਾ ਹੱਥਾਂ ਵਿੱਚ ਫੜ੍ਹ ਕੇ, ਹੱਥ ਜੋੜ ਅਰਜ਼ ਗੁਜ਼ਾਰੀ, ਪਾਤਸ਼ਾਹ!

**ਏਕ ਆਸਰਾ ਆਪ ਗੁਸਾਈਂ॥ ਗਹਹੁ ਬਾਹੁ ਡੂਬਤਿ ਸਭਿ ਜਾਈ॥**
**ਨਿਜ ਕਰੁਨਾ ਤਰਨੀ ਬਰ ਧਰੋ॥ ਕਰਨ ਧਾਰ ਬਨਿ ਪਾਰਹਿ ਕਰੋ॥...**

੧. ਗੁਰੂ ਸਾਹਿਬ ਤੱਕ ਸੰਗਤਾਂ ਦੀ ਬੇਨਤੀ ਪਹੁੰਚਾਉਣ ਵਾਲਾ ੨. ਗਲ ਵਿੱਚ ਪੱਲਾ ਆਜਜੀ ਅਤੇ ਬੇਵਸੀ ਦਾ ਪ੍ਰਤੀਕ ਸੀ ਅਤੇ ਮੂੰਹ ਵਿੱਚ ਘਾਹ, ਸਾਨੂੰ ਆਪਣੀਆਂ ਗਊਆਂ ਜਾਣ ਕੇ ਸਾਡੀ ਰੱਖਿਆ ਕਰੋ ਦਾ ਪ੍ਰਤੀਕ ਸੀ।

**ਰਾਖਹੁ ਅਬ ਹਿੰਦਨੁ ਕੀ ਟੇਕ॥ ਨਾਹਿਤ ਜਗ ਮਹਿ ਰਹੇ ਨ ਏਕ॥**

ਸੂਰਜ ਪ੍ਰਕਾਸ਼

ਹੇ ਪ੍ਰਿਥਵੀ ਦੇ ਨਾਥ! ਸਾਨੂੰ ਹੁਣ ਇੱਕ ਤੁਹਾਡਾ ਹੀ ਆਸਰਾ ਹੈ। ਸਾਡਾ ਸਾਰਿਆਂ ਦਾ ਧਰਮ ਡੁੱਬਦਾ ਜਾ ਰਿਹਾ ਹੈ। ਕ੍ਰਿਪਾ ਕਰਕੇ ਸਾਡੀ ਡੁੱਬਦਿਆਂ ਦੀ ਬਾਂਹ ਪਕੜੋ। ਕ੍ਰਿਪਾ ਕਰਕੇ ਸਾਡੇ ਧਰਮ ਦੀ ਡੁੱਬ ਰਹੀ ਬੇੜੀ ਨੂੰ ਆਪ ਮਲਾਹ ਬਣ ਕੇ ਪਾਰ ਕਰੋ। ਹਿੰਦੂ ਧਰਮ ਦੀ ਹੁਣ ਆਪ ਜੀ ਉੱਪਰ ਹੀ ਆਸ ਅਤੇ ਟੇਕ ਹੈ। ਜੇ ਤੁਸੀਂ ਸਾਡੀ ਆਸਾ ਪੂਰੀ ਨਾ ਕੀਤੀ ਤਾਂ ਜਗਤ ਵਿੱਚ ਇੱਕ ਵੀ ਹਿੰਦੂ ਨਹੀਂ ਰਹੇਗਾ ਕਿਉਂਕਿ ਔਰੰਗਜ਼ੇਬ ਨੇ ਸਾਰੇ ਹਿੰਦਵਾਣ ਨੂੰ ਤੁਰਕ ਬਨਾਉਣ ਦੀ ਸੁਗੰਧ ਖਾਧੀ ਹੋਈ ਹੈ। ਕਿਸੇ ਨੂੰ ਲਾਲਚ ਦੇ ਕੇ, ਕਿਸੇ ਨੂੰ ਪਦਵੀ ਦੇ ਕੇ, ਕਿਸੇ ਤੇ ਜ਼ੁਲਮ ਢਾਹ ਕੇ ਹਰ ਰੋਜ਼ ਸਵਾ-ਸਵਾ ਮਣ ਜਨੇਊ ਲਾਹ ਕੇ ਹਿੰਦੂਆਂ ਨੂੰ ਤੁਰਕ ਬਣਾ ਕੇ ਫਿਰ ਰੋਟੀ ਖਾਂਦਾ ਹੈ। ਸਾਰੇ ਹਿੰਦੁਸਤਾਨ ਵਿੱਚ ਸਭ ਹਾਕਮਾਂ ਨੂੰ ਮੰਦਰ, ਸ਼ਿਵਾਲੇ ਢਾਹ ਮਸੀਤਾਂ ਬਨਾਉਣ ਦਾ ਹੁਕਮ ਦੇ ਦਿੱਤਾ ਹੈ। ਪਾਤਸ਼ਾਹ!

**ਕਿਛ ਲੋਭ[੧] ਦਿਖਾਏ ਜ਼ੁਲਮ ਕਰਾਏ ਤੁਰਕ[੨] ਬਨਾਏ ਬਹੁ ਹਿੰਦੂ॥**
**ਬਹੁ ਤਗ[੩] ਲਹਾਵਤ ਤਿਲਕ ਚਟਾਵਤ[੪] ਅਤਿ ਸਤਾਵਹਿ [੫]ਤੁਰਕਿੰਦੂ॥**

ਪੰਥ ਪ੍ਰਕਾਸ਼ (ਸੰਪਾਦਿਤ ਗਿ: ਕ੍ਰਿਪਾਲ ਸਿੰਘ)

ਪੰਡਿਤ ਕਿਰਪਾ ਰਾਮ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਜਾਰੀ ਰੱਖਦੇ ਅਰਜ਼ ਕੀਤੀ, ਦਾਤਾ!

**ਤੁਮ ਪਰਉਪਕਾਰੀ ਰੂਪ ਮੁਰਾਰੀ ਸ਼ਕਤੀ ਭਾਰੀ ਯੈਤਵਰੈ॥**
**ਹਿਤ ਧਰਮ ਧੁਰਾਵਨ ਤੁਮਰਾ ਆਵਨ, ਹੈਯੋ ਪਾਵਨ [੬]ਧਰਾਪਰੈ॥**

ਸੂਰਜ ਪ੍ਰਕਾਸ਼

ਕਿਰਪਾ ਰਾਮ ਨੇ ਬੜੀ ਆਜਜ਼ੀ ਨਾਲ ਬੇਨਤੀ ਕੀਤੀ ਸਤਿਗੁਰੂ! ਸਾਡੇ ਵਿੱਚ ਆਪਣਾ ਧਰਮ ਰੱਖਣ ਲਈ ਕੋਈ ਬਲ ਨਹੀਂ, ਸਾਡਾ ਬਲ ਛੁਟਕ ਗਿਆ ਹੈ। ਤੁਸੀਂ ਹੀ ਗਜ-ਹਾਥੀ ਨੂੰ ਤੰਦੂਏ ਦੀ ਗ੍ਰਿਫ਼ਤ ਤੋਂ ਛੁਟਕਾਰਾ ਪ੍ਰਦਾਨ ਕੀਤਾ ਸੀ। ਭਰੀ ਸਭਾ ਵਿੱਚ ਤੁਸੀਂ ਹੀ ਦ੍ਰੋਪਤੀ ਦੀ ਲਾਜ਼ ਰੱਖੀ ਸੀ। ਸੁਦਾਮੇਂ ਗਰੀਬ ਦੀ ਜੂਨ ਵੀ ਤੁਸੀਂ ਹੀ ਸੁਧਾਰੀ ਸੀ। ਅਸੀਂ ਸਾਰੇ ਦੁਆਰਾਂ ਤੇ ਫਿਰ-ਥੱਕ ਕੇ ਤੁਹਾਡੇ ਦਰ ਉੱਪਰ ਆਏ ਹਾਂ, ਆਪ ਸ਼ਰਣ ਆਇਆਂ ਦੀ ਲਾਜ਼ ਰੱਖੋ। ਤੁਸੀਂ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋ ਪਰ ਅਸਲ ਵਿੱਚ ਸਾਡੇ ਲਈ ਤੁਸੀਂ ਕਲਯੁਗ ਦੇ ਕ੍ਰਿਸ਼ਨ ਮੁਰਾਰ ਹੋ: -

**ਹਾਥ ਜੋਰ ਕਹਿਯੋ ਕਿਰਪਾ ਰਾਮ॥ ਦਤ ਬ੍ਰਾਹਮਣ [੭]ਮਟਨ ਗ੍ਰਾਮ॥**

---

੧.ਲਾਲਚ ਦੇ ਕੇ ੨.ਮੁਸਲਮਾਨ ੩.ਧਾਗੇ ਦੇ ਜਨੇਊ ੪.ਤਿਲਕ ਚੱਟੇ ਜਾਂਦੇ ਹਨ।
੫.ਤੁਰਕ(ਮੁਸਲਮਾਨ) ੬.ਧਰਤੀ ਉੱਪਰ ੭. ਮਟਨ ਨਗਰ ਤੋਂ

ਹਮਰੋ ਬਲ ਅਬ ਰਹਿਯੋ ਨ ਕਾਈ॥ ਹੇ ਗੁਰੂ ਤੇਗ ਬਹਾਦਰ ਰਾਈ॥
ਗਜ ਕੇ ਬੰਧਨ ਕਾਟਨਹਾਰੇ॥ ਤੁਮ ਗੁਰੂ ਨਾਨਕ ਹੈ ਅਵਤਾਰੇ॥
ਜਿਮ ਦਰੋਪਤੀ ਰਾਖੀ ਲਾਜ॥ ਦਿਯੋ ਸਵਾਰ ਸੁਦਾਮੈ ਕਾਜ॥
ਫਿਰਤ ਫਿਰਤ ਪ੍ਰਭ ਆਏ ਥਾਰੈ॥ ਥਾਕ ਪਰੈ ਹਉ ਤਉ ਦਰਬਾਰੈ॥
ਸੇਵਾ ਹਰੀ ਇਹ ਅਰਜ ਗੁਜਾਰੀ॥ ਤੁਮ ਕਲਜੁਗ ਕੇ ਕ੍ਰਿਸੁਨ ਮੁਰਾਰੀ॥

ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ

ਬਾਹ ਅਸਾਡੀ ਪਕੜੀਐ ਹਰਗੋਬਿੰਦ ਕੇ ਨੰਦ॥

ਗੁ: ਬਿਲਾਸ ਪਾ:੧, ਕੁਇਰ ਸਿੰਘ

ਕ੍ਰਿਪਾ ਰਾਮ ਦੀ ਬ੍ਰਿਥਾ, ਅਰਜ਼ੋਈ ਸ੍ਰਵਣ ਕਰਕੇ ਸਤਿਗੁਰਾਂ ਬਚਨ ਕੀਤਾ ਕਿਰਪਾ ਰਾਮ! ਤੁਸੀਂ ਔਰੰਗਜ਼ੇਬ ਨੂੰ ਜਾ ਕੇ ਕਹਿ ਦਿਉ ਕਿ ਸਾਡੇ ਗੁਰੂ, ਗੁਰੂ ਤੇਗ ਬਹਾਦਰ ਜੀ ਹਨ। ਜੇ ਤੂੰ ਉਨ੍ਹਾਂ ਨੂੰ ਮੁਸਲਮਾਨੀ ਦੀਨ ਕਬੂਲ ਕਰਵਾ ਲਵੇਂ ਤਾਂ ਅਸੀਂ ਸਾਰੇ ਹਿੰਦੂ ਆਪਣੇ ਆਪ ਹੀ ਦੀਨ ਮੁਹੰਮਦੀ ਕਬੂਲ ਕਰ ਲਵਾਂਗੇ। ਨਾਲ ਹੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਕਿਸੇ ਸਤਿਪੁਰਖ ਦੇ ਸਿਰ ਦਿੱਤੇ ਤੋਂ ਬਿਨਾਂ ਹਿੰਦੂ ਧਰਮ ਦੀ ਰਖਵਾਲੀ ਨਹੀਂ ਹੋ ਸਕਦੀ।

ਤਬ ਸਤਿਗੁਰ ਇਵ ਮਨ ਠਹਿਰਾਈ॥
ਬਿਨ ਸਿਰ ਦੀਏ ਜਗਤ ਦੁਖ ਪਾਈ॥

ਇਸੇ ਪਾਵਨ ਧਰਤੀ ਤੇ, ਸਤਿਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਕਲਗੀਧਰ ਗੋਬਿੰਦ ਰਾਏ ਜੀ ਬੈਠੇ ਹੋਏ ਸਨ। ਗੋਬਿੰਦ ਰਾਏ ਜੀ ਨੇ ਪਿਤਾ ਗੁਰਦੇਵ ਜੀ ਨੂੰ ਬੇਨਤੀ ਕੀਤੀ, ਪਿਤਾ ਜੀ! ਇਸ ਕਲਯੁਗ ਵਿੱਚ ਆਪ ਜੀ ਨਾਲੋਂ ਵੱਡਾ ਸੱਤਪੁਰਖ ਹੋਰ ਕਿਹੜਾ ਹੋ ਸਕਦਾ ਹੈ? ਆਪ ਜੀ ਇਨ੍ਹਾਂ ਹਿੰਦੂਆਂ ਦੇ ਧਰਮ ਚਿੰਨ੍ਹਾਂ "ਤਿਲਕ-ਜੰਞੂ" ਦੀ ਰਖਵਾਲੀ ਕਰਕੇ ਹਿੰਦੂ ਧਰਮ ਨੂੰ ਬਚਾਉ। ਗੁਰਦੇਵ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੋਬਿੰਦ ਰਾਏ ਜੀ ਦਾ ਮੱਥਾ ਚੁੰਮਿਆ ਤੇ ਗੋਬਿੰਦ ਰਾਏ ਜੀ ਨੂੰ ਕਮਰਕੱਸਾ ਕਰ ਕੇ, ਸ਼ਸ਼ਤਰ ਪਹਿਨਾਏ, ਪੰਜ ਪੈਸੇ ਨਾਰੀਅਲ ਰੱਖ ਕੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਗੋਬਿੰਦ ਰਾਇ ਜੀ ਨੂੰ ਸੌਂਪ, ਆਪ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਤੋਂ ਸੁਰਖਰੂ ਹੋ, ਹਿੰਦੂ ਧਰਮ ਦੀ ਰਖਵਾਲੀ ਲਈ ਤਿਆਰੀ ਅਰੰਭ ਦਿੱਤੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਦਾਸ ਗੋਬਿੰਦ ਥੀ ਪਾਸ ਬਹਾਯੋ॥ ਕਮਰ ਕਸਾ ਸਤਿਗੁਰ ਕਰਾਯੋ॥
ਪੈਸੇ ਪਾਂਚ ਸ੍ਰੀ ਫਲ ਏਕ॥ ਧਰ ਆਗੈ ਦਿਯੋ ਮਸਤਕ ਟੇਕ॥
ਬਾਲ ਗੁਰੂ ਤਬ ਕਹਿਯੋ ਅਲਾਇ॥ ਪਿਤਾ ਗੁਰੂ ਤਉ ਕਰੋ ਸਹਾਇ॥੩੮॥

(ਸੂਰਜ ਪ੍ਰਕਾਸ਼)

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਟਨ ਗ੍ਰਾਮ (ਕਸ਼ਮੀਰ) ਤੋਂ ਕ੍ਰਿਪਾ

ਰਾਮ ਦੀ ਅਗਵਾਈ ਵਿੱਚ ਆਏ ਬ੍ਰਾਹਮਣਾਂ ਨੂੰ ਦਿਲਾਸਾ ਦਿੱਤਾ ਤੇ ਫੁਰਮਾਇਆ, 'ਤੁਹਾਡੇ ਧਰਮ ਦੀ ਬਾਂਹ ਅਸੀਂ ਹੁਣ ਪਕੜ ਲਈ ਹੈ, ਸਿਰ ਭਾਵੇਂ ਲੱਗ ਜਾਵੇ ਪਰ ਅਸੀਂ ਤੁਹਾਡੀ ਬਾਂਹ ਨਹੀਂ ਛੱਡਾਂਗੇ। ਤੁਸੀਂ ਨਿਸਚਿੰਤ ਹੋ ਜਾਵੋ।' ਇਸੇ ਖਿਆਲ ਨੂੰ ਚਾਂਦ ਭੱਟ ਨੇ ਹੇਠ ਲਿਖੇ ਸ਼ਬਦਾਂ ਵਿੱਚ ਅੰਕਿਤ ਕੀਤਾ ਹੈ। ਬੋਲਣਾ ਗੁਰੂ ਤੇਗ ਬਹਾਦਰ ਜੀ ਕਾ ਜ਼ੁਬਾਨੀ ਭਟ ਕੀ: -

**ਚਿਤ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗ ਜੋੜੀਐ॥**
**ਮਨ ਲੋਚੈ ਬੁਰਿਆਈਆਂ ਗੁਰਸ਼ਬਦੀ ਇਹ ਮਨ ਹੋੜੀਐ॥**
**ਬਾਂਹ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ॥**
**ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋੜੀਐ॥**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੋਂ ਤਿਲਕ-ਜੰਞੂ ਦੀ ਰਖਵਾਲੀ ਤੇ ਹਿੰਦੂ ਧਰਮ ਨੂੰ ਬਚਾਉਣ ਵਾਸਤੇ ਦਿੱਲੀ ਨੂੰ ਚਾਲੇ ਪਾਏ ਤੇ ਰਸਤੇ ਵਿੱਚ ਪ੍ਰਚਾਰ ਕਰਦੇ ਤੇ ਸਿੱਖ ਸੇਵਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਆਪ ਜੀ ਆਗਰੇ, ਗੁਰੂ ਕੇ ਬਾਗ ਵਾਲੇ ਅਸਥਾਨ ਤੇ ਪੁੱਜੇ। ਆਗਰੇ ਦੇ ਅਸਥਾਨ ਤੋਂ ਆਪ ਜੀ ਨੇ ਗ੍ਰਿਫ਼ਤਾਰੀ ਦਿੱਤੀ ਤੇ ਦਿੱਲੀ ਚਾਂਦਨੀ ਚੌਂਕ ਦੇ ਅਸਥਾਨ ਤੇ "**ਬਾਂਹ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ**" ਦੇ [੧]ਕੌਲ ਦੀ ਪੂਰਤੀ ਕਰ, ਆਪਣੇ ਸਰੀਰ ਦਾ ਬਲੀਦਾਨ ਦੇ ਦਿੱਤਾ ਪਰ ਹਿੰਦੂ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸੇ ਅਦੁੱਤੀ ਸ਼ਹਾਦਤ ਪ੍ਰਥਾਇ ਬਚਿੱਤਰ ਨਾਟਕ ਬਾਣੀ ਅੰਦਰ ਲਿਖਿਆ ਹੈ ਕਿ ਪਿਤਾ ਗੁਰਦੇਵ ਨਾ ਤਾਂ ਤਿਲਕ ਲਾਉਂਦੇ ਸਨ ਨਾ ਜੰਞੂ ਪਹਿਨਦੇ ਸਨ ਅਤੇ ਨਾ ਹੀ ਇਨ੍ਹਾਂ ਚਿੰਨ੍ਹਾਂ ਉੱਪਰ ਯਕੀਨ ਰੱਖਦੇ ਸਨ ਪਰ ਸਤਿਗੁਰੂ ਜੀ ਜਬਰ, ਧੱਕੇ ਅਤੇ ਜ਼ੁਲਮ ਦੇ ਵਿਰੋਧੀ ਸਨ ਅਤੇ ਇਸ ਜਬਰ-ਜ਼ੁਲਮ ਨੂੰ ਠੱਲ ਪਾਉਣ ਲਈ ਆਪ ਜੀ ਹਰ ਕੁਰਬਾਨੀ ਕਰਨ ਲਈ ਹਰ ਸਮੇਂ ਤਿਆਰ ਸਨ। ਆਪ ਜੀ ਦਾ ਸਿਧਾਂਤ ਸੀ:-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

ਮ: ੯, ਅੰਗ : ੧੪੨੭

ਇਨ੍ਹਾਂ ਸਿਧਾਂਤਾਂ ਨੂੰ ਜਗਤ ਵਿੱਚ ਮੂਰਤੀਮਾਨ ਕਰਨ ਵਾਸਤੇ ਆਪ ਜੀ ਪਰਾਏ ਧਰਮ ਦੀ ਰਖਵਾਲੀ ਵਾਸਤੇ ਡਟ ਗਏ ਅਤੇ ਜਗਤ ਵਿੱਚ ਪਰ-ਹਿਤ ਲਈ ਅਨੋਖੀ ਸ਼ਹਾਦਤ ਦੇ ਕੇ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਆਪਾ ਵਾਰਨ ਦੇ ਅਨੋਖੇ ਪੂਰਨੇ ਪਾ ਗਏ। ਕਲਗੀਧਰ ਜੀ ਦਾ ਫੁਰਮਾਨ ਹੈ: -

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**

੧.ਬਚਨ

ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥
ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥

ਬਚਿੱਤਰ ਨਾਟਕ

ਤਥਾ: ਦੋਹਰਾ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕਉ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥ ਬਚਿੱਤਰ ਨਾਟਕ

ਕਵੀ ਸੈਨਾਪਤ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਇਸ ਅਦੁੱਤੀ, ਲਾ-ਮਿਸਾਲ ਸ਼ਹਾਦਤ ਪ੍ਰਥਾਇ ਹੇਠ ਲਿਖੇ ਅਨੁਸਾਰ ਵਰਣਨ ਕਰਦੇ ਹਨ: -

ਪ੍ਰਗਟ ਭਏ ਗੁਰੁ ਤੇਗ ਬਹਾਦਰ॥ ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ[1]॥
ਕਰਮ ਧਰਮ ਕੀ ਜਿਨਿ ਪਤਿ ਰਾਖੀ॥ ਅਟਲ ਕਰੀ ਕਲਜੁਗ ਮੈ ਸਾਖੀ॥੧੪॥
ਸਗਲ ਸ੍ਰਿਸਟਿ ਜਾ ਕਾ ਜਸ ਭਯੋ॥ ਜੈ ਤੇ ਸਰਬ ਧਰਮ ਬੰਚਯੋ[2]॥
ਤੀਨ ਲੋਕ ਮੈ ਜੈ ਜੈ ਭਈ॥ ਸਤਿਗੁਰ ਪੈਜ ਰਾਖਿ ਇਸ ਲਈ॥੧੫॥
ਤਿਲਕ ਜਨੇਊ ਅਰਿ ਧਰਮਸਾਲਾ॥ ਅਟਲ ਕਰੀ ਗੁਰ ਭਏ ਦਿਆਲਾ॥
ਧਰਮ ਹੇਤ ਪ੍ਰਭ ਪਰਹਿ ਸਿਧਾਏ॥ ਗੁਰੂ ਗੋਬਿੰਦ ਸਿੰਘ ਕਹਿਲਾਏ॥੧੬॥

ਸ੍ਰੀ ਗੁਰੂ ਸੋਭਾ, ਕਵੀ ਸੈਨਾਪਤੀ

ਇਸ ਅਨੰਦਪੁਰ ਸਾਹਿਬ ਦੀ ਪਾਵਨ ਧਰਤ ਨੂੰ ਹੀ ਮਾਣ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ, ਆਪਾ ਵਾਰਨ ਦੇ ਪੂਰਨੇ ਪਾਉਣ ਲਈ ਧੰਨ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸੇ ਧਰਤ ਨੂੰ ਚੁਣਿਆ ਅਤੇ ਸ੍ਰੀ ਅਨੰਦਪੁਰ ਦੀ ਧਰਤੀ ਮਨੁੱਖੀ ਅਧਿਕਾਰਾਂ ਦੀ ਅਲੰਬਰਦਾਰ ਹੋ ਸੰਸਾਰ ਅੰਦਰ ਪ੍ਰਗਟ ਹੋਈ। ਅਜਿਹੇ ਪਰ-ਹਿਤ ਲਈ ਕੁਰਬਾਨੀ ਕਰਨ ਵਾਲੇ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਚਰਨਾਂ ਦੀ ਛੋਹ ਵੀ ਇਸ ਅਨੰਦਪੁਰੀ [3]ਰਜ ਵਿੱਚ ਸਮਾਈ ਹੋਈ ਹੈ। ਧੰਨਤਾ ਯੋਗ ਹੈ ਧਰਤ ਅਨੰਦਪੁਰ ਦੀ, ਜਿਸ ਅਸਥਾਨ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ "**ਅਪਨਾ ਬਿਗਾਰਿ ਬਿਰਾਂਨਾ ਸਾਂਢੈ**" ਦੇ ਪੂਰਨੇ ਪਾਏ ਤੇ "**ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ**" ਦੀ ਅਨੋਖੀ ਕਾਰ ਕਰ ਵਿਖਾਈ, ਅਜੋਕੇ ਸੁਆਰਥੀ ਸਮੇਂ ਵਿੱਚ ਇਹ ਕੁਰਬਾਨੀ ਅੱਤ ਦੀ ਹੱਦ ਸੀ।

ਅੱਜ ਆਪਾਂ ਵੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਮੁਕੱਦਸ [3]ਰਜ ਜਿਸ ਦਾ

੧. ਸਾਰੇ ਧਰਮਾਂ ਦੀ ਪੱਤ ਆਪਣੇ ਸਰੀਰ ਰੂਪੀ ਚਾਦਰੇ ਨਾਲ ਢੱਕੀ। ੨. ਬਚ ਗਏ। ੩.ਮਿੱਟੀ

ਜਰਾ-ਜਰਾ ਸਤਿਗੁਰਾਂ ਅਤੇ ਸਾਹਿਬਜ਼ਾਦਿਆਂ ਦੇ ਚਰਨਾਂ ਨਾਲ ਤੇ ਹੁਕਮੀ ਸਿੱਖਾਂ ਦੇ ਚਰਨਾਂ ਅਤੇ ਖੂਨ ਨਾਲ ਪਵਿੱਤ੍ਰ ਹੋਇਆ ਪਿਆ ਹੈ, ਉਸ ਨੂੰ ਜੁਹਾਰ ਕਰਨ ਜਾਣਾ ਹੈ ਤੇ ਇਸ ਮਾਣ-ਮਤੀ ਪਵਿੱਤ੍ਰ ਧਰਤੀ ਤੋਂ ਪ੍ਰੇਰਨਾ ਲੈ ਕੇ ਆਪਣੇ ਧਰਮ ਵਿੱਚ ਦ੍ਰਿੜ ਹੋਣਾ ਹੈ। ਉਪ੍ਰੰਤ ਜੇ ਕਿਸੇ ਉੱਪਰ ਜ਼ੁਲਮ ਧੱਕਾ ਹੁੰਦਾ ਹੈ ਉਸ ਦੇ ਪੱਖ ਵਿੱਚ ਅਵਾਜ਼ ਬੁਲੰਦ ਕਰਨੀ ਹੈ। ਇਹ ਤਦ ਹੀ ਸੰਭਵ ਹੈ ਜੇ ਮਨੁੱਖ ਪਹਿਲਾਂ ਆਪਣੇ ਧਰਮ ਵਿੱਚ ਪਰਪੱਕ ਹੋਵੇਗਾ। ਜਿਹਵਾ ਮਨੁੱਖ ਆਪਣੇ ਧਰਮ ਵਿੱਚ ਪਰਪੱਕ ਨਹੀਂ ਉਹ ਦੂਸਰਿਆਂ ਦੇ ਧਰਮ ਦੇ ਬਚਾਉ ਲਈ ਉਨ੍ਹਾਂ ਦੀ ਬਾਂਹ ਕਿਵੇਂ ਪਕੜ ਸਕਦਾ ਹੈ? ਕਦਾਚਿੱਤ ਨਹੀਂ। ਜਦ ਤੋਂ ਸੰਸਾਰ ਹੋਂਦ ਵਿੱਚ ਆਇਆ ਹੈ, ਅਧਰਮੀਆਂ ਨੇ ਧੱਕਾ ਕੀਤਾ, ਧਰਮੀਆਂ ਨੇ ਧੱਕੇ ਵਿਰੁੱਧ ਅਵਾਜ਼ ਬੁਲੰਦ ਕੀਤੀ। ਇਹ ਦੇਖਣ ਵਿੱਚ ਨਹੀਂ ਆਉਂਦਾ ਕਿ ਕਿਸੇ ਅਧਰਮੀਂ ਨੇ ਧਰਮ ਦੀ ਹੋ ਰਹੀ ਬੇਪਤੀ ਵਿਰੁੱਧ ਹਾ ਦਾ ਨਾਹਰਾ ਮਾਰਿਆ ਹੋਵੇ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਅਧਰਮੀਆਂ ਨੂੰ ਲੋਕ ਹਮੇਸ਼ਾ ਨਫਰਤ ਦੀ ਨਿਗਾਹ ਨਾਲ ਵੇਖਦੇ ਰਹੇ ਅਤੇ ਹੁਣ ਵੀ ਵੇਖਦੇ ਹਨ। ਅਧਰਮੀਆਂ ਨੂੰ ਥਾਂ-ਥਾਂ ਫਿਟਕਾਰਾਂ ਹੀ ਪੈਂਦੀਆਂ ਰਹੀਆਂ ਤੇ ਪੈ ਰਹੀਆਂ ਹਨ। ਪਰਮਾਤਮਾਂ ਵੀ ਧਰਮੀਆਂ ਦੀ ਹਮੇਸ਼ਾ ਜੈਕਾਰ ਕਰਵਾਉਂਦਾ ਹੈ। ਸਤਿਗੁਰੂ ਰਾਮਦਾਸ ਸਾਹਿਬ ਜੀ ਦਾ ਸਿਰੀਰਾਗ ਅੰਦਰ ਬਚਨ ਅੰਕਿਤ ਹੈ:-

**ਜੈਕਾਰੁ ਕੀਓ ਧਰਮੀਆ ਕਾ ਪਾਪੀ ਕੋ ਡੰਡੁ ਦੀਓਇ॥੧੬॥**

ਮ:੪, ਅੰਗ:੯੯

ਇਸ ਲਈ ਅੱਜ ਹਰ ਗੁਰਸਿੱਖ ਨੂੰ ਆਪਣੇ ਗੁਰਸਿੱਖੀ ਧਰਮ ਵਿੱਚ ਪ੍ਰਪੱਕ ਹੋ ਕੇ:-

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥੧॥**

ਧਨਾਸਰੀ ਮ:੪, ਅੰਗ:੬੬੭

ਦੀ ਕਾਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਆਪਣੇ ਧਰਮ ਵਿੱਚ ਪਰਪੱਕ ਹੋਵਾਂਗੇ ਫਿਰ ਹੀ ਸਤਿਗੁਰੂ ਜੀ ਵੱਲੋਂ ਪਰ-ਹਿੱਤ ਦੀ ਰਖਵਾਲੀ ਲਈ ਪਾਏ ਪੱਗ-ਚਿੰਨ੍ਹਾਂ ਉੱਪਰ ਚੱਲ ਸਕਣ ਦੇ ਯੋਗ ਹੋਵਾਂਗੇ, ਉਂਝ ਨਹੀਂ।

# ੩
# ਵੱਖ-ਵੱਖ ਧਰਮਾਂ ਦੀ ਵਿਭਿੰਨਤਾ ਦੀ ਅਲੰਬਰਦਾਰ ਧਰਤ ਅਨੰਦਪੁਰ ਦੀ

ਅੱਜ ਜੋ ਵੱਖੋ-ਵੱਖਰੇ ਅਕੀਦੇ ਅਨੁਸਾਰ ਪ੍ਰਮਾਤਮਾ ਦੀ ਜਾਂ ਦੇਵੀ-ਦੇਵ-ਅਵਤਾਰਾਂ ਦੀ ਪੂਜਾ ਹੋ ਰਹੀ ਹੈ, ਕਿਤੇ ਠਾਕੁਰ ਦੁਆਰਿਆਂ ਵਿੱਚ ਟੱਲ ਵੱਜ ਰਹੇ ਹਨ, ਕਿਤੇ ਸ਼ਿਵਲਿੰਗ ਦੀ ਪੂਜਾ ਹੋ ਰਹੀ ਹੈ, ਕਿਤੇ ਬੋਧ-ਭਿਖਸ਼ੂ ਮੰਤਰਾਂ ਦਾ ਆਪਣੇ ਅਕੀਦੇ ਅਨੁਸਾਰ ਜਾਪ ਕਰ ਰਹੇ ਹਨ, ਕਿਤੇ ਜੈਨੀ ਮੂੰਹ ਤੇ ਪੱਟੀਆਂ ਬੰਨ੍ਹ ਹੱਥਾਂ ਵਿੱਚ ਸੂਤ ਦੇ ਫੁੰਮਣ ਫੜ ਨੰਗੇ ਪੈਰੀ ਤੁਰਦੇ ਆਪਣੇ ਮੱਤ ਦਾ ਪ੍ਰਗਟਾਵਾ ਸੁਤੰਤਰਤਾ ਨਾਲ ਕਰ ਰਹੇ ਹਨ। ਇਸੇ ਤਰ੍ਹਾਂ ਜੋਗੀ ਲੋਕ ਸਿੰਙੀਆਂ ਅਤੇ ਸੰਖ ਵਜਾ ਕੇ ਆਪਣੀ ਵੱਖਰੀ ਹੋਂਦ ਪ੍ਰਗਟ ਕਰ ਰਹੇ ਹਨ, ਇਹ ਸਾਰੀ ਸੁਤੰਤਰਤਾ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤੀ। ਇਸੇ ਧਰਤੀ ਤੋਂ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਪਰਮ ਪੂਜਯ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹਿੰਦੂ ਧਰਮ ਦੀ ਰਖਵਾਲੀ ਅਤੇ ਇਸ ਧਰਮ ਦੇ ਧਾਰਮਿਕ ਚਿੰਨ੍ਹ, ਤਿਲਕ-ਜੰਞੂ ਨੂੰ ਬਚਾਉਣ ਲਈ, ਸ਼ਹਾਦਤ ਦੇਣ ਵਾਸਤੇ ਤੋਰਿਆ। ਜਿੰਨ੍ਹਾਂ ਨੇ ਚਾਂਦਨੀ ਚੌਂਕ ਵਿਖੇ ਪਰ-ਧਰਮ ਅਤੇ ਪਰ-ਧਰਮ ਦੇ ਚਿੰਨ੍ਹਾਂ ਦੀ ਰਖਵਾਲੀ ਲਈ ਆਪਣਾ ਬਲੀਦਾਨ ਦੇ ਕੇ ਅਨੋਖੀ ਕਾਰ ਕਰ ਵਿਖਾਈ। ਔਰੰਗਜ਼ੇਬ ਨੇ ਸੁਗੰਧ ਖਾਧੀ ਸੀ ਕਿ ਸਾਰੇ ਹਿੰਦੋਸਤਾਨ ਨੂੰ ਮੈਂ ਮੁਹੰਮਦੀ ਉਮੱਤ ਵਿੱਚ ਲਿਆਉਣਾ ਹੈ। ਮੁਸਲਮਾਨਾਂ ਤੋਂ ਬਿਨਾਂ ਉਹ ਕਿਸੇ ਹੋਰ ਗੈਰ ਧਰਮ ਵਾਲੇ ਨੂੰ ਵੇਖਣਾ ਨਹੀਂ ਸੀ ਚਾਹੁੰਦਾ। ਗੈਰ ਧਰਮ ਵਾਲਿਆਂ ਦੇ ਪੂਜ-ਅਸਥਾਨ ਮੰਦਰ, ਸ਼ਿਵਾਲੇ ਆਦਿਕ ਸਭ ਢੁਹਾਈ ਜਾਂਦਾ ਸੀ ਤੇ ਗੈਰ-ਧਰਮ ਗ੍ਰੰਥਾਂ ਦੀ ਬੇਪੱਤੀ ਕਰਵਾ ਕੇ ਉਨ੍ਹਾਂ ਨੂੰ ਨਸ਼ਟ ਕਰੀ ਜਾ ਰਿਹਾ ਸੀ। ਉਸ ਨੇ ਐਲਾਨ ਕਰ ਰੱਖਿਆ ਸੀ ਕਿ ਮੈਂ ਸਾਰੀ ਪਰਜਾ ਦਾ ਇੱਕ ਧਰਮ ਕਰ ਦੇਣਾ ਹੈ ਪਰ ਸਤਿਗੁਰੂ ਜੀ ਨੇ ਐਲਾਨੀਆ ਕਹਿ ਦਿੱਤਾ ਕਿ ਹੇ ਔਰੰਗਜੇਬ! ਤੂੰ ਦੋ ਧਰਮਾਂ ਤੋਂ ਇੱਕ ਧਰਮ ਕਰਨਾ ਚਾਹੁੰਦਾ ਹੈਂ ਪਰ ਪਰਮਾਤਮਾਂ, ਜਿਸ ਨੇ ਇਹ ਧਰਮ ਭਿੰਨਤਾ ਬਣਾਈ ਹੈ ਉਸਨੂੰ ਇਹ ਮਨਜ਼ੂਰ ਨਹੀਂ। ਸਗੋਂ ਮੈਂ ਦੋਂਹ ਦੀ ਥਾਂ ਤੀਸਰੀ ਕੌਮ ਪੈਦਾ ਕਰਾਂਗਾ ਜੋ ਹਿੰਦੂ ਤੇ ਮੁਸਲਮਾਨਾਂ ਤੋਂ ਵੱਖਰੀ ਤੇ ਨਿਆਰੀ ਪਹਿਚਾਨ ਵਾਲੀ ਕੌਮ ਹੋਵੇਗੀ। ਜਿਸ ਦੇ ਆਪਣੇ ਵੱਖਰੇ ਚਿੰਨ੍ਹ ਹੋਣਗੇ, ਜਿਸ ਦਾ ਆਪਣਾ ਪੂਜਾ ਢੰਗ ਤਰੀਕਾ ਵੱਖਰਾ ਹੋਵੇਗਾ। ਜਿਸ ਦਾ ਗ੍ਰੰਥ ਅਲੱਗ ਹੋਵੇਗਾ ਅਤੇ ਜਿਸ ਦੇ ਜੀਵਨ ਨਿਸ਼ਾਨੇ

ਬਿਲਕੁਲ ਅਲੱਗ ਹੋਣਗੇ, ਜੋ ਦੇਵੀ-ਦੇਵ-ਅਵਤਾਰ ਪੂਜਾ ਤੋਂ ਉੱਪਰ ਉੱਠ ਇੱਕ ਅਕਾਲ ਦੀ ਪੁਜਾਰੀ ਹੋਵੇਗੀ। ਜੋ ਅਕਾਲ ਪੁਰਖ ਨੇ ਮੈਨੂੰ ਹੁਕਮ ਕਰ ਕੇ ਭੇਜਿਆ ਹੈ, ਮੈਂ ਉਹ ਕੁਝ ਹੀ ਕਹਾਂਗਾ ਤੇ ਕਰਾਂਗਾ। ਸਤਿਗੁਰਾਂ ਐਲਾਨ ਕਰ ਦਿੱਤਾ: -

**ਕਹਿਯੋ ਪ੍ਰਭੂ ਸੁ [1]ਭਾਖਿ ਹੋਂ॥ ਕਿਸੂ ਨ [2]ਕਾਨ ਰਾਖਿ ਹੋਂ॥**
**ਕਿਸੂ ਨ ਭੇਖ ਭੀਜ ਹੋਂ॥ [3]ਅਲੇਖ ਬੀਜ ਬੀਜ ਹੋਂ॥੩੪॥**
**ਪਾਖਾਣ[4] ਪੂਜ ਹੋਂ ਨਹੀਂ॥ ਨ ਭੇਖ ਭੀਜ ਹੋਂ ਕਹੀਂ॥**
**ਅਨੰਤ ਨਾਮੁ ਗਾਇ ਹੋਂ॥ ਪਰਮ ਪੁਰਖ ਪਾਇ ਹੋਂ॥੩੫॥**
**ਜਟਾ ਨ ਸੀਸ ਧਾਰਿ ਹੋਂ॥ ਨ [5]ਮੁੰਦ੍ਰਕਾ ਸੁ ਧਾਰਿ ਹੋਂ॥**
**ਨ [6]ਕਾਨਿ ਕਾਹੂੰ ਕੀ ਧਰੋਂ॥ ਕਹਿਯੋ ਪ੍ਰਭੂ ਸੁ ਮੈ ਕਰੋਂ॥੩੬॥**

ਬਚਿੱਤਰ ਨਾਟਕ, ਅਧਿਆਇ ੬

ਅਕਾਲ ਪੁਰਖ ਜੀ ਦੇ ਇਸੇ ਹੁਕਮ ਅਨੁਸਾਰ ਕਲਗੀਧਰ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ "**ਨਿਜ ਪੰਥ ਚਲਾਇਓ ਖ਼ਾਲਸਾ ਧਰਿ ਤੇਜ ਕਰਾਰਾ**" ਦੀ ਕਾਰ ਕਰ,

**ਇਉਂ ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਦੀ ਖੇਡ ਰਚ ਕੇ ਜ਼ੁਲਮ ਦਾ ਨਾਸ਼ ਕਰਨ ਅਤੇ ਧਰਮੀਆਂ ਦਾ ਸਾਥ ਦੇਣ ਵਾਲੀ ਤੀਸਰੀ ਕੌਮ "ਖ਼ਾਲਸਾ" ਪੈਦਾ ਕੀਤੀ।

ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਇਸੇ ਸਚਾਈ ਨੂੰ ਜੋ ਵਰਤਦੀ ਸੀ ਤੇ ਪੂਰਨ ਤੌਰ ਤੇ ਵਰਤ ਜਾਣੀ ਸੀ, ਨੂੰ ਹੇਠ ਲਿਖੇ ਸ਼ਬਦਾਂ ਵਿੱਚ ਅੰਕਿਤ ਕੀਤਾ ਹੈ:-

**ਛਾਏ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ।**
**ਹੋਵਤੀ ਕੁਚੀਲਤਾ ਬੇਦਨ ਪੁਰਾਨ ਕੀ।**
**ਪਾਪ ਪਰਪਕ ਜਾਤੇ ਧਰਮ ਧਸਕ ਜਾਤੇ।**
**ਵਰਨ ਗਰਕ ਜਾਤੇ ਸਾਹਿਤ ਵਿਧਾਨ ਕੀ।**
**ਦੇਵੀ ਦੇਵ ਦਿਹੁਰਾ ਸੰਤੋਖ ਸਿੰਘਾ ਦੂਰ ਹੋਤੇ।**
**ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।**
**ਸ੍ਰੀ ਗੁਰੂ ਗੋਬਿੰਦ ਪਾਵਨ ਪਰਮ ਸੂਰ**
**ਮੂਰਤ ਨ ਹੋਤੀ ਜਊ ਪੈ ਕਰੁਣਾ ਨਿਧਾਨ ਕੀ।**

---

੧. ਜੋ ਪ੍ਰਭੂ ਜੀ ਨੇ ਕਿਹਾ ਮੈਂ ਉਹ ਹੀ ਕਹਿੰਦਾ ਹਾਂ ੨. ਪ੍ਰਵਾਹ ੩. ਅਲੱਖ ਪਰਮਾਤਮਾ ਦੇ ਬੀਜ਼ ਨੂੰ ਬੀਜਾਂਗਾ (ਭਾਵ ਖ਼ਾਲਸਾ ਪੰਥ ਤਿਆਰ ਕਰਾਂਗਾ) ੪. ਮੈਂ ਪੱਥਰਾਂ ਦੀ ਪੂਜਾ ਨਹੀਂ ਕਰਾਂਗਾ। ੫. ਮੈਂ ਨਾ ਕੰਨਾਂ ਵਿੱਚ ਜੋਗੀਆਂ ਵਾਂਗ ਮੁੰਦਰਾਂ ਪਾਵਾਂਗਾ ੬. ਕਿਸੇ ਦੀ ਪ੍ਰਵਾਹ ਨਹੀਂ ਕਰਾਂਗਾ।

ਸਾਂਈਂ ਬੁੱਲੇ ਸ਼ਾਹ ਨੇ ਬੇ-ਝਿਜਕ ਹੋ ਕੇ ਕਹਿ ਦਿੱਤਾ ਸੀ ਕਿ 'ਸੰਸਾਰ ਦੇ ਲੋਕੋ! ਮਤਾਂ ਜਾਣਿਉ ਕਿ ਮੈਂ ਕੋਈ ਪੁਰਾਣੀ ਗੱਲ ਕਰ ਰਿਹਾ ਹਾਂ, ਨਹੀਂ, ਮੈਂ ਅੱਜ ਦੀ, ਹੁਣ ਦੇ ਸਮੇਂ ਦੀ ਗੱਲ ਕਰਨ ਲੱਗਾ ਹਾਂ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਵਿੱਚ ਪ੍ਰਗਟ ਨਾ ਹੁੰਦੇ ਤਾਂ ਅੱਜ ਤੱਕ ਸਾਰਿਆਂ ਦੀ ਸੁੰਨਤ ਹੋ ਜਾਣੀ ਸੀ ਤੇ ਸਾਰੇ ਮੁਹੰਮਦੀ ਫਿਰਕੇ ਵਿੱਚ ਸ਼ਾਮਲ ਕਰ ਲਏ ਜਾਣੇ ਸਨ। ਇਹ ਜੋ ਧਰਮਾਂ ਦੀ ਵਿਭਿੰਨਤਾ ਦਿਖਾਈ ਦੇ ਰਹੀ ਹੈ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਦੌਲਤ ਹੀ ਦਿਸ ਰਹੀ ਹੈ।' ਸਾਂਈਂ ਬੁੱਲੇ ਸ਼ਾਹ ਜੀ ਲਿਖਦੇ ਹਨ:-

**ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ ਬਾਤ ਕਹੂੰ ਮੈ ਅਬ ਕੀ॥**
**ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਤਉ ਸੁੰਨਤ ਹੋਤੀ ਸਭ ਕੀ॥**

ਇਸ ਸਚਾਈ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਪਣਾ ਸਾਰਾ ਸਰਬੰਸ ਵਾਰ ਕੇ, ਆਪਣੇ ਆਪ ਦਾ ਬਲੀਦਾਨ ਦੇ ਕੇ ਧਰਮਾਂ ਦੀ ਵਿਭਿੰਨਤਾ ਕਾਇਮ ਰੱਖੀ ਤੇ ਸੰਤ-ਸਿਪਾਹੀ ਕੌਮ ਪੈਦਾ ਕੀਤੀ। ਜੋ ਆਪਣੇ ਧਰਮ ਦੇ ਅਸੂਲਾਂ ਦੇ ਪਾਬੰਦ ਰਹਿ ਕੇ ਦੂਜਿਆਂ ਦੇ ਧਰਮਾਂ ਦੀ ਰੱਖਿਆ ਦਾ ਵੀ ਸਹਾਰਾ ਬਣੀ ਤੇ ਸਦਾ ਬਣਦੀ ਰਹੇਗੀ। ਆਪ ਨੂੰ ਯਾਦ ਹੋਵੇਗਾ, ਇਹ ਖ਼ਾਲਸਾ ਕੌਮ ਦੇ ਜੰਗਜੂ ਸਿਰਦਾਰ ਹੀ ਸਨ ਜਿਨ੍ਹਾਂ ਨੇ ਹਿੰਦੁਸਤਾਨ ਦਾ ਧਨ-ਪਦਾਰਥ ਲੁੱਟ ਕੇ ਅਤੇ ਬੱਚੇ-ਬੱਚੀਆਂ ਨੂੰ ਬੰਦੀ ਬਣਾ ਕੇ ਗਜਨੀ ਦੇ ਬਜ਼ਾਰਾਂ ਅੰਦਰ ਦੋ-ਦੋ ਦਿਨਾਰਾਂ ਵਿੱਚ ਵੇਚਣ ਵਾਸਤੇ ਲਿਜਾ ਰਹੀ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਪਾਸੋਂ ਬਾਰਾਂ-ਬਾਰਾਂ ਹਜ਼ਾਰ ਲੜਕੀਆਂ ਨੂੰ ਛੁਡਾ ਕੇ ਬੜੀ ਇੱਜ਼ਤ-ਮਾਣ ਨਾਲ ਉਨ੍ਹਾਂ ਦੇ ਘਰੀਂ ਪਹੁੰਚਾਇਆ ਤੇ ਉਨ੍ਹਾਂ ਲੋਕ-ਅਖਾਣਾਂ:-

**ਖਾਧਾ-ਪੀਤਾ ਲਾਹੇ ਦਾ। ਬਾਕੀ ਅਹਿਮਦ ਸਾਹੇ ਦਾ।**

ਨੂੰ ਸਦਾ ਲਈ ਲੋਕਾਂ ਦੇ ਦਿਲ-ਦਿਮਾਗ ਵਿੱਚੋਂ ਕੱਢ ਵਿਖਾਇਆ।

ਇਹ ਸਾਰੇ ਬਖਸ਼ਿਸ਼ਾਂ ਦੇ ਭੰਡਾਰ ਕਲਗੀਧਰ ਜੀ ਦੇ ਹੱਥੋਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ ਤੋਂ ਪ੍ਰਾਪਤ ਹੋਏ। ਇਸ ਲਈ ਇਸ ਪਾਵਨ ਧਰਤੀ ਦਾ ਜਿੰਨਾਂ ਸਤਿਕਾਰ ਕਰੀਏ ਥੋੜ੍ਹਾ ਹੈ ਤੇ ਇਸ ਪਾਵਨ ਧਰਤੀ ਦਾ ਰਿਣ ਚੁਕਾਉਣ ਵਾਸਤੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਖ਼ਾਲਸਾਈ ਰਹਿਣੀ-ਰਹਿਤ ਦੇ ਧਾਰਨੀ ਬਣ, ਆਪਣੇ ਧਰਮ ਦੇ ਦ੍ਰਿੜ ਧਾਰਨੀ ਬਣੀਏ ਤੇ ਸਤਿਗੁਰਾਂ ਦੇ ਬਚਨ:

**ਖ਼ਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥**

ਅਨੁਸਾਰ ਅਕਾਲ ਪੁਰਖ ਦੀ ਫੌਜ ਦੇ ਸੰਤ ਸਿਪਾਹੀ ਬਣ, ਆਪਣੇ ਧਰਮ ਦੀ ਰਖਵਾਲੀ ਕਰੀਏ ਅਤੇ ਨਾਲ ਹੀ ਦੀਨ, ਅਨਾਥ, ਗਰੀਬ ਤੇ ਹੋ ਰਹੇ ਜ਼ੁਲਮਾਂ ਨੂੰ ਠੱਲ ਪਾਉਣ ਲਈ ਗਰੀਬ-ਮਜ਼ਲੂਮ ਦੇ ਪੱਖ ਵਿੱਚ ਖੜਨ ਦੀ ਜ਼ੁਰਅੱਤ ਦੇ ਧਾਰਨੀ ਬਣੀਏ। ਆਪ ਸੁਤੰਤਰ ਜੀਵਨ ਜੀਵੀਏ ਤੇ ਦੂਸਰਿਆਂ ਨੂੰ ਸੁਤੰਤਰ ਜੀਵਨ ਜਿਉਣ ਵਿੱਚ ਰੁਕਾਵਟ ਬਣਨ ਵਾਲਿਆਂ ਵਿਰੁੱਧ ਹਰ ਪ੍ਰਕਾਰ ਨਾਲ ਆਪਣਾ ਯੋਗਦਾਨ ਪਾ ਕੇ ਕਲਗੀਧਰ ਜੀ ਦੇ ਚਲਾਏ ਮਿਸ਼ਨ ਦੇ ਭਾਈਵਾਲ ਬਣ ਕੇ ਗੁਰੂ ਖੁਸ਼ੀ ਪ੍ਰਾਪਤ ਕਰੀਏ। ਤਦ ਹੀ ਸਾਡੀ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਥਾਪਨਾ ਵਰ੍ਹੇ ਗੰਢ ਮਨਾਈ ਸਫਲੀ ਹੋਵੇਗੀ।

# ੪
# ਜਾਤ-ਪਾਤ ਦਾ ਖਾਤਮਾ ਕਰਕੇ ਨੀਚਹ ਊਚ ਕਰਨ ਵਾਲੀ ਧਰਤ ਅਨੰਦਪੁਰ ਦੀ

ਹਿੰਦੋਸਤਾਨੀ ਪਰਜਾ ਦੀ ਬਦਕਿਸਮਤੀ, ਜੋ ਮੰਨੂ ਨੇ ਜਾਤ-ਪਾਤ, ਵਰਣ-ਵੰਡ ਦਾ ਜੂਲਾ ਪਰਜਾ ਉੱਪਰ ਰੱਖ ਦਿੱਤਾ। ਪਰਜਾ ਨੇ ਵੀ ਉਸ ਨੂੰ ਇਲਾਹੀ ਹੁਕਮ ਜਾਣ ਕੇ ਪ੍ਰਵਾਨ ਕਰ ਲਿਆ ਤੇ ਸਮੇਂ ਦੀਆਂ ਪਰਤਾਂ ਨੇ ਜਾਤ-ਪਾਤ, ਵਰਣ-ਵੰਡ ਦੀਆਂ ਜੰਜ਼ੀਰਾਂ ਇੰਨੀਆਂ ਕੱਸ ਦਿੱਤੀਆਂ ਕਿ ਜਾਤ-ਪਾਤ, ਵਰਣ-ਵੰਡ ਦੀਆਂ ਪੀਡੀਆਂ ਗੰਢਾਂ ਵਿੱਚੋਂ ਭਾਰਤ ਵਰਸ਼ ਦੀ ਜਨਤਾ ਨੂੰ ਨਿਕਲਣਾ (ਛੁਟਕਾਰਾ ਪਾਉਣਾ) ਨਾ-ਮੁੰਮਕਿਨ ਹੋ ਗਿਆ। ਇਸ ਵਰਣ-ਵੰਡ ਵਿੱਚ ਬ੍ਰਾਹਮਣ ਦੀ ਤਾਂ ਸਿਰਦਾਰੀ ਚਲ ਰਹੀ ਸੀ ਪਰ ਆਮ ਜਨਤਾ ਇਸ ਵਰਣ-ਵੰਡ ਤੇ ਜਾਤ-ਪਾਤ ਦੀ ਚੱਕੀ ਵਿੱਚ ਪਿਸ ਰਹੀ ਸੀ। ਇਸ ਵਰਣ-ਵੰਡ ਤੇ ਜਾਤ-ਪਾਤ ਨੇ ਦੇਸ਼ ਵਿੱਚ ਇੰਨੀਆਂ ਵੰਡੀਆਂ ਪਾ ਦਿੱਤੀਆਂ ਸਨ ਕਿ "ਨੌ ਪੂਰਬੀਏ ਬਾਰਾਂ ਚੁਲ੍ਹੇ" ਦੀ ਅਖਾਣ ਇੰਨ-ਬਿੰਨ ਹਰ ਪਿੰਡ, ਹਰ ਘਰ ਵਿੱਚ ਵਰਤ ਰਹੀ ਸੀ।

"ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ" ਪੁਸਤਕ ਦੇ ਲਿਖਾਰੀ ਲਾਲਾ ਦੌਲਤ ਰਾਏ ਜੀ ਲਿਖਦੇ ਹਨ ਕਿ ਸ਼ਾਕਤ ਮੱਤ ਵਾਲੇ ਬੇਰਹਿਮੀ-ਬਦਇਖਲਾਕੀ ਅਤੇ ਅਪਵਿੱਤ੍ਰਤਾ ਫੈਲਾਉਣ ਵਿੱਚ ਲੱਗੇ ਹੋਏ ਸਨ। ਸ਼ੈਵ ਮਤ ਵਾਲੇ ਚਰਸ, ਗਾਂਜਾ, ਭੰਗ, ਅਫ਼ੀਮ, ਸ਼ਰਾਬ ਪੀ ਕੇ ਦਿਨ-ਰਾਤ ਮਦਹੋਸ਼ੀ ਵਿੱਚ ਦਿਨ ਕੱਟੀ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਹੋਰ ਅਨੇਕਾਂ ਫ਼ਿਰਕੇ ਸਨ ਜੋ ਇੱਕ-ਦੂਜੇ ਦੀ ਵਿਰੋਧਤਾ ਤੋਂ ਸਿਵਾ ਕੁਝ ਵੀ ਨਹੀਂ ਕਰਦੇ ਸਨ। ਹਿੰਦੂ ਕੌਮ ਦੇ ਦਿਲ ਦਿਮਾਗ ਵੀ ਆਪਣੇ ਨਹੀਂ ਸਨ ਰਹੇ। ਇੱਕ ਦੂਜੇ ਨਾਲ ਲੜਨ ਤੇ ਖਹਿਬੜਨ ਤੋਂ ਸਿਵਾ ਉਹ ਹੋਰ ਕੁਝ ਜਾਣਦੇ ਹੀ ਨਹੀਂ ਸਨ। ਪਰਮਾਤਮਾਂ ਦੀ ਪੂਜਾ ਦਾ ਤਿਆਗ ਕਰਕੇ ਲੋਕ ਪਸ਼ੂਆਂ ਤੇ ਪ੍ਰਕਿਰਤੀ ਦੀ ਪੂਜਾ ਵਿੱਚ ਗ੍ਰਸੇ ਹੋਏ ਸਨ। ਦੀਨ ਤੇ ਦੁਨੀਆਂ ਦੋਹਾਂ ਤੋਂ ਘੁੱਥੇ ਤੇ ਕੁਰਾਹੇ ਪਏ ਹੋਏ ਸਨ। ਰਸਮਾਂ, ਭਰਮਾਂ, ਵਹਿਮਾਂ ਦੇ ਜਾਲ ਵਿੱਚ ਜਕੜੇ ਹੋਏ ਸਨ। ਇੱਕ ਦੂਜੇ ਦੇ ਭਲੇ ਦਾ ਉਨ੍ਹਾਂ ਦੇ ਮਨ ਵਿੱਚ ਰੰਚਕ ਮਾਤਰ ਵੀ ਵਿਚਾਰ ਜਾਂ ਫੁਰਨਾ ਨਹੀਂ ਸੀ। ਐਸੀ ਹਾਲਤ ਵਿੱਚ ਉਨ੍ਹਾਂ ਦਾ ਧਾਰਮਿਕ ਤੇ ਸਮਾਜੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਆਪਸ ਵਿੱਚ ਮਿਲਵਰਤਣ ਲਈ ਸੁਪਨਾ ਲੈਣਾ ਵੀ ਅਨਹੋਣੀ ਜਿਹੀ ਗੱਲ ਸੀ। ਸਾਰਾ ਦੇਸ਼ ਜਾਤ-ਵਰਣ ਵੰਡ ਵਿੱਚ ਵੰਡਿਆ ਹੋਇਆ ਸੀ। ਉਹ ਇੱਕ ਪਰਮਾਤਮਾ ਦੀ ਹੋਂਦ ਹਸਤੀ ਤੇ ਪੂਜਾ ਤੋਂ ਕੋਹਾਂ ਦੂਰ ਭਟਕ ਰਹੇ ਸਨ। ਵੱਖ-ਵੱਖ ਦੇਵਤਿਆਂ, ਅਵਤਾਰਾਂ, ਬੁੱਤ

ਪੂਜਾ, ਮਨੁੱਖ ਪੂਜਾ ਤੇ ਪਸ਼ੂ ਪੂਜਾ ਦੇ ਅਡੰਬਰ ਦਾ ਸ਼ਿਕਾਰ ਹੋ ਚੁੱਕੇ ਸਨ। ਵਿੱਦਿਆ ਤੋਂ ਉੱਕਾ ਹੀ ਕੋਰੇ ਸਨ। ਬ੍ਰਾਹਮਣ, ਜੋਕਾਂ ਵਾਂਗ ਲੋਕਾਈ ਦਾ ਖ਼ੂਨ ਚੂਸ ਰਹੇ ਸਨ। ਕੌਮ ਅੰਧਕਾਰ ਵਿੱਚ ਗਰਕ ਰਹੀ ਸੀ। ਨਾ ਤਾਂ ਉਨ੍ਹਾਂ ਨੂੰ ਆਪਣੇ ਆਪ ਤੇ ਅਤੇ ਨਾ ਹੀ ਧਰਮ ਤੇ ਵਿਸ਼ਵਾਸ਼ ਸੀ। ਜਿਸ ਕਾਰਣ ਉਹ ਨਫ਼ਰਤ ਦਾ ਸ਼ਿਕਾਰ ਬਣ ਚੁੱਕੇ ਸਨ। ਨਾ ਉਨ੍ਹਾਂ ਦਾ ਏਕਾ ਕਿਸੇ ਰਸਮ ਰਿਵਾਜ਼ ਵਿੱਚ, ਨਾ ਖਾਣ ਵਿੱਚ, ਨਾ ਰਹਿਣ-ਸਹਿਣ ਵਿੱਚ, ਨਾ ਰਾਜ-ਕਾਜ ਵਿੱਚ ਕੋਈ ਸਾਂਝੀ ਸੋਚ ਸੀ। ਮੁੱਕਦੀ ਗੱਲ ਕਿ ਕਿਸੇ ਪੱਖ ਵਿੱਚ ਵੀ ਉਨ੍ਹਾਂ ਦੀ ਸਾਂਝ-ਪਿਆਰ ਨਹੀਂ ਸੀ। ਇੱਕ ਦੂਸਰੇ ਨਾਲ ਮੇਲ ਮਿਲਾਪ ਉੱਕਾ ਹੀ ਨਹੀਂ ਸੀ। ਏਕਤਾ ਦੀ ਗੱਲ ਤਾਂ ਦੂਰ ਦੀ ਸੀ। ਸਾਰੀ ਹਿੰਦਵਾਇਣ ਉੱਪਰ ਲਿਖੇ ਕਾਰਣਾਂ ਕਾਰਣ ਬਲ-ਹੀਣ, ਗੈਰਤ-ਹੀਣ, ਬੁੱਧ-ਹੀਣ, ਅਣਖ-ਹੀਣ, ਹਿੰਮਤ-ਹੀਣ, ਪਿਆਰ-ਹੀਣ ਅਤੇ ਇਤਫ਼ਾਕ-ਹੀਣ ਹੋ ਚੁੱਕੀ ਸੀ। ਕੋਈ ਗੱਲ ਵੀ ਅਜਿਹੀ ਨਹੀਂ ਸੀ ਦਿਸਦੀ ਜਿਸ ਦੇ ਤੁਫੈਲ ਦੇਸ਼ ਵਾਸੀਆਂ ਨੂੰ ਇਕੱਠਿਆਂ ਕਰਕੇ ਕਿਸੇ ਉਦੇਸ਼ ਲਈ ਇੱਕ ਮੰਚ ਤੇ ਇਕੱਠਾ ਕੀਤਾ ਜਾ ਸਕੇ। ਹਰ ਪਾਸੇ ਹਾਰ ਤੇ ਢਹਿੰਦੀ ਕਲਾ ਦੇ ਚਿੰਨ੍ਹ ਹੀ ਵਿਖਾਈ ਦਿੰਦੇ ਸਨ। ਹਰ ਪਾਸੇ ਹਿੰਦੂ ਜਾਤੀ ਖੁਦਗਰਜ਼ੀ ਦੀ ਨੀਂਦ ਵਿੱਚ ਘੂਕ ਸੁੱਤੀ ਪਈ ਸੀ। ਕਸ਼ੱਤ੍ਰੀ, ਕਸ਼ੱਤ੍ਰੀ ਨਾ ਰਹੇ। ਬ੍ਰਾਹਮਣ, ਦੂਸਰਿਆਂ ਨੂੰ ਮਿਟਾਕੇ ਖ਼ੁਦ ਆਪ ਮਿਟ ਰਹੇ ਸਨ। ਨਾ ਕਿਸੇ ਦੀ ਇੱਜ਼ਤ ਤੇ ਨਾ ਪੱਤ, ਨਾ ਕਿਸੇ ਦੀ ਦੌਲਤ ਤੇ ਨਾ ਹੀ ਜਾਇਦਾਦ, ਹਰ ਪਾਸੇ ਬਦ-ਅਮਨੀ ਹੀ ਬਦ-ਅਮਨੀ ਸੀ। ਹਰ ਸਮੇਂ ਖਤਰੇ ਦੀ ਤਲਵਾਰ ਹਰ ਮਨੁੱਖ ਦੇ ਸਿਰ ਤੇ ਲਟਕੀ ਰਹਿੰਦੀ ਸੀ।

ਦੂਸਰੇ ਪਾਸੇ ਮੁਸਲਮਾਨ ਖੁਦਾ-ਪ੍ਰਸਤ ਸਨ, ਉਨ੍ਹਾਂ ਦਾ ਖਾਣ-ਪਾਨ, ਪਹਿਰਾਨ ਇੱਕ ਸੀ ਤੇ ਨਿਸ਼ਾਨਾ ਵੀ ਇੱਕ ਹੀ ਸੀ ਕਿ ਕਾਫ਼ਰਾਂ ਨੂੰ ਲੁੱਟੋ, ਮਾਰੋ ਤੇ ਜਿਸ ਤਰ੍ਹਾਂ ਵੀ ਹੋ ਸਕੇ, ਕਾਫ਼ਰਾਂ ਨੂੰ ਮੁਹੰਮਦੀ ਕਲਮਾਂ ਪੜਾਉ ਤੇ ਖੁਦਾ ਦੀ ਪ੍ਰਸੰਨਤਾ ਪ੍ਰਾਪਤ ਕਰੋ। ਮੁਹੰਮਦੀ ਕਲਮਾਂ ਪੜ੍ਹਾਉਣ ਤੇ ਮੁਹੰਮਦੀ ਉੱਮਤ ਵਿੱਚ ਵਾਧਾ ਕਰਨ ਨੂੰ ਉਹ [੧]ਸਬਾਬ ਦਾ ਕੰਮ ਸਮਝ ਕੇ ਕਰਦੇ ਸਨ। ਇਸ ਲਈ ਹਿੰਦੁਸਤਾਨੀ, ਤੁਰਕਾਂ ਦਾ ਮੁਕਾਬਲਾ ਨਾ ਕਰ ਸਕਦੇ ਸਨ ਤੇ ਨਾ ਹੀ ਕਰ ਸਕੇ। *(ਸਾਹਿਬੇ ਕਮਾਲ ਵਿੱਚੋਂ)*

ਇਸ ਸਾਰੇ ਵਿਤਕਰੇ ਦੀ ਜੜ੍ਹ ਜਾਤ-ਪਾਤ ਅਤੇ ਵਰਣ-ਵੰਡ ਨੂੰ ਦੂਰ ਕਰਨ ਵਾਸਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਉਪਦੇਸ਼ ਵੀ ਦਿੱਤਾ, ਉੱਦਮ ਵੀ ਅਰੰਭਿਆ ਤੇ ਆਪਣੇ ਜੀਵਨ ਵਿੱਚ ਪ੍ਰੈਕਟੀਕਲ ਕਰਕੇ ਵੀ ਦਰਸਾਇਆ ਤੇ ਲੁਕਾਈ ਨੂੰ ਦੁਹਾਈ ਦੇ ਕੇ ਕਿਹਾ ਕਿ ਪਰਮਾਤਮਾ ਨੇ ਸਾਰੇ ਬੰਦੇ ਪੰਜਾਂ ਤੱਤਾਂ ਦੇ ਬਣਾਏ ਹਨ। ਹਰ ਅੰਗ ਦੀ ਬਣਤਰ ਜਿਹੋ ਜਿਹੀ ਬ੍ਰਾਹਮਣ ਦੀ ਹੈ ਉਹੋ ਜਿਹੀ ਖੜ੍ਹੀ, ਵੈਸ਼ ਤੇ ਸ਼ੂਦਰ ਦੀ ਹੈ। ਇਹ ਨਹੀਂ ਕਿ ਬ੍ਰਾਹਮਣ ਦੀਆਂ ਪੰਜ ਉਂਗਲਾਂ, ਖੱਤਰੀ ਦੀਆਂ ਚਾਰ, ਵੈਸ਼ ਦੀਆਂ ਤਿੰਨ ਤੇ ਸ਼ੂਦਰ ਨੂੰ ਪਰਮਾਤਮਾਂ ਨੇ ਦੋ ਉਂਗਲਾਂ ਦਿੱਤੀਆਂ ਹਨ।

੧. ਨੇਕੀ-ਭਲਾਈ ਦਾ ਕੰਮ

ਨਹੀਂ, ਪਰਮਾਤਮਾਂ ਨੇ ਸਭ ਨੂੰ ਇੱਕੋ ਜਿਹੇ ਨੈਣ-ਨਕਸ਼ ਬਖਸ਼ਿਸ਼ ਕੀਤੇ ਹਨ। ਵਰਣ-ਵੰਡ, ਜਾਤ-ਵੰਡ, ਸ਼ਰਾਰਤੀ ਦਿਮਾਗ ਦੀ ਕਾਢ ਹੈ, ਜੋ ਲੋਕਾਂ ਨੂੰ ਵੰਡੀਆਂ ਵਿੱਚ ਵੰਡ ਕੇ ਆਪ ਲਾਭ ਉਠਾ ਰਿਹਾ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਤਾਂ ਲੁਕਾਈ ਨੂੰ ਪੁਕਾਰ ਕੇ ਕਿਹਾ ਕਿ ਲੋਕੋ! ਆਪਣੀ ਜਾਤ ਦਾ ਤੇ ਨਾਮ ਦਾ ਹੰਕਾਰ ਕਰਨਾ ਬੇ-ਮਾਅਨਾ ਤੇ ਫਜ਼ੂਲ ਹੈ। ਸਾਰਿਆਂ ਦਾ ਇੱਕ ਪਰਮਾਤਮਾ ਹੀ ਆਸਰਾ ਬਣ ਕੇ ਵਿਚਰ ਰਿਹਾ ਹੈ:-

**ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥**

ਮ:੧, ਅੰਗ ੮੩

ਹੇ ਭਾਈ! ਸਾਰਿਆਂ ਵਿੱਚ ਇੱਕ ਪ੍ਰਭੂ ਦੀ ਜੋਤ ਨੂੰ ਜਾਣੋ। ਕਿਸੇ ਦੀ ਜਾਤ ਪਾਤ ਪੁੱਛਣੀ ਫਜ਼ੂਲ ਹੈ। ਪ੍ਰਭੂ ਦਰਗਾਹ ਵਿੱਚ ਜਾਤ ਵਰਣ ਦੀ ਕੋਈ ਪੁੱਛ ਨਹੀਂ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਸਾ ਰਾਗ ਅੰਦਰ ਫੁਰਮਾਨ ਕੀਤਾ:-

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥ਰਹਾਉ॥**

ਆਸਾ ਮ: ੧, ਅੰਗ: ੩੪੯

ਸਤਿਗੁਰੂ ਅਮਰਦਾਸ ਜੀ ਨੇ ਲੁਕਾਈ ਨੂੰ ਗੁਰੂ ਨਾਨਕ ਦੇਵ ਜੀ ਦਾ ਉਪਰੋਕਤ ਉਪਦੇਸ਼ ਦ੍ਰਿੜ ਕਰਵਾਉਣ ਲਈ ਉਪਦੇਸ਼ ਕੀਤਾ:

**ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥**<br>
**ਬ੍ਰਹਮੁ[੧] ਬਿੰਦੇ ਸੋ ਬ੍ਰਾਹਮਣੁ ਹੋਈ ॥੧॥**<br>
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**<br>
**ਇਸੁ ਗਰਬ ਤੇ ਚਲਹਿ ਬਹੁਤੁ [੨]ਵਿਕਾਰਾ ॥੧॥ ਰਹਾਉ ॥**

----------

**[੩]ਮਾਟੀ ਏਕ ਸਗਲ ਸੰਸਾਰਾ ॥**<br>
**[੪]ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥** ਭੈਰਉ ਮ:੩, ਅੰਗ:੧੧੨੮

ਜਾਤ-ਪਾਤ, ਵਰਣ-ਵੰਡ ਦੇ ਕੋਹੜ ਨੂੰ ਖਤਮ ਕਰਨ ਵਾਸਤੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਤਾਂ ਸਰਬੱਤ ਸੰਗਤ ਨੂੰ ਹੁਕਮ ਹੀ ਕਰ ਦਿੱਤਾ ਕਿ:

**ਪਹਿਲੇ ਪੰਗਤ ਪਾਛੈ ਸੰਗਤ॥**

ਸ੍ਰੀ ਗੁਰੂ ਰਾਮਦਾਸ ਜੀ ਨੇ ਮਹਾਨ ਬਖਸ਼ਿਸ਼ ਕਰਕੇ ਜਾਤ ਪਾਤ ਦੇ ਭੂਤ ਨੂੰ ਅਲਵਿਦਾ ਕਹਿਣ ਲਈ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕੀਤੀ ਤੇ ਮੋਚੀਆਂ ਨੂੰ ਜਿਨ੍ਹਾਂ ਨੂੰ ਪਿੰਡਾਂ, ਸ਼ਹਿਰਾਂ ਵਿੱਚ ਹਮੇਸ਼ਾਂ ਲਹਿੰਦੇ (ਪੱਛਮ) ਵੱਲ ਵਸੋਂ ਲਈ ਥਾਂ ਦਿੱਤੀ ਜਾਂਦੀ ਸੀ, ਉਨ੍ਹਾਂ ਅਖੌਤੀ ਸ਼ੂਦਰਾਂ ਨੂੰ ਜਿਨ੍ਹਾਂ ਦਾ ਕੰਮ ਮੁਰਦਾਰ ਢੋਣਾ ਅਤੇ ਜੋੜੇ

੧.ਜੋ ਸਾਰਿਆਂ ਵਿੱਚ ਬ੍ਰਹਮ ਨੂੰ ਵੇਖਦਾ ਹੈ। ੨. ਵਿਕਾਰ, ਵਿਗਾੜ। ੩. ਸਾਰਾ ਸੰਸਾਰ ਪੰਜ ਤੱਤਾਂ ਦੀ ਮਿੱਟੀ ਤੋਂ ਬਣਿਆ ਹੈ। ੪. ਜਿਵੇਂ ਘੁਮਿਆਰ ਇੱਕੋ ਮਿੱਟੀ ਤੋਂ ਅਨੇਕ ਤਰ੍ਹਾਂ ਦੇ ਬਰਤਨ ਤਿਆਰ ਕਰ ਦਿੰਦਾ ਹੈ।

ਗੰਢਣ ਤੇ ਬਨਾਉਣ ਦਾ ਕਿੱਤਾ ਸੀ, ਸ੍ਰੀ ਹਰਿਮੰਦਰ ਸਾਹਿਬ ਦੇ ਨਾਲ ਚੜ੍ਹਦੇ ਪਾਸੇ ਥਾਂ ਦੇ ਕੇ ਉਸ ਦਾ ਨਾਉਂ ਮੋਚੀ ਬਜ਼ਾਰ ਰੱਖਿਆ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੇ ਅੰਮ੍ਰਿਤ ਸਰੋਵਰ ਨੂੰ ਪੱਕਿਆਂ ਕਰਨ ਦਾ ਕੰਮ ਪੂਰਾ ਕੀਤਾ। ਹਰਿਮੰਦਰ ਸਾਹਿਬ ਵਿੱਚ ਬਿਨਾਂ ਜਾਤ-ਪਾਤ, ਵਰਣ-ਵੰਡ ਤੋਂ ਹਰ ਮਨੁੱਖ ਸ਼ਬਦ-ਗੁਰੂ ਨੂੰ ਮੱਥਾ ਟੇਕ ਕੇ ਅੰਮ੍ਰਿਤ ਸਰੋਵਰ ਵਿੱਚ ਇੱਕੋ ਥਾਂ ਇਸ਼ਨਾਨ ਕਰ ਸਕਦਾ ਹੈ ਤੇ ਬੰਦਗੀ ਕਰ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਮਜ਼ਹਬਾਂ ਦੇ ਝਗੜੇ ਤੋਂ ਉੱਪਰ ਉੱਠ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਮੇਂ ਦੇ ਪੁੱਗੇ ਹੋਏ ਮੁਸਲਮਾਨ ਫ਼ਕੀਰ, ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਚਾਰ ਇੱਟਾਂ ਰੱਖਣ ਤੋਂ ਬਾਅਦ ਸਾਂਈਂ ਨੇ ਪੰਜਵੀਂ ਇੱਟ ਚੌਹਾਂ ਇੱਟਾਂ ਦੇ ਵਿਚਕਾਰ ਰੱਖੀ। ਸਤਿਗੁਰੂ ਅਰਜਨ ਦੇਵ ਜੀ ਨੇ ਸਾਂਈਂ ਜੀ ਨੂੰ ਪੁੱਛਿਆ ਕਿ ਇਹ ਪੰਜਵੀਂ ਇੱਟ ਤੁਸੀਂ ਕਿਸ ਵਾਸਤੇ ਰੱਖੀ ਹੈ? ਸਾਂਈਂ ਮੀਆਂ ਮੀਰ ਜੀ ਨੇ ਕਹਿਆ ਸੀ ਇਹ ਇੱਟ ਮੈਂ ਮੱਕੇ ਦੀ ਰੱਖੀ ਹੈ। ਮੱਕਾ ਤਾਂ ਮੁਸਲਮਾਨਾਂ ਦਾ ਹੈ, ਉੱਥੇ ਕੋਈ ਗੈਰ ਮੁਸਲਮਾਨ ਜਿਆਰਤ ਕਰਨ ਨਹੀਂ ਜਾ ਸਕਦਾ। ਇਹ ਧਰਮ ਅਸਥਾਨ ਮੱਕੇ ਨਾਲੋਂ ਵੀ ਸ੍ਰੇਸ਼ਟ ਹੋਵੇਗਾ। ਜਿੱਥੇ ਹਰ ਜਾਤੀ, ਹਰ ਵਰਣ ਤੇ ਹਰ ਮਜ਼ਹਬ ਦਾ ਮਨੁੱਖ ਆਤਮਾਂ ਦੀ ਸ਼ਾਂਤੀ ਪ੍ਰਾਪਤ ਕਰਨ ਤੇ ਰੱਬ ਦੀ ਬੰਦਗੀ ਕਰਨ ਲਈ ਬਿਨਾਂ ਕਿਸੇ ਪੁੱਛ ਗਿੱਛ ਤੋਂ ਜ਼ਿਆਰਤ ਕਰ ਸਕੇਗਾ।

ਛੇਵੇਂ ਪਾਤਸ਼ਾਹ ਜੀ ਦੇ ਸਮੇਂ ਉਨ੍ਹਾਂ ਦੀ ਫੌਜ ਵਿੱਚ ਅਤੇ ਸੇਵਾਦਾਰਾਂ ਵਿੱਚ ਹਰ ਵਰਣ ਤੇ ਹਰ ਜਾਤ ਦਾ ਮਨੁੱਖ ਸੇਵਕ ਭਾਵ ਵਿੱਚ ਵਿੱਚਰਦਾ ਸੀ। ਸੱਤਵੇਂ ਅਤੇ ਅੱਠਵੇਂ ਪਾਤਸ਼ਾਹ ਜੀ ਨੇ ਵੀ ਬਿਨਾਂ ਜਾਤ-ਪਾਤ ਪੁੱਛੇ ਸਾਰਿਆਂ ਨੂੰ ਆਪਣੇ ਦਰਬਾਰ ਵਿੱਚ ਥਾਂ ਦਿੱਤੀ। ਨੌਵੇਂ ਸਤਿਗੁਰੂ ਜੀ ਨੇ ਪਰ-ਹਿਤ ਲਈ ਜਿਸ ਧਰਮ ਦੇ ਨਾ ਆਪ ਜੀ ਧਾਰਨੀ ਸਨ ਤੇ ਨਾ ਹੀ ਤਿਲਕ ਜੰਞੂ ਪਹਿਨਦੇ ਸਨ। ਪਰਾਏ ਧਰਮ ਤੇ ਉਨ੍ਹਾਂ ਦੇ ਧਰਮ ਚਿੰਨ੍ਹਾਂ ਦੀ ਰਖਵਾਲੀ ਕਰਨ ਹਿਤ ਆਪਣਾ ਬਲੀਦਾਨ ਦੇ ਕੇ ਇਤੀ ਕਰ ਦਿੱਤੀ।

ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਜਦੋਂ ਸੀਸ ਭੇਟਾ ਮੰਗੀ ਉਸ ਵਿੱਚ ਖੱਤ੍ਰੀ, ਨਾਈ, ਝੀਵਰ, ਛੀਂਬੇ ਤੇ ਜੱਟਾਂ ਨੇ ਸੀਸ ਭੇਟ ਕੀਤੇ। ਵਰਣ-ਵੰਡ ਤੇ ਜਾਤ-ਪਾਤ ਦਾ ਜੂਲਾ ਲੁਕਾਈ ਉੱਪਰ ਰੱਖਣ ਵਾਲਾ ਬ੍ਰਾਹਮਣ ਖਿਸਕ ਗਿਆ ਅਤੇ ਇਸ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ। ਸਤਿਗੁਰੂ ਜੀ ਨੇ ਸਿਰ ਨਿਛਾਵਰ ਕਰਨ ਵਾਲੇ ਵੱਖ-ਵੱਖ ਜਾਤੀ ਦੇ ਇਨਸਾਨਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ। ਉਸੇ ਬਾਟੇ ਵਿੱਚੋਂ ਪੰਜ ਵਾਰੀ ਚੂਲਾ ਛਕਾ ਕੇ, ਪੰਜ ਵਾਰੀ ਸੀਸ ਵਿੱਚ ਤੇ ਪੰਜ ਵਾਰ ਹੀ ਨੇਤ੍ਰਾਂ ਵਿੱਚ ਅੰਮ੍ਰਿਤ ਪਾ ਕੇ ਪੰਜਾਂ ਦੀ ਸੋਚ ਤੇ ਦ੍ਰਿਸ਼ਟੀ ਨੂੰ ਪਵਿੱਤ੍ਰ ਕਰ ਦਿੱਤਾ। ਪੰਜਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਨ ਤੋਂ ਬਾਅਦ ਆਪ ਖੁਦ

ਕਲਗੀਧਰ ਜੀ ਨੇ ਪੰਜਾਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਜਾਤ-ਪਾਤ ਦੇ ਭੂਤ ਨੂੰ ਸਦਾ ਦੀ ਨੀਂਦਰੇ ਸੁਆਲ ਦਿੱਤਾ। ਅੰਮ੍ਰਿਤ ਛਕਣ ਵਾਲੇ ਹਰ ਖ਼ਾਲਸੇ ਨੂੰ ਹੁਕਮ ਕੀਤਾ ਜੋ ਹੁਕਮ ਅੰਮ੍ਰਿਤ ਅਭਿਲਾਖੀਆਂ ਨੂੰ ਅੱਜ ਵੀ ਪੰਜ ਪਿਆਰੇ ਕਰਦੇ ਹਨ ਕਿ ਅੱਜ ਤੋਂ ਲੈ ਕੇ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ, ਜਨਮ ਕੇਸਗੜ੍ਹ ਸਾਹਿਬ ਦਾ, ਵਾਸੀ ਤੁਹਾਡੀ ਅਨੰਦਪੁਰ ਦੀ ਤੇ ਵੰਸ ਤੁਹਾਡਾ ਸੋਢੀ ਹੋਇਆ। ਸਤਿਗੁਰੂ ਜੀ ਨੇ ਸਾਰੀ ਲੋਕਾਈ ਜੋ ਖ਼ਾਲਸਾ ਸੱਜਦੀ ਹੈ ਨੂੰ, "**ਏਕੁ ਪਿਤਾ ਏਕਸ ਕੇ ਹਮ ਬਾਰਿਕ**" ਬਣਾ ਕੇ ਸਦਾ ਵਾਸਤੇ ਵਰਣ-ਵੰਡ, ਗੋਤ-ਵੰਡ, ਜਾਤ-ਵੰਡ ਨੂੰ ਖਤਮ ਕਰ ਦਿੱਤਾ ਤੇ ਆਪਣੇ ਜੀਵਨ ਕਾਲ ਵਿੱਚ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਭਾਈ ਜੈਤਾ ਜੀ, ਮੰਜ਼ਲਾਂ ਮਾਰਦੇ ਚੌਥੇ ਦਿਨ ਸ੍ਰੀ ਅਨੰਦਪੁਰ ਸਾਹਿਬ ਪੁੱਜੇ, ਕਲਗੀਧਰ ਜੀ ਨੇ ਬੜੇ ਪਿਆਰ ਨਾਲ ਪਿਤਾ ਗੁਰਦੇਵ ਜੀ ਦਾ ਸੀਸ ਚੌਕੀ ਉੱਪਰ ਦੁਸ਼ਾਲਾ ਸਜਾ ਕੇ ਰੱਖਿਆ ਅਤੇ ਭਾਈ ਜੈਤਾ ਜੀ ਨੂੰ ਗਲਵਕੜੀ ਪਾ ਛਾਤੀ ਨਾਲ ਲਾ ਕੇ ਵਰ ਦਿੱਤਾ "[੧]**ਰੰਘਰੇਟੇ ਗੁਰੂ ਕੇ ਬੇਟੇ**" ਸਤਿਗੁਰੂ ਜੀ ਨੇ ਤਾਂ ਅਜਿਹੇ ਪੂਰਨੇ ਵਾਹੇ ਜਿਸ ਦੀ ਮਿਸਾਲ ਕਿਤੇ ਦੁਨੀਆਂ ਅੰਦਰ ਹੋਰ ਕਿਧਰੇ ਨਹੀਂ ਮਿਲਦੀ। ਚਮਕੌਰ ਦੀ ਗੜ੍ਹੀ ਛੱਡਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਆਪਣੀ [੨]ਜਿਗ੍ਹਾ-ਕਲਗੀ ਪਹਿਨਾ ਕੇ ਬਚਨ ਕੀਤਾ, "**ਅਜ ਤੋਂ ਖ਼ਾਲਸਾ ਗੁਰੂ, ਗੁਰੂ ਖ਼ਾਲਸਾ ਹੋਇਆ**" ਕਿੰਨੀ ਦਲੇਰੀ ਦ੍ਰਿੜਤਾ ਤੇ ਸਾਹਸ ਨਾਲ ਸਤਿਗੁਰੂ ਜੀ ਨੇ ਜਾਤ-ਪਾਤ, ਵਰਣ-ਵੰਡ ਦੀਆਂ ਪੀਡੀਆਂ ਗੰਢਾਂ ਤੋੜੀਆਂ, ਜਿਸ ਦੀ ਮਿਸਾਲ ਕਿਸੇ ਦੇਸ਼ ਦੇ ਕਿਸੇ ਕੋਨੇ ਵਿੱਚ ਨਹੀਂ ਮਿਲਦੀ। "**ਨੀਚਹ ਊਚ ਕਰੈ ਮੇਰਾ ਗੋਬਿੰਦੁ**" ਦੀਆਂ ਇਹ ਸਾਰੀਆਂ ਬਖਸ਼ਿਸ਼ਾਂ ਕਲਗੀਧਰ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਲੁਕਾਈ ਦੀ ਝੋਲੀ ਵਿੱਚ ਪਾਈਆਂ। ਇਸ ਲਈ ਹਰ ਮਨੁੱਖ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਦਾ ਰੋਮ ਰੋਮ ਕਰਕੇ ਰਿਣੀ ਹੈ। ਇਸ ਰਿਣ ਨੂੰ ਚੁਕਾਉਣ ਦਾ ਕੇਵਲ ਇੱਕੋ ਤਰੀਕਾ ਹੈ ਕਿ ਜੋ ਸਤਿਗੁਰੂ ਜੀ ਨੇ ਪੂਰਨੇ ਪਾਏ ਹਨ, ਆਪਾਂ ਸਾਰੇ ਤਨੋ-ਮਨੋ ਉਹਨਾਂ ਪਗ ਚਿੰਨ੍ਹਾਂ ਉੱਪਰ ਤੁਰੀਏ ਤੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਉਪਕਾਰਾਂ ਨੂੰ ਯਾਦ ਕਰਕੇ [੩]**ਅਨੰਦਪੁਰ ਦੇ ਵਾਸੀ** ਬਣ ਕੇ ਗੁਰੂ ਖ਼ੁਸ਼ੀ ਨੂੰ ਪ੍ਰਾਪਤ ਕਰੀਏ ਅਤੇ ਗੁਰੂ ਚਾਲੀ ਉੱਪਰ ਚੱਲਕੇ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਕਰੀਏ। ਮੁੜ ਜਾਤ-ਪਾਤ, ਵਰਣ-ਵੰਡ ਦੀ ਜਿੱਲ੍ਹਣ ਵਿੱਚ ਨਾ ਫਸੀਏ ਤੇ ਕਲਗੀਧਰ ਜੀ ਦੇ ਮਹਾਂਵਾਕ "**ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ**" ਨੂੰ

---

੧. ਰੰਘੜ (ਬਾਲਮੀਕ) ਬਰਾਦਰੀ 'ਚੋਂ ਅੰਮ੍ਰਿਤ ਛਕ ਕੇ ਸਜਿਆ ਸਿੰਘ। ੨. ਰਾਜੇ-ਮਹਾਰਾਜਿਆਂ ਦੇ ਸਿਰ ਦਾ ਗਹਿਣਾ। ੩. ਅੰਮ੍ਰਿਤ ਪਾਨ ਕਰਕੇ

ਆਪਣਾ ਜੀਵਨ ਅਧਾਰ ਬਣਾਈਏ। ਤਦ ਹੀ ਸਾਡਾ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਤਿੰਨ ਸੌ ਪੰਜਾਹਵਾਂ ਸਥਾਪਨਾ ਦਿਵਸ ਮਨਾਉਣਾ ਸਫ਼ਲ ਹੈ।

ਪਰ ਅੱਜ ਵੇਖਣ ਵਿੱਚ ਆ ਰਿਹਾ ਹੈ ਜਿਸ ਜਾਤ-ਪਾਤ ਦੇ ਚਿੱਕੜ 'ਚੋਂ ਕੱਢ ਕੇ ਸਤਿਗੁਰੂ ਜੀ ਨੇ ਹਰ ਮਨੁੱਖ ਨੂੰ ਮਨੁੱਖ ਦਾ ਭਰਾ ਬਣਾਇਆ ਸੀ, ਅੱਜ ਆਪਾਂ ਸਤਿਗੁਰਾਂ ਦੇ ਉਪਦੇਸ਼ ਨੂੰ ਭੁੱਲ ਕੇ ਮੁੜ ਜਾਤ-ਪਾਤ, ਵਰਣ-ਵੰਡ ਦੀਆਂ ਪੀਡੀਆਂ ਗੰਢਾਂ ਵਿੱਚ ਜਕੜੇ ਜਾ ਰਹੇ ਹਾਂ। ਗੁਰਦੁਆਰਿਆਂ ਦੇ ਨਾਉਂ ਵੀ ਆਪਾਂ ਜਾਤਾਂ, ਬਿਰਾਦਰੀਆਂ ਤੇ ਰੱਖ ਕੇ ਗੁਰੂ ਘਰਾਂ ਨੂੰ ਵੀ ਨਹੀਂ ਬਖਸ਼ਿਆ। ਅੱਜ ਆਪਾਂ ਨੂੰ ਕਲਗੀਧਰ ਜੀ ਦੀ ਦ੍ਰਿਸ਼ਟੀ ਨੂੰ ਆਪਣੀ ਸਿਮ੍ਰਤੀ ਵਿੱਚ ਵਸਾਉਣ ਦੀ ਲੋੜ ਹੈ। ਆਪ ਜੀ ਅਕਾਲ ਉਸਤਤ ਵਿੱਚ ਫੁਰਮਾਨ ਕਰਦੇ ਹਨ:-

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,**
**ਕੋਈ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ[੧]॥**
**ਹਿੰਦੂ ਤੁਰਕ ਕੋਊ ਰਾਫ਼ਜੀ[੨] ਇਮਾਮ[੩] ਸਾਫੀ[੪]॥**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**
**ਕਰਤਾ ਕਰੀਮ[੫] ਸੋਈ ਰਾਜ਼ਕ[੬] ਰਹੀਮ ਓਈ॥**
**ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,**
**ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੧੫॥੮੫॥**

ਕਿੰਨੀ ਵਿਸ਼ਾਲਤਾ ਹੈ ਸਤਿਗੁਰੂ ਜੀ ਦੇ ਹਿਰਦੇ ਵਿੱਚ:-

**ਦੇਹਰਾ[੭] ਮਸੀਤ ਸੋਈ, ਪੂਜਾ ਔ ਨਿਵਾਜ ਓਈ**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ[੮] ਹੈ॥**
**ਦੇਵਤਾ[੯] ਅਦੇਵ[੧੦] ਜੱਛ[੧੧] ਗੰਧ੍ਰਬ[੧੨] ਤੁਰਕ ਹਿੰਦੂ**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥**
**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ[੧੩]**
**ਖਾਕ[੧੪] ਬਾਦ[੧੫] ਆਤਸ਼[੧੬] ਔ ਆਬ[੧੭] ਕੋ ਰਲਾਉ ਹੈ॥**
**ਅਲਹ ਅਭੇਖ[੧੮] ਸੋਈ ਪੁਰਾਨ ਔ ਕੁਰਾਨ ਓਈ**
**ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥੧੬॥੮੬॥**

ਗੁਰੂ ਦ੍ਰਿਸ਼ਟੀ ਨੂੰ ਆਪਣੀ ਸਿੰਮ੍ਰਤੀ ਵਿੱਚ ਵਸਾਉਣ ਦਾ ਜਤਨ ਕਰੀਏ।

---

੧. ਮੰਨਦੇ ਹਨ ੨. ਸ਼ਹੀਆ ਮੁਸਲਮਾਨਾਂ ਦਾ ਇੱਕ ਫਿਰਕਾ ੩. ਨਿਵਾਜ਼ ਪੜਾਉਣ ਵਾਲਾ ਆਗੂ ੪. ਮੁਸਲਮਾਨਾਂ ਦੇ ਵੱਡੇ ਪੀਰ ਦਾ ਲਕਬ (ਦਰਜਾ) ੫. ਕ੍ਰਿਪਾ ਕਰਨ ਵਾਲਾ ੬. ਰੋਜ਼ੀ ਦੇਣ ਵਾਲਾ ੭. ਮੰਦਰ ੮. ਅਨੇਕਤਾ ਦਾ ਭਰਮ ਪੈਂਦਾ। ੯. ਦੇਵਤੇ ੧੦. ਰਾਕਸ਼ (ਦੈਤ) ੧੧. ਦੇਵਤੇ ੧੨. ਸਵਰਗ ਦੇ ਰਾਗੀ ੧੩. ਬੋਲੀ ੧੪. ਮਿੱਟੀ ੧੫. ਪਵਣ ੧੬. ਅਗਨੀ ੧੭. ਪਾਣੀ ੧੮. ਭੇਖ ਤੋਂ ਰਹਿਤ ਪ੍ਰਮਾਤਮਾਂ

# ੫
# ਸਿਰਦਾਰੀਆਂ ਦੀਆਂ ਬਖਸ਼ਿਸ਼ਾਂ ਕਰਨ ਵਾਲੀ ਧਰਤ ਅਨੰਦਪੁਰ ਦੀ

ਮੁਗਲਾਂ ਦੀ ਹਜ਼ਾਰਾਂ ਸਾਲਾਂ ਦੀ ਗੁਲਾਮੀ ਦੀ ਬਦੌਲਤ ਹਿੰਦੋਸਤਾਨੀਆਂ ਦੇ ਦਿਲ, ਦਿਮਾਗ ਤੇ ਜ਼ਮੀਰ ਵਿੱਚੋਂ "ਅਜਾਦੀ ਤੇ ਸਰਦਾਰੀ" ਦਾ ਸੰਕਲਪ ਬਿਲਕੁਲ ਹੀ ਅਲੋਪ ਹੋ ਚੁੱਕਾ ਸੀ। ਹਿੰਦੋਸਤਾਨੀ, ਗੁਲਾਮੀ ਨੂੰ ਆਪਣੀ ਕਿਸਮਤ ਦਾ ਹਿੱਸਾ ਜਾਣ ਕੇ ਭੋਗ ਰਹੇ ਸਨ। ਭੋਗਣ ਵੀ ਕਿਉਂ ਨਾ, ਕਿਉਂਕਿ ਇਨੀ ਵੱਡੀ ਸਲਤਨਤ ਦੇ ਜਬਰਦਸਤ ਪੰਜੇ ਵਿੱਚੋਂ ਨਿਯਾਤ ਪ੍ਰਾਪਤ ਕਰਨੀ ਉਹ ਕਦੀ ਸੋਚ ਵੀ ਨਹੀਂ ਸਕਦੇ ਸਨ। ਦੂਸਰੇ ਸਾਰੇ ਹਿੰਦੁਸਤਾਨ ਦੀ ਪਰਜਾ "ਸ਼ਾਮ, ਦਾਮ, ਦੰਡ, ਭੇਦ" ਦੀ ਪੂਰੀ ਤਰ੍ਹਾਂ ਨਾਲ ਸ਼ਿਕਾਰ ਹੋ ਚੁੱਕੀ ਸੀ। ਇੱਕ ਫਿਰਕੇ ਤੇ ਜ਼ੁਲਮ ਹੁੰਦਾ ਤਾਂ ਦੂਸਰਾ ਫਿਰਕਾ ਉਸ ਫਿਰਕੇ ਲਈ ਹਾਅ ਦਾ ਨਾਅਰਾ ਮਾਰਨ ਜਾਂ ਉਸ ਦੀ ਮਦਦ ਕਰਨ ਦੀ ਥਾਂ ਉਸ ਦੀ ਹੋ ਰਹੀ ਬੇਇੱਜਤੀ ਅਥਵਾ ਜਲੀਲਤਾ ਦਾ ਤਮਾਸ਼ਾ ਵੇਖ ਕੇ ਖੁਸ਼ ਹੁੰਦਾ। ਜਦੋਂ ਦੂਸਰੇ ਫਿਰਕੇ ਦੀ ਵਾਰੀ ਆਉਂਦੀ ਤਾਂ ਪਹਿਲਾ ਫਿਰਕਾ ਮੂਕ ਦਰਸ਼ਕ ਬਣ ਕੇ ਖੁਸ਼ੀ ਮਨਾਉਂਦਾ। ਜ਼ਾਲਮ ਹਾਕਮਾਂ ਨੇ ਮੁੱਠ ਭਰ ਦਾਹੜੀ ਰੱਖਣ ਦਾ ਹੁਕਮ ਜਾਰੀ ਕਰ ਛੱਡਿਆ ਸੀ। ਜਿਸ ਦੀ ਦਾਹੜੀ ਲੰਮੀ ਹੁੰਦੀ, ਕਾਜ਼ੀ ਮੁਲਾਣੇ ਕੈਂਚੀ ਨਾਲ ਉਸ ਦੀ ਬਜ਼ਾਰ ਵਿੱਚ ਸ਼ਰੇਆਮ ਦਾਹੜੀ ਕੱਟ ਕੇ ਉਸ ਨੂੰ ਬੇ-ਪੱਤ ਕਰਦੇ। ਸਿਰ ਦੇ ਕੇਸਾਂ ਦੀ ਸੰਭਾਲ ਲਈ ਕੋਈ ਸਿਰ ਤੇ ਪਗੜੀ ਨਹੀਂ ਬੰਨ ਸਕਦਾ ਸੀ। ਸਤਿਗੁਰੂ ਜੀ ਹਿੰਦੋਸਤਾਨ ਦੀ ਅਜਿਹੀ ਅਧੋਗਤੀ ਨੂੰ ਵੇਖ ਰਹੇ ਸਨ ਤੇ ਇਸ ਦਾ ਹੱਲ ਕੱਢਣ ਦੀ ਸੋਚ ਵਿੱਚ ਦਿਨ ਰਾਤ ਵਿਉਂਤਾਂ ਬਣਾ ਰਹੇ ਸਨ।

ਗੁਲਾਮੀ ਦੀਆਂ ਪੀਡੀਆਂ ਜ਼ੰਜ਼ੀਰਾਂ ਨੂੰ ਕੱਟਣ ਦੀ ਵਿਉਂਤ ਅਧੀਨ ਹੀ ਸਤਿਗੁਰੂ ਜੀ ਨੇ ਰਵਾਲਸਰ ਵਿਖੇ ਬਾਈਧਾਰ ਦੇ ਰਾਜਿਆਂ ਦੇ ਇਕੱਠ ਵਿੱਚ ਪਹਾੜੀ ਰਾਜਿਆਂ ਨੂੰ ਸੰਬੋਧਨ ਕਰ ਪ੍ਰੇਰਨਾ ਦਿੱਤੀ ਕਿ ਪਰਮਾਤਮਾਂ ਨੇ ਤੁਹਾਨੂੰ ਮਾਇਆ ਦੀ ਅਤੇ ਫੌਜਾਂ ਦੀ ਸ਼ਕਤੀ ਪ੍ਰਦਾਨ ਕਰਕੇ ਪਰਜਾ ਦੇ ਰਖਵਾਲੇ ਬਣਾਇਆ ਹੈ। ਤੁਹਾਡੇ ਸਾਹਮਣੇ ਤੁਰਕ, ਹਿੰਦਵਾਇਣ ਪਰਜਾ ਦੀ ਜੋ ਦੁਰਦਸ਼ਾ ਤੇ ਬੇ-ਪੱਤੀ ਕਰ ਰਹੇ ਹਨ, ਤੁਸੀਂ ਆਪਣੀ ਪਰਜਾ ਦੀ ਬੇ-ਪੱਤੀ ਹੁੰਦੀ ਵੇਖ ਕੇ ਮੂਕ-ਦਰਸ਼ਕ ਬਣ, ਆਪਣੀ ਡਿਊਟੀ ਤੋਂ ਕੁਤਾਹੀ ਕਰ ਰਹੇ ਹੋ। ਨਿਤ ਆਏ ਦਿਨ ਪਰਜਾ ਨੂੰ ਤੁਰਕਾਂ ਦੇ ਜ਼ੁਲਮ ਸਹਿਣੇ ਪੈਂਦੇ ਹਨ। ਨਾ ਪਰਜਾ ਦਾ ਮਾਲ, ਨਾ ਇੱਜਤ ਸੁਰੱਖਿਅਤ ਹੈ। ਧਿੰਙੋਜੋਰੀ ਤੁਹਾਡਾ ਧਰਮ ਤਬਦੀਲ ਕੀਤਾ ਜਾ ਰਿਹਾ

ਹੈ। ਤੁਸੀਂ ਅੱਖਾਂ ਮੀਟ ਕੇ ਅਰਧ-ਗੁਲਾਮੀ ਵਾਲਾ ਜੀਵਨ ਬਤੀਤ ਕਰ ਰਹੇ ਹੋ। ਤੁਸੀਂ ਆਪਣੀ ਜ਼ਮੀਰ ਨੂੰ ਜਗਾਉ ਅਤੇ ਸਾਡਾ ਸਾਥ ਦਿਉ, ਆਪਾਂ ਸਾਰੇ ਰਲ ਕੇ ਤੁਰਕ ਰਾਜ ਦਾ ਬੀਜ਼ ਨਾਸ਼ ਕਰ ਦੇਈਏ। ਪਰ ਰਾਜਿਆਂ ਨੇ ਸ਼ਰਤ ਰੱਖੀ ਕਿ ਇਹ ਜੋ ਤੁਸੀਂ ਨੀਵੀਆਂ ਜਾਤਾਂ ਵਾਲਿਆਂ ਨੂੰ ਬਰਾਬਰਤਾ ਦੇ ਕੇ ਵਰਨ ਆਸ਼ਰਮ ਦੇ ਅਸੂਲਾਂ ਨੂੰ ਭੰਗ ਕੀਤਾ ਹੈ, ਇਹ ਸਾਨੂੰ ਚੰਗਾ ਨਹੀ ਲਗਦਾ। ਤੁਸੀਂ ਨੀਵੀਆਂ ਜਾਤਾਂ ਦਾ ਸਾਥ ਛੱਡ ਦੇਵੋ, ਫੇਰ ਅਸੀਂ ਸੋਚ ਸਕਦੇ ਹਾਂ। ਸਤਿਗੁਰੂ ਜੀ ਨੇ ਬਥੇਰਾ ਸਮਝਾਇਆ ਕਿ ਪਰਮਾਤਮਾਂ ਨੇ ਕਿਸੇ ਨੂੰ ਨਾ ਉੱਚਾ ਬਣਾਇਆ ਹੈ ਅਤੇ ਨਾ ਹੀ ਨੀਵਾਂ, ਸਾਰਿਆਂ ਨੂੰ ਪੰਜਾਂ ਤੱਤਾਂ ਨਾਲ ਸਾਜਿਆ ਹੈ। ਸਾਰਿਆਂ ਵਿੱਚ ਇੱਕੋ ਲਹੂ ਚੱਲ ਰਿਹਾ ਹੈ। ਊਚ-ਨੀਚ ਦਾ ਵਿਤਕਰਾ ਮਨੁੱਖ ਦੀ ਕਾਢ ਹੈ ਪਰ ਰਾਜੇ ਆਪਣੀ ਜਿਦ ਤੇ ਅੜੇ ਰਹੇ। ਸਤਿਗੁਰੂ ਜੀ ਨੇ ਬੀਰ ਰਸ ਵਿੱਚ ਆ ਕੇ ਪਹਾੜੀ ਰਾਜਿਆਂ ਨੂੰ ਤਾੜਨਾ ਕੀਤੀ ਕਿ ਜਿਨ੍ਹਾਂ ਲੋਕਾਂ ਨੂੰ ਤੁਸੀਂ ਸ਼ੂਦਰ ਕਹਿ ਦੁਰਕਾਰਦੇ ਹੋ, ਇਹ ਹੀ ਇਕੱਠੇ ਹੋ ਕੇ ਮੁਗਲ ਸਲਤਨਤ ਦੀਆਂ ਜੜ੍ਹਾਂ ਪੁੱਟਣਗੇ। ਤੁਸੀਂ ਦੇਖੋਗੇ ਕਿ ਥੋੜ੍ਹੇ ਚਿਰ ਬਾਅਦ, ਇਹੋ ਜ਼ਾਲਮ ਰਾਜ ਦਾ ਖਾਤਮਾ ਕਰਕੇ "ਸਿਰਦਾਰ" ਅਖਵਾਉਣਗੇ। ਅਜੇ ਵੀ ਵੇਲਾ ਹੈ ਸਾਡਾ ਸਾਥ ਦਿਉ, ਆਪਾਂ ਸਾਰੇ ਰਲ ਕੇ ਹੰਭਲਾ ਮਾਰੀਏ ਤੇ ਦੇਸ਼ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਦੇਈਏ ਪਰ ਰਾਜੇ ਟਸ ਤੋਂ ਮਸ ਨਾ ਹੋਏ। ਤਦੋਂ ਸਤਿਗੁਰੂ ਜੀ ਨੇ ਬਚਨ ਕੀਤੇ, ਯਾਦ ਰੱਖੋ!

**ਇਨਹੀ ਤੇ ਪੰਡਤਿ ਉਪਜਾਊਂ॥ ਕਥਾ ਕਰਨ ਕੀ ਰੀਤ ਚਲਾਊਂ॥**
**ਇਨਹੀ ਤੇ ਰਾਜੇ ਉਪਜਾਊਂ॥ ਰਾਜ ਕਰਨ ਕੀ ਰੀਤ ਚਲਾਊਂ॥**
**ਜਿਨ ਕੀ ਬਰਨ ਗੋਤ ਕੁਲ ਮਾਹੀ॥ ਸਿਰਦਾਰੀ ਨਹ ਭਈ ਕਿਦਾਈ॥**
**ਇਨਹੀ ਕੋ ਸਿਰਦਾਰ ਬਨਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਤਥਾ:-

**ਇਨ ਗ੍ਰੀਬ ਸਿਖਨ ਕੋ ਮੈਂ ਦੇਊ ਪਾਤਸ਼ਾਹੀ॥**
**ਜਿਹ ਯਾਦ ਰਖੇਂ ਹਮਰੀ ਗੁਰਆਈ॥**

ਸਮਾਂ ਆਇਆ, ਸਤਿਗੁਰੂ ਜੀ ਨੇ ਇਹਨਾਂ ਸਿੱਖ ਸਿਰਦਾਰ ਫੌਜਾਂ ਜਿਨ੍ਹਾਂ ਨੂੰ ਸਵਰਨ ਜਾਤੀ ਵਾਲੇ, ਸ਼ੂਦਰ ਕਹਿੰਦੇ ਸਨ, ਨੂੰ ਨਾਲ ਲੈ ਕੇ ਸਤਿਗੁਰੂ ਜੀ ਨੇ ਆਪਣੀ ਕਮਾਨ ਹੇਠ ਚੌਦਾਂ ਜੰਗਾਂ ਲੜੀਆਂ ਤੇ ਸਾਰੀਆਂ ਜੰਗਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਤੇ ਹਜ਼ਾਰਾਂ ਸਾਲਾਂ ਦੀ ਮੁਗਲੀਆ ਸਲਤਨਤ ਦੀਆਂ ਜੜ੍ਹਾਂ ਪੁੱਟ, ਖਾਰੇ ਸਮੁੰਦਰ ਵਿੱਚ ਪਾ ਦਿੱਤੀਆਂ। ਸਤਿਗੁਰੂ ਜੀ ਨੇ ਦੱਖਣ (ਨੰਦੇੜ) ਪੁੱਜ ਕੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਬੰਦਾ ਸਿੰਘ ਨਾਉਂ ਦੇ ਕੇ ਉਸਨੂੰ ਮੁਗਲਾਂ ਦੇ ਜੋਰ ਜ਼ੁਲਮ ਤੇ ਧੱਕੇਸ਼ਾਹੀ ਦੇ ਫਲ ਭੁਗਤਾਉਣ ਲਈ ਪੰਜਾਬ ਭੇਜਿਆ। ਬਾਬਾ

ਬੰਦਾ ਸਿੰਘ ਬਹਾਦਰ ਨੇ ਜਿੱਥੇ ਜ਼ਾਲਮਾਂ ਨੂੰ ਉਨ੍ਹਾਂ ਦੇ ਕੀਤੇ ਪਾਪਾਂ ਦੀ ਸਜਾ ਦਿੱਤੀ ਉੱਥੇ ਸਰਹੰਦ ਫ਼ਤਹਿ ਕਰ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰ ਕੌਰ ਜੀ ਨੂੰ ਵਜ਼ੀਰ ਖਾਨ ਨੇ ਜੋ ਅਤਿ ਤਸੀਹੇ ਦਿੱਤੇ ਸਨ, ਸਾਹਿਬਜ਼ਾਦਿਆਂ ਨੂੰ ਜਿਉਂਦੇ ਜੀਅ ਨੀਹਾਂ ਵਿੱਚ ਚਿਣ ਸ਼ਹੀਦ ਕੀਤਾ ਸੀ, ਦੇ ਚੁਣ ਚੁਣ ਕੇ ਬਦਲੇ ਲਏ। ਵਜ਼ੀਰ ਖਾਨ ਨੂੰ ਬੈਹੜਕਿਆਂ ਦੇ ਪਿੱਛੇ ਬੰਨ ਸਾਰੀ ਸਰਹੰਦ ਵਿੱਚ ਫੇਰ ਸ਼ਾਹੀ ਕਚੈਹਰੀ ਦੇ ਅੱਗੇ ਦਰੱਖਤ ਨਾਲ ਟੰਗਿਆ ਤੇ ਅੱਗ ਨਾਲ ਫੂਕਿਆ। ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਖੰਡਰਾਂ ਦਾ ਰੂਪ ਦੇ ਦਿੱਤਾ। ਇਹ ਉਨ੍ਹਾਂ ਗੁਰੂ ਕੇ ਲਾਲਾਂ ਦਾ ਹੀ ਕਾਰਜ ਸੀ, ਜਿਨ੍ਹਾਂ ਨੂੰ ਰਾਜੇ ਸ਼ੂਦਰ ਕਹਿੰਦੇ ਸਨ। ਇਹਨਾਂ ਸ਼ੂਦਰ ਕਹੇ ਜਾਣ ਵਾਲਿਆਂ ਨੇ ਹੀ ਸਤਿਗੁਰੂ ਜੀ ਪਾਸੋਂ ਸਿਰਦਾਰੀਆਂ ਦੇ ਵਰ ਪ੍ਰਾਪਤ ਕਰਕੇ ਸਿਰਦਾਰੀਆਂ ਕੀਤੀਆਂ। ਅੱਜ ਵੀ ਆਪਾਂ ਵੇਖਦੇ ਹਾਂ ਜਿਸ ਦੇ ਸਿਰ ਉੱਪਰ ਕੇਸ, ਮੂੰਹ ਤੇ ਦਾਹੜੀ ਹੋਵੇ, ਸਿਰ ਉੱਪਰ ਦਸਤਾਰ ਸਜਾਈ ਹੋਵੇ, ਉਸ ਨੂੰ ਪੁੱਛਣਾ ਨਹੀਂ ਪੈਂਦਾ ਕਿ ਤੂੰ ਕੌਣ ਹੈ? ਹਰ ਮਨੁੱਖ ਉਸ ਨੂੰ ਬੇਝਿਜਕ "ਸਿਰਦਾਰ ਜੀ" ਕਹਿ ਕੇ ਬੁਲਾਉਂਦਾ ਹੈ ਤੇ ਆਦਰ ਦਿੰਦਾ ਹੈ। ਕੇਸ, ਦਾਹੜੀ ਅਤੇ ਦਸਤਾਰ ਤੋਂ ਬਿਨਾਂ ਮਨੁੱਖ ਨੂੰ ਵੇਖ ਕੇ ਦੂਸਰਾ ਮਨੁੱਖ ਦੁਚਿੱਤੀ, ਸ਼ਸ਼ੋਪੰਜ ਵਿੱਚ ਪੈ ਜਾਂਦਾ ਹੈ ਕਿ ਮੈਂ ਇਸ ਨੂੰ ਸ਼ਰਮਾ-ਵਰਮਾ ਜਾਂ ਬਾਬੂ ਜੀ ਕਹਾਂ ਜਾਂ ਚੌਧਰੀ ਆਖਾਂ। ਜੇ ਉਹ ਹੋਇਆ ਸ਼ਰਮਾ-ਵਰਮਾ, ਉਸ ਨੂੰ ਚੌਧਰੀ ਜੀ ਆਖ ਦਿੱਤਾ, ਉਸੇ ਵੇਲੇ ਪੁਆੜਾ ਪੈ ਜਾਣਾ ਹੈ।

ਸੋ ਇਹ ਸਾਰੀਆਂ ਸਿਰਦਾਰੀ ਦੀਆਂ ਬਖਸ਼ਿਸ਼ਾਂ ਕਲਗੀਧਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਵਿੱਤ੍ਰ ਧਰਤੀ ਤੇ ਮਨੁੱਖਤਾ ਨੂੰ ਪ੍ਰਦਾਨ ਕੀਤੀਆਂ। ਇਨ੍ਹਾਂ ਬਖਸ਼ਿਸ਼ਾਂ ਨੂੰ ਆਪਣੀ ਝੋਲੀ ਪਵਾ ਕੇ ਆਪਾਂ ਨੂੰ ਸਿਰਦਾਰ ਬਣ ਜਾਣਾ ਚਾਹੀਦਾ ਹੈ। ਜੇ ਨਾਂ ਸਿਰਦਾਰੀ ਕਬੂਲਾਂਗੇ ਤਾਂ ਸਾਡੀ ਬਦਕਿਸਮਤੀ ਹੈ। ਸੋ ਬਾਰੰਬਾਰ ਇਸ ਮਹਾਨ ਅਨੰਦਪੁਰ ਦੀ ਧਰਤੀ ਨੂੰ ਨਮਸ਼ਕਾਰ ਕਰਦਿਆਂ ਸਤਿਗੁਰੂ ਜੀ ਦੇ ਸ਼ੁਕਰਾਨੇ ਵਿੱਚ, ਪਿਆਰ ਨਾਲ ਭਿੱਜ ਕੇ ਭਗਤ ਰਵਿਦਾਸ ਜੀ ਦਾ ਪਾਵਨ ਫੁਰਮਾਨ ਪੜੀਏ:-

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥**

ਮਾਰੂ ਰਵਿਦਾਸ ਜੀ, ਅੰਗ: ੧੧੦੬

# ੬
# ਰਣਜੀਤ ਨਗਾਰੇ ਦੀ ਜਨਮਦਾਤੀ ਧਰਤ ਅਨੰਦਪੁਰ ਦੀ

ਨਗਾਰਾ, ਨਿਸ਼ਾਨ, ਤੱਖਤ, ਚੌਰ, ਤੇ ਚੰਦੋਆਂ, ਇਹ ਸੁਤੰਤਰ ਬਾਦਸ਼ਾਹੀਅਤ ਦੀਆਂ ਨਿਸ਼ਾਨੀਆਂ ਹਨ। ਔਰੰਗਜੇਬ ਦੇ ਸਮੇਂ ਇਨ੍ਹਾਂ ਪੰਜਾਂ ਚੀਜਾਂ ਦੀ ਵਰਤੋਂ ਕਰਨੀ ਤਾਂ ਇੱਕ ਪਾਸੇ ਰਹੀ, ਕੋਈ ਇਹਨਾਂ ਦਾ ਸੁਪਨਾ ਭੀ ਨਹੀਂ ਲੈ ਸਕਦਾ ਸੀ। ਕੋਈ ਹਿੰਦੂ ਚੰਗੇ ਘੋੜੇ ਤੇ ਨਹੀਂ ਚੜ੍ਹ ਸਕਦਾ ਸੀ, ਪਾਲਕੀ ਦੀ ਸਵਾਰੀ ਕਰਨੀ ਬਿਲਕੁਲ ਮਨ੍ਹਾ ਸੀ। ਗਲ ਵਿੱਚ ਮੋਤੀਆਂ ਦੀ ਮਾਲਾ ਪਾਉਣੀ, ਦਾਹੜੀ ਰੱਖਣੀ, ਪੱਗ ਬੰਨਣੀ ਹਿੰਦੂਆਂ ਲਈ ਮਨ੍ਹਾਂ ਸੀ। ਕੋਈ ਆਪਣੇ ਆਪ ਨੂੰ ਬਾਦਸ਼ਾਹ ਨਹੀਂ ਕਹਾ ਸਕਦਾ ਸੀ। ਕੋਈ ਨਗਾਰਾ[੧] ਨਹੀਂ ਵਜਾ ਸਕਦਾ ਸੀ।

ਜਿੱਥੇ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਉੱਥੇ ਉੱਚਾ ਤੱਖਤ ਸ਼ੁਸ਼ੋਭਿਤ ਕੀਤਾ, ਜਿੱਥੇ ਚੰਦੋਆ ਲਗਾ ਕੇ ਸ੍ਰੀ ਗੁਰੂ ਜੀ ਆਪ ਬੈਠ, ਸੰਗਤਾਂ ਨੂੰ ਦਰਸ਼ਨ ਦਿੰਦੇ ਸਨ। ਸਤਿਗੁਰੂ ਜੀ ਨੂੰ ਚੌਰ ਬਰਦਾਰ ਸਿੰਘ ਹਰ ਸਮੇਂ ਪਿਆਰ ਨਾਲ ਚੌਰ ਕਰਦਾ ਸੀ। ਸਵੇਰੇ ਸ਼ਾਮ ਸਤਿਗੁਰੂ ਜੀ ਦੇ ਆਗਮਨ ਸਮੇਂ ਤੇ ਦੀਵਾਨ ਦੀ ਸਮਾਪਤੀ ਸਮੇਂ ਰਣਜੀਤ ਨਗਾਰੇ ਤੇ ਚੋਟ ਲਗਾਈ ਜਾਂਦੀ ਸੀ। ਜਿਸ ਦੀ ਆਵਾਜ ਕਈ-ਕਈ ਮੀਲ ਤੱਕ ਗੂੰਜਦੀ ਸੀ। ਸਿੱਖ, ਕਲਗੀਧਰ ਜੀ ਨੂੰ ਦੀਨ-ਦੁਨੀ ਦਾ "ਸੱਚਾ ਪਾਤਸ਼ਾਹ" ਕਹਿੰਦੇ ਸਨ।

ਇਹ ਸਾਰੀਆਂ ਖਬਰਾਂ ਔਰੰਗਜ਼ੇਬ ਤੱਕ ਪੁੱਜਦੀਆਂ ਸਨ। ਜਦੋਂ ਰਣਜੀਤ ਨਗਾਰਾ ਵੱਜਦਾ ਸੀ, ਪਹਾੜੀ ਰਾਜਿਆਂ ਦੇ ਦਿਲ ਕੰਬਦੇ ਸਨ, ਇੱਕ ਤਾਂ ਸਤਿਗੁਰੂ ਜੀ ਦੀ ਫੌਜੀ ਤਾਕਤ ਵਧਣ ਕਰਕੇ ਦੂਸਰੇ ਸੁਤੰਤਰ ਬਾਦਸ਼ਾਹੀਅਤ ਦੇ ਚਿੰਨ੍ਹ ਪ੍ਰਗਟ ਕਰਕੇ ਸੱਚਾ ਪਾਤਸ਼ਾਹ ਕਹਿਲਾਉਣ ਤੇ ਨਿਰਭੈ ਹੋ ਕੇ ਰਣਜੀਤ ਨਗਾਰਾ ਵਜਾਉਣ ਕਾਰਨ ਪਹਾੜੀਆਂ ਨੂੰ ਔਰੰਗਜ਼ੇਬ ਦਾ ਭੈ ਵੀ ਖਾਂਦਾ ਸੀ ਕਿ ਜਦੋਂ ਇਨ੍ਹਾਂ ਗੱਲਾਂ ਦਾ

੧ ਜਿਸ ਵੇਲੇ ਔਰੰਗਜ਼ੇਬ ਨੇ ਆਪਣੇ ਪੁੱਤਰ ਮੁਅੱਜ਼ਮ (ਬਹਾਦਰ ਸ਼ਾਹ) ਨੂੰ ਕਾਬਲ ਦੀ ਨਵਾਬੀ ਸੰਭਾਲੀ ਤਾਂ ਬਹਾਦਰ ਸ਼ਾਹ ਨੇ ਚਾਰ ਨਗਾਰੇ ਵਜਾਏ। ਬਹਾਦਰ ਸ਼ਾਹ ਦੀ ਨਗਾਰੇ ਵਜਾਉਣ ਦੀ ਖਬਰ ਜਦੋਂ ਔਰੰਗਜ਼ੇਬ ਨੂੰ ਪੁੱਜੀ ਤਾਂ ਉਸ ਨੇ ਆਪਣੇ ਪੁੱਤਰ ਬਹਾਦਰ ਸ਼ਾਹ ਨੂੰ ਤਾੜ ਕੇ ਕਿਹਾ ਕਿ ਮੁਅਜ਼ਮ! ਬਾਦਸ਼ਾਹ ਤੋਂ ਬਗੈਰ ਹੋਰ ਕੋਈ ਨਗਾਰਾ ਨਹੀਂ ਵਜਾ ਸਕਦਾ। ਕਾਬਲ ਦੀ ਨਵਾਬੀ ਸੰਭਾਲਣ ਵੇਲੇ ਤੈਨੂੰ ਕੇਵਲ ਚਾਰ ਢੋਲ ਹੀ ਵਜਾਉਣੇ ਚਾਹੀਦੇ ਸਨ, ਨਗਾਰੇ ਨਹੀਂ। ਜਦੋਂ ਅੱਲਾ ਤੈਨੂੰ ਤਖਤ ਨਸ਼ੀ ਕਰੇਗਾ ਫਿਰ ਬੇਸ਼ਕ ਰੱਜ ਕੇ ਨਗਾਰੇ ਵਜਾਵੀਂ।

ਬਾਦਸ਼ਾਹ ਨੂੰ ਪਤਾ ਚੱਲੇਗਾ ਤਾਂ ਔਰੰਗਜ਼ੇਬ ਸਾਡੇ ਤੇ ਨਰਾਜ਼ ਹੋਵੇਗਾ ਕਿ ਤੁਹਾਡੀ ਸਲਤਨਤ ਵਿੱਚ ਨਗਾਰੇ ਵੱਜਦੇ ਹਨ ਤੇ ਤਖ਼ਤ ਲਗਦੇ ਹਨ।

ਇੱਕ ਦਿਨ ਕਹਿਲੂਰ ਦੇ ਰਾਜੇ ਨੇ ਅਨੰਦਪੁਰ ਸਾਹਿਬ ਦੇ ਨਜ਼ਦੀਕ ਆਪਣੀ ਫੌਜ ਦੀ ਛਾਉਣੀ ਆ ਪਈ। ਕੁਝ ਕਮਜ਼ੋਰ ਦਿਲ ਮਸੰਦਾਂ ਤੇ ਸਿੱਖਾਂ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਮਾਤਾ ਜੀ ! ਸਤਿਗੁਰੂ ਜੀ ਸਵੇਰੇ ਸ਼ਾਮ ਨਗਾਰਾ ਵਜਾਉਂਦੇ ਹਨ ਜੋ ਬਾਦਸ਼ਾਹ ਨੂੰ ਤੇ ਪਹਾੜੀ ਰਾਜਿਆਂ ਨੂੰ ਚੰਗਾ ਨਹੀਂ ਲਗਦਾ। ਜੇ ਇਹ ਨਗਾਰਾ ਵੱਜਦਾ ਰਿਹਾ ਤਾਂ ਅਨੇਕਾਂ ਬਿਖੇੜੇ ਗਲ ਪੈ ਜਾਣਗੇ। ਮਸੰਦਾਂ ਨੇ ਮਾਤਾ ਨਾਨਕੀ ਜੀ ਨੂੰ ਕਿਹਾ:-

**ਇਸ ਤੋਂ ਹੋਵਤ ਉਤਪਤ ਬਿਸਾਲਾ[੧]॥ ਚਢੇ ਬਜਾਇ ਕਰਿ ਜਿਸ ਕਾਲਾ॥**

ਸਤਿਗੁਰੂ ਜੀ ਨੇ ਮਾਤਾ ਨਾਨਕੀ ਜੀ ਨੂੰ ਉੱਤਰ ਦਿੱਤਾ ਕਿ ਦਾਦੀ ਜੀ ! ਤੁਸੀਂ ਪੋਤਰੇ ਦਾ ਬਹੁਤ ਫਿਕਰ ਰੱਖਦੇ ਹੋ ਪਰ ਅਸੀਂ ਕਿੰਨਾ ਕੁ ਚਿਰ ਚੁੱਪ ਕਰ ਕੇ ਬੈਠੇ ਰਹਾਂਗੇ। ਗੁਰੂ ਘਰ ਦਾ ਕਿਸੇ ਨਾਲ ਕੋਈ ਵੈਰ ਨਹੀਂ, ਪਹਿਲ ਅਸੀਂ ਕਰਨੀ ਨਹੀਂ ਤੇ ਜੋ ਹੰਕਾਰੀ ਹੋ ਕੇ ਸਾਡੇ ਮਿਥੇ ਨਿਸ਼ਾਨੇ ਵਿੱਚ ਬਿਘਨ ਪਾਏਗਾ ਅਤੇ ਅਕਾਰਣ ਸਾਡੇ ਤੇ ਹਮਲਾ ਕਰੇਗਾ ਉਸ ਨੂੰ ਮੁਆਫ਼ ਕਰਨਾ ਨਹੀਂ। ਆਪ ਦੇ ਬਚਨ ਸਨ:-

**ਪੂਰਬ ਧਰਹਿ ਨਾ ਕਿਸੇ ਸੇ ਬੈਰ॥ ਹੰਕਾਰੀ ਕੋ ਕਬਹੂ ਨ ਖੈਰ॥**

ਸੋ ਮਾਤਾ ਜੀ ! ਕਿਸੇ ਤਰ੍ਹਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ, ਅਸੀਂ ਅਕਾਲ ਪੁਰਖ ਦਾ ਹੁਕਮ ਵਜਾਉਣਾ ਹੈ। ਅਕਾਲ ਪੁਰਖ ਮੇਰੇ ਅੰਗ ਸੰਗ ਹੈ:

**ਜੋ ਦੇਸ਼ ਰਾਜ ਕੋ ਧਰਹਿ [੨]ਗਰੂਰ॥ ਕਰਤਾ ਪੁਰਖ ਕਰਹਿ ਤਿਸ ਚੂਰ॥**

ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਸਿਮਰ ਕੇ ਉਨ੍ਹਾਂ ਦਾ ਧਿਆਨ ਧਰ ਕੇ ਹਰ ਰੋਜ਼ ਨਿਸ਼ਚਿੰਤ ਹੋ ਕੇ ਰਣਜੀਤ ਨਗਾਰਾ ਵਜਾਇਆ ਕਰੋ:

**ਸੋ ਸਿਮਰ ਗੁਰੂ ਨਾਨਕ ਬਜਾਵਹੁ॥**

ਰਣਜੀਤ ਨਗਾਰੇ ਦੀ ਗੂੰਜ ਸੁਣ ਕੇ ਸਾਰੇ ਪਹਾੜੀ ਰਾਜੇ ਭੈ ਭੀਤ ਹੋ ਰਹੇ ਸਨ।

**ਕਾਂਪਤ ਭਯੋ ਤਿਨ ਕੋ ਸੁਣ ਕੈ ਸਭ॥ ਪਾਰ [੩]ਪਹਾਰ ਦੀ ਤ੍ਰਾਸ ਅਪਾਰੀ॥**

ਦਰਬਾਰੀ ਕਵੀ ਮੰਗਲ ਨੇ ਵੀ ਰਣਜੀਤ ਨਗਾਰੇ ਦਾ ਜਿਕਰ ਇੱਕ ਸਵਯੇ ਵਿੱਚ ਕੀਤਾ ਹੈ:

**ਸਵਣੇ ਨ ਦੇਂਦੀ ਦੁਖ [੪]ਦੁਜਨਾ ਨੂੰ ਰਾਤ ਦਿਨ॥**
**[੫]ਨੌਬਤ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ॥**

ਸਤਿਗੁਰੂ ਜੀ ਆਪਣੇ ਮਿਥੇ ਉਦੇਸ਼ ਅਨੁਸਾਰ ਸਾਰੀ ਕਿਰਿਆ ਕਰਦੇ ਕਿਸੇ ਨੂੰ ਨਾ ਭੈ

---

੧. ਲੰਮੇ ਝਗੜੇ ਉਤਪੰਨ ਹੋ ਜਾਣਗੇ ੨.ਹੰਕਾਰ ੩.ਪਹਾੜ ੪.ਦੁਸ਼ਮਣਾਂ ਨੂੰ ੫.ਨਗਾਰਾ

ਦਿੰਦੇ ਤੇ ਨਾ ਕਿਸੇ ਤੋਂ ਭੈ ਖਾਂਦੇ, ਨਿਸ਼ਚਿੰਤ ਹੋ ਕੇ [1]ਫੌਜੀ ਕਵਾਇਤਾਂ, ਘੋੜ ਸਵਾਰੀ, ਤੀਰ ਅੰਦਾਜੀ ਸਿਖਾਈ ਜਾਂਦੀ। ਸ਼ਸ਼ਤ੍ਰ ਵਿਦਿਆ ਦੀ ਸਿਖਲਾਈ ਦਿੱਤੀ ਜਾਂਦੀ ਤੇ ਸ਼ਸ਼ਤਰਾਂ ਦੀ ਦਿਨ ਰਾਤ ਘਾੜਤ ਘੜੀ ਜਾਂਦੀ। ਰਣਜੀਤ ਨਗਾਰਾ ਹਰ ਰੋਜ਼ ਮਿਥੇ ਸਮੇਂ ਤੇ ਵੱਜਦਾ।

ਇਹ ਅਨੰਦਪੁਰ ਸਾਹਿਬ ਦੀ ਧਰਤੀ ਤੇ ਸਤਿਗੁਰੂ ਕਲਗੀਧਰ ਜੀ ਦੀ ਦੇਣ ਹੈ ਕਿ ਅੱਜ ਹਰ ਗੁਰੂ ਘਰ ਵਿੱਚ ਨਗਾਰਾ (ਨੌਬਤ) ਵੱਜਦਾ ਹੈ। ਜੋ ਸੁਤੰਤਰਤਾ ਦਾ ਤੇ ਨਿਰਭੈਤਾ ਦਾ ਚਿੰਨ੍ਹ ਹੈ। ਇਹ ਸਭ ਬਖਸ਼ਿਸ਼ਾਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਸਤਿਗੁਰੂ ਜੀ ਨੇ ਪ੍ਰਦਾਨ ਕੀਤੀਆਂ। ਅੰਮ੍ਰਿਤ ਦੀ ਸ਼ਕਤੀ ਅਤੇ ਰਣਜੀਤ ਨਗਾਰੇ ਦੀ ਬਰਕਤ ਨਾਲ ਹਰ ਸਿੱਖ ਆਪਣੇ ਆਪ ਨੂੰ ਖੁਦ ਮੁਖਤਿਆਰ ਬਾਦਸ਼ਾਹ ਸਮਝਦਾ ਸੀ ਅਤੇ ਕਿਸੇ ਦੀ ਈਨ ਮੰਨਣ ਲਈ ਕੋਈ ਸਿੱਖ ਵੀ ਤਿਆਰ ਨਹੀਂ ਸੀ ਤੇ ਨਾ ਹੀ ਹੈ। ਗਿ: ਗਿਆਨ ਸਿੰਘ ਜੀ ਨੇ ਸਿੱਖਾਂ ਦੇ ਮਨੋਬਲ ਪ੍ਰਤੀ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ:

ਕਾਣ ਨ ਕਾਹੂ ਕੀ ਇਹ ਰਾਖਤ॥
ਸ਼ਹਿਨਸ਼ਾਹ ਖੁਦ ਹੀ ਕਉ ਭਾਖਤ॥[2]
ਅਉਰ ਸਭਨ ਕੋ ਜੀਵ ਚਉਰਾਸੀ॥
ਮਾਨਤ ਆਪ ਤਾਈ ਅਬਿਨਾਸ਼ੀ॥[3]

ਜਿਸ ਅਨੰਦਪੁਰ ਦੀ ਧਰਤੀ ਨੇ ਅਜਿਹੀ ਨਿਰਭੈਤਾ ਤੇ ਸੁਤੰਤਰਤਾ ਦੀ ਦਾਤ ਮਨੁੱਖਤਾ ਨੂੰ ਪ੍ਰਦਾਨ ਕੀਤੀ ਬਾਰੰ-ਬਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਜੁਹਾਰ ਹੈ, ਨਮਸ਼ਕਾਰ ਹੈ। ਅੱਜ ਆਪਾਂ ਵੀ ਆਪਣੀ ਸੁਰਤ ਨੂੰ ਕਿਸੇ ਦੀ ਦਬੇਲ ਨਾ ਕਰੀਏ ਸਗੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਿਧਾਂਤ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

ਨੂੰ ਆਪਣਾ ਜੀਵਨ-ਧੁਰਾ ਬਣਾਈਏ।

---

੧.ਜੰਗੀ ਅਭਿਆਸ ੨.ਕਹਿੰਦੇ ਹਨ ੩.ਨਾਲ ਸਹਿਤ

# ੭
# ਅੰਮ੍ਰਿਤੁ ਪੀਆ ਸਤਿਗੁਰਿ ਦੀਆ ਦੀ ਬਖਸ਼ਿਸ਼ ਕਰਨ ਵਾਲੀ ਧਰਤ ਅਨੰਦਪੁਰ ਦੀ

ਸ੍ਰੀ ਅਨੰਦਪੁਰ ਸਾਹਿਬ, ਉਹ ਪਾਵਨ ਧਰਤੀ ਹੈ, ਜਿਸ ਅਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:-

**ਇਉ ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੯॥**

ਦੀ ਅਨੋਖੀ ਕਾਰ ਕਰਕੇ ਖ਼ਾਲਸਾ ਕੌਮ ਦੀ ਸਾਜਨਾ ਕੀਤੀ। ਅੱਜ ਤੱਕ ਸੰਸਾਰ ਵਿੱਚ ਕੋਈ ਐਸੀ ਕੌਮ ਨਹੀਂ ਹੈ ਜਿਸ ਦਾ ਸਿਰਜਣਾ ਦਿਨ ਨੀਯਤ ਹੋਵੇ ਅਤੇ ਜਿਸ ਥਾਂ ਤੇ ਕੌਮ ਨੇ ਜਨਮ ਲਿਆ ਹੋਵੇ, ਉਹ ਥਾਂ ਵੀ ਨਿਸ਼ਚਿਤ ਹੋਵੇ। ਕੇਵਲ ਤੇ ਕੇਵਲ ਇੱਕ ਖ਼ਾਲਸਾ ਪੰਥ (ਖ਼ਾਲਸਾ ਕੌਮ) ਹੀ ਸੰਸਾਰ ਵਿੱਚ ਅਜਿਹੀ ਕੌਮ ਹੈ, ਜਿਸ ਦਾ ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਅਤੇ ਖ਼ਾਲਸਾ ਕੌਮ ਦੀ ਜਨਮ ਤਾਰੀਖ 30 ਮਾਰਚ 1699 ਈ: ਮੁਤਾਬਿਕ ੧ ਵਿਸਾਖ ੧੭੫੬ ਬਿਕਰਮੀ ਨਿਸ਼ਚਿਤ ਹੈ।

ਖ਼ਾਲਸਾ ਕੌਮ ਦੀ ਸਾਜਨਾ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕਾਂਤ ਵਾਸ ਰਹਿ ਕੇ ਬੜੀ ਦੂਰ-ਅੰਦੇਸ਼ੀ ਤੇ ਆਪਣੇ ਅਨੁਭਵ ਦੁਆਰਾ ਇੱਕ ਸੰਪੂਰਨ ਮਨੁੱਖ ਦਾ ਖਾਕਾ ਆਪਣੇ ਅੰਦਰ ਚਿਤ੍ਰਨ ਕੀਤਾ। ਉਸ ਸੰਪੂਰਨ ਮਨੁੱਖ ਦੀ ਰਹਿਤ ਤੇ ਰਹਿਣੀ ਨੂੰ ਸਾਕਾਰ ਕਰਨ ਤੇ ਉਸ ਚਿਤ੍ਰਨ ਨੂੰ ਅਮਲੀ ਜਾਮਾ ਦੇਣ ਲਈ ਆਪ ਜੀ ਨੇ ਦੂਰ ਦੁਰੇਡੇ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਉਚੇਚੇ ਸੰਦੇਸ਼ ਤੇ ਹੁਕਮ ਭੇਜ ਕੇ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਪੁੱਜਣ ਦਾ ਸੱਦਾ ਦਿੱਤਾ। ਸੰਗਤਾਂ ਵੀ ਸਾਰੇ ਹਿੰਦੁਸਤਾਨ, ਕਾਬਲ, ਕੰਧਾਰ, ਕਸ਼ਮੀਰ, ਸਿੰਧ, ਇਰਾਨ, ਇਰਾਕ ਤੇ ਹੋਰ ਦੂਰ ਦੁਰੇਡੇ ਦੇਸ਼ਾਂ ਤੋਂ ਗੁਰੂ ਹੁਕਮ ਨੂੰ ਮੰਨ ਕੇ ਵਹੀਰਾਂ ਘੱਤ ਅਨੰਦਪੁਰ ਸਾਹਿਬ ਆ ਜੁੜੀਆਂ। ਉਸ ਸਮੇਂ ਔਰੰਗਜ਼ੇਬ ਦਾ ਖੁਫ਼ੀਆ ਏਜੰਟ ਵੀ ਇਸ ਇਕੱਠ ਦੀ ਰਿਪੋਰਟ ਦੇਣ ਲਈ, ਪੁੱਜਾ ਹੋਇਆ ਸੀ। ਉਸ ਦੇ ਅਨੁਮਾਨ ਅਨੁਸਾਰ ਅਨੰਦਪੁਰ ਸਾਹਿਬ ਦੀ ਧਰਤੀ ਤੇ ਅੱਸੀ ਹਜ਼ਾਰ ਤੋਂ ਵੱਧ ਸੰਗਤਾਂ ਦਾ ਇਕੱਠ, ਠਾਠਾਂ ਮਾਰਦਾ ਮਨੁੱਖੀ ਜਨ ਸਮੁੰਦਰ ਦਾ ਭੁਲੇਖਾ ਪਾਉਂਦਾ ਸੀ।

ਆਪ ਸਾਹਿਬਾਂ ਨੇ ਸ੍ਰੀ ਕੇਸਗੜ੍ਹ ਸਾਹਿਬ ਦੀ ਠੇਰੀ ਨੂੰ ਪਹਿਲਾਂ ਹੀ ਪੱਧਰਾ

ਕਰਵਾ ਕੇ ਇੱਕ ਸੁੰਦਰ ਵੱਡਾ ਸ਼ਾਮਿਆਨਾ ਲਵਾ ਕੇ ਉਸ ਅਸਥਾਨ ਤੇ ਸੁੰਦਰ ਦੀਵਾਨ ਸਜਾਇਆ। ਸ਼ਾਮਿਆਨੇ ਦੇ ਨਜ਼ਦੀਕ ਸਤਿਗੁਰੂ ਜੀ ਨੇ ਇੱਕ ਹੋਰ ਛੋਟਾ ਤੰਬੂ ਲਵਾਇਆ ਹੋਇਆ ਸੀ। ਵਿਸਾਖੀ ਵਾਲੇ ਦਿਨ ਅੰਮ੍ਰਿਤ ਵੇਲੇ ਤੋਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ। ਸੰਗਤਾਂ ਮੰਤਰ-ਮੁਗਧ ਹੋ ਇਲਾਹੀ ਬਾਣੀ ਦਾ ਅਨੰਦ ਮਾਣ ਰਹੀਆਂ ਸਨ। ਕੀਰਤਨ ਦੇ ਭੋਗ ਉਪਰੰਤ ਭਰੇ ਦੀਵਾਨ ਵਿੱਚ ਸ੍ਰੀ ਕਲਗੀਧਰ ਜੀ ਨੇ ਆਪਣੀ ਕ੍ਰਿਪਾਨ ਮਿਆਨ ਚੋਂ ਕੱਢ ਕੇ, ਕ੍ਰਿਪਾਨ ਹਵਾ ਵਿੱਚ ਲਹਿਰਾਂਦੇ ਹੋਏ ਸੰਗਤ ਨੂੰ ਸੰਬੋਧਨ ਕਰਕੇ ਸੰਗਤਾਂ ਦੇ ਇਕੱਠ ਬੁਲਾਉਣ ਦਾ ਮੰਤਵ ਦੱਸਿਆ ਕਿ ਸੰਗਤ ਜੀ! ਸਾਰਾ ਦੇਸ਼ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ। ਪਰਜਾ, ਗੁਲਾਮੀ ਨੂੰ ਆਪਣੀ ਪ੍ਰਾਲਬਧ ਜਾਣ ਕੇ ਸਬਰ ਦੇ ਘੁੱਟ ਭਰ ਰਹੀ ਹੈ। ਹਿੰਦੂ ਰਾਜਿਆਂ ਨੇ ਮੁਗਲਾਂ ਨੂੰ ਆਪਣੀਆਂ ਬੇਟੀਆਂ ਦੇ ਡੋਲੇ ਦੇ ਕੇ, ਆਪਣੀ ਅਣਖ ਖਤਮ ਕਰ ਲਈ ਹੈ। ਮੁਗਲ ਰਾਜਿਆਂ ਨੇ ਨਿਤਾਣੀ ਜਨਤਾ ਨੂੰ ਖਾਣ ਲਈ ਸ਼ੇਰਾਂ ਦਾ ਰੂਪ ਧਾਰਨ ਕੀਤਾ ਹੈ। ਪਰਜਾ ਨਿਤਾਣੀ, ਨਿਮਾਣੀ ਤੇ ਬੇ-ਵੱਸ ਹੋ ਕੇ ਗ਼ੁਲਾਮੀ ਦੀ ਚੱਕੀ ਵਿੱਚ ਪਿਸਦੀ ਜਾ ਰਹੀ ਹੈ। ਜ਼ੁਲਮ ਅਤਿ ਦੇ ਸਿਖਰ ਉੱਪਰ ਪੁੱਜ ਚੁੱਕਾ ਹੈ। ਮੈਂ ਆਪਣੇ ਪਿਤਾ ਪਰਮੇਸ਼ਰ ਪਾਸੋਂ "**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥**" ਦੇ ਮਿਸ਼ਨ ਦੀ ਪੂਰਤੀ ਲਈ ਆਇਆ ਹਾਂ ਤੇ ਪਰਮਾਤਮਾ ਨੇ ਮੇਰੇ ਜ਼ਿੰਮੇ "**ਜਾਹਿ ਤਹਾ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥**" ਦੀ ਜ਼ਿੰਮੇਵਾਰੀ ਸੌਂਪੀ ਹੈ।

ਸੋ ਸੰਗਤ ਜੀ ਤੁਸੀਂ ਮੇਰੇ ਹੋ, ਮੈਂ ਤੁਹਾਡਾ ਹਾਂ। ਇਸ ਮਹਾਨ ਕਾਰਜ਼ ਦੀ ਪੂਰਤੀ ਲਈ ਮੈਨੂੰ ਇੱਕ ਸੀਸ ਦੀ ਲੋੜ ਹੈ। ਕੋਈ ਹੈ ਜੋ ਦੇਹੀ ਦੀ ਪਕੜ ਤੋਂ ਉੱਪਰ ਉੱਠ ਕੇ ਆਪਣਾ ਸੀਸ ਮੇਰੀ ਕਿਰਪਾਨ ਦੀ ਭੇਟਾ ਕਰੇ ਤੇ ਜੋ ਮੈਂ ਮਿਸ਼ਨ ਲੈ ਕੇ ਆਇਆ ਹਾਂ, ਉਸ ਵਿੱਚ ਆਪਣਾ ਯੋਗਦਾਨ ਪਾਵੇ? ਸਤਿਗੁਰਾਂ ਦੀ ਇਹ ਮੰਗ ਅਤੇ ਗੰਭੀਰ ਸੁਰ ਸੁਣ ਕੇ ਹਰ ਪਾਸੇ ਸੰਗਤਾਂ ਵਿੱਚ ਇੱਕ ਸੰਨਾਟਾ ਛਾ ਗਿਆ ਤੇ ਹਲਚਲ ਮਚ ਗਈ। ਦੂਸਰੀ ਵਾਰ ਫਿਰ ਸਤਿਗੁਰਾਂ ਪਹਿਲੀ ਮੰਗ ਦੁਹਰਾਈ। ਸੰਗਤ ਵਿੱਚੋਂ ਲਹੌਰ ਨਿਵਾਸੀ ਖੱਤਰੀ ਜਾਤ ਨਾਲ ਸਬੰਧਤ ਸਿੱਖ ਦਇਆ ਰਾਮ ਉੱਠਿਆ, ਹੱਥ ਜੋੜ ਸਾਹਿਬਾਂ ਦੇ ਸਨਮੁੱਖ ਜਾ ਖਲੋਤਾ ਤੇ ਬੇਨਤੀ ਕੀਤੀ, ਪਾਤਸ਼ਾਹ!

**ਸਿਰ ਬਿਖ ਦੀ ਹੈ ਤੂੰਬੜੀ, ਤੂੰ ਅੰਮ੍ਰਿਤ ਦੀ ਖਾਣ॥**
**ਰੀਝੇ ਜੇ ਸਿਰ ਦਿੱਤਿਆਂ, ਲੈ ਮੇਰੇ ਸੁਲਤਾਨ॥**

ਸਤਿਗੁਰੂ ਜੀ ਨੇ ਦਇਆ ਰਾਮ ਨੂੰ ਬਾਂਹੋਂ ਪਕੜ ਉੱਪਰ ਖਿੱਚਿਆ ਤੇ ਤੰਬੂ ਵਿੱਚ ਲੈ ਗਏ। ਕ੍ਰਿਪਾਨ ਚੱਲਣ ਦੀ ਅਵਾਜ਼ ਸੰਗਤ ਨੇ ਸੁਣੀ। ਕਲਗੀਧਰ ਜੀ ਲਹੂ ਭਿੱਜੀ ਕ੍ਰਿਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਤੇ ਸਟੇਜ ਤੇ ਖਲੋ ਕੇ ਇੱਕ ਹੋਰ ਸਿਰ ਦੀ ਮੰਗ ਕੀਤੀ। ਸਤਿਗੁਰਾਂ ਵਲੋਂ ਇੱਕ ਹੋਰ ਸਿਰ ਦੀ ਮੰਗ ਕਰਨ ਤੇ ਸੰਗਤਾਂ ਵਿੱਚ ਹਲਚੱਲੀ ਮੱਚ ਗਈ। ਪਰਖ ਦੀ ਘੜੀ ਬੜੀ ਔਖੀ ਸੀ। ਸਤਿਗੁਰਾਂ ਨੇ ਦੂਸਰੀ ਵਾਰ ਫਿਰ ਗਰਜਵੀਂ ਤੇ ਗੰਭੀਰ ਸੁਰ ਵਿੱਚ ਸਿਰ ਭੇਟਾ ਕਰਨ ਦੀ ਮੰਗ ਕੀਤੀ, ਸੰਗਤ ਵਿੱਚੋਂ ਭਾਈ ਧਰਮ ਦਾਸ ਜੱਟ, ਦਿੱਲੀ ਦੇ ਰਹਿਣ ਵਾਲਾ ਗਲ ਪੱਲਾ ਪਾ ਸਾਹਿਬਾਂ ਦੇ ਅੱਗੇ ਆ ਖਲੋਤਾ ਤੇ ਬੇਨਤੀ ਕੀਤੀ, ਸੱਚੇ ਪਾਤਸ਼ਾਹ!

**ਜਿਸ ਦਿਨ ਸੀਸ ਨਿਵਾਇਆ ਭੇਟਾ ਹੋ ਗਿਆ ਸੀਸ॥**
**ਦਿਤਾ ਹੋਇਆ ਕੀਹ ਦਿਆ? ਤੇਰਾ ਏ ਜਗਦੀਸੁ॥**

ਧਰਮ ਦਾਸ ਨਾਲ ਵੀ ਭਾਈ ਦਇਆ ਰਾਮ ਵਾਲੀ ਪਰਖ ਹੋਈ। ਮੁੜ ਕਲਗੀਧਰ ਜੀ ਹੋਰ ਤੇਜ ਜਲਾਲ ਵਿੱਚ ਲਹੂ ਭਿੱਜੀ ਕਿਰਪਾਨ ਲੈ ਕੇ ਤੀਸਰੇ ਸੀਸ ਦੀ ਮੰਗ ਕਰਨ ਲੱਗੇ। ਕਲਗੀਧਰ ਪਿਤਾ ਜੀ ਦੀ ਗਰਜ ਸੁਣ ਕੇ ਸੰਗਤ ਵਿੱਚ ਪਿੱਛੇ ਬੈਠੇ ਤਾਂ ਖਿਸਕੰਤ ਮੰਤ੍ਰ ਪੜ੍ਹਨ ਲੱਗ ਪਏ ਅਤੇ ਜੋ ਕਾਨਾਫੂਸੀ ਹੋ ਰਹੀ ਸੀ ਉਸ ਵਿੱਚ ਵੀ ਹੋਰ ਵਾਧਾ ਹੋ ਗਿਆ। ਨਾਲੇ ਅੱਖਾਂ ਦੇ ਸਾਹਮਣੇ ਦੋ ਮਾਰੇ ਗਏ ਜਾਣ ਕੇ ਹੋਰ ਕੌਣ ਹਿੰਮਤ ਕਰੇ ਪਰ ਪਰਮਾਤਮਾਂ, ਗੁਰੂ ਜਿਸ ਨੂੰ ਹਿੰਮਤ ਬਖਸ਼ੇ ਉਹ ਹੀ ਗੁਰੂ ਦੀ ਕਿਰਪਾਨ ਅੱਗੇ ਸੀਸ ਭੇਟ ਕਰਨ ਦੀ ਹਿੰਮਤ ਕਰ ਸਕਦਾ ਹੈ। ਸੋ ਗੁਰੂ ਮਿਹਰ ਨਾਲ ਹਿੰਮਤ ਕਰਕੇ ਸੰਗਤ ਵਿੱਚੋਂ ਉੱਠਿਆ ਹਿੰਮਤੀਆ ਸਿੱਖ, ਜਾਤ ਦਾ ਝੀਵਰ ਤੇ ਜਗਨਨਾਥ ਪੁਰੀ ਨਿਵਾਸੀ ਹਿੰਮਤ ਰਾਮ; ਆ ਗਿਆ ਸਿਰ ਨਿਹੁੜਾ ਕੇ, ਕਰ ਦਿੱਤਾ ਸੀਸ ਭੇਟ ਤੇ ਮੁੱਖੋਂ ਬੋਲ ਕਹਿਆ, ਮਿਹਰਾਂ ਦੇ ਸਾਈਆਂ!

**ਧੁਰ ਤੋਂ ਉਸ ਨਕਾਸ਼ ਨੇ ਨਕਸ਼ਾ ਕੀਤਾ ਤਿਆਰ॥**
**ਸਿਰ ਝੁਕਿਆ ਮੇਰਾ ਰਹੇ ਹੇਠਾਂ ਤੈ ਤਲਵਾਰ॥**

ਸਤਿਗੁਰਾਂ ਹਿੰਮਤ ਸਿੰਘ ਨੂੰ ਵੀ ਬਾਹੋਂ ਪਕੜ ਤੰਬੂ ਅੰਦਰ ਤਲਵਾਰ ਦੀ ਭੇਟਾ ਕਰ ਦਿੱਤਾ। ਇਸ ਵਾਰ ਸਤਿਗੁਰੂ ਜੀ ਜਦ ਲਹੂ ਚੋਂਦੀ ਕਿਰਪਾਨ ਲਹਿਰਾਉਂਦੇ ਸਟੇਜ ਤੇ ਆਏ ਤਦ ਕਾਫੀ ਤਾਦਾਦ ਵਿੱਚ ਪੰਡਾਲ ਤਾਂ ਖਾਲੀ ਹੋ ਹੀ ਗਿਆ ਸੀ ਜਿਹੜੇ ਬੈਠੇ ਸਨ ਉਹ ਵੀ ਨੀਵੀਂ ਪਾਈ, ਸਿਰ ਸੁੱਟੀ ਸੋਚੀਂ ਪਏ ਸਨ ਕਿ ਇਹ ਕੀ ਮਾਜਰਾ ਵਰਤ ਰਿਹਾ ਹੈ? ਸਤਿਗੁਰਾਂ ਗਰਜਵੀਂ ਅਵਾਜ਼ ਵਿੱਚ ਫਿਰ ਸਿਰ ਭੇਟਾ ਕਰਨ ਦੀ ਮੰਗ ਦੁਹਰਾਈ। ਇਸ ਵਾਰ ਦਵਾਰਕਾ ਵਾਸੀ ਮੁਹਕਮ ਚੰਦ ਛੀਂਬਾ ਉੱਠਿਆ ਤੇ ਸਿਰ ਨੀਵਾਂ ਕਰ, ਗੁਰੂ ਚਰਨਾਂ ਵਿੱਚ ਬੇਨਤੀ ਕੀਤੀ, ਦਾਤਾ!

**ਤੇਰੀ ਧੁਰੋਂ ਅਮਾਨ ਜੋ ਕੁਝ ਮੇਰੇ ਪਾਸ ਹੈ॥**

**ਮਿਲਦਾ ਸੁਖ ਮਹਾਨ ਮਾਲ ਅਮਾਨਤ ਦਿਤਿਆਂ॥**

ਮੁਹਕਮ ਚੰਦ ਨੂੰ ਵੀ ਬਾਹੋਂ ਪਕੜ ਸਤਿਗੁਰੂ ਜੀ ਤੰਬੂ ਵਿੱਚ ਲੈ ਗਏ। ਚੌਥੇ ਸਿੱਖ ਦਾ ਸਿਰ ਭੇਟ ਲੈ ਕੇ, ਸਤਿਗੁਰੂ ਜੀ ਮੁੜ ਵਧੇਰੇ ਜਲਾਲ ਵਿੱਚ ਸਟੇਜ ਤੇ ਆਏ ਅਤੇ ਪਹਿਲਾਂ ਵਾਂਗ ਹੀ ਪੰਜਵੇਂ ਸਿਰ ਦੀ ਮੰਗ ਕੀਤੀ। ਹੁਣ ਤਾਂ ਇਤੀ ਹੀ ਹੋ ਗਈ ਪਰ ਸਤਿਗੁਰੂ ਦੀ ਤ੍ਰੈ ਵਾਰ ਦੀ ਪੁਕਾਰ ਤੇ ਸੰਗਤ ਵਿੱਚੋਂ ਬਿਦਰ ਨਿਵਾਸੀ ਗੁਰਮੁਖ ਸਾਹਿਬ ਰਾਮ, ਨਾਈ ਜਾਤੀ ਨਾਲ ਸਬੰਧ ਰੱਖਣ ਵਾਲਾ ਗੁਰੂ ਨੂੰ ਆਪਾ ਨਿਛਾਵਰ ਕਰ, ਗੁਰੂ ਪ੍ਰਸੰਨਤਾ ਲੈਣ ਲਈ ਉੱਠਿਆ ਤੇ ਬੇਨਤੀ ਕੀਤੀ, ਮਾਲਕਾ!

**ਨਿਉ ਕੇ ਸਿਰ ਜਗ ਆਇਆ ਝੁਕਿਆ ਦੁਆਰੋ ਦੁਆਰ॥**
**ਸਿਰ ਵਡਭਾਗੀ ਜੇ ਝੁਕੇ ਅੱਗੇ ਤੈ ਤਲਵਾਰ॥**

ਕਲਗੀਧਰ ਜੀ, ਸਾਹਿਬ ਰਾਮ ਦੀ ਪਰਖ ਵੀ ਉਸੇ ਤਲਵਾਰ ਨਾਲ ਕਰਨ ਲਈ ਬਾਹੋਂ ਫੜ ਉਸਨੂੰ ਵੀ ਤੰਬੂ ਵਿੱਚ ਲੈ ਗਏ। ਸੰਗਤ ਸਾਹ ਰੋਕੀ ਅਗਲੇਰੇ ਵਰਤਾਰੇ ਦੀ ਉਡੀਕ ਵਿੱਚ ਤੰਬੂ ਵੱਲ ਤੱਕ ਰਹੀ ਸੀ, ਪਰ ਇਸ ਵਾਰ ਚੋਜੀ ਪਰੀਤਮ ਜੀ ਕਾਫੀ ਸਮਾਂ ਤੰਬੂ ਵਿੱਚ ਹੀ ਰਹੇ ਅਤੇ ਕਾਫੀ ਉਡੀਕ ਤੋਂ ਬਾਅਦ ਜਦ ਕਲਗੀਧਰ ਜੀ ਬਾਹਰ ਆਏ ਤਦ ਹੱਥ ਵਿੱਚ ਲਹੂ ਲਿੱਬੜੀ ਤਲਵਾਰ ਨਹੀਂ ਸੀ। ਸਗੋਂ ਸੀਸ ਭੇਟਾ ਮੰਗਣ ਵਾਲਾ ਗੁਰੂ, ਪੰਜਾਂ ਨੂੰ ਗਲਵੱਕੜੀ ਪਾ ਪਿਆਰ ਕਰਦਾ, ਸਟੇਜ ਤੇ ਚੰਦ ਦੇ ਪਰਿਵਾਰ ਤਾਰਿਆਂ ਵਾਂਗ ਆ ਖਲੋਤਾ ਤੇ ਪਿਆਰ ਵਿੱਚ ਆ ਗਲਾ ਭਰ, ਪੰਜਾਂ ਵੱਲ ਮਿਹਰ ਦ੍ਰਿਸ਼ਟੀ ਨਾਲ ਵੇਖ ਬਚਨ ਉਚਾਰਨ ਕੀਤੇ, ਤੁਸੀਂ ਆਪਾ ਭਾਵ ਤੋਂ ਮਰ ਗਏ ਹੋ, ਹੁਣ:-

**ਮਮ ਸਰੂਪ ਤੁਮ ਅਬ ਭਏ ਹਉ ਭਾ ਤੁਮਹਿ ਸਰੂਪ॥**
**ਬ੍ਰਹਮ ਗਿਯਾਨ ਦ੍ਰਿੜ ਰਿਦੈ ਹ੍ਵੈ ਪਦ ਅਤਿ ਲੀਨ ਅਨੂਪ॥**

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਨਮੁੱਖ ਜੁੜੀ ਸੰਗਤ ਨੂੰ ਸੰਬੋਧਨ ਕਰਕੇ ਬਚਨ ਕੀਤਾ, ਸਾਧ ਸੰਗਤ ਜੀ! ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਪਰਖ ਕੀਤੀ, ਲਹਿਣਾ ਜੀ ਪੂਰੇ ਉੱਤਰੇ। ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਆਪਣਾ ਅੰਗ ਬਣਾ ਕੇ, ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਅੱਜ ਸਿੱਖੀ ਦੀ ਪਰਖ ਵਿੱਚ ਸਿੱਖੀ ਦੀ ਆਨ-ਸ਼ਾਨ ਪੰਜਾਂ ਸਿੱਖਾਂ ਨੇ ਰੱਖੀ ਹੈ। ਇਨ੍ਹਾਂ ਦੇ ਸਮੁਦਾਇ[1] ਨੂੰ ਮੇਰੇ ਤੁੱਲ ਜਾਣੋ:-

**ਪੰਚਨ ਮੇ ਮੇਰੋ ਨਿਤ ਵਾਸਾ ਪੰਚ ਮਿਲੇ ਸੇ ਪੀਰਨ ਪੀਰ॥**

ਸੀਸ ਭੇਟ ਕਰਨ ਵਾਲਿਆਂ ਨੂੰ ਸਤਿਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ "ਸਿੰਘ" ਲਕਬ[2] ਬਖਸ਼ਿਸ਼ ਕਰਕੇ "ਪੰਜ ਪਿਆਰਿਆਂ" ਦਾ ਰੁਤਬਾ

1.ਇਕੱਠ 2.ਖ਼ਿਤਾਬ

ਪ੍ਰਦਾਨ ਕੀਤਾ ਅਤੇ ਅੰਮ੍ਰਿਤਧਾਰੀਆਂ ਦੇ ਸਮੁਦਾਇ ਨੂੰ "ਖ਼ਾਲਸਾ ਪੰਥ" ਦਾ ਨਾਉਂ ਬਖਸ਼ਿਸ਼ ਕੀਤਾ।

ਅੰਮ੍ਰਿਤ ਛਕਾਣ ਉਪ੍ਰੰਤ ਸਤਿਗੁਰਾਂ ਖ਼ਾਲਸੇ ਨੂੰ ਪੰਜ ਕਕਾਰੀ ਰਹਿਤ ਤੇ ਸਿੱਖੀ ਦੀ ਚਾਲੀ ਬਖਸ਼ਿਸ਼ ਕੀਤੀ। ਖ਼ਾਲਸਾ ਪੰਥ ਨੂੰ ਚਾਰ ਬਜਰ-ਕੁਰਹਿਤਾਂ ਦਾ ਤਿਆਗੀ ਬਣਨ ਦੀ ਤਾਕੀਦ ਕੀਤੀ ਤੇ ਹੁਕਮ ਕੀਤਾ, ਖ਼ਾਲਸਾ ਜੀ! ਜੋ ਸਿੰਘ, ਸਿੱਖੀ ਰਹਿਤ ਰਹਿਣੀ ਵਿੱਚ ਪਰਪੱਕ ਹੋ ਨਾਮ ਦੀ ਕਮਾਈ ਕਰ, ਭਰਮ-ਭੇਖ ਤੋਂ ਨਿਆਰਾ ਰਹੇਗਾ, ਮੈਂ ਉਸ ਖ਼ਾਲਸੇ ਨੂੰ ਆਪਣਾ ਪੂਰਾ ਬਲ ਹਮੇਸ਼ਾ ਪ੍ਰਦਾਨ ਕਰਾਂਗਾ ਪਰ ਜਦੋਂ ਇਹ ਖਾਲਸਈ ਬਾਣਾ ਧਾਰਕੇ, ਪਖੰਡੀ, ਬ੍ਰਾਹਮਣੀ ਰੀਤਾਂ ਦਾ ਮਿਲਗੋਭਾ ਬਣ ਜਾਵੇਗਾ, ਤਦੋਂ ਅਜਿਹੇ ਭੇਖੀ ਖ਼ਾਲਸੇ ਉੱਪਰੋਂ ਮੇਰਾ ਭਰੋਸਾ ਜਾਂਦਾ ਲੱਗੇਗਾ। ਆਪ ਸਾਹਿਬਾਂ ਬਚਨ ਕੀਤਾ:-

**ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ॥**
**ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨ ਕਰੋ ਇਨ ਕੀ ਪ੍ਰਤੀਤ॥**

(ਸ੍ਰੀ ਸਰਬ ਲੋਹ ਗ੍ਰੰਥ)

ਇਹ ਸਾਰੀਆਂ ਪਰਖਾਂ ਤੇ ਬਖਸ਼ਿਸ਼ਾਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਹੀ ਸਤਿਗੁਰਾਂ ਕੀਤੀਆਂ ਤੇ ਖ਼ਾਲਸੇ ਪ੍ਰਤੀ ਬਖਸ਼ਿਸ਼ਾਂ ਦਾ ਮੀਂਹ ਵਰਸਾਉਂਦੇ ਇੱਥੇ ਹੀ ਫੁਰਮਾਨ ਕੀਤਾ:-

ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ॥ ਖ਼ਾਲਸੇ ਕੇ ਹੌ ਸਦ ਸਦ ਸੰਗਾ॥
ਖ਼ਾਲਸਾ ਮੇਰੋ ਇਸ਼ਟ ਸੁਹਿਰਦ॥ ਖ਼ਾਲਸਾ ਮੇਰੋ ਕਹੀਅਤ ਬਿਰਦ॥
ਖ਼ਾਲਸਾ ਮੇਰੋ ਪਛ[੧] ਅਰ ਪਾਤਾ॥ ਖ਼ਾਲਸਾ ਮੇਰੋ ਸੁਖ ਅਹਿਲਾਦਾ[੨]॥
ਖ਼ਾਲਸਾ ਮੇਰੋ ਮਿੱਤਰ ਸਖਾਈ॥ ਖ਼ਾਲਸਾ ਮਾਤ ਪਿਤਾ ਸੁਖਦਾਈ॥
ਖ਼ਾਲਸਾ ਮੇਰੀ ਸੋਭਾ ਸੀਲਾ॥ ਖ਼ਾਲਸਾ ਬੰਧ[੩] ਸਖਾ ਸਦ ਡੀਲਾ॥
ਖ਼ਾਲਸਾ ਮੇਰੀ ਜਾਤ ਅਰ ਪਤ॥ ਖ਼ਾਲਸਾ ਸੋ[੪] ਮਾ[੫] ਕੋ ਉਤਪਤ॥
ਖ਼ਾਲਸਾ ਮੇਰੋ ਭਵਨ ਭੰਡਾਰਾ॥ ਖ਼ਾਲਸੇ ਕਰ ਮੇਰੋ ਸਤਿਕਾਰਾ॥
ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ॥ ਖ਼ਾਲਸਾ ਮੇਰੋ ਕਰਤ ਉਧਾਰਾ॥
ਖ਼ਾਲਸਾ ਮੇਰੋ ਪਿੰਡ[੬] ਪਰਾਨ[੭]॥ ਖ਼ਾਲਸਾ ਮੇਰੀ ਜਾਨ ਕੀ ਜਾਨ॥
ਮਾਨ ਮਹਤ ਮੇਰੀ ਖ਼ਾਲਸਾ ਸਹੀ॥ ਖ਼ਾਲਸਾ ਮੇਰੋ ਸ੍ਵਾਰਥ ਸਹੀ॥
ਖ਼ਾਲਸਾ ਮੇਰੋ ਕਰੇ ਨਿਰਬਾਹ॥ ਖ਼ਾਲਸਾ ਮੇਰੋ ਦੇਹ[੮] ਅਰ ਸਾਹ[੯]॥

---

੧.ਖੰਭ (ਪਕੱਛ) ੨.ਖੁਸ਼ੀ-ਅਨੰਦ ੩.ਸਕਾ ਰਿਸ਼ਤੇਦਾਰ ੪.ਖ਼ਾਲਸੇ ਤੋਂ ੫.ਮੇਰੀ ੬.ਸਰੀਰ ੭.ਪ੍ਰਾਣ ੮.ਸਰੀਰ ੯.ਜਿੰਦ

ਖ਼ਾਲਸਾ ਮੇਰੋ ਧਰਮ ਅਰ ਕਰਮ॥ ਖ਼ਾਲਸਾ ਮੇਰੋ ਭੇਦ ਨਿਜ ਮਰਮ॥
ਖ਼ਾਲਸਾ ਮੇਰੋ ਸਤਿਗੁਰੂ ਪੂਰਾ॥ ਖ਼ਾਲਸਾ ਮੇਰੋ ਸੱਜਨ ਸੂਰਾ॥
ਖ਼ਾਲਸਾ ਮੇਰੋ ਬੁਧ ਅਰ ਗਿਆਨ॥ ਖ਼ਾਲਸੇ ਕਾ ਹੌਂ ਧਰੋਂ ਧਿਆਨ॥
ਉਪਮਾ ਖ਼ਾਲਸੇ ਜਾਤ ਨ ਕਹੀ॥ ਜਿਹਵਾ ਏਕ ਪਾਰ ਨਹਿ ਲਹੀ॥
ਸੇਸ[੧] ਰਸਨ ਸਾਰਸ[੨] ਸੀ ਬੁੱਧ॥ ਤਦਪ ਨ ਉਪਮਾ ਬਰਨਤ ਸੁਧ॥
ਯਾ ਮੈ ਰੰਚ ਨ ਮਿਥਿਆ ਭਾਖੀ॥ ਪਾਰਬ੍ਰਹਮ ਗੁਰ ਨਾਨਕ ਸਾਖੀ॥
ਰੋਮ ਰੋਮ ਜੇ ਰਸਨਾ ਪਾਊਂ॥ ਤਦਪ ਖ਼ਾਲਸਾ ਜਸ ਤੁਹਿ ਗਾਊਂ॥
ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ॥ ਓਤ ਪੋਤਿ ਸਾਗਰ ਬੂੰਦੇਰੋ॥
ਖ਼ਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥
ਜਬ ਲਗ ਖ਼ਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ॥
ਜਬ ਇਹ ਗਹੈ ਬਿਪਰਨ[੩] ਕੀ ਰੀਤ॥ ਮੈਂ ਨ ਕਰੋਂ ਇਨ ਕੀ ਪਰਤੀਤ॥

ਇਹ ਅਟੱਲ ਸਚਾਈ ਤ੍ਰੈ-ਕਾਲ ਸੱਤ ਹੈ। ਕਲਗੀਧਰ ਪਾਤਸ਼ਾਹ ਜੀ ਨੇ ਜੋ ਪਰਉਪਕਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਬੈਠ ਕੀਤੇ ਹਨ, ਉਨ੍ਹਾਂ ਦਾ ਰਿਣ ਭਾਰਤ ਭੂਮੀ ਤੇ ਭਾਰਤ ਦੀ ਪਰਜਾ ਕਦੇ ਵੀ ਚੁਕਾ ਨਹੀਂ ਸਕਦੀ। ਕੇਵਲ ਬਾਰੰ-ਬਾਰ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤੇ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਪ੍ਰਨਾਮ ਕਰ, ਧੰਨਵਾਦ ਕਰਕੇ ਆਪਣੇ ਫਰਜ਼ ਦੀ ਪੂਰਤੀ ਹੀ ਕੀਤੀ ਜਾ ਸਕਦੀ ਹੈ।

ਅੱਜ ਸਾਰਾ ਖ਼ਾਲਸਾ ਪੰਥ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਥਾਪਨਾ ਵਰ੍ਹੇਗੰਢ ਮਨਾ ਰਿਹਾ ਹੈ। ਆਪਾਂ ਵੀ ਇਸ ਪਾਵਨ ਧਰਤੀ ਦੀ ਚਰਨ ਧੂੜ ਮਸਤਕ ਤੇ ਲਾ ਕੇ, ਭੈ-ਭਾਵਨੀ ਸ਼ਰਧਾ ਨਾਲ ਇਸ ਪਾਵਨ ਧਰਤੀ ਉੱਪਰ ਇਕਾਗਰ-ਚਿੱਤ ਹੋ ਸਤਿਗੁਰਾਂ ਦੇ ਪਰਉਪਕਾਰਾਂ ਨੂੰ ਆਪਣੀ ਸਿਮਰਤੀ ਵਿੱਚ ਲਿਆਈਏ ਤੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਪਿਆਰਾ ਬਚਨ ਬਾਰੰਬਾਰ ਪੜ੍ਹੀਏ, ਦਾਤਿਆ:-

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥
ਸੂਹੀ ਮ: ੪, ਅੰਗ: ੭੩੫

ਨਿਰਾ ਪੜ੍ਹਕੇ ਤੇ ਸਿਜਦਾ ਕਰਕੇ ਘਰਾਂ ਨੂੰ ਤੁਰ ਨਾ ਜਾਈਏ। ਸਗੋਂ ਬਾਬਾ ਫਰੀਦ ਜੀ ਦੇ ਬਚਨਾਂ ਤੇ ਅਮਲ ਕਰਨ ਲਈ ਪੰਜ-ਦਸ ਮਿੰਟ ਦਾ ਸਮਾਂ ਕੱਢ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਆਪਣੇ ਹਿਰਦੇ ਦੀ ਪੜਚੋਲ ਕਰੀਏ। ਬਾਬਾ ਜੀ ਦਾ

੧.ਸ਼ੇਸ਼ਨਾਗ ੨.ਸੁਰੱਸ੍ਵਤੀ ੩.ਬ੍ਰਾਹਮਣਾ ਦੀ ਰੀਤ ਪਕੜੇਂਗਾ

ਬੜਾ ਪਿਆਰਾ ਬਚਨ ਹੈ:-

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥**

ਸਲੋਕ ਫਰੀਦ ਜੀ, ਅੰਗ: ੧੩੭੮

ਤੇ ਆਪਣੇ ਅੰਦਰਲੇ ਨੂ ਪੁੱਛੀਏ, ਭਲਿਆ! ਦਸ ਕਲਗੀਧਰ ਪਾਤਸ਼ਾਹ ਜੀ ਨੇ ਤਾਂ ਪਿਤਾ-ਮਾਤਾ, ਸਾਹਿਬਜ਼ਾਦੇ, ਸਰਬੰਸ ਵਾਰ ਕੇ ਤੈਨੂੰ ਨਿਆਰੇ ਪੰਥ ਦੀਆਂ ਬਖਸ਼ਿਸ਼ਾਂ ਕੀਤੀਆਂ ਸਨ ਤੇ ਸਰਬ ਸੰਪਦਾ ਤੇ ਸਰਬੰਸ ਵਾਰ ਕੇ ਕਿਹਾ ਸੀ:-

**ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥**
**ਚਾਰ ਮੂਏ ਤੋ ਕਿਆ ਹੂਆ ਜੀਵਤ ਲਾਖ ਹਜ਼ਾਰ॥**

ਕੀ ਤੂੰ ਆਪਣੇ ਕਲਗੀਧਰ ਦਾ ਪੁੱਤਰ ਬਣ ਗਿਆ ਹੈਂ? ਕੀ ਤੇਰੀ ਸ਼ਕਲ-ਸੂਰਤ ਕਲਗੀਧਰ ਜਾਂ ਕਲਗੀਧਰ ਜੀ ਦੇ ਸਾਹਿਬਜ਼ਾਦਿਆਂ ਨਾਲ ਮਿਲਦੀ ਹੈ? ਕੀ ਤੇਰੇ ਕਰਮ ਕਰਤੂਤਾਂ ਗੁਰੂ ਦੀ ਰਹਿਣੀ ਰਹਿਤ ਅਨੁਸਾਰ ਹਨ? ਜੇ ਹੈਨ ਤਦ ਪਿਆਰਿਆ! ਅਨੰਦਪੁਰ ਦੀ ਧਰਤੀ ਦੇ ਨਾਲ ਤੈਨੂੰ ਵੀ ਸਿਰ ਨਿਵਦਾ ਹੈ। ਜੇ ਨਹੀਂ ਤਾਂ ਫਿਰ ਜੋ ਵੇਲਾ ਵਿਹਾ ਗਿਆ ਉਹ ਤਾਂ ਮੁੜਕੇ ਵਾਪਸ ਮਿਲਣਾ ਨਹੀਂ। ਗੁਰੂ ਤੇਗ ਬਹਾਦਰ ਜੀ ਦੇ ਫੁਰਮਾਨ ਅਨੁਸਾਰ:-

**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥**

ਤਿਲੰਗ ਮ: ੯, ਅੰਗ: ੭੨੬

ਕਰ ਉੱਦਮ ਆਪਣੇ ਭਲੇ ਵਾਸਤੇ ਤੇ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਦੇਰ ਨਾ ਕਰ। ਕੋਈ ਪਾਪ ਕਰਮ ਕਰਨਾ ਹੋਵੇ ਤਦੋਂ ਦੇਰ ਵੀ ਕਰਨੀ ਚਾਹੀਦੀ ਹੈ ਤੇ ਕਿਸੇ ਦੀ ਸਲਾਹ ਵੀ ਲੈਣੀ ਚਾਹੀਦੀ ਹੈ ਪਰ ਜਦੋਂ ਨਿਰੋਲ ਆਪਣੇ ਭਲੇ ਦਾ ਕਾਰਜ਼ ਕਰਨਾ ਹੋਵੇ ਫਿਰ ਨਾ ਕਿਸੇ ਦੀ ਸਲਾਹ ਲੈਣ ਦੀ ਲੋੜ ਹੈ, ਨਾ ਦੇਰ ਕਰਨ ਦੀ ਲੋੜ। ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਗਵਾਹੀ ਭਰਦੇ ਹਨ:-

**ਨਹ ਬਿਲੰਬ ਧਰਮੰ ਬਿਲੰਬ ਪਾਪੰ॥**

ਮ:੫, ਅੰਗ: ੧੩੫੪

ਸੰਸਾਰੀ ਜੀਵਨ ਬਹੁਤ ਲੰਬੇਰਾ ਨਹੀਂ। ਕੁਝ ਬੀਤ ਗਿਆ, ਕੁਝ ਬੀਤ ਰਿਹਾ ਹੈ ਤੇ ਬਾਕੀ ਵੀ ਪਿਛਲੇ ਜੀਵਨ ਵਾਂਗ ਬੀਤ ਜਾਣਾ ਹੈ। ਭਾਈ ਵੀਰ ਸਿੰਘ ਜੀ ਦਾ ਫੁਰਮਾਨ ਹੈ:-

**ਬੀਤ ਗਈ ਹੁਣ ਬੀਤ ਰਹੀ ਹੈ ਬੀਤ ਜਾਏਗੀ ਇਕ ਦਿਨ।**

ਪਰ ਸਫਲ ਜੀਵਨ ਕਿਸਦਾ ਹੈ? ਜਿਸਦੇ ਹਿਰਦੇ ਪ੍ਰਭੂ ਦੀ ਯਾਦ ਟਿਕ ਗਈ:-

**ਛਿੰਨ ਛਿੰਨ ਯਾਦ ਪਕੇ ਲਿਵ ਬਣ ਜਾਏ ਬਣੇ ਸਦੈਵ ਇਹ ਛਿੰਨ॥**

ਲਿਵ, ਗੁਰੂ ਦੀ ਸ਼ਰਣ ਵਿੱਚ ਆਇਆਂ, ਗੁਰੂ ਦੀ ਚਾਲੀ ਉੱਪਰ ਤੁਰਿਆਂ ਤੇ ਗੁਰੂ ਰਹਿਮਤ ਨਾਲ ਬਣਨੀ ਹੈ। ਰਹਿਮਤ ਪ੍ਰਾਪਤ ਕਰਨ ਲਈ ਗੁਰੂ ਵਾਲੇ ਬਣਨਾ ਜ਼ਰੂਰੀ ਹੈ। ਗੁਰੂ ਵਾਲੇ ਬਣਕੇ, ਪ੍ਰਭੂ ਨਾਲ ਲਿਵ ਜੋੜਨ ਤੇ ਖ਼ਾਲਸਾ ਸਜ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਪੰਜਾਂ ਪਿਆਰਿਆਂ ਨੇ ਆਪਣੇ ਸਿਰ ਸਤਿਗੁਰੂ ਨੂੰ ਭੇਟ ਕਰਕੇ ਇਹ ਦਾਤਾਂ ਪ੍ਰਾਪਤ ਕੀਤੀਆਂ ਸਨ ਪਰ ਐ ਨੌਜਵਾਨਾਂ! ਤੂੰ ਸਰਬੰਸ ਦਾਨੀ ਦੇ ਪਰਉਪਕਾਰ ਭੁਲਾ ਕੇ ਮੁਫ਼ਤ ਵਿੱਚ ਵੀ ਇਹ ਅਮੋਲਕ ਦਾਤ ਤੇ ਸਿਰਦਾਰੀ ਲੈਣ ਤੋਂ ਆਨਾ-ਕਾਨੀ ਕਰਦਾ ਹੈਂ। ਤੂੰ ਆਪ ਹੀ ਸੋਚ ਤੇਰੇ ਕਿੰਨੇ ਕੁ ਮਾੜੇ ਕਰਮ ਹੋਣਗੇ? ਕਰ ਹਿੰਮਤ, ਪੈ ਜਾ ਗੁਰੂ ਦੀ ਸ਼ਰਣ, ਗੁਰੂ ਦੀ ਰਹਿਮਤ ਨੇ ਮਾੜੇ ਕਰਮਾਂ ਨੂੰ ਹੜ੍ਹ ਵਾਂਗ ਰੋੜ੍ਹ ਕੇ ਸਮੁੰਦਰ ਵਿੱਚ ਪਾ ਦੇਣਾ ਹੈ। ਅਨੰਦਪੁਰ ਸਾਹਿਬ ਦੀ ਧਰਤੀ ਤੇ ਨਤਮਸਤਕ ਹੋਣ ਉਪਰੰਤ ਖਾਲੀ ਨਾ ਪਰਤ ਆਵੀਂ; ਅੰਮ੍ਰਿਤ ਛਕ, ਗੁਰੂ ਬਖਸ਼ਿਸ਼ਾਂ ਨਾਲ ਝੋਲੀਆਂ ਭਰ, ਘਰ ਆਵੀਂ, ਜਿਸ ਸਦਕਾ:-

**ਦੋਵੈ ਥਾਵ ਰਖੇ ਗੁਰ ਸੂਰੇ ॥**
**ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥**

ਬਿਲਾਵਲੁ ਮ: ੫, ਅੰਗ: ੮੨੫

ਦੀ ਰਹਿਮਤ ਤੇਰੇ ਤੇ ਵਰਸ ਜਾਵੇਗੀ।

# ੮
# ਸਤਿਗੁਰ ਮੇਰਾ ਮਾਰ ਜੀਵਾਲੈ ਨੂੰ ਸਾਮਰਤੱਖ ਕਰਨ ਵਾਲੀ ਧਰਤ ਅਨੰਦਪੁਰ ਦੀ

ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤ ਉੱਪਰ ਕਲਗੀਧਰ ਪਾਤਸ਼ਾਹ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਦੀ ਅਲੌਕਿਕ ਕਾਰ ਪਰਮੇਸ਼ਵਰੀ ਹੁਕਮ ਵਿੱਚ ਕੀਤੀ। ਜਿੱਥੇ ਇਸ ਕੌਮ ਨੇ ਆਪਣੇ ਪ੍ਰੀਤਮ ਦੇ ਪਾਏ ਹੋਏ ਪਗੁ ਚਿੰਨ੍ਹਾਂ ਉੱਪਰ ਤੁਰਦਿਆਂ ਸੰਸਾਰ ਦੇ ਭਲੇ ਲਈ ਹੈਰਾਨੀਕੁੰਨ ਕਾਰਨਾਮੇ ਕੀਤੇ ਤੇ ਕਰ ਰਹੀ ਹੈ; ਉਥੇ ਇਸ ਪੰਥ ਦੀ ਸਿਰਜਣਾ ਦੀ ਦਾਸਤਾਨ ਵੀ ਅਤਿ ਵਚਿੱਤ੍ਰ ਹੈ। ਜਿਵੇਂ ਪਿਛਲੇਰੇ ਪੰਨਿਆਂ ਵਿੱਚ ਆਪਾਂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਿਰਜਣਾ ਮੌਕੇ ਜੋ ਸੰਗਤ ਵਿੱਚੋਂ "ਸੀਸ ਭੇਟ" ਦੀ ਮੰਗ ਕੀਤੀ ਅਤੇ ਗੁਰੂ ਦੇ ਪੰਜਾਂ ਲਾਲਾਂ ਨੇ ਆਪਣੇ ਪ੍ਰਾਣਾਂ ਤੋਂ ਪਿਆਰੇ, ਦੀਨ ਦੁਨੀ ਦੇ ਮਾਲਕ, ਦੁਖੀਆਂ ਦੇ ਦਰਦ ਹਰਤਾ, ਸਤਿਗੁਰੂ ਦੀ ਭੇਟਾ ਆਪਣੇ ਸੀਸ ਦੇ ਦਿੱਤੇ ਤੇ ਗੁਰਬਾਣੀ ਦੀ ਇਸ ਪਾਵਨ ਪੰਕਤੀ ਨੂੰ ਸਾਕਾਰ ਕਰ ਵਿਖਾਇਆ ਕਿ ਸਿੱਖ ਇਸ ਅਰਸ਼ੀ ਗੁਰਬਾਣੀ ਨੂੰ ਕਿਵੇਂ ਆਪਣੇ ਜੀਵਨ ਵਿੱਚ ਕਮਾ ਕੇ, ਮਨ-ਬਚ-ਕਰਮ ਰੂਪ ਵਿੱਚ ਇਸ ਗੁਰਬਾਣੀ ਦਾ ਮੰਨਨ ਕਰ ਜਾਂਦਾ ਹੈ:-

**ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥**

ਰਾਮਕਲੀ ਮ: ੩ ਅਨੰਦ, ਅੰਗ: ੯੨੧

ਤਥਾ:-

**ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥**

ਤੁਖਾਰੀ ਮ: ੪, ਅੰਗ: ੧੧੧੪

ਇਸ "ਸੀਸ ਭੇਟ" ਵਚਿਤ੍ਰ ਗਾਥਾ ਉੱਪਰ ਵੀ ਕਈ ਕਮਜ਼ੋਰ ਦਿਲਾਂ ਵਾਲਿਆਂ ਜਾਂ ਸਤਿਗੁਰੂ ਦੀ ਵਡਿਆਈ ਨੂੰ ਨਾ ਦੇਖ ਸਕਣ ਵਾਲਿਆਂ ਅਥਵਾ ਬੁੱਧੀ ਦੇ ਤਲ ਤੇ ਜੀਵਣ ਵਾਲਿਆਂ ਨੇ ਕਈ ਪ੍ਰਕਾਰ ਦੇ ਕਿੰਤੂ-ਪ੍ਰੰਤੂ ਸਮੇਂ ਸਮੇਂ ਕੀਤੇ ਤੇ ਗਾਹੇ-ਬ-ਗਾਹੇ ਹੁਣ ਵੀ ਕਰ ਰਹੇ ਹਨ। ਸਤਿਗੁਰੂ ਦੀ ਸਮਰੱਥਾ ਨੂੰ ਆਪਣੀ ਬੁੱਧੀ ਦੇ ਤਲ ਤੇ ਮਾਪਣ ਵਾਲਿਆਂ ਨੇ ਇਹ ਭੁਲੇਖਾ ਪਾਇਆ ਕਿ ਭਾਂਵੇਂ ਸਤਿਗੁਰੂ ਜੀ ਨੇ ਉਸ ਵੈਸਾਖੀ ਵਾਲੇ ਦਿਨ ਸੰਗਤ ਪਾਸੋਂ "ਸੀਸ ਭੇਟ" ਦੀ ਮੰਗ ਕੀਤੀ ਪ੍ਰੰਤੂ ਜਦੋਂ ਉਹ ਪੰਜਾਂ ਸਿੱਖਾਂ ਨੂੰ ਵਾਰੋ ਵਾਰੀ ਅੰਦਰ ਤੰਬੂ ਵਿੱਚ ਲੈ ਕੇ ਗਏ, ਉੱਥੇ ਸਤਿਗੁਰੂ ਜੀ ਨੇ ਸਿੰਘਾਂ ਦੇ ਸਿਰ ਧੜ ਤੋਂ ਜੁਦਾ ਨਹੀਂ ਕੀਤੇ ਬਲਕਿ ਤੰਬੂ ਅੰਦਰ

ਬੰਨ੍ਹੇ ਬੱਕਰਿਆਂ ਦੇ ਸਿਰ ਵੱਢ ਕੇ ਖ਼ੂਨ ਨਾਲ ਲਿੱਬੜੀ ਤਲਵਾਰ ਲੈ ਕੇ ਸੰਗਤ ਵਿੱਚ ਆਉਂਦੇ ਰਹੇ ਅਤੇ ਸੰਗਤ ਨੂੰ ਇਹ ਭੁਲੇਖਾ ਪਿਆ ਰਿਹਾ ਕਿ ਸਤਿਗੁਰੂ ਜੀ ਸਿੱਖਾਂ ਦੇ ਸਿਰ ਵੱਢ ਰਹੇ ਹਨ।

ਇਹ ਬਾਤ ਕਹਿ ਦੇਣੀ ਤੇ ਬੜੀ ਸੌਖੀ ਹੈ ਪਰ ਕੀ ਕਦੀ ਸੋਚਿਆ ਵੀ ਹੈ ਕਿ ਅਸੀਂ ਇਸ ਮਨਘੜਤ ਕਹਾਣੀ ਨਾਲ ਕੀ ਸਾਬਤ ਕਰਨਾ ਚਾਹੁੰਦੇ ਹਾਂ? ਕੀ ਇਹ ਸਚਿਆਰ ਸਤਿਗੁਰੂ ਦੇ ਸਚਿਆਰ ਕਿਰਦਾਰ ਅਥਵਾ ਆਚਾਰ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਣ ਵਾਲੀ ਹੋਛੀ ਬਾਤ ਨਹੀਂ? ਕੀ ਉਹ ਗੁਰੂ, ਜੋ ਉਪਦੇਸ਼ ਦਿੰਦਾ ਹੋਵੇ ਕਿ:-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥**

ਸਿਰੀਰਾਗ ਮ:੧, ਅੰਗ:੬੨

**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥**

ਆਸਾ ਫਰੀਦ ਜੀ, ਅੰਗ: ੪੮੮

ਤਥਾ:- **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥**

ਆਸਾ ਫਰੀਦ ਜੀ, ਅੰਗ: ੪੮੮

ਅਤੇ ਜਿਸ ਸਤਿਗੁਰੂ ਨੇ "**ਤ੍ਰੈ-ਕਾਲ ਸਤਿ ਅਕਾਲ**" ਦੇ ਹੁਕਮ ਵਿੱਚ ਸੱਚ ਕਮਾਉਣ ਵਾਲਿਆਂ, ਸੱਚ ਮੰਨਣ ਵਾਲਿਆਂ, ਸੱਚ ਦੀ ਖਾਤਰ ਆਪਾ ਨਿਛਾਵਰ ਕਰਨ ਵਾਲਿਆਂ ਦੀ ਸਚਿਆਰੀ ਕੌਮ ਦੀ ਸਾਜਣਾ ਕਰਨੀ ਹੋਵੇ, ਕੀ ਉਹ ਇਸ "ਸਚਿਆਰ ਪੰਥ" ਦੀ ਬੁਨਿਆਦ "**ਜਿਨ੍ ਮਨਿ ਹੋਰੁ ਮੁਖਿ ਹੋਰੁ**" ਦੀ ਕਾਰ ਕਰ ਸਕਦਾ ਹੈ? ਨਹੀਂ, ਹਰਗਿਜ਼ ਨਹੀਂ, ਕਿਉਂਕਿ ਸਤਿਗੁਰੂ ਜੀ ਨੇ ਤਾਂ ਉਪਦੇਸ਼ ਦਿੱਤਾ ਕਿ:-

**ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥**
**ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥**

ਸਿਰੀਰਾਗੁ ਮ: ੩, ਅੰਗ: ੭੦

ਤਥਾ:- **ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥**
**ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥**

ਸਿਰੀਰਾਗੁ ਕੀ ਵਾਰ ਮ: ੩, ਅੰਗ: ੮੩

ਸੱਚੇ ਸਤਿਗੁਰੂ ਦਾ ਸਭ ਕੁੱਝ ਹੀ ਸੱਚਾ ਹੈ ਇਸ ਲਈ ਸੱਚ ਦੇ ਮੁਜੱਸਮੇ, ਸੱਚੇ ਸਤਿਗੁਰੂ ਨਾਲ ਜੁੜ ਕੇ, ਉਸ ਦੇ ਸੱਚੇ ਉਪਦੇਸ਼ ਨੂੰ ਕਮਾ ਕੇ ਹੀ ਸਚਿਆਰ ਬਣ ਸਕੀਦਾ ਹੈ। ਸੋ ਐਸਾ ਸਤਿਗੁਰੂ ਕਦੇ ਵੀ ਸੱਚ ਤੋਂ ਇਧਰ ਉਧਰ ਨਹੀਂ ਹੋ ਸਕਦਾ। ਉਸ ਸਤਿਗੁਰੂ ਦੀ ਪਛਾਣ ਹੈ ਕਿ:-

**ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ॥**

ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੨

ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ ਕਿ ਸੱਚ ਅਤੇ ਕੂੜ ਦਾ ਰੰਚਕ ਵੀ (ਰਤਾ ਭਰ ਵੀ) ਸੁਮੇਲ ਨਹੀਂ ਹੋ ਸਕਦਾ। ਸੱਚ ਵਿੱਚ ਰੱਤੀ ਭਰ ਵੀ ਕੂੜ ਨਹੀਂ ਰਲ ਸਕਦਾ। ਉਹਨਾਂ ਦ੍ਰਿਸ਼ਟਾਂਤ ਦਿੱਤਾ ਕਿ ਜਿਵੇਂ ਅੱਖ ਵਿੱਚ ਤ੍ਰਿਣ ਮਾਤਰ ਵੀ ਕਿਸੇ ਹੋਰ ਬਾਹਰੀ ਵਸਤੂ ਦਾ ਕਤਰਾ ਨਹੀਂ ਸਮਾਉਂਦਾ ਅਜਿਹਾ ਹੋਣ ਨਾਲ ਅਤਿ ਦੁਖਦਾਈ ਹੋ ਰੈਣ ਗੁਜ਼ਰਦੀ ਹੈ। ਜਿਵੇਂ ਜੇਕਰ ਭੋਜਨ ਅੰਦਰ ਛੋਟੀ ਜਿਹੀ ਮੱਖੀ ਵੀ ਪੈ ਜਾਵੇ ਤੇ ਗਲਤੀ ਨਾਲ ਇਹ ਸਰੀਰ ਅੰਦਰ ਨਿਗਲੀ ਵੀ ਜਾਵੇ ਤਾਂ ਉਲਟੀ ਆ ਕੇ ਉੱਛਲ ਕੇ ਬਾਹਰ ਨਿਕਲ ਜਾਂਦੀ ਹੈ ਭਾਵ ਸ੍ਰੇਸ਼ਟ ਭੋਜਨ ਵਿੱਚ ਛੋਟੀ ਜਿਹੀ ਮੱਖੀ ਵੀ ਨਹੀਂ ਸਮਾ ਸਕਦੀ। ਚਿੱਟੀ, ਸੁਖਦਾਇਕ ਰੂੰਈ ਦੇ ਢੇਰ ਨੂੰ ਨਿੱਕੀ ਜਿਹੀ ਚਿੰਗਾਰੀ ਸੁਆਹ ਕਰ ਦਿੰਦੀ ਹੈ। ਦੁੱਧ ਵਿੱਚ ਜੇਕਰ ਇੱਕ ਨਿੱਕੀ ਜਿਹੀ ਬੂੰਦ ਕਾਂਜੀ ਦੀ ਪੈ ਜਾਵੇ ਤਦ ਦੁੱਧ ਫੁੱਟ ਜਾਂਦਾ ਹੈ ਅਤੇ ਇਸ ਦਾ ਸੁਆਦ ਅਤੇ ਰੰਗ ਵਿਗੜ ਜਾਂਦਾ ਹੈ। ਰਤਾ ਕੁ ਮਹੁਰਾ ਜੀਭ ਤੇ ਰੱਖ ਹੋ ਜਾਵੇ ਤਾਂ ਬਾਦਸ਼ਾਹਾਂ ਤੱਕ ਨੂੰ ਵੀ ਖ਼ਤਮ ਕਰ ਦਿੰਦਾ ਹੈ। ਇਸੇ ਪ੍ਰਕਾਰ ਸੱਚ ਅੰਦਰ ਕੂੜ ਦੀ, ਫਰੇਬ ਦੀ, ਝੂਠ ਦੀ ਸਮਾਈ ਨਹੀਂ ਹੋ ਸਕਦੀ। ਰੰਚਕ ਮਾਤਰ ਕੂੜ ਵੀ ਸਚਾਈ ਦਾ ਸਾਰਾ ਹੁਲੀਆ ਵਿਗਾੜ ਦਿੰਦਾ ਹੈ। ਭਾਈ ਸਾਹਿਬ ਦਾ ਫੁਰਮਾਨ ਹੈ:-

**ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ॥**
**ਅਖੀ ਕਤੁ ਨ ਸੰਜਰੈ ਤਿਣ ਅਉਖਾ ਦੁਖਿ ਰੈਣਿ ਵਿਹਾਈ॥**
**ਭੋਜਨ ਅੰਦਰਿ ਮਖਿ ਜਿਉ ਹੋਇ ਦੁਕੁਧਾ ਫੇਰਿ ਕਢਾਈ॥**
**ਰੂਈ ਅੰਦਰਿ ਚਿਣਗ ਵਾਂਗ ਦਾਹਿ ਭਸਮੰਤੁ ਕਰੇ ਦੁਖਦਾਈ॥**
**ਕਾਂਜੀ ਦੁਧੁ ਕੁਸੁਧੁ ਹੋਇ ਫਿਟੈ ਸਾਦਹੁ ਵੰਨਹੁ ਜਾਈ॥**
**ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਮਾਈ॥**
**ਸਚਿ ਅੰਦਰਿ ਕਿਉ ਕੂੜੁ ਸਮਾਈ ॥੧੭॥**

ਭਾਈ ਗੁਰਦਾਸ ਜੀ, ਵਾਰ ੩੦, ਪਉੜੀ ੧੭

ਇਸ ਲਈ ਪੂਰੇ ਸਤਿਗੁਰੂ, ਸੱਚੇ ਸਤਿਗੁਰੂ ਨੇ ਕਦੇ ਵੀ ਜੀਵਨ ਵਿੱਚ ਅਜਿਹੀ "**ਮਨਿ ਹੋਰੁ ਮੁਖਿ ਹੋਰੁ**" ਵਾਲੀ ਕਾਰ ਨਾ ਕੀਤੀ ਅਤੇ ਨਾ ਇਸ ਬਾਰੇ ਸੋਚਿਆ ਹੀ ਜਾ ਸਕਦਾ ਹੈ।

ਕਲਗੀਧਰ ਪਿਤਾ ਜੀ ਨੇ ਜ਼ਫਰਨਾਮੇ ਵਿੱਚ ਵੀ ਔਰੰਗਜ਼ੇਬ ਨੂੰ ਇਹੋ ਲਿਖਿਆ ਸੀ ਕਿ ਮਰਦ ਉਹ ਹੁੰਦਾ ਹੈ ਜਿਸ ਦੇ ਮਨ ਅਤੇ ਮੁੱਖ ਵਿੱਚ ਇੱਕੋ ਬਾਤ ਹੋਵੇ। ਮਨ ਵਿੱਚ ਹੋਰ ਮੂੰਹ ਵਿੱਚ ਹੋਰ ਵਾਲੀ ਕਾਰ ਕਰਨ ਵਾਲਾ ਮਰਦ ਨਹੀਂ ਹੁੰਦਾ:-

**ਹਮੂ ਮਰਦ ਬਾਯਦ ਸ਼ਵਦ ਸੁਖਨਵਾਰ॥**
**ਨਾ ਸ਼ਿਕਮੇ ਦਿਗਰ ਦਰ ਦਾਹਨੇਂ ਦਿਗਰ॥੫੫॥**

ਇੱਕ ਮੁਸਲਮਾਨ ਨੂੰ "ਸਚਿਆਰ ਕਿਰਦਾਰ" ਦੀ ਨਸੀਹਤ ਦੇਣ ਵਾਲੇ ਸਤਿਗੁਰੂ ਕਦੇ ਵੀ "ਸਚਿਆਰ ਧਰਮ" ਦੀ ਨੀਂਹ ਫਰੇਬ ਤੇ ਨਹੀਂ ਰੱਖ ਸਕਦੇ। ਸਿਦਕ-ਦਿਲੀ ਵਾਲਿਆਂ ਦਾ, ਆਪਣੇ ਗੁਰਦੇਵ ਨੂੰ "**ਪਰਤਖ ਹਰਿ**" ਜਾਨਣ ਵਾਲੇ ਸ਼ਰਧਾਵਾਨ ਗੁਰਸਿੱਖਾਂ ਦਾ ਅਟੱਲ ਨਿਸ਼ਚਾ ਹੈ ਕਿ ਸਤਿਗੁਰੂ ਜੀ ਨੇ ਵੈਸਾਖੀ ਵਾਲੇ ਦਿਹਾੜੇ "ਸੀਸ" ਮੰਗੇ, ਸਿੱਖਾਂ ਨੇ "ਸੀਸ" ਭੇਟ ਕੀਤੇ ਅਤੇ ਸਤਿਗੁਰੂ ਜੀ ਨੇ "ਸੀਸ" ਭੇਟ ਲਏ। ਗੁਰਬਾਣੀ ਦਾ ਫੁਰਮਾਨ ਹੈ ਕਿ ਹੇ ਜੀਵ! ਆਪਣੇ ਗੁਰਦੇਵ ਉੱਪਰ ਪਾਰਬ੍ਰਹਮ-ਪਰਮੇਸ਼ਵਰ ਵਾਲੀ ਸ਼ਰਧਾ ਰੱਖ ਕਿਉਂਕਿ ਸਤਿਗੁਰੂ ਭਾਂਵੇਂ ਸਰੀਰ ਰੂਪ ਵਿੱਚ ਵਿਚਰ ਰਿਹਾ ਹੈ ਪਰ ਉਹ ਸਰੀਰ ਨਹੀਂ ਹੈ ਕਿਉਂਕਿ ਜਦੋਂ ਅਸੀਂ ਆਪਣੀ ਬੁੱਧੀ ਨੂੰ, ਆਪਣੀ ਅਕਲ ਨੂੰ ਮੂਹਰੇ ਰੱਖ ਕੇ ਉਸ ਸੋਚ ਮੁਤਾਬਿਕ ਹੀ ਸੋਚਦੇ ਹਾਂ ਤਦ ਹੀ ਅਜਿਹੇ ਸ਼ੰਕੇ, ਅਜਿਹੀਆਂ ਹੌਲੀਆਂ ਦਲੀਲਾਂ ਜਨਮ ਲੈਂਦੀਆਂ ਹਨ। ਗੁਰੂ ਹੁਕਮ ਹੈ ਕਿ:-

**ਮਾਨੁਖ ਕਾ ਕਰਿ ਰੂਪੁ ਨ ਜਾਨੁ॥** ਰਾਮਕਲੀ ਮ:੫, ਅੰਗ:੮੯੫

ਤਥਾ:-**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ**
**ਗੁਰਦੇਵ ਨਾਨਕ ਹਰਿ ਨਮਸਕਰਾ॥੧॥** ਮ:੫, ਅੰਗ:੨੫੦

ਅਤੇ:- **ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥**
ਮਲਾਰ ਮ: ੪, ਅੰਗ: ੧੨੬੪

ਭਾਵ ਕਿ ਸਤਿਗੁਰੂ, ਪਰਮੇਸ਼ਵਰ ਦਾ ਰੂਪ ਹੈ, ਫਿਰ ਐਸੀ ਕੋਈ ਕਲਾ ਹੈ ਜੋ ਪਰਮੇਸ਼ਰ ਦੇ ਵੱਸ ਵਿੱਚ ਨਾ ਹੋਵੇ? ਨਹੀਂ, ਐਸੀ ਕੋਈ ਖੇਡ ਨਹੀਂ ਜੋ ਪਰਮੇਸ਼ਰ ਜਾਂ ਪਰਮੇਸ਼ਵਰ ਸਰੂਪ ਸਤਿਗੁਰੂ ਦੀ ਪਹੁੰਚ ਤੋਂ ਦੂਰ ਹੋਵੇ; ਗੁਰੂ-ਪਰਮੇਸ਼ਵਰ ਸਰਬ ਕਲਾ ਸਮਰੱਥ ਹੈ ਤੇ ਫਿਰ ਭਾਂਵੇਂ ਮੋਏ ਨੂੰ ਜੀਵਨ ਦਾਨ ਦੇਣ ਦੀ ਅਣਹੋਣੀ ਖੇਡ ਵੀ ਕਿਉਂ ਨਾ ਹੋਵੇ? ਗੁਰਬਾਣੀ ਤਾਂ ਇਹ ਹੁਕਮ ਕਰਦੀ ਹੈ ਕਿ ਸਿੱਖਾ! ਤੇਰੇ ਸਤਿਗੁਰੂ ਵਿੱਚ ਸਮਰੱਥਾ ਹੈ:-

**ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥**
ਰਾਗ ਮਾਝ ਮ: ੧, ਅੰਗ: ੧੪੪

**ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥**
ਸੋਰਠਿ ਮ: ੫, ਅੰਗ: ੬੧੪

**ਮਿਰਤਕ ਕਉ ਜੀਵਾਲਨਹਾਰ ॥** ਗਉੜੀ ਸੁਖਮਨੀ ਮ: ੫, ਅੰਗ: ੨੮੩

**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥**
ਭੈਰਉ ਮ: ੫, ਅੰਗ: ੧੧੪੨

ਗੁਰੂ ਵਿੱਚ ਤਾਕਤ ਹੈ, ਸਮਰੱਥਾ ਹੈ ਕਿ ਉਹ ਆਪਣੀ ਮੌਜ ਵਿੱਚ "ਜੀਵਤ ਨੂੰ ਮਾਰ ਕੇ, ਮਰੇ ਹੋਏ ਨੂੰ ਮੁੜ ਜੀਵਾਲ" ਸਕਦਾ ਹੈ।

ਜੇ ਗੁਰਸਿੱਖੀ ਇਤਿਹਾਸ ਵੱਲ ਵੀ ਸਰਸਰੀ ਨਜ਼ਰ ਮਾਰੀਏ ਤਾਂ ਅਜਿਹੀਆਂ "**ਮਿਰਤਕ ਕਉ ਜੀਵਾਲਨ**" ਦੀਆਂ ਘਟਨਾਵਾਂ ਸੁਤੇ ਸਿੱਧ ਹੀ ਮਿਲ ਜਾਦੀਆਂ ਹਨ। ਧੰਨ ਗੁਰਦੇਵ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਦਿੱਲੀ ਮਜਨੂੰ ਕੇ ਟਿੱਲੇ ਗਏ, ਸਿਕੰਦਰ ਰਾਜੇ ਦਾ ਚਿੱਟਾ ਹਾਥੀ ਮਰ ਗਿਆ। ਮਹਾਵਤ ਵਿਚਾਰੇ ਆਪਣੀ ਰੋਜ਼ੀ ਰੋਟੀ ਖੁੱਸ ਜਾਣ ਤੋਂ ਤਥਾ ਰਾਜੇ ਦੇ ਭੈ ਕਾਰਣ ਰੋ ਰਹੇ ਸਨ। ਦੁੱਖ ਹਰਤਾ ਦਿਆਲੂ ਜੀ ਨੇ ਮਰਿਆ ਹਾਥੀ ਜੀਵਤ ਕਰ ਦਿੱਤਾ।

**ਫੀਲ ਸੁਫੈਦ ਸਾਹਿ ਕਾ ਮਰਿਓ ਰੋਵਨ ਲਗੇ ਮਹਾਵਤ॥**
**ਕਰਨਾ ਉਪਜੀ ਫੀਲ ਜੀਵਾਯੋ ਸਾਹਿ ਸਾਰ ਭੇਪਾਵਤ॥**

(ਪੰਥ ਪ੍ਰਕਾਸ਼)

ਧੰਨ ਗੁਰੂ ਅਮਰਦਾਸ ਸਾਹਿਬ ਜੀ ਦੁਆਰਾ ਗੋਇੰਦਵਾਲ ਸਾਹਿਬ ਵਿਖੇ ਬਿਰਧ ਮਾਈ ਦੇ ਮੋਏ ਪੁੱਤਰ ਨੂੰ ਜੀਵਤ ਕਰਨ ਦਾ ਬ੍ਰਿਤਾਂਤ ਇਤਿਹਾਸ ਦੇ ਪੰਨਿਆਂ ਨੇ ਸਮੋ ਕੇ ਰੱਖਿਆ ਹੋਇਆ ਹੈ:

**ਤਿਸ ਮਾਈ ਕੇ ਕੀਰਨੇ ਸੁਨ ਗੁਰ ਕਰੁਨਾਧਾਰ॥**
**ਪੁਤ੍ਰ ਤਾਂਹਿ ਜਿਵਾ ਦਿਯੋ ਹਰਿ ਪੈ ਬਿਨੇ ਉਚਾਰ॥੨॥**
**ਤੈਸੇ ਬਾਈ ਬਰਸ ਗੁਰ ਗੋਇੰਦਵਾਲ ਰਹੇ ਮਝਾਰ॥**
**ਪੁਤਰ ਨਾਹਿ ਕਿਸੀ ਕਾ ਮਰਿਉ ਬਿਦਤ ਸੰਸਾਰ॥੪॥** (ਪੰਥ ਪ੍ਰਕਾਸ਼)

ਇਹ ਵੱਖਰੀ ਗੱਲ ਹੈ ਕਿ ਕਿਸੇ ਪ੍ਰਭਤਾ ਵਡਿਆਈ ਲਈ ਅਜਿਹੀਆਂ ਸ਼ਕਤੀਆਂ ਦਾ ਪ੍ਰਦਰਸ਼ਨ ਗੁਰੂ ਘਰ ਵਿੱਚ ਸਖਤ ਬਿਵਰਜਤ ਹੈ ਪਰ ਇੱਥੇ ਤਾਂ ਸਤਿਗੁਰੂ ਦੀ ਮੌਜ ਦੀ ਗੱਲ ਹੈ। ਗੁਰੂ ਪੁੱਤਰ ਬਾਬਾ ਅਟੱਲ ਰਾਇ ਜੀ, ਬਾਬਾ ਗੁਰਦਿੱਤਾ ਜੀ ਆਦਿਕ ਦੇ ਜੀਵਨ ਦੀਆਂ ਘਟਨਾਵਾਂ ਸਾਡੇ ਸਾਹਮਣੇ ਹਨ। ਪਰਮੇਸ਼ਰ ਵੱਲੋਂ ਮਰੀ ਗਊ ਨੂੰ ਜੀਵਾਲਣ ਦਾ ਅਤੇ ਭਗਤ ਨਾਮਦੇਵ ਜੀ ਦੀ ਜੈ-ਜੈ ਕਾਰ ਕਰਵਾਉਣ ਦਾ ਬ੍ਰਿਤਾਂਤ ਗੁਰਬਾਣੀ ਅੰਦਰ ਆਪਾਂ ਅਕਸਰ ਪੜ੍ਹਦੇ ਹਾਂ ਕਿ ਪਰਮੇਸ਼ਰ ਜੀ ਨੇ ਭਗਤ ਨਾਮਦੇਵ ਜੀ ਨੂੰ ਪੁੱਛਿਆ ਕਿ ਜੇ ਆਖੇਂ ਤਾਂ ਇਹ ਧਰਤੀ ਪੁੱਠੀ ਕਰ ਦਿਆਂ ਤਾਂ ਜੋ ਤੇਰੇ ਤੇ ਜ਼ੁਲਮ ਕਰਨ ਵਾਲਿਆਂ ਦਾ, ਮੇਰੇ ਭਗਤ ਨੂੰ ਤੰਗੀ ਦੇਣ ਵਾਲਿਆਂ ਦਾ ਨਾਮੋ-ਨਿਸ਼ਾਨ ਮਿਟ ਜਾਵੇ, ਭਗਤ ਜੀ ਨੇ ਕਿਹਾ, ਨਹੀਂ ਪ੍ਰਮੇਸ਼ਵਰ ਪਿਤਾ ਜੀ ! ਅਜਿਹਾ ਨਹੀਂ। ਫਿਰ ਪ੍ਰਭੂ ਨੇ ਆਖਿਆ:-

**ਕਹਹਿ ਤ ਮੁਈ ਗਊ ਦੇਉ ਜੀਆਇ ॥**
**ਸਭੁ ਕੋਈ ਦੇਖੈ ਪਤੀਆਇ ॥੧੮॥**

ਭੈਰਉ ਨਾਮਦੇਵ ਜੀ, ਅੰਗ: ੧੧੬੬

ਭਗਤ ਜੀ ਦੇ ਹਾਂ ਕਰਨ ਤੇ ਪਰਮੇਸ਼ਰ ਨੇ ਮਰੀ ਹੋਈ ਗਾਂ ਜਿੰਦਾ ਕਰ ਦਿੱਤੀ:-

ਨਾਮਾ ਪ੍ਰਣਵੈ ਸੇਲ ਮਸੇਲ ॥ ਗਊ ਦੁਹਾਈ ਬਛਰਾ ਮੇਲਿ ॥੧੯॥

ਭੈਰਉ ਨਾਮਦੇਵ ਜੀ, ਅੰਗ: ੧੧੬੬

ਇਸ ਲਈ ਪਰਮੇਸ਼ਰ ਅਤੇ ਪਰਮੇਸ਼ਰ ਸਰੂਪ "ਸਤਿਗੁਰੂ" ਲਈ ਅਜਿਹੇ ਕੌਤਕ ਔਖੀ ਬਾਤ ਨਹੀਂ ਪਰਮੇਸ਼ਵਰ ਕੀ ਕਰ ਸਕਦਾ ਹੈ, ਕੀ ਤਾਕਤ ਰੱਖਦਾ ਹੈ, ਪੜੀਏ:-

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥

ਮਾਝ ਕੀ ਵਾਰ ਮ:੧, ਅੰਗ: ੧੪੪

ਪਰ ਇਹਨਾਂ ਕੌਤਕਾਂ ਨੂੰ ਮੰਨਣਾ ਉਹਨਾਂ ਲਈ ਔਖਾ ਹੋ ਨਿਬੜਦਾ ਹੈ ਜੋ ਗੁਰੂ ਨੂੰ, ਪਰਮੇਸ਼ਰ ਸਰੂਪ ਨਾ ਜਾਣ, "ਮਾਨੁਖ ਰੂਪ" ਜਾਣ ਮਨੁੱਖ ਦੀ ਹੋਂਦ ਹਸਤੀ ਵਿੱਚ ਵਲਗਣ ਦਾ ਯਤਨ ਕਰਨ ਲੱਗ ਪੈਂਦੇ ਹਨ। ਜੋ ਕੇਵਲ ਬੁੱਧੀ ਦੇ ਤਲ ਤੇ ਹੀ ਜੀਵਤ ਹਨ; ਸ਼ਰਧਾ, ਵਿਸ਼ਵਾਸ਼, ਭਰੋਸਾ ਅਥਵਾ ਸਿਦਕ ਦਿਲੀ ਦੀ ਘਾਟ ਇਹਨਾਂ ਦੇ ਗੁਰੂ ਉੱਪਰਲੇ ਭਰੋਸੇ ਨੂੰ ਹਿਲਾ ਦਿੰਦੀ ਹੈ।

"**ਗੁਰੂ ਕੇ ਸੀਨੇ, ਭਾਈ ਬਿਧੀ ਚੰਦ ਛੀਨੇ**" ਦੇ ਜੀਵਨ ਦੀ ਘਟਨਾ ਗੁਰੂ ਸਮਰੱਥਾ ਨੂੰ ਪ੍ਰਗਟ ਕਰਨ ਲਈ ਵਾਚੀਏ; ਜਦ ਭਾਈ ਸਾਹਿਬ ਪੱਟੀ ਦੇ ਫੌਜਦਾਰ ਵੱਲੋਂ ਗੁਰੂ ਭੇਟਾ ਕਰਨ ਹਿਤ ਲਿਆਂਦੇ ਗਏ ਦੁਸ਼ਾਲੇ ਜੋ ਸੰਗਤ ਪਾਸੋਂ ਖੋਹ ਲਏ ਸਨ, ਉਹ ਲੈਣ ਗਏ। ਜਦੋਂ ਆਪਣੀ ਹੁਸ਼ਿਆਰੀ ਨਾਲ ਭਾਈ ਸਾਹਿਬ ਜੀ ਨੇ ਉਹ ਦੁਸ਼ਾਲੇ ਤਾਂ ਵਾਪਿਸ ਲੈ ਲਏ ਪਰ ਮੁਗਲੀਆ ਫੌਜ ਦੇ ਸਿਪਾਹੀ ਭਾਈ ਸਾਹਿਬ ਦੇ ਮਗਰ ਲੱਗ ਗਏ। ਫੌਜ ਤੋਂ ਬਚਣ ਦਾ ਕੋਈ ਹੋਰ ਵਸੀਲਾ ਨਾ ਬਣਦਾ ਦੇਖ ਭਾਈ ਬਿਧੀ ਚੰਦ ਜੀ, ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਧਿਆਨ ਕਰ ਕੇ, ਇੱਕ ਬਲਦੇ ਹੋਏ ਭੱਠ[1] ਵਿੱਚ ਵੜ ਗਏ। ਉੱਧਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਪਾਣੀ ਦੇ ਘੜੇ ਲਿਆਉਣ ਲਈ ਕਿਹਾ ਅਤੇ ਆਪਣੇ ਚਰਨਾਂ ਉੱਪਰ ਪਾਣੀ ਪਾਉਣ ਦਾ ਹੁਕਮ ਕੀਤਾ, ਸਿੱਖਾਂ ਸਤਿਬਚਨ ਕਹਿ ਸਤਿਗੁਰੂ ਜੀ ਦੇ ਪਾਵਨ ਚਰਨਾਂ ਉੱਪਰ ਜਲ ਪਾਉਣਾ ਅਰੰਭ ਕਰ ਦਿੱਤਾ। ਇਸ ਖੇਡ ਦਾ ਭੇਦ ਉਦੋਂ ਸੰਗਤਾਂ ਸਾਹਵੇਂ ਪ੍ਰਗਟ ਹੋਇਆ ਜਦ ਭਾਈ ਸਾਹਿਬ ਦੁਸ਼ਾਲੇ ਲੈ ਕੇ ਸਹੀ ਸਲਾਮਤ ਸਤਿਗੁਰੂ ਜੀ ਦੇ ਸਨਮੁੱਖ ਹਾਜ਼ਰ ਹੋਏ। ਜਦ ਸਤਿਗੁਰੂ

੧. ਜਿੱਥੇ ਅੱਜਕੱਲ ਗੁਰਦੁਆਰਾ ਭੱਠ ਸਾਹਿਬ (ਪੱਟੀ) ਸੁਸ਼ੋਭਿਤ ਹੈ।

ਜੀ ਨੇ ਪੁੱਛਿਆ ਕਿ "ਸੇਕ ਤਾਂ ਨਹੀਂ ਲੱਗਾ?" ਭਾਈ ਸਾਹਿਬ ਨੇ ਆਖਿਆ ਕਿ ਸਤਿਗੁਰੂ ਜੀ ਆਪ ਜੀ ਦੇ ਚਰਨਾਂ ਦਾ ਧਿਆਨ ਧਰਨ ਸਦਕਾ ਆਪ ਨੇ ਰਹਿਮਤ ਕੀਤੀ:-

**ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ॥੧॥**

ਦੇਵਗੰਧਾਰੀ ਮ: ੫, ਅੰਗ: ੫੩੧

ਆਪ ਨੇ ਕ੍ਰਿਪਾ ਕਰਕੇ ਆਪਣਾ ਬਿਰਦ ਪਾਲਿਆ ਤੇ ਦਾਸ ਪਾਸੋਂ ਸੇਵਾ ਲਈ:-

**ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕੁ ਅਪਨੀ ਲਾਇਓ ਸੇਵ ॥੩॥**

ਰਾਮਕਲੀ ਮ: ੫, ਅੰਗ: ੮੯੮

ਤਦ ਸਿੱਖਾਂ ਨੂੰ ਸਪੱਸ਼ਟਤਾ ਹੋਈ ਕਿ ਭਾਈ ਸਾਹਿਬ ਜਦ ਉੱਧਰ ਪੱਟੀ ਵਿੱਚ ਬਲਦੇ ਭੱਠ ਵਿੱਚ ਬੈਠੇ ਸਨ ਇਧਰ ਸਤਿਗੁਰੂ ਜੀ ਆਪਣੇ ਚਰਨਾਂ ਉੱਪਰ ਜਲ ਪੁਆ ਕੇ ਉਸ ਅਗਨ ਦੇ ਸੇਕ ਨੂੰ ਠਾਰ ਰਹੇ ਸਨ। ਹੁਣ ਸਿਦਕ-ਦਿਲੀ ਵਾਲਿਆਂ ਦੇ ਮਨ ਵਿੱਚ ਤੇ ਰਤਾ ਵੀ ਭਰਮ ਨਹੀਂ ਕਿ ਇਹ ਕਿਵੇਂ ਹੋ ਸਕਦੈ? ਪਰ ਤਰਕ ਬੁੱਧੀ ਵਾਲੇ ਸ਼ਾਇਦ ਅਜਿਹੀਆਂ ਘਟਨਾਵਾਂ ਨੂੰ ਵੀ ਰੱਦ ਕਰਨ ਲਈ ਦਲੀਲਾਂ ਦਿੰਦੇ ਫਿਰਨ ਪਰ ਇਤਿਹਾਸ ਗਵਾਹ ਹੈ ਕਿ ਪੂਰਾ ਸਤਿਗੁਰੂ ਸਭ ਕੁਝ ਕਰਨ ਦੇ ਸਮਰੱਥ ਹੈ:-

**ਸਭ ਤੇ ਵਡ ਸਮਰਥ ਗੁਰਦੇਵ ॥**
**ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥**

ਭੈਰਉ ਮ: ੫, ਅੰਗ: ੧੧੫੨

**ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥**
**ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥**

ਰਾਗ ਗੂਜਰੀ ਮ: ੫, ਅੰਗ: ੫੨੨

**ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥**
**ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥**

ਜੈਤਸਰੀ ਕੀ ਵਾਰ ਮ: ੫, ਅੰਗ: ੭੧੦

ਆਪਾਂ ਵੀਚਾਰ ਕਰ ਰਹੇ ਸਾਂ ਕਿ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸਾ ਸਿਰਜਣਾ ਮੌਕੇ ਜਦ ਸਿੱਖਾਂ ਦੇ ਸੀਸ ਮੰਗੇ ਤਦ ਤੰਬੂ ਵਿੱਚ ਲਿਜਾ ਕੇ ਉਹ ਸੀਸ ਤਲਵਾਰ ਦੀ ਭੇਟ ਕੀਤੇ ਜਾਂ ਕਮਜ਼ੋਰ ਦਿਲਾਂ ਵਾਲੇ ਤਰਕੀਆਂ ਦੀ ਵੀਚਾਰ ਮੁਤਾਬਿਕ ਬੱਕਰਿਆਂ ਦੇ ਸਿਰ ਵੱਢੇ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੰਬੂ ਵਿੱਚ "ਸਿਰ ਧੜ ਤੋਂ ਅਲੱਗ" ਕਰਨ ਦੀ ਕਾਰ ਕਲਗੀਧਰ ਜੀ ਦੀ ਤੇਗ ਨੇ ਅਵੱਸ਼ ਕੀਤੀ ਕਿਉਂਕਿ ਇਹ ਸਾਰੇ ਹੀ ਮੰਨਦੇ ਹਨ ਕਿ ਜਦ-ਜਦ ਗੁਰਦੇਵ ਜੀ ਤੰਬੂ ਵਿੱਚੋਂ ਬਾਹਰ ਆਏ ਤਦ ਤੇਗ ਲਹੂ ਨਾਲ ਲਿੱਬੜੀ ਪਈ ਸੀ ਅਤੇ ਇਤਿਹਾਸ ਇਹ ਵੀ ਕਹਿੰਦਾ ਹੈ ਕਿ ਸਿਰਾਂ ਦੀ

ਕੁਰਬਾਨੀ ਤੋਂ ਬਾਅਦ ਲਹੂ ਦੀ ਧਾਰ ਤੰਬੂ ਤੋਂ ਬਾਹਰ ਵੀ ਆਈ ਭਾਵ ਕਿ ਸਿਰ ਧੜ ਤੋਂ ਅਲੱਗ ਅਵੱਸ਼ ਹੋਏ। ਮੈਨੂੰ ਇੱਥੇ ਸਿਰਦਾਰ ਕਪੂਰ ਸਿੰਘ ਹੋਰਾਂ ਦੀ ਜ਼ੁਬਾਨੋਂ ਇਸੇ ਸੰਦਰਭ ਵਿੱਚ ਸੁਣੇ ਵੀਚਾਰ ਲਿਖਣ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ। ਇਹ ਵਾਰਤਾ ੧੯੭੫ ਈ: ਦੀ ਹੈ, ਸਮੁੱਚੇ ਪੰਥ ਨੇ ਫੈਸਲਾ ਕੀਤਾ ਕਿ ੧੯੭੫ ਈ: ਦੀ ਵਿਸਾਖੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਸਮੁੱਚੇ ਪੰਥਕ ਰੂਪ ਵਿੱਚ ਮਨਾਉਣੀ ਹੈ। ਗੁਰੂ ਨਾਨਕ ਨਾਮ ਲੇਵਾ ਆਪਣੇ-ਆਪਣੇ ਨਗਰਾਂ ਵਿੱਚ ਵਿਸਾਖੀ ਪੁਰਬ ਇਸ ਦਿਨ ਤੋਂ ਅੱਗੇ-ਪਿੱਛੇ ਕਰ ਕੇ ਮਨਾ ਲਵੇ ਪਰ ਵਿਸਾਖੀ ਦਾ ਮੁੱਖ ਪੁਰਬ (ਦਿਹਾੜਾ) ਸਮੁੱਚੀ ਕੌਮ ਸ੍ਰੀ ਅਨੰਦਪੁਰ ਸਾਹਿਬ ਮਨਾਵੇ, ਹੋਇਆ ਵੀ ਇੰਝ ਹੀ। ਸੱਚਖੰਡਵਾਸੀ ਮਹਾਂਪੁਰਖ ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਨਾਲ ਅਸੀਂ ਵੀ ਇਸ ਸਿਰਜਣਾ ਦਿਵਸ ਤੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਪ੍ਰਬੰਧਕਾਂ ਵੱਲੋਂ ਬੜੀ ਮਿਹਨਤ ਨਾਲ ਇਸ ਪੁਰਬ ਨੂੰ ਮਨਾਉਣ ਲਈ ਵੱਖੋ-ਵੱਖਰੇ ਪ੍ਰੋਗਰਾਮ ਉਲੀਕੇ ਹੋਏ ਸਨ, ਜਿਨ੍ਹਾਂ ਵਿੱਚੋਂ ਪੰਥਕ ਵਿਦਵਾਨਾਂ ਦਾ ਇੱਕ ਸੈਮੀਨਾਰ ਕਰਾਉਣ ਦਾ ਉਪਰਾਲਾ ਵੀ ਕੀਤਾ ਗਿਆ, ਜਿਸ ਵਿੱਚ ਵੱਖੋ-ਵੱਖਰੇ ਵਿਸ਼ਿਆਂ ਤੇ ਵਿਦਵਾਨਾਂ ਨੇ ਆਪਣੇ ਖੋਜ ਪੱਤਰ ਪੜ੍ਹਨੇ ਸਨ ਅਥਵਾ ਲੈਕਚਰ ਦੇਣੇ ਸਨ। ਇਸ ਸੈਮੀਨਾਰ ਦਾ ਸੰਚਾਲਨ ਪੰਥ ਦੇ ਮਹਾਨ ਵਿਦਵਾਨ ਸਿਰਦਾਰ ਕਪੂਰ ਸਿੰਘ ਜੀ ਦੇ ਜ਼ਿੰਮੇਂ ਸੀ। ਅਸੀਂ ਵੀ ਉਸ ਸੈਮੀਨਾਰ ਵਿੱਚ ਵੀਚਾਰਾਂ ਦੀ ਸਾਂਝ ਗ੍ਰਹਿਣ ਕਰਨ ਲਈ ਪੁੱਜੇ।

ਸਿਰਦਾਰ ਸਾਹਿਬ ਨੇ ਵਿਸਥਾਰ ਸਹਿਤ ਦੱਸਿਆ ਕਿ ਵਿਦਵਾਨਾਂ ਦੇ ਕੀਮਤੀ, ਖੋਜ ਭਰਪੂਰ ਵੀਚਾਰ ਸੰਗਤਾਂ ਤੱਕ ਵੀ ਪੁੱਜਣ ਇਸ ਲਈ ਇਹ ਪ੍ਰੋਗਰਾਮ ਵਿਸ਼ੇਸ਼ ਕਰਕੇ ਉਲੀਕਿਆ ਹੈ। ਨਾਲ ਹੀ ਉਹਨਾਂ ਆਖਿਆ ਕਿ ਹਰ ਬੁਲਾਰੇ ਦੇ ਵੀਚਾਰ ਸੁਣਨ ਤੋਂ ਬਾਅਦ ਜੇਕਰ ਕਿਸੇ ਕਿਸਮ ਦਾ ਸੁਆਲ ਜਾਂ ਸ਼ੰਕਾ ਸਾਡੇ ਮਨ ਵਿੱਚ ਪੈਦਾ ਹੋਇਆ ਤਦ ਸੰਗਤ ਵੱਲੋਂ ਮੈਂ ਉਹ ਸੁਆਲ ਉਸ ਵਿਦਵਾਨ ਨੂੰ ਅਵੱਸ਼ ਕਰਨੇ ਹਨ ਤੇ ਆਸ ਕਰਦਾ ਹਾਂ ਕਿ ਹਰ ਵਿਦਵਾਨ ਦੀ ਖੋਜ ਜੋ ਉਸ ਨੇ ਸੰਗਤ ਨਾਲ ਸਾਂਝੀ ਕਰਨੀ ਹੈ ਫਿਰ ਸੰਗਤ ਦੇ ਮਨ ਵਿਚਲੇ ਪ੍ਰਸ਼ਨਾਂ ਦਾ ਉੱਤਰ ਵੀ ਉਸ ਗੁਰਮੁੱਖ ਪਿਆਰੇ ਲਈ ਦੇਣਾ ਜ਼ਰੂਰੀ ਬਣਦਾ ਹੈ। ਇਸ ਦੇ ਨਾਲ ਹੀ ਉਹਨਾਂ ਜਿਕਰ ਕੀਤਾ ਕਿ ਸਤਿਗੁਰੂ ਜੀ ਵੱਲੋਂ ਇਸ ਪਾਵਨ ਅਸਥਾਨ ਤੇ ਕੌਮ ਦੀ ਸਿਰਜਣਾ ਕਰਨ ਲਈ ਜਦ ਸੀਸ ਮੰਗੇ, ਗੁਰਸਿੱਖਾਂ ਨੇ ਸੀਸ ਭੇਟ ਕੀਤੇ ਤੇ ਸਤਿਗੁਰੂ ਜੀ ਨੇ ਤੰਬੂ ਵਿੱਚ ਲਿਜਾ ਕੇ ਉਹਨਾਂ ਦੇ ਸੀਸ ਧੜ ਤੋਂ ਅਲੱਗ ਕਰਕੇ:

**ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ**
**ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥**

ਬਿਹਾਗੜਾ ਮ: ੪, ਅੰਗ: ੫੩੯

ਦੀ ਕਾਰ ਕੀਤੀ ਸੀ ਪਰ ਮੈਨੂੰ ਕੰਨਸੋਅ ਪਈ ਹੈ ਕਿ ਕੁੱਝ ਵਿਦਵਾਨ ਸੱਜਣ, ਸਿੱਖਾਂ ਦੇ ਸੀਸ ਧੜ ਤੋਂ ਅਲੱਗ ਕਰਨ ਦੀ ਥਾਂ "ਬੱਕਰੇ ਵੱਢਣ" ਦੀ ਕਹਾਣੀ ਨੂੰ ਆਪਣੀ ਖੋਜ ਦਾ ਵਿਸ਼ਾ ਬਣਾ ਕੇ ਪੇਸ਼ ਕਰਨ ਲਈ ਆਏ ਹਨ। ਸਿਰਦਾਰ ਸਾਹਿਬ ਨੇ ਕਿਹਾ ਕਿ ਮੈਂ ਪਹਿਲੋਂ ਹੀ ਉਹਨਾਂ ਦੇ ਧਿਆਨ ਵਿੱਚ ਲਿਆ ਦਿਆਂ ਕਿ ਕੁੱਝ ਨੁਕਤੇ ਸਿਦਕ-ਦਿਲੀ ਵਾਲਿਆਂ ਦੀ ਸੁਰਤ ਵਿੱਚ ਹਨ, ਉਹਨਾਂ ਨੂੰ ਜ਼ਰੂਰ ਸਪੱਸ਼ਟ ਕੀਤਾ ਜਾਵੇ। ਭਾਂਵੇਂ ਇਹ ਬ੍ਰਿਤਾਂਤ ਵੇਖੇ ਸੁਣੇ ਨੂੰ ਬਹੁਤ ਸਮਾਂ ਹੋ ਗਿਆ ਹੈ, ਹੋ ਸਕਦੈ ਕਿ ਹੂ-ਬ-ਹੂ ਅੱਖਰ ਸਿਮ੍ਰਤੀ ਵਿੱਚ ਨਾ ਹੋਣ ਪਰ ਉਹਨਾਂ ਵੀਚਾਰਾਂ ਦਾ ਤੱਤਸਾਰ ਜੋ ਇੱਥੇ ਸਾਂਝਾ ਕਰ ਰਹੇ ਹਾਂ, ਇੰਨ ਬਿੰਨ ਉਹੋ ਹੈ ਜੋ ਉਸ ਸੈਮੀਨਾਰ ਵਿੱਚ ਵਾਪਰਿਆ। ਸਿਰਦਾਰ ਕਪੂਰ ਸਿੰਘ ਜੀ ਨੇ ਨੁਕਤੇ ਉਠਾਏ ਕਿ:

- ਅਜਿਹਾ ਕਹਿਣਾ ਕਿ ਸਿੱਖਾਂ ਦੇ ਸਿਰ ਮੰਗ ਕੇ ਸਤਿਗੁਰੂ ਜੀ ਨੇ ਬੱਕਰੇ ਝਟਕਾ ਦਿੱਤੇ, ਕੀ ਇਹ ਸਤਿਗੁਰੂ ਜੀ ਦੇ ਕਿਰਦਾਰ ਅਤੇ ਆਚਾਰ ਉੱਪਰ ਸੁਆਲ ਉਠਾਉਣ ਵਾਲੀ ਗੱਲ ਨਹੀਂ? ਕੀ "ਸਚਿਆਰ ਨਿਰਮਲ ਪੰਥ ਦੀ ਸਾਜਨਾ" ਝੂਠ ਦੀ ਨੀਂਹ ਉੱਪਰ ਰੱਖੀ ਜਾਣੀ ਸੀ?

- ਕੀ ਸਤਿਗੁਰੂ ਜੀ ਦੇ ਜੀਵਨ ਵਿੱਚ ਕਦੇ ਇਹ ਸਮਾਂ ਆਇਆ ਜਦ ਸਤਿਗੁਰੂ ਜੀ ਨੇ ਕਿਹਾ ਕੁੱਝ ਹੋਰ ਹੋਵੇ ਤੇ ਕੀਤਾ ਕੁੱਝ ਹੋਰ ਹੋਵੇ? ਸਤਿਗੁਰੂ ਜੀ ਤਾਂ ਔਰੰਗਜ਼ੇਬ ਨੂੰ ਵੀ ਇਹ ਕਹਿ ਕੇ ਲਾਹਣਤ ਪਾ ਰਹੇ ਹਨ ਕਿ ਉਹ ਮਰਦ ਦਾ ਬੱਚਾ ਹੀ ਨਹੀਂ, ਜਿਸ ਦੇ ਮਨ ਵਿੱਚ ਕੁੱਝ ਹੋਰ ਹੋਵੇ ਤੇ ਮੂੰਹ ਉੱਪਰ ਕੁੱਝ ਹੋਰ ਹੋਵੇ।

- ਕੀ ਪੰਜਾਂ ਪਿਆਰਿਆਂ ਵਿੱਚੋਂ ਕਦੇ ਕਿਸੇ ਇੱਕ ਨੇ ਵੀ ਕਿਸੇ ਸਿੱਖ ਨਾਲ ਕਿਸੇ ਵੀ ਮੌਕੇ ਇਹ ਬਚਨ ਸਾਂਝਾ ਨਾ ਕੀਤਾ ਕਿ ਗੁਰਦੇਵ ਜੀ ਨੇ ਸਾਡੇ ਸਿਰ ਨਹੀਂ ਲਏ ਬਲਕਿ ਬੱਕਰੇ ਝਟਕਾਏ ਸਨ। ਇੱਥੇ ਗੱਲ ਇੱਕ ਸਿੱਖ ਦੀ ਨਹੀਂ ਇਹ ਭਾਣਾ ਪੰਜਾਂ ਨਾਲ ਵਰਤਿਆ। ਇਤਿਹਾਸ ਵਿੱਚ ਜਾਂ ਸੀਨਾ-ਬਸੀਨਾ ਕੋਈ ਇੱਕ ਵੀ ਅਜਿਹੀ ਘਟਨਾ ਨਹੀਂ ਮਿਲਦੀ ਜਦ ਇਹਨਾਂ ਪੰਜਾਂ ਗੁਰਸਿੱਖਾਂ ਨੇ ਇਹ ਗੱਲ ਸੰਗਤ ਨਾਲ ਸਾਂਝੀ ਕੀਤੀ ਹੋਵੇ। ਹਾਂ, ਇਤਿਹਾਸ ਇਹ ਜ਼ਰੂਰ ਕਹਿੰਦਾ ਹੈ ਕਿ ਜਦ ਸਤਿਗੁਰੂ ਜੀ ਨੇ ਪੰਜਾਂ ਪਾਸੋਂ ਖੰਡੇ ਦੀ ਪਾਹੁਲ ਦੀ ਜਾਚਨਾ ਕੀਤੀ ਤਾਂ ਭਾਈ ਦਇਆ ਸਿੰਘ ਜੀ ਨੇ ਕਿਹਾ ਕਿ "ਸਤਿਗੁਰੂ ਜੀ! ਅਸੀਂ ਇਹ ਅੰਮ੍ਰਿਤ ਸਿਰ ਦੇ ਕੇ ਲਿਆ ਹੈ ਆਪ ਜੀ ਕੀ ਭੇਟਾ ਦਿਓਗੇ?" ਕੀ ਭਾਈ ਦਇਆ ਸਿੰਘ ਜੀ ਨੂੰ ਨਹੀਂ ਸੀ ਪਤਾ ਕਿ ਇਹ ਸੀਸ ਭੇਟ ਮੰਗਣੇ ਤਾਂ ਸਤਿਗੁਰੂ ਜੀ ਦੀ ਖੇਡ ਹੀ ਸੀ ਅਸਲ ਵਿੱਚ ਅਸੀਂ ਸਿਰ ਨਹੀਂ ਦਿੱਤੇ?

- ਸਤਿਗੁਰੂ ਜੀ ਦੇ ਹਰ ਕਰਮ ਤੇ ਮੌਕੇ ਦੀ ਸਲਤਨਤ ਦੀ ਬਾਜ ਅੱਖ ਸੀ ਕਿਉਂਕਿ ਉਹ ਗੁਰਦੇਵ ਜੀ ਨੂੰ ਆਪਣੇ ਲਈ ਖਤਰਾ ਸਮਝਦੇ ਸਨ। ਵੈਸਾਖੀ ਤੇ ਹੋਏ ਸੰਗਤ

ਦੇ ਇਕੱਠ ਵਿੱਚ ਸਤਿਗੁਰੂ ਕੀ ਕਰਦੇ ਹਨ ਇਸ ਦੀ ਵਿਸਥਾਰਤ ਸੂਹ ਦੇਣ ਲਈ ਮੁਗਲੀਆ ਸਰਕਾਰ ਦੇ ਸੂਹੀਏ ਵੀ ਉੱਥੇ ਹਰ ਹਾਲਤ ਮੌਜੂਦ ਸਨ, ਜਿਨ੍ਹਾਂ ਦੀਆਂ ਦਿੱਤੀਆਂ ਰਿਪੋਰਟਾਂ ਇਤਹਾਸ ਦੇ ਪੰਨਿਆਂ ਦੀ ਗਵਾਹੀ ਬਣੀਆਂ ਹਨ। ਕਿਸੇ ਵੀ ਰਿਪੋਰਟ ਵਿੱਚ ਅਜਿਹਾ ਕੋਈ ਬ੍ਰਿਤਾਂਤ ਨਹੀਂ ਮਿਲਦਾ ਜਿਸ ਵਿੱਚ ਉਹਨਾਂ ਮੁਗਲ ਸੂਹੀਆਂ ਨੇ ਬੱਕਰਿਆਂ ਦੀ ਕਹਾਣੀ ਦਾ ਕੋਈ ਜ਼ਿਕਰ ਕੀਤਾ ਹੋਵੇ। ਲੱਗੇ ਹੋਏ ਤੰਬੂਆਂ, ਪੰਡਾਲਾਂ ਦੀ ਟੋਹ ਜਾਂ ਸੂਹ ਲੈਣੀ ਹੀ ਉਹਨਾਂ ਦਾ ਕੰਮ ਸੀ, ਕਿਤੇ ਨਹੀਂ ਮਿਲਦਾ ਕਿ ਉਹਨਾਂ ਲਿਖਿਆ ਹੋਵੇ ਕਿ ਇੱਕ ਤੰਬੂ ਵਿੱਚ ਅਸੀਂ ਬੱਕਰੇ ਬੰਨ੍ਹੇ ਦੇਖੇ ਜਾਂ ਉਸ ਤੰਬੂ ਨੇੜੇ ਸਾਨੂੰ ਕਿਸੇ ਨੇ ਜਾਣ ਨਹੀਂ ਦਿੱਤਾ ਵਗੈਰਾ-ਵਗੈਰਾ। ਪਰ ਜੇ ਅੱਜ ਦੇ ਕਿਸੇ ਵਿਦਵਾਨ ਪਾਸ ਕੋਈ ਹੋਰ ਜਾਣਕਾਰੀ ਹੋਵੇ ਤਾਂ ਜ਼ਰੂਰ ਸਾਂਝੀ ਕਰੇ।

- ਅਸੀਂ ਬੁੱਚੜਖਾਨਿਆਂ ਵਿੱਚ ਤੱਕਦੇ ਹਾਂ ਕਿ ਜਦ ਕਸਾਈ, ਬੱਕਰਾ ਜਾਂ ਭੇਡ ਵੱਢਦਾ ਹੈ ਤਦ ਆਪਣੇ ਸਾਥੀ ਦਾ ਕਤਲ ਹੋਇਆ ਤੱਕ ਅਤੇ ਆਪਣੀ ਮੌਤ ਆਈ ਜਾਣ ਬੱਕਰਾ ਜਾਂ ਭੇਡੂ ਜੀਵਨ-ਦਾਨ ਦੇ ਤਰਲੇ ਵਜੋਂ ਕਸਾਈ ਮੂਹਰੇ ਮਿਆਂਕਦਾ ਹੈ ਅਤੇ ਜਾਨਵਰਾਂ ਦਾ ਇਹ ਵਿਰਲਾਪ ਅਕਸਰ ਦਇਆਵਾਨ ਹਿਰਦੇ ਲਈ ਸੁਨਣਾ ਔਖਾ ਹੋ ਜਾਂਦਾ ਹੈ। ਉਂਝ ਵੀ ਜਦ ਬੱਕਰਿਆਂ ਆਦਿਕ ਜਾਨਵਰਾਂ ਦਾ ਇਕੱਠ ਹੋਵੇ ਤਦ ਉਹਨਾਂ ਦੇ ਮਿਆਂਕਣ ਦਾ ਰੌਲਾ ਰੱਪਾ ਆਮ ਸਧਾਰਣ ਬਾਤ ਹੈ ਪਰ ਪੰਜ ਬੱਕਰੇ ਤੰਬੂ ਵਿੱਚ ਹੋਣ, ਨਾ ਤਾਂ ਕਿਸੇ ਨੇ ਸਾਰੀ ਰਾਤ ਉਹਨਾਂ ਦੀ ਅਵਾਜ਼ ਸੁਣੀ ਤੇ ਨਾ ਹੀ ਕਲਗੀਧਰ ਜੀ ਵੱਲੋਂ ਪਹਿਲਾ ਬੱਕਰਾ ਵੱਢਣ ਤੇ ਦੂਸਰੇ ਬੱਕਰਿਆਂ ਨੇ ਕੋਈ ਹਾ-ਪਾਹਰਿਆ ਕੀਤੀ। ਕਿਉਂਕਿ ਇਤਿਹਾਸ ਇਸ ਬਾਰੇ ਬਿਲਕੁਲ ਚੁੱਪ ਹੈ ਕਿ ਕੀ ਕਿਸੇ ਨੇ ਕੋਈ ਅਵਾਜ਼ ਸੁਣੀ।

- ਇਤਿਹਾਸ ਵਿੱਚ ਕਿਸੇ ਦੇ ਨਾਂ ਦਾ ਜ਼ਿਕਰ ਨਹੀਂ ਆਉਂਦਾ ਤੇ ਨਾ ਹੀ ਕੋਈ ਐਸਾ ਵਿਵਰਣ ਮਿਲਦਾ ਹੈ ਕਿ ਇਹ ਬੱਕਰੇ ਕਲਗੀਧਰ ਜੀ ਨੇ ਕਿਸ ਸਿੱਖ ਜਾਂ ਸਿੱਖਾਂ ਪਾਸੋਂ ਕਿੱਥੋਂ ਮੰਗਵਾਏ। ਜੇ ਕਿਸੇ ਸਿੱਖ ਨੇ ਗੁਰੂ ਹੁਕਮ ਅਨੁਸਾਰ ਇਹ ਬੱਕਰੇ ਅੰਦਰ ਬੰਨ੍ਹੇ ਵੀ ਮੰਨ ਲਈਏ ਤਾਂ ਕੀ ਉਸ ਸਿੱਖ ਨੇ ਅੰਦਾਜ਼ਾ ਨਾ ਲਾਇਆ ਕਿ ਸਤਿਗੁਰੂ ਜੀ ਨੇ ਸਿੱਖਾਂ ਦੇ ਸਿਰ ਤਾਂ ਕਹਿਣ ਮਾਤਰ ਹੀ ਮੰਗੇ ਹਨ ਝਟਕਾਉਣੇ ਤਾਂ ਬੱਕਰੇ ਹੀ ਹਨ। ਫਿਰ ਉਹ ਸਿੱਖ ਕਿਉਂ ਨਾ ਗੁਰੂ ਦੀ ਖੁਸ਼ੀ ਪ੍ਰਾਪਤ ਕਰਨ ਲਈ ਪਹਿਲੀ ਅਵਾਜ਼ ਤੇ ਹੀ ਉੱਠੇ? ਉੱਠ ਜਾਣੇ ਚਾਹੀਦੇ ਸਨ। ਹਰ ਵਾਰ ਸਤਿਗੁਰੂ ਜੀ ਨੂੰ ਤਿੰਨ ਵਾਰ ਲਲਕਾਰ ਮਾਰਨੀ ਪਈ।

- ਇਤਿਹਾਸ ਬਿਲਕੁਲ ਖਾਮੋਸ਼ ਹੈ ਕਿ ਸਾਰੇ ਕੌਤਕ ਤੋਂ ਬਾਅਦ ਉਹ ਵੱਢੇ ਹੋਏ ਪੰਜ ਬੱਕਰੇ ਕਿੱਧਰ ਗਏ? ਉਹਨਾਂ ਦੇ ਮ੍ਰਿਤਕ ਸਰੀਰਾਂ ਦਾ ਹੋਇਆ ਕੀ? ਕਿਹੜੇ ਗੁਰਸਿੱਖਾਂ

ਨੇ ਉਸ ਜਗ੍ਹਾ ਦੀ ਸਫ਼ਾਈ ਕੀਤੀ ਜਾਂ ਉਹ ਬੱਕਰੇ ਕਿਸ ਠਿਕਾਣੇ ਲਗਾਏ? ਉਹਨਾਂ ਦੀਆਂ ਰਾਤ ਭਰ ਦੀਆਂ ਮੇਂਗਣਾਂ ਦੀ ਸਫ਼ਾਈ ਕਿਸ ਨੇ ਕੀਤੀ?

ਦਾਸ ਨੂੰ ਅੱਜ ਤੱਕ ਯਾਦ ਹੈ ਕਿ ਸਿਰਦਾਰ ਕਪੂਰ ਸਿੰਘ ਜੀ ਦੇ ਦ੍ਰਿੜਤਾ ਭਰੇ ਬਾ-ਦਲੀਲ ਸੁਆਲਾਂ ਨੇ ਮੌਕੇ 'ਤੇ ਹਾਜ਼ਿਰ ਕਈ ਵਿਦਵਾਨਾਂ ਦੇ ਚਿਹਰਿਆਂ ਤੇ ਪਸੀਨਾ ਲੈ ਆਂਦਾ ਅਤੇ ਇੱਕ ਨੇ ਤਾਂ ਆਪਣੇ ਵੀਚਾਰ ਪ੍ਰਗਟ ਕਰਨ ਤੋਂ ਅਸਮਰੱਥਾ ਵੀ ਪ੍ਰਗਟਾ ਦਿੱਤੀ। ਜਿਤਨੇ ਵੀ ਬੁਲਾਰੇ ਬੋਲੇ ਸਾਰਿਆਂ ਨੇ ਕਲਗੀਧਰ ਪਾਤਸ਼ਾਹ ਜੀ ਦੀ ਵਡਿਆਈ ਅਤੇ ਉਸ ਪਾਵਨ ਦਿਹਾੜੇ ਕੀਤੀ ਅਨੋਖੀ ਕਾਰ ਅਤੇ ਅਨੋਖੇ ਕੌਤਕ ਦੀ ਸਰਾਹਣਾ ਕਰਦਿਆਂ ਸਤਿਗੁਰੂ ਦੀ ਉਸਤਤ ਵਿੱਚ ਹੀ ਵਿਚਾਰ ਰੱਖੇ। ਸਿਰਦਾਰ ਸਾਹਿਬ ਦੇ ਵਾਰ-ਵਾਰ ਕਹਿਣ ਤੇ ਵੀ ਕਿਸੇ "ਬੁੱਧੀਜੀਵੀ" ਨੇ "ਬੱਕਰੇ ਵੱਢਣ" ਦੀ ਢਾਹੂ ਅਤੇ ਬੇ-ਸਿਰ ਪੈਰੀ ਕਹਾਣੀ ਨੂੰ ਛੋਹਿਆ ਤੱਕ ਵੀ ਨਾ। ਅੱਜ ਵੀ ਜੇ ਕਿਤੇ ਇਹ ਵਿਚਾਰ ਚੱਲਦੀ ਹੈ ਤਾਂ ਇਨ੍ਹਾਂ ਉਪ੍ਰੋਕਤ ਸੁਆਲਾਂ ਦੇ ਜੁਆਬ ਨਹੀਂ ਮਿਲਦੇ।

ਜਿਵੇਂ ਪਹਿਲੋਂ ਹੀ ਬੇਨਤੀ ਕੀਤੀ ਹੈ ਕਿ ਪੂਰੇ ਸਤਿਗੁਰੂ ਦੀ ਸਮਰੱਥਾ ਨੂੰ ਮਾਪਣ ਦਾ ਹੀਆ ਕੋਈ ਵੀ ਸਿਦਕ-ਦਿਲੀ ਵਾਲਾ ਸਿੱਖ ਨਹੀਂ ਕਰ ਸਕਦਾ। ਅਸੀਂ ਆਪਣੇ ਆਪ ਨੂੰ ਸਿੱਖ ਕਹਾਉਣ ਵਾਲੇ ਇਹੋ ਜਿਹੀਆਂ ਢੁੱਚਰਾਂ ਡਾਹ ਕੇ ਆਪਣੇ ਸਮਰੱਥ ਗੁਰਦੇਵ ਦੀ ਵਡਿਆਈ ਨੂੰ ਛੁਟਿਆਉਣ ਦਾ ਕੋਝਾ ਯਤਨ ਜ਼ਰੂਰ ਕਰਦੇ ਹਾਂ ਪਰ ਇਹ ਖਿਆਲ ਮਨ ਵਿੱਚ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਗੁਰਸਿੱਖ ਦੀ ਮਨੋਬ੍ਰਿਤੀ ਕੀ ਹੈ?

**ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ॥**
**ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ॥**
**ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ॥**
**ਗੁਰ ਸਤਿਗੁਰੁ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ॥**
**ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ॥**
**ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥**
**ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ॥**

ਗਉੜੀ ਮ:੪, ਅੰਗ:੩੧੦

ਇਤਿਹਾਸਕ ਹਵਾਲਿਆਂ ਵਿੱਚ ਗੈਰ-ਸਿੱਖਾਂ ਦੀ ਸ਼ਰਧਾ ਅਤੇ ਸਤਿਗੁਰੂ ਜੀ ਦੇ ਇਸ ਅਲੌਕਿਕ ਕਾਰਨਾਮੇ ਦੀ ਛਾਪ ਸਮੋਈ ਹੋਈ ਮਿਲਦੀ ਹੈ। ਅਖਬਾਰਾਂ ਵਿੱਚ ਵੀ ਇਹ ਬ੍ਰਿਤਾਂਤ ਛਪ ਚੁੱਕਾ ਹੈ ਅਤੇ ਕਈ ਪੁਸਤਕਾਂ ਵਿੱਚ ਵੀ ਇਸਦਾ ਹਵਾਲਾ ਮਿਲਦਾ ਹੈ। ਵੈਦ ਗੁਰਚਰਨ ਸਿੰਘ 'ਰੁੜਕੀ' ਦੀ ਲਿਖਤ ਪੁਸਤਕ "ਵੈਸਾਖੀ ਦੀ ਸਾਖੀ" ਦੇ ਪੰਨਾ ੨੭ ਤੇ ਇਹ ਰਿਪੋਰਟ ਜੋ ਔਰੰਗਜ਼ੇਬ ਦੇ ਖੁਫ਼ੀਆਂ

ਸਿਪਾਹੀ ਅਬਦੂਲ ਤਿਰਾਨੀ ਨੇ ਔਰੰਗਜ਼ੇਬ ਨੂੰ ੧੬੯੯ ਈ: ਦੀ ਵਿਸਾਖੀ ਸਬੰਧੀ ਭੇਜੀ ਸੀ ਉਹ ਦਰਜ਼ ਕੀਤੀ ਹੈ ਜਿਸ ਦਾ ਹੁ-ਬ-ਹੂ ਉਤਾਰਾ ਧੰਨਵਾਦ ਸਹਿਤ ਅਸੀਂ ਇੱਥੇ ਦੇ ਰਹੇ ਹਾਂ:-

ਪੰਜਾਂ ਪਿਆਰਿਆਂ ਦੇ ਸਿਰ ਝਟਕਣ ਦੇ ਬਾਰੇ ਔਰੰਗਜ਼ੇਬ ਦੇ ਰਿਪੋਰਟਰ ਦੀ ਉਸ ਵਕਤ ਦੀ ਰਿਪੋਰਟ ਦੀ ਨਕਲ ਉਰਦੂ ਦੀ ਪੁਸਤਕ ਵਿੱਚੋਂ ਪੰਜਾਬੀ ਵਿੱਚ ਉਲੱਥਾ ਕਰਕੇ ਲਿਖੀ "ਰਾਮਗੜ੍ਹੀਆ ਇਤਿਹਾਸ" ਦੇ ਵਿੱਚੋਂ ਅਸੀਂ ਪ੍ਰਮਾਣ ਦੇ ਤੌਰ 'ਤੇ ਪਾਠਕਾਂ ਦੀ ਭੇਟਾ ਕਰਦੇ ਹਾਂ। ਲੇਖਕ ਬਖਸ਼ੀ ਸਿੰਘ "ਆਦਿਲ" ਬਟਾਲਾ ਜੀ ਹਨ ਅਤੇ ਪ੍ਰਕਾਸ਼ਕ ਸ੍ਰਦਾਰ ਗੁਰਮੁਖ ਸਿੰਘ ਜੀ ਐਂਡ ਸੰਜ਼ ਲੁਧਿਆਣਾ।

ਕਈ ਬਹੁਤ ਪੜ੍ਹੇ ਲਿਖੇ ਭੀ ਪਰ ਆਤਮਿਕ ਸ਼ਕਤੀਆਂ ਤੋਂ ਅਨਜਾਣ ਸ੍ਰੀ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਅਥਾਹ ਸ਼ਕਤੀ ਤੇ ਈਮਾਨ ਨਾ ਰੱਖਣ ਵਾਲੇ ਅਤੇ ਅਸ਼ਰਧਾਲੂ, ਸਿੱਖ ਗੁਰੂਆਂ ਦੀ ਅਤਿ ਉੱਚੀ ਰੂਹਾਨੀਅਤ ਤੋਂ ਮੁਨਕਰ ਅਤੇ ਸੁਤੇ-ਸਿਧ ਵਾਪਰੀਆਂ ਕਈ ਕਰਾਮਾਤਾਂ ਨੂੰ ਨਾ ਮੰਨਣ ਵਾਲੇ, ਭਾਵੇਂ ਇਸ ਘਟਨਾ ਨਾਲ ਨਾ ਸਹਿਮਤ ਹੋਣ ਪਰ ਇਹ ਸੱਚੀ ਵਾਪਰੀ ਘਟਨਾ ਜ਼ਰੂਰ ਹੈ।

ਬਟਾਲੇ ਤੋਂ ਚੜ੍ਹਦੇ ਪਾਸੇ ਗੁਰਦਾਸਪੁਰ ਵਾਲੀ ਸੜਕ ਉੱਤੇ ਸ਼ਹਿਰੋਂ ਕੋਈ ਡੇਢ-ਕੁ ਮੀਲ ਦੀ ਵਿੱਥ 'ਤੇ ਪਿੰਡ ਕਿਲ੍ਹਾ ਟੇਕ ਸਿੰਘ ਹੈ ਉਥੇ ਇੱਕ ਚੰਗੇ ਤਕੜੇ ਵਿਦਵਾਨ ਗਿਆਨੀ ਬੂਟਾ ਸਿੰਘ ਜੀ ਹਨ ਜਿਹੜੇ ਵਾਹੀ (ਖੇਤੀਬਾੜੀ) ਦੇ ਨਾਲ ਨਾਲ ਹਿਕਮਤ ਦਾ ਕੰਮ ਕਰਦੇ ਹਨ। ਆਪ ਸਿੱਖ ਧਰਮ ਦੇ ਸੱਚੇ ਧਾਰਮਿਕ ਨਿੱਤਨੇਮੀ, ਚੰਗੇ ਉੱਚੇ ਆਚਰਣ ਵਾਲੇ, ਚੰਗੇ ਉੱਚੇ ਪੱਧਰ ਦੇ ਵਿਦਵਾਨ ਅਤੇ ਬਾਣੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਣ ਵਾਲੇ ਇੱਕ ਸੁਲਝੇ ਸੱਜਣ ਪੁਰਸ਼ ਹਨ। ਉਮਰ ੭੦ ਸਾਲ ਦੇ ਲਾਗੇ ਹੈ, ਇਹ ਗਿਆਨੀ ਜੀ ਦਿੱਲੀ ਗਏ ਅਤੇ ਰਮੇਸ਼ ਨਗਰ ਸ: ਆਤਮਾ ਸਿੰਘ ਜੀ ਦੇ ਘਰ ਠਹਿਰੇ। ਇਸ ਗੱਲ ਨੂੰ ੧੩-੧੪ ਸਾਲ ਹੋ ਗਏ ਹਨ। ਸ੍ਰਦਾਰ ਆਤਮਾ ਸਿੰਘ ਜੀ ਦਾ ਕੁੜਮ ਪਟੇਲ ਨਗਰ ਰਹਿੰਦਾ ਸੀ ਅਤੇ ਇਹ ਗਿਆਨੀ ਜੀ ਉਨ੍ਹਾਂ ਦਾ ਇਲਾਜ ੩-੪ ਮਹੀਨੇ ਕਰਦੇ ਰਹੇ ਅਤੇ ਓਹ ਰੋਗੀ ਸੱਜਣ ਬਿਲਕੁਲ ਅਰੋਗ ਹੋ ਗਿਆ। ਇਲਾਜ ਦੇ ਦੌਰਾਨ ਇਹ ਉਨ੍ਹਾਂ ਦੀ ਕੋਠੀ ਹੀ ਰਹਿੰਦੇ ਹੁੰਦੇ ਸਨ। ਉਹ ਵੀਰ ਚੰਗਾ ਧਨੀ ਅਤੇ ਅਸਰ ਰਸੂਖ ਵਾਲਾ ਸੀ ਅਤੇ ਸ੍ਰੀ ਜਵਾਹਰ ਲਾਲ ਨਹਿਰੂ ਨਾਲ ਉਸ ਦੀਆਂ ਕਈ ਖਿੱਚੀਆਂ ਫੋਟੋਆਂ ਸਨ। ਏਹ ਸਾਹਿਤ ਦੀ ਅਤੇ ਵਿਦਵਾਨਾਂ ਦੀ ਬੜੀ ਕਦਰ ਕਰਨ ਵਾਲੇ ਸਨ। ਗਿਆਨੀ ਜੀ ਨੂੰ ਇਲਾਜ ਦੇ ਦੌਰਾਨ ਉਹਨਾਂ ਦੀ ਲਾਇਬਰੇਰੀ 'ਚੋਂ ਇੱਕ ਉਰਦੂ ਦੀ ਪੁਸਤਕ ਮਿਲੀ। ਪੁਸਤਕ ਦੇ ਪਹਿਲੇ ਅਤੇ ਪਿਛਲੇ ੫ ਵਰਕੇ ਹੈ ਨਹੀਂ ਸਨ ਪਰ

ਪੁਸਤਕ ਲਿਖੀ ਹੋਈ ਸੀ ਕਿਸੇ ਇਤਿਹਾਸਕਾਰ "ਅਬਉਲ ਤਰਾਨੀ" ਮੁਸਲਮਾਨ ਦੀ। ਇਹ "ਅਬਉਲ ਤਰਾਨੀ" ਪਹਿਲਾਂ ਬ੍ਰਾਹਮਣ ਸੀ ਫੇਰ ਮੁਸਲਮਾਨ ਹੋ ਗਿਆ ਅਤੇ ਔਰੰਗਜ਼ੇਬ ਵੱਲੋਂ ਸ੍ਰੀ ਦਸਮੇਸ਼ ਜੀ ਦੇ ਦਰਬਾਰ ਵਿੱਚ ਬ੍ਰਾਹਮਣ ਦਾ ਰੂਪ ਧਾਰ, ਟਿੱਕਾ ਲਾ, ਜਨੇਊ ਪਾ, ਧੋਤੀ ਬੰਨ ਰਹਿੰਦਾ ਸੀ ਤੇ ਦਰਬਾਰ ਦੀ ਰੋਜ਼ ਦੀ ਰਿਪੋਰਟ ਦਿੱਲੀ ਔਰੰਗਜ਼ੇਬ ਨੂੰ ਭੇਜਦਾ ਸੀ। ਇਹ ਦਸਮੇਸ਼ ਜੀ ਦੇ ਮਾਲੀ ਗੁਲਾਬੇ ਕੋਲ, ਜਿਹੜਾ ਫੁੱਲਾਂ ਦੇ ਬੂਟੇ ਆਦਿ ਲਾਉਂਦਾ ਸੀ, ਪਾਸ ਰਹਿੰਦਾ ਸੀ। ਦਸਮੇਸ਼ ਜੀ ਦੇ ਦਰਬਾਰ ਵਿੱਚ ਜਾਂਦਾ ਅਤੇ ਉਹਨਾਂ ਦੇ ਚਰਨਾਂ ਤੇ ਡੰਡਵਤ ਪ੍ਰਣਾਮ ਕਰਦਾ ਸੀ ਅਤੇ ਅੱਗੋਂ ਦਸਮੇਸ਼ ਪਿਤਾ ਜਾਣੀ ਜਾਣ ਹੱਸ ਛੱਡਦੇ ਸਨ। ਸ਼ਾਇਦ ਉਹਨਾਂ ਨੂੰ ਇਸ ਦੇ ਪਖੰਡ, ਦੰਭ ਤੇ ਜਸੂਸੀ ਦਾ ਇਲਮ ਹੋਵੇ। ਭਾਈ ਵੀਰ ਸਿੰਘ ਜੀ ਵੀ ਆਪਣੇ ਦਸਮੇਸ਼ ਚਮਤਕਾਰ ਵਿੱਚ ਅਬਉਲ ਤਰਾਨੀ ਦਾ ਜ਼ਿਕਰ ਕਰਦੇ ਹਨ, ਅਬਉਲ ਤਰਾਨੀ ਡੇਢ ਦੋ ਸਾਲ ਇਸੇ ਤਰ੍ਹਾਂ ਸਤਿਗੁਰਾਂ ਦੇ ਦਰਬਾਰ ਦੀ ਜਸੂਸੀ ਕਰਦਾ ਰਿਹਾ, ਇਹ ਅਬਉਲ ਤਰਾਨੀ ਉਸੇ ਕਿਤਾਬ ਵਿੱਚ ਇਸ ਤਰ੍ਹਾਂ ਲਿਖਦਾ ਹੈ ਕਿ:

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਅੰਮ੍ਰਿਤ ਤਿਆਰ ਕੀਤਾ ਦੀਵਾਨ ਵਿੱਚ ਹਾਜ਼ਰੀ ੩੫-੪੦ ਹਜ਼ਾਰ ਸੀ। ਮੁਗਲਾਂ ਦੇ ਚਾਰ ਤਖ਼ਤ ਸਨ ਦਿੱਲੀ, ਆਗਰਾ, ਲਾਹੌਰ ਅਤੇ ਕਲਾਨੌਰ ਪਰ ਗੁਰੂ ਦੇ ਤਖ਼ਤ ਦੀ ਸ਼ੋਭਾ ਨਿਰਾਲੀ ਸੀ। ਇਹ ਤਖ਼ਤ ਮੁਗਲ ਬਾਦਸ਼ਾਹਾਂ ਦੇ ਤਖ਼ਤ ਨੂੰ ਮਾਤ ਕਰਦਾ ਸੀ। ਉਸ ਦਿਨ ਲਿਬਾਸ ਚੜ੍ਹਤ ਜਲਾਲ ਅਤੇ ਤੇਜ਼ ਅਝੱਲਵਾਂ ਸੀ। ਗੁਰੂ ਜੀ ਦਰਬਾਰ ਵਿਚ ਆਏ ਅਤੇ ਕਿਰਪਾਨ ਨੂੰ ਮਿਆਨ ਵਿੱਚੋਂ ਕੱਢ ਨੰਗੀ ਕਰਕੇ ਫੜ ਬਾ-ਆਵਾਜ਼ ਬੁਲੰਦ ਕਿਹਾ, "ਮੈਨੂੰ ਇੱਕ ਸਿਰ ਦੀ ਲੋੜ ਹੈ" ਬਗੈਰ ਦੇਰੀ ਸੋਚ ਵੀਚਾਰ ਅਤੇ ਕਿਸੇ ਹੀਲ-ਹੁਜਤ ਦੇ ਦਯਾ ਸਿੰਘ ਆ ਹਾਜ਼ਰ ਹੋਇਆ, ਗੁਰੂ ਨੇ ਭਰੇ ਦਰਬਾਰ ਵਿੱਚ ਜਿੱਥੇ ਓਹ ਖਲੋਤੇ ਸਨ ਸਭਨਾਂ ਦੇ ਸਾਹਮਣੇ ਇੱਕ ਵਾਰ ਕੀਤਾ ਅਤੇ ਸਿਰ ਧੜ੍ਹ ਦੇ ਨਾਲੋਂ ਜੁਦਾ ਹੋ ਗਿਆ, ਦੀਵਾਨ ਵਿੱਚ ਸਨਸਨੀ ਫੈਲ ਗਈ ਅਤੇ ਬਹੁਤੇ ਆਦਮੀ ਸਤੰਬ ਅਤੇ ਅਵਾਕ ਰਹਿ ਗਏ। ਗੁਰੂ ਜੀ ਨੇ ਫਿਰ ਗਰਜਵੀਂ ਅਤੇ ਕੜਕਵੀਂ ਆਵਾਜ਼ ਵਿੱਚ ਕਿਹਾ, "ਮੈਨੂੰ ਇੱਕ ਹੋਰ ਸਿਰ ਦੀ ਲੋੜ ਹੈ" ਝੱਟ ਧਰਮ ਸਿੰਘ ਉੱਠਿਆ ਜਾ ਗੁਰੂ ਜੀ ਨੂੰ ਨਮਸ਼ਕਾਰ ਕੀਤੀ ਅਤੇ ਗੁਰੂ ਨੇ ਇੱਕੋ ਵਾਰ ਨਾਲ ਇਸ ਦਾ ਸਿਰ ਵੀ ਧੜ ਤੋਂ ਵੱਖ ਕਰ ਦਿੱਤਾ। ਦੀਵਾਨ ਵਿਚ ਹਲਚਲੀ ਮਚ ਗਈ, ਭਾਜੜ ਪੈ ਗਈ। ਗੁਰੂ ਨੇ ਫੇਰ ਬਾ-ਆਵਾਜ਼ ਬੁਲੰਦ ਇੱਕ ਸਿਰ ਹੋਰ ਮੰਗਿਆ ਅਤੇ ਯਕੇ-ਬਾਦ-ਦੀਗਰੇ ਹਿੰਮਤ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਇਹਨਾਂ ਪੰਜਾਂ ਨੂੰ ਕਤਲ ਕਰ ਦਿੱਤਾ, ਸਿਰ ਧੜਾਂ ਨਾਲੋਂ ਵੱਖਰੇ ਕਰ ਦਿੱਤੇ। ਕਈ ਆਦਮੀ ਗੁਰੂ ਦੀ ਮਾਤਾ ਪਾਸ ਪਹੁੰਚ ਗਏ ਅਤੇ ਸਾਰੀ ਵਿਥਿਆ ਆਖ ਸੁਣਾਈ। ਗੁਰੂ

ਨੇ ਉਹਨਾਂ ਪੰਜਾਂ ਦੇ ਸਰੀਰਾਂ ਅਤੇ ਕੱਪੜਿਆਂ ਨੂੰ ਚੰਗੀ ਤਰ੍ਹਾਂ ਧੋ ਦਿੱਤਾ। ਫਰਸ਼ ਵੀ ਸਾਫ਼ ਕੀਤਾ ਅਤੇ ਖ਼ੂਨ ਦਾ ਕੋਈ ਦਾਗ ਕਿਤੇ ਵੀ ਨਾ ਰਹਿਣ ਦਿੱਤਾ। ਫਿਰ ਉਸ ਕਾਫ਼ਰਾਂ ਦੇ ਪੀਰ ਨੇ ਇੱਕ ਦਾ ਸਿਰ ਦੂਸਰੇ ਦੇ ਧੜ੍ਹ ਨਾਲ ਅਤੇ ਸਿਰ ਤੇ ਧੜ੍ਹ ਰਲਾ ਮਿਲਾ ਕੇ ਦੂਸਰਿਆਂ ਧੜ੍ਹਾਂ ਨਾਲ ਦੂਸਰੇ ਸਿਰ ਲਾ ਕੇ ਪਹਿਰ-ਕੁ ਵਿੱਚ ਚੰਗੀ ਤਰ੍ਹਾਂ ਹਿਕਮਤੇ ਅਮਲੀ ਨਾਲ ਸਿਉ ਦਿੱਤੇ ਅਤੇ ਉਨ੍ਹਾਂ ਪੰਜਾਂ ਲਾਸ਼ਾਂ ਉੱਤੇ ਚਿੱਟੇ ਕੱਪੜੇ ਪਾ ਦਿੱਤੇ, ਫੇਰ ਇੱਕ ਪੱਥਰ ਦਾ ਕੂੰਡਾ ਮੰਗਾ ਅਤੇ ਉਸ ਤੇ ਲੋਹੇ ਦੀ ਇੱਕ ਕੜਾਹੀ ਜਿਸ ਨੂੰ ਕੁੰਡੇ ਨਹੀਂ ਸੀ ਲੱਗੇ ਹੋਏ ਰੱਖ, ਪਾਣੀ ਪਾ ਆਬੇ ਹਿਯਾਤ ਬਨਾਉਣ ਲੱਗ ਪਿਆ, ਕਾਫ਼ਰਾਂ ਦਾ ਪੀਰ ਉਸ ਕੜਾਹੀ ਵਿੱਚ ਤਲਵਾਰ ਫੇਰਦਾ ਅਤੇ ਕੋਈ ਕਲਮਾ ਪੜ੍ਹਦਾ ਰਿਹਾ। ਇਹ ਅਮਲ ਕੋਈ ਅੱਧਾ ਪੌਣਾ ਪਹਿਰ ਹੁੰਦਾ ਰਿਹਾ। ਏਸੇ ਸਮੇਂ ਕਾਫ਼ਰਾਂ ਦੇ ਪੀਰ ਦੀ ਕਿਸੇ ਔਰਤ ਨੇ ਉਸ ਬਾਟੇ ਵਿੱਚ ਕੁਝ ਲਿਆ ਕੇ ਪਾ ਦਿੱਤਾ। ਹੁਣ ਆਬੇ ਹਿਯਾਤ ਤਿਆਰ ਹੋ ਚੁੱਕਾ ਸੀ।

ਗੁਰੂ ਜੀ ਨੇ ਉਹਨਾਂ ਲਾਸ਼ਾਂ ਤੋਂ ਪੜਦਾ ਚੁੱਕ ਪਹਿਲਾਂ ਦਯਾ ਸਿੰਘ ਦੇ ਸਾਹਮਣੇ ਬੈਠ ਮੂੰਹ ਖੋਹਲ ਆਬੇ ਹਿਯਾਤ ਉਸ ਦੇ ਮੂੰਹ ਵਿੱਚ ਪਾ ਦਿੱਤਾ, ਸਿਰ ਦੇ ਵਾਲਾਂ ਵਿੱਚ ਪਾਇਆ ਅਤੇ ਸਾਰੇ ਸਰੀਰ 'ਤੇ ਛਿੜਕਿਆ ਤੇ ਆਖਿਆ ਬੋਲ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥" ਏਹ ਕਹਿੰਦੇ ਸਾਰ ਹੀ ਦਯਾ ਸਿੰਘ ਉੱਠ ਕੇ ਖਲੋ ਗਿਆ ਅਤੇ ਉੱਚੀ ਸਾਰੀ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੋਲਿਆ। ਭਰੇ ਦੀਵਾਨ ਵਿੱਚ ਸਕਤੇ ਦਾ ਆਲਮ ਛਾਅ ਗਿਆ ਹਜ਼ਾਰਾਂ ਇਨਸਾਨਾਂ ਦੇ ਹੁੰਦਿਆਂ ਹੋਇਆਂ ਭੀ ਕੋਈ ਉੱਚੀ ਸਾਹ ਨਹੀਂ ਲੈ ਰਿਹਾ ਸੀ ਅਤੇ ਦੀਵਾਨ ਵਿੱਚ ਬੈਠੇ ਆਦਮੀਂ ਗੁਰੂ ਦੀ ਕਰਾਮਾਤ ਉੱਤੇ ਮੁਗਧ ਹੋਏ ਕਿਸੇ ਜਾਦੂ ਦੇ ਅਸਰ ਹੇਠ ਕੀਲੇ ਹੋਏ ਬੈਠੇ ਸਨ। ਇਸੇ ਤਰ੍ਹਾਂ ਉਸ ਦੇ ਬਾਅਦ ਯਕੇ-ਬਾਦ-ਦੀਗਰੇ ਬਾਕੀ ਦੇ ਉਨ੍ਹਾਂ ਚੌਹਾਂ ਨੂੰ ਭੀ ਆਬੇ ਹਿਯਾਤ ਪਿਲਾ ਉਸੇ ਤਰ੍ਹਾਂ ਵਾਲਾਂ ਅਤੇ ਸਰੀਰ ਉੱਤੇ ਆਬੇ ਹਿਯਾਤ ਛਿੜਕ ਬੋਲ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ, ਬੁਲਾ ਉਹਨਾਂ ਨੂੰ ਭੀ ਮੁੜ ਜ਼ਿੰਦਾ ਕਰ ਦਿੱਤਾ ਤੇ ਗੁਰੂ ਉਨ੍ਹਾਂ ਨੂੰ ਤੰਬੂ ਵਿੱਚ ਲੈ ਗਿਆ।ਕੁਝ ਚਿਰ ਬਾਦ ਗੁਰੂ ਆਪ ਵੀ ਅਤੇ ਉਹ ਪੰਜੇ ਆਦਮੀਂ ਪਿੱਛੇ ਪਿੱਛੇ ਤੰਬੂ ਵਿੱਚੋਂ ਬਾਹਰ ਨਿਕਲ ਆਏ। ਹੁਣ ਉਨ੍ਹਾਂ ਨਵੇਂ ਲਿਬਾਸ ਪਾਏ ਹੋਏ ਸਨ। ਉਹ ਪੰਜੇ ਮੁੜ ਜ਼ਿੰਦਾ ਕੀਤੇ ਆਦਮੀਂ ਤੰਬੂ 'ਚੋਂ ਬਾਹਰ ਆ ਖਲੋ ਗਏ ਅਤੇ ਗੁਰੂ ਨੇ ਬੀਰ ਆਸਣ ਕਰ ਉਨ੍ਹਾਂ ਤੋਂ ਆਪ ਆਬੇ ਹਿਯਾਤ ਮੰਗਿਆ। ਉਹਨਾਂ ਨੇ ਪੁੱਛਿਆ, ਤੁਸੀ ਇਸ ਅਮੋਲ ਵਸਤੂ ਲਈ ਕੀ ਦਿਉਗੇ? ਗੁਰੂ ਜੀ ਨੇ ਕਿਹਾ:-

"ਮੈਂ ਪ੍ਰਣ ਕਰਦਾ ਹਾਂ ਮੈਂ ਆਪਣਾ ਮਾਤਾ, ਪਿਤਾ, ਔਲਾਦ, ਆਪਾ ਅਤੇ ਸਭ

ਕੁਝ ਕੁਰਬਾਨ ਕਰ ਦਿਆਂਗਾ" ਅਤੇ ਇਸ ਤੇ ਉਨ੍ਹਾਂ ਪੰਜਾਂ ਨੇ ਗੁਰੂ ਨੂੰ ਆਬੇ ਹਿਯਾਤ ਦਿੱਤਾ ਅਤੇ ਗੁਰੂ ਦਾ ਨਾਮ ਉਸ ਵਕਤ ਤੋਂ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਹੋ ਗਿਆ ਅਤੇ ਉਹਨਾਂ ਪੰਜਾਂ ਦੇ ਨਾਮ ਨਾਲ ਵੀ ਸਿੰਘ ਜੋੜ ਦਿੱਤਾ।

ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ ਸਾਹਿਬ ਸਿੰਘ।

ਅਬਉਲ ਤਰਾਨੀ ਲਿਖਦਾ ਹੈ, 'ਮੈਂ ਬਹੁਤ ਪਛਤਾਇਆ ਤੇ ਰੋਇਆ। ਇਸ ਤੋਂ ਬਾਅਦ ਉਥੇ ਹੀ ਹਜ਼ਾਰਾਂ ਆਦਮੀਆਂ ਨੇ ਉਹ ਆਬੇ ਹਿਯਾਤ ਪੀਤਾ। ਮੈਥੋਂ ਨਾ ਰਿਹਾ ਗਿਆ, ਮੈਂ ਵੀ ਆਪਣੇ ਆਪ ਨੂੰ ਬੜਾ ਧਿਰਕਾਰਦਾ ਅਤੇ ਪਛਤਾਂਦਾ ਹੋਇਆ ਉਸੇ ਵਕਤ ਹੀ ਕਿਸੇ ਮਿਕਨਾਤੀਸੀ ਕਸ਼ਸ਼ ਅਧੀਨ ਝੱਟ ਗੁਰੂ ਕੇ ਚਰਨਾਂ 'ਤੇ ਸਿਰ ਧਰ ਉਸ ਤੋਂ ਆਬੇ ਹਿਯਾਤ ਦੀ ਦਾਤ ਮੰਗੀ', ਗੁਰੂ ਨੇ ਜਿਹੜਾ ਜਰੂਰ ਪਖੰਡ ਅਤੇ ਦੰਭ ਜਾਣਦਾ ਸੀ ਬੜੇ ਪਿਆਰ ਨਾਲ ਮੈਨੂੰ ਥਾਪੜਾ ਦੇ ਆਬੇ ਹਿਯਾਤ ਪਿਆ ਕੇ ਅਤੇ ਮੇਰਾ ਨਾਮ ਅਜਮੇਰ ਸਿੰਘ ਰੱਖ ਦਿੱਤਾ ਅਤੇ ਮੇਰੇ ਜਨਮਾਂਤਰਾਂ ਦੇ ਇਸ ਤਰ੍ਹਾਂ ਪਾਪ ਕੱਟੇ ਗਏ। ਮੈਂ ਗੁਰੂ ਜੀ ਦੀ ਫੌਜ ਵਿੱਚ ਭਰਤੀ ਹੋ ਗਿਆ ਅਤੇ ਕਈ ਜੰਗਾਂ ਵਿੱਚ ਜ਼ੁਲਮ ਨਾਲ ਦੂ-ਬਦੂ ਲੜਿਆ।

ਮੈਂ ਉਸੇ ਦਿਨ ਹੀ ਆਪਣੀ ਜ਼ਿੰਦਗੀ ਦੀ ਅਖ਼ੀਰਲੀ ਰੀਪੋਰਟ ਔਰੰਗਜ਼ੇਬ ਨੂੰ ਘੱਲ ਦਿੱਤੀ ਤੇ ਇਸ ਦੀਵਾਨ ਵਿੱਚ ਵਾਪਰੀ ਅਤੇ ਅੱਖੀਂ ਡਿੱਠੀ ਘਟਨਾ ਦਾ ਸਾਰਾ ਹਾਲ ਵਿਸਥਾਰ ਨਾਲ ਖੋਹਲ ਕੇ ਲਿਖ ਦਿੱਤਾ ਅਤੇ ਬੜੇ ਜ਼ੋਰਦਾਰ ਲਫ਼ਜਾਂ ਵਿੱਚ ਔਰੰਗਜ਼ੇਬ ਨੂੰ ਤਾੜਨਾ ਦਿੱਤੀ ਕਿ "ਖਬਰਦਾਰ! ਰੱਬ ਨਾਲ, ਜੀਉਂਦੇ ਜਾਗਦੇ ਖ਼ੁਦਾ ਨਾਲ ਮੱਥਾ ਨਾ ਲਾ, ਜ਼ੁਲਮ ਨਾ ਕਮਾ ਅਤੇ ਮੇਰੀ ਸ਼ਿਫਾਰਸ਼ 'ਤੇ ਅਮਲ ਨਾ ਕੀਤਾ ਤਾਂ ਤੇਰਾ ਖਾਨਦਾਨ, ਸਲਤਨਤ ਤਬਾਹ ਹੋ ਜਾਵੇਗੀ, ਦੁਨੀਆਂ ਤੇ ਤਖ਼ਤੇ ਉੱਤੋਂ ਨਾਮ ਨਿਸ਼ਾਨ ਮਿਟ ਜਾਵੇਗਾ।"

ਗਿਆਨੀ ਦਲੀਪ ਸਿੰਘ "ਕੋਮਲ" ਧਨੋਲਾ ਵਾਲਿਆਂ ਨੇ ਦੱਸਿਆ ਕਿ ਇਹ ਪੁਸਤਕ ਅਲੀਗੜ੍ਹ ਯੂਨੀਵਰਸਿਟੀ ਵਿੱਚ ਭੀ ਪਈ ਦੱਸੀਦੀ ਹੈ।

(ਧੰਨਵਾਦ ਸਹਿਤ ਅਣਛਪੇ ਰਾਮਗੜ੍ਹੀਆ ਇਤਿਹਾਸ ਵਿੱਚੋਂ)

ਇਸ ਉਪਰੋਕਤ ਸਾਖੀ ਨੂੰ ਪੜ੍ਹ ਕੇ ਭੀ ਜੋ ਸਤਿਗੁਰੂ ਜੀ ਉੱਤੇ ਪ੍ਰਤੀਤ ਨਹੀਂ ਕਰਦੇ, ਉਨ੍ਹਾਂ ਬੇ-ਪਰਤੀਤਿਆਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਫੁਰਮਾਂਦੇ ਹਨ:-

**ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥੧॥**

ਸੋਰਠਿ ਮ: ੩, ਅੰਗ: ੬੩੭

ਗੁਰੂ ਉੱਪਰ ਭਰੋਸਾ ਪਰਤੀਤ ਰੱਖਣ ਵਾਲਿਆਂ ਦਾ ਹੀ ਪਾਰ ਉਤਾਰਾ ਹੁੰਦਾ ਹੈ। ਗੁਰੂ

ਉੱਪਰ ਸ਼ੰਕਾ ਕਰਨ ਵਾਲੇ ਆਪਣੇ ਮਨ ਨੂੰ ਮਲੀਨ ਕਰ ਲੈਂਦੇ ਹਨ ਤੇ ਗੁਰੂ ਤੋਂ ਦੂਰੀ ਪਾ ਬੈਠਦੇ ਹਨ। ਸਤਿਗੁਰੂ ਅਮਰਦਾਸ ਜੀ ਦਾ ਅਨੰਦ ਬਾਣੀ ਅੰਦਰ ਸੰਸੇ (ਸ਼ੱਕ) ਪ੍ਰਤੀ ਫੁਰਮਾਨ ਹੈ:-

**ਸਹਸੈ ਜੀਉ ਮਲੀਣੁ ਹੈ** ਰਾਮਕਲੀ ਮ:੩, ਅਨੰਦ, ਅੰਗ: ੯੧੯

ਆਪਾਂ ਸੰਸੇ ਅਧੀਨ ਮਨ ਨੂੰ ਮਲੀਨ ਨਹੀਂ ਕਰਨਾ ਸਗੋਂ ਸੰਸੇ ਤੋਂ ਤਾਂ ਨਿਯਾਤ ਪ੍ਰਾਪਤ ਕਰਨੀ ਹੈ।

ਅੱਜ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤ ਨੂੰ ਨਤਮਸਤਕ ਹੁੰਦੇ ਹੋਏ ਇਸ ਸੁਭਾਗੀ ਧਰਤ ਤੇ ਜੋ ਅਲੌਕਿਕ ਕਾਰਨਾਮੇ ਗੁਰਦੇਵ ਸਤਿਗੁਰੂ ਜੀ ਨੇ ਕੀਤੇ ਉਹਨਾਂ ਨੂੰ ਆਪਣੀ ਸਿਮ੍ਰਤੀ ਵਿੱਚ ਲਿਆ ਕੇ ਸੰਪੂਰਨ ਗੁਰਦੇਵ, ਸਭ ਤੇ ਵਡ ਸਮਰਥ ਗੁਰਦੇਵ, ਹਲਤ ਪਲਤ ਦੇ ਰਾਖੇ ਗੁਰਦੇਵ, ਮਰਦਾ ਬਹੁੜ ਜੀਵਾਲਣ ਵਾਲੇ ਚੋਜੀ ਪ੍ਰੀਤਮ ਦੇ ਚੋਜਾਂ ਤੋਂ ਬਲਿਹਾਰ ਜਾਂਦੇ ਹੋਏ ਪੜ੍ਹੀਏ:

**ਸਤਿਗੁਰੂ ਦਇਆ ਨਿਧਿ ਮਹਿਮਾ ਅਗਾਧਿ ਬੋਧਿ**
**ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥੧੧੧॥**

ਕਬਿੱਤ ਭਾਈ ਗੁਰਦਾਸ ਜੀ

ਸਤਿਗੁਰੂ ਰਹਿਮਤ ਕਰਨ, ਆਪਣੇ ਗੁਰਦੇਵ ਜੀ ਦੇ ਚਰਨਾਂ ਤੇ ਸਾਡਾ ਅਕੀਦਾ, ਵਿਸ਼ਵਾਸ, ਭਰੋਸਾ ਅਹਿੱਲ ਪਰਬਤ ਜਿਹਾ ਬਣ ਜਾਵੇ ਤਾਂ ਜੋ ਕੱਚਿਆਂ ਪਿੱਲਿਆਂ ਦੀਆਂ ਤਰਕਵਾਦੀ ਦਲੀਲਾਂ ਸਾਡੇ ਇਸ ਭਰੋਸੇ ਨੂੰ ਰੰਚਕ ਮਾਤਰ ਵੀ ਹਿਲਾ ਨਾ ਸਕਣ ਅਤੇ ਅਸੀਂ ਇਸ ਭਰੋਸੇ ਸਦਕਾ ਆਪਣੇ ਗੁਰਦੇਵ ਪਾਸੋਂ "**ਜੀਅ ਦਾਨ**" ਦੀ ਦਾਤ ਲੈ ਕੇ ਆਪਣਾ ਲੋਕ ਪ੍ਰਲੋਕ ਸੰਵਾਰ ਸਕੀਏ।

# ੯
# ਆਪੇ ਗੁਰੁ ਚੇਲਾ ਦੀ ਰੀਤ ਚਲਾਉਣ ਵਾਲੀ ਧਰਤ ਅਨੰਦਪੁਰ ਦੀ

ਸੰਸਾਰ ਵਿੱਚ ਇੱਕ ਰਵਾਇਤ ਪ੍ਰਚੱਲਤ ਰਹੀ ਹੈ। ਜਿਸ ਨੇ ਇੱਕ ਵਾਰੀ ਆਪਣੇ ਆਪ ਨੂੰ ਗੁਰੂ ਕਹਿਲਾ ਲਿਆ ਹੈ ਉਹ ਸਾਰੀ ਆਯੂ ਗੁਰੂ ਹੀ ਰਿਹਾ ਨਾ ਤਾਂ ਆਪਣੇ ਜਿਊਂਦੇ ਜੀ ਆਪਣੇ ਵਰਗਾ ਉਹ ਗੁਰੂ ਬਣਾ ਸਕਿਆ ਤੇ ਨਾ ਹੀ ਉਹ ਆਪਣੇ ਸ਼ਿਸ਼ ਅੱਗੇ ਸਾਰੀ ਆਯੂ ਨਿਵਿਆ ਹੀ, ਪਰ **"ਆਪ ਨਾਰਾਇਣ ਕਲਾਧਾਰ ਜਗ ਮਹਿ ਪ੍ਰਵਰਿਓ,"** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਨਮੁੱਖ ਬਾਬਾ ਲਹਿਣਾ ਜੀ ਮਨ ਦੀ ਸ਼ਾਂਤੀ ਤੇ ਜੀਵਨ ਮੁਕਤੀ ਪ੍ਰਾਪਤ ਕਰਨ ਵਾਸਤੇ ਚੇਲੇ ਦੇ ਰੂਪ ਵਿੱਚ ਆਏ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਆਤਮਿਕ ਸੱਤਿਆ ਨਾਲ **"ਜਨ ਦੀਪਕ ਤੇ ਦੀਪ ਜਗਾਇਓ"** ਦੀ ਕਰਾਮਾਤ ਕਰਕੇ, ਬਾਬਾ ਲਹਿਣਾ ਜੀ ਨੂੰ ਆਪਣਾ ਰੂਪ ਬਣਾ, ਆਪਣੀ ਆਤਮਿਕ ਜੋਤ ਬਾਬਾ ਲਹਿਣਾ ਜੀ ਵਿੱਚ ਧਰ ਕੇ "ਸੰਪੂਰਨ ਗੁਰੂ" ਬਣਾ, ਆਪਣੇ ਜਿਊਂਦੇ ਜੀਅ ਲਹਿਣਾ ਜੀ ਨੂੰ "ਗੁਰੂ ਅੰਗਦ ਦੇਵ ਜੀ" ਬਣਾ ਕੇ ਗੁਰਤਾ ਗੱਦੀ ਤੇ ਬਿਠਾ, ਮੱਥਾ ਟੇਕ, ਉਲਟੀ ਗੰਗਾ ਵਹਾ ਕੇ ਇੱਕ ਇਨਕਲਾਬੀ ਕਾਰਨਾਮਾ ਕਰ ਵਿਖਾਇਆ। ਬਲਵੰਡ ਜੀ ਨੇ ਰਾਮਕਲੀ ਦੀ ਵਾਰ ਅੰਦਰ ਬੜਾ ਸੁੰਦਰ ਲਿਖਿਆ ਹੈ ਕਿ:-

**ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥**
**ਸਹਿ ਟਿਕਾ ਦਿਤੋਸੁ ਜੀਵਦੈ॥੧॥**

ਰਾਇ ਬਲਵੰਡ ਅਤੇ ਸਤਾ ਜੀ, ਅੰਗ: ੯੬੬

ਲੋਕਾਈ ਹੈਰਾਨ ਸੀ ਕਿ ਜਿਹੜੇ ਗੁਰੂ ਨਾਨਕ ਦੇਵ ਜੀ, ਕਰਾਮਾਤੀ ਜੋਗੀਆਂ, ਨਾਥਾਂ, ਪੀਰਾਂ-ਫਕੀਰਾਂ, ਵਿਦਵਾਨਾਂ, ਪੰਡਤਾਂ, ਰਾਜੇ ਮਹਾਰਾਜਿਆਂ, ਅਮੀਰਾਂ ਵਜੀਰਾਂ ਅੱਗੇ ਨਹੀਂ ਨਿਵੇ, ਉਹ ਅੱਜ ਆਪਣੇ ਸ਼ਿੱਸ਼, ਬਾਬਾ ਲਹਿਣਾ ਜੀ ਅੱਗੇ ਨਿਵੇ ਹਨ। ਕਿਸ ਕਾਰਨ ਨਿਵੇ ਹਨ? ਵੇਖਣ ਤੇ ਪਰਖਣ ਵਾਸਤੇ ਲੁਕਾਈ ਵਹੀਰਾਂ ਘੱਤ ਕੇ ਆਉਂਦੀ ਹੈ ਤੇ ਬਚਨ-ਬਿਲਾਸ-ਦਰਸ਼ਨ ਕਰ ਸੰਤੁਸ਼ਟ ਹੋ ਕੇ ਜਾਂਦੀ ਹੈ ਕਿ ਇਹ ਬਾਬਾ ਲਹਿਣਾ ਜੀ ਨਹੀਂ, ਸਰੀਰ ਜ਼ਰੂਰ ਲਹਿਣਾ ਜੀ ਦਾ ਹੈ ਪਰ ਜੋਤ ਲਹਿਣਾ ਜੀ ਦੇ ਸਰੀਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਸਾਮਰਤਖ ਵਰਤ ਰਹੀ ਹੈ। ਜਿਨ੍ਹਾਂ ਵੇਖਿਆ ਤੇ ਅਨੁਭਵ ਕੀਤਾ, ਉਨ੍ਹਾਂ ਲਿਖ ਵੀ ਦਿੱਤਾ। ਸੰਸਾਰ ਦੇ ਲੋਕੋ!

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**
**ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥**

ਰਾਮਕਲੀ ਕੀ ਵਾਰ, ਰਾਇ ਬਲਵੰਡ ਅਤੇ ਸਤਾ ਜੀ, ਅੰਗ: ੯੬੭

ਇਹ ਪ੍ਰੰਪਰਾ ਦਸਾਂ ਸਰੂਪਾਂ ਵਿੱਚ ਨਿਰੰਤਰ ਚਲਦੀ ਰਹੀ।

ਪਹਿਲੇ ਸਤਿਗੁਰੂ ਆਪਣਾ ਰੂਪ ਬਨਾਉਣ ਤੋਂ ਪਹਿਲਾਂ ਸਿੱਖਾਂ ਦੀ ਪਰਖ ਕਰਦੇ ਰਹੇ ਤੇ ਪਰਖ ਵਿੱਚ ਪੂਰੇ ਉਤਰਨ ਵਾਲੇ ਨੂੰ ਆਪਣਾ ਰੂਪ ਬਣਾ, ਆਪਣਾ ਅਧਿਕਾਰੀ ਥਾਪ ਦਿੰਦੇ। ਅੱਜ ਵੀ ਉਸੇ ਪੂਰਨਿਆਂ ਤੇ ਚੱਲਦਿਆਂ ਸ੍ਰੀ ਕਲਗੀਧਰ ਜੀ ਨੇ ਸਿੱਖੀ ਦੀ ਪਰਖ ਕੀਤੀ ਤੇ ਪਰਖ ਵੀ ਤਲਵਾਰ ਨਾਲ ਕੀਤੀ। ਜੋ ਗੁਰੂ ਦੇ ਪਾਏ ਪਰਚੇ ਵਿੱਚੋਂ ਪੂਰੇ ਨੰਬਰ ਲੈ ਕੇ ਪਾਸ ਉਤਰੇ, ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਹ ਅੰਮ੍ਰਿਤ ਦੀ ਦਾਤ, ਜਿਸ ਨੂੰ ਸ੍ਰਿਸ਼ਟੀ ਦੀ ਹੋਂਦ ਤੋਂ ਲੈ ਕੇ ਹੁਣ ਤੱਕ ਰਿਸ਼ੀ-ਮੁਨੀ ਦੇਵੀ-ਦੇਵਤੇ ਖੋਜਦੇ ਰਹੇ ਪਰ ਪ੍ਰਾਪਤ ਨਾ ਹੋਇਆ, ਅਜਿਹਾ ਅਮੋਲਕ ਅੰਮ੍ਰਿਤ ਜਿਸ ਪ੍ਰਥਾਇ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਕੀਤਾ ਹੈ ਕਿ:-

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

ਰਾਮਕਲੀ ਮ: ੩,ਅਨੰਦ, ਅੰਗ: ੯੧੮

ਸਤਿਗੁਰੂ ਜੀ ਨੇ ਉਹ ਅਮੋਲਕ ਅੰਮ੍ਰਿਤ ਦੀ ਦਾਤ, ਪਰਖ ਵਿੱਚ ਪੂਰੇ ਉਤਰਨ ਵਾਲੇ ਮਰਜਵੀੜਿਆਂ ਨੂੰ ਪ੍ਰਦਾਨ ਕੀਤੀ ਤੇ ਉਨ੍ਹਾਂ ਪੰਜਾਂ ਦੇ ਸਮੁਦਾਇ ਨੂੰ ਸੰਬੋਧਨ ਕਰਕੇ ਬਚਨ ਕੀਤਾ:

**ਪੰਚਹੁ ਮਹਿ ਨਿਤ ਵਰਤਤਿ ਮੈ ਹਉ  ਪੰਚ ਮਿਲੇ ਸੇ ਪੀਰਨ ਪੀਰ।**

ਗੁਰ ਪ੍ਰਤਾਪ ਸੂਰਜ ਗ੍ਰੰਥ ੬, ਅੰਸੂ ੪੧

ਅੱਜ ਤੋਂ ਤੁਹਾਨੂੰ "ਪੀਰਨ-ਪੀਰ" ਦਾ ਰੁਤਬਾ ਪ੍ਰਦਾਨ ਕੀਤਾ ਹੈ। ਤੁਸੀਂ ਮੈਨੂੰ ਆਪਣਾ ਆਪ ਭੇਟ ਕਰ ਕੇ ਮੇਰਾ ਰੂਪ ਬਣੇ ਹੋ। ਤੁਸੀਂ ਖ਼ਾਲਸਾ ਸਜੇ ਹੋ। ਹੁਣ ਤੁਸੀਂ ਪੰਜੇ ਗੁਰੂ ਦਾ ਰੂਪ ਹੋ, ਮੈਨੂੰ ਵੀ ਖ਼ਾਲਸਾ ਸਜਾਉ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾਉ। ਕਹਿਣਾ ਬੜਾ ਸੌਖਾ ਹੈ ਪਰ ਕਰਣੀ ਕਰਕੇ ਦੱਸਣੀ ਬੜੀ ਔਖੀ ਹੈ। ਸਤਿਗੁਰੂ ਪੰਜਾਂ ਦੇ ਇਕੱਠ ਅੱਗੇ ਹੱਥ ਜੋੜ ਖਲੋ ਗਏ ਤੇ ਪੰਜਾਂ ਨੇ ਸਤਿਗੁਰੂ ਕਲਗੀਧਰ ਜੀ ਦੀ ਦਰਸਾਈ ਜੁਗਤ ਨਾਲ ਪੰਜ ਬਾਣੀਆਂ ਪੜ੍ਹ, ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ, ਗੁਰੂ ਪਿਤਾ ਜੀ ਨੂੰ ਛਕਾਇਆ ਅਤੇ ਸਾਰੀ ਖ਼ਾਲਸੇ ਦੀ ਰਹਿਤ-ਰਹਿਣੀ ਦਰਸਾਈ। ਇਸ ਦੇ ਨਾਲ ਹੀ ਪੰਜਾਂ ਨੇ ਗੁਰਦੇਵ ਪਿਤਾ ਨੂੰ ਵਿਸ਼ੇਸ਼ ਬੇਨਤੀ ਦੇ ਰੂਪ ਵਿੱਚ ਹੋਰ ਰਹਿਤ ਦ੍ਰਿੜਾਈ ਕਿ ਤੁਸੀਂ "**ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ**" ਕਰਨੀ ਤੇ ਖ਼ਾਲਸੇ ਦੀ ਹਰ ਔਕੜ ਸਮੇਂ ਖ਼ਾਲਸੇ ਦੇ

ਅੰਗ-ਸੰਗ ਹੋ ਕੇ ਸਾਥ ਦੇਣਾ, ਸਤਿਗੁਰਾਂ ਨੇ ਸਵੀਕਾਰ ਕੀਤਾ। ਇਸ ਅਨੋਖੇ ਕਾਰਨਾਮੇ ਨੂੰ ਵੇਖ ਕੇ ਹੀ ਭਾਈ ਗੁਰਦਾਸ ਜੀ ਨੇ ਬਚਨ ਲਿਖੇ ਹਨ:-

**ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਅਕੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥** ਵਾਰ:੪੧, ਪਉੜੀ:੧੭

ਆਪ ਜੀ ਨੇ ਸਦਾ ਵਾਸਤੇ ਖ਼ਾਲਸਾ ਪੰਥ ਨੂੰ ਗੁਰੂ ਥਾਪ ਦਿੱਤਾ ਅਤੇ ਫੁਰਮਾਨ ਕੀਤਾ, "**ਆਤਮਾ ਗ੍ਰੰਥ ਵਿੱਚ, ਸਰੀਰ ਪੰਥ ਵਿੱਚ**" ਅੱਜ ਵੀ ਉਹੋ ਅਧਿਕਾਰ ਜੋ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਦੇ ਸਮੁੰਦਾਇ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਧਰਤੀ ਤੇ ਦਿੱਤਾ ਸੀ, ਖ਼ਾਲਸੇ ਪਾਸ ਉਸੇ ਤਰ੍ਹਾਂ ਕਾਇਮ ਹੈ। ਜਿਸ ਦੀ ਵਰਤੋਂ ਕਰਕੇ ਪੰਜ ਸਿੰਘ, ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ ਸਿੱਖ ਤੋਂ ਸਿੰਘ ਦਾ ਰੁਤਬਾ ਬਖਸ਼ਿਸ਼ ਕਰਦੇ ਹਨ ਤੇ ਸਮੇਂ ਸਮੇਂ ਗੁਰੂ ਰੂਪ ਹੋ ਕੇ ਪੰਥਕ ਫੈਸਲੇ ਲੈਂਦੇ ਹਨ। ਇਹ ਸਾਰੀਆਂ ਬਖਸ਼ਿਸ਼ਾਂ, ਅਧਿਕਾਰ ਤੇ ਆਪੇ ਗੁਰ ਚੇਲਾ ਦੇ ਪੂਰਨੇ, ਸ੍ਰੀ ਕਲਗੀਧਰ ਜੀ ਨੇ ਪਾਵਨ ਪਵਿਤ੍ਰ ਅਨੰਦਪੁਰ ਸਾਹਿਬ ਦੀ ਭੂਮੀ ਤੇ ਸੁਸ਼ੋਭਿਤ ਹੋ ਕੇ ਕੀਤੇ।

ਸੋ ਅਜਿਹੀ ਬਖਸ਼ਿਸ਼ਾਂ ਭਰੀ ਪਾਵਨ ਧਰਤੀ ਨੂੰ ਵਾਰ-ਵਾਰ ਨਮਸਕਾਰ ਕਰੀਏ ਤੇ ਇਨ੍ਹਾਂ ਬਖਸ਼ਿਸ਼ਾਂ ਤੋਂ ਆਪਣੇ ਆਪ ਨੂੰ ਵਰੋਸਾਈਏ। ਇਸ ਮੁਕੱਦਸ ਭੂਮੀ ਤੇ ਬੈਠ ਕੇ ਆਪਣੇ ਆਪੇ ਦੀ ਪੜਚੋਲ ਕਰੀਏ ਕਿ ਕੀ ਕਿਤੇ ਆਪਾਂ ਗੁਰੂ ਬਖਸ਼ਿਸ਼ਾਂ ਤੋਂ ਵਿਰਵੇ ਤਾਂ ਨਹੀਂ ਰਹਿ ਗਏ? ਜੇ ਮਨ ਸ਼ਾਹਦੀ ਭਰੇ ਤਾਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਹੋਰ ਦੇਰ ਨਾ ਕਰੀਏ ਕਿਉਂਕਿ ਸਮਾਂ ਆਪਣੀ ਤੋਰ ਤੁਰਿਆ ਜਾ ਰਿਹਾ ਹੈ, ਕਿਤੇ ਆਪਾਂ ਪੱਛੜ ਕੇ ਪਛਤਾਵੇ ਦੀ ਝੋਲੀ ਨਾ ਪੈ ਜਾਈਏ। ਸਮੇਂ ਦੀ ਤੋਰ ਪ੍ਰਤੀ ਭਾਈ ਵੀਰ ਸਿੰਘ ਜੀ ਦੀ ਰੁਬਾਈ ਪੜ੍ਹੀਏ ਕਿ ਸਮਾਂ ਨਾ ਪਿਆਰ ਕਰਨ ਨਾਲ, ਨਾ ਮਿੰਨਤਾਂ ਕਰਨ ਨਾਲ ਅਟਕਦਾ ਹੈ। ਨਾ ਸਮੇਂ ਨੂੰ ਜੋਰ ਨਾਲ ਅਟਕਾਇਆ ਜਾ ਸਕਦਾ, ਸਮਾਂ ਆਪਣੀ ਤੋਰ ਤੁਰਿਆ ਜਾ ਰਿਹਾ ਹੈ। ਸਮੇਂ ਨੂੰ ਕੇਵਲ ਸਫ਼ਲਾ ਕੀਤਾ ਜਾ ਸਕਦਾ ਹੈ, ਭਾਈ ਸਾਹਿਬ ਜੀ ਦਾ ਬਚਨ ਹੈ:-

**ਰਹੀ ਵਾਸਤੇ ਘਤ ਸਮੇਂ ਨੇ ਇੱਕ ਨਾ ਮੰਨੀ।**
**ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।**
**ਕਿਵੇ ਨ ਸਕੀ ਰੋਕ ਅਟਕ ਜੋ ਪਾਈ ਭੰਨੀ।**
**ਤ੍ਰਿਖੇ ਆਪਣੇ ਵੇਗ ਗਿਆ ਟਪ ਬੰਨੇ ਬੰਨੀ।**
**ਹੋ! ਅਜੇ ਸੰਭਾਲ ਇਸ ਸਮੇਂ ਨੂੰ ਕਰ ਸਫਲ ਉਡੰਦਾ ਜਾਂਵਦਾ।**
**ਇਹ ਠਹਿਰਨ ਜਾਚ ਨਾ ਜਾਣਦਾ ਲੰਘ ਗਿਆ ਨਾ ਮੁੜਕੇ ਆਂਵਦਾ।**
ਬਿਜਲੀਆਂ ਦੇ ਹਾਰ

ਸਮਾਂ ਤਾਂ ਦੌੜਿਆ ਜਾ ਰਿਹਾ ਹੈ। ਸਤਿਗੁਰੂ ਰਾਮ ਦਾਸ ਜੀ, ਸਿਰੀ ਰਾਗ ਅੰਦਰ

ਫੁਰਮਾਨ ਕਰਦੇ ਹਨ ਕਿ ਸਵੇਰੇ ਸੂਰਜ ਚੜ੍ਹਦਾ ਹੈ, ਰਾਤ ਪੈ ਜਾਂਦੀ ਹੈ, ਰਾਤ ਸੁਤਿਆਂ ਬੀਤ ਜਾਂਦੀ ਹੈ, ਦਿਨ ਕੰਮਾਂ-ਕਾਰਾਂ ਵਿੱਚ ਬੀਤ ਜਾਂਦਾ ਹੈ। ਇਸੇ ਤਰ੍ਹਾਂ ਨਿੱਤ ਕਿਰਿਆ ਚਲਦੀ ਰਹਿੰਦੀ ਹੈ ਤੇ ਮਨੁੱਖ ਦੀ ਉਮਰ ਕਾਲ ਰੂਪੀ ਚੂਹਾ ਕੁਤਰੀ ਜਾ ਰਿਹਾ ਹੈ ਪਰ ਮਨੁੱਖ ਨੂੰ ਇਹ ਸਮਝ ਨਹੀਂ ਪੈਂਦੀ ਕਿ ਮੇਰੀ ਉਮਰ ਮੁੱਕਦੀ ਜਾ ਰਹੀ ਹੈ। ਸਾਹਿਬਾਂ ਦਾ ਫੁਰਮਾਨ ਹੈ:-

**ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ॥**
**ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥** ਮ:੪, ਅੰਗ: ੪੧

ਧਨਾਸਰੀ ਰਾਗ ਅੰਦਰ ਭਗਤ ਕਬੀਰ ਜੀ ਦਾ ਬਹੁਤ ਹੀ ਭਾਵ-ਪੂਰਤ ਬਚਨ ਹੈ:-

**[੧]ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥**
**ਸੋ ਦਿਨੁ ਆਵਨ ਲਾਗਾ ॥**
**ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥੧॥ ਰਹਾਉ ॥**

ਧਨਾਸਰੀ ਕਬੀਰ ਜੀ, ਅੰਗ: ੬੯੨

ਇਹ ਖੇਡ ਸਾਡੇ ਉੱਪਰ ਵੀ ਵਰਤ ਜਾਣੀ ਹੈ। ਅਜੇ ਸਮਾਂ ਹੈ ਸਮਝੀਏ-ਸੋਚੀਏ ਤੇ ਆਪਣੇ ਮਨੁੱਖਾ ਜਨਮ ਨੂੰ ਸਫਲਾ ਕਰ ਲਈਏ। ਮਨੁੱਖਾ ਜਨਮ ਸਫਲਾ, ਗੁਰੂ ਚਾਲੀ ਅਨੁਸਾਰ ਚੱਲਿਆਂ, ਗੁਰੂ ਵਾਲੇ ਬਣਿਆਂ ਹੀ ਹੋਣਾ ਹੈ ਕਿਉਂਕਿ ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:-

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**
**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥**

ਆਸਾ ਦੀ ਵਾਰ, ਪਉੜੀ ੬, ਅੰਗ: ੪੬੬

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤੋਂ ਵੱਧ ਹੋਰ ਕੀ ਕਹਿ ਸਕਦੇ ਹਨ। ਆਪ ਦਾ ਫੁਰਮਾਨ ਹੈ। ਹੇ ਭਾਈ! ਐਵੇਂ ਭਰਮ ਭੁਲੇਖੇ ਵਿੱਚ ਪੈ ਕੇ ਆਪਣਾ ਮਨੁੱਖਾ ਜਨਮ ਬਰਬਾਦ ਨਾ ਕਰੋ। ਗੁਰੂ ਵਾਲੇ ਬਣੇ ਤੋਂ ਬਿਨਾਂ ਕੋਈ ਜੀਵ ਵੀ ਸੰਸਾਰ ਭਵਜਲ ਤੋਂ ਪਾਰ ਨਹੀਂ ਉਤਰ ਸਕੇਗਾ। ਆਪ ਸਾਹਿਬਾਂ ਦਾ ਬੜਾ ਕੀਮਤੀ ਪੱਲੇ ਬੰਨਣ ਵਾਲਾ ਬਚਨ ਹੈ:-

**ਮਤ ਕੋ ਭਰਮਿ ਭੁਲੈ ਸੰਸਾਰਿ ॥**
**ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥**

ਗੋਂਡ ਮ: ੫, ਅੰਗ: ੮੬੪

---

੧. ਦਿਨਾਂ ਤੋਂ ਘੜੀਆਂ, ਘੜੀਆਂ ਤੋਂ ਪਹਿਰ ਤੇ ਪਹਿਰਾਂ ਤੋਂ ਪਲ ਹੋ ਕੇ ਮਨੁੱਖ ਦੀ ਉਮਰ ਘਟ ਰਹੀ ਹੈ। ਕਾਲ ਸ਼ਿਕਾਰੀ, ਮਨੁੱਖਾਂ ਦਾ ਸ਼ਿਕਾਰ ਕਰਨ ਵਾਸਤੇ, ਸ਼ਿਕਾਰੀਆਂ ਵਾਂਗ ਘੁੰਮ ਰਿਹਾ ਹੈ। ਮੌਤ ਸ਼ਿਕਾਰਨ ਤੋਂ ਬਚਨ ਦਾ ਕੋਈ ਵਸੀਲਾ ਨਹੀਂ ਹੈ।

ਜੇ ਗੁਰੂ ਵਾਲੇ ਬਣੇ ਤੋਂ ਬਿਨਾਂ ਜੀਵਨ ਦੀ ਸਫਲਤਾ ਹੋਣੀ ਹੀ ਨਹੀਂ ਤਾਂ ਫਿਰ ਆਨਾ-ਕਾਨੀ ਕਰਨ ਦਾ ਕੀ ਫਾਇਦਾ? ਜੇ ਗੁਰੂ ਚਾਲੀ ਦੇ ਧਾਰਨੀ ਬਣਨ ਤੋਂ ਢਿੱਲ ਵਰਤਾਂਗੇ ਤਾਂ ਆਪਣੇ ਆਪ ਨਾਲ ਹੀ ਧੋਖਾ ਕਰਾਂਗੇ। ਸਿਆਣਾ ਮਨੁੱਖ ਆਪਣੇ ਆਪ ਨਾਲ ਨਾ ਧੋਖਾ ਕਰਦਾ ਹੈ ਅਤੇ ਨਾ ਹੀ ਹੋਣ ਦਿੰਦਾ ਹੈ ਪਰ ਅਸੀਂ ਅਨਜਾਣ ਪੁਣੇ ਵਿੱਚ ਆਪਣੇ ਨਾਲ ਧੋਖਾ ਕਰਕੇ ਦਿਨ ਕਟੀ ਕਰ ਰਹੇ ਹਾਂ। ਸੋ ਗੁਰੂ ਤੋਂ ਸੇਧ ਲਈਏ ਅਤੇ ਜਲਦੀ ਤੋਂ ਜਲਦੀ:-

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥**

ਮ:੪, ਅੰਗ:੬੬੭

ਦੇ ਧਾਰਨੀ ਬਣ ਸਤਿਗੁਰਾਂ ਦੇ ਉਪਕਾਰਾਂ ਤੋਂ ਲਾਹਾ ਪ੍ਰਾਪਤ ਕਰ ਆਪਣਾ ਮਨੁੱਖਾ ਜਨਮ ਸਫਲਾ ਕਰੀਏ ਅਤੇ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਧਰਤੀ ਤੇ ਸਤਿਗੁਰਾਂ ਵਲੋਂ ਹੋਈਆਂ ਬਖਸ਼ਿਸ਼ਾਂ ਨੂੰ ਆਪਣੀ ਝੋਲੀ ਵਿੱਚ ਪਵਾ ਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਨਾਲ-ਨਾਲ ਵੀਚਾਰ ਕਰੀਏ ਜੇ ਸਤਿਗੁਰੂ ਕਲਗੀਧਰ ਜੀ ਨੇ, ਜੋ ਆਪ ਖੁਦ ਅੰਮ੍ਰਿਤ ਦੇ ਦਾਤੇ ਸਨ, ਆਪਣੇ ਆਪ ਨੂੰ ਅੰਮ੍ਰਿਤ ਦੀ ਦਾਤ ਤੋਂ ਵਾਂਝਾ ਨਹੀਂ ਰੱਖਿਆ ਫਿਰ ਇਸ ਅੰਮ੍ਰਿਤ ਦੀ ਦਾਤ ਤੋਂ ਸਾਨੂੰ ਕਿਵੇਂ ਛੋਟ ਮਿਲ ਸਕਦੀ ਹੈ? ਕਦਾਚਿਤ ਨਹੀਂ। ਇਸ ਰੀਤ ਨੂੰ ਅਪਨਾਉਣਾ ਹੀ ਪਵੇਗਾ ਤੇ ਖੰਡੇ-ਬਾਟੇ ਦੀ ਪਾਹੁਲ ਲੈ ਕੇ ਹੀ ਗੁਰਸਿੱਖ ਦੇ ਜੀਵਨ ਦੀ ਸਫਲਤਾ ਹੋਵੇਗੀ। ਸੋ ਇਸ ਲਈ ਧਰਮ ਦੇ ਕਰਮ ਕਰਨ ਲਈ ਦੇਰ ਨਾ ਕਰੀਏ, ਸਤਿਗੁਰੂ ਅਰਜਨ ਦੇਵ ਜੀ ਦਾ ਪਾਵਨ ਬਚਨ ਆਪਣੇ ਹਿਰਦੇ ਵਿੱਚ ਦ੍ਰਿੜ ਕਰੀਏ:-

**[੧]ਨਹ ਬਿਲੰਬ ਧਰਮੰ ਬਿਲੰਬ ਪਾਪੰ॥**

ਸਲੋਕ ਸਹਸਕ੍ਰਿਤੀ ਮ: ੫, ਅੰਗ: ੧੩੫੪

ਆਪਣੇ ਭਲੇ ਦਾ ਕਾਰਜ ਕਰਨ ਲਈ ਕਦਾਚਿਤ ਵੀ ਆਲਸ ਨਹੀਂ ਕਰਨੀ ਚਾਹੀਦੀ। ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗ ਅੰਦਰ ਜੋ ਬਚਨ ਹੈ ਉਸ ਨੂੰ ਪੜ੍ਹ ਕੇ ਉਸ ਦੇ ਧਾਰਨੀ ਬਣੀਏ:-

**ਅਪਨੇ ਕਾਜ ਕਉ ਕਿਉ ਅਲਕਾਈਐ॥[੨]**
**ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖ ਪਾਈਐ॥ਰਹਾਉ॥**

ਸੋਰਠਿ ਮ:੫, ਅੰਗ:੬੨੯

---

੧. ਧਰਮ ਦਾ ਕਰਮ ਕਰਨ ਲਈ ਦੇਰ ਨਾ ਕਰੀਂ, ਪਾਪ ਦਾ ਕਰਮ ਕਰਨ ਲਈ ਜ਼ਰੂਰ ਦੇਰ ਕਰੀਂ। ੨.ਆਲਸ

# ੧੦
# ਤੀਸਰੀ ਸਿੱਖ ਕੌਮ ਪੈਦਾ ਕਰਨ ਵਾਲੀ ਧਰਤ ਅਨੰਦਪੁਰ ਦੀ

ਸਿੱਖ ਕੌਮ ਨੂੰ ਆਪਣੀ ਵੱਖਰੀ ਹੋਂਦ ਹਸਤੀ ਅਥਵਾ ਨਿਆਰੇਪਨ ਦਾ ਸਰਟੀਫਿਕੇਟ ਕਿਸੇ ਹੋਰ ਕੌਮ ਪਾਸੋਂ ਲੈਣ ਦੀ ਕੋਈ ਜ਼ਰੂਰਤ ਨਹੀਂ ਹੈ। ਸਿੱਖ ਕੌਮ ਦੇ ਪ੍ਰਗਟ ਹੋਣ ਦਾ ਦਿਨ ੧੬੯੯ ਈ: ਦੀ ਵਿਸਾਖੀ, ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੇ ਦੁਨੀਆਂ ਸਾਹਮਣੇ ਪ੍ਰਗਟ ਹੋਣ ਦੀ ਥਾਂ ਸ੍ਰੀ ਕੇਸਗੜ੍ਹ ਸਾਹਿਬ ਹੈ। ਸਿੱਖ ਧਰਮ ਦਾ ਧਰਮੀ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ, ਖ਼ਾਲਸਾ ਕੌਮ ਦੀ ਵੰਸ਼ ਸੋਢੀ, ਵਾਸੀ ਅਨੰਦਪੁਰ ਅਤੇ ਸਾਰੇ ਸਿੰਘ ਸਿੰਘਣੀਆਂ ਦਾ ਆਪਸੀ ਰਿਸ਼ਤਾ ਭਰਾ-ਭੈਣਾਂ ਦਾ। ਅਜਿਹਾ ਕੌਮੀ ਦਰੱਖਤ (National Tree) ਕਿਸੇ ਵੀ ਕੌਮ ਦਾ ਸਾਰੀ ਦੁਨੀਆਂ ਵਿੱਚ ਨਹੀਂ ਮਿਲਦਾ। ਸਿੱਖ ਕੌਮ ਦਾ ਬਾਣਾ ਵੱਖਰਾ, ਧਰਮ ਗ੍ਰੰਥ ਵੱਖਰਾ, ਰਸਮੋਂ-ਰਿਵਾਜ਼ ਵੱਖਰੇ, ਪੂਜਾ ਦਾ ਢੰਗ ਤਰੀਕਾ ਵੱਖਰਾ, ਰਹਿਣੀ-ਰਹਿਤ ਵੱਖਰੀ, ਜ਼ਿੰਦਗੀ ਦਾ ਨਿਸ਼ਾਨਾ ਵੱਖਰਾ, ਮੰਤ੍ਰ (ਗੁਰਮੰਤ੍ਰ, ਮੂਲਮੰਤਰ) ਵੱਖਰੇ, ਮੰਗਲਾਚਰਨ ਵੱਖਰਾ, ਸੰਸਕਾਰ ਬਿਲਕੁਲ ਹੀ ਕਿਸੇ ਕੌਮ ਨਾਲ ਮੇਲ ਨਹੀਂ ਖਾਂਦੇ। ਕੋਈ ਵੀ ਨੇਮ ਕਰਮ ਖ਼ਾਲਸਾ ਕੌਮ ਦਾ ਕਿਸੇ ਕੌਮ ਨਾਲ ਨਹੀਂ ਰਲਦਾ। ਭਾਂਵੇਂ ਖ਼ਾਲਸੇ ਦੇ ਸੁਨਹਿਰੀ ਅਸੂਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਰਬ ਮਨੁੱਖਤਾ ਲਈ ਸਰਬ ਸਾਂਝੀ ਹੈ ਪਰ ਖ਼ਾਲਸੇ ਦੀ ਹਰ ਤਰ੍ਹਾਂ ਚੜ੍ਹਦੀ ਕਲਾ ਵੇਖ ਕੁਝ ਤੰਗ ਦਿਲ ਲੋਕ ਖ਼ਾਲਸਾ ਪੰਥ ਦੀ ਨਿਆਰੀ ਹਸਤੀ ਨੂੰ ਮਿਟਾਉਣ ਤੇ ਖਤਮ ਕਰਨ ਵਾਸਤੇ ਦਿਨ-ਰਾਤ ਅੰਨਾ ਪੈਸਾ ਖਰਚ ਕੇ ਤਰ੍ਹਾਂ-ਤਰ੍ਹਾਂ ਦੇ ਮਨਸੂਬੇ ਬਣਾ, ਅਨਹੋਣਾ ਪ੍ਰਚਾਰ ਕਰ, ਅਨਜਾਣ ਲੋਕਾਈ ਨੂੰ ਗੁਮਰਾਹ ਕਰਕੇ ਸਿੱਖ ਕੌਮ ਨੂੰ "ਕੇਸਾਧਾਰੀ ਹਿੰਦੂ" ਸਿੱਧ ਕਰਨ ਲਈ ਤੇ ਕੇਸਾਧਾਰੀ ਹਿੰਦੂ ਬਨਾਉਣ ਲਈ ਦਿਨ-ਰਾਤ ਪੱਬਾਂ ਭਾਰ ਹੋਏ ਪਏ ਹਨ ਅਤੇ ਆਏ ਦਿਨ ਸਿੱਖੀ ਦੇ ਬੇਹਤਰੀਨ ਅਸੂਲਾਂ ਨੂੰ ਤ੍ਰੋੜ-ਮ੍ਰੋੜ ਕੇ ਆਪਣੇ ਵਿੱਚੋਂ ਪੈਦਾ ਹੋਏ ਸਿੱਧ ਕਰਨ ਲਈ ਅੱਡੀ ਚੋਟੀ ਦਾ ਜੋਰ ਲਾਈ ਜਾ ਰਹੇ ਹਨ। ਸਿੱਖੀ ਤੋਂ ਨਾ-ਵਾਕਫ਼ ਤੇ ਸੋਝੀਹੀਣ ਸ਼ਖਸ ਅਜਿਹੇ ਗੁਮਰਾਹਕੁੰਨ ਪ੍ਰਚਾਰ ਨੂੰ ਪੜ੍ਹ ਸੁਣ ਕੇ ਕਈ ਵਾਰੀ ਸਿੱਖੀ ਅਕੀਦੇ ਤੋਂ ਭੁਲੇਖਾ ਖਾ ਜਾਂਦੇ ਹਨ ਪਰ ਸਾਨੂੰ ਮਾਣ ਅਤੇ ਫ਼ਖਰ ਹੋਣਾ ਚਾਹੀਦਾ ਹੈ ਆਪਣੇ ਨਿਆਰੇ ਅਤੇ ਅੱਡਰੇਪਨ ਤੇ। ਸਤਿਗੁਰੂ ਜੀ ਨੇ ਸਾਰੇ ਭਰਮ-ਭੇਖਾਂ ਤੋਂ ਨਿਆਰੀ ਸਿੱਖ ਕੌਮ ਦੀ ਸਾਜਨਾ ਕੀਤੀ ਹੈ। ਅਸੀਂ ਸਿੱਖ ਹਾਂ ਤੇ ਸਿੱਖ ਹੀ ਰਹਾਂਗੇ।

ਅੱਜ ਫਿਰ ਸਭ ਕੁਝ ਜਾਣਦਿਆਂ ਹੋਇਆਂ ਇਹ ਲੋਕ ਸਿੱਖ ਕੌਮ ਨੂੰ ਹਿੰਦੂਆਂ ਦਾ ਹਿੱਸਾ ਦਰਸਾ ਕੇ ਆਪਣੀ ਕੁਟਲ ਨੀਤੀ ਦਾ ਪ੍ਰਗਟਾਵਾ ਸ਼ਰੇਆਮ ਕਰ ਰਹੇ ਹਨ।

ਇਸੇ ਸੰਦਰਭ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸਰਦਾਰ ਭਾਗ ਸਿੰਘ ਅਣਖੀ ਜੀ ਨੇ ਚੀਫ਼ ਖ਼ਾਲਸਾ ਦੀਵਾਨ ਦੇ ਚੋਣਵੇਂ ਇਕੱਠ ਵਿੱਚ ਕੁਝ ਕੁ ਸਾਲ ਪਹਿਲਾਂ ਯਤੀਮਖਾਨੇ ਦੇ ਹਾਲ ਵਿੱਚ ਹੋਈ ਇਕੱਤ੍ਰਤਾ ਵਿਖੇ ਜਨਤਕ ਤੌਰ ਤੇ ਲਿਖੀ ਵਾਰਤਾ ਜੋ ਉਨ੍ਹਾਂ ਦੀ ਵਿਜੈ ਰਾਜਾ ਸਿੰਧੀਆ ਨਾਲ ਹੋਈ, ਉਸ ਨੂੰ ਸਾਂਝੀ ਕੀਤਾ ਤੇ ਮੈਂ ਆਪਣੇ ਕੰਨਾਂ ਨਾਲ ਸੁਣਿਆ ਜੋ ਆਪ ਜੀ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ, ਤਾਂ ਜੋ ਪਤਾ ਚੱਲ ਜਾਵੇ ਕਿ ਸਿੱਖ ਕੌਮ ਨੂੰ "ਕੇਸਾਧਾਰੀ ਹਿੰਦੂ" ਦਰਸਾਉਣ ਦੀ ਚਾਲ ਕਿਵੇਂ ਅਰੰਭ ਹੋਈ।

ਅਣਖੀ ਜੀ ਨੇ ਭਰੇ ਇਕੱਠ ਵਿੱਚ ਦੱਸਿਆ, ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮੁੱਢਲੀ ਟਰੱਸਟੀ, ਜਨਸੰਘ ਤੇ ਭਾਰਤੀ ਜਨਤਾ ਪਾਰਟੀ ਦੇ ਮੁਢਲੇ ਲੀਡਰਾਂ ਦੀ ਕਤਾਰ ਵਿੱਚੋਂ ਰਾਜ ਮਾਤਾ ਕਹਿਲਾਉਣ ਵਾਲੀ ਬੀਬੀ ਵਿਜੈ ਰਾਜਾ ਸਿੰਧੀਆ ਨੇ ਚਾਲੀ-ਪੰਜਤਾਲੀ ਸਾਲ ਪਹਿਲਾਂ ਉਚੇਚਾ ਫੋਨ ਕਰਕੇ ਮੇਰੇ ਪਾਸ ਰਾਤ ਠਹਿਰਨ ਦੀ ਇੱਛਾ ਪ੍ਰਗਟਾਈ ਅਤੇ ਫੋਨ ਤੇ ਕਿਹਾ ਕਿ ਅਣਖੀ ਸਾਹਿਬ ਮੈਂ ਅੰਮ੍ਰਿਤਸਰ ਆ ਰਹੀ ਹੂੰ, ਰਾਤ ਮੈਂ ਆਪ ਕੇ ਸਾਥ ਖਾਣਾ ਖਾਊਂਗੀ ਔਰ ਸੁਭਾਹ ਮੈਂ ਤੁਮਾਰੇ ਲਾਨ ਮੇਂ ਬੈਠ ਕਰ ਚਾਏ ਪੀ ਕਰ ਵਾਪਿਸ ਜਾਉਂਗੀ। ਮੈਨੇਂ ਆਪ ਸੇ ਕੁਝ ਜ਼ਰੂਰੀ ਬਾਤੇਂ ਸਾਂਝੀ ਕਰਨੀ ਹੈ। ਅਣਖੀ ਸਾਹਿਬ ਨੇ ਕਿਹਾ ਕਿ ਬਹੁਤ ਅੱਛੀ ਬਾਤ ਹੈ ਮੈਂ ਆਪ ਕੀ ਇੰਤਜ਼ਾਰ ਕਰੂੰਗਾ।

ਅਣਖੀ ਜੀ ਦੇ ਦੱਸਣ ਮੁਤਾਬਿਕ ਮਿੱਥੇ ਹੋਏ ਦਿਨ ਤੇ ਉਹ ਸਮੇਂ ਅਨੁਸਾਰ ਮੇਰੇ ਘਰ ਪੁੱਜ ਗਈ। ਮੈਂ ਵੀ ਉਸ ਨੂੰ ਬਣਦਾ ਮਾਣ ਦਿੱਤਾ। ਰਾਤ ਦਾ ਖਾਣਾ ਖਾ, ਥੋੜ੍ਹੀਆਂ ਗੱਲਾਂ ਬਾਤਾਂ ਕਰ, ਉਸ ਨੇ ਅਰਾਮ ਕੀਤਾ। ਸਵੇਰੇ ਨਾਸ਼ਤੇ ਦੇ ਸਮੇਂ ਅਸੀਂ ਚਾਹ ਪਾਣੀ ਤੇ ਹੋਰ ਸਮਾਨ ਬਾਹਰ ਲਾਨ ਵਿੱਚ ਰੱਖ ਦਿੱਤਾ। ਕੁੱਝ ਕੁ ਕਰਿੰਦੇ ਉਸ ਨਾਲ ਆਏ ਸਨ, ਕੁੱਝ ਸਾਡੀ ਵਲੋਂ ਮਹਿਮਾਨ ਨਿਵਾਜੀ ਵਾਲੇ ਬੰਦੇ ਸਨ। ਵਿਜੈ ਰਾਜਾ ਨੇ ਸਾਰਿਆਂ ਨੂੰ ਇੱਕ ਪਾਸੇ ਕਰਾ ਦਿੱਤਾ ਤੇ ਉਨ੍ਹਾਂ ਨੂੰ ਕਹਿ ਦਿੱਤਾ ਕਿ ਮੈਨੇਂ ਕੁਝ ਜ਼ਰੂਰੀ ਬਾਤੇਂ ਅਣਖੀ ਜੀ ਕੇ ਸਾਥ ਸਾਂਝੀ ਕਰਨੀ ਹੈ। ਅਣਖੀ ਜੀ ਨੇ ਦੱਸਿਆ ਕਿ ਮੈਂ ਵੀ ਹੈਰਾਨ ਸਾਂ ਕਿ ਇਸ ਨੇ ਮੇਰੇ ਨਾਲ ਕਿਹੜੀ ਤੇ ਕਿਹੋ ਜਿਹੀ ਵੱਖਰੀ ਗੱਲ ਕਰਨੀ ਹੈ ਜੋ ਸਾਰਿਆਂ ਨੂੰ ਵੱਖ ਕਰ ਦਿੱਤਾ। ਸੋ ਖੈਰ! ਵਿਜੈ ਰਾਜਾ ਸਿੰਧੀਆ ਨੇ ਚਾਹ ਦਾ ਕੱਪ ਹੱਥ ਵਿੱਚ ਪਕੜ ਕੇ ਘੁੱਟ ਭਰਿਆ ਤੇ ਨਾਲ ਹੀ ਮੈਨੂੰ ਸੰਬੋਧਨ ਕਰਕੇ ਕਿਹਾ ਕਿ ਅਣਖੀ ਜੀ! ਆਪ ਜੀ ਚੀਫ਼ ਖ਼ਾਲਸਾ ਦੀਵਾਨ ਕੇ ਆਨਰੇਰੀ ਸੈਕਟਰੀ ਹੋ, ਚੀਫ਼ ਖ਼ਾਲਸਾ ਦੀਵਾਨ ਸਿੱਖੋਂ ਕੀ ਬਹੁਤ ਪੁਰਾਣੀ ਨੁੰਮਾਇਦਾ ਜਮਾਤ ਹੈ। ਆਪ ਮੁਝੇ ਏਕ ਬਾਤ ਬਤਾਈਏ ਹਿੰਦੂ ਲੋਕ

ਬਾਰ-ਬਾਰ ਜਿਹ ਕਹਿਤੇ ਹੈਂ ਕਿ ਸਿੱਖ ਹਮਾਰੇ ਭਾਈ ਹੈ। ਵਹ ਹਮਾਰੇ ਸੇ, ਹਮਾਰੀ ਰਖਵਾਲੀ ਕੇ ਲੀਏ ਜੁਦਾ ਹੂਏ ਥੇ ਪ੍ਰੰਤੂ ਆਪ ਲੋਕ ਉਨ ਕੇ ਪਿਆਰ ਕੋ ਠੁਕਰਾ ਕਰ ਕਹਿਤੇ ਹੋ ਕਿ **ਸਿੱਖ ਹਿੰਦੂ ਨਹੀਂ ਹੈ। ਸਿੱਖ ਹਿੰਦੂਓਂ ਸੇ ਅਲੱਗ ਹੈ। ਸਿੱਖੋਂ ਕੋ ਹਿੰਦੂਓਂ ਕੇ ਭਾਈ ਬਣਨੇ ਮੇਂ ਕਿਆ ਇਤਰਾਜ਼ ਹੈ?** ਵਿਸ਼ਵ ਮੇਂ ਭਾਈ-ਭਾਈ ਕਾ ਰਿਸ਼ਤਾ ਤੋ ਬਹੁਤ ਨਜ਼ਦੀਕੀ ਔਰ ਬਹੁਤ ਗਹਿਰਾ ਹੋਤਾ ਹੈ। ਸਿੱਖ ਇਸ ਨਜ਼ਦੀਕੀ ਰਿਸ਼ਤੇ ਕੋ ਕਿਉਂ ਨਹੀਂ ਮਾਨਤੇ? ਆਪ ਮੁਝੇ ਬਤਲਾਈਏ? ਅਣਖੀ ਜੀ ਨੇ ਦੱਸਿਆ ਕਿ ਮੈਂ ਥੋੜਾ ਜਿਹਾ ਸੋਚ ਕੇ, ਵਿਜੈ ਰਾਜਾ ਸਿੰਧੀਆ ਨੂੰ ਉੱਤਰ ਦਿੱਤਾ ਕਿ ਸਿੱਖ ਤਾਂ ਕਿਸੇ ਨਾਲ ਵੀ ਨਫ਼ਰਤ ਨਹੀਂ ਕਰਦੇ। ਸਿੱਖਾਂ ਲਈ ਤੇ ਹਿੰਦੂ, ਮੁਸਲਮਾਨ, ਇਸਾਈ, ਬੋਧੀ, ਜੈਨੀ ਸਾਰੇ ਇੱਕੋ ਜਿਹੇ ਹਨ। ਸਿੱਖ ਤੇ ਸਾਰੇ ਸੰਸਾਰ ਨੂੰ "ਏਕ ਪਿਤਾ ਏਕਸ ਕੇ ਹਮ ਬਾਰਿਕ" ਦਰਸਾ ਕੇ ਸਭ ਨਾਲ ਪਿਆਰ ਕਰ, ਸਰਬੱਤ ਦਾ ਭਲਾ ਮੰਗਦੇ ਹਨ। ਸਿੱਖ ਲਈ ਤਾਂ ਕਿਸੇ ਕੌਮ ਨਸਲ ਨਾਲ ਕੋਈ ਮਨੁੱਖ ਸਬੰਧ ਰੱਖਦਾ ਹੈ, ਉਹ ਸਾਡਾ ਭਰਾ ਹੈ। ਇਹ ਉੱਤਰ ਸੁਣ ਕੇ ਰਾਜ ਮਾਤਾ ਕਹਿਣ ਲੱਗੀ, ਭਾਗ ਸਿੰਘ! ਤੁਮ ਹਮਾਰੀ ਬਾਤ ਨਹੀਂ ਸਮਝੇ, ਹਿੰਦੂ ਕਹਿਤੇ ਹੈ ਸਿੱਖ ਹਮਾਰੇ ਕੇਸਾਧਾਰੀ ਹਿੰਦੂ ਭਾਈ ਹੈ, ਪਰ ਆਪ ਬਾਰ-ਬਾਰ ਇਨਕਾਰ ਕਰਤੇ ਹੋ ਔਰ ਅਖਬਾਰੋਂ ਮੇਂ ਭੀ ਬਿਆਨ ਦੇਤੇ ਹੋ ਕਿ **ਹਮ ਹਿੰਦੂ ਨਹੀਂ, ਹਮ ਵੱਖਰੀ ਕੌਮ ਹੈਂ।** ਅਣਖੀ ਜੀ ਨੇ ਭਰੇ ਇਕੱਠ ਵਿੱਚ ਦੱਸਿਆ ਕਿ ਉਨ੍ਹਾਂ ਬੀਬੀ ਨੂੰ ਕਿਹਾ ਕਿ ਅਸੀਂ ਸਾਰਿਆਂ ਨੂੰ ਪਿਆਰ ਕਰਦੇ ਹਾਂ ਤੇ ਭਰਾ ਜਾਣਦੇ ਹਾਂ ਪਰ ਜੋ ਗੱਲ ਤੁਸੀਂ ਕਹੀ ਹੈ, ਉਸ ਦਾ ਪੂਰਾ ਪਤਾ ਮੈਨੂੰ ਹੁਣ ਲੱਗਾ ਹੈ। ਸਿੰਧੀਆ ਸਾਹਿਬ! ਤੁਲਸੀ ਦਾਸ ਜੀ ਨੇ ਲਿਖਿਆ ਹੈ, ਕਿ ਜਿਸ ਦੇ ਛੇ ਅਮਲ-ਅਸੂਲ ਆਪਸ ਵਿੱਚ ਮਿਲਦੇ ਹੋਣ ਉਨ੍ਹਾਂ ਦਾ ਆਪਸੀ ਮੇਲ ਸਹਿਜ ਹੀ ਬਣ ਜਾਂਦਾ ਹੈ ਕੋਈ ਯਤਨ ਨਹੀਂ ਕਰਨਾ ਪੈਂਦਾ। ਤੁਲਸੀ ਜੀ ਦਾ ਫ਼ੁਰਮਾਨ ਹੈ:-

> **[੧]ਆਸ਼ਾ, [੨]ਇਸ਼ਟ, [੩]ਉਪਾਸ਼ਨਾਂ, [੪]ਖਾਣ, [੫]ਪਾਣ, [੬]ਪਹਿਰਾਨ।**
> **ਤੁਲਸੀ ਜਿਨ ਕੇ ਖਟ ਮਿਲੇ ਸੋਈ ਮਿਲਿਆ ਜਾਨ।**

ਪਰ ਸਾਡਾ ਤਾਂ ਹਿੰਦੂ ਭਰਾਵਾਂ ਨਾਲ, ਨਾ ਇਸ਼ਟ, ਨਾ ਆਸ਼ਾ, ਨਾ ਉਪਾਸ਼ਨਾਂ, ਨਾ ਖਾਣ, ਨਾ ਪਾਣ, ਨਾ ਪਹਿਰਾਨ ਮਿਲਦਾ ਹੈ; ਅਸੀਂ ਕਿਵੇਂ ਹਿੰਦੂਆਂ ਦੇ "ਕੇਸਾਧਾਰੀ ਹਿੰਦੂ ਭਰਾ" ਹੋਏ?

ਭਾਗ ਸਿੰਘ ਜੀ ਨੇ ਦੱਸਿਆ ਕਿ ਮੇਰੀ ਇਹ ਗੱਲ ਸੁਣ ਕੇ ਵਿਜੈ ਰਾਜਾ ਸਿੰਧੀਆ ਜੋ ਕੱਟੜ ਜਨ ਸੰਘੀ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਟਰੱਸਟੀ ਸੀ, ਸਿਰ ਹਿਲਾ ਕੇ

੧. ਜਿਸ ਦੇ ਜੀਵਨ ਦਾ ਆਸ਼ਾ ਇੱਕ ਸਾਂਝਾ ਹੋਵੇ ੨. ਇਸ਼ਟ ਸਾਂਝਾ ਹੋਵੇ ੩. ਉਪਾਸ਼ਨਾ ਦਾ ਢੰਗ ਤਰੀਕਾ ਸਾਂਝਾ ਹੋਵੇ ੪. ਜਿਸ ਦਾ ਖਾਣਾ ਸਾਂਝਾ ਹੋਵੇ ੫. ਜਿਸ ਦਾ ਪੀਣਾ ਸਾਂਝਾ ਹੋਵੇ ੬. ਜਿਸ ਦਾ ਪਹਿਰਾਵਾ ਇੱਕ ਹੋਵੇ ਜਿਨ੍ਹਾਂ ਦੇ ਇਹ ਛੇ ਗੁਣ ਆਪਸੀ ਮਿਲ ਜਾਂਦੇ ਹਨ, ਉਥੇ ਦਿਲਾਂ ਦੀ ਸਾਂਝ ਆਪੇ ਬਣ ਜਾਂਦੀ ਹੈ।

ਕਹਿਣ ਲੱਗੀ ਅਣਖੀ ਜੀ ! ਅਬ ਆਪ ਕੀ ਬਾਤ ਅੱਛੀ ਤਰ੍ਹਾਂ ਮੇਰੀ ਪਕੜ ਮੇਂ ਆ ਗਈ ਹੈ। ਜਬ ਮੈਂ ਵਾਪਸ ਜਾਊਂਗੀ ਤੋ ਮੈਂ ਆਪਣੇ ਹਿੰਦੂ ਵੀਰੋਂ ਸੇ ਨਿਵੇਦਨ ਕਰੂੰਗੀ ਕਿ ਅਗਰ ਸਿੱਖ ਆਪ ਕੇ ਕੇਸਾਧਾਰੀ ਹਿੰਦੂ ਭਾਈ ਨਹੀਂ ਬਨਣਾ ਚਾਹਤੇ ਤੋ ਆਪ ਲੋਗ **ਕੇਸਾਧਾਰੀ ਹੋ ਕਰ ਸਿੱਖੋਂ ਕੇ ਭਾਈ ਬਨ ਜਾਉ**। ਅਣਖੀ ਜੀ ਨੇ ਕਿਹਾ ਕਿ ਉਸ ਵੇਲੇ ਤਾਂ ਮੈਂ ਉਸ ਦਾ ਕੋਈ ਜਵਾਬ ਨਹੀਂ ਦਿੱਤਾ ਪਰ ਮੈਂ ਸਮਝ ਗਿਆਂ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਲਈ ਕੋਈ ਨਵੀਂ ਮੁਸੀਬਤ ਜ਼ਰੂਰ ਖੜੀ ਹੋਵੇਗੀ। ਇੰਨੀਆਂ ਗੱਲਾਂ ਬਾਤਾਂ ਕਰ ਥੋੜ੍ਹਾ ਸਮਾਂ ਹੋਰ ਬਾਤ-ਚੀਤ ਵਿੱਚ ਬੀਤਿਆ ਤੇ ਵਿਜੈ ਰਾਜਾ ਸਿੰਧੀਆ ਨੇ ਸਾਥੀਆਂ ਸਮੇਤ ਵਿਦਾਇਗੀ ਲਈ। ਮੈਂ ਇਹ ਗੱਲ ਇੱਕ ਦੋ ਹੋਰ ਹਿਤੈਸ਼ੀ ਸੱਜਣਾ ਨਾਲ ਸਾਂਝੀ ਕੀਤੀ। ਉਹ ਬੜੇ ਦੂਰ ਅੰਦੇਸ਼ ਸਨ। ਮੇਰੀ ਗੱਲ ਸੁਣ ਕੇ ਉਹ ਕਹਿਣ ਲੱਗੇ ਅਣਖੀ ! ਰਾਜਸਥਾਨ ਦੀ ਰਾਜ ਮਾਤਾ ਆਪਣੀ ਬੋਲੀ ਵਿੱਚ ਤਾਂ ਤੈਨੂੰ ਸਭ ਕੁਝ ਕਹਿ ਗਈ ਹੈ, ਤੈਨੂੰ ਹੀ ਸਮਝ ਨਹੀਂ ਪਈ, ਹੁਣ ਸਮਾਂ ਦੱਸੇਗਾ। ਥੋੜ੍ਹੇ ਹੀ ਮਹੀਨਿਆਂ ਵਿੱਚ ਜਨ ਸੰਘੀਆਂ ਨੇ ਰਾਸ਼ਟ੍ਰੀਆ ਸਿੱਖ ਸੰਗਤ (RSS) ਹੋਂਦ ਵਿੱਚ ਲੈ ਆਂਦੀ। ਜਿਨ੍ਹਾਂ ਦਾ ਸਰੂਪ ਸਿੱਖਾਂ ਵਰਗਾ, ਖੁੱਲ੍ਹੀਆਂ ਦਾਹੜੀਆਂ, ਕ੍ਰਿਪਾਨਾਂ ਉੱਪਰੋਂ ਦੀ ਸਿਰ ਤੇ ਕੇਸ ਤੇ ਦਸਤਾਰ ਪਰ ਅੰਦਰੋਂ ਕੱਟੜ ਹਿੰਦੂ। ਅਣਖੀ ਜੀ ਕਹਿਣ ਲੱਗੇ, ਉਸ ਦਿਨ ਦੀ ਗੱਲ ਜਦੋਂ ਸਾਕਾਰਤਾ ਦੇ ਰੂਪ ਵਿੱਚ ਸਾਹਮਣੇ ਆਈ, ਮਨ ਨੂੰ ਬੜੀ ਚਿੰਤਾ ਲੱਗੀ ਕਿ ਹਿੰਦੂਇਜ਼ਮ ਸਿੱਖੀ ਸਰੂਪ ਵਿੱਚ, ਸਿੱਖਾਂ ਅੰਦਰ ਘੁਸਪੈਠ ਕਰ ਗਿਆ ਹੈ। ਅਜਿਹੇ ਹਾਲਾਤਾਂ ਵਿੱਚ ਜੇ ਬਿਬੇਕ ਬੁੱਧੀ ਨਾਲ ਸਿੱਖ ਨਾ ਵਿਚਰਿਆ ਤਾਂ ਆਰ.ਐਸ.ਐਸ. (RSS) ਦਾ ਅਜਗਰ ਸਿੱਖ ਕੌਮ ਨੂੰ ਸਹਿਜੇ ਸਹਿਜੇ ਨਿਗਲ ਜਾਵੇਗਾ ਤੇ ਅੱਜ ਆਪਾਂ ਵੇਖ ਵੀ ਰਹੇ ਹਾਂ। ਜੋ ਵਰਤ ਰਿਹਾ ਹੈ, ਸਾਡੇ ਸਾਹਮਣੇ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ "**ਹਮ ਹਿੰਦੂ ਨਹੀਂ**" ਸਿਰਲੇਖ ਹੇਠ ੧੨੮ ਪੰਨਿਆਂ ਦੀ ਇੱਕ ਕਿਤਾਬ ਲਿਖੀ ਹੈ। ਜਿਸ ਵਿੱਚ ਹਰ ਪੱਖ ਤੇ ਉਨ੍ਹਾਂ ਨੇ ਬੜੀ ਵਿਦਵਤਾ ਨਾਲ ਗੁਰ-ਇਤਿਹਾਸ, ਗੁਰੂ-ਹੁਕਮ ਤੇ ਅਨਮਤੀਆਂ ਦੇ ਇਤਿਹਾਸ ਵਿੱਚੋਂ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਸਿੱਖ ਕੌਮ ਇੱਕ ਵੱਖਰੀ ਕੌਮ ਹੈ। ਸਿੱਖ ਕੌਮ ਦਾ ਕਿਸੇ ਵੀ ਕੌਮ ਨਾਲ ਕੁਝ ਵੀ ਨਹੀਂ ਰਲਦਾ। ਇਸ ਪੁਸਤਕ ਦੇ ਕੁੱਝ ਅੰਸ਼ ਆਪ ਜੀ ਦੀ ਸੇਵਾ ਵਿੱਚ ਦੇ ਰਿਹਾਂ ਹਾਂ, ਜਿਨ੍ਹਾਂ ਨੂੰ ਪੜ੍ਹ ਕੇ ਸਿੱਖ ਕੌਮ ਦੀ ਅੱਡਰੀ ਹਸਤੀ ਸਬੰਧੀ ਕਿਸੇ ਕਿਸਮ ਦਾ ਭੁਲੇਖਾ ਬਾਕੀ ਰਹਿ ਹੀ ਨਹੀਂ ਜਾਂਦਾ ਅਤੇ ਪ੍ਰਪੱਕ ਰੂਪ ਵਿੱਚ ਸਾਂਹਵੇਂ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰਾਂ ਮਿਹਰ ਕਰਕੇ ਹਿੰਦੂ-ਮੁਸਲਮਾਨ ਤੇ ਹੋਰ ਮਤਾਂ ਤੋਂ ਬਿਲਕੁਲ ਨਿਵੇਕਲਾ ਸਿਧਾਂਤ ਤੇ ਨਿਵੇਕਲਾ ਹੀ ਸਭ ਕੁਝ ਪ੍ਰਦਾਨ ਕਰਕੇ ਨਿਵੇਕਲੀ ਸਿੱਖ ਕੌਮ ਪੈਦਾ ਕੀਤੀ ਹੈ।

**ਅੰਨਯ ਮਤ ਤੇ ਗੁਰਮਤਿ ਦਾ ਨਿਰਣਾ:-**

(੧) **ਮੰਤ੍ਰ**: ਹਿੰਦੂਆਂ ਦਾ ਗਾਇਤ੍ਰੀ, ਮੁਸਲਮਾਨਾਂ ਦਾ ਕਲਮਾਂ, **ਸਿੱਖਾਂ ਦਾ ਜਪੁਜੀ ਵਾ ਪਹਿਲੀ ਪੌੜੀ।**

(੨) **ਮੰਗਲਾਚਰਨ**: ਹਿੰਦੂਆਂ ਦਾ ਓਅੰ ਸ੍ਰੀ ਗਣੇਸ਼ਯ ਨਮਹ ਆਦਿਕ, ਮੁਸਲਮਾਨਾਂ ਦਾ ਬਿਸਮਿੱਲਾ ਆਦਿ, **ਸਿੱਖਾਂ ਦਾ ੴ ਸਤਿਗੁਰ ਪ੍ਰਸਾਦਿ॥**

(੩) **ਮੁਲਾਕਾਤ ਵੇਲੇ**: ਹਿੰਦੂ ਰਾਮ ਰਾਮ, ਨਮਸਤੇ ਆਦਿਕ, ਮੁਸਲਮਾਨ ਸਲਾਮ ਔਰ **ਸਿੱਖ ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ ਦੀ ਸਾਂਝ ਪਾਉਂਦੇ।**

(੪) **ਧਰਮ ਦੇ ਪੁਸਤਕ**: ਹਿੰਦੂਆਂ ਦੇ ਵੇਦ, ਮੁਸਲਮਾਨਾਂ ਦਾ ਕੁਰਾਨ, **ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ।**

(੫) **ਤੀਰਥ**: ਹਿੰਦੂਆਂ ਦੀ ਗੰਗਾ, ਗਯਾ, ਪ੍ਰਯਾਗ ਆਦਿਕ, ਮੁਸਲਮਾਨਾਂ ਦਾ ਮੱਕਾ, ਮਦੀਨਾ, **ਸਿੱਖਾਂ ਦੇ ਸ੍ਰੀ ਅੰਮ੍ਰਿਤਸਰ, ਅਬਚਲ ਨਗਰ ਆਦਿਕ ਔਰ ਸਭ ਤੋਂ ਮੁੱਖ ਵਾਹਿਗੁਰੂ ਦਾ ਨਾਮ।**[੧]

(੬) **ਮੰਦਰ**: ਹਿੰਦੂਆਂ ਦੇ ਠਾਕੁਰ ਦੁਆਰੇ, ਸ਼ਿਵਾਲੇ ਆਦਿਕ, ਮੁਸਲਮਾਨਾਂ ਦੀ ਮਸਜਿਦ, **ਸਿੱਖਾਂ ਦੇ ਗੁਰਦੁਆਰੇ ਧਰਮਸ਼ਾਲਾ।**

(੭) **ਪੂਜਨ ਦੀ ਦਿਸ਼ਾ**: ਹਿੰਦੂਆਂ ਦੇ ਪੂਰਬ, ਮੁਸਲਮਾਨਾਂ ਦੀ ਪਸਚਮ, **ਸਿੱਖਾਂ ਵਾਸਤੇ ਚਾਰੋਂ ਦਿਸ਼ਾ ਇੱਕ ਸਾਰ।**

(੮) **ਇਸ਼ਨਾਨ ਦਾ ਵੇਲਾ**: ਹਿੰਦੂਆਂ ਦਾ ਸੂਰਜ ਚੜ੍ਹਨ ਵੇਲੇ, ਮੁਸਲਮਾਨਾਂ ਦਾ ਵਜ਼ੂ ਨਿਮਾਜ਼ ਤੋਂ ਪਹਿਲਾਂ, **ਸਿੱਖਾਂ ਦਾ ਇਸ਼ਨਾਨ ਅੰਮ੍ਰਿਤ ਵੇਲੇ।**

(੯) **ਸੰਧਯਾ**: ਹਿੰਦੂਆਂ ਦੀ ਗਾਯਤ੍ਰੀ ਪੜ੍ਹ ਕੇ ਤਰਪਨ[੨] ਕਰ ਕੇ, ਮੁਸਲਮਾਨਾਂ ਦੀ ਨਿਮਾਜ਼ ਪੜ੍ਹ ਕੇ, **ਸਿੱਖਾਂ ਦਾ ਨਿੱਤਨੇਮ (ਜਪੁ, ਜਾਪੁ, ਸਵੱਯੇ, ਚੌਪਈ, ਅਨੰਦ ਸਾਹਿਬ)** ਕਰ ਕੇ।

(੧੦) **ਸੰਸਕਾਰ**: ਹਿੰਦੂਆਂ ਦੇ ਜਨੇਊ, ਮੁੰਡਨ ਆਦਿਕ, ਮੁਸਲਮਾਨਾਂ ਦੇ ਸੁੰਨਤ, **ਸਿੱਖਾਂ ਦੇ ਅੰਮ੍ਰਿਤ ਛਕਣਾ।**

(੧੧) **ਚਿੰਨ੍ਹ**: ਹਿੰਦੂਆਂ ਦਾ [੩]ਸ਼ਿਖਾ, ਤਿਲਕ, ਮਾਲਾ, ਜਨੇਊ, ਧੋਤੀ, ਮੁਸਲਮਾਨਾਂ ਦਾ ਸ਼ਰਈ ਮੁੱਛਾਂ, ਤੰਬਾ ਆਦਿਕ, **ਸਿੱਖਾਂ ਦਾ ਕੇਸ, ਕ੍ਰਿਪਾਨ, ਕੱਛ, ਕੰਘਾ, ਕੜਾ।**

(੧੨) **ਪੂਜਯ**: ਹਿੰਦੂਆਂ ਦੇ ਬ੍ਰਾਹਮਣ, ਸੰਨਿਆਸੀ, ਮੁਸਲਮਾਨਾਂ ਦੇ ਸਯੀਅਦ,

---

੧.ਤੀਰਥ ਹਮਰਾ ਹਰ ਕੋ ਨਾਮ ੨.ਪਿੱਤਰਾਂ ਨਮਿੱਤ ਚੜ੍ਹਦੇ ਵੰਨੇ ਸੂਰਜ ਵੱਲ ਪਾਣੀ ਦੇਣਾ ੩.ਬੋਦੀ ਚੋਟੀ

ਮੌਲਵੀ, **ਸਿੱਖਾਂ ਦੇ ਗੁਰੂ ਖ਼ਾਲਸਾ।**

(੧੩) **ਵੱਡੇ ਦਿਨ**: ਹਿੰਦੂਆਂ ਦੇ ਜਨਮ ਅਸ਼ਟਮੀ, ਰਾਮਨੌਮੀ ਆਦਿਕ, ਮੁਸਲਮਾਨਾਂ ਦੇ ਈਦ, ਬਕਰੀਦ ਆਦਿਕ, **ਸਿੱਖਾਂ ਦੇ ਗੁਰਪੁਰਬ।**

(੧੪) **ਭੇਟਾ ਪ੍ਰਸ਼ਾਦਿ**: ਹਿੰਦੂਆਂ ਦੇ ਚੂਰਮਾ, ਲੱਡੂ, ਫ਼ਲ ਆਦਿਕ, ਮੁਸਲਮਾਨਾਂ ਦੇ ਦੁੰਬੇ, ਬੱਕਰੇ ਆਦਿਕ ਦੀ ਕੁਰਬਾਨੀ, **ਸਿੱਖਾਂ ਦੇ ਕੜਾਹ ਪ੍ਰਸ਼ਾਦਿ।**

ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਹਿੰਦੂ ਅਤੇ ਮੁਸਲਮਾਨ ਤੋਂ ਸਿੱਖ ਕੌਮ ਨੂੰ ਨਿਆਰਾ ਲਿਖਿਆ ਹੈ:-

**ਪੂਰਬ ਹਿੰਦੂ ਤੁਰਕ ਹੈਂ ਦੋਇ। ਅਬ ਤੇ ਤੀਨ ਜਾਨੀਏ ਹੋਇ।**

ਗੁਰਪ੍ਰਤਾਪ ਸੂਰਜ ਗ੍ਰੰਥ

ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਸਿੱਖ ਪੰਥ ਦਾ ਹਿੰਦੂ ਤੁਰਕ ਤੋਂ ਨਿਆਰਾ ਹੋਣ ਦਾ ਜ਼ਿਕਰ ਕੀਤਾ ਹੈ ਉਥੇ ਖ਼ਾਲਸਾ ਕੌਮ ਦੀ ਰਹਿਤ ਰਹਿਣੀ ਤੇ ਖ਼ਾਲਸੇ ਦੇ ਗੁਣ ਵੀ ਹੇਠ ਲਿਖੀਆਂ ਸ਼ਰਤਾਂ ਵਿੱਚ ਬਿਆਨ ਕੀਤੇ ਹਨ:-

**ਹਿੰਦੂ ਤੁਰਕਨ ਤੇ ਹੈ ਨਯਾਰਾ। ਫ਼ਿਰਕਾ ਇਨਕਾ ਅਪਰ ਅਪਾਰਾ।**
**[੧]ਬਿਯਾਹ ਨਿਕਾਹ ਨ ਇਹ ਕਰੈਂ ਹੈਂ। [੨]ਭੁਗਤ ਅਨੰਦ "ਆਨੰਦ" ਪੜੈ ਹੈਂ।**
**ਸਿੰਘ ਸਿੰਘਣੀ ਜੋ ਮਰ ਜੈਹੈਂ। ਬਾਂਟਤ ਹਲ੍ਵਾ[੩] ਤੁਰਤ ਬਨੈ ਹੈਂ।**
**ਕਿਰਿਆ ਕਰਮ ਕਰਾਵਤ ਨਾਹੀਂ। [੪]ਹੱਡੀ ਪਾਂਯ ਨ ਗੰਗਾ ਮਾਂਹੀ।**
**ਕਰਤ ਦਸਹਿਰਾ ਗ੍ਰੰਥ ਪੜ੍ਹਾਵਤ। [੫]ਅਸਨ [੬]ਬਸਨ ਗਰੀਬਨ ਕੋ ਦਯਾਵਤ।**
**ਕੰਠੀ ਜੰਞੂ ਤਿਲਕ ਨ ਧਰਹੈਂ। ਬੁੱਤ ਪਰਸਤੀ ਕਦੇ ਨ ਕਰਹੈਂ।**
**ਏਕ ਰੱਬ ਕੀ ਕਰਤ ਬੰਦਗੀ। ਰਖਤ ਨ ਔਰਨ ਕੀ ਮੁਛੰਦਗੀ।**
**ਵੇਦ ਪੁਰਾਨ ਕਤੇਬ ਕੁਰਾਨ। ਪੜ੍ਹਤ ਸੁਨਤ ਨਹਿ ਮਾਨਤ ਕਾਨ।**
**ਗੁਰੂ ਨਾਨਕ ਜੋ ਕਥੀ ਕਲਾਮ। ਤਾਂ ਪਰ ਰਖਤ ਇਮਾਨ ਤਮਾਮ।**
**ਇਕ ਹੀ ਬਰਤਨ ਮੈਂ ਸਭ ਕਾਹੂੰ। [੭]ਆਬਹਯਾਤ ਪਿਲਾਵਤ ਤਾਹੂੰ।**
**ਖਾਣਾ ਭੀ ਇਕਠੇ ਸਭ ਖੈ ਹੈਂ। ਸਕੇ ਬੀਰ ਆਪਸ ਮੇਂ ਵੈ ਹੈਂ।**
**ਜਾਤਿ ਗੋਤ ਕੁਲ ਕਿਰਿਆ ਨਾਮ। ਕਰਮ ਧਰਮ ਪਿਤ ਮਾਤਾ ਕਾਮ।**
**ਪਿਛਲੇ ਸੋ ਤਜ ਦੇਤ ਤਮਾਮ।....**
**ਬਲਕਿ ਜੋ ਦੀਨ ਹਮਾਰੇ ਆਵੈ। ਮੌਕਾ ਪਾ ਫਿਰ ਇਨ ਮੈਂ ਜਾਵੈ।**
**ਤਿਸ ਕੌ ਭੀ ਇਹ ਸੁਧਾ[੭] ਛਕਾਇ। ਲੇਤ ਮਜਬ ਮੇਂ ਤੁਰਤ ਮਿਲਾਏ।**

---

੧. ਬੇਦੀ ਗੱਡ ਕੇ ਵਿਆਹ ਕਰਨਾ ੨.ਸਿੱਖ ਅਨੰਦ ਕਾਰਜ ਕਰਦੇ ਹਨ ੩.ਕੜਾਹ ਪ੍ਰਸ਼ਾਦ ੪.ਮਰਨੇ ਬਾਅਦ ਅਸਤ ਗੰਗਾ ਨਹੀਂ ਪਾਉਂਦੇ ੫.ਖਾਣ ਵਾਲੇ ਪਦਾਰਥ ੬.ਪਹਿਨਣ ਵਾਲੇ ਬਸਤ੍ਰ ੭.ਅੰਮ੍ਰਿਤ

ਤੱਤ ਖਾਲਸਾ ਗੁਰੂ ਕਾ ਜਾਹਰ। ਕਹਿਤ ਚੁਰਾਸੀ ਤੋ ਹੈ ਬਾਹਰ।
ਹਿੰਦੂ ਅੰਨ੍ਹੇ ਤੁਰਕੂ ਕਾਣੇ। ਸਿੰਘ ਗੁਰੂ ਕੇ ਸਭ ਤੋਂ ਸਯਾਣੇ।
ਮੁਸਲਮਾਨ ਹਿੰਦੁਨ ਤੈ ਨਯਾਰੀ। ਰੀਤ ਇਨ੍ਹੋਂ ਮੇਂ ਹੈ ਭਲਿ ਸਾਰੀ।
ਪ੍ਰੇਮ ਪੀੜ ਗ੍ਰਿਹਿ ਪੀੜ ਨ ਮਾਨਤ। ਮੜੀ ਮਸਾਣੀ ਕੋ ਨ ਪਛਾਨਤ।
ਗੰਗਾ ਤੀਰਥ ਇਹ ਨਹਿ ਜਾਵੇਂ। [1]ਸੂਤਕ ਪਾਤਕ ਨਾਹਿ ਮਨਾਵੈਂ।
ਜੰਵੂ ਤਿਲਕ ਕਾ ਛਾਪਾ ਧਾਰੈਂ। ਸ਼ਰਾ ਹਿੰਦੂਆਂ ਕੀ ਨਹਿ ਪਾਰੈਂ।
ਬੋਦੀ ਧੋਤੀ ਤੁਲਸੀ ਮਾਲੈਂ। ਹੋਮ ਸ਼ਰਾਧ ਨ ਖਯਾਹ[2] ਸੰਭਾਲੈਂ।
ਮਾਨਤ ਹੈਂ ਨਿਜ ਮਜ਼ਬ ਚੰਗੇਰਾ। ਹਿੰਦੂ ਕਹੇ ਤੇ ਖਿਝਤ ਵਧੇਰਾ।
ਰੀਤਿ ਹਿੰਦੂਆਂ ਵਾਰੀ ਜੇਤੀ। ਤਜ ਰਾਖੀ ਇਨ ਸਭ ਬਿਧ ਤੇਤੀ।
ਬਨੇ ਰਹਿਤ ਸਭ ਸਕੇ ਬਰਾਦਰ। ਇਕ ਕੋ ਦੂਸਰ ਦੇਵਤ ਆਦਰ।
ਹੈ ਇਨ ਮੈ ਇਤਫਾਕ ਮਹਾਨ। ਸਿੱਖ, ਸਿੱਖ ਪੈ ਵਾਰਤ ਪ੍ਰਾਨ।

ਪੰਥ ਪ੍ਰਕਾਸ਼, ਗਿ. ਗਿਆਨ ਸਿੰਘ

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਖ਼ਾਲਸਾ ਪੰਥ ਦੇ ਨਿਆਰੇਪਨ ਦਾ ਜ਼ਿਕਰ ਕੀਤਾ ਹੈ। ਆਪ ਜੀ ਲਿਖਦੇ ਹਨ:-

ਕਬਿੱਤ

ਮਾਨੈ ਨਾਹਿ ਵੇਦ ਭੇਦ ਸਿਮ੍ਰਤਿ ਪੁਰਾਨਨ ਕੇ,
ਪੂਜਤ ਨ ਭੈਰੋਂ ਭੂਤ ਗਿਰਿਜਾ ਗਣਿੰਦੂ[3] ਹੈ।
ਤਿਥਿ, ਵਾਰ, ਸ਼ਕੁਨ, ਮਹੂਰਤ ਨ ਜਾਨੈ ਕਛੁ,
ਰਾਹੁ, ਕੇਤੁ, ਸ਼ਨੀ, ਸ਼ੁਕ੍ਰ, ਚੰਦਰਮਾ, ਦਿਨਿੰਦੂ[4] ਹੈ।
ਜਾਤਿ, ਪਾਤਿ, ਮੰਤ੍ਰ, ਜੰਤ੍ਰ, ਤੰਤ੍ਰ, ਵ੍ਰਤ, ਸ਼੍ਰਾਧ, ਹੋਮ,
ਸੰਧਯਾ ਸੂਤਕਾਦਿ ਕੋ ਵਿਸ਼੍ਵਾਸੀ ਨਹਿ ਬਿੰਦੂ[5] ਹੈ।
ਦਸਮੇਸ਼ ਕੋ ਸਪੂਤ ਖ਼ਾਲਿਸਾ ਹੈ ਭਿੰਨ ਪੰਥ[6]
ਮਹਾਂ ਹੈ ਅਗਯਾਨੀ, ਜੋਊ ਯਾਂਕੋ ਕਹੈ-'ਹਿੰਦੂ ਹੈ'।

ਕਬਿੱਤ

ਮਾਨਤ ਹੈ ਏਕ ਕੋ ਅਨਾਦੀ ਔ ਅਨੰਤ ਨਿਤਯ,
ਤਿਸਹੀ ਹੀ ਤੇ ਜਾਨਤ ਹੈ ਸਰਬ ਪਸਾਰੋ।
ਕ੍ਰਿਤ ਕੀ ਉਪਾਸ਼ਨਾ ਨ ਕਰੈ ਕਰਤਾਰ ਤਿਯਾਗ,
ਏਕ ਗੁਰੂ ਗ੍ਰੰਥ ਕੀਓ ਆਪਨੋ ਅਧਾਰੋ ਹੈ।

---

੧.ਜਨਮ ਤੇ ਮਰਨ ਤੇ ਪੰਡਤਾਂ ਜੋ ਅਪਵਿਤ੍ਰਤਾ ਮੰਨ ਛੱਡੀ ਸੀ। ੨.ਪਿੱਤਰਾਂ ਦੇ ਮਰਨ ਦਾ ਦਿਨ (ਸ਼੍ਰਾਧ ਕਰਨ ਦੀ ਰੀਤੀ) ੩.ਗਣੇਸ਼ ੪.ਸੂਰਜ ੫.ਥੋੜ੍ਹਾ ਜਿੰਨਾਂ ਵੀ ਨਹੀਂ ਮੰਨਦੇ ੬. ਵੱਖਰੀ ਕੌਮ

ਜਾਤਿ ਪਾਤਿ ਭੇਦ ਭ੍ਰਮ ਮਨ ਤੈਂ ਮਿਟਾਯ ਕਰ,
ਸਭ ਕੋ ਸਹੋਦਰ ਸੋ ਕਰਤ ਪਿਯਾਰੋ ਹੈ।
ਹਿਤਕਾਰੀ ਜਗ ਕੋ, ਪੈ ਜਲ ਮਾਹਿ ਪੰਕਜ਼ ਜਯੋ,
ਗੁਰਦੇਵ ਨਾਨਕ ਕੋ ਖ਼ਾਲਸਾ ਨਿਯਾਰੋ ਹੈ।

## ਵਿਧ ਵਾਕਯ*

(ਖ਼ਾਲਸਾ ਸਜਣ ਵੇਲੇ ਜੋ ਕਰਨਯੋਗ ਉਪਦੇਸ਼ ਦਿੱਤਾ ਜਾਂਦਾ ਹੈ)

੧. ਅੱਜ ਤੁਹਾਡਾ ਜਨਮ ਸਤਿਗੁਰੂ ਦੇ ਘਰ ਹੋਇਆ ਹੈ, ਪਿਛਲੀ ਜਾਤਿ ਪਾਤਿ, ਵਰਣ, ਗੋਤ ਔਰ ਮਜ਼ਹਬ ਆਦਿਕ ਸਭ ਮਿਟ ਗਏ ਹਨ, ਏਸ ਵਾਸਤੇ ਆਪਣਾ ਪਿਤਾ ਗੁਰੂ ਗੋਬਿੰਦ ਸਿੰਘ ਔਰ ਮਾਤਾ ਸਾਹਿਬ ਕੌਰ ਮੰਨ ਕੇ ਜਨਮ ਪਟਨੇ ਦਾ ਔਰ ਵਾਸੀ ਅਨੰਦਪੁਰ ਦੀ ਜਾਣਨੀ।[੧]

੨. ਅੰਮ੍ਰਿਤ ਵੇਲੇ ਨਿੱਤ ਸ਼ਨਾਨ ਕਰਨਾ ਔਰ ਕ੍ਰਿਆ ਅਤੀ ਸ੍ਵਛ ਰੱਖਣੀ।

੩. ਜਪੁ, ਜਾਪੁ, ਸਵਯੇ, ਚੌਪਈ, ਅਨੰਦੁ, ਰਹਿਰਾਸ ਔਰ ਸੋਹਿਲੇ ਦਾ ਨੇਮ ਔਰ ਪ੍ਰੇਮ ਸਾਥ ਪਾਠ ਕਰਨਾ।

੪. ਕੇਸ, ਕ੍ਰਿਪਾਨ (ਤਲਵਾਰ), ਕੱਛ, ਕੰਘਾ ਔਰ ਕੜਾ ਇਨ੍ਹਾਂ ਪੰਜ ਕੱਕਿਆਂ ਦੀ ਰਹਿਤ ਰੱਖਣੀ।

੫. ਸਤਿਗੁਰੂ ਦੇ ਪੁੱਤ੍ਰ ਹੋਣ ਕਰਕੇ ਆਪ ਸਭ ਸਕੇ ਭਾਈ ਹੋ। ਇਸ ਲਈ ਖਾਨ, ਪਾਨ, ਵਰਤਨ ਵਿਵਹਾਰ ਆਦਿਕ ਦਾ ਵਰਤਾਉ ਆਪਸ ਵਿੱਚ ਭਾਈਆਂ ਜਿਹਾ ਕਰਨਾ।

੬. ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਨਾ, ਔਰ ਉਨ੍ਹਾਂ ਦਾ ਉਪਦੇਸ਼ ਰੂਪ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ, ਔਰ ਖ਼ਾਲਸੇ ਨੂੰ ਗੁਰੂ ਦਾ ਸਰੂਪ ਜਾਣ ਕੇ ਮਨੋਂ ਤਨੋਂ ਸੇਵਾ ਕਰਨੀ ਅਤੇ ਆਗਿਆ ਪਾਲਣੀ।

੭. ਧਰਮ ਕਿਰਤ ਕਰ ਕੇ ਨਿਰਬਾਹ ਕਰਨਾ।

੮. ਆਪਣੀ ਕਮਾਈ ਵਿੱਚੋਂ ਦਸੌਂਧ (ਦਸਵਾਂ ਹਿੱਸਾ) ਗੁਰੂ ਅਰਥ ਕੱਢ ਕੇ ਪੰਥ ਦੀ ਉੱਨਤੀ ਵਾਸਤੇ ਪੰਥ ਦੀ ਸੇਵਾ ਵਿੱਚ ਅਰਪਨ ਕਰਨਾ।

੯. ਪੰਥ ਦੇ ਕੰਮ ਨੂੰ ਆਪਣਾ ਕੰਮ ਜਾਣ ਕੇ ਤਨ, ਮਨ ਔਰ ਧਨ ਕਰਕੇ ਸਿਰੇ ਚੜ੍ਹਾਉਣ ਦਾ ਯਤਨ ਕਰਨਾ।

*ਖ਼ਾਲਸਾ ਕੌਮ ਦੇ ਧਾਰਮਿਕ ਕਨੂੰਨ ਜਿਨ੍ਹਾਂ ਦੀ ਖ਼ਾਲਸਾ ਕੌਮ ਨੇ ਪਾਲਣਾ ਕਰਨੀ ਹੈ।

੧. ਏਸ ਉਪਦੇਸ਼ ਦਾ ਭਾਵ ਇਹ ਹੈ ਕਿ ਅੱਜ ਤੋਂ ਤੁਸੀਂ ਗੁਰੂ ਵੰਸ਼ੀ ਬਣੇ ਹੋ। ਇਸ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਵਿਵਹਾਰਕ ਲਿਖਤ ਪੜ੍ਹਤ ਵਿੱਚ ਆਪਣੇ ਜਨਮ ਔਰ ਰਿਹਾਇਸ਼ ਦੇ ਪਿੰਡ ਦਾ ਨਾਮ ਛੱਡ ਕੇ ਪਟਨੇ ਔਰ ਅਨੰਦਪੁਰ ਦਾ ਨਾਉਂ ਵਰਤਣਾ ਚਾਹੀਏ। ਇਸ ਵਿੱਚ ਸੰਸਾ ਨਹੀਂ ਕਿ ਖ਼ਾਲਸੇ ਦਾ ਜਨਮ ਕੇਸਗੜ੍ਹ ਹੋਇਆ ਹੈ, ਪਰ ਅੰਮ੍ਰਿਤ ਛਕਾਉਣ ਸਮੇਂ ਜੋ ਜਨਮ ਪਟਨੇ ਦਾ ਦੱਸਿਆ ਜਾਂਦਾ ਹੈ, ਉਸ ਤੋਂ ਸਿੱਖਾਂ ਦਾ ਕਲਗੀਧਰ ਜੀ ਨਾਲ ਅਭੇਦ ਹੋਣਾ ਪ੍ਰਗਟ ਹੋਇਆ ਹੈ, ਕਿਉਂਕਿ ਦਸਮੇਸ਼ ਜੀ ਦਾ ਜਨਮ ਪਟਨੇ ਦਾ ਸੀ।

੧੦. ਪਰਉਪਕਾਰ ਨੂੰ ਮਨੁੱਖ ਦੇਹ ਔਰ ਸਿੱਖ ਧਰਮ ਦਾ ਪਰਮ ਕਰਤੱਵ ਸਮਝਣਾ।

੧੧. ਵਿਦਿਆ ਦਾ ਅਭਿਆਸ ਕਰਨਾ, ਖ਼ਾਸ ਕਰਕੇ ਗੁਰਮੁਖੀ ਔਰ ਖ਼ਾਲਸਾ ਧਰਮ ਪੁਸਤਕਾਂ ਦੇ ਪੂਰੇ ਗਿਆਤਾ ਹੋਣਾ ਔਰ ਸ਼ਸ਼ਤ੍ਰ-ਵਿਦਿਆ ਵ ਘੋੜੇ ਦੀ ਸਵਾਰੀ ਦੇ ਪੂਰੇ ਅਭਿਆਸੀ ਬਣਨਾ।

੧੨. ਮਨ ਨੀਵਾਂ, ਮਤਿ ਉੱਚੀ ਰੱਖਣੀ।

੧੩. ਦਸਤਾਰਾ ਕੌਮੀ ਚਿੰਨ੍ਹ ਤੇ ਕੇਸਾਂ ਦਾ ਰੱਖਕ ਸਮਝ ਕੇ ਸੀਸ ਪਰ ਸਜਾਉਣਾ।

੧੪. ਗੁਰਮੁਖਾਂ ਦਾ ਸਤਿਸੰਗ ਕਰਨਾ।

੧੫. ਮਰਨੇ ਪਰਨੇ ਆਦਿਕ ਸਾਰੇ ਸੰਸਕਾਰ ਗੁਰਮਤਿ ਅਨੁਸਾਰ ਕਰਨੇ।

੧੬. ਗੁਰਮਤਿ ਦੇ ਪ੍ਰਚਾਰ ਦਾ ਪੂਰਾ ਯਤਨ ਕਰਨਾ।

੧੭. ਗੁਰਪੁਰਬਾਂ ਵਿੱਚ ਜੋੜ ਮੇਲ ਉਤਸਵ ਔਰ ਕਥਾ ਕੀਰਤਨ ਕਰਨਾ।

੧੮. ਆਪਣੇ ਮਾਲਕ ਦੇ ਪੱਕੇ ਨਮਕ-ਹਲਾਲ ਰਹਿਣਾ।

੧੯. ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ "ਜਥੇਬੰਦੀ" ਦੇ ਗੂੜ੍ਹ ਮੰਤਵ ਦੇ ਲਾਭ ਸਮਝ ਕੇ ਇੱਕ ਸੂਤ ਵਿੱਚ ਪਰੋਏ ਰਹਿਣਾ।

੨੦. ਲੜਕੀਆਂ ਨੂੰ ਅਣਵਿੱਧ[੧] ਰੱਖਣਾ ਔਰ ਉਨ੍ਹਾਂ ਨੂੰ ਪੁੱਤਾਂ ਜਿਹਾ ਜਾਣ ਕੇ ਵਿਵਹਾਰਕ ਔਰ ਧਾਰਮਿਕ ਵਿਦਿਆ ਦੇ ਕੇ ਲਾਇਕ ਬਨਾਉਣਾ।

੨੧. ਜੇ ਕੋਈ ਕੰਮ ਧਰਮ ਵਿਰੁੱਧ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਤਨਖਾਹ ਬਖਸ਼ਵਾ ਲੈਣੀ।

## *(ਨਿਸ਼ੇਧ ਵਾਕਯ)

(ਖ਼ਾਲਸੇ ਲਈ ਨਾ-ਕਰਨਯੋਗ ਕਰਮ)

੨੨. ਇੱਕ ਅਕਾਲ ਤੋਂ ਛੁੱਟ ਹੋਰ ਕਿਸੇ ਦੇਵੀ ਦੇਵਤੇ, ਅਵਤਾਰ ਔਰ ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ।

੨੩. ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਧਰਮ ਪੁਸਤਕ ਵਿੱਚ ਨਿਸ਼ਚਾ ਨਹੀਂ ਰੱਖਣਾ।

੨੪. ਜੰਤ੍ਰ, ਮੰਤ੍ਰ, ਸ਼ਕੁਨ, ਮਹੂਰਤ, ਗ੍ਰਹਿ, ਸ਼੍ਰਾਧ, ਹੋਮ ਔਰ ਤਰਪਣ ਆਦਿਕ ਭਰਮ ਰੂਪ ਕਰਮਾਂ ਪਰ ਸ਼ਰਧਾ ਨਹੀਂ ਕਰਨੀ।

---

੧. ਕੰਨ ਨੱਕ ਆਦਿਕ ਵਿੱਚ ਛੇਕ ਨਹੀਂ ਕਰਨੇ। * ਜੋ ਕਰਮ ਖ਼ਾਲਸੇ-ਪੰਥ ਲਈ ਨਾ-ਕਰਨਯੋਗ ਹਨ ਉਨ੍ਹਾਂ ਨੂੰ ਨਿਸ਼ੇਧ ਕਰਮ ਕਿਹਾ ਹੈ। ਭਾਵ ਉਹਨਾਂ ਨੂੰ ਤਿਆਗ ਦੇਣਾ।

੨੫. ਸਿੱਖ ਬਿਨਾਂ ਹੋਰ ਨਾਲ ਸਾਕ ਸੰਬੰਧ ਨਹੀਂ ਕਰਨਾ[੧]।

੨੬. ਮੀਣੇ, ਮਸੰਦ, ਧੀਰਮਲੀਏ, ਨੜੀਮਾਰ, ਕੁੜੀਮਾਰ ਔਰ [੨]ਸਿਰਗੁੰਮਾਂ ਨਾਲ ਵਰਤੋਂ ਵਿਹਾਰ ਨਹੀਂ ਕਰਨਾ[੩]।

ਇਨ੍ਹਾਂ ਤੋਂ ਛੁੱਟ ਜੋ ਕੋਈ ਪੰਥ ਵਿੱਚ ਧੜੇ ਬੰਨ ਕੇ ਵੈਰ ਵਿਰੋਧ ਫੈਲਾਵੇ, ਔਰ ਆਪਣੀ ਗੁਰਿਆਈ ਥਾਪ ਕੇ ਦਸ ਸਤਿਗੁਰਾਂ ਦੇ ਆਸ਼ੇ ਤੋਂ ਵਿਰੁਧ ਚੱਲੇ, ਉਸ ਨਾਲ ਕਦੇ ਨਹੀਂ ਵਰਤਣਾ।

੨੭. ਚੋਰੀ, ਯਾਰੀ, ਝੂਠ, ਅਨਿਆਇ, ਨਿੰਦਾ, ਛਲ, ਕਪਟ, ਵਿਸ਼੍ਵਾਸ਼ਘਾਤ, ਜੂਆ ਆਦਿਕ ਅਵਗੁਣਾਂ ਦਾ ਸਦਾ ਤਿਆਗ ਕਰਨਾ।

੨੮. [੪]ਮਦਿਰਾ ਆਦਿਕ ਸਾਰੇ ਅਮਲ (ਨਸ਼ੇ) ਬੁੱਧੀ ਔਰ ਬਲ ਨਾਸ਼ਕ ਜਾਣ ਕੇ ਤਿਆਗ ਦੇਣੇ।

੨੯. ਸਿੱਖ ਦਾ ਅੱਧਾ ਨਾਉਂ (ਨਿਰਾਦਰ-ਬੋਧਕ ਹੈ) ਨਹੀਂ ਲੈਣਾ।

੩੦. ਬਚਨ ਕਰ ਕੇ ਕਦੇ ਨਹੀਂ ਹਾਰਨਾ।

੩੧. ਚੰਚਲ ਇਸਤ੍ਰੀਆਂ ਦੇ ਪਹਿਰਨ ਯੋਗ ਕਸੁੰਬੇ ਆਦਿਕ ਰੰਗ ਔਰ ਗਹਿਣੇ ਨਹੀਂ ਪਹਿਰਨੇ, ਸ਼ਸ਼ਤ੍ਰਾਂ ਨੂੰ ਆਪਣਾ ਭੂਸ਼ਣ ਸਮਝ ਕੇ ਸਦੈਵ ਧਾਰਨ ਕਰਨਾ।

੩੨. ਕੁੱਠਾ, ਤਮਾਕੂ, ਮੁੰਡਨ ਅਤੇ ਪਰਇਸਤ੍ਰੀ[੫] ਨੂੰ ਧਰਮ ਨਾਸ਼ਕ ਜਾਣ ਕੇ ਸਦਾ ਤਿਆਗ ਕਰਨਾ।

੩੩. ਕਿਸੇ ਦੇਵੀ ਦੇਵਤਾ ਔਰ ਮੜ੍ਹੀ ਮਠ ਪਰ ਚੜ੍ਹਿਆ ਹੋਇਆ ਪ੍ਰਸ਼ਾਦਿ ਅੰਗੀਕਾਰ ਨਹੀਂ ਕਰਨਾ।

੩੪. ਕਿਸੀ ਪ੍ਰਕਾਰ ਦੀ ਸੁੱਖਣਾ ਨਹੀਂ ਸੁੱਖਣੀ।

੩੫. ਬਿਗਾਨਾ ਹੱਕ (ਰਿਸ਼ਵਤ ਆਦਿਕ) ਕਦੇ ਨਹੀਂ ਲੈਣਾ।

੩੬. ਗੁਰਦੁਆਰਿਆਂ ਤੋਂ ਬਿਨਾਂ ਹੋਰ ਕੋਈ ਆਪਣਾ ਤੀਰਥ ਔਰ ਧਾਮ ਨਹੀਂ ਸਮਝਣਾ।

---

੧.ਸਿੱਖ ਧਰਮ ਵਿੱਚ ਲਿਆ ਕੇ ਸੰਬੰਧ ਕਰਨਾ।

੨.ਪੁਰਾਣੇ ਸਮੇਂ ਵਿੱਚ ਸਿਰ ਮੁੰਨਣਾ ਸਿਰ ਵੱਢਣ ਦੇ ਤੁੱਲ ਮੰਨਿਆ ਜਾਂਦਾ ਸੀ, ਜਿਸ ਦੀ ਤਾਈਦ ਮਹਾਂਭਾਰਤ ਅਰ ਮਨੁਸਿਮ੍ਰਤੀ ਆਦਿਕ ਪੁਸਤਕਾਂ ਤੋਂ ਹੁੰਦੀ ਹੈ। ਗੁਰਮਤਿ ਵਿੱਚ ਵੀ ਸਿਰ ਗੁੰਮ ਦਾ ਅਰਥ ਸਿਰ ਖੋ ਦੇਣ ਵਾਲਾ ਕੀਤਾ ਗਿਆ ਹੈ, ਅਰਥਾਤ ਸਿਰ ਮਨਾਉਣ ਵਾਲਾ ਆਪਣਾ ਸਿਰ ਗੁੰਮ ਕਰ ਬੈਠਦਾ ਹੈ।

੩. ਜੋ ਇਨ੍ਹਾਂ ਮੇਲਾਂ ਵਿੱਚੋਂ ਮਨਮੱਤ ਤਿਆਗ ਕੇ ਗੁਰਮਤਿ ਧਾਰਨ ਕਰੇ, ਉਸ ਨਾਲ ਭਾਈਆਂ ਜਿਹਾ ਵਰਤਾਉ ਕਰਨਾ।

੪. ਸ਼ਰਾਬ ੫.ਪਰਾਈ ਇਸਤ੍ਰੀ

੩੭. ਗੁਰੂ ਨਾਨਕ ਪੰਥੀ ਜਿਤਨੇ ਭੇਖ ਮਾਤ੍ਰ ਔਰ ਗੁਰੂ ਘਰ ਦੇ ਸਿਦਕੀ ਸਿੱਖ ਹੈਨ, ਉਨ੍ਹਾਂ ਨਾਲ ਕਦੇ ਵੈਰ ਵਿਰੋਧ ਈਰਖਾ ਨਹੀਂ ਕਰਨੀ ਔਰ ਕਿਸੇ ਨੂੰ ਹਾਨੀ ਪਹੁੰਚਾਉਣ ਦਾ ਸੰਕਲਪ ਮਨ ਵਿੱਚ ਨਹੀਂ ਲਿਆਉਣਾ।[1]

ਤੇਰੇ ਭਾਣੇ ਸਰਬਤ ਦਾ ਭਲਾ ਵਾਕ ਅਨੁਸਾਰ ਸਭ ਦਾ ਹਿਤ ਚਾਹੁਣਾ।

੩੮. ਕਲਫ ਨਹੀਂ ਲਾਉਣੀ, ਚਿੱਟੇ ਕੇਸ ਨਹੀਂ ਚੁਗਣੇ।

੩੯. ਕੰਨਯਾ ਦਾ ਧਨ ਅੰਗੀਕਾਰ ਨਹੀਂ ਕਰਨਾ।

੪੦. ਯਾਚਨਾ ਕਦੇ ਨਹੀਂ ਕਰਨੀ।

੪੧. ਰਣ ਵਿੱਚ ਪਿੱਠ ਨਹੀਂ ਦੇਣੀ।

ਭਾਈ ਨੰਦ ਲਾਲ ਸਾਹਿਬ 'ਤੋਸੀਫ਼ੋਸਨਾ' ਵਿੱਚ ਗੁਰੂ ਸਾਹਿਬ ਨੂੰ ਸਰਬੋਤਮ ਕਥਨ ਕਰਦੇ ਹੋਏ ਗੁਰਮਤਿ ਨੂੰ ਹਿੰਦੂ, ਮੁਸਲਮਾਨ, ਇਸਾਈ ਆਦਿਕ ਧਰਮਾਂ ਤੋਂ ਭਿੰਨ ਔਰ ਸ੍ਰੇਸ਼ਟ ਲਿਖਦੇ ਹਨ, ਯਥਾ:-

(੧੭) 'ਬਲੰਦ ਤਰ ਅਜ਼ ਹਨੂਦਾਤ ਵਲ ਤੁਰਕਾਤ, ਵਲ ਕੁਫ਼ਰਾਤ, ਵਲ ਇਸਲਾਮਾਤ, ਵਲ ਤੌਰੇਤਾਤ, ਵਲ ਇੰਜ਼ੀਲਾਤ, ਵਲ ਜ਼ਬੂਰਾਤ, ਵਲ ਫ਼ੁਰਕਾਨਾਤ, ਵਲ ਪੀਰਾਤ, ਵਲ ਪੈਗੰਬਰਾਤ।'

ਇਸ ਦਾ ਤਾਤਪਰਜ ਇਹ ਹੈ ਕਿ-ਹਿੰਦੂ, ਤੁਰਕ, ਇਸਲਾਮ, ਯਹੂਦੀ, ਇਸਾਈ, ਦਾਊਦੀ, ਮੁਸਲਮਾਨ, ਪੀਰ ਔਰ ਪੈਗੰਬਰ ਆਦਿਕਾਂ ਤੋਂ ਗੁਰੂ ਸਾਹਿਬ ਅਤਿਅੰਤ ਉੱਚੇ ਹੈਨ। ਅਰਥਾਤ ਸਿੱਖ ਧਰਮ ਸਭ ਧਰਮਾਂ ਤੋਂ ਸ਼੍ਰੋਮਣੀ ਹੈ।

ਪਿਆਰੇ ਹਿੰਦੂ ਭਾਈ! ਇਨ੍ਹਾਂ ਪ੍ਰਮਾਣਾਂ ਤੋਂ ਆਪ ਦੇਖ ਸਕਦੇ ਹੋ ਕਿ ਸਤਿਗੁਰੂ ਦੇ ਸਿੱਖ 'ਹਮ ਹਿੰਦੂ ਨਹੀਂ' ਮਨ-ਉਕਤਿ[2] ਨਹੀਂ ਆਖਦੇ, ਕਿੰਤੂ ਗੁਰਮਤਿ ਔਰ ਗੁਰੂ ਆਗਿਆ ਅਨੁਸਾਰ ਕਹਿੰਦੇ ਔਰ ਮੰਨਦੇ ਹਨ।

(ੳ) ਜੇ ਆਪ ਸਿੱਖਾਂ ਨੂੰ ਹਿੰਦੂਆਂ ਵਿੱਚੋਂ ਨਿਕਲਣੇ ਕਾਰਣ ਹਿੰਦੂ ਮੰਨਦੇ ਹੋ ਤਾਂ ਇਸਾਈਆਂ ਨੂੰ ਜੋ ਯਹੂਦੀਆਂ (jews) ਵਿੱਚੋਂ ਨਿਕਲੇ ਹਨ, ਮੁਸਲਮਾਨਾਂ ਨੂੰ ਜੋ ਕੁਰੈਸ਼ੀ ਇਸਾਈ (colly-ridiens) ਔਰ ਯਹੂਦੀ ਆਦਿਕਾਂ ਵਿੱਚੋਂ ਨਿਕਲੇ ਹਨ, ਯਹੂਦੀ ਆਦਿਕ ਕਿਉਂ ਨਹੀਂ ਜਾਣਦੇ? ਔਰ ਉਹ ਭੀ ਆਪਣੇ ਆਪ ਨੂੰ ਕਿਉਂ ਨਹੀਂ ਮੰਨਦੇ? ਔਰ ਖਾਸ ਕਰਕੇ **ਜੋ ਹਿੰਦੁਸਤਾਨੀ ਹਿੰਦੂਆਂ ਵਿੱਚੋਂ ਨਿਕਲ ਕੇ ਇਸਾਈ ਔਰ ਮੁਸਲਮਾਨ ਬਣੇ ਹਨ ਆਪ ਉਨ੍ਹਾਂ ਨੂੰ**

੧. ਜੇ ਕੋਈ ਨਿਯਮਾਂ ਤੋਂ ਵਿਰੁੱਧ ਚਲਦਾ ਹੋਵੇ ਉਸ ਨੂੰ ਰਸਤੇ ਪਰ ਲਿਆਉਣ ਦਾ ਜਤਨ ਕਰਨਾ, ਪਰ ਵਿਰੋਧ ਕਰਕੇ ਨੁਕਸਾਨ ਨਹੀਂ ਪਹੁੰਚਾਉਣਾ ਕਿਉਂਕਿ ਅੰਗ ਛੇਦਨ ਕਰ ਕੇ ਕੋਈ ਪੁਰਸ਼ ਉੱਨਤੀ ਨੂੰ ਨਹੀਂ ਪ੍ਰਾਪਤ ਹੁੰਦਾ। ੨. ਕੇਵਲ ਐਵੇਂ ਮਨ-ਮਰਜੀ ਨਾਲ।

**ਹਿੰਦੂ ਕਿਉਂ ਨਹੀਂ ਆਖਦੇ?**

(ਅ) ਖਾਣ-ਪਾਨ ਦੇ ਲਿਹਾਜ਼ ਕਰਕੇ ਜੇ ਸਿੱਖਾਂ ਨੂੰ ਹਿੰਦੂ ਮੰਨਦੇ ਹੋ ਤਾਂ ਯਹੂਦੀ, ਇਸਾਈ, ਮੁਸਲਮਾਨ[੧], ਬੋਧ[੨] ਔਰ ਪਾਰਸੀ ਆਦਿਕਾਂ ਦਾ ਵੀ ਖਾਣ-ਪਾਨ ਇਕੱਠਾ ਹੁੰਦਾ ਹੈ, ਕਿਆ ਇਤਨੇ ਮਾਤ੍ਰ ਕਰਕੇ ਇਹ ਸਭ ਮਜ਼ਹਬੀ ਰੀਤੀ ਅਨੁਸਾਰ ਇੱਕ ਕਹੇ ਜਾ ਸਕਦੇ ਹਨ?

ਔਰ ਇਸ ਵਿਸ਼ੇ ਪਰ ਜੋ ਸਾਡੇ ਧਰਮ ਪੁਸਤਕਾਂ ਦੀ ਰਾਏ ਹੈ, ਉਹ ਭੀ ਆਪ ਨੂੰ ਸੁਨਾਉਣੀ ਮੁਨਾਸਬ ਸਮਝਦੇ ਹਾਂ, ਜਿਸ ਤੋਂ ਆਪ ਸਮਝ ਲਓਗੇ ਕਿ ਸਿੱਖਾਂ ਅਤੇ ਹਿੰਦੂਆਂ ਦਾ ਖਾਣ-ਪਾਨ ਵਿੱਚ ਕਿਤਨਾ ਭੇਦ ਹੈ?

**ਮੋਨੇ ਕਰ ਅਹਾਰ ਨਹਿ ਖਾਨਾ[੩]।** ਗੁਰ ਪ੍ਰਤਾਪ ਸੂਰਯ

**ਜਾਤਿ ਪਾਤਿ ਕੋ ਭੇਦ ਨਾ ਕੋਈ।**
**ਚਾਰ ਵਰਨ ਅਚਵਹਿ ਇੱਕ ਹੋਈ।** ਗੁਰ ਪ੍ਰਤਾਪ ਸੂਰਯ

(ੲ) ਜੇ ਹਿੰਦੂਆਂ ਨਾਲ ਸਾਕ ਨਾਤੇ ਹੋਣ ਕਰਕੇ ਸਿੱਖਾਂ ਨੂੰ ਹਿੰਦੂ ਆਖਦੇ ਹੋ, ਤਾਂ ਯਹੂਦੀ, ਇਸਾਈ, ਬੋਧੀ (ਜਾਪਾਨੀ ਔਰ ਚੀਨੀ) ਆਦਿਕਾਂ ਦੀਆਂ ਆਪਸ ਵਿੱਚ ਰਿਸ਼ਤੇਦਾਰੀਆਂ ਹੁੰਦੀਆਂ ਹਨ, ਕਿਆ ਇਹ ਸੰਬੰਧ ਮਾਤ੍ਰ ਕਰਕੇ ਆਪਣੇ ਧਰਮ ਤੋਂ ਪਤਿਤ ਮੰਨੇ ਜਾਂਦੇ ਹਨ?

ਔਰ ਆਪ ਨੂੰ ਤਵਾਰੀਖਾਂ ਤੋਂ ਪਤਾ ਲੱਗਿਆ ਹੋਣਾ ਹੈ ਕਿ ਕਿਸੇ ਵੇਲੇ ਮੁਗਲੀਆ ਖਾਨਦਾਨ ਦੇ ਨਾਲ ਹਿੰਦੂਆਂ ਦੇ ਸਾਕ ਨਾਤੇ ਭੀ ਹੁੰਦੇ ਸੇ, ਔਰ ਇਹ ਬਾਤ ਭੀ ਪ੍ਰਸਿੱਧ ਹੈ ਕਿ ਨੌਸ਼ੇਰਵਾਂ ਨੇ ਕ੍ਰਿਸ਼ਚਨ ਬਾਦਸ਼ਾਹ ਦੀ ਬੇਟੀ ਮਾਰਿਸ ਨਾਲ ਵਿਆਹ ਕੀਤਾ ਸੀ ਔਰ ਉਸ ਤੋਂ ਪੈਦਾ ਹੋਈ ਬੇਟੀ, ਹਿੰਦੂ ਚੂੜਾਮਣੀ ਰਾਜਾ ਰਾਣਾ ਉਦਯਪੁਰ ਨੂੰ ਵਿਆਹੀ ਗਈ ਸੀ, ਔਰ ਬਾਬਿਲ ਦੇ ਬਾਦਸ਼ਾਹ ਸਿਲਯੂਕਸ ਦੀ ਪੁੱਤਰੀ[੪] ਦਾ ਰਾਜਾ ਚੰਦਰਗੁਪਤ ਨਾਲ ਵਿਆਹ ਹੋਇਆ ਸੀ। ਔਰ ਹੜਿੰਬਾ, [੫]ਅਲੂਪੀ ਆਦਿਕ ਇਸਤ੍ਰੀਆਂ ਜਿਨ੍ਹਾਂ ਦਾ ਸੰਬੰਧ ਭਾਰਤ ਦੇ ਸ਼੍ਰੋਮਣੀ ਪੁਰਸ਼ਾਂ ਨਾਲ ਹੋਇਆ ਸੀ, ਹਿੰਦੁਨੀਆਂ ਨਹੀਂ ਸਨ। ਔਰ ਹਿੰਦੂ ਅਦਿਕਾਂ ਨਾਲ ਸੰਬੰਧ ਕਰਨ ਬਾਬਤ ਜੋ ਸਿੱਖ

---

੧. ਮੁਸਲਮਾਨ ਹੋਰਨਾਂ ਮਜ਼੍ਹਬਾਂ ਦੇ ਆਦਮੀਆਂ ਨਾਲ ਖਾਣ ਵੇਲੇ ਕੇਵਲ ਸੂਰ ਖਾਣੋਂ ਪਰਹੇਜ਼ ਕਰਦੇ ਹਨ।

੨. ਬੁੱਧ ਮੱਤ ਵਿੱਚ ਮਾਸ ਖਾਣਾ ਮਨ੍ਹਾਂ ਹੈ, ਪਰ ਵਰਤਮਾਨ ਸਮੇਂ ਵਿੱਚ ਚੀਨੀ ਔਰ ਜਾਪਾਨੀ ਖਾਣ-ਪਾਨ ਨੂੰ ਧਾਰਮਕ ਨੀਯਮ ਨਾ ਸਮਝ ਕੇ ਸੁਤੰਤ੍ਰਤਾ ਪੂਰਵਕ ਸਭ ਸਾਥ ਖਾਣ-ਪਾਨ ਕਰਦੇ ਹਨ।

੩. ਚਾਹੇ ਸਿੰਘਾਂ ਵਿੱਚ ਛੂਤ-ਛਾਤ ਦਾ ਵਹਿਮ ਨਹੀਂ, ਪਰ ਪਵਿੱਤ੍ਰਤਾ ਦੀ ਭਾਰੀ ਮਹਿਮਾ ਹੈ। ਅਨਯ ਧਰਮੀਆਂ ਦੇ ਹੱਥੋਂ ਖਾਣ-ਪਾਨ ਕਰਨ ਨਾਲ ਪਵਿੱਤ੍ਰਤਾ ਵਿੱਚ ਰਹਿਤ ਅਨੁਸਾਰ ਅਨੇਕ ਵਿਘਨ ਪੈਂਦੇ ਹਨ।

੪. ਇਹ ਸਿਕੰਦਰ ਦੀ ਪੋਤੀ ਸੀ।

੫. ਦੇਖੋ, ਰਾਜਾ ਸ਼ਿਵ ਪ੍ਰਸ਼ਾਦ ਕ੍ਰਿਤ ਭੁਗੋਲ ਹਸਤਾਮਲਕ, ਭਾਗ ੧ ਸਫ਼ਾ ੨੮

ਧਰਮ ਦੀ ਸਿੱਖਾਂ ਲਈ ਆਗਿਆ ਹੈ ਉਹ ਭੀ ਇੱਥੇ ਆਪ ਨੂੰ ਸੁਣਾ ਦਿੰਦੇ ਹਾਂ:-

**(੧) ਨਾਤਾ ਗੁਰੂ ਕੇ ਸਿੱਖ ਨਾਲ ਕਰੇ।** ਰਹਿਤਨਾਮਾ ਭਾਈ ਚੌਪਾ ਸਿੰਘ

**(੨) ਕੰਨਿਯਾ ਕੋ ਮਾਰੇ, ਮੋਨੇ ਕੋ ਕੰਨਿਯਾ ਦੇਵੇ ਸੋ ਤਨਖਾਹੀਆ[੩] ਹੈ।**
**ਸਿੱਖ ਕੋ ਸਿੱਖ ਪੁੱਤਰੀ ਦਈ, ਸੁਧਾ ਸੁਧਾ ਮਿਲ ਜਾਇ।**
**ਦਈ ਭਾਦਣੀ[੪] ਕੋ ਸੁਤਾ, ਅਹਿ[੫] ਮੁਖ ਅਮੀ ਚੁਆਇ।**

ਰਹਿਤਨਾਮਾ ਭਾਈ ਦੇਸਾ ਸਿੰਘ

**(੩) ਕੰਨਯਾ ਦੇਵੈ ਸਿੱਖ ਕੋ ਲੇਵੈ ਨਹਿੰ ਕੁਛ ਦਾਮ।**
**ਸੋਈ ਮੇਰਾ ਸਿੱਖ ਹੈ, ਪਹੁੰਚੇਗੋ ਮਮ ਧਾਮ॥੩੧॥**

ਗੁਰਪ੍ਰਤਾਪ ਸੂਰਜ, ਰਿਤੁ ੫, ਅੰਸੂ ੩੮

**(੪) "ਕੰਨਯਾ" ਜਬ ਵਰ ਪ੍ਰਾਪਤ ਹੋਵੇ ਤਬ ਸੰਜੋਗ ਕਰੇ,**
**ਛੋਟੀ ਬਾਲਕੀ ਕਾ ਸੰਜੋਗ ਨਾ ਕਰੇ,**
**ਔਰ ਸੰਯੋਗ ਐਸੀ ਕੁਲ ਬਿਖੇ ਕਰੇ**
**ਜਿੱਥੇ ਸਿੱਖੀ ਅਕਾਲ ਪੁਰਖ ਦੀ ਹੋਵੇ।** ਪ੍ਰੇਮ ਸੁਮਾਰਗ

(ਸ) ਜੇ ਹਿੰਦੁਸਤਾਨ ਵਿੱਚ ਰਹਿਣ ਕਾਰਨ ਸਿੱਖਾਂ ਨੂੰ ਹਿੰਦੂ ਸਮਝਦੇ ਹੋ ਤਾਂ ਇਸਾਈ, ਮੁਸਲਮਾਨ ਆਦਿਕਾਂ ਨੂੰ ਭੀ ਆਪ ਹਿੰਦੂ ਜਾਣੋ, ਜੇ ਦੇਸ਼ ਦੇ ਰਹਿਣ ਕਰਕੇ ਉਹ ਹਿੰਦੂ ਹਨ ਤਾਂ ਸਾਨੂੰ ਭੀ "ਹਿੰਦੂ" ਅਰਥਾਤ ਇੰਡੀਅਨ ਕਹਾਉਣ ਵਿੱਚ ਕੋਈ ਇਤਰਾਜ਼ ਨਹੀਂ।

(ਹ) ਔਰ ਆਪ ਨੇ ਜੋ ਆਖਿਆ ਹੈ ਕਿ ਹਿੰਦੂ ਪਦ ਦੇ ਅਰਥ ਬਹੁਤ ਉੱਤਮ ਹਨ, ਇਸ ਨੂੰ ਫ਼ਾਰਸੀ ਪਦ ਸਮਝ ਕੇ ਗਿਲਾਨੀ ਨਹੀਂ ਕਰਨੀ ਚਾਹੀਏ ਔਰ ਆਪਣੇ ਅਰਥ ਦੀ ਤਾਈਦ ਵਿੱਚ ਰਾਮਕੋਸ਼, ਮੇਰੁਤੰਤ੍ਰ ਪ੍ਰਕਾਸ਼ ਔਰ ਕਾਲਿਕਾ ਪੁਰਾਨ ਸਾਨੂੰ ਦੇਖਣੇ ਦੱਸੇ ਹੈਨ, ਸੋ ਇਸ ਪਰ ਸਾਡਾ ਇਹ ਕਥਨ ਹੈ ਕਿ ਸਿੱਖ ਧਰਮ ਅਨੁਸਾਰ ਕੋਈ ਭਾਸ਼ਾ, ਦੇਵ ਬਾਣੀ ਅਰ ਮਲੇਸ਼ ਭਾਸ਼ਾ ਨਹੀਂ, ਕੇਵਲ ਵਿਦੇਸ਼ੀ ਬੋਲੀ ਦਾ ਪਦ ਹੋਣ ਕਰਕੇ ਗਿਲਾਨੀ ਯੋਗ ਨਹੀਂ, ਅਰ ਆਪ ਦੇ ਨਿਸ਼ਚੇ ਅਨੁਸਾਰ ਜੇ ਹਿੰਦੂ ਪਦ ਦੇ ਅਰਥ ਉੱਤਮ ਹਨ ਤਾਂ ਆਪ ਨੂੰ ਮੁਬਾਰਿਕ ਹੋਣ, ਅਸੀਂ ਕਦੇ

---

੩. ਦੰਡ ਜੋਗ ੪. ਵੇਦ ਅਨੁਸਾਰ 'ਚੂਹੜਾ ਕਰਨ' ਸੰਸਾਰਕ ਅਰ ਮ੍ਰਿਤਕ ਕਿਰਿਯਾ ਪਰ ਭਦਣ ਕਰਾਉਣ ਵਾਲਾ, ਭਾਵ ਅਸਿੱਖ ਤੋਂ ਹੈ। ਗੁਰੂ ਦੇ ਸਹਿਜਧਾਰੀ ਸਿੱਖ ਭੀ ਮ੍ਰਿਤਕ ਕਰਮ ਕਰਨ ਲਈ ਨਾਈ ਅੱਗੇ ਸਿਰ ਝੁਕਾ ਕੇ ਔਰ ਉਸ ਦੇ ਚਰਨ ਕਮਲਾਂ ਦਾ ਧਿਆਨ ਕਰਦੇ ਹੋਏ ਮੁੰਡਨ ਅਰਥ ਨਹੀਂ ਬੈਠਦੇ ਸੇ।

(ਇਸ ਵਿਸ਼ਯ ਪਰ ਦੇਖੋਂ 'ਭਗਤ ਰਤਨਾਵਲੀ')

੫. ਅਸਿੱਖ ਨੂੰ ਪੁੱਤਰੀ ਦੇਣੀ ਐਸੀ ਹੈ, ਜੈਸਾ ਸੱਪ ਨੂੰ ਦੁੱਧ (ਅੰਮ੍ਰਿਤ) ਪਿਆਉਣਾ ਹੈ, ਭਾਵ ਇਹ ਹੈ ਕਿ ਇਸ਼ਟ ਇੱਕ ਨਾ ਹੋਣ ਕਰਕੇ ਪਤੀ ਔਰ ਇਸਤ੍ਰੀ ਦਾ ਪਰਸਪਰ ਪੂਰਨ ਪ੍ਰੇਮ ਨਹੀਂ ਹੁੰਦਾ, ਜੋ ਗ੍ਰਹਿਸਤ ਦੇ ਨਿਰਵਾਹ ਵਿੱਚ ਮਹਾਂ ਵਿਘਨਕਾਰੀ ਹੈ। ਔਰ ਅਸਿੱਖ, ਸਿੱਖ ਕੰਨਿਆਂ ਨੂੰ ਭੀ ਧਰਮ ਤੋਂ ਪਤਿਤ ਕਰ ਦਿੰਦਾ ਹੈ। ਇਸ ਵਿਸ਼ਯ ਬਾਬਤ ਬਹੁਤ ਦੁਖਦਾਈ ਪ੍ਰਸੰਗ ਸਾਨੂੰ ਐਸੇ ਮਾਲੂਮ ਹਨ, ਜਿਨ੍ਹਾਂ ਦੇ ਲਿਖਣ ਤੋਂ ਕਲਮ ਕੰਬਦੀ ਹੈ।

ਨਹੀਂ ਆਖਦੇ ਕਿ ਹਿੰਦੂ ਬੁਰਾ ਨਾਉਂ ਹੈ ਕਿਉਂਕਿ ਕਿਸੇ ਦਾ ਮਤ ਦਾ ਚਾਹੇ ਕਿਹਾ ਹੀ ਨਾਉਂ ਹੋਵੇ ਉਸ ਵਿੱਚ ਦੂਸਰੇ ਮਤ ਦੇ ਆਦਮੀਂ ਨੂੰ ਕੋਈ ਤਰਕ ਨਹੀਂ ਕਰਨੀ ਚਾਹੀਦੀ, ਜੈਸੇ ਜੋਗੀਆਂ ਦੇ ਬਾਰਾਂ ਫ਼ਿਰਕਿਆਂ ਵਿੱਚੋਂ ਇੱਕ "ਪਾਗਲ ਪੰਥ" ਹੈ, ਜੇ ਅਸੀਂ ਉਨ੍ਹਾਂ ਨੂੰ ਸਮਝਾਉਣ ਜਾਈਏ ਕਿ ਤੁਸੀਂ ਆਪ ਨੂੰ ਪਾਗਲ ਪੰਥੀ ਨਾ ਕਹਾਉ, ਤਾਂ ਸਾਡੀ ਮੂਰਖਤਾ ਹੈ ਅਰ 'ਹਿੰਦੂ' ਨਾਉਂ ਸੰਸਕ੍ਰਿਤ ਹੈ ਜਾਂ ਫ਼ਾਰਸੀ, ਇਸ ਗੱਲ ਨੂੰ ਸੰਸਾਰ ਦੇ ਸਾਰੇ ਵਿਦਵਾਨ ਜਾਣਦੇ ਹਨ। ਔਰ ਆਪ ਦੇ ਪ੍ਰਸਿੱਧ ਕਾਂਸ਼ੀ ਨਿਵਾਸੀ ੪੫ ਪੰਡਤਾਂ ਨੇ ਸਾਲ ੧੯੨੦ ਵਿੱਚ ਵਿਸਥਾ ਦਿੱਤੀ ਹੈ ਕਿ:

**"ਹਿੰਦੂ ਯਵਨ ਸੰਕੇਤ ਪਦ ਹੈ, ਇਸ ਕਾਰਨ ਹਿੰਦੂ ਕਹਾਉਣਾ ਸਰਵਥਾ ਅਨੁਚਿਤ ਹੈ"** ਔਰ ਅੱਜ ਤਾਈਂ 'ਭਾਰਤ ਧਾਰਕ' ਆਦਿਕ ਰਸਾਲਿਆਂ ਵਿੱਚ ਇਹ ਹੀ ਲਿਖਿਆ ਜਾਂਦਾ ਰਿਹਾ ਹੈ ਕਿ, ਹਿੰਦੂ ਨਾਉਂ ਮਲੇਸ਼ਾਂ ਦਾ ਰੱਖਿਆ ਹੋਇਆ ਹੈ, ਇਸ ਵਾਸਤੇ ਆਰਯ ਲੋਕਾਂ ਨੂੰ ਕਦੇ ਹਿੰਦੂ ਨਹੀਂ ਕਹਾਉਣਾ ਚਾਹੀਏ, ਔਰ ਨਾ ਆਰਯ ਵਰਤ ਨੂੰ ਹਿੰਦੁਸਤਾਨ ਆਖਣਾ ਲੋੜੀਏ।

ਹਿੰਦੂ ਪਦ ਵੇਦਾਂ, ਖਟ ਸ਼ਾਸ਼ਤ੍ਰਾਂ, ਸਿਮ੍ਰਤੀਆਂ, ਰਾਮਾਇਣ, ਮਹਾਂਭਾਰਤ ਅਦਿਕ ਪੁਸਤਕਾਂ ਵਿੱਚ ਅਸੀਂ ਕਦੇ ਨਹੀਂ ਦੇਖਿਆ[੧]। ਅਸਚਰਜ ਦੀ ਗੱਲ ਹੈ ਕਿ ਹੁਣ ਆਪ ਦੇ ਕੋਸ਼ਾਂ ਔਰ ਪੁਰਾਨਾਂ ਵਿੱਚੋਂ ਪੰਡਿਤ ਜੀ ਦੀ ਕ੍ਰਿਪਾ ਕਰਕੇ ਨਿਕਲ ਆਇਆ ਹੈ, ਪਰ ਕੇਹਾ ਚੰਗਾ ਹੁੰਦਾ ਜੇ ਇਹ ਉੱਦਮ ਇਸ ਚਰਚਾ ਦੇ ਉੱਠਣ ਤੋਂ ਪਹਿਲਾਂ ਕੀਤਾ ਜਾਂਦਾ। ਵਿਦਵਾਨਾਂ ਨੂੰ ਹੁਣ ਆਪਣਾ ਇਹ ਯਤਨ ਨਿਸਫਲ ਜਾਪਦਾ ਹੈ।

ਸਾਨੂੰ ਇਸ ਵੇਲੇ ਆਪ ਦੇ ਮੂੰਹੋਂ 'ਹਿੰਦੂ' ਪਦ ਸੰਸਕ੍ਰਿਤ ਭਾਸ਼ਾ ਦਾ ਹੋਣਾ ਸੁਣ ਕੇ ਭਾਰਤੇਂਦੂ ਬਾਬੂ ਹਰੀਸ਼ ਚੰਦਰ ਦਾ ਲੇਖ ਯਾਦ ਆਇਆ ਹੈ, ਜਿਸ ਦਾ ਸਾਰ ਇਉਂ ਹੈ:-

**"ਦੱਖਣਾ ਦੇ ਕੇ ਜੇਹੀ ਬਿਵਸਥਾ ਚਾਹੀਏ, ਪੰਡਿਤ ਜੀ ਤੋਂ ਲੈ ਸਕੀਦੀ ਹੈ। ਔਰ ਜੋ ਬਾਤ ਸ਼ਾਸ਼ਤ੍ਰਾਂ ਵਿੱਚੋਂ ਸਿੱਧ ਕਰਾਉਣੀ ਚਾਹੋ, ਸੋ ਸਿੱਧ ਹੋ ਜਾਂਦੀ ਹੈ। "**

ਉਦਾਹਰਣ:-

**ਪ੍ਰਸ਼ਨ**: ਕਯਾ ਪੰਡਿਤ ਜੀ ! ਆਪ ਕ੍ਰਿਸਤਾਨ ਔਰ ਮੁਸਲਮਾਨਾਂ ਨੂੰ ਭੀ ਕਿਸੀ ਪ੍ਰਮਾਣ ਔਰ ਯੁਕਤੀ ਨਾਲ ਹਿੰਦੂ ਸਿੱਧ ਕਰ ਸਕਦੇ ਹੋ?

**ਪੰਡਿਤ ਜੀ ਦਾ ਉੱਤਰ**: ਹਾਂ, ਦੱਖਣਾ ਲਿਆਓ, ਹੁਣੇ ਸਿਧ ਕਰਕੇ ਦਿਖਾ ਦੇਂਦੇ ਹਾਂ।

---

੧. ਇਹ ਗੱਲ ਆਪ ਕੇਵਲ ਹਿੰਦੂ ਮਤ ਵਿੱਚ ਹੀ ਦੇਖੋਗੇ ਕਿ ਧਰਮ ਮੂਲ ਪੁਸਤਕ ਵਿੱਚ ਜੋ ਧਰਮ ਦਾ ਨਾਉਂ ਨਹੀਂ ਹੈ ਉਸ ਨੂੰ ਆਪਣੀ ਕੌਮ ਦਾ ਨਾਉਂ ਮੰਨ ਲਿਆ ਹੈ।

**ਪ੍ਰਸ਼ਨ**: ਭਲਾ ਕਿਸ ਤਰ੍ਹਾਂ?

**ਪੰਡਿਤ ਜੀ**: ਭਾਈ! ਕ੍ਰਿਸਤਾਨ ਔਰ ਮੁਸਲਮਾਨ ਤਾਂ ਸ਼ੁੱਧ ਬ੍ਰਾਹਮਣ ਹਨ, ਅਸਲ ਬਾਤ ਇਉਂ ਹੈ ਕਿ ਯਾਦਵਾਂ ਦੇ ਦੋ ਪ੍ਰੋਹਿਤ ਸੇ, ਇੱਕ ਨੂੰ ਕ੍ਰਿਸ਼ਨ ਭਗਵਾਨ ਮੰਨਿਆ ਕਰਦੇ ਸੇ। ਇਸ ਕਰਕੇ ਉਸ ਪ੍ਰੋਹਿਤ ਦਾ ਨਾਉਂ 'ਕ੍ਰਿਸ਼ਨ ਮਾਨਯ' ਸੀ, ਦੂਜੇ ਨੂੰ ਕ੍ਰਿਸ਼ਨ ਜੀ ਦਾ ਭਾਈ ਮੁਸਲਿ[੧] (ਬਲਭਦ੍ਰ) ਮੰਨਿਆ ਕਰਦਾ ਸੀ, ਇਸ ਕਰਕੇ ਉਸ ਦਾ ਨਾਉਂ 'ਮੁਸਲਿ ਮਾਨਯ' ਸੀ, ਇਹ ਦੋਵੇਂ (ਕ੍ਰਿਸਤਾਨ ਔਰ ਮੁਸਲਮਾਨ) ਮਤ, ਉਨ੍ਹਾਂ ਪਰੋਹਿਤਾਂ ਦੀ ਸੰਤਾਨ ਹਨ। ਲੋਕਾਂ ਨੂੰ ਸੰਸਕ੍ਰਿਤ ਦਾ ਸ਼ੁੱਧ ਉਚਾਰਨ ਨਹੀਂ ਆਉਂਦਾ ਇਸ ਵਾਸਤੇ ਕ੍ਰਿਸ਼ਨ ਮਾਨਯ ਦੀ ਜਗ੍ਹਾ ਕ੍ਰਿਸਤਾਨ, ਔਰ ਮੁਸਲ ਮਾਨਯ ਦੀ ਜਗ੍ਹਾ ਮੁਸਲਮਾਨ ਆਖਣ ਲੱਗ ਪਏ। ਲਿਆਓ ਦੱਖਣਾ! ਤੁਹਾਨੂੰ ਹੁਣੇ ਇਹ ਬਿਵਸਥਾ ਲਿਖ ਕੇ ਦੇਈਏ।

ਪਿਆਰੇ ਹਿੰਦੂ ਭਾਈ! ਸਾਨੂੰ ਆਪ ਦੇ ਹਿੰਦੂ ਪਦ ਦਾ ਸੰਸਕ੍ਰਿਤ ਸਿੱਧ ਹੋਣਾ ਭੀ ਅਜਿਹੀ ਬਿਵਸਥਾ ਦਾ ਹੀ ਫ਼ਲ ਜਾਪਦਾ ਹੈ।

(ਕ) ਇੰਦੁ ਔਰ ਸਿੰਧ ਪਦ ਤੋਂ ਹਿੰਦੂ ਪਦ ਬਣਨਾ ਕੇਵਲ ਆਪ ਦੀ ਕਪੋਲ ਕਲਪਨਾ ਹੈ, ਆਪ ਦੇ ਪ੍ਰਾਚੀਨ ਗੰਥਾਂ ਤੋਂ ਸਿੱਧ ਨਹੀਂ ਹੈ। ਜੇ ਹੈ ਤਾਂ ਉਦਾਹਰਣ ਲਈ ਕੋਈ ਪ੍ਰਸੰਗ ਦੱਸੋ।

(ਧੰਨਵਾਦ ਸਹਿਤ "ਹਮ ਹਿੰਦੂ ਨਹੀਂ" 'ਚੋਂ)

ਸੋ ਇਸ ਲਈ ਸਤਿਗੁਰੂ ਜੀ ਨੇ ਰਹਿਮਤ ਕਰ ਕੇ ਜੋ ਸਾਨੂੰ ਸਿੱਖ ਕੌਮ ਦੀ ਅੱਡਰੀ ਹੋਂਦ-ਹਸਤੀ ਪ੍ਰਦਾਨ ਕਰ ਕੇ ਵੱਖਰੀ ਕੌਮ ਦਾ ਦਰਜਾ ਬਖਸ਼ਿਸ਼ ਕਰ ਕੇ ਨਿਵਾਜਿਆ ਹੈ ਸਾਨੂੰ ਉਸ ਉੱਪਰ ਮਾਣ ਹੋਣਾ ਚਾਹੀਦਾ ਹੈ। ਅਸੀਂ ਸਿੱਖ ਸਾਜੇ ਗਏ, ਸਿੱਖ ਹਾਂ ਅਤੇ ਸਿੱਖ ਰਹਾਂਗੇ ਅਰ ਸਮੁੱਚੇ ਜਗਤ ਤੋਂ ਨਿਆਰੇ ਹੋ ਕੇ ਵਿਚਰਾਂਗੇ।

ਇਸ ਦੇ ਨਾਲ ਹੀ ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ੩੫੦ਵੀਂ ਸਿਰਜਨਾ ਵਰ੍ਹੇਗੰਢ ਤੇ ਖ਼ਾਲਸਾ ਪੰਥ ਦੀ ਇਸ ਸਿਰਜਣਾ ਭੂਮੀ ਉੱਪਰ ਸਾਨੂੰ ਆਪਣੇ ਆਪੇ ਦੀ ਪੜਚੋਲ ਅਵੱਸ਼ ਕਰਨੀ ਚਾਹੀਦੀ ਹੈ ਕਿ ਜੋ ਨਿਆਰਾਪਨ ਗੁਰਦੇਵ ਸਤਿਗੁਰੂ ਜੀ ਨੇ ਸਾਨੂੰ ਬਖਸ਼ਿਆ ਹੈ ਕੀ ਅਸਾਡੇ ਜੀਵਨ ਵਿੱਚ ਉਹ ਨਿਆਰਾਪਨ, ਉਹ ਨਿਆਰੇ ਸਿਧਾਂਤ ਪ੍ਰਣਾਏ ਹੋਏ ਹਨ? ਜੇ ਉੱਤਰ ਹਾਂ ਵਿੱਚ ਹੈ ਫਿਰ ਤੇ ਅਸੀਂ ਚੋਜੀ ਪ੍ਰੀਤਮ ਜੀ ਦੀਆਂ ਰਹਿਮਤਾਂ ਦੇ ਪਾਤਰ ਨਿਸਚੇ ਹੀ ਹਾਂ ਅਤੇ ਜੇ ਕਿਤੇ ਉਸ ਨਿਆਰੇਪਨ ਵਿੱਚ ਢਿਲਿਆਈ ਭਾਸਦੀ ਹੈ ਫਿਰ ਸਾਨੂੰ ਆਪਣੀ ਭੁੱਲ ਸੁਧਾਰ ਕੇ ਸਤਿਗੁਰੂ ਜੀ ਵੱਲੋਂ

੧.ਬਲਭੱਦ੍ਰ ਆਪਣੇ ਹੱਥ ਵਿੱਚ ਹੱਲ ਤੇ ਮੂਸਲ (ਕੁਤਕਾ) ਰੱਖਦਾ ਹੁੰਦਾ ਸੀ ਇਸ ਕਰਕੇ ਉਸਨੂੰ ਹਲੀ ਔਰ ਮੂਸਲੀ ਆਖਦੇ ਸਨ।

ਬਖਸ਼ਿਸ਼ ਕੀਤੀਆਂ ਰਹਿਮਤਾਂ ਆਪਣੀ ਝੋਲੀ ਪੁਆਉਣ ਲਈ "ਗੁਰਚਾਲੀ" ਦੇ ਧਾਰਨੀ ਬਣ ਜਾਣਾ ਚਾਹੀਦਾ ਹੈ। ਜਦ ਸਮੁੱਚੀ ਕੌਮ ਇਸ ਰਹਿਮਤ ਨੂੰ ਆਪਣੇ ਹਿਰਦੇ ਰੂਪੀ ਝੋਲੀ ਵਿੱਚ ਪੁਆ ਲਵੇਗੀ ਫਿਰ ਕੋਈ ਵੀ ਤਾਕਤ ਖ਼ਾਲਸਾ ਪੰਥ ਦੀ, ਸਿੱਖ ਕੌਮ ਦੀ ਅੱਡਰੀ ਹੋਂਦ-ਹਸਤੀ ਤੋਂ ਨਾ ਤਾਂ ਮੁਨਕਰ ਹੀ ਹੋ ਸਕਦੀ ਹੈ ਅਤੇ ਨਾ ਹੀ ਇਸ ਦੀ ਹੋਂਦ-ਹਸਤੀ ਨੂੰ ਕਿਸੇ ਹੋਰ ਧਰਮ ਵਿੱਚ ਰਲਾਉਣ ਦੀ ਚੁਣੌਤੀ ਹੀ ਦੇ ਸਕਦੀ ਹੈ। ਸਾਨੂੰ "**ਸਾਬਤ ਸੂਰਤ ਦਸਤਾਰ ਸਿਰਾ**" ਦੇ ਧਾਰਨੀ ਬਣ ਕੇ ਕਲਗੀਧਰ ਪਾਤਸ਼ਾਹ ਜੀ ਵੱਲੋਂ ਬਖਸ਼ੇ ਗੁਰਸਿੱਖੀ ਅਸੂਲਾਂ ਦੇ ਧਾਰਨੀ ਬਣ, ਸਤਿਗੁਰਾਂ ਦੇ ਪਰਉਪਕਾਰਾਂ ਨੂੰ ਇਸ ਧਰਤ ਅਨੰਦਪੁਰ ਤੇ ਅਕੀਦਤ ਦੇ ਫੁੱਲ ਭੇਂਟ ਕਰਨੇ ਹੀ ਬਣਦੇ ਹਨ। ਗੁਰਸਿੱਖਾਂ ਦੇ ਘਰਾਂ ਵਿੱਚ ਜਨਮੇਂ ਬੱਚਿਆਂ ਦੇ ਹਿਰਦੇ ਵਿੱਚ ਗੁਰਸਿੱਖੀ ਦਾ ਬੀਜ਼ ਤਾਂ ਪਿਆ ਹੈ ਪਰ ਮਾਇਆ ਦੇ ਪ੍ਰਭਾਵ, ਅਲਪ ਬੁੱਧੀ ਅਤੇ ਬਹੁ-ਗਿਣਤੀ ਵੱਲ ਦੇਖ ਉਹ ਆਪਣੇ ਅੰਦਰਲੇ ਗੁਰਸਿੱਖੀ ਦੇ ਸੰਸਕਾਰ ਬਾਹਰ ਪ੍ਰਗਟ ਕਰਨ ਤੋਂ ਝਿਜਕਦੇ ਹਨ। ਝਿਜਕ ਕਰਾਂਗੇ, ਮੁੰਨੇ ਜੋਗੀ ਤੇ ਪੀਸੇ ਦਾਰੂ ਨੂੰ ਕੋਈ ਪਛਾਣ ਸਕੇਗਾ? ਇਸੇ ਤਰ੍ਹਾਂ ਅਮਰੀਕਾ ਵਿੱਚ ੧੧ ਸਤੰਬਰ ਦੀ ਘਟਨਾਂ ਤੋਂ ਬਾਅਦ ਕੁਝ ਇੱਕ ਸ਼ਰਾਰਤੀ ਅਤੇ ਅਗਿਆਨੀ ਲੋਕਾਂ ਨੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਸ਼ਰਾਰਤਾਂ ਕੀਤੀਆਂ ਸਨ ਪਰ ਕੁਝ ਇੱਕ ਘਟਨਾਵਾਂ ਤੋਂ ਬਾਅਦ ਅਮਰੀਕਾ ਸਰਕਾਰ ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਦਰਸਾਉਂਦਾ ਇੱਕ ਕਲੰਡਰ ਪਛਾਣ ਪੱਤਰ ਦੇ ਰੂਪ ਵਿੱਚ ਅਖਬਾਰਾਂ ਅਤੇ ਸਾਰੇ ਸਰਕਾਰੀ ਦਫ਼ਤਰਾਂ, ਪੁਲੀਸ ਸਟੇਸ਼ਨਾਂ ਉੱਪਰ ਲਗਾਇਆ, ਜਿਸ ਵਿੱਚ ਸਾਬਤ ਸੂਰਤ ਪਟਕਾ ਬੰਨਣ ਵਾਲੇ ਬੱਚੇ ਤੋਂ ਲੈ ਕੇ ਦਸਤਾਰਧਾਰੀ ਸਿੱਖ ਖੁਲ੍ਹੀ ਦਾੜ੍ਹੀ ਅਤੇ ਦਸਤਾਰਧਾਰੀ ਬੀਬੀਆਂ ਦੀਆਂ ਫੋਟੋਆਂ ਪ੍ਰਕਾਸ਼ਤ ਕੀਤੀਆਂ ਸਨ। ਉਸ ਕਲੰਡਰ ਵਿੱਚ ਕਿਸੇ ਵੀ ਕਲੀਨ ਸ਼ੇਵਨ ਜਾਂ ਦਾੜ੍ਹੀ ਕੱਟਣ ਵਾਲੇ ਨੂੰ ਸਿੱਖ ਕਰਕੇ ਨਹੀਂ ਦਰਸਾਇਆ। ਇੱਥੇ ਸੋਚਣ ਵਾਲੀ ਗੱਲ ਹੈ, ਸਾਬਤ ਸੂਰਤ ਦੇ ਧਾਰਨੀ ਤਾਂ ਸਿੱਖ ਕੌਮ ਦਾ ਅੰਗ ਮੰਨੇ ਗਏ ਹਨ, ਦਾੜ੍ਹੀ ਕੱਟਣ ਵਾਲਿਆਂ ਨੂੰ ਸਰਕਾਰ ਨੇ ਸਿੱਖ ਹੀ ਨਹੀਂ ਮੰਨਿਆਂ। ਉਨ੍ਹਾਂ ਪ੍ਰਤੀ ਤਾਂ ਪੁਰਾਣੀ ਕਹਾਵਤ "ਨਾ ਘਰ ਦੇ ਰਹੇ ਨਾ ਘਾਟ ਦੇ" ਹੀ ਢੁੱਕ ਗਈ। ਕਲੀਨ ਸ਼ੇਵਨ ਸਿੱਖ ਕਹਿਲਾਉਣ ਵਾਲੇ ਨਾ ਹਿੰਦੂਆਂ ਵਿੱਚ ਨਾ ਮੁਸਲਮਾਨਾਂ ਵਿੱਚ ਅਤੇ ਨਾ ਹੀ ਸਿੱਖਾਂ ਵਿੱਚ ਸ਼ੁਮਾਰ ਗਿਣੇ ਜਾਂਦੇ ਹਨ। ਇਸ ਲਈ ਕਲੀਨ ਸ਼ੇਵਨ ਸਿੱਖਾਂ ਨੂੰ ਲੋਕ ਲੱਜਾ ਦਾ ਤਿਆਗ ਕਰਕੇ ਆਪਣੇ ਘਰ ਮੁੜ ਆਉਣਾ ਚਾਹੀਦਾ ਹੈ। ਆਪਣੇ ਵਿਰਸੇ ਨਾਲ ਜੁੜ ਕੇ, ਆਪਣੇ ਲੋਕ ਸੁਖੀ ਪ੍ਰਲੋਕ ਸੁਹੇਲੇ ਕਰ ਲੈਣੇ ਚਾਹੀਦੇ ਹਨ।

# ੧੧
# ਰੈੱਡ ਕਰਾਸ ਦੀ ਬਾਨੀ ਧਰਤ ਅਨੰਦਪੁਰ ਦੀ

ਸੰਸਾਰ ਵਿੱਚ ਜ਼ੋਰਾਵਰਾਂ ਦਾ ਬੋਲਬਾਲਾ ਹੈ। ਬਹੁਤੀ ਵਾਰੀ ਨਿੱਜ ਦੇ ਹਿੱਤ ਤੋਂ ਉੱਪਰ ਉੱਠ ਕੇ ਸਰਬੱਤ ਦੀ ਪੀੜਾ ਨੂੰ ਆਪਣੀ ਪੀੜਾ ਜਾਣ ਕੇ ਸਾਰਿਆਂ ਵਿੱਚ ਪਰਮਾਤਮਾਂ ਦੀ ਜੋਤ ਵੇਖ ਕੇ, ਜਾਤ-ਪਾਤ, ਨਸਲ-ਦੇਸ਼ ਦੀ ਵੰਡ ਨੂੰ ਪਿੱਠ ਦੇ ਕੇ "**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ**" ਦੇ ਪੱਗ ਚਿੰਨ੍ਹਾਂ ਨੂੰ ਸਾਕਾਰ ਕਰਨ ਵਾਲੇ ਕੋਈ ਹੋਰ ਹੁੰਦੇ ਹਨ ਪਰ ਉਨ੍ਹਾਂ ਦੇ ਪੱਗ ਚਿੰਨ੍ਹਾਂ ਉੱਪਰ ਜ਼ੋਰਾਵਰ ਲੋਕ ਆਪਣੀ ਸੋਚ ਦੀ ਮੋਹਰ ਲਾ ਕੇ ਵਿਸ਼ਵ ਪ੍ਰਸਿੱਧ ਹੋ ਜਾਂਦੇ ਹਨ। ਅਜਿਹਾ ਹੀ ਭਾਗਾਂ ਭਰੀ ਅਨੰਦਪੁਰ ਦੀ ਪਾਵਨ ਧਰਤੀ ਨਾਲ ਵੀ ਹੋਇਆ। ਅੱਜ ਸਮੁੱਚਾ ਵਿਸ਼ਵ ਜਿਸ ਰੈੱਡਕਰਾਸ (Red Cross) ਨਾਮ ਦੀ ਸੰਸਥਾ ਨੂੰ ਕੁਦਰਤੀ ਆਫ਼ਤਾਂ ਜਾਂ ਜੰਗੀ ਮੌਕਿਆਂ ਤੇ ਰਾਹਤ ਕਾਰਜਾਂ ਵਿੱਚ ਆਪਣੀ ਸੁਯੋਗ ਭੂਮਿਕਾ ਲਈ ਜਾਣਦਾ ਹੈ ਅਤੇ ਇਸ ਰੈੱਡਕਰਾਸ ਨੂੰ ਮਨੁੱਖੀ ਮਸੀਹਾ ਵਜੋਂ ਜਾਣਿਆ ਜਾਂਦਾ ਹੈ। ਸੰਸਾਰ ਦੀਆਂ ਵੱਡੀਆਂ ਤਾਕਤਾਂ ਵੀ ਇਸ ਸੰਸਥਾ ਦੇ ਮਿਸ਼ਨ ਮੁਹਰੇ ਨਤਮਸਤਕ ਹੁੰਦੀਆਂ ਹਨ।

ਅੱਜ ਇਹ ਮੰਨਿਆ ਜਾਂਦਾ ਹੈ ਕਿ ਰੈੱਡਕਰਾਸ ਸੰਸਥਾ ਦਾ ਅਰੰਭ 1859 ਈ: ਵਿੱਚ ਸਵਿੱਸ ਵਪਾਰੀ Mr. Henry Dunant ਨੇ Solferino ਦੇ ਜੰਗੀ ਮੈਦਾਨ ਤੋਂ ਕੀਤਾ। ਮਿਸਟਰ ਹੈਨਰੀ ਇੱਕ ਸਵਿੱਸ ਬਿਜ਼ਨਸਮੈਨ ਸੀ ਅਤੇ ਉਹ ਫਰਾਂਸੀਸੀ ਬਾਦਸ਼ਾਹ ਨੈਪੋਲੀਅਨ ਤੀਸਰੇ ਨਾਲ ਆਪਣੇ ਕਾਰੋਬਾਰ ਵਿੱਚ ਦਰਪੇਸ਼ ਦਿੱਕਤਾਂ ਬਾਰੇ ਗੱਲਬਾਤ ਕਰਨ ਲਈ ਜਾ ਰਿਹਾ ਸੀ ਜੋ ਉਸ ਨੂੰ ਫਰਾਂਸ ਵੱਲੋਂ ਮੱਲੇ ਹੋਏ ਅਲਜੀਰੀਆ ਦੇਸ਼ ਵਿੱਚ ਆ ਰਹੀਆਂ ਸਨ। ਇਸ ਸਫ਼ਰ ਦੁਰਾਨ ਜਦ ਉਹ ਸੌਲਫੈਰੀਨੋ ਸ਼ਹਿਰ ਦੇ ਵਿੱਚ ਦੀ ਲੰਘਿਆ ਤਾਂ ਉਸ ਦੀ ਨਜ਼ਰ ਵਿੱਚ ਉੱਥੇ ਹੋ ਰਹੀ ਜੰਗ ਵਿੱਚ ਮਰੇ ਅਤੇ ਘਾਇਲ ਫੌਜੀ ਆਏ, ਜੋ ਜ਼ਖਮਾਂ ਦੀ ਤਾਬ ਕਾਰਨ ਕਰਾਹ ਰਹੇ ਸਨ ਪਰ ਉਨ੍ਹਾਂ ਦੀ ਸਾਰ ਲੈਣ ਵਾਲਾ ਜਾਂ ਉਨ੍ਹਾਂ ਨੂੰ ਪਾਣੀ ਤੱਕ ਪਿਲਾਉਣ ਵਾਲਾ ਵੀ ਕੋਈ ਨਹੀਂ ਸੀ। ਇਸ ਦਰਦਨਾਕ ਦ੍ਰਿਸ਼ ਨੇ ਉਸ ਭਲੇ-ਪੁਰਸ਼ ਮਿ: ਹੈਨਰੀ ਡੁਨੈਟ ਨੂੰ ਬਹੁਤ ਟੁੰਬਿਆ ਅਤੇ ਉਹ ਆਪਣੇ ਕਾਰੋਬਾਰੀ ਮਸਲਿਆਤ ਨੂੰ ਵਿੱਚੇ ਛੱਡ ਕੇ ਇਨ੍ਹਾਂ ਜ਼ਖਮੀ ਫੌਜੀਆਂ ਦੀ ਸਾਂਭ-ਸੰਭਾਲ ਵਿੱਚ ਕੁੱਝ ਨਗਰ ਨਿਵਾਸੀਆਂ ਨੂੰ ਨਾਲ ਲੈ ਕੇ ਲੱਗ ਪਿਆ ਅਤੇ ਬਾਕੀ

ਸ਼ਹਿਰ ਨਿਵਾਸੀਆਂ ਨੂੰ ਵੀ ਇਸ ਕਾਰਜ਼ ਵਿੱਚ ਬਿਨਾਂ ਕਿਸੇ ਭਿੰਨ-ਭੇਦ ਦੇ ਜੁੱਟਣ ਦੀ ਉਸ ਮਿ: ਹੈਨਰੀ ਨੇ ਪ੍ਰੇਰਣਾ ਦਿੱਤੀ। ਬਾਅਦ ਵਿੱਚ ਜੰਗੀ ਰਾਹਤ ਕਾਰਜਾਂ ਦੇ ਇਸ ਸੰਕਲਪ ਨੂੰ ਵਿਸ਼ਵ ਵਿਆਪੀ ਬਣਾਉਣ ਲਈ ਉਸ ਵੱਡੇ ਕਾਰੋਬਾਰੀ Mr. Henry Dunant ਨੇ ਆਪਣਾ ਪ੍ਰਭਾਵ ਵਰਤਦਿਆਂ ਆਪਣੀ ਕਿਤਾਬ "A Memory of Solferino" ਦੇ ਰਾਹੀਂ ਦੁਨੀਆ ਵਿੱਚ ਇਸ ਮਿਸ਼ਨ ਦੀ ਸਥਾਪਤੀ ਲਈ ਯਤਨ ਕੀਤੇ। ਮਿ: ਹੈਨਰੀ ਦੀ ਪ੍ਰਭਾਵੀ ਪਹੁੰਚ ਦੀ ਬਦੌਲਤ ਸਵਿੱਸ ਸਰਕਾਰ ਨੇ ਦੁਨੀਆਂ ਦੇ ਬਾਕੀ ਮੁਲਕਾਂ ਨਾਲ ਵਿਚਾਰ ਕਰਕੇ Red Cross ਨਾਮੀ ਸੰਸਥਾ ਹੋਂਦ ਵਿੱਚ ਲਿਆਂਦੀ। ਅੱਜ ਸਾਰਾ ਵਿਸ਼ਵ ਸ਼ਾਇਦ ਇਹੋ ਸਮਝ ਰਿਹਾ ਹੈ ਕਿ ਰੈੱਡਕਰਾਸ ਸੰਸਥਾ ਦੀ ਹੋਂਦ ਮਿ: ਹੈਨਰੀ ਦੇ Solferino ਦੇ ਜੰਗੀ ਤਜ਼ਰਬੇ ਰਾਹੀਂ ਮਨੁੱਖਤਾ ਪ੍ਰਤੀ ਉਸ ਦੇ ਦਰਦ ਵਿੱਚੋਂ ਪ੍ਰਗਟ ਹੋਈ ਹੈ ਪਰ ਡਾਹਢਿਆਂ ਦਾ ਇਹ ਪ੍ਰਚਾਰ ਮਨੁੱਖਤਾ ਲਈ ਹਿਰਦੇ ਵਿੱਚ ਦਰਦ ਰੱਖਣ ਵਾਲਿਆਂ ਨਾਲ ਇਨਸਾਫ਼ ਨਹੀਂ ਕਰਦਾ। ਕਾਰਣ?

ਕਾਰਣ ਇਹ ਹੈ ਕਿ ਮਿ: ਹੈਨਰੀ ਨੇ ਤਾਂ 1859 ਈ: ਵਿੱਚ ਜੰਗੀ ਝਗੜਿਆਂ ਦੌਰਾਨ ਸੈਨਿਕਾਂ ਦੀ ਮਦਦ ਅਤੇ ਰਾਹਤ ਲਈ ਰੈੱਡਕਰਾਸ ਸੰਸਥਾ ਅਰੰਭ ਕਰਨ ਦਾ ਸੰਕਲਪ ਕੀਤਾ ਪਰ ਧੰਨ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1704 ਈ: ਦੀ ਅਨੰਦਪੁਰ ਸਾਹਿਬ ਦੀ ਜੰਗ ਦੌਰਾਨ ਅਜਿਹਾ ਸੰਕਲਪ ਆਪਣੇ ਅਨਿੰਨ ਸੇਵਕ ਭਾਈ ਘਨ੍ਹਈਆ ਜੀ ਰਾਹੀਂ ਪ੍ਰਗਟ ਕਰਕੇ ਅਜਿਹੀ ਰਾਹਤ ਦੇਣ ਵਾਲੀ ਸੰਸਥਾਈ ਸੋਚ ਦਾ ਪ੍ਰਾਰੰਭ ਕਰ ਦਿੱਤਾ ਸੀ ਅਤੇ ਇਸ ਤਰ੍ਹਾਂ ਇਹ ਕਹਿਣ ਵਿੱਚ ਕੋਈ ਅਤਿਕਥਿਨੀ ਨਹੀਂ ਕਿ Red Cross ਦੀ ਬਾਨੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਹੈ ਅਤੇ ਸੰਸਥਾਪਕ ਧੰਨ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦਾ ਇਹ ਕੰਮ ਸਾਕਾਰ ਕਰਨ ਵਾਲੇ ਅਨਿੰਨ ਸੇਵਕ ਭਾਈ ਘਨ੍ਹਈਆ ਜੀ ਹਨ।

ਇਸ ਘਟਨਾ ਦਾ ਪਿਛੋਕੜ ਇਸ ਪ੍ਰਕਾਰ ਹੈ, ਜਿਸ ਬਾਰੇ ਸਿੱਖ ਕੌਮ ਤਾਂ ਜਾਣਦੀ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਅਸਥਾਨ ਤੇ ਜਰਵਾਣੇ ਮੁਗਲਾਂ ਤੇ ਧੋਖੇਬਾਜ਼ ਪਹਾੜੀ ਰਾਜਿਆਂ ਨੇ ਸਤਿਗੁਰੂ ਜੀ ਨੂੰ ਜਿੰਦਾ ਫੜਨ ਜਾਂ ਜਾਨੋਂ ਮਾਰ ਦੇਣ ਅਤੇ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਧਰਤੀ ਨੂੰ ਸਦਾ ਲਈ ਉਜਾੜ ਕੇ ਤਬਾਹ ਕਰ ਦੇਣ ਲਈ ਘੇਰਾ ਪਾ ਲਿਆ। ਜੰਗ ਅਰੰਭ ਹੋ ਗਿਆ, ਸਿੰਘ-ਸੂਰਮਿਆਂ ਨੇ ਛੇ ਮਹੀਨੇ ਤੱਕ ਮੁਗਲਾਂ ਅਤੇ ਪਹਾੜੀ ਫੌਜਾਂ ਨੂੰ ਅਜਿਹੇ ਲੋਹੇ ਦੇ ਚਣੇ ਚਬਾਏ ਕਿ ਪਹਾੜੀ ਤੇ ਮੁਗਲ ਫੌਜਾਂ ਦਿਲ ਹਾਰ ਗਈਆਂ। ਇਸੇ ਘੋਰ ਜੰਗ ਦੌਰਾਨ ਸਿੰਘ ਵੀ ਸ਼ਹੀਦ ਤੇ ਫੱਟੜ ਹੁੰਦੇ, ਦੂਸਰੇ ਪਾਸੇ ਮੁਗਲ ਤੇ ਪਹਾੜੀ ਰਾਜੇ ਵੀ ਬੇ-ਤਦਾਦ ਮਰਦੇ ਤੇ ਘਾਇਲ

ਹੁੰਦੇ। ਭਾਈ ਘਨ੍ਹਈਆ ਜੀ ਜਲ ਦੀ ਮੱਛਕ ਭਰਦੇ ਅਤੇ ਮੈਦਾਨ-ਏ-ਜੰਗ ਵਿੱਚ ਚਾਹੇ ਕੋਈ ਮੁਗਲ ਹੋਵੇ ਜਾਂ ਧੋਖੇਬਾਜ਼ ਪਹਾੜੀਆ ਜਾਂ ਕੋਈ ਸਿੱਖ ਘਾਇਲ ਪਿਆ ਹੋਵੇ, ਉਸ ਨੂੰ ਬਿਨਾਂ ਵਿਤਕਰੇ, ਸਾਰਿਆਂ ਵਿੱਚ ਪਰਮਾਤਮਾ ਦੀ ਜੋਤ ਵੇਖ ਕੇ ਪਿਆਰ ਨਾਲ ਜਲ ਛਕਾਉਂਦੇ ਤੇ ਸਾਰਾ ਦਿਨ ਇਹ ਕਾਰ ਕਰਦੇ ਰਹਿੰਦੇ। ਭਾਈ ਘਨ੍ਹਈਆ ਜੀ ਦੀ ਇਸ ਸਮ-ਬਿਰਤੀ ਦੀ ਕਾਰ ਤੋਂ ਕੁਝ ਸਿੱਖ ਖੁਸ਼ ਨਹੀਂ ਸਨ। ਉਨ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਸ਼ਿਕਾਇਤ ਕੀਤੀ ਕਿ ਸਚੇ ਪਾਤਸ਼ਾਹ! ਅਸੀਂ ਬੜੇ ਯਤਨਾਂ ਨਾਲ, ਮੁਗਲ ਤੇ ਪਹਾੜੀ ਫੌਜਾਂ ਨੂੰ ਤੀਰਾਂ-ਤੁਫੰਗਾਂ ਨਾਲ ਘਾਇਲ ਕਰਦੇ ਹਾਂ ਪਰ ਭਾਈ ਘਨ੍ਹਈਆ ਉਨ੍ਹਾਂ ਪਿਆਸੇ, ਤੜਫਦਿਆਂ ਨੂੰ ਪਾਣੀ ਪਿਲਾ ਕੇ ਮੁੜ ਸਾਡੇ ਨਾਲ ਲੜਨ ਲਈ ਤਿਆਰ ਕਰ ਦਿੰਦਾ ਹੈ। ਜਾਪਦਾ ਹੈ ਕਿ ਘਨ੍ਹਈਆ ਦੁਸ਼ਮਣ ਦੀਆਂ ਫੌਜਾਂ ਨਾਲ ਰਲਿਆ ਹੋਇਆ ਹੈ। ਸਤਿਗੁਰੂ ਜੀ ਨੇ ਸਿੱਖਾਂ ਦੀ ਬੇਨਤੀ ਸੁਣੀ, ਮੁਸਕਰਾਏ ਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਭਾਈ ਘਨ੍ਹਈਏ ਨੂੰ ਸਾਡੇ ਸਨਮੁੱਖ ਪੇਸ਼ ਕਰੋ। ਥੋੜੇ ਸਮੇਂ ਬਾਅਦ ਸਿੱਖ, ਭਾਈ ਘਨ੍ਹਈਏ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਸਨਮੁੱਖ ਹਾਜ਼ਰ ਹੋਏ। ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨ੍ਹਈਏ ਨੂੰ ਸੰਬੋਧਨ ਕਰਕੇ ਕਿਹਾ ਕਿ ਭਾਈ ਘਨ੍ਹਈਆ! ਸਿੱਖ ਤੇਰੀ ਸ਼ਿਕਾਇਤ ਕਰਦੇ ਹਨ। ਭਾਈ ਘਨ੍ਹਈਆ ਜੀ ਨੇ ਬੇਨਤੀ ਕੀਤੀ, ਸਤਿਗੁਰੂ! ਦਾਸ ਭੁੱਲਣਹਾਰ ਹੈ, ਮੇਰੇ ਸਿੱਖ ਭਰਾ ਕੀ ਸ਼ਕਾਇਤ ਕਰਦੇ ਹਨ? ਸਤਿਗੁਰੂ ਜੀ ਨੇ ਬਚਨ ਕੀਤਾ ਕਿ ਸਿੱਖ ਤੀਰਾਂ-ਤੁਫੰਗਾਂ-ਨੇਜੇ-ਭਾਲੇ-ਬੰਦੂਕਾਂ ਨਾਲ ਦੁਸ਼ਮਣ, ਪਹਾੜੀ ਤੇ ਮੁਗਲਾਂ ਨੂੰ ਮਾਰਦੇ ਤੇ ਘਾਇਲ ਕਰਦੇ ਹਨ ਪਰ ਤੂੰ ਉਨ੍ਹਾਂ ਘਾਇਲ ਹੋਏ ਦੁਸ਼ਮਣਾਂ ਨੂੰ ਪਾਣੀ ਪਿਲਾ ਕੇ ਮੁੜ ਸਿੱਖਾਂ ਨਾਲ ਲੜਨ ਲਈ ਤਿਆਰ ਕਰ ਦਿੰਦਾ ਹੈ। ਇਹ ਕੰਮ ਤੂੰ ਕਿਉਂ ਕਰਦਾ ਹੈਂ? ਭਾਈ ਘਨ੍ਹਈਆ ਜੀ ਨੇ ਹੱਥ ਜੋੜ ਕੇ, ਗਲ ਵਿੱਚ ਪੱਲਾ ਪਾ, ਸਾਹਿਬਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ, ਸਤਿਗੁਰੂ ਜੀ! ਨਾ ਮੈਂ ਕਿਸੇ ਮੁਗਲ ਨੂੰ, ਨਾ ਪਹਾੜੀਏ ਨੂੰ ਅਤੇ ਨਾ ਹੀ ਮੈਂ ਕਿਸੇ ਸਿੱਖ ਨੂੰ ਪਾਣੀ ਪਿਲਾਉਂਦਾ ਹਾਂ, ਮੈਨੂੰ ਸਾਰਿਆਂ ਵਿੱਚ ਆਪ ਜੀ ਦਾ ਰੂਪ ਹੀ ਦਿਸਦਾ ਹੈ। ਤੁਹਾਥੋਂ ਬਿਨਾਂ ਮੈ ਹੋਰ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ। ਸਤਿਗੁਰੂ ਜੀ! ਜਦੋਂ ਤੋਂ ਆਪ ਜੀ ਨੇ ਮਿਹਰ ਦ੍ਰਿਸ਼ਟੀ ਕੀਤੀ ਹੈ, ਮੇਰੀ ਨਿਗਾਹ ਵਿੱਚ ਨਾ ਕੋਈ ਵੈਰੀ ਹੈ, ਨਾ ਮੈਨੂੰ ਕੋਈ ਬਿਗਾਨਾ ਦਿਸਦਾ ਹੈ। ਮੈਨੂੰ ਸਾਰਿਆਂ ਵਿੱਚ ਆਪ ਜੀ ਦੀ ਹੀ ਜੋਤ ਦ੍ਰਿਸ਼ਟੀ ਆਉਂਦੀ ਹੈ,ਇਸ ਲਈ ਇਹ ਸਾਰੇ ਮੈਨੂੰ ਆਪਣੇ ਭਾਸਦੇ ਹਨ। ਪਾਤਸ਼ਾਹ! ਹੁਣ ਤਾਂ ਆਪ ਜੀ ਨੇ ਮਿਹਰ ਕਰਕੇ :

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥**

ਮ: ੫, ਅੰਗ: ੧੨੯੯

ਦੀ ਖੇਡ ਵਰਤਾ ਦਿੱਤੀ ਹੈ। ਬਾਕੀ ਰਹੀ ਜੰਗਾਂ ਯੁਧਾਂ ਦੀ ਗੱਲ, ਸਤਿਗੁਰੂ ਜੀ ! ਇਹ ਸਾਰਾ ਆਪ ਜੀ ਨੇ ਹੀ ਖੇਡ-ਤਮਾਸ਼ਾ ਰਚਿਆ ਹੈ।

ਸਤਿਗੁਰੂ ਕਲਗੀਧਰ ਜੀ ਭਾਈ ਘਨੱਈਏ ਦਾ ਉੱਤਰ ਸੁਣ ਕੇ ਮੁਸਕਰਾਏ ਤੇ ਭਾਈ ਘਨੱਈਏ ਨੂੰ ਆਪਣੀ ਗਲਵੱਕੜੀ ਵਿੱਚ ਲੈ ਕੇ ਪਿਆਰ ਦਿੱਤਾ ਤੇ ਆਪਣੀ ਜੇਬ ਵਿੱਚੋਂ ਮਰਹਮ ਦੀ ਡੱਬੀ ਕੱਢ ਕੇ ਭਾਈ ਜੀ ਦੇ ਹੱਥ ਤੇ ਰੱਖ ਦਿੱਤੀ ਤੇ ਬਚਨ ਕੀਤਾ, ਘਨੱਈਆ ! ਜਿੱਥੇ ਤੂੰ ਲੋੜਵੰਦਾਂ ਵਿੱਚ ਮੇਰਾ ਰੂਪ ਵੇਖ ਕੇ ਜਲ ਛਕਾ ਤ੍ਰਿਪਤ ਕਰਦਾ ਹੈਂ। ਉੱਥੇ ਉਨ੍ਹਾਂ ਦੇ ਘਾਵਾਂ, ਜ਼ਖਮਾਂ ਉੱਪਰ ਮਰਹਮ ਲਾ ਕੇ ਪੱਟੀ ਵੀ ਕਰਿਆ ਕਰ ਤਾਂ ਜੋ ਉਨ੍ਹਾਂ ਦੇ ਜ਼ਖਮਾਂ ਵਿੱਚ ਹੁੰਦੀ ਪੀੜ ਨੂੰ ਰਾਹਤ ਮਿਲੇ ਤੇ ਜ਼ਖਮ ਰਾਜ਼ੀ ਹੋ ਜਾਣ। ਸਿੱਖਾਂ ਨੂੰ ਸੰਬੋਧਨ ਕਰਕੇ ਸਤਿਗੁਰੂ ਜੀ ਨੇ ਬਚਨ ਕੀਤਾ, ਭਾਈ ਸਿੱਖੋ ! ਤੁਸੀਂ ਆਪਣਾ ਕੰਮ ਕਰੀ ਚਲੋ, ਭਾਈ ਘਨੱਈਏ ਨੂੰ ਆਪਣਾ ਕੰਮ ਕਰਨ ਦਿਉ। ਇਹ ਜੋ ਕਰਦਾ ਹੈ, ਬਿਲਕੁਲ ਦਰੁਸਤ ਕਰਦਾ ਹੈ। ਭਾਈ ਘਨੱਈਆ ਕਿਸੇ ਪਹਾੜੀ ਜਾਂ ਮੁਗਲਾਂ ਨਾਲ ਨਹੀਂ ਮਿਲਿਆ ਹੋਇਆ, ਇਹ ਪਰਮਾਤਮਾ ਨਾਲ ਮਿਲਿਆ ਹੋਇਆ ਹੈ। ਪਰਮਾਤਮਾ ਸਭ ਦਾ ਸਾਂਝਾ ਹੈ। ਭਾਈ ਘਨੱਈਏ ਦੀ ਦ੍ਰਿਸ਼ਟੀ ਵਿੱਚ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਾਵਨ ਫੁਰਮਾਨ ਵਸ ਚੁੱਕਾ ਹੈ:-

**ਤੂੰ ਸਾਂਝਾ ਸਾਹਿਬੁ ਬਾਪੁ ਹਮਾਰਾ॥** ਮ:੫, ਅੰਗ: ੯੭

ਅਤੇ:- **ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥੩॥**

ਮਾਝ ਮ:੫, ਅੰਗ: ੯੭

ਗੁਰਸਿੱਖੋ ਸਮਾਂ ਆਵੇਗਾ, ਭਾਈ ਘਨੱਈਏ ਦਾ ਪੰਥ ਚੱਲੇਗਾ ਤੇ ਬਹੁਤ ਲੋਕ ਇਸ ਦੇ ਮਾਰਗ ਤੋਂ ਸੇਧ ਪ੍ਰਾਪਤ ਕਰਕੇ ਆਪਣੀ ਖੋਟੀ ਬੁੱਧੀ ਨਾਸ਼ ਕਰਨਗੇ। ਸਾਹਿਬਾਂ ਬਚਨ ਕੀਤਾ:-

**ਇਹ ਭੀ ਅਪਨੋ ਪੰਥ ਪ੍ਰਕਾਸ਼ੈ।**
**ਬਹੁ ਲੋਗਨ ਕੀ ਕਬੁਧ ਬਿਨਾਸੈ।**

(ਸੂਰਜ ਪ੍ਰਕਾਸ਼)

ਸਾਡੀ ਇਹ ਬਦਕਿਸਮਤੀ ਹੈ ਕਿ ਅਸੀਂ ਸਿੱਖ ਲੋਕ ਆਪਣੀਆਂ ਵਡਮੁਲੀਆਂ ਪ੍ਰੰਪਰਾਵਾਂ ਦੀ ਦਾਸਤਾਨ ਦੁਨੀਆਂ ਤੱਕ ਨਹੀਂ ਪਹੁੰਚਾ ਸਕੇ। ਰੈੱਡ ਕਰਾਸ ਵਰਗੀ ਸੰਸਥਾ ਦਾ ਸੰਕਲਪ ਜੋ ਕਲਗੀਧਰ ਪਾਤਸ਼ਾਹ ਜੀ ਦੇ ਮਨ ਵਿੱਚ ਸਫੁਰਨ ਹੋਇਆ, ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਭਾਈ ਘਨੱਈਆ ਜੀ ਰਾਹੀਂ ਸਾਕਾਰ ਕਰ ਵਿਖਾਇਆ।

ਜੇ ਆਪਾਂ ਹੋਰ ਪਿਛੋਕੜ ਵਿੱਚ ਜਾਈਏ ਤਾਂ ਰੈੱਡ ਕਰਾਸ ਦੀ ਨੀਂਹ ਤਾਂ

ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਨੇ ਹੋਂਦ ਵਿੱਚ ਲੈ ਆਂਦੀ ਸੀ। ਬਾਬਰ ਨੇ ਏਮਨਾਬਾਦ ਉੱਪਰ ਹਮਲਾ ਕੀਤਾ, ਏਮਨਾਬਾਦ ਦੇ ਅਤੇ ਆਸ-ਪਾਸ ਦੇ ਲੋਕਾਂ ਦਾ ਧਨ-ਮਾਲ ਲੁੱਟਿਆ, ਇੱਜਤ ਲੁੱਟੀ, ਆਮ ਕਤਲੇਆਮ ਦਾ ਹੁਕਮ ਦੇ ਕੇ ਖੂਨ ਦੀਆਂ ਨਦੀਆਂ ਵਗਾ ਦਿੱਤੀਆਂ। ਜੋ ਬਚੇ, ਉਨ੍ਹਾਂ ਨੂੰ ਬੰਦੀ ਬਣਾ ਲਿਆ ਤੇ ਸਾਰੇ ਸ਼ਹਿਰ ਨੂੰ ਅੱਗ ਲਾ ਕੇ ਸਾੜ ਦੇਣ ਦਾ ਹੁਕਮ ਬਾਬਰ ਨੇ ਜਾਰੀ ਕਰ ਦਿੱਤਾ। ਹਰ ਪਾਸੇ ਹਾਹਾਕਾਰ ਦੀਆਂ ਅਵਾਜਾਂ ਸੁਣਾਈ ਦਿੰਦੀਆਂ ਸਨ। ਸਾਰਾ ਸ਼ਹਿਰ ਅੱਗ ਦੇ ਲਾਂਬੂਆਂ ਨਾਲ ਜਵਾਲਾ-ਮੁਖੀ ਦਾ ਰੂਪ ਧਾਰਨ ਕਰ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਦਾ ਇੱਕ ਸਿੱਖ, ਜਿਸ ਦਾ ਨਾਉਂ ਇਤਿਹਾਸ ਵਿੱਚ ਭਾਈ ਤਾਰਾ ਲਿਖਿਆ ਹੈ, ਉਹ ਇਸ ਕਹਿਰ ਅਤੇ ਸੜਦੀ ਨਗਰੀ ਨੂੰ ਵੇਖ, ਸਹਾਰ ਨਾ ਸਕਿਆ। ਉਸ ਨੇ ਮੱਛਕ ਪਾਣੀ ਨਾਲ ਭਰੀ, ਜਿੱਥੇ-ਜਿੱਥੇ ਘਰ ਸੜ੍ਹ ਰਹੇ ਸਨ, ਉੱਥੇ ਪੁੱਜ, ਅੱਗ ਉੱਪਰ ਪਾਣੀ ਪਾ ਕੇ ਅੱਗ ਬੁਝਾਣ ਦੇ ਯਤਨ ਵਿੱਚ ਜੁੱਟ ਗਿਆ। ਇਹ ਘਰ ਨਾ ਭਾਈ ਤਾਰਾ ਦੇ ਸਨ, ਨਾ ਭਾਈ ਤਾਰਾ ਦੇ ਕਿਸੇ ਰਿਸ਼ਤੇਦਾਰ ਜਾਂ ਸੱਜਣ ਮਿੱਤਰ ਦੇ ਸਨ ਪਰ ਭਾਈ ਤਾਰੇ ਦੀ ਦ੍ਰਿਸ਼ਟੀ ਵਿੱਚ ਸਾਰਾ ਸੰਸਾਰ ਹੀ ਉਸ ਨੂੰ ਆਪਣਾ ਭਾਸ ਰਿਹਾ ਸੀ। ਸੰਸਾਰ ਦੀ ਪੀੜਾ ਉਸ ਨੂੰ ਆਪਣੀ ਪੀੜ ਲਗਦੀ ਸੀ। ਦੂਸਰਿਆਂ ਦੇ ਘਰਾਂ ਨੂੰ ਲੱਗੀ ਅੱਗ ਵਿਚ ਉਸ ਨੂੰ ਆਪਣਾ ਘਰ ਸੜਦਾ ਨਜ਼ਰੀਂ ਆ ਰਿਹਾ ਸੀ। ਉਹ ਲਗਾਤਾਰ ਦੌੜ-ਦੌੜ ਕੇ ਮੱਛਕ ਭਰ ਲਿਆਉਂਦਾ ਤੇ ਲੱਗੀ ਅੱਗ ਤੇ ਪਾ ਦਿੰਦਾ। ਅਜੇ ਦੋ-ਤਿੰਨ ਮੱਛਕਾਂ ਪਾਣੀ ਦੀਆਂ ਭਾਈ ਤਾਰਾ ਜੀ ਨੇ ਬਲਦੀ ਅੱਗ ਉੱਪਰ ਪਾਈਆਂ ਸਨ ਕਿ ਬਾਬਰ ਦੇ ਸਿਪਾਹੀਆਂ ਨੇ ਭਾਈ ਤਾਰੇ ਨੂੰ ਪਕੜ ਲਿਆ, ਮੱਛਕ ਖੋਹ ਲਈ ਤੇ ਪੁੱਛਿਆ ਤੂੰ ਇਹ ਕੀ ਕਰਦਾ ਹੈਂ? ਭਾਈ ਤਾਰੇ ਨੇ ਉੱਤਰ ਦਿੱਤਾ, ਮੈਂ ਘਰਾਂ ਨੂੰ ਲੱਗੀ ਹੋਈ ਅੱਗ ਬੁਝਾਉਂਦਾ ਹਾਂ।ਸਿਪਾਹੀਆਂ ਨੇ ਪੁੱਛਿਆ, ਕੀ ਤੂੰ ਅੱਗ ਬੁਝਾ ਲਵੇਂਗਾ? ਭਾਈ ਤਾਰੇ ਨੇ ਕਿਹਾ, ਇੰਨਾਂ ਤੇ ਮੈਂ ਦਾਅਵਾ ਨਹੀਂ ਕਰ ਸਕਦਾ ਪਰ ਮੈਂ ਖਾਮੋਸ਼ ਹੋ ਕੇ ਬਲ ਰਹੀ ਅੱਗ ਨੂੰ ਵੀ ਨਹੀਂ ਵੇਖ ਸਕਦਾ, ਕਿਉਂਕਿ ਮੇਰੇ ਮਾਲਕ ਦਾ ਮੈਨੂੰ ਹੁਕਮ ਹੈ ਕਿ ਜਿੱਥੇ ਅੱਗ ਲੱਗੀ ਹੋਵੇ, ਉਸਨੂੰ ਬੁਝਾਉਣਾ ਮੇਰਾ ਫਰਜ਼ ਹੈ। ਮੈਂ ਆਪਣੇ ਮਾਲਕ ਦਾ ਹੁਕਮ ਵਜਾ ਕੇ ਆਪਣੇ ਫਰਜ਼ ਦੀ ਪੂਰਤੀ ਕਰ ਰਿਹਾ ਹਾਂ। ਸਿਪਾਹੀਆਂ ਕੜਕ ਕੇ ਕਿਹਾ ਤੈਨੂੰ ਪਤਾ ਨਹੀਂ ਇਹ ਅੱਗ ਬਾਬਰ ਦੇ ਹੁਕਮ ਨਾਲ ਲੱਗੀ ਹੈ, ਇਸ ਨੂੰ ਕੋਈ ਬੁਝਾ ਨਹੀਂ ਸਕਦਾ। ਭਾਈ ਤਾਰੇ ਨੇ ਬੇ-ਝਿਜਕ ਹੋ ਕੇ ਉੱਤਰ ਦਿੱਤਾ, ਠੀਕ ਹੈ ਬਾਬਰ ਤੇ ਉਸ ਦੇ ਸਿਪਾਹੀਆਂ ਦਾ ਕੰਮ ਹੈ ਅੱਗ ਲਾਉਣਾ, ਗੁਰੂ ਨਾਨਕ ਤੇ ਗੁਰੂ ਨਾਨਕ ਦੇ ਸਿੱਖਾਂ ਦਾ ਫਰਜ਼ ਹੈ ਲੱਗੀ ਹੋਈ ਅੱਗ ਨੂੰ ਬੁਝਾਉਣਾ। ਭਾਈ ਤਾਰੇ ਦਾ ਜ਼ੁਰਅਤ ਭਰਿਆ ਉੱਤਰ ਸੁਣ ਕੇ ਬਾਬਰ ਦੇ ਸਿਪਾਹੀ ਕ੍ਰੋਧਿਤ

ਹੋਏ ਤੇ ਭਾਈ ਤਾਰਾ ਜੀ ਨੂੰ ਅੱਗ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ। ਭਾਈ ਤਾਰਾ ਜੀ ਆਪ ਤਾਂ ਅੱਗ ਵਿੱਚ ਸੜ੍ਹ ਕੇ ਸ਼ਹੀਦ ਹੋ ਗਏ ਪਰ ਅਨੇਕਾਂ ਨੂੰ ਦੂਸਰਿਆਂ ਦਾ ਦੁੱਖ ਦੂਰ ਕਰਨ ਅਤੇ ਲੱਗੀ ਹੋਈ ਅੱਗ ਨੂੰ ਬੁਝਾਉਣ ਦੇ ਪੂਰਨੇ ਪਾ ਗਏ। ਗੁਰੂ ਨਾਨਕ ਪਾਤਸ਼ਾਹ ਜੀ ਦਾ ਲਾਇਆ ਹੋਇਆ ਰੈੱਡਕਰਾਸ (Red Cross) ਦਾ ਬੂਟਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬ੍ਰਿਛ ਬਣ ਕੇ, ਘੋਰ ਸੰਗ੍ਰਾਮਾਂ ਵਿੱਚ ਪਾਣੀ ਪਿਲਾਉਣ ਤੇ ਦੁਸ਼ਮਣਾ ਦੇ ਘਾਵਾਂ ਤੇ ਮਰਹਮ-ਪੱਟੀ ਕਰ, ਦੁਨੀਆਂ ਲਈ ਚਾਨਣ-ਮੁਨਾਰਾ ਬਣਿਆ।

ਸਾਧ ਸੰਗਤ ਜੀ ! ਇਹ ਭਾਗਸ਼ੀਲ ਧਰਤੀ ਅਨੰਦਪੁਰ ਸਾਹਿਬ ਜੀ ਦੀ ਹੀ ਹੈ, ਜਿੱਥੋਂ ਸਤਿਗੁਰਾਂ "**ਨਾ ਕੋ ਬੈਰੀ ਨਹੀ ਬੇਗਾਨਾ**" ਦਾ ਸਿੱਖਾਂ ਨੂੰ ਸਬਕ ਦ੍ਰਿੜ੍ਹ ਕਰਵਾਇਆ ਤੇ ਜਿਨ੍ਹਾਂ ਨੇ ਇਸ ਸਬਕ ਦੀ ਕਮਾਈ ਕਰ ਕੇ ਇਸ ਨੂੰ ਅਮਲੀ ਜਾਮਾਂ ਪਹਿਨਾਇਆ, ਸਤਿਗੁਰਾਂ ਉਨ੍ਹਾਂ ਨੂੰ ਅਨੇਕਾਂ ਵਰ ਬਖਸ਼ਿਸ਼ ਕਰ ਆਪਣੀ ਨਦਰ-ਏ-ਰਹਿਮਤ ਦੇ ਪਾਤਰ ਬਣਾਇਆ। ਇਸੇ ਪ੍ਰਕਾਸ਼ ਦੀ ਜੋਤ ਤੋਂ ਰੌਸ਼ਨੀ ਲੈ ਕੇ ਸਮੇਂ ਦੇ ਭਲੇ ਮਨੁੱਖਾਂ ਨੇ ਰੈੱਡਕਰਾਸ ਹੋਂਦ ਵਿੱਚ ਲਿਆਂਦਾ। ਇਸ ਲਈ ਨਿੱਜ ਸਵਾਰਥ ਤੋਂ ਉੱਪਰ ਉੱਠ ਕੇ ਜਿਸ ਧਰਤੀ ਤੇ ਸਰਬੱਤ ਦੇ ਭਲੇ ਦੇ ਕਾਰਜਾਂ ਦੀ ਅਰੰਭਤਾ ਹੋਈ, ਉਸ ਪਾਵਨ ਅਸਥਾਨ ਨੂੰ ਜੱਗ-ਜਾਹਰ ਕਰੀਏ ਤੇ ਆਪ ਅਜਿਹੀ ਪਾਵਨ ਧਰਤੀ ਨੂੰ ਬਾਰ-ਬਾਰ ਸਿਜਦਾ ਕਰਦਿਆਂ ਹੋਇਆਂ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੋਈਏ। ਇਸ ਵਿੱਚ ਆਪਣਾ ਵੀ ਭਲਾ ਤੇ ਸਰਬੱਤ ਦਾ ਵੀ ਭਲਾ ਹੈ।

# ੧੨
# ਖਲਕ ਵਸੈ ਰਬ ਮਾਹਿ ਦਾ ਸੰਦੇਸ਼ ਦ੍ਰਿੜ ਕਰਵਾਉਣ ਵਾਲੀ ਧਰਤ ਅਨੰਦਪੁਰ ਦੀ

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਅੰਮ੍ਰਿਤ ਵੇਲੇ ਦੀਵਾਨ ਸਜਦੇ ਸਿੱਖ ਸੰਗਤਾਂ, ਕੀਰਤਨ ਸੁਣ, ਗੁਰੂ ਦੀਦਾਰ ਕਰ, ਗਦ-ਗਦ ਹੁੰਦੀਆਂ। ਲੌਢੇ ਪਹਿਰ ਘੋੜ ਸਵਾਰੀ, ਤੀਰ ਅੰਦਾਜੀ ਤੇ ਫੌਜੀ ਕਵਾਇਤਾਂ ਹੁੰਦੀਆਂ, ਸ਼ਾਮ ਨੂੰ ਮੁੜ ਸਤਿਗੁਰੂ ਜੀ ਦੀਵਾਨ ਵਿੱਚ ਦਰਸ਼ਨ ਦੇ, ਸੰਗਤਾਂ ਨੂੰ ਗੁਰਬਾਣੀ ਉਪਦੇਸ਼ ਦ੍ਰਿੜ੍ਹ ਕਰਵਾ, ਸੰਗਤਾਂ ਦੇ ਸ਼ੰਕੇ ਨਵ੍ਰਿਤ ਕਰਕੇ "**ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥**" ਦੀ ਕਾਰ ਕਰਦੇ ਤੇ ਸੰਗਤਾਂ ਨੂੰ ਕ੍ਰਿਤ ਦੀ ਪੂਜਾ ਤੇ ਪਾਖੰਡ, ਕਰਮਾਂ ਤੋਂ ਵਰਜ ਕੇ ਹੁਕਮ ਕਰਦੇ ਗੁਰਸਿੱਖੋ!

**ਕਿਉ ਨ ਜਪੋ ਤਾ ਕੋ ਤੁਮ ਭਾਈ॥**
**ਅੰਤਿ ਕਾਲਿ ਜੋ ਹੋਇ ਸਹਾਈ॥**
**[1]ਫੋਕਟ ਧਰਮ ਲਖੋ ਕਰ ਭਰਮਾ॥**
**ਇਨ ਤੇ ਸਰਤ ਨ ਕੋਈ ਕਰਮਾ॥੪੯॥**

(ਬਚਿੱਤ੍ਰ ਨਾਟਕ)

ਅਨੰਦਪੁਰ ਸਾਹਿਬ ਸਤਿਗੁਰੂ ਜੀ ਦੇ ਦਰਬਾਰ ਵਿੱਚ ਇੱਕ ਕਵੀ ਜਿਸ ਦਾ ਨਾਉ ਅੰਮ੍ਰਿਤ ਰਾਇ ਸੀ, ਜੋ ਬੜਾ ਗੁਣੀ ਵਿਦਵਾਨ ਤੇ ਸਤਿਗੁਰੂ ਜੀ ਦਾ ਸਿੱਖ ਬਣ, ਮਨ ਦੀ ਸ਼ਾਂਤੀ ਪ੍ਰਾਪਤ ਕਰ ਚੁੱਕਾ ਸੀ ਅਤੇ ਨਿੱਤ ਉੱਚ ਪਾਏ ਦੀਆਂ ਕਵਿਤਾਵਾਂ ਰੱਚ ਕੇ ਸਾਹਿਬਾਂ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਸੀ। ਅੰਮ੍ਰਿਤ ਰਾਇ ਦਾ ਇੱਕ ਮਿੱਤਰ ਲਾਹੌਰ ਵਿੱਚ ਰਹਿੰਦਾ ਸੀ। ਉਹ ਵੀ ਬੜਾ ਵਿਦਵਾਨ ਤੇ ਹਿਕਮਤ ਦਾ ਬਹੁਤ ਮਾਹਰ ਸੀ। ਕੁਦਰਤ ਨੇ ਉਸ ਦੇ ਹੱਥ ਵਿੱਚ ਬਹੁਤ ਸ਼ਫਾ ਪ੍ਰਦਾਨ ਕੀਤੀ ਸੀ। ਜਿਸ ਨੂੰ ਵੀ ਉਹ ਦਵਾਈ ਦਿੰਦਾ ਉਹ ਰਾਜ਼ੀ ਹੋ, ਉਸ ਦਾ ਜਸ ਕਰਦਾ। ਤੀਹ ਸਾਲ ਦੀ ਉਸ ਦੀ ਉਮਰ ਸੀ। ਘਰ ਵਿੱਚ ਸਾਰਾ ਸੁੱਖ ਆਰਾਮ ਸੀ। ਮਾਇਆ ਦੀ ਕੋਈ ਕਮੀਂ ਨਹੀਂ ਸੀ। ਲੁਕਾਈ ਵਿੱਚ ਬੜਾ ਨਾਮਣਾ ਤੇ ਸਤਿਕਾਰ ਸੀ ਪਰ ਮਨ ਅਸ਼ਾਂਤ ਸੀ। ਕਈ ਸਾਧੂ ਮਹਾਤਮਾਂ-ਪੀਰਾਂ ਫਕੀਰਾਂ ਦੀ ਸੰਗਤ ਕੀਤੀ, ਤੀਰਥਾਂ ਤੇ ਵੀ ਗਿਆ ਪਰ ਮਨ ਦੀ ਨਾ ਅਸ਼ਾਂਤੀ ਦੂਰ

---

੧.ਫੋਕਟ ਕਰਮਕਾਂਡਾਂ ਨੂੰ ਭਰਮ ਹੀ ਸਮਝੋ। ਕਿਉਂਕਿ ਇਨ੍ਹਾਂ ਫੋਕਟ ਕਰਮਕਾਂਡਾਂ ਨਾਲ ਕੋਈ ਵੀ ਕੰਮ ਰਾਸ ਨਹੀਂ ਆ ਸਕਦਾ।

ਹੋਈ ਤੇ ਨਾ ਹੀ ਭਟਕਣਾ ਖਤਮ ਹੋਈ। ਇਸ ਦਾ ਨਾਉਂ ਸੀ ਸੁਜਾਨ ਰਾਇ, ਜੋ ਲਾਹੌਰ ਸ਼ਹਿਰ ਦੇ ਰਹਿਣ ਵਾਲਾ ਸੀ। ਅੰਮ੍ਰਿਤ ਰਾਇ, ਸੁਜਾਨ ਰਾਇ ਦੀ ਆਤਿਮਕ ਭੁੱਖ ਨੂੰ ਜਾਣਦਾ ਸੀ। ਅੰਮ੍ਰਿਤ ਰਾਇ ਨੇ ਸੁਜਾਨ ਰਾਇ ਨੂੰ ਸੰਦੇਸ਼ ਭੇਜਿਆ, ਮੇਰੇ ਵੀਰ! ਮੈਂ ਤੇਰੇ ਅੰਦਰ ਦੀ ਵੇਦਨ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਮੇਰੇ ਅੰਦਰ ਵੀ ਇੱਕ ਭੁੱਖ ਸੀ। ਜਿਸ ਨੂੰ ਨਾ ਵਿੱਦਿਆ ਤ੍ਰਿਪਤ ਕਰ ਸਕੀ, ਨਾ ਮਾਇਆ ਤੇ ਨਾ ਮਾਣ ਸਤਿਕਾਰ। ਤੂੰ ਮੇਰਾ ਜਿਗਰੀ ਮਿੱਤਰ ਹੈਂ, ਜੇ ਅੰਦਰਲੀ ਅਤ੍ਰਿਪਤੀ ਤੋਂ ਨਿਯਾਤ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਬਿਨਾਂ ਦੇਰੀ ਕੀਤੇ ਸਭ ਸ਼ੰਕਿਆਂ ਦਾ ਤਿਆਗ ਕਰ, ਸ੍ਰੀ ਅਨੰਦਪੁਰ ਸਾਹਿਬ ਆ ਜਾਹ। ਅਨੰਦਪੁਰ ਸਾਹਿਬ ਵਿਖੇ ਸਾਮਰਤਖ ਪ੍ਰਮਾਤਮਾਂ ਦਾ ਰੂਪ ਸ੍ਰੀ ਗੁਰੂ ਗੋਬਿੰਦ ਜੀ ਬਿਰਾਜ ਰਹੇ ਹਨ। ਝਬਦੇ ਆ ਤੇ ਦਰਸ਼ਨ ਕਰ, ਆਪਣੇ ਮਨ ਦੀ ਤ੍ਰਿਪਤੀ ਕਰ ਕੇ ਸੁਖੀ ਹੋ ਜਾਹ।

ਸੁਜਾਨ ਰਾਇ ਨੂੰ ਆਪਣੇ ਮਿਤ੍ਰ ਦਾ ਸੁਨੇਹਾ ਮਿਲਿਆ, ਮਨ ਨੂੰ ਕੁਝ ਢਰਾਸ ਪ੍ਰਾਪਤ ਹੋਈ। ਹੁਣ ਦਿਨ ਰਾਤ ਗੁਰੂ ਦਰਸ਼ਨਾਂ ਦੀ ਤਾਂਘ ਵਿੱਚ ਬਤੀਤ ਹੋਣ ਲੱਗਾ। ਅੰਦਰੋਂ ਐਸੀ ਖਿੱਚ ਬਣੇ ਕਿ ਉੱਡ ਕੇ ਪਹੁੰਚ ਜਾਂਵਾਂ ਪਰ ਸਿਰ ਪਈਆਂ ਜ਼ਿੰਮੇਵਾਰੀਆਂ ਨੂੰ ਸੰਕੋਚਦਿਆਂ ਸਮਾਂ ਲੱਗ ਜਾਣਾ ਸੀ। ਅਨੰਦਪੁਰ ਸਾਹਿਬ ਦੀ ਤਿਆਰੀ ਅਰੰਭ ਕਰ ਦਿੱਤੀ, ਸਾਰਾ ਕਾਰਜ ਸੰਕੋਚ ਕੇ ਅਤੇ ਘਰ ਦੀ ਜ਼ਿੰਮੇਵਾਰੀ ਘਰਵਾਲੀ ਨੂੰ ਸੌਂਪ ਸੁਜਾਨ ਰਾਇ ਲਾਹੌਰ ਤੋਂ ਆਤਿਮਕ ਤ੍ਰਿਪਤੀ ਦੀ ਲਾਲਸਾ ਅਧੀਨ ਸ੍ਰੀ ਅਨੰਦਪੁਰ ਸਾਹਿਬ ਨੂੰ ਤੁਰ ਪਿਆ। ਰਸਤੇ ਵਿੱਚ ਪੜਾਉ ਕਰਦਾ ਸੁਜਾਨ ਰਾਇ ਕਲਗੀਧਰ ਜੀ ਦੇ ਦਰਬਾਰ ਵਿੱਚ ਪੁੱਜਾ। ਕੀਰਤਨ ਚੱਲ ਰਿਹਾ ਸੀ, ਸੰਗਤਾਂ ਸਤਿਗੁਰੂ ਜੀ ਦੇ ਚਰਨ ਪਰਸ ਕੇ ਜਨਮਾਂ ਜਨਮਾਂਤਰਾਂ ਦੇ ਖੋਟੇ ਕਰਮਾਂ ਤੋਂ ਨਿਯਾਤ ਪ੍ਰਾਪਤ ਕਰ, ਜੀਅ ਦਾਨ ਪ੍ਰਾਪਤ ਕਰ ਰਹੀਆਂ ਸਨ। ਸੁਜਾਨ ਰਾਇ ਨੇ ਵੀ ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ ਮੱਥਾ ਟੇਕਿਆ। ਸੁਜਾਨ ਰਾਇ ਦੇ ਅੰਦਰ ਗੁਰੂ ਦਰਸ਼ਨਾਂ ਤੇ ਗੁਰੂ ਚਰਨਾਂ ਦੀ ਛੂਹ ਨਾਲ ਕੋਈ ਅਗੰਮੀ ਖੇਡ ਵਰਤ ਗਈ ਤੇ ਉਹ ਦਰਸ਼ਨ ਸਿੱਕ ਪ੍ਰੋਤਾ ਮੱਥਾ ਟੇਕ ਕੰਧ ਨਾਲ ਜਾ ਖਲੋਤਾ ਤੇ ਇੱਕ ਟੱਕ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਕਰੀ ਜਾ ਰਿਹਾ ਹੈ। ਦਰਸ਼ਨ ਕਰਕੇ ਸੁਜਾਨ ਸਿੰਘ ਦੇ ਮਨ ਦੀ ਤ੍ਰਿਪਤੀ ਨਹੀਂ ਹੁੰਦੀ। ਸਭ ਅੱਗਾ ਪਿੱਛਾ ਭੁੱਲ ਗਿਆ, ਸੰਗਤਾਂ ਸਤਿਗੁਰੂ ਜੀ ਪਾਸੋਂ ਅਸੀਸਾਂ ਪ੍ਰਾਪਤ ਕਰ ਘਰਾਂ ਨੂੰ ਪਰਤੀਆਂ। ਕਲਗੀਧਰ ਜੀ ਨੇ ਸਿੱਖ ਨੂੰ ਭੇਜ ਕੇ ਭਾਈ ਸੁਜਾਨ ਰਾਇ ਨੂੰ ਕੋਲ ਸੱਦਿਆ, ਪੁੱਛਿਆ ਸਿੱਖਾ! ਕੰਧ ਨਾਲ ਪਿੱਠ ਲਾਈ ਖਲੋਤਾ ਕੀ ਕਰ ਰਿਹਾ ਹੈਂ? ਸੁਜਾਨ ਰਾਇ ਨੇ ਸਿਰ ਨਿਹੁੜਾ ਉੱਤਰ ਦਿੱਤਾ, ਆਪ ਜੀ ਦੇ ਪਾਵਨ ਦਰਸ਼ਨ ਕਰ ਰਿਹਾ

ਹਾਂ ਤੇ ਦਰਸ਼ਨਾਂ ਨਾਲ ਤ੍ਰਿਪਤੀ ਨਹੀਂ ਹੁੰਦੀ। ਕੰਧ ਨਾਲ ਇਸ ਕਰਕੇ ਖੜਾ ਹਾਂ ਕਿ ਮਤਾ ਆਪ ਦੇ ਸਨਮੁਖ ਖੜੇ ਹੋਣ ਨਾਲ ਕਿਸੇ ਹੋਰ ਸਿੱਖ ਤੇ ਆਪ ਜੀ ਦੇ ਵਿਚਕਾਰ ਮੈਂ ਰੁਕਾਵਟ ਬਣਾਂ। ਸਤਿਗੁਰੂ ਜੀ ਮੁਸਕ੍ਰਾਏ ਤੇ ਸੁਜਾਨ ਰਾਇ ਨੂੰ ਕਹਿਣ ਲੱਗੇ, ਸਿੱਖਾ! ਇਹ ਦਰਸ਼ਨ ਸਾਡੇ ਅਧੂਰੇ ਦਰਸ਼ਨ ਹਨ। ਜਦੋਂ ਅਸੀਂ ਮਹਿਲਾਂ ਵਿੱਚ ਚਲੇ ਗਏ, ਇਹ ਦਰਸ਼ਨ ਅਲੋਪ ਹੋ ਜਾਣੇ ਹਨ। ਮੇਰਾ ਅਸਲੀ ਸਰੂਪ, ਗੁਰੂ ਸ਼ਬਦ ਤੇ ਸੰਗਤ ਹੈ। ਜੇ ਮੇਰੇ ਅਸਲੀ ਤੇ ਸਦੀਵੀਂ ਦਰਸ਼ਨ ਕਰਨੇ ਲੋਚਦਾ ਹੈਂ ਤਾਂ ਜੁੜ ਸ਼ਬਦ ਨਾਲ ਤੇ ਕਰ ਸੰਗਤ ਦੀ ਸੇਵਾ, ਸਾਰਿਆਂ ਨੂੰ ਮੇਰਾ ਰੂਪ ਜਾਣ ਉਨ੍ਹਾਂ ਦੀ ਦਾਰੀ ਕਰ, ਮੇਰੇ ਅਸਲੀ ਦਰਸ਼ਨ ਤੈਨੂੰ ਪ੍ਰਾਪਤ ਹੋ ਜਾਣਗੇ। ਸੁਜਾਨ ਰਾਇ ਨੇ ਬੇਨਤੀ ਕੀਤੀ, ਪਾਤਸ਼ਾਹ! ਕਿੱਥੇ ਜਾਵਾਂ? ਸਤਿਗੁਰੂ ਕਲਗੀਧਰ ਜੀ ਕਹਿਣ ਲੱਗੇ, ਜਾਹ ਕੀਰਤਪੁਰ ਚਲੇ ਜਾਹ। ਉੱਥੇ ਬੈਠ ਸੇਵ ਕਮਾ, ਮੈਂ ਆਪੇ ਤੇਰੇ ਪਾਸ ਆਵਾਂਗਾ। ਭਾਈ ਵੀਰ ਸਿੰਘ ਜੀ ਨੇ ਉੱਪਰਲੇ ਵੀਚਾਰਾਂ ਨੂੰ ਕਵਿਤਾ ਵਿੱਚ ਕਲਗੀਧਰ ਚਮਤਕਾਰ ਪੂਰਬਾਰਧ ਵਿੱਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ:-

**ਜਾਉ ਸਿਖ ਤੂੰ ਰਹੀਂ ਨਾ ਇਥੇ ਚਲੇ ਜਾਉ ਚਲ ਜਾਓ।**
**ਸੰਗਤ ਵਿਖੇ ਗੁਰੂ ਹੈ ਰਹਿੰਦਾ ਸੇਵ ਕਰੋ ਸੁੱਖ ਪਾਓ।**
**ਫਿਰ ਸਤਿਗੁਰ ਇਉਂ ਵਾਕ ਉਚਾਰੇ ਇਸ ਥਾਂ ਤੋਂ ਟੁਰ ਜਾਓ।**
**ਸ਼ਬਦ ਗੁਰੂ ਗੁਰ ਸ਼ਬਦ ਅਹੈ ਜਾਹ ਦੁਖੀਆਂ ਦੁੱਖ ਮਿਟਾਓ।**
**ਸੁਣ ਕੇ ਹੁਕਮ ਉੱਠ ਕੇ ਤੁਰਿਆ ਪਰ ਕੀ ਦੇਖੇ ਹੋਇਆ।**
**ਸੂਰਤ ਗੁਰੂ ਦੀ ਦਿਲ ਵਿੱਚ ਬੈਠੀ ਸਖਣਾ ਥਾਉਂ ਭਰੋਇਆ।**
**ਕੀਰਤਪੁਰ ਨੇੜੇ ਜਾ ਟਿਕਿਆ ਘਰ ਦੀ ਸੁਰਤ ਭੁਲਾਈ।**
**ਪਹਿਰ ਰਾਤ ਦੇ ਤੜਕੇ ਉੱਠੇ ਨ੍ਹਾ ਧੋ ਕੇ ਬਹਿ ਜਾਈ।**

ਸ੍ਰੀ ਕਲਗੀਧਰ ਚਮਤਕਾਰ, ਭਾ: ਵੀਰ ਸਿੰਘ

ਭਾਈ ਸੁਜਾਨ ਰਾਇ ਜੀ ਨੇ ਕਲਗੀਧਰ ਜੀ ਦੇ ਚਰਨਾਂ ਤੇ ਸੀਸ ਨਿਵਾਇਆ, ਦਰਸ਼ਨ ਦੀਦਾਰ ਕਰ, ਅਸੀਸ ਪ੍ਰਾਪਤ ਕਰ, ਕੀਰਤਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ। ਕੀਰਤਪੁਰ ਸਾਹਿਬ ਤੋਂ ਬਾਹਰ ਨਿਵੇਕਲਾ ਥਾਂ ਵੇਖ ਝੌਂਪੜੀ ਪਾ ਲਈ। ਆਪ ਜੀ ਅੰਮ੍ਰਿਤ ਵੇਲੇ ਉੱਠ "**ਕਰ ਇਸ਼ਨਾਨ ਸਿਮਰ ਪ੍ਰਭ ਆਪਨਾ**" ਦੀ ਕਾਰ ਕਰਨ ਜੁੱਟ ਜਾਂਦੇ, ਬਾਕੀ ਸਾਰਾ ਦਿਨ ਆਏ ਗਏ ਲੋੜਵੰਦਾਂ ਦੀ ਲੋੜ ਅਨੁਸਾਰ ਜਲ-ਪਾਣੀ ਨਾਲ ਸੇਵਾ ਕਰਦੇ। ਤਨ ਦੇ ਰੋਗੀਆਂ ਨੂੰ ਦੁਆ-ਦਾਰੂ ਦੇ ਕੇ ਉਨ੍ਹਾਂ ਦਾ ਦੁੱਖ ਦੂਰ ਕਰ ਲੋਕਾਈ ਦੀਆਂ ਅਸੀਸਾਂ ਪ੍ਰਾਪਤ ਕਰਦੇ। ਦੂਰ ਦੁਰਾਡੇ ਪਿੰਡਾਂ ਵਿੱਚ ਕਿਸੇ ਰੋਗੀ ਦਾ ਪਤਾ ਲਗਦਾ ਜਾਂ ਕੋਈ ਆ ਪੁਕਾਰ ਕਰਦਾ, ਉਸ ਨਾਲ ਚੱਲ ਕੇ ਜਾਂਦੇ ਤੇ ਆਪਣੇ

ਹਿੱਕਮਤ ਦੇ ਗੁਣ ਨਾਲ ਉਸ ਦੀ ਦਾਰੀ ਕਰ ਗੁਰ ਅਸੀਸਾਂ ਪ੍ਰਾਪਤ ਕਰਦੇ। ਇਹ ਸਾਰਾ ਕਾਰਜ ਬਿਨਾਂ ਕੁਝ ਪੈਸਾ ਲਏ ਬੜੀ ਚਾਈਂ ਚਾਈਂ ਗੁਰੂ ਹੁਕਮ ਜਾਣ ਕਰਦੇ। ਜੋ ਆਤਮਿਕ ਰੋਗੀ ਹੁੰਦਾ, ਉਸ ਨੂੰ:-

**ਸਰਬ ਰੋਗ ਕਾ ਅਉਖਦੁ ਨਾਮੁ ॥**
**ਕਲਿਆਣ ਰੂਪ ਮੰਗਲ ਗੁਣ ਗਾਮ ॥**

ਗਉੜੀ ਸੁਖਮਨੀ ਮ: ੫, ਅੰਗ: ੨੭੪

ਦਾ ਪੱਲਾ ਪਕੜਾ, ਉਸ ਦੀ ਆਤਮਾਂ ਦਾ ਰੋਗ ਦੂਰ ਕਰਦੇ। ਥੋੜ੍ਹੇ ਸਮੇਂ ਵਿੱਚ ਹੀ ਆਪ ਜੀ ਦੀ ਪਰਉਪਕਾਰੀ ਸੋਅ-ਸੋਭਾ ਸਾਰੇ ਇਲਾਕੇ ਵਿੱਚ ਫੈਲ ਗਈ। ਸੰਗਤਾਂ ਰਾਹੀਂ ਕਲਗੀਧਰ ਜੀ ਦੇ ਕੰਨਾਂ ਵਿੱਚ ਵੀ ਸੁਜਾਨ ਰਾਇ ਜੀ ਦੀ ਪਰਉਪਕਾਰੀ ਸੋਭਾ ਸਮੇਂ-ਸਮੇਂ ਪੈਂਦੀ ਰਹਿੰਦੀ। ਸਤਿਗੁਰੂ ਜੀ ਉਸ ਦੀ ਸੋਭਾ ਸੁਣ ਮੁਸਕਰਾਉਂਦੇ ਤੇ ਖੁਸ਼ੀ ਪ੍ਰਗਟ ਕਰਦੇ। ਭਾਈ ਸੁਜਾਨ ਰਾਇ ਜੀ ਦੇ ਕੰਨਾਂ ਵਿੱਚ ਜੋ ਸਤਿਗੁਰੂ ਜੀ ਨੇ ਬਚਨ ਕਹੇ ਸਨ ਕਿ "ਸੰਗਤ ਵਿਖੇ ਗੁਰੂ ਹੈ ਰਹਿੰਦਾ", ਇਹ ਸ਼ੁਭ-ਵਾਕ ਗੁਰਾਂ ਦੇ ਉਸਦੇ ਕੰਨਾਂ ਵਿੱਚ ਗੂੰਜਦੇ ਉਸ ਗੁਰਮੁਖ ਤੋਂ ਪੰਜ ਵਰ੍ਹੇ ਸੰਗਤ ਦੀ ਸੇਵ ਕਰਵਾਉਂਦੇ ਰਹੇ ਅਤੇ ਪੰਜ ਵਰ੍ਹੇ ਗਾਖੜੀ ਕਾਰ ਕਰਨ ਉਪ੍ਰੰਤ ਛੇਵਾਂ ਵਰ੍ਹਾ ਵੀ ਲੰਘਣ ਵਾਲਾ ਸੀ। ਸੇਵ ਕਮਾਉਂਦਿਆਂ ਮਨ ਨਿਰਮਲ-ਪਵਿੱਤ੍ਰ ਹੋ ਚੁੱਕਾ ਸੀ। ਸਤਿਗੁਰੂ ਜੀ ਦੇ ਦਰਸ਼ਨਾਂ ਦੀ ਸਿੱਕ ਦਿਨੋ-ਦਿਨ ਵਧਦੀ, ਵੈਰਾਗ ਬਣ ਅੱਖਾਂ ਰਾਹੀਂ ਹੰਝੂਆਂ ਦੇ ਰੂਪ ਵਿੱਚ ਵਹਿੰਦੀ ਰਹਿੰਦੀ। ਭਾਈ ਸੁਜਾਨ ਰਾਇ ਦਿਨ ਰਾਤ:-

**ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥**

ਮ: ੫, ਅੰਗ: ੧੦੯੪

ਦੀ ਵੈਰਾਗੀ ਅਵਸਥਾ ਵਿੱਚ ਰਹਿੰਦੇ। ਧਿਆਨ ਲੀਨ ਹੋਣ ਸਮੇਂ ਇੱਕ ਚੰਦਨ ਦੀ ਚੌਂਕੀ ਉੱਪਰ ਸੁੰਦਰ ਗਲੀਚਾ ਵਿਛਾ ਸਾਹਮਣੇ ਰੱਖ ਲੈਂਦੇ ਤੇ ਸਤਿਗੁਰੂ ਕਲਗੀਧਰ ਜੀ ਨੂੰ ਸਨਮੁੱਖ ਪ੍ਰਤੀਤ ਕਰਦੇ।

ਭਰ ਸਰਦੀ ਦੀ ਅੱਧੀ ਰਾਤ ਗੁਰਦੇਵ ਕਲਗੀਧਰ ਜੀ ਘੋੜੇ ਤੇ ਸਵਾਰ ਹੋ ਅਨੰਦਪੁਰ ਸਾਹਿਬ ਤੋਂ ਧਿਆਨ ਵਿੱਚ ਲੀਨ ਭਾਈ ਸੁਜਾਨ ਰਾਇ ਦੀ ਝੌਂਪੜੀ ਅੱਗੇ ਆ ਪੁੱਜੇ। ਘੋੜਾ ਬਾਹਰ ਬੰਨ੍ਹ ਸਤਿਗੁਰੂ ਜੀ ਨੇ ਭਾਈ ਸੁਜਾਨ ਰਾਇ ਦੀ ਝੌਂਪੜੀ ਦਾ ਦਰਵਾਜਾ ਖੋਹਲਿਆ, ਪਰ ਸੁਜਾਨ ਰਾਇ ਗੁਰੂ ਧਿਆਨ ਮੂਰਤ ਵਿੱਚ ਮਗਨ ਸਮਾਧੀ ਲੀਨ ਸੀ। ਸਤਿਗੁਰੂ ਜੀ ਸਾਹਮਣੇ ਪਈ ਚੰਦਨ ਦੀ ਚੌਂਕੀ ਤੇ ਬਿਰਾਜ ਗਏ। ਥੋੜ੍ਹਾ ਸਮਾਂ ਬੀਤਣ ਤੋਂ ਪਿੱਛੋਂ ਸਤਿਗੁਰੂ ਜੀ ਨੇ ਸੁਜਾਨ ਰਾਇ ਦੇ ਅੰਦਰ ਜੋ ਗੁਰੂ ਮੂਰਤ ਬਣੀ ਹੋਈ ਸੀ, ਉਸ ਨੂੰ ਖਿੱਚ ਲਿਆ। ਸੁਜਾਨ ਰਾਇ

ਤ੍ਰਬਕਿਆ, ਅੱਖਾਂ ਖੁਲੀਆਂ, ਸਾਮਰਤੱਖ ਸਤਿਗੁਰਾਂ ਦੇ ਦਰਸ਼ਨ ਕਰ, ਗੁਰੂ ਚਰਨਾਂ ਨਾਲ ਲਿਪਟ ਗਿਆ। ਇੱਕ ਘੜੀ ਤੱਕ ਸਿੱਖ ਗੁਰੂ ਤੇ ਗੁਰੂ ਸਿੱਖ ਓਤ-ਪੋਤ ਰਹੇ। ਇੰਨੇਂ ਸਮੇਂ ਵਿੱਚ ਭਾਈ ਸੁਜਾਨ ਰਾਇ ਨੂੰ ਬਾਹਰੋਂ ਇੱਕ ਵਿਆਕੁਲ ਕੂਕ ਵਿੱਚ ਸੱਦ ਸੁਣਾਈ ਦਿੱਤੀ। ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ:-

**ਇੰਨੇ ਤਕ ਇਕ ਸਦ ਵਿਆਕੁਲ ਕੂਕ ਕਰੇਂਦੀ ਆਈ।**
**ਦਿਆਂ ਦੁਹਾਈ ਵੈਦ ਰਾਜ ਜੀ ਮੇਰੀ ਕਰੋ ਦੁਆਈ।**
**ਤ੍ਰਬਕੀ ਸੂਰਤ ਸਿੱਖ ਦੀ ਸੁਣਕੇ ਬ੍ਰਾਰਮੁਖੀ ਹੁਣ ਹੋਈ।**
**ਸਮਝ ਪਈ ਦਿਲ ਦੁਬਿਧਾ ਆਇਆ ਸੁਰਤੀ ਸੋਚ ਪਰੋਈ।**
**ਉਧਰ ਹੈ ਕੋਈ ਦੁਖੀਆ ਆਇਆ ਉਚੀ ਹੈ ਜੋ ਰੋਇਆ।**
**ਇਧਰ ਸਤਿਗੁਰ ਦਰਸ਼ਨ ਦਿੱਤੇ ਧਯਾਨ ਸਿਧ ਹੈ ਹੋਇਆ।**
**ਸਿੱਕ ਸਿੱਕਦਿਆਂ ਇਹ ਛਿੰਨ ਲੱਧੀ ਜਾਵਾਂ ਬੇਮੁਖਤਾਈ।**
**ਜੇ ਨਾ ਜਾਵਾਂ ਹੁਕਮ ਅਦੂਲੀ ਤਾਂ ਵੀ ਬੇਮੁਖਤਾਈ।**
**ਆਦਰ ਦਿਆਂ ਕਿ ਹੁਕਮ ਮਨਾਵਾਂ? ਪਹਿਲੋਂ ਹੁਕਮ ਮਨਾਵਾਂ।**
**ਫਿਰ ਆ ਚਰਨੀਂ ਪਿਯਾਰੇ ਰੋ ਰੋ ਭੁੱਲ ਬਖਸ਼ਾਵਾਂ।**

ਦੁਬਿਧਾ ਨੂੰ ਇੱਕ ਪਾਸੇ ਕਰਕੇ ਭਾਈ ਸੁਜਾਨ ਰਾਇ ਨੇ ਦੁਖੀ-ਦਰਦੀ ਦੇ ਨਾਲ ਜਾ ਕੇ ਹੁਕਮ ਮੰਨਣ ਦੀ ਕਾਰ ਨੂੰ ਪਹਿਲ ਦਿੱਤੀ ਤੇ ਸਤਿਗੁਰੂ ਜੀ ਨੂੰ ਸੀਸ ਨਿਵਾ ਕੇ ਅਛੋਪਲੇ ਦੁਖੀਏ ਲੋੜਵੰਦ ਨਾਲ ਤੁਰ ਗਿਆ। ਸਤਿਗੁਰੂ ਜੀ ਉਸੇ ਧਿਆਨ ਮਗਨ ਬਿਰਤੀ ਵਿੱਚ ਚੌਂਕੀ ਉੱਪਰ ਹੀ ਬਿਰਾਜੇ ਰਹੇ। ਭਾਈ ਸੁਜਾਨ ਰਾਇ ਨੇ ਰੋਗੀ ਦੀ [1]ਦਾਰੀ ਕਰ, ਦੁਖੀ ਨੂੰ ਸੁਖੀ ਕਰ, ਅਸੀਸਾਂ ਪ੍ਰਾਪਤ ਕਰ, ਮੁੜ ਸਤਿਗੁਰੂ ਜੀ ਦੇ ਚਰਨਾਂ ਵਿੱਚ ਆ ਕੇ ਰੋ ਰੋ ਕੇ ਮੁਆਫੀ ਮੰਗੀ, ਸਤਿਗੁਰੂ! ਸਿੱਕਾਂ ਸਿੱਕਦਿਆਂ ਵਰ੍ਹਿਆਂ ਬਾਅਦ ਆਪ ਦੇ ਦਰਸ਼ਨ ਹੋਏ, ਮੈਂ [2]ਗੁਸਤਾਖ਼ ਨੇ ਗੁਸਤਾਖ਼ੀ ਕੀਤੀ, ਆਪ ਜੀ ਨੂੰ ਛੱਡ ਕੇ ਬਾਹਰ ਚਲਾ ਗਿਆ। ਸਤਿਗੁਰੂ ਜੀ ਪ੍ਰਸੰਨਤਾ ਦੇ ਘਰ ਆਏ, ਸੁਜਾਨ ਰਾਇ ਨੂੰ ਘੁੱਟ ਛਾਤੀ ਨਾਲ ਲਾਇਆ ਤੇ ਬਚਨ ਕੀਤਾ ਸੁਜਾਨ ਰਾਇ! ਤੇਰੀ ਘਾਲ ਥਾਂਇ ਪਈ। ਤੂੰ ਦੁਖੀ ਲੋੜਵੰਦ ਨਾਲ ਨਹੀਂ ਗਿਆਂ, ਤੂੰ ਮੇਰੇ ਨਾਲ ਗਿਆਂ। ਤੂੰ ਬਿਮਾਰ ਦੀ ਦਾਰੀ ਨਹੀਂ ਕੀਤੀ ਤੂੰ ਮੇਰੀ ਦਾਰੀ ਕੀਤੀ ਹੈ। ਤੂੰ ਰੋਗੀ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਕੀਤੀ ਸਗੋਂ ਮੇਰੀ ਪ੍ਰਸੰਨਤਾ ਦਾ ਪਾਤਰ ਬਣਿਆ ਹੈਂ। ਹੁਣ ਤੈਨੂੰ ਮੇਰੇ ਸੰਪੂਰਣ ਰੂਪ ਦੇ ਦਰਸ਼ਨ ਨਸੀਬ ਹੋ ਗਏ ਹਨ। ਸਤਿਗੁਰੂ ਜੀ ਨੇ ਆਪਣਾ ਕੋਮਲ ਹੱਥ ਸੁਜਾਨ ਰਾਇ ਦੇ ਸਿਰ ਉੱਪਰ ਫੇਰਦਿਆਂ ਜੋ ਬਚਨ ਕੀਤਾ, ਉਸ ਸਮੇਂ ਨੂੰ ਭਾਈ ਵੀਰ ਸਿੰਘ ਜੀ ਨੇ ਹੇਠ ਲਿਖੀ ਕਵਿਤਾ ਵਿੱਚ

੧. ਵਿਦਾਰਨ ਕਰਨਾ (ਦੁਆ ਦੇ ਕੇ ਰਾਜ਼ੀ ਕਰਨਾ) ੨. ਬੇਅਦਬ

ਰੂਪਮਾਨ ਕੀਤਾ ਹੈ:-

**ਸਿਰ ਤੇ ਕੋਮਲ ਹਥ ਫੇਰਿਆ ਚੱਕ ਗਲੇ ਸਿੱਖ ਲਾਇਆ।**
**ਘਾਲ ਪਈ ਅੱਜ ਥਾਉਂ ਤੁਹਾਡੀ, ਇਹ ਵਰ ਮੁਖੋਂ ਅਲਾਇਆ।**
**ਬਚਨ ਕਮਾਵੈ ਜਿਹੜਾ ਕੋਈ, ਉਹ ਮੈਨੂੰ ਹੈ ਪਿਆਰਾ।**
**ਸਿੱਖ ਉਹੋ ਸਤਸੰਗੀ ਉਹੋ ਮੇਰਾ ਪੁੱਤ ਦੁਲਾਰਾ।**
**ਲੈ ਗਏ ਉਸ ਨੂੰ ਨਾਲ ਗੁਰੂ ਜੀ ਸੰਗਤ ਵਿੱਚ ਰਲਾਇਆ।**
**ਨਾਮ ਸੁਜਾਨ ਸਿੰਘ ਉਸ ਨੂੰ ਬਖਸ਼ਿਆ ਟੱਬਰ ਫੇਰ ਬੁਲਾਇਆ।**

ਭਾਈ ਵੀਰ ਸਿੰਘ ਜੀ

ਸਤਿਗੁਰੂ ਜੀ ਸੁਜਾਨ ਰਾਇ ਦੀ ਕੁਟੀਆ ਚੋਂ ਬਾਹਰ ਆਏ। ਸੰਗਤਾਂ ਨੇ ਬਾਹਰ ਦੀਵਾਨ ਸਜਾਇਆ ਹੋਇਆ ਸੀ। ਲੰਗਰ ਦੇ ਭੰਡਾਰੇ ਵਰਤ ਰਹੇ ਸਨ। ਸੰਗਤਾਂ ਨੇ ਸ੍ਰੀ ਗੁਰੂ ਜੀ ਲਈ ਜੋ ਸਿੰਘਾਸਣ ਤਿਆਰ ਕੀਤਾ ਸੀ, ਕਲਗੀਧਰ ਜੀ ਉਸ ਉੱਪਰ ਬਿਰਾਜਮਾਨ ਹੋਏ। ਸੰਗਤਾਂ ਦਰਸ਼ਨ ਕਰ ਨਿਹਾਲ ਹੋਈਆਂ। ਸਤਿਗੁਰੂ ਜੀ ਸੰਗਤ ਸਮੇਤ ਭਾਈ ਸੁਜਾਨ ਰਾਇ ਜੀ ਨੂੰ ਅਨੰਦਪੁਰ ਸਾਹਿਬ ਨਾਲ ਲੈ ਗਏ। ਸੁਜਾਨ ਰਾਇ ਦਾ ਪਰਿਵਾਰ ਲਾਹੌਰ ਤੋਂ ਮੰਗਵਾਇਆ। ਸਾਰਿਆਂ ਨੂੰ ਸਾਹਿਬਾਂ ਅੰਮ੍ਰਿਤ ਛਕਾ ਕੇ ਸਮੇਤ ਭਾਈ ਸੁਜਾਨ ਰਾਇ ਦੇ "**ਸਭੁ ਪਰਿਵਾਰੁ ਚੜਾਇਆ ਬੇੜੇ॥**" ਅਤੇ ਭਾਈ ਸੁਜਾਨ ਰਾਇ ਨੂੰ ਸੁਜਾਨ ਸਿੰਘ ਨਾਉਂ ਪ੍ਰਦਾਨ ਕਰ ਸਤਿਗੁਰੂ ਜੀ ਨੇ ਅਸੀਸਾਂ ਦਿੱਤੀਆਂ ਤੇ ਬਚਨ ਕੀਤਾ ਸੁਜਾਨ ਸਿੰਘ! ਤੂੰ ਗੁਰੂ ਬਚਨਾਂ ਤੇ ਗੁਰੂ ਦੀ ਬਾਣੀ ਦੀ ਕਮਾਈ ਕਰਕੇ ਬਾਬਾ ਸ਼ੇਖ ਫਰੀਦ ਜੀ ਤੇ ਬਾਬਾ ਕਬੀਰ ਜੀ ਦੇ ਬਚਨਾਂ ਨੂੰ ਸਫਲ ਕੀਤਾ ਹੈ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ ਕਿ ਪਰਮਾਤਮਾ ਦੇ ਰਹਿਣ ਦਾ ਨਿਵਾਸ ਅਸਥਾਨ ਸੰਸਾਰ ਹੈ ਤੇ ਸੰਸਾਰ ਪਰਮਾਤਮਾ ਦੇ ਵਿਰਾਟ ਰੂਪ ਵਿੱਚ ਸਮੋਇਆ ਹੋਇਆ ਹੈ। ਇਸ ਲਈ ਸਭ ਆਪਣੇ ਹਨ, ਕਿਸੇ ਨੂੰ ਬੁਰਾ ਨਾ ਕਹੋ ਤੇ ਨਾ ਕਿਸੇ ਦਾ ਬੁਰਾ ਕਰੋ। ਆਪ ਜੀ ਦਾ ਬਚਨ ਹੈ:-

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥**

ਸਲੋਕ ਫਰੀਦ ਜੀ, ਮ:੫, ਅੰਗ: ੧੩੮੧

ਅਤੇ:- **ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ**
**ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥**

ਪ੍ਰਭਾਤੀ ਕਬੀਰ ਜੀ, ਅੰਗ: ੧੩੫੦

ਸੁਜਾਨ ਸਿੰਘ! ਪੜ੍ਹਦੇ ਤਾਂ ਸਾਰੇ ਹਨ:-

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥**

ਸੋਰਠਿ ਮ: ੫, ਅੰਗ: ੬੧੧

ਪਰ ਗੁਰੂ ਬਚਨਾਂ ਦੀ ਕਮਾਈ ਕੋਈ ਤੇਰੇ ਵਰਗਾ ਵਿਰਲਾ ਹੀ ਕਰਦਾ ਹੈ। ਗੁਰੂ ਦੇ ਬਚਨ ਹੀ ਅਸਲੀ ਗੁਰੂ ਹਨ:-

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥**

ਕਾਨੜਾ ਮ: ੪, ਅੰਗ: ੧੩੦੯

ਸੁਜਾਨ ਸਿੰਘ! ਤੂੰ ਗੁਰੂ ਦੇ ਬਚਨਾਂ ਨੂੰ ਗੁਰੂ ਜਾਣ ਕੇ ਮੰਨਿਆ ਹੈ, ਤੂੰ ਪਾਰਗਰਾਮੀ ਹੋਇਆਂ।

ਸੋ ਸਤਿਗੁਰੂ ਜੀ ਨੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਅਜਿਹੇ ਹੁਕਮੀ ਬੰਦੇ ਪੈਦਾ ਕੀਤੇ ਤੇ ਉਨ੍ਹਾਂ ਪਾਸੋਂ ਗੁਰੂ ਕੇ ਬਚਨਾਂ ਦੀ ਕਮਾਈ ਕਰਵਾ ਕੇ ਸੰਸਾਰ ਲਈ ਪੂਰਨੇ ਵਾਹੇ। ਅਜਿਹੀ ਭਾਗਾਂ ਭਰੀ ਧਰਤੀ ਨੂੰ, ਜਿੱਥੇ ਸਤਿਗੁਰੂ ਜੀ ਅਤੇ ਸਤਿਗੁਰੂ ਜੀ ਦੇ ਹੁਕਮੀ ਬੰਦਿਆਂ ਦੇ ਚਰਨ ਪਏ, ਬਾਰੰ-ਬਾਰ ਨਮਸਕਾਰ ਹੈ।

ਆਉ ਆਪਾਂ ਵੀ ਭਾਈ ਸੁਜਾਨ ਸਿੰਘ ਜੀ ਵਰਗੇ ਹੁਕਮੀਂ ਗੁਰਸਿੱਖਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣਾ ਮਨੁੱਖਾ ਜੀਵਨ ਸਫਲ ਕਰਨ ਲਈ "**ਸਭ ਮਹਿ ਜੋਤਿ ਜੋਤਿ ਹੈ ਸੋਇ**" ਦਾ ਗੁਰੂ-ਹੁਕਮ, ਮਨ-ਬਚ-ਕਰਮ ਕਰਕੇ ਹਿਰਦੇ ਵਸਾ, ਉਸ ਉੱਪਰ ਅਮਲੀ ਰੂਪ ਨਾਲ ਪਹਿਰਾ ਦੇ ਕੇ ਖਲਕਤ ਦੀ ਟਹਿਲ ਵਿੱਚ ਤੱਤਪਰ ਹੋਈਏ ਤਾਂ ਜੋ ਸ੍ਰੀ ਅਨੰਦਪੁਰ ਸਾਹਿਬ ਦੀ ਮੁਬਾਰਕ ਧਰਤੀ ਵਰਗਾ "ਅਨੰਦ" ਸਮੁੱਚੇ ਵਿਸ਼ਵ ਪਸਾਰੇ ਵਿੱਚ ਪਸਰ ਸਕੇ ਅਤੇ ਅਸੀਂ ਵੀ ਗੁਰੂ ਅਸੀਸ ਨਾਲ ਅਨੰਦਤ ਹੋ ਜਾਈਏ।

# ੧੩
# ਬੂਡਤ ਜਾਤ ਪੂਰੇ ਗੁਰ ਕਾਢੇ ਦੀਆਂ ਬਖਸ਼ਿਸ਼ਾਂ ਕਰਨ ਵਾਲੀ ਧਰਤ ਅਨੰਦਪੁਰ ਦੀ

ਇੱਕ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਲਗੀਧਰ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਲਈ ਇੱਕ ਗੁਰੂ ਪ੍ਰੇਮੀ ਪਰਿਵਾਰ ਪਿਛਾਵਰ (ਪਾਕਿਸਤਾਨ) ਤੋਂ ਚੱਲ ਕੇ ਆਇਆ। ਪਰਿਵਾਰ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਮੱਥਾ ਟੇਕ ਆਸ਼ੀਰਵਾਦ ਪ੍ਰਾਪਤ ਕੀਤੀ। ਇਸ ਪਰਿਵਾਰ ਦਾ ਇੱਕ ਹੋਣਹਾਰ ਬੱਚਾ,ਜਿਸ ਦੀ ਵਰੇਸ ਅਜੇ ਛੋਟੀ ਸੀ, ਉਸ ਨੇ ਵੀ ਸਤਿਗੁਰਾਂ ਦੇ ਚਰਨਾਂ ਵਿੱਚ ਬੜੇ ਅਦਬ ਅਤੇ ਸਤਿਕਾਰ ਨਾਲ ਨਮਸਕਾਰ ਕੀਤੀ। ਸਤਿਗੁਰਾਂ ਉਸ ਨੂੰ ਆਪਣੇ ਕੋਲ ਸੱਦ ਲਿਆ ਅਤੇ ਬਚਨ ਕੀਤਾ, ਕਾਕਾ! ਤੇਰਾ ਨਾਉਂ ਕੀ ਹੈ? ਬੱਚੇ ਨੇ ਬੜੀ ਅਧੀਨਗੀ ਨਾਲ ਉੱਤਰ ਦਿੱਤਾ, ਪਾਤਸ਼ਾਹ! ਮੇਰਾ ਨਾਉਂ ਜੋਗਾ ਹੈ। ਸਤਿਗੁਰਾਂ ਮੁੜ ਉਸ ਨੂੰ ਪੁੱਛਿਆ, ਜੋਗਿਆ! ਤੂੰ ਕੀਹਦੇ ਜੋਗਾ ਹੈਂ? ਪੂਰਬਲੇ ਚੰਗੇ ਕਰਮਾਂ ਨੇ ਉਸ ਜੋਗੇ ਦੇ ਮੂੰਹ ਵਿੱਚੋਂ ਕਹਾ ਦਿੱਤਾ, ਪਾਤਸ਼ਾਹ! ਮੈਂ ਤੁਹਾਡੇ ਜੋਗਾ ਹਾਂ। ਸਤਿਗੁਰੂ ਜੀ ਮੁਸਕਰਾਏ, ਰਹਿਮਤ ਕਰ ਦਿੱਤੀ ਅਤੇ ਕਲਾਈ ਵਿੱਚ ਲੈ ਕੇ ਬਚਨ ਕੀਤਾ, "ਜੋਗਿਆ! ਜੇ ਤੂੰ ਗੁਰੂ ਜੋਗਾ ਤਾਂ ਅੱਜ ਤੋਂ ਗੁਰੂ ਤੇਰੇ ਜੋਗਾ।" ਪਰਿਵਾਰ ਸਤਿਗੁਰਾਂ ਦੇ ਦਰਸ਼ਨ ਕਰਕੇ ਵਾਪਸ ਪਿਛਾਵਰ ਚਲਾ ਗਿਆ। ਜੋਗੇ ਨੂੰ ਸਤਿਗੁਰਾਂ ਨੇ ਆਪਣੇ ਪਾਸ ਰੱਖ ਲਿਆ। ਸਮਾਂ ਬੀਤਦਾ ਗਿਆ, ਉਧਰ ਪਰਿਵਾਰ ਨੇ ਭਾਈ ਜੋਗੇ ਦੀ ਮੰਗਣੀ ਕਰ ਦਿੱਤੀ। ਇਧਰ ਜੋਗਾ ਅੰਮ੍ਰਿਤ ਛਕ ਕੇ ਜੋਗਾ ਸਿੰਘ ਬਣ, ਸੰਗਤ ਅਤੇ ਸਤਿਗੁਰਾਂ ਦੀ ਸੇਵਾ ਕਰਕੇ ਆਪਣੇ ਜੀਵਨ ਨੂੰ ਸਫਲ ਕਰਨ ਲੱਗ ਪਿਆ। ਪਰਿਵਾਰ ਨੇ ਜੋਗਾ ਸਿੰਘ ਦੇ ਅਨੰਦ ਕਾਰਜ ਦਾ ਦਿਨ ਨੀਯਤ ਕਰਕੇ, ਸਤਿਗੁਰਾਂ ਦੇ ਚਰਨਾਂ ਵਿੱਚ ਆ ਬੇਨਤੀ ਕੀਤੀ, ਦਾਤਾ ਜੀ! ਜੋਗਾ ਸਿੰਘ ਨੂੰ ਸਾਡੇ ਨਾਲ ਭੇਜ ਦਿਉ ਤਾਂ ਜੋ ਇਸ ਦਾ ਅਨੰਦ ਕਾਰਜ ਕਰ ਦੇਈਏ ਅਤੇ ਇਹ ਆਪਣਾ ਗ੍ਰਿਹਸਥੀ ਜੀਵਨ ਅਰੰਭ ਕਰ ਸਕੇ। ਸਤਿਗੁਰਾਂ ਨੇ ਪਰਿਵਾਰ ਦੀ ਬੇਨਤੀ ਮੰਨ ਕੇ ਜੋਗਾ ਸਿੰਘ ਨੂੰ ਪਰਿਵਾਰ ਦੇ ਨਾਲ ਜਾਣ ਦੀ ਆਗਿਆ ਦੇ ਦਿੱਤੀ। ਸਾਰਾ ਪਰਿਵਾਰ ਬੜੇ ਚਾਵਾਂ ਨਾਲ ਮੰਜ਼ਲਾਂ ਮਾਰਦਾ ਆਪਣੇ ਘਰ ਪੁੱਜਾ। ਨੀਯਤ ਕੀਤੇ ਦਿਨ ਉੱਤੇ ਜੋਗਾ ਸਿੰਘ ਦੇ ਅਨੰਦ ਕਾਰਜ ਦੀ ਤਿਆਰੀ ਹੋ ਗਈ। ਇਧਰ ਸਤਿਗੁਰੂ ਜੀ ਨੇ ਪੱਤ੍ਰਿਕਾ ਲਿਖ ਕੇ ਇੱਕ ਸਿੱਖ ਦੇ ਹੱਥ ਦੇ ਕੇ ਉਸ ਨੂੰ ਪਿਛਾਵਰ ਭੇਜ ਦਿੱਤਾ ਅਤੇ ਤਾਕੀਦ ਕੀਤੀ, ਕਿ ਇਹ ਚਿੱਠੀ ਭਾਈ ਜੋਗਾ ਸਿੰਘ ਨੂੰ ਉਸ ਵੇਲੇ

ਦੇ ਦੇਵੀਂ ਜਦੋਂ ਦੋ ਲਾਵਾਂ ਸੰਪੂਰਨ ਹੋ ਜਾਣ। ਜੋਗਾ ਸਿੰਘ ਦੀ ਬਰਾਤ ਚੜ੍ਹੀ, ਜਲ-ਪਾਣੀ ਛਕਣ ਉਪ੍ਰੰਤ ਅਨੰਦ ਕਾਰਜ ਦੀ ਰਸਮ ਅਰੰਭ ਹੋਈ। ਜਿਸ ਵੇਲੇ ਦੋ ਲਾਵਾਂ ਦੀ ਸੰਪੂਰਨਤਾ ਹੋਈ, ਸਤਿਗੁਰਾਂ ਦੇ ਭੇਜੇ ਹੋਏ ਸਿੱਖ ਨੇ ਭਾਈ ਜੋਗਾ ਸਿੰਘ ਅੱਗੇ ਪੱਤ੍ਰਿਕਾ ਲਿਆ ਰੱਖੀ ਅਤੇ ਕਿਹਾ ਕਿ ਇਹ ਪੱਤ੍ਰਿਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੇਰੇ ਜੋਗ ਭੇਜੀ ਹੈ। ਭਾਈ ਜੋਗਾ ਸਿੰਘ ਨੇ ਪੱਤ੍ਰਿਕਾ ਮੱਥੇ ਨੂੰ ਲਾਈ, ਨਮਸਕਾਰ ਕਰਕੇ ਖੋਲ੍ਹੀ ਅਤੇ ਪੜ੍ਹੀ। ਪੱਤ੍ਰਿਕਾ ਵਿੱਚ ਸਤਿਗੁਰੂ ਜੀ ਨੇ ਲਿਖਿਆ ਸੀ, ਜੋਗਾ ਸਿੰਘ! ਅਸੀਂ ਇਹ ਪੱਤ੍ਰਿਕਾ ਦੇ ਕੇ ਸਿੱਖ ਨੂੰ ਭੇਜ ਰਹੇ ਹਾਂ, ਜਦੋਂ ਤੂੰ ਇਹ ਪੱਤ੍ਰਿਕਾ ਪੜ੍ਹੇਂ, ਉਸ ਸਮੇਂ ਜਿਹੜਾ ਵੀ ਤੂੰ ਕਾਰਜ ਕਰਦਾ ਹੋਵੇਂ ਉਸ ਨੂੰ ਵਿੱਚੇ ਛੱਡ ਕੇ ਛੇਤੀ ਅਨੰਦਪੁਰ ਸਾਹਿਬ ਸਾਡੇ ਪਾਸ ਪਹੁੰਚ ਜਾਵੀਂ, ਤੇਰੇ ਉੱਪਰ ਗੁਰੂ ਦੀ ਖੁਸ਼ੀ ਹੋਵੇਗੀ। ਜੋਗਾ ਸਿੰਘ ਨੇ ਪੱਤ੍ਰਿਕਾ ਪੜ੍ਹੀ ਅਤੇ ਅਨੰਦ ਕਾਰਜ ਦਾ ਕੰਮ ਅਧੂਰਾ ਛੱਡ ਕੇ ਉਸੇ ਸਮੇਂ ਅਨੰਦਪੁਰ ਸਾਹਿਬ ਨੂੰ ਤੁਰ ਪਿਆ। ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਰੋਕਣ ਉੱਤੇ ਵੀ ਜੋਗਾ ਸਿੰਘ ਨੇ ਗੁਰੂ ਹੁਕਮ ਨੂੰ ਪਹਿਲ ਦਿੱਤੀ।

ਪਿਛਾਵਰ ਤੋਂ ਚੱਲ ਕੇ ਜੋਗਾ ਸਿੰਘ ਹੁਸ਼ਿਆਰਪੁਰ ਪੁੱਜ ਗਿਆ। ਅਗਲੇ ਦਿਨ ਗੁਰੂ ਚਰਨਾਂ ਵਿੱਚ ਹਾਜ਼ਰ ਹੋਣਾ ਹੈ, ਇਧਰ ਭਾਈ ਜੋਗਾ ਸਿੰਘ ਦੇ ਮਨ ਵਿੱਚ ਮਾਇਆ ਨੇ ਆਪਣਾ ਪ੍ਰਭਾਵ ਪਾਉਣਾ ਅਰੰਭ ਕਰ ਦਿੱਤਾ। ਜੋਗਾ ਸਿੰਘ ਅਰਾਮ ਕਰਨ ਤੋਂ ਪਹਿਲਾਂ ਬਜ਼ਾਰ ਵੱਲ ਟਹਿਲਣ ਵਾਸਤੇ ਤੁਰ ਪਿਆ, ਨਾਲ-ਨਾਲ ਮਨ ਵਿੱਚ ਵਿਚਾਰ ਕਰੇ ਕਿ ਸ਼ਾਇਦ ਹੀ ਮੇਰੇ ਵਰਗਾ ਕੋਈ ਗੁਰੂ ਹੁਕਮ ਨੂੰ ਮੰਨਣ ਵਾਲਾ ਸਿਦਕੀ ਸਿੱਖ ਹੋਵੇਗਾ। ਮੈਂ, ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਰੋਕਣ ਤੇ ਵੀ ਅਧੂਰੀਆਂ ਲਾਂਵਾਂ ਛੱਡ ਕੇ ਗੁਰੂ ਹੁਕਮ ਨੂੰ ਪਹਿਲ ਦਿੱਤੀ ਹੈ। ਭਾਈ ਜੋਗਾ ਸਿੰਘ ਅਜੇ ਇਨ੍ਹਾਂ ਵਿਚਾਰਾਂ ਵਿੱਚ ਹੀ ਉਲਝਿਆ ਹੋਇਆ ਸੀ ਕਿ ਸਾਹਮਣੇ ਚੁਬਾਰੇ ਦੀ ਬਾਰੀ ਵਿੱਚ ਇੱਕ ਖੂਬਸੂਰਤ ਔਰਤ ਹਾਰ-ਸ਼ਿੰਗਾਰ ਲਾ ਕੇ ਬੈਠੀ ਨਜ਼ਰੀਂ ਪਈ। ਉਸ ਔਰਤ ਦੀ ਖੂਬਸੂਰਤੀ ਵੇਖ ਕੇ ਜੋਗਾ ਸਿੰਘ ਦਾ ਮਨ ਭਰਮ ਗਿਆ। ਜੋਗਾ ਸਿੰਘ ਨੇ ਉਸ ਔਰਤ ਦੇ ਚੁਬਾਰੇ ਵੱਲ ਵੇਖਿਆ। ਸਤਿਗੁਰੂ ਜੀ ਨੇ ਜੋ ਆਪਣੇ ਸਿੱਖ ਨਾਲ ਕਿਸੇ ਸਮੇਂ ਬਚਨ ਕੀਤਾ ਸੀ, ਜੋਗਿਆ! ਜੇ ਤੂੰ ਗੁਰੂ ਜੋਗਾ ਤਾਂ ਅੱਜ ਤੋਂ ਗੁਰੂ ਤੇਰੇ ਜੋਗਾ। ਜਿਵੇਂ ਸਤਿਗੁਰੂ ਜੀ ਦਾ ਗੁਰਬਾਣੀ ਵਿੱਚ ਫੁਰਮਾਨ ਹੈ, ਜਿਹੜਾ ਸਿੱਖ ਇੱਕ ਵਾਰੀ ਗੁਰੂ ਵਾਲਾ ਬਣ ਕੇ ਗੁਰੂ ਨਾਲ ਬਚਨ-ਬੱਧਤਾ ਕਰ ਲੈਂਦਾ ਹੈ ਫਿਰ ਸਤਿਗੁਰੂ ਉਸ ਦੇ ਲੋਕ ਪ੍ਰਲੋਕ ਵਿੱਚ ਰੱਖਿਅਕ ਬਣ ਕੇ ਹਰ ਬੁਰੇ ਕਰਮ ਤੋਂ ਰੱਖਿਆ ਕਰ ਕੇ ਉਸ ਦੀ ਖੋਟੀ ਮੱਤ ਨੂੰ ਦੂਰ ਕਰ, ਉਸ ਗੁਰਸਿੱਖ ਦਾ ਹਲਤ-ਪਲਤ ਸਵਾਰ ਦਿੰਦੇ ਹਨ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਵਿੱਚ ਬਚਨ ਹੈ:-

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥

ਗਉੜੀ ਸੁਖਮਨੀ ਮ: ੫, ਅੰਗ: ੨੮੬

ਜਿਉਂ ਹੀ ਜੋਗਾ ਸਿੰਘ ਵੇਸਵਾ ਦੇ ਘਰ ਦੇ ਦਰਵਾਜੇ ਅੱਗੇ ਪੁੱਜਾ, ਉੱਥੇ ਉਸ ਨੂੰ ਚੋਬਦਾਰ ਪਹਿਰਾ ਦਿੰਦਾ ਦਿਖਾਈ ਦਿੱਤਾ। ਜੋਗਾ ਸਿੰਘ ਵਾਪਸ ਪਰਤ ਆਇਆ। ਮਾਇਆ ਦਾ ਪ੍ਰਭਾਵ ਜੋਗਾ ਸਿੰਘ ਦੀ ਬਿਰਤੀ ਉੱਪਰ ਅਜੇ ਵੀ ਹਾਵੀ ਸੀ। ਕੁਝ ਸਮਾਂ ਉਡੀਕ ਕਰਨ ਤੋਂ ਬਾਅਦ ਜੋਗਾ ਸਿੰਘ ਨੇ ਫਿਰ ਵੇਸਵਾ ਦੇ ਘਰ ਵਿੱਚ ਜਾਣ ਦਾ ਯਤਨ ਕੀਤਾ, ਅੱਗੋਂ ਚੋਬਦਾਰ ਨੇ ਝਾੜ ਪਾਈ, ਭਲਿਆ! ਵੇਖਣ ਨੂੰ ਤਾਂ ਤੂੰ ਕਲਗੀਧਰ ਦਾ ਸਿੱਖ ਜਾਪਦਾ ਹੈ ਪਰ ਮੁੜ-ਮੁੜ ਕੇ ਵੇਸਵਾ ਦੇ ਦੁਆਰੇ ਤੂੰ ਕੀ ਲੈਣ ਆਉਂਦਾ ਹੈਂ? ਤੈਨੂੰ ਆਪਣੇ ਗੁਰੂ ਅਤੇ ਧਾਰਨ ਕੀਤੇ ਸਿੱਖੀ ਬਾਣੇ ਦੀ ਸ਼ਰਮ ਨਹੀਂ ਆਉਂਦੀ ? ਚੋਬਦਾਰ ਦੇ ਝਾੜ ਪਾਉਣ ਤੇ ਜੋਗਾ ਸਿੰਘ ਦੀ ਮਤ ਤੋਂ ਮਾਇਆ ਦਾ ਪ੍ਰਭਾਵ ਦੂਰ ਹੋ ਗਿਆ ਅਤੇ ਵੇਸਵਾ ਦੁਆਰੇ ਜਾਣ ਦੇ ਫੁਰਨੇ ਉੱਪਰ ਮੁੜ-ਮੁੜ ਪਛਤਾਉਣ ਲੱਗਾ। ਰਾਤ ਪਛਤਾਵੇ ਵਿੱਚ ਬਤੀਤ ਹੋਈ, ਅਗਲੇ ਦਿਨ ਜੋਗਾ ਸਿੰਘ, ਕਲਗੀਧਰ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਸਤਿਗੁਰਾਂ ਨੂੰ ਨਮਸ਼ਕਾਰ ਕਰ ਕੇ ਜੋਗਾ ਸਿੰਘ ਸਾਹਿਬਾਂ ਦੇ ਨਜ਼ਦੀਕ ਬੈਠ ਗਿਆ। ਸਤਿਗੁਰੂ ਜੀ ਨੇ ਜੋਗਾ ਸਿੰਘ ਨੂੰ ਸੰਬੋਧਨ ਕਰ ਕੇ ਬਚਨ ਕੀਤਾ ਜੋਗਾ ਸਿੰਘ! ਤੂੰ ਤਾਂ ਗੁਰੂ ਦਾ ਬਚਨ ਮੰਨਣ ਵਾਲਾ ਸਿਦਕੀ ਸਿੱਖ ਆਪਣੇ ਆਪ ਨੂੰ ਜਣਾਉਂਦਾਂ ਸੀ ਪਰ ਸਾਰੀ ਰਾਤ ਸਾਡੇ ਪਾਸੋਂ ਵੇਸਵਾ ਦੇ ਘਰ ਮੂਹਰੇ ਪਹਿਰਾ ਦੁਆਉਂਦਾ ਰਿਹਾਂ, ਇਹ ਕੀ ਕੀਤਾ ਸੂ? ਅੰਤਰਯਾਮੀ ਸਤਿਗੁਰਾਂ ਦੇ ਬਚਨ ਸੁਣ ਕੇ ਜੋਗਾ ਸਿੰਘ ਗੁਰੂ ਚਰਨਾਂ ਉੱਪਰ ਢਹਿ ਪਿਆ ਅਤੇ ਮੁਆਫ਼ੀ ਮੰਗੀ ਕਿ ਹੇ ਦਾਤਾ! ਮੈਂ ਤਾਂ ਮਾਇਆ ਦੇ ਪ੍ਰਭਾਵ ਅਧੀਨ ਵਿਕਾਰਾਂ ਦੇ ਸਾਗਰ ਵਿੱਚ ਡੁੱਬਣ ਲੱਗਾ ਸੈਂ, ਪਰ ਤੁਸੀਂ ਆਪਣੇ ਬਿਰਦ ਦੇ ਸਦਕੇ "**ਬੂਡਤ ਜਾਤ ਪੂਰੇ ਗੁਰ ਕਾਢੇ**" ਦੀ ਲਾਜ ਪਾਲਕੇ ਮੇਰੇ ਲੋਕ-ਪ੍ਰਲੋਕ ਨਸ਼ਟ ਹੋਣ ਤੋਂ ਬਚਾ ਲਏ ਹਨ। ਤੁਸੀਂ ਮਿਹਰ ਨਾ ਕਰਦੇ, ਮੈਂ ਤਾਂ

ਮਾਇਆ ਦੇ ਪ੍ਰਭਾਵ ਅਧੀਨ:-

**ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥**
**ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥੧॥**

ਮ: ੫, ਅੰਗ: ੪੦੩

ਦੀ ਕਾਰ ਕਰ ਜਾਣੀ ਸੀ ਪਰ ਸਤਿਗੁਰੂ ਜੀ ਨੇ ਜੋ ਆਪਣੇ ਪਹਿਲੇ ਜਾਮੇਂ ਵਿੱਚ ਬਚਨ ਲਿਖਿਆ ਹੈ ਕਿ ਜਦੋਂ ਕੋਈ ਗੁਰੂ ਜੋਗਾ ਬਣ ਜਾਂਦਾ ਹੈ,ਫਿਰ ਗੁਰੂ ਉਸ ਨੂੰ ਡੁੱਬਣ ਨਹੀਂ ਦਿੰਦਾ, ਗੁਰੂ ਉਸ ਦੀ ਬਹੁੜੀ ਕਰ ਕੇ ਸਾਰ ਲੈਂਦਾ ਹੈ ਕਿ ਇਹ ਮੇਰਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ:-

**ਜੇ ਕੋ ਡੂਬੈ ਫਿਰਿ ਹੋਵੈ ਸਾਰ॥ ਨਾਨਕ ਸਾਚਾ ਸਰਬ ਦਾਤਾਰ॥੪॥**

ਮ: ੧, ਅੰਗ: ੬੬੨

ਪਰ ਗੁਰੂ ਉਸ ਦੀ ਬਹੁੜੀ ਕਰਦਾ ਹੈ ਜੋ ਗੁਰੂ ਦਾ ਬਣ ਜਾਂਦਾ ਹੈ।

ਅੱਜ ਆਪਾਂ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦੀ ਤਿੰਨ ਸੌ ਪੰਜਾਹਵੀਂ ਵਰ੍ਹੇਗੰਢ ਮਨਾ ਰਹੇ ਹਾਂ। ਜਿਸ ਥਾਂ ਤੋਂ ਕਲਗੀਧਰ ਜੀ ਨੇ ਆਪਣੇ ਸੂਖਮ ਸਰੀਰ ਰਾਹੀਂ ਭਾਈ ਜੋਗਾ ਸਿੰਘ ਦੀ ਬਹੁੜੀ ਕਰਕੇ ਨਰਕਾਂ ਦੀ ਅੱਗ ਵਿੱਚ ਪੈਣ ਤੋਂ ਰੱਖ ਲਿਆ ਸੀ। ਗੁਰੂ ਅੱਜ ਵੀ ਹਾਜ਼ਰ ਨਾਜ਼ਰ ਹੈ:-

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥**

ਆਸਾ ਮ: ੫, ਅੰਗ: ੩੯੪

ਕੇਵਲ ਸਾਡੀਆਂ ਅੱਖਾਂ ਹੀ ਉਸ ਨੂੰ ਨਹੀਂ ਵੇਖ ਰਹੀਆਂ ਕਿਉਂਕਿ ਸਾਡੇ ਨੇਤ੍ਰਾਂ ਵਿੱਚ ਮਾਇਆ ਦਾ ਗਾੜ੍ਹਾ ਜਾਲਾ ਆ ਚੁੱਕਾ ਹੈ। ਜਦੋਂ ਅਜਿਹੀ ਹਾਲਤ ਬਣ ਜਾਵੇ, ਫਿਰ ਤਾਂ ਜ਼ਰੂਰ ਹੀ ਕਿਸੇ ਦੇ ਬਣ ਜਾਣਾ ਚਾਹੀਦਾ ਹੈ। ਕਿਸੇ ਦੇ ਬਣਨ ਦੀ ਥਾਂ, ਅੱਜ ਆਪਾਂ ਜੋਗਾ ਸਿੰਘ ਵਾਂਗ ਗੁਰੂ ਜੋਗੇ ਬਣ ਜਾਈਏ। ਗੁਰੂ ਸਾਨੂੰ "ਗੁਰੂ ਜੋਗੇ" ਬਣਨ ਦੇ ਇਵਜ਼ਾਨੇ ਵਿੱਚ:-

**ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥**
**ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥**
**ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥**
**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥**

ਫਿਰ ਅਵਸਥਾ ਕੀ ਮਿਲੇਗੀ?

**ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥**
**ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥**

ਧਨਾਸਰੀ ਮ: ੫, ਅੰਗ: ੬੭੨

ਦੀ ਦਾਤ ਪ੍ਰਦਾਨ ਕਰ ਦੇਣਗੇ। ਫਿਰ ਈਤ-ਊਤ ਦੋਵੇਂ ਥਾਂ ਗੁਰੂ ਰੱਖੇਗਾ। ਸਤਿਗੁਰੂ ਬਹੁਤ ਕ੍ਰਿਪਾਲੂ ਹਨ, ਉਹ ਤਾਂ ਗੁਰਸਿੱਖ ਦੇ:-

**ਦੋਵੈ ਥਾਵ ਰਖੇ ਗੁਰ ਸੂਰੇ ॥**
**ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥**

ਬਿਲਾਵਲੁ ਮ: ੫, ਅੰਗ: ੮੨੫

ਦੀਆਂ ਬਖਸ਼ਿਸ਼ਾਂ ਕਰਦੇ ਹਨ, ਆਪਾਂ ਹੀ ਹਿਰਦੇ ਰੂਪੀ ਝੋਲੀ ਨੂੰ ਸੰਕੋਚਿਆ ਹੋਇਆ ਹੈ। ਮਾਇਆ ਦਾ ਪ੍ਰਭਾਵ ਹਿਰਦੇ ਰੂਪੀ ਝੋਲੀ ਨੂੰ ਗੁਰੂ ਅੱਗੇ ਵਿਛਣ ਨਹੀਂ ਦਿੰਦਾ। ਸੋ ਮਾਇਆ ਦੇ ਪ੍ਰਭਾਵ ਤੇ ਸੰਗ-ਸ਼ਰਮ ਨੂੰ ਛੱਡ ਕੇ ਗੁਰਸਿੱਖਾ ! ਗੁਰੂ ਅੱਗੇ ਪੁਕਾਰ ਕੇ ਕਹਿ ਦੇ:-

**ਸਤਿਗੁਰ ਆਇਓ ਸਰਣਿ ਤੁਹਾਰੀ ॥**
**ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥**
**ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥**
**ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥**
**ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥**
**ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥**

ਟੋਡੀ ਮ: ੫, ਅੰਗ: ੭੧੩

ਤੇ ਪੈ ਜਾਹ ਬਖਸ਼ਿੰਦ ਗੁਰੂ ਦੀ ਸ਼ਰਣ ਤੇ ਕਰ ਪੁਕਾਰ, ਦਾਤਾ !

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥**
**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥**
**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥**
**ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥**
**ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥**

ਦੇਵਗੰਧਾਰੀ ਮ: ੪, ਅੰਗ: ੫੨੮

ਜਿਥੇ ਅਨੰਦਪੁਰ ਦੀ ਧਰਤੀ ਨੂੰ ਸਿਜ਼ਦਾ ਕਰਨਾ ਹੈ ਉਥੇ ਗੁਰੂ ਦੇ ਅਸੂਲਾਂ ਅੱਗੇ ਆਪਾ ਅਰਪਣ ਕਰ ਕੇ, ਹੇ ਗੁਰਸਿੱਖ ! ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਕਰ ਲੈ। ਮਨੁੱਖਾ ਜਨਮ ਬਾਰ-ਬਾਰ ਪ੍ਰਾਪਤ ਨਹੀਂ ਹੋਣਾ। ਬਾਬਾ ਕਬਰਿ ਜੀ ਦਾ ਫੁਰਮਾਨ ਯਾਦ ਕਰ:-

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥੩੦॥**

ਸਲੋਕ ਕਬੀਰ ਜੀ, ਅੰਗ: ੧੩੬੬

ਅਤੇ ਕਰ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਚੋਂ ਉਚਾਰਨ ਕੀਤੇ ਬਚਨ ਨੂੰ ਯਾਦ ਤੇ ਕਰ ਪੜਚੋਲ ਆਪਣੇ ਆਪੇ ਦੀ:-

**ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ॥**[੧]

ਗਾਥਾ ਮ: ੫, ਅੰਗ: ੧੩੬੦

ਹੁਣ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਪੈ ਜਾਹ ਗੁਰੂ ਦੀ ਸ਼ਰਣ ਤੇ ਗੁਰੂ ਵਾਲਾ ਬਣ ਕੇ ਕਰ ਲੈ ਆਪਣਾ ਜਨਮ ਸਫਲ, ਨਹੀਂ ਤੇ ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ:-

**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥੪੧॥**

ਸਲੋਕ ਕਬੀਰ ਜੀ, ਅੰਗ: ੧੩੬੬

ਗੁਰੂ ਵਾਲੇ ਬਣੇ ਤੋਂ ਬਿਨਾਂ:-

**ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥**

ਮ:੫, ਅੰਗ: ੧੦੨੦

ਦੀ ਸਜਾ ਝੱਲਣੀ ਪਵੇਗੀ। ਜੇ ਇਸ ਜਨਮ ਵਿੱਚ ਗੁਰੂ ਜੋਗਾ ਨਾ ਹੋਇਉਂ,ਫਿਰ ਗੁਰੂ ਜੋਗਾ ਬਣਨ ਲਈ ਸਮੇਂ ਦੀ ਉਡੀਕ ਕਰਦਿਆਂ:-

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**

ਗਉੜੀ ਮ: ੫, ਅੰਗ: ੧੭੬

ਅਨੁਸਾਰ ਜੂਨਾਂ ਵਿੱਚ ਨਾ ਭਟਕਣਾ ਪੈ ਜਾਏ। ਇਸ ਲਈ ਇੰਨਾਂ ਚਿਰ ਉਡੀਕ ਕਰਨ ਦੀ ਥਾਂ ਪਰਮਾਤਮਾਂ ਵਲੋਂ ਮਿਲੇ ਮਨੁੱਖਾ ਜਨਮ ਦਾ ਲਾਹਾ ਲੈ:

**ਮਿਲੁ ਜਗਦੀਸ ਮਿਲਨ ਕੀ ਬਰੀਆ ॥**
**ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ ॥**

ਗਉੜੀ ਮ: ੫, ਅੰਗ: ੧੭੬

ਸੋ ਕਰ ਹਿੰਮਤ, ਡੱਕੋ-ਡੋਲੇ ਦੀ ਅਵਸਥਾ ਤੇ ਦੁਬਿਧਾ ਨੂੰ ਕਰ ਦੂਰ ਤੇ ਗੁਰੂ ਅੱਗੇ ਆਪਾ ਸਮਰਪਿਤ ਕਰ ਕੇ, ਕਰ ਪੁਕਾਰ, ਦਾਤਾ!

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥**
**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥**
**ਰਾਮ ਗੁਸਈਆ ਜੀਅ ਕੇ ਜੀਵਨਾ ॥**
**ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥**

---

੧. ਦਰਖਤ ਦੀ ਡਾਲੀ ਨਾਲੋਂ ਇੱਕ ਵਾਰੀ ਪੱਤਾ ਝੜ ਜਾਵੇ ਮੁੜ ਉਹ ਪੱਤਾ ਦਰੱਖਤ ਦੀ ਢਾਲੀ ਨਾਲ ਨਹੀਂ ਜੁੜਦਾ।

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥**
**ਚਰਣ ਨ ਛਾਡਉ ਸਰੀਰ ਕਲ ਜਾਈ ॥੨॥**

ਰਵਿਦਾਸ ਜੀ, ਅੰਗ: ੩੪੫

ਧੁਰ ਅੰਦਰੋਂ ਪੁਕਾਰੇਂਗਾ, ਗੁਰੂ ਜ਼ਰੂਰ ਬਹੁੜੀ ਕਰੇਗਾ। ਹੁਣ ਸਮਾਂ ਹੈ, ਸਮਾਂ ਵਿਹਾ ਗਿਆ, ਪਛਤਾਵੇ ਦਾ ਸੱਲ ਹਮੇਸ਼ਾ ਆਤਮਾਂ ਨੂੰ ਕੁੰਹਦਾ ਰਹੇਗਾ।

ਸੋ ਹੇ ਗੁਰੂ ਕੇ ਸਿੱਖ! ਸਰੀਰ 'ਚੋਂ ਪ੍ਰਾਣ ਪੰਖੇਰੂ ਹੋਣ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਪੁੱਜ ਕੇ ਪਾਵਨ ਧਰਤੀ ਦੀ ਧੂੜ ਮਸਤਕ ਤੇ ਲਾ ਅਤੇ ਸਿੱਖ ਤੋਂ ਸਿੰਘ ਬਣ ਕੇ ਕਲਗੀਧਰ ਜੀ ਦੀ ਪ੍ਰਸੰਨਤਾ ਪ੍ਰਾਪਤ ਕਰ ਕੇ, ਗੁਰੂ ਦਾ ਖਾਸ ਰੂਪ ਬਣ ਜਾਹ ਕਿਉਂਕਿ ਕਲਗੀਧਰ ਜੀ ਨੇ ਬਚਨ ਕੀਤੇ ਹਨ:-

**ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸੇ ਮੈ ਹੌ ਕਰਉ ਨਿਵਾਸ॥**

ਸ੍ਰੀ ਸਰਬ ਲੋਹ ਗ੍ਰੰਥ

ਕਿਤੇ ਅਵੇਸਲੇਪਨ ਵਿੱਚ ਗਾਫਲ ਹੋ ਕੇ ਅਮੋਲਕ ਸਮਾਂ ਐਂਵੇਂ ਨਾ ਗਵਾ ਦੇਵੀਂ। ਜਦੋਂ ਤੂੰ ਗੁਰੂ ਜੋਗਾ ਬਣ ਗਿਆਂ, ਤਦ ਸਤਿਗੁਰੂ ਜੀ ਆਪਣੇ ਬਿਰਦ ਦੀ ਲਾਜ ਰੱਖ ਕੇ "**ਭਵਜਲਿ ਡੂਬਤ ਸਤਿਗੁਰ ਕਾਢੈ**" ਦੀ ਬਖਸ਼ਿਸ਼ ਅਵੱਸ਼ ਕਰ ਦੇਣਗੇ।

# ੧੪
# ਜ਼ਰ, ਜ਼ੋਰੂ, ਜ਼ਮੀਨ ਤੋਂ ਅਛੋਹ ਧਰਤ ਅਨੰਦਪੁਰ ਦੀ

ਸੰਸਾਰ ਦੇ ਇਤਿਹਾਸ ਨੂੰ ਜਦੋਂ ਆਪਾਂ ਗਹੁ ਨਾਲ ਪੜ੍ਹਦੇ ਤੇ ਵੀਚਾਰਦੇ ਹਾਂ ਤਾਂ ਸਾਰੀਆਂ ਛੋਟੀਆਂ ਵੱਡੀਆਂ ਜੰਗਾਂ ਦਾ ਮੂਲ ਕਾਰਣ [1]ਜਰ, ਜੋਰੂ ਤੇ ਜ਼ਮੀਨ ਹੀ ਦ੍ਰਿਸ਼ਟੀ ਆਉਂਦਾ ਹੈ। ਦੁਆਪਰ ਵਿੱਚ ਬਹੁਤ ਵਡੀ ਜੰਗ ਹੋਈ, ਜਿਸ ਵਿੱਚ ਅਠਾਰਾਂ ਖੂਹਣੀਆਂ[2] ਫੌਜ ਲੜ ਕੇ ਨਸ਼ਟ ਹੋ ਗਈ। ਇਸ ਜੰਗ ਦਾ ਮੂਲ ਕਾਰਣ ਪੜਚੋਲਣ ਤੋਂ ਪਤਾ ਲਗਦਾ ਹੈ ਕਿ ਕਿਸੇ ਸਮੇਂ ਪੰਜਾਂ ਪਾਂਡਵਾਂ ਦੀ ਘਰ ਵਾਲੀ ਦਰੋਪਤੀ ਨੇ ਦੁਰਯੋਧਨ ਨੂੰ "ਅੰਧੇ ਕੇ ਅੰਧੇ" ਕਹਿ ਬੋਲੀ ਮਾਰੀ ਸੀ। ਉਨ੍ਹਾਂ ਬੁਰੇ ਬੋਲਾਂ ਦਾ ਸਦਕਾ ਹੀ ਦੁਰਯੋਧਨ ਨੇ ਦਰੋਪਤੀ ਨੂੰ ਭਰੀ ਸਭਾ ਵਿੱਚ ਨਗਨ ਕਰਨ ਦਾ ਯਤਨ ਕੀਤਾ ਪਰ ਪਰਮਾਤਮਾਂ ਨੇ:-

**ਕਪੜ ਕੋਟੁ ਉਸਾਰਿਓਨ ਥਕੇ ਦੂਤ ਨ ਪਾਰਿ ਵਸਾਂਦੀ॥**

ਭਾਈ ਗੁਰਦਾਸ ਜੀ ਵਾਰ ੧੦ ਪਉੜੀ

ਦੀ ਕਾਰ ਕਰਕੇ ਦਰੋਪਤੀ ਦੀ ਪੱਤ ਰੱਖ ਲਈ। ਦਰੋਪਤੀ ਦੇ ਕਹੇ ਹੋਏ ਬੋਲਾਂ ਦਾ ਬਦਲਾ ਲੈਣ ਲਈ ਕੌਰਵਾਂ ਨੇ ਪਾਂਡਵਾਂ ਨਾਲ ਜੰਗ ਕੀਤਾ। ਜਿਸ ਵਿੱਚ ਭਗਤ ਨਾਮਦੇਵ ਜੀ ਦੇ ਫੁਰਮਾਨ ਅਨੁਸਾਰ:-

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥**
**ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥੨॥**

ਧਨਾਸਰੀ ਭਗਤ ਨਾਮਦੇਵ ਜੀ, ਅੰਗ: ੬੯੩

ਦੀ ਦਸ਼ਾ ਵਰਤੀ, ਲੱਖਾਂ ਫੌਜਾਂ ਹਾਥੀ, ਘੋੜਿਆਂ, ਰੱਥਾਂ ਸਮੇਤ ਨਸ਼ਟ ਹੋ ਗਈਆਂ, ਇੱਕ ਇਸਤਰੀ ਦੇ ਬੋਲਾਂ ਪਿੱਛੇ।

ਜਦੋਂ ਅਸੀਂ ਇੱਕ ਹੋਰ ਵੱਡੀ ਜੰਗ ਵੱਲ ਧਿਆਨ ਮਾਰੀਏ, ਜੋ ਰਾਵਣ ਤੇ ਰਾਮਚੰਦਰ ਜੀ ਦੇ ਵਿਚਕਾਰ ਹੋਈ, ਜਿਸ ਵਿੱਚ ਵੀ ਹਜ਼ਾਰਾਂ ਨਹੀਂ ਲੱਖਾਂ ਲੋਕ ਮਾਰੇ ਗਏ। ਲੜਾਈ ਦਾ ਕਾਰਣ ਕੀ? ਦੋ ਇਸਤਰੀਆਂ। ਇੱਕ ਪਾਸੇ ਰਾਵਣ ਦੀ ਭੈਣ ਸਰੂਪ-ਨਖਾ, ਜਿਸ ਦਾ ਲਕਸ਼ਮਣ ਜੀ ਨੇ ਨੱਕ ਵੱਢ ਦਿੱਤਾ, ਉਸ ਦਾ ਬਦਲਾ

**1.**ਮਾਇਆ, ਇਸਤ੍ਰੀ, ਜਮੀਨ ਤੇ ਕਬਜ਼ਾ **2.**ਖਾਸ ਫੌਜ ਦੀ ਗਿਣਤੀ, ਜਿਸ ਵਿੱਚ 21,870 ਹਾਥੀ, 21,870 ਰੱਥ, 65,610 ਘੋੜੇ, 1,09,350 ਪਿਆਦਾ ਫੌਜ, ਕੁੱਲ ਗਿਣਤੀ 2,18,700 ਨੂੰ ਅਕਸ਼ੋਹਣੀ ਪੰਜਾਬੀ ਵਿੱਚ ਖੂਹਣੀ ਜਾਂ ਖੂਹਣਿ ਕਿਹਾ ਜਾਂਦਾ ਹੈ।

ਲੈਣ ਲਈ ਰਾਵਣ, ਰਾਮ ਚੰਦਰ ਜੀ ਦੇ ਘਰ ਵਾਲੀ ਸੀਤਾ ਨੂੰ ਚੁਰਾ ਕੇ ਆਪਣੇ ਦੇਸ਼ ਲੰਕਾ ਵਿੱਚ ਲੈ ਗਿਆ। ਸੀਤਾ ਨੂੰ ਰਿਹਾਅ ਕਰਨ ਵਾਸਤੇ ਸ੍ਰੀ ਰਾਮ ਚੰਦਰ ਜੀ ਨੇ ਫੌਜਾਂ ਇਕੱਠੀਆਂ ਕਰਕੇ ਲੰਕਾ ਤੇ ਚੜ੍ਹਾਈ ਕੀਤੀ, ਗਿਣਤੀ ਤੋਂ ਬਾਹਰ ਸੈਨਾ ਮਰ ਗਈ, ਲਕਸ਼ਮਣ ਮੂਰਸ਼ਤ ਹੋ ਗਿਆ, ਰਾਵਣ ਮਾਰਿਆ ਗਿਆ। ਏਡੀ ਵੱਡੀ ਲੜਾਈ ਦਾ ਕਾਰਣ ਕੀ ਸੀ? ਦੋ ਇਸਤ੍ਰੀਆਂ।

ਇਸ ਤੋਂ ਇਲਾਵਾ ਤੁਰਕਾਂ-ਮੁਗਲਾਂ-ਪਠਾਣਾਂ ਤੇ ਹੋਰ ਜਰਵਾਣਿਆਂ ਨੇ ਜਿੰਨੇ ਵੀ ਹਮਲੇ ਹਿੰਦੋਸਤਾਨ ਤੇ ਕੀਤੇ ਉਸ ਦਾ ਮੂਲ ਕਾਰਣ, ਧਨ-ਦੌਲਤ, ਸੋਨਾ-ਚਾਂਦੀ ਤੇ ਹੋਰ ਕੀਮਤੀ ਸਮਾਨ ਲੁੱਟਣਾ ਤੇ ਹਿੰਦੋਸਤਾਨ ਦੀ ਜ਼ਮੀਨ ਤੇ ਕਬਜ਼ਾ ਕਰਨਾ ਸੀ। ਉਨ੍ਹਾਂ ਹਿੰਦੋਸਤਾਨ ਦੀ ਦੌਲਤ ਨੂੰ ਲੁੱਟਿਆ ਹੀ ਨਹੀਂ ਸਗੋਂ ਜਰ, ਜਮੀਨ ਦੇ ਲਾਲਚ ਵਸ ਅਤੇ ਪਰਜਾ ਨਿਤਾਣੀ, ਸਾਹਸ-ਹੀਣ ਅਤੇ ਵੰਡੀਆਂ ਵਿੱਚ ਵੰਡੀ ਹੋਣ ਦੇ ਕਾਰਣ ਦਾ ਲਾਭ ਉਠਾ ਕੇ ਹਿੰਦੋਸਤਾਨ ਦੇ ਸਦਾ ਲਈ ਮਾਲਕ ਬਣ ਗਏ ਅਤੇ ਹਜ਼ਾਰਾਂ ਸਾਲ ਹਿੰਦੋਸਤਾਨ ਨੇ ਗੁਲਾਮੀ ਦਾ ਸੱਲ ਝੱਲਿਆ। ਇਸ ਗੁਲਾਮੀ ਦੀਆਂ ਜ਼ੰਜ਼ੀਰਾਂ ਦੇ ਦੁੱਖ ਤੋਂ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਆਪਣਾ ਸਰਬੰਸ ਤੇ ਪ੍ਰਵਾਰ ਨਾਲੋਂ ਪਿਆਰੇ ਸਿੱਖ ਵਾਰ ਕੇ ਹਿੰਦੋਸਤਾਨੀਆਂ ਨੂੰ ਅਜਾਦੀ ਦਾ ਸਾਹ ਦੁਆਇਆ।

ਸਤਿਗੁਰੂ ਕਲਗੀਧਰ ਜੀ ਨੇ ਆਪਣੇ ਜੀਵਨ ਕਾਲ ਵਿੱਚ ਚੌਦਾਂ ਜੰਗਾਂ ਲੜੀਆਂ। ਆਪ ਜੀ ਦਾ ਬਹੁਤਾ ਜੀਵਨ ਜੰਗੀ ਸੰਘਰਸ਼ ਵਿੱਚ ਹੀ ਬਤੀਤ ਹੋਇਆ। ਇਨ੍ਹਾਂ ਜੰਗਾਂ ਦਾ ਕਾਰਣ ਜਦੋਂ ਲਾਲਾ ਦੌਲਤ ਰਾਇ ਦੀ ਅੱਖ ਨਾਲ ਆਪਾਂ ਵੇਖਦੇ ਹਾਂ ਤਾਂ ਨਾਂ ਇਨ੍ਹਾਂ ਜੰਗਾਂ ਦਾ ਕਾਰਣ ਕੋਈ ਇਸਤ੍ਰੀ ਹੈ, ਨਾ ਮਾਇਆ ਹੈ ਅਤੇ ਨਾ ਹੀ ਕਿਸੇ ਦੀ ਜ਼ਮੀਨ ਤੇ ਸਤਿਗੁਰੂ ਜੀ ਨੇ ਕਬਜ਼ਾ ਕਰਨ ਦੀ ਲਾਲਸਾ ਲਈ ਲੜਾਈ ਲੜੀ ਹੈ। ਇਹ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਲਟੀ ਗੰਗਾ ਵਹਾ ਕੇ ਪਰਤੱਖ ਵਿਖਾ ਦਿੱਤੀ। ਚੌਦਾਂ ਜੰਗਾਂ ਜੋ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮਾਂ ਨਾਲ ਲੜੀਆਂ ਕੇਵਲ ਤੇ ਕੇਵਲ ਪਰ-ਹਿਤ ਲਈ ਅਤੇ ਹਿੰਦੋਸਤਾਨ ਦੀ ਲੁਕਾਈ ਦੇ ਗਲੇ ਵਿੱਚੋਂ ਗੁਲਾਮੀ ਦਾ ਜੂਲਾ ਲਾਹੁਣ ਵਾਸਤੇ, ਧਰਮ ਨੂੰ ਉਬਾਰਨ ਤੇ ਅਧਰਮ ਦਾ ਨਾਸ਼ ਕਰਨ ਹਿੱਤ ਲੜੀਆਂ। ਜਿਵੇਂ ਕਿ ਆਪ ਸਤਿਗੁਰੂ ਕਲਗੀਧਰ ਜੀ ਨੇ ਇਸ ਸੰਸਾਰ ਵਿੱਚ ਆਪਣੇ ਆਉਣ ਦਾ ਮਨੋਰਥ ਦਰਸਾਇਆ ਹੈ:-

**ਅਕਾਲ ਪੁਰਖ ਵਾਚ**

**ਮੈ ਅਪਨਾ ਸੁਤ[੧] ਤੁਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕਉ ਸਾਜਾ ॥**
**ਜਹਾ ਤਹਾ ਤੈ ਧਰਮੁ ਚਲਾਇ ॥ ਕਬੁਧਿ[੨] ਕਰਨ ਤੇ ਲੋਕ ਹਟਾਇ ॥੨੯॥.....**

੧. ਪੁੱਤਰ ੨. ਕੁਕਰਮਾਂ ਤੋਂ ਲੁਕਾਈ ਨੂੰ ਵਰਜਣਾ।

ਹਮ ਏਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝਿ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥
(ਬਚਿੱਤ੍ਰ ਨਾਟਕ)

ਸੰਸਾਰ ਵਿੱਚ ਕੋਈ ਐਸੀ ਜੰਗ ਨਹੀਂ, ਜਿਸ ਦਾ ਮਨੋਰਥ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਥੇ ਮਿਸ਼ਨ ਨਾਮ ਮੇਲ ਖਾਂਦਾ ਹੋਵੇ, ਨਹੀਂ ਤੇ ਸੰਸਾਰ ਦੀਆਂ ਸਭ ਜੰਗਾਂ, ਜ਼ਰ-ਜ਼ੋਰੂ-ਜ਼ਮੀਨ ਤੇ ਹੀ ਅਧਾਰਿਤ ਹਨ ਪਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਨ੍ਹਾਂ ਨੇ ਜੰਗਾਂ ਦਾ ਨਵਾਂ ਕਾਰਣ ਤੇ ਟੀਚਾ ਮਿੱਥ ਕੇ ਚੌਦਾਂ ਜੰਗਾਂ ਲੜੀਆਂ ਤੇ ਸਭਨਾਂ ਵਿੱਚ ਸਫਲਤਾ ਪ੍ਰਾਪਤ ਕਰ ਕੇ ਨਾ ਕਿਤੋਂ ਮਾਇਆ ਲੁੱਟ ਕੇ ਲਿਆਂਦੀ, ਨਾ ਕਿਸੇ ਦੀ ਜ਼ਮੀਨ ਤੇ ਕਬਜ਼ਾ ਕੀਤਾ, ਨਾ ਇਨ੍ਹਾਂ ਲੜਾਈਆਂ ਵਿੱਚ ਇਸਤ੍ਰੀ ਦੀ ਹੋਂਦ ਸ਼ਮੂਲੀਆਤ ਹੋਣ ਦਿੱਤੀ। ਨਿਰੋਲ ਨਿਮਾਣਿਆਂ, ਨਿਤਾਣਿਆਂ, ਲਿਤਾੜਿਆਂ ਤੇ ਸਮਾਜ ਵਲੋਂ ਦੁਰਕਾਰਿਆਂ ਦੇ ਹੱਕਾਂ ਦੀ ਰਾਖੀ ਤੇ ਸਭ ਨੂੰ ਸੁਤੰਤਰਤਾ ਦਾ ਜੀਵਨ ਪ੍ਰਦਾਨ ਕਰਨ ਲਈ ਸਤਿਗੁਰੂ ਜੀ ਨੇ ਇਹ ਸਾਰੀਆਂ ਜੰਗਾਂ ਲੜੀਆਂ। ਆਪ ਗੁਰਦੇਵ ਜੀ ਜੰਗਾਂ ਦੇ ਲਗ-ਲਬੇੜ ਤੋਂ [1]ਅਸੰਗ ਤੇ ਅਛੋਹ ਰਹੇ। ਸੰਸਾਰ ਦੀ ਕਿਸੇ ਵਸਤੂ ਨਾਲ ਨੇਹ ਨਹੀਂ ਲਾਇਆ। ਜੋ ਜ਼ਮੀਨ ਖ੍ਰੀਦ ਕੇ ਹੱਥੀਂ ਵਸਾਇਆ ਅਨੰਦਪੁਰ ਛਡਿਆ ਤਦ ਛੱਡਣ ਲਗਿਆਂ ਕੋਈ ਸਨੇਹ-ਪਿਆਰ ਨਹੀਂ ਜਤਲਾਇਆ ਤੇ ਸੰਸਾਰ ਵਿੱਚ ਇੱਕ ਮਿਸਾਲ ਪੈਦਾ ਕਰ ਦਿੱਤੀ। ਜਦ ਤੋਂ ਸੰਸਾਰ ਦਾ ਇਤਿਹਾਸ ਜਾਂ ਮਿਥਿਹਾਸ ਲਿਖਿਆ ਗਿਆ ਹੈ, ਕੋਈ ਅਜਿਹੀ ਮਿਸਾਲ ਨਦਰੀ ਨਹੀਂ ਪੈਂਦੀ ਜਿੱਥੇ ਅਜਿਹੀ ਜਦੋ ਜਹਿਦ ਤੇ ਜੰਗਾਂ ਪਰ-ਹਿੱਤ ਲਈ ਕਿਸੇ ਨੇ ਲੜੀਆਂ ਹੋਣ, ਹੁਣ ਦੇ ਸੁਆਰਥੀ ਸਮੇਂ ਵਿੱਚ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਆਉਣ ਵਾਲੇ ਸਮੇਂ ਅੰਦਰ ਵੀ ਕੋਈ ਸ਼ਾਇਦ ਅਜਿਹੇ ਪਰ-ਹਿਤ ਲਈ ਕੁਰਬਾਨੀ ਤੇ ਕਾਰਨਾਮੇ ਨਾ ਕਰ ਸਕੇ। ਇਹ ਸਾਰੀਆਂ ਪਰ-ਹਿਤ ਲਈ ਕੁਰਬਾਨੀਆਂ ਤੇ ਜੰਗਾਂ ਦੀ ਕਲਾ ਪਾਵਨ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਅਰੰਭ ਹੋਈ ਤੇ ਕਲਗੀਧਰ ਜੀ ਦੇ ਪੰਜ ਭੂਤਕ ਸਰੀਰ ਤੱਕ ਜਾਰੀ ਰੱਖੀ ਤੇ ਉਸੇ ਕੜੀ ਵਿੱਚ ਬੇਅੰਤ ਕੁਰਬਾਨੀਆਂ ਤੇ ਇੱਕ ਇੱਕ ਦਿਨ ਵਿੱਚ ਪੈਂਤੀ-ਪੈਂਤੀ ਹਜ਼ਾਰ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕਰ ਕੇ ਇੱਕ ਹਲੇਮੀ ਰਾਜ ਕਾਇਮ ਕਰ ਲਿਆ, ਜਿਸ ਦਾ ਵਾਰਸ ਮਹਾਰਾਜਾ ਰਣਜੀਤ ਸਿੰਘ ਬਣਿਆ, ਜਿਸ ਨੇ ਮੁਸਲਮਾਨਾਂ ਨੂੰ ਇਬਾਦਤ ਕਰਨ ਲਈ ਮਸੀਤਾਂ ਤੇ ਬ੍ਰਾਹਮਣਾਂ, ਪੰਡਤਾਂ ਨੂੰ

੧.ਨਿਰਲੇਪ

ਸ਼ਿਵਦੁਆਲੇ ਅਤੇ ਠਾਕੁਰ ਦੁਆਰੇ ਬਣਾ ਕੇ ਦਿੱਤੇ। ਆਪਣੀ ਹਕੂਮਤ ਵਿੱਚ, ਸਾਰਿਆਂ ਧਰਮਾਂ ਨੂੰ ਬਰਾਬਰਤਾ ਦਿੱਤੀ। ਇਸ ਚਾਲੀ ਸਾਲ ਦੇ ਹਲੇਮੀ ਰਾਜ ਵਿੱਚ ਇੱਕ ਵੀ ਮਨੁੱਖ ਨੂੰ ਫਾਂਸੀ ਨਹੀਂ ਦਿੱਤੀ ਗਈ। ਸਾਰੀ ਬਰਕਤ ਤੇ ਸੇਧ ਖ਼ਾਲਸੇ ਨੂੰ ਕਿੱਥੋਂ ਮਿਲੀ? ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ, ਜਿਸ ਦਾ ਜਿੰਨਾਂ ਸਤਿਕਾਰ ਤੇ ਮਾਣ ਕਰੀਏ, ਉਨਾਂ ਸਾਡਾ ਸਤਿਕਾਰ ਵਧੇਗਾ ਤੇ ਸਾਨੂੰ ਮਾਣ ਪ੍ਰਾਪਤ ਹੋਵੇਗਾ ਪਰ ਹੋਵੇਗਾ ਅਨੰਦਪੁਰੀ ਅਸੂਲਾਂ ਦੇ ਧਾਰਨੀਆਂ ਦਾ।(ਸੋ ਸਾਰੇ ਆਪਾਂ ਕਲਗੀਧਰ ਜੀ ਦੇ ਅਨੰਦਪੁਰੀ ਅਸੂਲਾਂ ਦੇ ਧਾਰਨੀ ਬਣੀਏ, ਤਦ ਹੀ ਇਹ ਸ਼ਤਾਬਦੀਆਂ ਮਨਾਉਣੀਆਂ ਸਫਲੀਆਂ ਸਮਝੀਆਂ ਜਾਣਗੀਆਂ।)

ਪਰ ਬਦਕਿਸਮਤੀ ਨਾਲ ਅੱਜ ਆਪਾਂ ਪਰ-ਹਿਤ ਲਈ ਜਾਂ "**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥**" ਦੇ ਮੰਤਵ ਦੀ ਪੂਰਤੀ ਲਈ ਜੰਗ ਕਰਨਾ ਤਾਂ ਇੱਕ ਪਾਸੇ ਰਿਹਾ, ਅੱਜ ਆਪਾਂ ਭਰਾ-ਮਾਰੂ ਜੰਗ ਦੇ ਸ਼ਿਕਾਰ ਹੋ ਗਏ ਹਾਂ। ਸਿੱਖ ਹੀ ਸਿੱਖ ਦਾ ਦੁਸ਼ਮਣ ਬਣ, ਇੱਕ ਦੂਸਰੇ ਦੀ ਲੱਤ ਖਿੱਚਣ ਤੇ ਬੇ-ਪਤੀ ਕਰਨ ਲਈ ਡਟਿਆ ਹੋਇਆ ਹੈ। ਅੱਜ ਲਾਲਚ ਅਧੀਨ ਅਸੀਂ ਸੁਆਰਥੀ ਬਣ ਕੇ ਸਭ ਕੁੱਝ ਆਪਣੇ ਕਬਜੇ ਵਿੱਚ ਕਰਨਾ ਚਾਹੁੰਦੇ ਹਾਂ। ਕਿੱਥੇ ਉਹ ਸਮਾਂ ਸੀ ਸਿੱਖਾਂ ਦੇ ਜੋੜਿਆਂ ਵਿੱਚ ਪਈ ਨਵਾਬੀ ਨੂੰ ਕੋਈ ਕਬੂਲਦਾ ਨਹੀਂ ਸੀ ਪਰ ਅੱਜ ਆਪਾਂ ਇੱਕ ਛੋਟੀ ਜਿਹੀ ਪਦਵੀ ਦੀ ਪ੍ਰਾਪਤੀ ਲਈ ਜੋ ਕੁੱਝ ਵੀ ਕਰਨਾ ਪਵੇ ਕਰਨ ਨੂੰ ਤਿਆਰ ਹੋ ਜਾਂਦੇ ਹਾਂ। ਭਰਾ ਦੀ ਬਲੀ ਦੇਣੀ ਪਵੇ ਦੇਣ ਨੂੰ ਤਿਆਰ ਹੋ ਜਾਂਦੇ ਹਾਂ। ਉਹ ਵੀ ਸਮਾਂ ਸੀ ਜਿਸ ਵੱਲ ਵੇਖ ਕੇ ਜਕਰੀਆ ਖਾਨ ਨੇ ਨਾਦਰ ਨੂੰ ਕਿਹਾ ਸੀ:-

**ਹੈ ਇਨ ਮੈ ਇਤਫਾਕ ਮਹਾਨ, ਸਿੰਘ ਸਿੰਘ ਪਰ ਵਾਰਤ ਪ੍ਰਾਨ॥**

ਕਿੱਥੇ ਉਹ ਸਮਾਂ ਤੇ ਕਿੱਥੇ ਅੱਜ ਦਾ ਸੁਆਰਥ? ਗਿਆਨੀ ਗਿਆਨ ਸਿੰਘ ਜੀ ਨੇ ਸਿੱਖ ਕੌਮ ਨੂੰ ਚੌਕਸ ਕਰਨ ਲਈ ਕਿਹਾ ਹੈ, "**ਜੇ ਸਿੱਖ, ਸਿੱਖ ਨੂੰ ਨਾ ਮਾਰੇ, ਸਿੱਖ ਕੌਮ ਕਦੇ ਵੀ ਨਾ ਹਾਰੇ।**" ਸੋ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਥਾਪਨਾ ਵਰ੍ਹੇਗੰਢ ਮਨਾਈ ਤਦ ਹੀ ਸਫਲ ਹੈ ਜੇ ਆਪਾਂ ਆਪਸੀ ਪਿਆਰ ਪ੍ਰੇਮ ਇਤਫ਼ਾਕ ਨੂੰ ਆਪਣੇ ਹਿਰਦੇ ਵਿੱਚ ਥਾਂ ਦੇਈਏ। ਭਰਾ-ਮਾਰੂ ਜੰਗ ਤੋਂ ਗੁਰੇਜ਼ ਕਰੀਏ। ਫਿਰ ਹੀ ਆਪਾਂ ਗੁਰਦੇਵ ਜੀ ਦੇ ਮਿਸ਼ਨ ਵਿੱਚ ਕਾਮਯਾਬ ਹੋ ਸਕਾਂਗੇ।

# ੧੫
# ਰੱਖਿਆਤਮਕ[1] ਯੁੱਧ ਕਲਾ ਦਾ ਨਮੂਨਾ ਧਰਤ ਅਨੰਦਪੁਰ ਦੀ

ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ ਉਹ ਪਾਵਨ ਧਰਤੀ ਹੈ, ਜਿਸ ਪਵਿੱਤ੍ਰ ਭੂਮੀ ਤੇ ਬੈਠ ਕੇ ਭਾਰਤ ਦੀ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਤੇ ਭਾਰਤੀਆਂ ਨੂੰ ਸੁਤੰਤਰਤਾ ਪ੍ਰਦਾਨ ਕਰਨ ਅਤੇ ਜਾਬਰਾਂ ਨਾਲ ਜੂਝਣ ਲਈ ਸਤਿਗੁਰੂ ਕਲਗੀਧਰ ਜੀ ਨੇ ਸੱਤ ਕਿਲ੍ਹਿਆਂ[2] ਦੀ ਉਸਾਰੀ ਆਪਣੀ ਦੇਖ ਰੇਖ ਹੇਠ ਕਰਵਾਈ ਤਾਂ ਜੋ ਇਸ ਸੁਤੰਤ੍ਰਤਾ ਦੇ ਉਲੀਕੇ ਜਾ ਰਹੇ ਪ੍ਰੋਗਰਾਮ ਵਿੱਚ ਕੋਈ ਵੀ ਜਰਵਾਣਾ, ਗੈਰਤਹੀਣ, ਜਣਾ-ਖਣਾ ਹਮਲਾ ਕਰ ਬਿਘਨਕਾਰੀ ਨਾ ਹੋਵੇ। ਜੇ ਉਹ ਅਜਿਹੀ ਜ਼ੁਰੱਅਤ ਕਰੇ ਵੀ ਤਾਂ ਉਸ ਨੂੰ ਮੋੜਵਾਂ ਉੱਤਰ ਦੇ ਕੇ ਲੋਹੇ ਦੇ ਚਣੇ ਚਬਾਏ ਜਾਣ, ਸੋ ਹੋਇਆ ਵੀ ਐਸਾ ਹੀ। ਪਹਾੜੀ ਰਾਜਿਆਂ ਨੇ ਭਾਵੇਂ ਤਿੰਨ ਵਾਰੀ ਅਨੰਦਪੁਰ ਸਾਹਿਬ ਤੇ ਹਮਲਾ ਕੀਤਾ ਪਰ ਹਰ ਵਾਰੀ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਬਿਸਾਲੀ, ਨਦੌਣ ਤੇ ਨਿਰਮੋਹੀ ਦੀ ਜੰਗ ਵਿੱਚ ਵੀ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਨੂੰ ਹਾਰ ਦਾ ਮੂੰਹ ਹੀ ਵੇਖਣਾ ਪਿਆ। ਇਹ ਅਨੰਦਪੁਰ ਦੀ ਉਹ ਅਣਖੀਲੀ ਧਰਤੀ ਹੈ, ਜਿਸ ਅਸਥਾਨ ਤੇ ਪਹਾੜੀ ਰਾਜਿਆਂ ਨੇ ਸ਼ਰਾਬ ਨਾਲ ਰੱਜਿਆ ਮਸਤ ਹਾਥੀ ਭੇਜ ਕੇ ਲੋਹਗੜ੍ਹ ਦੇ ਕਿਲ੍ਹੇ ਦਾ ਦਰਵਾਜਾ ਤੋੜਨ ਦੀ ਵਿਉਂਤ ਬਣਾਈ ਤੇ ਉੱਧਰ ਸਤਿਗੁਰੂ ਕਲਗੀਧਰ ਜੀ ਨੇ ਭਾਈ ਬਚਿੱਤਰ ਸਿੰਘ ਜੀ ਨੂੰ ਆਪਣੇ ਕਰ ਕਮਲਾਂ ਤੋਂ ਨਾਗਣੀ ਬਰਛਾ ਦੇ ਕੇ ਅਸੀਸ ਪ੍ਰਦਾਨ ਕਰ ਮਸਤ ਹਾਥੀ ਦਾ ਮੁਕਾਬਲਾ ਹੀ ਨਹੀਂ ਕਰਵਾਇਆ ਸਗੋਂ ਗੁਰੂ ਬਖਸ਼ਿਸ਼ ਕੀਤੀ ਸ਼ਕਤੀ ਨਾਲ ਭਾਈ ਬਚਿੱਤ੍ਰ ਸਿੰਘ ਜੀ ਨੇ ਮਸਤ ਹਾਥੀ ਦੇ ਮੱਥੇ ਉੱਪਰ ਨਾਗਨੀ ਬਰਛੇ ਦਾ ਅਜਿਹਾ ਤਾਕਤਵਰ ਵਾਰ ਕੀਤਾ ਕਿ ਲੋਹੇ ਦੇ ਮੋਟੇ ਤਵੇ ਜੋ ਉਸ ਹਾਥੀ ਦੇ ਸਿਰ ਦੀ ਰਖਵਾਲੀ ਲਈ ਬੰਨ੍ਹੇ ਹੋਏ ਸਨ, ਨੂੰ ਚੀਰਦਾ ਹੋਇਆ ਮਸਤ ਹਾਥੀ ਦੇ ਸਿਰ ਵਿੱਚ ਜਾ ਧਸਿਆ ਤੇ ਉਸ ਨੂੰ ਪਿੱਛੇ ਭੱਜਣ ਲਈ ਮਜ਼ਬੂਰ ਕਰ ਦਿੱਤਾ ਤੇ ਉਹ ਬੇ-ਗੈਰਤ ਹਿੰਦੂ ਪਹਾੜੀ ਰਾਜਿਆਂ ਦੀ ਫੌਜ ਦਾ ਹੀ ਜਾਨ ਲੇਵਾ ਬਣਿਆ।

ਸ੍ਰੀ ਅਨੰਦਪੁਰ ਸਾਹਿਬ ਜੀ ਦੀ ਇਹ ਉਹ ਪਾਵਨ ਧਰਤੀ ਹੈ, ਜਿਸ ਅਸਥਾਨ ਤੇ ਅਨੰਦਪੁਰ ਸਾਹਿਬ ਦੀ ਚੌਥੀ ਜੰਗ ਸਮੇਂ ਔਰੰਗਜ਼ੇਬ ਨੇ ਸਾਰੇ ਪਹਾੜੀ ਰਾਜਿਆਂ,

1. Defensive Army Architecture 2. ਨਿਰਮੋਹਗੜ੍ਹ, ਹੋਲਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ, ਕੇਸਗੜ੍ਹ, ਅਨੰਦਗੜ੍ਹ, ਤਾਰਾਗੜ੍ਹ।

ਸੂਬਾ ਸਰਹੰਦ ਤੇ ਆਪਣੀ ਫੌਜ ਨੂੰ ਫੁਰਮਾਨ ਜਾਰੀ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੰਦਾ ਪਕੜ ਕੇ ਜਾਂ ਉਨ੍ਹਾਂ ਦਾ ਸਿਰ ਵੱਢ ਕੇ ਪੇਸ਼ ਕੀਤਾ ਜਾਵੇ। ਇਸ ਹਮਲੇ ਵਿੱਚ ਗੁੱਜਰ ਤੇ ਰੰਗੜ ਵੀ ਲੋਭ-ਲਾਲਚ ਵੱਸ ਇਕੱਠੇ ਹੋ ਜਹਾਦ ਦੇ ਝੰਡੇ ਹੇਠ ਹਮਲਾਵਰਾਂ ਨਾਲ ਆ ਰਲੇ। ਅਨੰਦਗੜ ਸਾਹਿਬ ਦੇ ਕਿਲ੍ਹੇ ਨੂੰ ਸਰ ਕਰਨ ਲਈ ਦੁਸ਼ਮਣ ਫੌਜਾਂ ਇੱਕ ਤੋਂ ਬਾਅਦ ਦੂਸਰਾ ਹਮਲਾ ਕਰਦੀਆਂ ਸਨ ਪਰ ਸਿੰਘਾਂ ਦੇ ਤੀਰਾਂ-ਤੁਫੰਗਾਂ-ਗੋਲੀਆਂ ਦੀ ਤਾਬ ਨਾ ਝੱਲਦੇ ਮੁਗਲ ਤੇ ਪਹਾੜੀਏ ਪਿਛਾਹ ਮੁੜ ਜਾਂਦੇ। ਯਕੇ ਬਾਅਦ ਦੀਗਰੇ (ਇੱਕ ਤੋਂ ਪਿੱਛੋਂ ਦੂਸਰਾ) ਲਗਾਤਾਰ ਹਮਲੇ ਕਰਨ ਤੇ ਵੀ ਜਦੋਂ ਕਿਲ੍ਹਾ ਸਰ ਕਰਨ ਦੀ ਮੁਗਲ ਤੇ ਪਹਾੜੀਆਂ ਨੂੰ ਸਫਲਤਾ ਨਾ ਮਿਲੀ ਤਾਂ ਉਨ੍ਹਾਂ ਆਪਣੀਆਂ ਫੌਜਾਂ ਦਾ ਅਨੁਮਾਨ ਤੋਂ ਵੱਧ ਨੁਕਸਾਨ ਹੋਣ ਕਾਰਣ, ਅਨੰਦਪੁਰ ਸਾਹਿਬ ਦੀ ਘੇਰਾਬੰਦੀ ਕਰ ਲਈ। ਬਾਹਰੋਂ ਰਸਦ ਆਉਣੀ ਬੰਦ ਹੋ ਗਈ। ਜਿਸ ਸੂਏ ਰਾਹੀਂ ਅਨੰਦਪੁਰ ਸਾਹਿਬ ਪਾਣੀ ਪੁਜਦਾ ਸੀ, ਸੈਨਾ ਨੇ ਉਸ ਦਾ ਬਹਾਅ ਵੀ ਬਦਲ ਦਿੱਤਾ। ਪਾਣੀ ਤੇ ਰਸਦ ਦੀ ਅੱਤ ਤੰਗੀ ਮਹਿਸੂਸ ਹੋਣ ਲੱਗੀ ਪਰ ਫਿਰ ਵੀ ਸਿੰਘ ਚਾਰ ਚਾਰ ਦੇ ਜਥੇ ਬਣਾ ਦੁਸ਼ਮਣ ਦੀਆਂ ਫੌਜਾਂ ਨੂੰ ਚੀਰ ਕੇ ਬਾਹਰੋਂ ਥੋੜਾ ਬਹੁਤ ਰਸਦ ਪਾਣੀ ਲੈ ਆਉਂਦੇ। ਦਿਨ-ਬ-ਦਿਨ ਔਖਾ ਸਮਾਂ ਆਉਣ ਲੱਗਾ। ਪਰਸਾਦੀ ਹਾਥੀ ਵੀ ਚਾਰਾ ਨਾ ਮਿਲਣ ਕਾਰਣ ਤੜਫ-ਤੜਫ ਕੇ ਮਰ ਗਿਆ, ਘੋੜਿਆਂ ਵਿੱਚੋਂ ਵੀ ਭੁੱਖ-ਪਿਆਸ ਨੇ ਜਾਨ ਕੱਢ ਲਈ। ਸਿੰਘਾਂ ਨੇ ਇੱਕ ਇੱਕ ਮੁੱਠ ਛੋਲਿਆਂ ਤੇ ਗੁਜ਼ਾਰਾ ਕੀਤਾ, ਦਰੱਖਤਾਂ ਦੇ ਪੱਤੇ ਖਾ ਕੇ ਪੇਟ ਦੀ ਅੱਗ ਨੂੰ ਸ਼ਾਂਤ ਕੀਤਾ ਤੇ ਜ਼ਬਰ ਦੇ ਮੁਕਾਬਲੇ ਤੇ ਡਟੇ ਰਹੇ। ਅਜਿਹੀ ਔਖੀ ਹਾਲਤ ਵਿੱਚ ਵੀ ਮੁਗਲ ਤੇ ਪਹਾੜੀ ਸੈਨਾ ਕਿਲ੍ਹੇ ਨੂੰ ਸਰ ਨਾ ਕਰ ਸਕੀਆਂ। ਇੱਥੋ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿਲ੍ਹਿਆਂ ਦੀ ਮਜ਼ਬੂਤੀ ਤੇ ਸਤਿਗੁਰੂ ਜੀ ਦੀ ਯੁੱਧ ਨੀਤੀ ਦਾ। "ਮੌਤੋਂ ਭੁੱਖ ਬੁਰੀ" ਦੇ ਅਖਾਣ ਅਨੁਸਾਰ ਇਸ ਭੁੱਖ ਨੇ ਕੁਝ ਸਿੰਘਾਂ ਨੂੰ ਵੀ ਗੁਰੂ ਭਰੋਸੇ ਤੋਂ ਥਿੜਕਾ ਦਿੱਤਾ ਅਤੇ ਇਸ ਅਨੰਦਪੁਰ ਦੀ ਧਰਤੀ ਤੇ ਭਾਈ ਮਹਾਂ ਸਿੰਘ ਦੀ ਤਾਬੇਦਾਰੀ ਹੇਠ ਚਾਲੀ ਸਿੱਖਾਂ ਨੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਗਜ਼ ਉੱਪਰ ਇਹ ਅੱਖਰ ਲਿਖ ਕੇ ਵਿਦਾਇਗੀ ਲੈ ਲਈ ਕਿ "ਅੱਜ ਤੋਂ ਤੁਸੀਂ ਅਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ।" ਬਾਅਦ ਵਿੱਚ ਭਾਈ ਮਹਾਂ ਸਿੰਘ ਜੀ ਨੇ ਮਾਤਾ ਭਾਗ ਕੌਰ ਜੀ ਦੀ ਅਗਵਾਈ ਵਿੱਚ ਮੁਕਤਸਰ ਸਾਹਿਬ ਜੀ ਦੇ ਯੁੱਧ ਸਮੇਂ ਆਪਾ ਵਾਰ ਕੇ ਆਪਣੇ ਹੱਥੀਂ ਸਿਆਹੀ ਨਾਲ ਲਿਖੇ ਬੇਦਾਵੇ ਦੇ ਅੱਖਰਾਂ ਨੂੰ ਆਪਣੇ ਖ਼ੂਨ ਨਾਲ ਧੋ ਕੇ ਗੁਰੂ ਪ੍ਰਸੰਨਤਾ ਪ੍ਰਾਪਤ ਕਰ, ਮੁਕਤਿਆਂ ਦਾ ਖ਼ਿਤਾਬ ਪ੍ਰਾਪਤ ਕੀਤਾ ਅਤੇ ਸਦਾ ਲਈ ਅਮਰ ਹੋ ਗਏ।

ਇਹ ਅਨੰਦਪੁਰ ਸਾਹਿਬ ਦੀ ਉਹੋ ਧਰਤੀ ਹੈ ਜਿਸ ਅਸਥਾਨ ਤੇ ਮੁਗਲ ਜਰਵਾਣਿਆਂ ਤੇ ਪਹਾੜੀ ਹਿੰਦੂ ਰਾਜਿਆਂ ਨੇ ਔਰੰਗਜ਼ੇਬ ਦੀ ਕਰੋਪੀ ਤੋਂ ਬਚਣ ਅਤੇ ਆਪਣੀ ਹਾਰ ਦੀ ਨਮੋਸ਼ੀ ਨੂੰ ਛਪਾਉਣ ਲਈ ਆਪਣਾ ਧਰਮ ਵੀ ਦਾਅ ਤੇ ਲਾ ਦਿੱਤਾ,

ਦੋਵਾਂ ਧਰਮਾਂ ਵਾਲਿਆਂ ਨੇ ਆਪਣੇ ਧਰਮਾਂ ਨੂੰ ਦਾਗੀ ਕਰ, ਆਪਣੇ ਧਰਮਾਂ ਦੀਆਂ ਸੁਗੰਧਾਂ ਦੀ ਪ੍ਰਤੀਤ ਵੀ ਖੋਹ ਲਈ। ਜਦੋਂ ਮੁਗਲ ਫੌਜਾਂ ਤੇ ਪਹਾੜੀ ਰਾਜਿਆਂ ਨੇ ਵੇਖਿਆ ਕਿ ਅਸੀਂ ਲੱਖਾਂ ਦੀ ਗਿਣਤੀ ਵਿੱਚ ਸਤਿਗੁਰੂ ਜੀ ਦੇ ਹਜ਼ਾਰਾਂ ਸਿੰਘਾਂ ਨਾਲ ਲੜ ਕੇ ਵਾਰ ਵਾਰ ਹਮਲੇ ਕਰਕੇ, ਛੇ ਮਹੀਨੇ ਤੋਂ ਉੱਪਰ ਘੇਰਾਬੰਦੀ ਕਰਕੇ, ਨਾ ਤਾਂ ਸਤਿਗੁਰੂ ਜੀ ਦੇ ਹੌਸਲੇ ਨੂੰ ਡੁਲਾ ਸਕੇ ਹਾਂ ਤੇ ਨਾ ਹੀ ਅਸੀਂ ਭੁੱਖੇ ਸਿੰਘਾਂ ਦਾ ਟਾਕਰਾ ਕਰਕੇ ਉਨ੍ਹਾਂ ਤੇ ਜਿੱਤ ਪ੍ਰਾਪਤ ਕਰ ਸਕੇ ਹਾਂ। ਓਧਰ ਔਰੰਗਜ਼ੇਬ ਬਾਰ ਬਾਰ ਤਾੜਨਾ ਕਰ ਡਰਾਵੇ ਦੇ ਰਿਹਾ ਹੈ ਕਿ ਤੁਸੀਂ ਦੋਵੇਂ ਫੌਜਾਂ ਰਲ ਕੇ ਵੀ ਮੁੱਠੀ ਭਰ ਸਿੰਘਾਂ ਨੂੰ ਸਰ ਨਹੀਂ ਕਰ ਸਕੇ? ਲੋਕ ਲਾਹਣਤਾਂ ਵਾਧੂ ਵਿੱਚ ਝੱਲਣੀਆਂ ਪੈ ਰਹੀਆਂ ਹਨ। ਆਖਰ ਕੋਈ ਜਿੱਤ ਦੀ ਆਸ ਤੇ ਹੀਲਾ-ਵਸੀਲਾ ਸਫਲਾ ਹੁੰਦਾ ਨਾ ਵੇਖ ਕੇ ਦੋਵਾਂ ਧਰਮਾਂ ਦੇ ਧਾਰਨੀਆਂ ਨੇ ਮਨ ਵਿੱਚ ਬੇਈਮਾਨੀ ਧਾਰ, ਧਰਮ ਦਾ ਸਹਾਰਾ ਲਿਆ। ਹਿੰਦੂ ਪਹਾੜੀ ਰਾਜਿਆਂ ਨੇ ਦੋ [੧]ਕਾਸਦਾਂ (ਇੱਕ ਸਯਦ ਤੇ ਦੂਸਰਾ ਬ੍ਰਾਹਮਣ) ਨੂੰ ਸਤਿਗੁਰੂ ਜੀ ਪਾਸ ਬੇਨਤੀ ਕਰਨ ਭੇਜਿਆ। ਪਹਾੜੀ ਹਿੰਦੂ ਰਾਜਿਆਂ ਆਟੇ ਦੀ ਗਊ ਬਣਾ, ਥਾਲ ਵਿੱਚ ਗੀਤਾ ਤੇ ਜੰਞੂ ਰੱਖ, ਤੇ ਸਯਦ ਨੇ ਕੁਰਾਨ ਪੇਛ ਕਰ, ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, ਪਾਤਸ਼ਾਹ! ਤੁਸੀਂ ਇੱਕ ਵਾਰੀ ਕਿਲ੍ਹਾ ਛੱਡ ਜਾਵੋ, ਅਸੀਂ ਆਪਣੇ ਧਰਮ ਗ੍ਰੰਥਾਂ ਤੇ ਧਰਮ ਚਿੰਨ੍ਹਾਂ ਦੀ ਸੰਹੁ ਖਾ ਕੇ ਤੁਹਾਨੂੰ ਯਕੀਨ ਦੁਆਉਂਦੇ ਹਾਂ ਕਿ ਕਿਲ੍ਹਾ ਛੱਡਣ ਦੀ ਸੂਰਤ ਵਿੱਚ ਤੁਹਾਨੂੰ ਸਾਡੀਆਂ ਫੌਜਾਂ ਕੁਝ ਨਹੀਂ ਕਹਿਣਗੀਆਂ ਤੇ ਸਾਡੀ ਇੱਜਤ ਵੀ ਰਹਿ ਜਾਵੇਗੀ। ਜਾਣੀ-ਜਾਣ ਸਤਿਗੁਰੂ ਜੀ ਨੇ ਇਸ ਨੂੰ ਦਗਾ ਤੇ ਫਰੇਬੀ ਚਾਲ ਜਾਣ ਕੋਈ ਉੱਤਰ ਨਾ ਦਿੱਤਾ।

ਫਿਰ, ਪਹਾੜੀ ਰਾਜਿਆਂ, ਮਾਤਾ ਨਾਨਕੀ[੨] ਜੀ ਪਾਸ ਪੰਮੇ ਪ੍ਰੋਹਿਤ ਨੂੰ ਭੇਜਿਆ ਤੇ ਕਿਹਾ ਮਾਤਾ ਜੀ! "**ਹਮ ਗਊ ਵ ਬ੍ਰਾਹਮਣ ਵ ਜਨੇਊ ਦਰਮਿਆਨ ਦੇਤੇ ਹੈਂ ਆਪ ਸੇ ਦਗਾ ਨਾ ਕਰੇਂਗੇ**" (ਮਹਿਮਾ ਪ੍ਰਕਾਸ਼)

ਮਾਤਾ ਜੀ ਨੇ ਪੰਮੇ ਪ੍ਰੋਹਤ ਦੀ ਰਾਹੀਂ ਪਹਾੜੀ ਰਾਜਿਆਂ ਵਲੋਂ ਗਊ ਜਨੇਊ ਦੀ ਸ਼ਪਤ ਲੈਣ ਬਾਰੇ ਸਤਿਗੁਰੂ ਜੀ ਨੂੰ ਦੱਸਿਆ। ਅੱਗੋਂ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਬਚਨ ਕੀਤਾ। ਮਾਤਾ ਜੀ! "**ਗਊ ਕੋ ਛੋਡ ਦੇਹੁ, ਇਹ ਤੋ ਪਸ਼ੂ ਹੈ, ਇਹ ਨਾ ਕੱਛੁ ਬੋਲੇ ਨਾ ਕਹੇ, ਇਸ ਕੀ ਕਿਆ ਕਸਮ ਹੈ?**" (ਮਹਿਮਾ ਪ੍ਰਕਾਸ਼)

ਸਤਿਗੁਰੂ ਜੀ ਨੇ ਮੁਗਲਾਂ ਤੇ ਪਹਾੜੀਆਂ ਦੀ ਚਾਲ ਤੇ ਦਗਾ ਨੀਤੀ ਨੂੰ ਨੰਗਾ ਕਰਨ ਲਈ ਗੱਡਿਆਂ ਉੱਪਰ ਪਸ਼ੂਆਂ ਦੇ ਪਿੰਜਰ ਅਤੇ ਫਟੇ ਪੁਰਾਣੇ ਕੱਪੜੇ ਲੱਦ ਕੇ ਉੱਪਰ ਕੀਮਤੀ ਮਖਮਲੀ ਕੱਪੜੇ ਪਾ, ਕਿਲ੍ਹੇ ਤੋਂ ਬਾਹਰ ਭੇਜੇ। ਗੱਡੇ ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਫੌਜਾਂ ਨੇ ਗੁਰੂ ਕਾ ਖਜ਼ਾਨਾ ਜਾ

੧.ਹਲਕਾਰਾ-ਦੂਤ ੨. ਗੁਰੂ ਗੋਬਿੰਦ ਸਿੰਘ ਜੀ ਦੇ ਦਾਦੀ ਜੀ

ਰਿਹਾ ਜਾਣ, ਧਾਵਾ ਬੋਲ ਦਿੱਤਾ। ਜਦੋਂ ਗੱਡਿਆਂ ਤੋਂ ਦੁਸ਼ਾਲੇ ਲਾਹੇ ਤਾਂ ਪਾਟੇ ਕੱਪੜੇ ਤੇ ਪਿੰਜਰ ਵੇਖ ਬੜੇ ਸ਼ਰਮਿੰਦੇ ਹੋਏ ਤੇ ਇਸ ਨੀਚ ਕਰਮ ਕਰਨ ਲਈ ਦੂਤਾਂ ਰਾਹੀਂ ਸਤਿਗੁਰੂ ਜੀ ਪਾਸੋਂ ਮੁਆਫ਼ੀ ਮੰਗੀ। ਥੋੜ੍ਹੇ ਦਿਨਾਂ ਬਾਅਦ ਮੁਗਲ ਜਰਨੈਲਾਂ ਨੇ ਕਾਸਦ ਹੱਥ ਮੁੜ ਔਰੰਗਜ਼ੇਬ ਦੀ ਚਿੱਠੀ ਤੇ ਉਸ ਦੇ ਦਸਖ਼ਤ ਕੀਤੇ ਵਾਲਾ ਕੁਰਾਨ ਜ਼ਾਮਨੀ ਹਿੱਤ ਭੇਜਿਆ ਕਿ ਗੁਰੂ ਜੀ ਦੇ ਅਨੰਦਪੁਰ ਛੱਡ ਜਾਣ ਤੇ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਕਲਗੀਧਰ ਜੀ ਨੇ ਸਿੱਖਾਂ ਨੂੰ ਮੁਗਲਾਂ, ਪਹਾੜੀਆਂ ਦਾ ਧੋਖਾ ਤੇ ਚਾਲ ਦਰਸਾ ਕੇ ਬਚਨ ਕੀਤਾ, ਸਿੰਘੋ! ਜ਼ਰਵਾਣੇ ਤੇ ਗ਼ੁਲਾਮ ਬੰਦੇ ਦਾ ਕੋਈ ਧਰਮ ਨਹੀਂ ਹੁੰਦਾ। ਜ਼ਰਵਾਣਾ ਆਪਣੇ ਮੰਤਵ ਨੂੰ ਪੂਰਾ ਕਰਨ ਲਈ ਧਰਮ ਦੀ ਵੀ ਬਲੀ ਦੇਣ ਤੋਂ ਗੁਰੇਜ਼ ਨਹੀਂ ਕਰਦਾ ਤੇ ਗ਼ੁਲਾਮ ਬੰਦੇ ਦਾ ਧਰਮ ਹੁੰਦਾ ਹੀ ਕੋਈ ਨਹੀਂ ਕਿਉਂਕਿ ਗ਼ੁਲਾਮੀ ਕਾਰਣ ਉਸ ਦੀ ਜ਼ਮੀਰ ਮਰ ਚੁੱਕੀ ਹੁੰਦੀ ਹੈ। ਸਤਿਗੁਰਾਂ ਬਚਨ ਕੀਤਾ ਕਿ ਪਹਾੜੀ ਤੇ ਮੁਗ਼ਲ ਫੌਜਾਂ ਹੁਣ ਹੱਫ ਚੁਕੀਆਂ ਹਨ ਉਹ ਹੁਣ ਬਹੁਤਾ ਚਿਰ ਘੇਰਾ ਨਹੀਂ ਪਾ ਸਕਣਗੀਆਂ ਤੁਸੀਂ ਅਕਾਲ ਪੁਰਖ ਦੇ ਭਰੋਸੇ ਜਿੱਥੇ ਛੇ ਮਹੀਨੇ ਤਕਲੀਫਾਂ ਤੇ ਖੇਚਲਾਂ ਸਹਿਨ ਕੀਤੀਆਂ ਹਨ ਹੁਣ ਤੁਸੀਂ ਕੇਵਲ ਅੱਠ ਦਿਨ ਹੋਰ ਹੌਂਸਲਾ ਰੱਖੋ। ਘੇਰੇ, ਸੁਤੰਤਰਤਾ ਵਿੱਚ ਬਦਲ ਜਾਣਗੇ, ਭੁੱਖ ਦੀ ਥਾਂ ਮਨ ਭਾਉਂਦੇ ਭੋਜਨ ਖਾਉਗੇ।

**ਕੇਤਕ ਦਿਨ ਤੁਮ ਔਰ ਬਿਤਾਵੋ॥**
**ਫਿਰ ਮਨ ਇਛੇ ਭੋਜਨ ਖਾਵੋ॥੫੨॥** (ਗੁਰ ਸੋਭਾ)

ਜੇ ਤੁਸੀਂ ਇਨਾਂ ਮਕਾਰਾਂ ਦੀਆਂ ਕਸਮਾਂ ਤੇ ਵਾਅਦਿਆਂ ਉੱਪਰ ਯਕੀਨ ਕਰਕੇ ਅਨੰਦਪੁਰ ਛੱਡ ਦਿੱਤਾ ਤਾਂ ਬੇਅੰਤ ਸ਼ਹੀਦੀਆਂ ਹੋਣਗੀਆਂ, ਨੁਕਸਾਨ ਬਹੁਤ ਝੱਲਣਾ ਪਵੇਗਾ, ਜਿਸ ਦੇ ਜ਼ਿੰਮੇਵਾਰ ਤੁਸੀਂ ਹੋਵੋਗੇ। ਗੁਰ ਸੋਭਾ ਦੇ ਕਰਤਾ ਅਨੁਸਾਰ ਸਤਿਗੁਰੂ ਜੀ ਨੇ, ਨੁਕਸਾਨ ਤੇ ਸ਼ਹੀਦੀਆਂ ਦੀ ਜ਼ਿੰਮੇਵਾਰੀ ਅਨੰਦਪੁਰ ਸਾਹਿਬ ਦੇ ਲੋਕਾਂ ਤੇ ਸਿੱਖਾਂ ਤੇ ਛੱਡ ਦਿੱਤੀ ਤੇ ਬਚਨ ਕੀਤਾ:-

**ਸਤਿਗੁਰ ਕਹੀ ਸੁਨੋ, ਬਿਧਿ ਸਾਈ॥**
**ਬੁਰਾ ਹੋਤ ਤੁਮਰੇ ਸਿਰ ਭਾਈ॥**
**ਯਉ ਸਬ ਤੇ ਤਉਹਦ[੧] ਲਿਖਵਾਏ॥**
**ਹੋਹੁ ਤਿਯਾਰ ਤਬੈ ਫੁਰਮਾਏ॥੬੨॥੪੬੬॥**

ਸਤਿਗੁਰੂ ਜੀ ਨੇ ਮੁੜ ਸਮਝਾਇਆ, ਬਹੁਤਾ ਨਹੀਂ ਤੇ ਅੱਠ ਪਹਿਰ ਹੀ ਜਿਗਰਾ ਕਰੋ ਪਰ ਮਾਇਆ ਤੇ ਭੁੱਖ ਦੇ ਪ੍ਰਭਾਵ ਅਧੀਨ ਮੁੜ ਸਿੱਖਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, ਸਤਿਗੁਰੂ!

**ਸਬ ਸਿਖਨ ਐਸੇ ਕਹਯੋ ਬੁਰਾ ਹੋਤ ਨਹੀ ਕੋਇ॥**

੧.ਇਕਰਾਰ ਨਾਮਾ

**ਛਾਡਿ ਚਲੋ ਅਨੰਦਗੜ੍ਹ ਭਲੀ ਬਾਤ ਹੈ ਸੋਇ॥੬੧॥** (ਗੁਰ ਸੋਭਾ)

ਸਤਿਗੁਰੂ ਜੀ ਨੇ ਮਾਤਾ ਜੀ, ਪਰਜਾ ਤੇ ਸਿੰਘਾਂ ਦੀ ਇੱਕ ਰਾਇ ਦੇਖ ੧੩ ਦਸੰਬਰ ੧੭੦੪ ਈ: ਨੂੰ ਸ਼ਾਮ ਦੇ ਸਮੇਂ ਅਨੰਦਪੁਰ ਸਾਹਿਬ ਤੋਂ ਵਿਦਾਇਗੀ ਲਈ। ਸਤਿਗੁਰੂ ਜੀ ਦਾ ਬਚਨ ਇੱਕ-ਇੱਕ ਅੱਖਰ ਸੱਚ ਹੋਇਆ। ਹਿੰਦੂ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਫੌਜਾਂ ਨੇ ਆਪਣੇ ਕੀਤੇ ਕੌਲ ਕਰਾਰ, ਧਰਮ ਗ੍ਰੰਥਾਂ ਅਤੇ ਧਰਮ ਚਿੰਨ੍ਹਾਂ ਦੀ ਜਾਮਨੀ ਛਿੱਕੇ ਤੇ ਟੰਗ, ਸਤਿਗੁਰੂ ਜੀ ਤੇ ਸਿੰਘਾਂ ਉੱਪਰ ਹੱਲਾ ਬੋਲ ਦਿੱਤਾ, ਘਮਸਾਨ ਦਾ ਜੰਗ ਹੋਇਆ। ਸਰਸਾ ਨਦੀ ਦੇ ਕੰਢੇ ਤੇ ਬੇਅੰਤ ਸ਼ਹੀਦੀਆਂ ਹੋਈਆਂ। ਮਾਤਾ ਗੁਜਰੀ ਜੀ, ਦੋਵੇਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਸੁੰਦਰੀ ਜੀ ਵਿੱਛੜ ਗਏ। ਸਤਿਗੁਰੂ ਜੀ ਦੇ ਪ੍ਰਾਣਾਂ ਤੋਂ ਪਿਆਰੇ ਯੋਧੇ ਸ਼ਹੀਦੀਆਂ ਪਾ ਗਏ। ਕੁਝ ਸਿੰਘ ਸਰਸਾ ਦੀ ਭੇਟ ਹੋ ਗਏ। ਸਤਿਗੁਰੂ ਜੀ, ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ, ਚਾਲੀ ਹੋਰ ਸਿੰਘਾਂ ਸਮੇਤ ਬੇਅੰਤ ਮੁਸ਼ਕਲਾਂ ਝਾਗਦੇ ਚਮਕੌਰ ਦੀ ਗੜ੍ਹੀ ਵਿੱਚ ਪੁੱਜੇ। ਵਿਦਿਆ ਸਰ (ਵਿਦਿਆ ਧਰ) ਗ੍ਰੰਥ, ਜਿਸਦਾ ਨੌ ਮਣ ਵਜਨ ਸੀ ਤੇ ਹੋਰ ਕੀਮਤੀ ਗ੍ਰੰਥ ਜੋ ਸਤਿਗੁਰੂ ਜੀ ਨੇ ਲੱਖਾਂ ਰੁਪਏ ਤੇ ਕੀਮਤੀ ਤੋਹਫ਼ੇ ਵਿਦਵਾਨਾਂ ਨੂੰ ਦੇ ਕੇ ਲਿਖਵਾਏ ਸਨ, ਸਭ ਸਰਸਾ ਦੀ ਭੇਟ ਹੋ ਗਏ। ਇਹ ਉਹ ਹੀ ਅਨੰਦਪੁਰ ਦੀ ਧਰਤੀ ਹੈ। ਜਿਸ ਦਾ ਇੱਕ ਇੱਕ ਜ਼ਰਾ ਸ਼ਹੀਦਾਂ ਦੇ ਖ਼ੂਨ ਨਾਲ ਤੇ ਕਲਗੀਧਰ ਜੀ ਦੇ ਚਰਨਾਂ ਦੀ ਛੋਹ ਨਾਲ ਪਵਿੱਤ੍ਰ ਹੋਇਆ ਪਿਆ ਹੈ।

ਆਓ ਕਲਗੀਧਰ ਪਿਤਾ ਜੀ ਦੀ ਮੁਬਾਰਕ ਚਰਨ ਰਜ ਨਾਲ ਵਡਭਾਗੀ ਹੋਈ ਇਸ ਧਰਤ ਅਨੰਦਪੁਰ ਦੀ ਧੂੜੀ ਮੱਥੇ ਲਾਉਂਦਿਆਂ ਹੋਇਆਂ ਗੁਰਦੇਵ ਜੀ ਅਤੇ ਉਹਨਾਂ ਤੋਂ ਆਪਾ ਘੋਲ ਘੁਮਾ "**ਸਫਲ ਦੇਹ ਧੰਨ ਓਇ ਜਨਮੇ ਪ੍ਰਭ ਕੈ ਸੰਗਿ ਰਲੇ**" ਦੀ ਕਾਰ ਕਰਦਿਆਂ "ਸ਼ਹੀਦ" ਪਦਵੀ ਨੂੰ ਪ੍ਰਾਪਤ ਕਰ ਗਏ ਗੁਰੂ ਪਿਆਰਿਆਂ ਲਈ ਆਪਣਾ ਰੋਮ-ਰੋਮ ਸ਼ੁਕਰਾਨੇ ਵਿੱਚ ਲੈ ਜਾਈਏ ਅਤੇ ਐਸੇ ਪਿਆਰੇ ਸਤਿਗੁਰੂ ਜੀ ਨੂੰ ਨਤਮਸਤਕ ਹੋਈਏ:-

**ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ**
**ਜਿਤੁ ਮਿਲਿ ਹਰਿ ਪੜਦਾ ਕਜਿਆ॥** ਮ:੪, ਅੰਗ:੧੩੧੬

ਹੇ ਦਾਤਾ! **ਤੁਮਰੇ ਗੁਨ ਅਗਮ ਅਗੋਚਰ ਏਕ ਜੀਹ ਕਿਆ ਕਥੈ ਬਿਚਾਰੀ॥**

ਮ:੪, ਅੰਗ:੧੨੯੬

੧.ਇਕਰਾਰਨਾਮਾ ਅਹਿਦਨਾਮਾ

# ੧੬
# ਵਿਚਾਰੀ ਹੋਲੀ ਨੂੰ ਹੋਲੇ ਮਹੱਲੇ ਦਾ ਰੂਪ ਦੇਣ ਵਾਲੀ ਧਰਤ ਅਨੰਦਪੁਰ ਦੀ

ਭਾਰਤ ਵਿੱਚ ਹੋਲੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਕਈਆਂ ਸੂਬਿਆਂ ਵਿੱਚ ਤਾਂ ਹੋਲੀ ਦਾ ਇਹ ਤਿਉਹਾਰ ਲਗਾਤਾਰ ਮਹੀਨਾ-ਮਹੀਨਾ ਮਨਾਇਆ ਜਾਂਦਾ ਹੈ। ਇਤਿਹਾਸ ਅਤੇ ਮਿਥਿਹਾਸ ਅਨੁਸਾਰ ਹੋਲੀ ਦੇ ਕਈ ਪਿਛੋਕੜ ਦਰਸਾਏ ਜਾਂਦੇ ਹਨ। ਪਿਛੋਕੜ ਭਾਵੇਂ ਕੋਈ ਹੋਵੇ ਪਰ ਇਹ ਤਿਉਹਾਰ ਬਿਨਾਂ ਵਿਤਕਰੇ, ਬਿਨਾਂ ਜਾਤ-ਪਾਤ ਦੇ ਸਾਰੇ ਲੋਕ ਮਨਾਉਂਦੇ ਹਨ। ਹੋਲੀ ਦਾ ਤਿਉਹਾਰ ਮਨਾਉਣ ਦੇ ਹਰ ਸੂਬੇ ਤੇ ਹਰ ਕੌਮ ਦੇ ਵੱਖੋ-ਵੱਖਰੇ* ਢੰਗ-ਤਰੀਕੇ ਹਨ। ਕੋਈ ਹੋਲੀ ਦੀ ਪੂਜਾ ਕਰਦਾ ਹੈ। ਕੋਈ ਹੋਲੀ ਦਾ ਪੁਤਲਾ ਸਾੜਦਾ ਤੇ ਖੁਸ਼ੀ ਮਨਾਉਂਦਾ ਹੈ। ਭਾਵੇਂ ਹੋਲੀ ਪੁਤਲਾ ਸਾੜ ਕੇ ਜਾਂ ਪੂਜਾ ਕਰਕੇ ਮਨਾਈ ਜਾਂਦੀ ਹੋਵੇ ਪਰ ਇਸ ਸਭ ਕੁਝ ਦੇ ਨਾਲ ਲੋਕ ਆਪਣੀ ਖੁਸ਼ੀ ਦਾ ਪ੍ਰਗਟਾਵਾ, ਇੱਕ ਦੂਸਰੇ ਉੱਪਰ ਰੰਗ ਸਿੱਟ ਕੇ ਜਾਂ ਪਿਚਕਾਰੀਆਂ ਰਾਹੀਂ ਇੱਕ ਦੂਸਰੇ ਉੱਪਰ ਰੰਗ ਵਾਲਾ ਪਾਣੀ ਪਿਚਕਾਰ ਕੇ ਕਰਦੇ ਹਨ। ਕੁਝ ਚਿਰ ਪਹਿਲਾਂ ਇਸ ਰੀਤ ਵਿੱਚ ਬਹੁਤ ਗਿਰਾਵਟ ਆ ਗਈ ਸੀ। ਲੋਕ ਪਸ਼ੂਆਂ ਦਾ ਗੋਹਾ-ਮਲ-ਮੂਤਰ ਘੋਲ ਕੇ ਲੋਕਾਂ ਉੱਪਰ ਸਿੱਟਦੇ ਸਨ ਜਾਂ ਚੀਕਣੀ ਮਿੱਟੀ ਦਾ ਘੋਲ ਬਣਾ ਉਸ ਵਿੱਚ ਰੰਗ ਪਾ ਲੋਕਾਂ ਦਾ ਸਰੀਰ ਤੇ ਕੱਪੜੇ ਖਰਾਬ ਕਰਦੇ ਸਨ। ਮਰਦ-ਔਰਤਾਂ ਕਈ ਵਾਰੀ ਅਸ਼ਲੀਲ ਹਰਕਤਾਂ ਤੱਕ ਵੀ ਪੁੱਜ ਜਾਂਦੇ ਜਿਸ ਕਾਰਣ ਲੜਾਈ ਝਗੜੇ ਤੱਕ ਨੌਬਤ ਪੁੱਜ ਜਾਂਦੀ ਪਰ ਇਨ੍ਹਾਂ ਰੰਗ-ਰਲੀਆਂ ਵਿੱਚੋਂ ਸਾਰਥਿਕ ਸਿੱਟਾ ਕੋਈ ਵੀ ਨਾ ਨਿਕਲਦਾ। ਉਂਝ ਬ੍ਰਾਹਮਣਾਂ ਨੇ ਹੋਲੀ ਦਾ ਤਿਉਹਾਰ ਸ਼ੂਦ੍ਰਾਂ ਲਈ ਨੀਯਤ ਕੀਤਾ ਹੋਇਆ ਸੀ।

ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਦੀ ਦੀਰਘ-ਦ੍ਰਿਸ਼ਟਾ ਸੋਚ ਨੇ ਸੋਚਿਆ ਕਿ ਇਹ ਹੋਲੀ ਵਰਗੇ ਤਿਉਹਾਰ ਲੁਕਾਈ ਦੀ ਭੇਡ-ਚਾਲ ਹੈਨ, ਲੋਕਾਂ ਨੇ ਅਜਿਹੇ ਕਰਮ ਕਰਨ ਤੋਂ ਬਾਜ ਤਾਂ ਆਉਣਾ ਨਹੀਂ, ਕਿਉਂ ਨਾ ਇਸ ਹੋਲੀ ਦੀ ਰੂਪ ਰੇਖਾ

* 1.ਨਵਾਬਾਂ ਦੀ ਹੋਲੀ 2.ਲਾਠੀਆਂ ਚਲਾ ਕੇ ਮਨਾਈ ਜਾਂਦੀ ਰਾਜਪੂਤਾਂ ਦੀ ਹੋਲੀ 3.ਰਾਜਸਥਾਨ ਵਿੱਚ ਸਵਾਂਗ-ਸਵਾਰੀਆਂ ਕੱਢ ਕੇ ਹੋਲੀ ਮਨਾਈ ਜਾਂਦੀ ਹੈ 4. ਮਰਦਾਂ ਦੇ ਸਿਰ ਮਟਕੀਆਂ ਧਰ ਦੇਣੀਆਂ ਤੇ ਪਿੱਛੋਂ ਮੁਟਿਆਰਾਂ ਨੇ ਉਨ੍ਹਾਂ ਨੂੰ ਛਮਕਾਂ ਮਾਰ ਕੇ ਹੋਲੀ ਮਨਾਉਣੀ 5.ਛੇੜ-ਛਾੜ ਦੀ ਖੁੱਲ ਵਾਲੀ ਹੋਲੀ 6.ਬ੍ਰਜ ਦੀ ਹੋਲੀ 7.ਬਿੰਦ੍ਰਾਂਬਨ ਵਿੱਚ ਡਫਾਂ ਵਜਾ ਕੇ ਮਨਾਈ ਜਾਂਦੀ ਹੋਲੀ 8.ਰਾਹ ਜਾਂਦੇ ਤੇ ਚਿੱਕੜ ਅਤੇ ਰੰਗ ਸੁੱਟ ਕੇ ਮਨਾਈ ਜਾਂਦੀ ਹੋਲੀ

ਹੀ ਬਦਲ ਦਿੱਤੀ ਜਾਵੇ। ਜਿਸ ਨਾਲ ਕੌਮ ਵਿੱਚ ਬੀਰ ਰਸ ਭਰੇ ਅਤੇ ਉਹ ਜੰਗੀ ਕਰਤੱਵ ਵਿਖਾਣ ਲਈ ਕਈ-ਕਈ ਮਹੀਨੇ ਤਿਆਰੀਆਂ ਕਰਨ ਅਤੇ ਆਪਣੀ ਬਹਾਦਰੀ ਦੇ ਜੌਹਰ ਸੰਗਤਾਂ ਸਾਹਵੇਂ ਦਿਖਾਉਣ ਤਾਂ ਜੋ ਇਨ੍ਹਾਂ ਬਹਾਦਰਾਂ ਅਤੇ ਬਹਾਦਰੀ ਭਰੇ ਕਰਤੱਵਾਂ ਵਲ ਵੇਖ ਕੇ ਬਾਕੀ ਲੋਕਾਂ ਅੰਦਰ ਵੀ ਬੀਰ-ਰਸੀ ਜੋਸ਼ ਭਰੇ। ਇਸ ਕਾਰਜ਼ ਨੂੰ ਅਮਲੀ ਜਾਮਾ ਦੇਣ ਲਈ ਸਤਿਗੁਰੂ ਜੀ ਹੋਲੀ ਵਾਲੇ ਦਿਨਾਂ ਵਿੱਚ ਉਚੇਚੇ ਦੀਵਾਨ ਸਜਾਉਂਦੇ ਅਤੇ ਸਭ ਸੰਗਤਾਂ ਨੂੰ ਆਤਮਿਕ ਅਨੰਦ ਪ੍ਰਾਪਤ ਕਰਨ ਦੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਸਿੰਘਾਂ ਦੇ ਮਨ ਵਿੱਚ ਬੀਰ-ਰਸੀ ਜੋਸ਼ ਭਰਨ ਦੀ ਕਿਰਪਾ ਵੀ ਕਰਦੇ।

ਹੋਲੀ ਨੂੰ ਸਵੈ-ਮਾਣ, ਬੀਰ ਰਸੀ ਅਤੇ ਜੰਗਜੂ ਰੂਪ ਦੇ ਕੇ ਭਾਰਤੀ ਜਨਤਾ ਨੂੰ ਜੁਝਾਰੂ ਬਣਾਉਣ ਲਈ ਗੁਰਦੇਵ ਜੀ ਨੇ ਹੋਲੀ ਤੋਂ ਅਗਲਾ ਦਿਨ ਨੀਯਤ ਕਰਕੇ "ਹੋਲੇ" ਦਾ ਨਾਂ ਬਖਸ਼ਿਸ਼ ਕੀਤਾ। ਇਸ ਦਿਨ ਜੁਝਾਰੂ ਸਿੰਘਾਂ ਦੇ ਬਹਾਦਰੀ ਭਰੇ ਜੰਗੀ ਕਾਰਨਾਮੇ ਸੰਗਤਾਂ ਨੂੰ ਦਿਖਾਉਣ ਅਤੇ ਆਪ ਵੇਖਣ ਵਾਸਤੇ, ਸਤਿਗੁਰੂ ਜੀ ਸਿੱਖ ਫੌਜਾਂ ਦੇ ਦੋ ਦਲ ਬਣਾ ਦਿੰਦੇ। ਇੱਕ ਫੌਜੀ ਦਲ ਚਰਨ ਗੰਗਾ ਦੇ ਕੰਢੇ ਮੋਰਚਾਬੰਦੀ ਕਰਕੇ ਬੈਠ ਜਾਂਦਾ ਅਤੇ ਦੂਸਰਾ ਦਲ ਕਿਲ੍ਹਾ ਹੋਲਗੜ੍ਹ ਤੋਂ ਤਿਆਰੀ ਕਰ ਚਰਨ ਗੰਗਾ ਪੁੱਜਦਾ।

ਇਸ ਦਲ ਨਾਲ ਚੌਦਾਂ ਗੁਰਦੁਆਰਿਆਂ ਤੋਂ ਨਿਸ਼ਾਨ ਸਾਹਿਬ, ਧੌਂਸੇ (ਨਗਾਰੇ) ਲੈ ਕੇ, ਸਿੰਘ ਬੜੇ ਉਤਸ਼ਾਹ ਨਾਲ ਚਰਨ ਗੰਗਾ ਪੁੱਜਦੇ ਤੇ ਪਹਿਲੋਂ ਤੋਂ ਮੋਰਚਾਬੰਦੀ ਕਰੀ ਬੈਠੇ ਸਿੰਘਾਂ ਨੂੰ ਦੁਸ਼ਮਣ ਜਾਣ ਕੇ ਉਨ੍ਹਾਂ ਤੇ ਧਾਵਾ (ਹਮਲਾ) ਕਰਦੇ, ਦੁਵੱਲੀ ਗਹਗਿੱਚ ਮਸਨੂਈ[੧] ਲੜਾਈ ਹੁੰਦੀ। ਜਿਹੜਾ ਜਥਾ ਜਿੱਤ ਪ੍ਰਾਪਤ ਕਰ ਲੈਂਦਾ, ਸਤਿਗੁਰੂ ਜੀ ਉਸ ਜਥੇ ਨੂੰ ਸਿਰੋਪੇ ਤੇ ਇਨਾਮਾਂ ਨਾਲ ਨਿਵਾਜ਼ਦੇ ਅਤੇ ਸਵੱਸ਼ ਲੱਠੇ ਦੀਆਂ ਚਾਦਰਾਂ ਉੱਪਰ ਖੁੱਲ੍ਹੇ ਕੜਾਹ ਪ੍ਰਸ਼ਾਦ ਦੇ ਗੱਫੇ ਸਜਾ ਕੇ ਸਿੰਘਾਂ ਨੂੰ ਮਨ ਮਰਜ਼ੀ ਅਨੁਸਾਰ ਲੁੱਟ ਕੇ ਖਾਣ ਦਾ ਹੁਕਮ ਦੇ, ਆਪ ਉੱਚੀ ਜਗ੍ਹਾ ਬੈਠ ਇਹ ਨਜ਼ਾਰਾ ਦੇਖ ਪ੍ਰਸੰਨ ਹੁੰਦੇ। ਇਸ ਤਰ੍ਹਾਂ ਸਿੱਖਾਂ ਵਿੱਚ ਫੌਜੀ ਕਰਤੱਵ ਵਿਖਾਲਣ ਤੇ ਕਰਨ ਨਾਲ ਜੰਗਜੂ ਜੋਸ਼ ਵਧਿਆ। ਇਨ੍ਹਾਂ ਹੋਲੀ ਵਰਗੇ ਤਿਉਹਾਰਾਂ ਨੂੰ ਬੀਰ ਰਸੀ ਮੋੜ ਦੇਣ ਦੀ ਬਦੌਲਤ ਹੀ ਸਤਿਗੁਰੂ ਜੀ ਨੇ ਚੌਦਾਂ ਜੰਗਾਂ ਲੜੀਆਂ ਤੇ ਸਾਰਿਆਂ ਵਿੱਚ ਸ਼ਾਨਦਾਰ ਫ਼ਤਹਿ ਪ੍ਰਾਪਤ ਕੀਤੀ।

ਅੱਜ ਤੱਕ ਵੀ ਕਲਗੀਧਰ ਜੀ ਵਲੋਂ ਚਲਾਈ ਰੀਤ ਅਨੁਸਾਰ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਪਾਵਨ ਅਸਥਾਨ ਤੋਂ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਮੁਹੱਲਾ ਨਿਕਲਦਾ ਹੈ ਤੇ ਨਿਹੰਗ ਸਿੰਘ ਫੌਜਾਂ ਆਪੋ ਆਪਣੇ ਪੜਾਵਾਂ ਤੇ ਗੁਰਧਾਮਾਂ

੧. ਬਣਾਵਟੀ, ਨਕਲੀ

ਤੋਂ ਨਿਸ਼ਾਨ, ਨਗਾਰੇ, ਧੌਂਸੇ ਵਜਾਉਂਦੇ ਚਰਨ ਗੰਗਾ ਦੇ ਕੰਢੇ ਮੈਦਾਨ ਵਿੱਚ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੁਜਾਉਂਦੇ ਪੁੱਜਦੇ ਹਨ ਅਤੇ ਹਜ਼ਾਰਾਂ ਸੰਗਤਾਂ ਇਸ ਪੁਰਾਤਨ ਰਵਾਇਤੀ ਕਵਾਇਦ ਨੂੰ ਵੇਖਣ ਲਈ ਬੜੀ ਉਤਸੁਕਤਾ ਨਾਲ ਉਡੀਕਦੀਆਂ ਹਨ। ਸਾਰੀ ਸੰਗਤ ਦੇ ਸਾਹਮਣੇ ਨਿਹੰਗ ਸਿੰਘ ਗਤਕਾ-ਬਾਜ਼ੀ, ਘੋੜ-ਸਵਾਰੀ ਤੇ ਜੰਗੀ ਕਰਤੱਵਾਂ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਹੈਰਾਨ ਕਰਦੇ ਹਨ। ਇਹ ਸਾਰੀਆਂ ਬਖਸ਼ਿਸ਼ਾਂ ਕਲਗੀਧਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ ਤੇ ਕੀਤੀਆਂ। ਇਸ ਲਈ ਨਿਤਾਣੀ ਮਨੁੱਖਤਾ ਵਿੱਚ ਬੀਰ-ਰਸ ਭਰਨ ਵਾਲੀ ਅਨੰਦਪੁਰ ਦੀ ਧਰਤੀ ਨੂੰ ਬਾਰ-ਬਾਰ ਜੁਹਾਰਾਂ ਕਰਨੀਆਂ ਹੀ ਬਣਦੀਆਂ ਹਨ।

# ੧੭
# ਸੇਵਾ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਗੁਰਮਤਿ ਦੇ ਦੋ ਪ੍ਰਮੁੱਖ ਅੰਗ ਹਨ "ਸੇਵਾ ਤੇ ਸਿਮਰਨ", ਸਿਮਰਨ ਕਰਨ ਨਾਲ, ਮਨ ਪਵਿੱਤ੍ਰ ਹੋ, ਪ੍ਰਮਾਤਮਾਂ ਨਾਲ ਜੁੜ ਜਾਂਦਾ ਹੈ ਅਤੇ ਸੇਵਾ ਕਰਨ ਨਾਲ ਜਿੱਥੇ ਸਰੀਰ ਦੇ ਅੰਗ ਪਵਿੱਤ੍ਰ ਹੁੰਦੇ ਹਨ, ਉੱਥੇ ਮਨ ਵਿੱਚ ਨਿਮਰਤਾ ਆ ਕੇ ਨਾਮ ਦਾ ਟਿਕਾਉ ਮਨ ਵਿੱਚ ਹੋ ਜਾਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸ੍ਰੀ ਰਾਗ ਅੰਦਰ ਫੁਰਮਾਨ ਹੈ, ਪ੍ਰਮਾਤਮਾਂ ਨੇ ਮਨੁੱਖ ਨੂੰ ਅਮੋਲਕ ਸਰੀਰ ਦੀ ਦਾਤ ਪ੍ਰਦਾਨ ਕੀਤੀ ਹੈ। ਜੇ ਇਸ ਸਰੀਰ ਨਾਲ ਮਨੁੱਖਤਾ ਦੀ ਸੇਵਾ ਅਤੇ ਪ੍ਰਮਾਤਮਾਂ ਦਾ ਸਿਮਰਨ ਕੀਤਾ ਜਾਵੇ ਤਦ ਹੀ ਜੀਵ ਆਤਮਾਂ ਨੂੰ ਪ੍ਰਮਾਤਮਾਂ ਦੀ ਦਰਗਾਹ ਵਿੱਚ ਬੈਠਣ ਦੀ ਥਾਂ ਪ੍ਰਾਪਤ ਹੁੰਦੀ ਹੈ। ਸੇਵਾ ਕਰਨ ਵਾਲਾ ਸੇਵਾਦਾਰ ਬਾਂਹ ਉੱਚੀ ਕਰ ਲੁੱਡੀਆਂ ਪਾਉਂਦਾ ਖੁਸ਼ੀ ਨਾਲ ਪ੍ਰਭੂ ਦੇ ਦਰ ਨੂੰ ਜਾਂਦਾ ਹੈ। ਆਪ ਦਾ ਫੁਰਮਾਨ ਹੈ:-

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥**
**ਕਹੁ ਨਾਨਕ ਬਾਹ ਲੁਡਾਈਐ ॥੪॥੩੩॥**

ਸਿਰੀਰਾਗੁ ਮ: ੧, ਅੰਗ: ੨੬

ਭਾਈ ਗੁਰਦਾਸ ਜੀ ਨੇ ਵੀ ਸਰੀਰ ਦੇ ਇਕੱਲੇ ਇਕੱਲੇ ਅੰਗ ਦੀ ਡਿਊਟੀ ਦਰਸਾ ਕੇ, ਉਨ੍ਹਾਂ ਅੰਗਾਂ ਨੂੰ ਆਪਣੇ ਜ਼ਿੰਮੇ ਲੱਗੀ ਕਾਰ ਕਰਨ ਦੀ ਪ੍ਰੇਰਨਾ ਦਿੱਤੀ ਹੈ। ਸਰੀਰ ਦਾ ਜਿਹੜਾ ਅੰਗ ਆਪਣੀ ਡਿਊਟੀ ਪੂਰੀ ਨਹੀਂ ਕਰਦਾ, ਭਾਈ ਸਾਹਿਬ ਜੀ ਨੇ ਉਸ ਨੂੰ ਧ੍ਰਿਕਾਰ ਪਾਈ ਹੈ:-

**ਧ੍ਰਿਗ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਨੀ॥**
**ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥**
**ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ॥**
**ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ॥**
**ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥**
**ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥**

ਭਾਈ ਗੁਰਦਾਸ ਜੀ, ਵਾਰ ੨੭, ਪਉੜੀ: ੧੦

ਇਸ਼ਨਾਨ ਕਰਨ ਨਾਲ ਜਾਂ ਸੁਹਣੇ ਕੱਪੜੇ ਪਾ, ਅਤਰ ਆਦਿ ਲਾਉਣ ਨਾਲ ਸਰੀਰ ਪਵਿੱਤ੍ਰ ਨਹੀਂ ਹੁੰਦਾ। ਸਰੀਰ ਪਵਿੱਤ੍ਰ ਹੁੰਦਾ ਹੈ ਹੱਥਾਂ-ਪੈਰਾਂ ਦੁਆਰਾ, ਇਸ ਸਰੀਰ ਨਾਲ ਸੇਵਾ ਕਰਨ ਨਾਲ।

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਦੀ ਧਰਤੀ ਤੇ ਸਿੰਘਾਸਨ ਉੱਪਰ ਬਿਰਾਜਮਾਨ ਸਨ। ਨਜ਼ਦੀਕ ਕੁਝ ਪਿਆਰੇ ਸਿੱਖ ਸਤਿਗੁਰਾਂ ਨਾਲ ਬਚਨ-ਬਿਲਾਸ ਕਰਕੇ ਮਨ ਦੇ ਸ਼ੰਕੇ ਦੂਰ ਕਰ, ਅਸੀਸਾਂ ਪ੍ਰਾਪਤ ਕਰ ਰਹੇ ਸਨ। ਸਤਿਗੁਰਾਂ ਆਪਣੇ ਬਚਨ ਨੂੰ ਬਿਸਰਾਮ ਦਿੱਤਾ ਤੇ ਆਪਣੇ ਗੜਵਈ ਭਾਈ ਜ਼ਾਲਮ ਸਿੰਘ ਨੂੰ ਬਿਲਾਸ ਵਿੱਚ ਅਵਾਜ਼ ਮਾਰੀ, ਜ਼ਾਲਮ ਸਿੰਘ! ਜ਼ਾਲਮ ਪਿਆਸ ਨੂੰ ਮਿਟਾਉਣ ਲਈ ਠੰਢਾ ਪਾਣੀ ਲਿਆ। ਕਿਸੇ ਕਾਰਣ ਜ਼ਾਲਮ ਸਿੰਘ ਬਾਹਰ ਗਿਆ ਹੋਇਆ ਸੀ। ਸਤਿਗੁਰਾਂ ਦੀ ਪਾਣੀ ਮੰਗਣ ਦੀ ਅਵਾਜ਼ ਸੁਣ ਕੇ ਸੰਗਤ ਵਿੱਚੋਂ ਇੱਕ ਚੜ੍ਹਦੀ ਜਵਾਨੀ ਦਾ ਨੌਜਵਾਨ, ਜਿਸ ਨੇ ਸੁੰਦਰ ਕੱਪੜੇ ਪਹਿਨੇ ਹੋਏ ਸਨ, ਸੁੰਦਰ ਡੀਲ-ਡੌਲ, ਹੱਥ ਬੜੇ ਕੋਮਲ ਅਤੇ ਪਤਲੇ; ਹੱਥ ਜੋੜ ਉੱਠ ਖਲੋਤਾ ਅਤੇ ਬੇਨਤੀ ਕੀਤੀ, ਪਾਤਸ਼ਾਹ! ਜ਼ਾਲਮ ਸਿੰਘ ਹਾਜ਼ਰ ਨਹੀਂ ਹੈ, ਮੈਨੂੰ ਹੁਕਮ ਕਰੋ ਤਾਂ ਮੈਂ ਸ੍ਰੀ ਜੀ ਲਈ ਜਲ ਲੈ ਕੇ ਆਉਂਦਾ ਹਾਂ। ਸਤਿਗੁਰੂ ਜੀ ਨੇ ਸੈਨਤ ਨਾਲ ਹਾਂ ਕਰ ਦਿੱਤੀ। ਨੌਜਵਾਨ ਚਲਾ ਗਿਆ, ਥੋੜ੍ਹੇ ਚਿਰ ਬਾਅਦ ਕਟੋਰਾ ਧੋ ਮਾਂਜ ਕੇ ਜਲ ਭਰ ਕੇ ਸਾਹਿਬਾਂ ਦੇ ਹਾਜ਼ਰ ਕੀਤਾ। ਸਤਿਗੁਰੂ ਜੀ ਨੇ ਨੌਜਵਾਨ ਦੇ ਹੱਥੋਂ ਜਲ ਵਾਲਾ ਕਟੋਰਾ ਫੜ੍ਹ ਲਿਆ ਅਤੇ ਉਸ ਦੇ ਹੱਥਾਂ ਵੱਲ ਤੱਕ ਕੇ ਬਚਨ ਕੀਤਾ, ਭਾਈ ਗੁਰਸਿਖਾ! ਤੇਰੇ ਹੱਥ ਬੜੇ ਕੋਮਲ ਹਨ, ਉਂਗਲਾਂ ਪਤਲੀਆਂ ਐਉਂ ਮਾਲੂਮ ਹੁੰਦੀਆਂ ਹਨ ਜਿਵੇਂ ਤੂੰ ਇਹ ਰਾਖਵੀਆਂ ਰੱਖੀਆਂ ਹਨ, ਕਦੇ ਇਨ੍ਹਾਂ ਹੱਥਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਹੈ? ਸਿੱਖ ਬੱਚੇ ਨੇ ਉੱਤਰ ਦਿੱਤਾ, ਪਾਤਸ਼ਾਹ! ਘਰ ਵਿੱਚ ਆਪ ਦਾ ਬਖਸ਼ਿਸ਼ ਕੀਤਾ ਧੰਨ ਪਦਾਰਥ ਬਹੁਤ ਹੈ। ਨੌਕਰ ਹਰ ਵੇਲੇ ਅਰਦਲ ਵਿੱਚ ਹੁਕਮ ਦੀ ਉਡੀਕ ਕਰਦੇ ਹਨ। ਅੱਜ ਪਹਿਲਾ ਦਿਨ ਹੈ ਕਿ ਇਨ੍ਹਾਂ ਹੱਥਾਂ ਨਾਲ ਆਪ ਜੀ ਲਈ ਗੜਵਾ-ਕਟੋਰਾ ਮਾਂਜ ਧੋ ਕੇ ਜਲ ਲਿਆਇਆਂ ਹਾਂ। ਗੜਵਾ-ਕਟੋਰਾ ਮਾਂਜਣ ਤੋਂ ਪਹਿਲਾਂ ਮੈਂ ਆਪਣੇ ਹੱਥ ਸੁੱਚੇ ਕੀਤੇ ਫਿਰ ਬਰਤਣਾਂ ਦੀ ਸਫਾਈ ਕੀਤੀ ਤੇ ਸਵੱਛ ਜਲ ਸ੍ਰੀ ਜੀ ਲਈ ਲਿਆਂਦਾ ਹੈ।

ਸਤਿਗੁਰੂ ਜੀ ਨੇ ਨੌਜਵਾਨ ਸਿੱਖ ਦੇ ਬਚਨ ਸੁਣ ਕੇ ਜਲ ਦਾ ਕਟੋਰਾ ਧਰਤੀ ਤੇ ਉਲਟਾ ਦਿੱਤਾ। ਸਿੱਖ ਨੌਜਵਾਨ ਹੈਰਾਨ-ਪ੍ਰੇਸ਼ਾਨ ਸੀ ਕਿ ਮੈ, ਹੱਥ ਧੋ ਗੜਵਾ-ਕਟੋਰਾ ਮਾਂਜ ਕੇ ਜਲ ਲਿਆਂਦਾ ਪਰ ਸਤਿਗੁਰੂ ਜੀ ਨੇ ਅੰਗੀਕਾਰ ਨਹੀਂ ਕੀਤਾ ਸਗੋਂ ਧਰਤੀ ਤੇ ਡੋਹਲ ਦਿੱਤਾ ਹੈ। ਲੋਕ ਕੀ ਕਹਿਣਗੇ ਕਿ ਇਹ ਨੌਜਵਾਨ ਗੁਰੂ

ਦੀ ਦ੍ਰਿਸ਼ਟੀ ਵਿੱਚ ਕਿੰਨਾ ਕੁ ਪਾਪ ਕਰਮੀ ਹੈ? ਅੰਦਰੋ-ਅੰਦਰ ਸੰਸਾ ਨੌਜਵਾਨ ਨੂੰ ਖਾਣ ਲੱਗਾ ਤੇ ਕੰਬਦੇ ਕੰਬਦੇ ਨੌਜਵਾਨ ਨੇ ਬਚਨ ਕੀਤਾ, ਪਾਤਸ਼ਾਹ! ਮੈਂ ਮੁੱਢ ਕਦੀਮਾਂ ਤੋਂ ਸਿੱਖ ਪ੍ਰਵਾਰ ਦਾ ਸਿੱਖ ਪੁੱਤਰ ਹਾਂ। ਪਾਤਸ਼ਾਹ! ਮੇਰੇ ਪਾਸੋਂ ਕਿਹੜੀ ਖਤਾ (ਗਲਤੀ) ਹੋ ਗਈ ਜਿਸ ਕਾਰਣ ਆਪ ਜੀ ਨੇ ਮੇਰੇ ਹੱਥ ਦਾ ਜਲ ਪ੍ਰਵਾਨ ਨਹੀਂ ਕੀਤਾ?

ਕਲਗੀਧਰ ਜੀ ਕਹਿਣ ਲੱਗੇ, ਨੌਜਵਾਨ! ਠੀਕ ਹੈ ਕਿ ਤੇਰੇ ਪਿਉ ਦਾਦੇ ਸਿੱਖ ਹਨ ਅਤੇ ਤੂੰ ਵੀ ਪਾਹੁਲ ਲਈ ਹੈ, ਸਿੱਖੀ ਧਾਰੀ ਹੈ ਪਰ ਤੂੰ ਸਿੱਖੀ ਦੀ ਕਮਾਈ ਨਹੀਂ ਕੀਤੀ। ਤੂੰ ਸਿੱਖੀ ਨੂੰ ਸੂਮ ਦੇ ਧਨ ਵਾਂਗ ਸਾਂਭੀ ਬੈਠਾ ਹੈਂ। ਸਿੱਖੀ ਜਦੋਂ ਕਮਾਈ ਜਾਂਦੀ ਹੈ ਤਦੋਂ ਹੀ ਪ੍ਰਫੁਲਤ ਹੁੰਦੀ ਹੈ ਅਤੇ ਕਮਾਈ ਹੋਈ ਸਿੱਖੀ ਮਨ ਨੂੰ, ਸਰੀਰ ਨੂੰ ਅਤੇ ਸਮੁੱਚੇ ਮਨੁੱਖਾ ਜਨਮ ਨੂੰ ਸਫਲਾ ਕਰਦੀ ਹੈ। ਸਿੱਖੀ, ਕੇਵਲ ਧਾਰਨ ਕਰਨ ਦਾ ਨਾਮ ਨਹੀਂ, ਸਿੱਖੀ ਕਮਾਉਣ ਦਾ ਨਾਮ ਹੈ। "ਸਿੱਖੀ" ਕ੍ਰਿਆ-ਹੀਣ ਨਹੀਂ, "ਸਿੱਖੀ" ਤਾਂ ਕਿਰਿਆਮਾਨ ਹੋ ਕੇ, ਸਿੱਖੀ ਦੇ ਅਸੂਲਾਂ ਨੂੰ ਅਮਲ ਵਿੱਚ ਲਿਆਉਣ ਦਾ ਨਾਮ ਹੈ। ਸਿੱਖੀ ਦੀ ਸ਼ੁਰੂਆਤ ਸੇਵਾ ਤੋਂ ਹੁੰਦੀ ਹੈ। ਸੇਵਾ ਨਾਲ ਸਰੀਰ ਤੇ ਕਰਮ-ਇੰਦਰੇ ਸਵੱਸ਼ ਹੁੰਦੇ ਹਨ, ਮਨ ਪਵਿੱਤ੍ਰ ਹੁੰਦਾ ਹੈ। ਮਨ ਵਿੱਚ ਸੇਵਾ ਕਰਨ ਨਾਲ ਨਿਮਰਤਾ ਆਉਂਦੀ ਹੈ, ਅੰਦਰੋਂ ਹੰਕਾਰ ਖਤਮ ਹੁੰਦਾ ਹੈ। ਹੰਕਾਰ ਖਤਮ ਹੋਣ ਤੇ "ਨਾਮ" ਅੰਦਰ ਟਿਕ ਕੇ ਪਰਮ ਪੁਰਖ ਦੀ ਹਜ਼ੂਰੀ ਦਾ ਨਿਵਾਸ ਬਖਸ਼ਿਸ਼ ਕਰਦਾ ਹੈ। ਇਸ ਹਜ਼ੂਰੀ ਯਾਦ ਵਿੱਚ ਵਸਦਿਆਂ ਫਿਰ ਸੇਵਾ ਕਰਨੀ ਨਹੀਂ ਪੈਂਦੀ, ਅਜਿਹੇ ਗੁਰਸਿੱਖ ਪਾਸੋਂ ਸੇਵਾ ਆਪਣੇ ਆਪ ਹੁੰਦੀ ਹੈ। ਉਸ ਦਾ ਹਰ ਕਰਮ, ਹਰ ਕਦਮ ਸੇਵਾ ਦਾ ਰੂਪ ਧਾਰ ਜਾਂਦਾ ਹੈ ਤੇ ਉਹ ਇਹ ਮੁਰਾਤਬਾ ਪ੍ਰਾਪਤ ਕਰਕੇ ਵੀ ਸੇਵਾ ਦੇ ਰਸਤੇ ਦਾ ਤਿਆਗ ਨਹੀਂ ਕਰਦਾ, ਕਿਉਂਕਿ ਇਹ ਸਾਰੀਆਂ ਦਾਤਾਂ ਸੇਵਾ ਦੇ ਮਾਰਗ ਤੇ ਚੱਲਣ ਨਾਲ ਹੀ ਮਿਲੀਆਂ ਹੁੰਦੀਆਂ ਹਨ। ਉਹ "**ਸੇਵਕ ਹੋਇ ਸੰਜੀਦ ਨ ਹਸਣ ਰੋਵਣਾ॥ ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ॥**" ਦੀ ਅਵਸਥਾ ਵਿੱਚ ਵਿਚਰਦਾ ਹੈ। ਅਜਿਹਾ ਗੁਰਸਿੱਖ ਸਾਰਿਆਂ ਵਿੱਚ ਪਰਮਾਤਮਾਂ ਦਾ ਨਿਵਾਸ ਜਾਣ ਕੇ ਮਨੁੱਖਤਾ ਦੀ ਨਹੀਂ, ਪਰਮਾਤਮਾਂ ਦੀ ਸੇਵਾ ਸਮਝ ਕੇ ਪਰਮਾਤਮਾਂ ਨੂੰ ਰੀਝਾਉਂਦਾ ਹੈ। ਉਸ ਨੂੰ ਪੂਰਨ ਵਿਸ਼ਵਾਸ਼ ਹੋ ਜਾਂਦਾ ਹੈ ਕਿ:-

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

ਮ: ੧, ਅੰਗ: ੧੩

ਸੋ ਹੇ ਬੱਚੇ! ਇਹ ਜੋ ਸਵੱਸ਼ਤਾ ਤੈਂ ਆਪਣੇ ਸਰੀਰ ਤੇ ਧਾਰੀ ਹੋਈ ਹੈ ਕਿ

ਮੈਂ ਬੜਾ ਉੱਜਲ ਹਾਂ। ਇਹ ਉੱਜਲਤਾ ਦਾ ਮਾਣ ਮਨ ਨੂੰ ਮਲੀਨ ਕਰਦਾ ਹੈ। ਸੇਵਾ ਕਰਨ ਨਾਲ ਮਨ ਦੀ ਮਲੀਨਤਾਈ ਦੂਰ ਹੁੰਦੀ ਹੈ। ਗੁਰੂ-ਦਰ ਅਤੇ ਪ੍ਰਭੂ-ਦਰ ਤੇ ਮਾਣ-ਰਹਿਤ, ਨਿਰਮਾਣਤਾ ਵਿੱਚ ਸੇਵਾ ਕਰਨ ਵਾਲਾ ਹੀ ਕਬੂਲ ਹੁੰਦਾ ਹੈ। ਸਿੱਖ ਨੌਜਵਾਨ ਨੇ ਗੁਰੂ ਉਪਦੇਸ ਸੁਣ-ਸਮਝ ਕੇ ਉਸ ਨੂੰ ਅਮਲੀ ਜਾਮਾਂ ਪਹਿਨਾਉਣਾ ਅਰੰਭ ਦਿੱਤਾ। ਧਨ ਨਾਲ ਲੋੜਵੰਦਾਂ ਦੀ ਸੇਵਾ ਕਰੇ, ਗੁਰੂ ਸੰਗਤਾਂ ਅਤੇ ਗੁਰਮੁਖਾਂ ਦੀ, ਸਰੀਰ ਨਾਲ ਸੇਵਾ ਕਰ ਪ੍ਰਸੰਨਤਾ ਪ੍ਰਾਪਤ ਕਰੇ। ਮਨ ਨਾਲ ਵਾਹਿਗੁਰੂ ਦਾ ਸਿਮਰਨ ਕਰ ਕੇ ਹਰੀ ਦੀ ਸੇਵਾ ਕਰੇ। ਸਤਿਗੁਰੂ ਦੇ ਸ਼ਬਦ ਅਤੇ ਬਚਨਾਂ ਦੀ ਕਮਾਈ ਕਰ ਕੇ ਗੁਰੂ ਦੀ ਸੇਵਾ ਕਰ, ਗੁਰੂ ਪ੍ਰਸੰਨਤਾ ਪ੍ਰਾਪਤ ਕਰੇ।

ਪ੍ਰਮਾਤਮਾਂ, ਹਰੀ ਦੀ ਟਹਿਲ ਕੀ ਹੈ? ਨਾਮ ਜਪਣਾ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਥਿਤੀ ਗਉੜੀ ਅੰਦਰ ਫੁਰਮਾਨ ਹੈ:-

**ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥**
**ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥੧੫॥**

ਮ:੫, ਅੰਗ: ੩੦੦

ਸਤਿਗੁਰੂ ਦੀ ਸੇਵਾ ਕੀ ਹੈ? ਗੁਰੂ ਦੇ ਸ਼ਬਦ ਤੇ ਬਚਨਾਂ ਦੀ ਕਮਾਈ ਕਰਨੀ "**ਗੁਰ ਕੀ ਸੇਵਾ ਸਬਦੁ ਵੀਚਾਰੁ**" ਉਹ ਗੁਰਸਿੱਖ ਨੌਜਵਾਨ ਗੁਰੂ ਦੇ ਬਚਨਾਂ ਦਾ ਧਾਰਨੀ ਬਣ, ਤਨ ਦੀ, ਧਨ ਦੀ ਤੇ ਮਨ ਦੀ ਸੇਵਾ ਕਰ ਕੇ ਪਾਰਗਰਾਮੀ ਸਿੱਖ ਬਣਿਆ।

ਸਤਿਗੁਰੂ ਕਲਗੀਧਰ ਜੀ ਨੇ, ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਬੈਠ ਸਮਝਾਇਆ ਕਿ ਨਿਰਾ ਸਰੀਰ ਦੀ ਸਵੱਸ਼ਤਾ ਗੁਰੂ ਦਰ ਪ੍ਰਵਾਨ ਨਹੀਂ। ਤਨ ਦੀ ਸਵੱਸ਼ਤਾ ਅਤੇ ਸਫ਼ਲਤਾ ਸੰਗਤਾਂ ਦੀ ਸੇਵਾ ਕਰਨ ਨਾਲ, ਧਨ ਦੀ ਸਫਲਤਾ ਲੋੜਵੰਦਾਂ ਦੀ ਲੋੜ ਪੂਰੀ ਕਰਨ ਨਾਲ ਅਤੇ ਮਨ ਦੀ ਪਵਿੱਤ੍ਰਤਾ ਪਰਮਾਤਮਾਂ ਦੇ ਸਿਮਰਨ ਨਾਲ ਹੁੰਦੀ ਹੈ। ਆਪਾਂ ਵੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਪ੍ਰਣਾਮ ਕਰਨ ਆਏ ਹਾਂ, ਤਨ-ਮਨ ਤੇ ਧਨ ਦੀ ਸਵੱਸ਼ਤਾ ਤੇ ਸਫਲਤਾ ਲਈ ਗੁਰੂ ਪਾਸੋਂ ਅਗਵਾਈ ਲੈ ਆਪਣਾ ਜਨਮ ਸਫਲਾ ਕਰੀਏ:-

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

ਰਾਮਕਲੀ ਮ: ੩, ਅਨੰਦ; ਅੰਗ: ੯੧੮

ਦੇ ਧਾਰਨੀ ਬਣ, ਆਪਾ ਗੁਰੂ ਨੂੰ ਸਮਰਪਿਤ ਕਰ, ਗੁਰੂ ਖੁਸ਼ੀ ਪ੍ਰਾਪਤ ਕਰੀਏ ਅਤੇ ਸਤਿਗੁਰੂ ਜੀ ਦੀ ਨਦਰ ਵਿੱਚ ਪ੍ਰਵਾਨ ਚੜ੍ਹੀਏ।

## ੧੮
# ਵਿਦਵਾਨਾਂ ਤੇ ਬੇ-ਪਨਾਹਾਂ ਦੀ ਪਨਾਹ ਧਰਤ ਅਨੰਦਪੁਰ ਦੀ

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਜਿੱਥੇ ਜ਼ੁਲਮ ਦੇ ਟਾਕਰੇ ਲਈ ਅਨੰਦਪੁਰ ਸਾਹਿਬ ਦੀ ਇਸ ਪਾਵਨ ਧਰਤੀ ਤੇ ਕਿਲ੍ਹੇ ਉਸਾਰੇ ਤਾਂ ਜੋ ਜ਼ਾਲਮਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ, ਜਿੱਥੇ ਇਸ ਅਸਥਾਨ ਤੇ ਜੰਗੀ ਮੱਸ਼ਕਾਂ, ਘੋੜ ਸਵਾਰੀ, ਨੇਜਾ ਬਾਜੀ ਤੇ ਹੋਰ ਜੰਗੀ ਸਿਖਲਾਈ ਦਿੱਤੀ ਜਾਂਦੀ ਸੀ ਉੱਥੇ ਸਤਿਗੁਰੂ ਜੀ ਨੇ ਸਿੱਖਾਂ ਅੰਦਰ ਅਧਿਆਤਮਿਕ ਤੇ ਬੀਰ ਰਸ ਭਰਨ ਲਈ ਦੇਸ਼ ਭਰ ਦੇ ਕਵੀਆਂ ਤੇ ਵਿਦਵਾਨਾਂ ਨੂੰ ਵੀ ਸੱਦਾ ਦੇ ਰੱਖਿਆ ਸੀ ਕਿ ਕੋਈ ਕਵੀ ਜਾਂ ਵਿਦਵਾਨ ਚੰਗੇ ਉਸਾਰੂ ਸਾਹਿਤ ਦੀ ਰਚਨਾ ਕਰੇ ਜਾਂ ਪੁਰਾਤਨ ਗ੍ਰੰਥਾਂ ਦਾ ਤਰਜ਼ਮਾਂ ਪੰਜਾਬੀ ਭਾਸ਼ਾ ਵਿੱਚ ਕਰੇ ਉਸ ਨੂੰ ਸਤਿਗੁਰੂ ਜੀ ਮੂੰਹ ਮੰਗੇ ਇਨਾਮ ਦਿੰਦੇ ਸਨ। ਇਸ ਮੰਤਵ ਲਈ ਸਾਰੇ ਦੇਸ਼ ਵਿੱਚ ਸਤਿਗੁਰੂ ਜੀ ਨੇ ਸੰਦੇਸ਼ ਭੇਜ ਦਿੱਤੇ:-

**ਆਗਿਆ ਕੀਨੀ ਸਤਿਗੁਰ ਦਿਆਲ॥**
**ਵਿਦਿਆਵਾਨ ਪੰਡਤ ਲੇਹੁ ਭਾਲ॥**

(ਮਹਿਮਾ ਪ੍ਰਕਾਸ਼)

ਔਰੰਗਜ਼ੇਬ ਦੇ ਸਤਾਏ ਹੋਏ [1]ਰਾਗੀ, [2]ਢਾਢੀ, ਪੰਡਿਤ, ਵਿਦਵਾਨ, ਸ਼ੀਆ ਤੇ ਸੂਫ਼ੀ ਖਿਆਲਾਂ ਦੇ ਮੁਸਲਮਾਨ ਵੀ ਸਤਿਗੁਰੂ ਜੀ ਦੀ ਸ਼ਰਣ ਵਿੱਚ ਆ ਗਏ। ਸਤਿਗੁਰੂ ਜੀ ਨੇ ਇਲਮ ਤੇ ਵਿਦਵਤਾ ਅਨੁਸਾਰ ਸਭ ਦਾ ਰੁਜ਼ੀਨਾ (ਖਰਚਾ) ਬੰਨ੍ਹ ਦਿੱਤਾ। ਅਨੰਦਪੁਰ ਸਾਹਿਬ ਵਿੱਦਿਆ ਦਾ ਮਹਾਨ ਕੇਂਦਰ ਬਣ ਗਿਆ। ਸਤਿਗੁਰੂ ਜੀ ਪਾਸ ਪਾਉਂਟਾ ਸਾਹਿਬ ਦੇ ਵਿਦਵਾਨ ਤੇ ਹੋਰ ਵਿਦਵਾਨ ਵੀ ਆ ਹਾਜ਼ਰ ਹੋਏ। ਸਤਿਗੁਰੂ ਜੀ ਨੇ ਪਾਉਂਟਾ ਸਾਹਿਬ ਦੇ ਅਧੂਰੇ ਪਏ ਵਿੱਦਿਅਕ ਕੰਮਾਂ ਨੂੰ ਪੂਰੇ ਕਰਨ ਲਈ ਵਿਦਵਾਨਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ, ਜੋ ਦਿਨ ਰਾਤ ਬੜੀ ਲਗਨ ਨਾਲ ਵਿੱਦਿਆ ਦੇ ਪਰਚਾਰ ਅਤੇ ਪ੍ਰਸਾਰ ਲਈ ਉੱਦਮ ਕਰਦੇ। ਅਨੰਦਪੁਰ ਅਤੇ ਆਸ ਪਾਸ ਦੀ ਲੁਕਾਈ ਨੂੰ ਸਤਿਗੁਰੂ ਜੀ ਨੇ ਵਿੱਦਿਆ ਪੜ੍ਹਨ ਦੇ ਸੰਦੇਸ਼ ਦਿੱਤੇ। ਜੋ ਵਿੱਦਿਆ ਨਹੀਂ ਪੜ੍ਹਦਾ ਉਹ ਖੋਤੇ ਦੀ ਨਿਆਈਂ ਦਰਸਾ ਕੇ ਬਚਨ ਕੀਤਾ:-

**ਅਛਰ ਕਛੁ ਨ ਪੜ੍ਹੇ ਤਿਨ ਗਰਧਬ**

੧ ਕੇਸੋ ਸਿੰਘ, ਨਰਬਦ ਸਿੰਘ,ਦੇਸੂ ਸਿੰਘ ਆਦਿਕ
੨.ਮੀਰ ਛਬੀਰ, ਮੀਰ ਮੁਸ਼ਕੀ ਜੋ ਨੱਥ ਮਲ ਦੇ ਪੁੱਤਰ ਸਨ।

ਸਤਿਗੁਰੂ ਜੀ ਨੇ ਹੋਰ ਬਚਨ ਕਹੇ ਭਾਈ:-

**ਪਢਾਨ ਵਿਖੇ ਗੁਨ ਅਹੇ ਅਨੇਕ॥ ਸਦ ਗੁਣ ਪ੍ਰਾਪਤ ਆਦਿ ਬਿਬੇਕ॥**
**ਗੁਰਮੁਖੀ ਅਛਰ ਜੋ ਹੈ ਭਾਈ॥ ਸਿੰਘ ਸਿੰਘ ਤੇ ਸੀਖੇ ਜਾਈ॥**

ਸਤਿਗੁਰੂ ਜੀ, ਚੰਗੀ ਕਵਿਤਾ ਅਤੇ ਬੀਰ-ਰਸੀ ਸਾਹਿਤ ਲਿਖਣ ਵਾਲਿਆਂ ਨੂੰ ਕੀਮਤੀ ਤੋਹਫ਼ੇ ਤੇ ਨਗਦ ਇਨਾਮ ਦੇ ਕੇ ਨਿਵਾਜ਼ਦੇ ਸਨ। ਇੱਥੋਂ ਤੱਕ ਕਿ ਸਤਿਗੁਰੂ ਕਲਗੀਧਰ ਜੀ, ਰਾਤ ਨੂੰ ਵਿਦਵਾਨਾਂ ਦੇ ਤੰਬੂਆਂ ਵਿੱਚ ਜਾਂਦੇ ਤੇ ਉਨ੍ਹਾਂ ਦੇ ਸਿਰਹਾਣਿਆਂ ਹੇਠ ਮੋਹਰਾਂ ਰੱਖ, ਉਨ੍ਹਾਂ ਉੱਪਰ ਕੀਮਤੀ ਦੁਸ਼ਾਲੇ ਪਾ ਕੇ, ਉਨ੍ਹਾਂ ਨੂੰ ਨਿਵਾਜ਼ਦੇ। ਦਿਨ ਚੜ੍ਹੇ ਵਿਦਵਾਨ ਵੀ ਗੁਰੂ ਜਸ ਕਰਦੇ ਅਤੇ ਹੋਰ ਵਧੇਰੇ ਸ਼ੌਂਕ ਨਾਲ ਅਧੂਰੇ ਕੰਮਾਂ ਨੂੰ ਪੂਰੇ ਕਰਨ ਲਈ ਜੁੱਟ ਜਾਂਦੇ ਤੇ ਸਤਿਗੁਰਾਂ ਦੀ ਕਦਰਦਾਨੀ ਤੋਂ ਹਮੇਸ਼ਾਂ ਕੁਰਬਾਨ ਜਾਂਦੇ। ਇਸੇ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਧਰਤੀ ਤੇ ਸਤਿਗੁਰੂ ਜੀ ਨੇ ਵਿਦਿਆਸਰ (ਵਿਦਿਆਧਰ) ਗ੍ਰੰਥ ਜਿਸ ਦਾ ਆਪਣਾ ਹੀ ਵਜਨ ਨੌ ਮਣ ਸੀ, ਤਿਆਰ ਕਰਵਾਇਆ ਤੇ ਅਨੇਕਾਂ ਗ੍ਰੰਥਾਂ ਦੇ ਉਲੱਥੇ, ਹੋਰਨਾਂ ਭਾਸ਼ਾਵਾਂ ਤੋਂ ਪੰਜਾਬੀ ਭਾਸ਼ਾ ਵਿੱਚ ਕਰਵਾਏ ਤੇ ਨਵੇਂ ਬੀਰ-ਰਸੀ ਅਤੇ ਵਿੱਦਿਆ ਦੇ ਸੋਮੇ ਗ੍ਰੰਥਾਂ ਦੀ ਰਚਨਾਂ ਕਰਵਾਈ। ਬਦ-ਕਿਸਮਤੀ ਨਾਲ ਇਹ ਅਮੋਲਕ ਖਜਾਨਾ, ਸ੍ਰੀ ਅਨੰਦਗੜ੍ਹ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ, ਸਰਸਾ ਨਦੀ ਦੀ ਭੇਟ ਹੋ ਗਿਆ। ਜੰਗੀ ਮਛਕਾਂ ਤੇ ਵਿੱਦਿਆ ਦਾ ਕਾਰਜ ਇੱਕੋ ਸਮੇਂ ਇੱਕੋ ਸਥਾਨ ਤੇ ਹੁੰਦਾ ਸੀ। ਸ਼ਸਤ੍ਰਾਂ ਦੇ ਨਾਲ ਨਾਲ ਸ਼ਾਸਤਰ ਨੂੰ ਪੂਰੀ ਪੂਰੀ ਬਰਾਬਰਤਾ ਦਿੱਤੀ ਜਾਂਦੀ।

ਸਤਿਗੁਰੂ ਕਲਗੀਧਰ ਜੀ ਦੇ ਸਮੇਂ ਤੋਂ ਪਹਿਲਾਂ ਤੇ ਉਸ ਸਮੇਂ ਬ੍ਰਾਹਮਣ, ਕਿਸੇ ਗੈਰ ਬ੍ਰਾਹਮਣ ਨੂੰ ਸੰਸਕ੍ਰਿਤ ਵਿਦਿਆ ਵਿੱਚ ਜੋ ਗ੍ਰੰਥ ਸਨ, ਉਸ ਦੀ ਤਾਲੀਮ ਨਹੀਂ ਦਿੰਦੇ ਸਨ। ਬ੍ਰਾਹਮਣ ਕੇਵਲ ਬ੍ਰਾਹਮਣਾਂ ਦੇ ਘਰਾਂ ਵਿੱਚ ਜਨਮੇ ਬੱਚੇ ਨੂੰ ਹੀ ਵਿੱਦਿਆ ਦਿੰਦੇ ਸਨ, ਬਾਕੀ ਦੇ ਤਿੰਨ ਵਰਨਾਂ ਵਿੱਚੋਂ ਕਿਸੇ ਨੂੰ ਨਾ ਵਿੱਦਿਆ ਪੜ੍ਹਨ ਦਾ ਤੇ ਨਾ ਪੜ੍ਹਾਉਣ ਦਾ ਅਧਿਕਾਰ ਸੀ। ਕਲਗੀਧਰ ਜੀ ਨੇ ਵਿੱਦਿਆ ਦੇ ਪ੍ਰਚਾਰ, ਪ੍ਰਸਾਰ ਅਤੇ ਲੁਕਾਈ ਦੇ ਸਿਰ ਤੋਂ ਬ੍ਰਾਹਮਣੀ ਜੂਲਾ ਲਾਹੁਣ ਵਾਸਤੇ ਅਤੇ ਵਿੱਦਿਆ ਦਾ ਖੁਲ੍ਹਾ ਪ੍ਰਚਾਰ ਕਰਨ ਵਾਸਤੇ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਬਨਾਰਸ ਜਾ ਕੇ ਸੰਸਕ੍ਰਿਤ ਵਿੱਦਿਆ ਤੇ ਹੋਰ ਵਿੱਦਿਅਕ ਗ੍ਰੰਥਾਂ ਦਾ ਅਧਿਐਨ ਕਰਨ ਵਾਸਤੇ ਸਫ਼ੈਦ ਬਸਤਰ ਧਾਰਨ ਕਰਾਕੇ ਅਤੇ ਗਿਲਤੀਆਂ[੧] ਲਵਾ ਕੇ ਪੰਜ ਸਿੱਖਾਂ ਨੂੰ ਭੇਜਿਆ। ਜਿਨ੍ਹਾਂ ਦੇ ਨਾਉਂ ਇਤਿਹਾਸ ਵਿੱਚ ਇਸ ਪ੍ਰਕਾਰ ਹਨ; ਭਾਈ ਕਰਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੋਭਾ ਸਿੰਘ ਜੀ, ਅਤੇ ਭਾਈ ਰਾਮ ਸਿੰਘ ਜੀ। ਜਿਨ੍ਹਾਂ ਨੇ ਬਹੁਤ ਕਠਿਨਾਈਆਂ ਸਹਾਰ ਕੇ

੧.ਧੋਤੀ ਬੰਨਣ ਦੀ ਕਿਸਮ

ਵਿੱਦਿਆ ਪ੍ਰਾਪਤ ਕੀਤੀ ਅਤੇ ਬਿਖੜੇ ਸਮੇਂ ਦੁਰਾਨ ਵੀ ਸਿੱਖਾਂ ਵਿੱਚ ਵਿੱਦਿਆ ਦਾ ਪ੍ਰਸਾਰ ਕੀਤਾ। ਇਨ੍ਹਾਂ ਪੰਜਾਂ ਤੋਂ ਵਿੱਦਿਆ ਪ੍ਰਾਪਤ ਕਰਕੇ ਜੋ ਪੰਥ ਚੱਲਿਆ, ਉਸ ਨੂੰ ਨਿਰਮਲੇ ਸੰਪ੍ਰਦਾਇ ਦੇ ਨਾਉਂ ਨਾਲ ਸਤਿਕਾਰਿਆ ਜਾਂਦਾ ਹੈ। ਇੱਥੋਂ ਤੱਕ ਕਿ ਬਨਾਰਸ ਦੇ ਪੰਡਿਤ ਲੋਕ ਵੀ ਨਿਰਮਲੇ ਸਿੱਖਾਂ ਪਾਸੋਂ ਵਿੱਦਿਆ ਪ੍ਰਾਪਤ ਕਰ ਕੇ ਮਾਣ ਮਹਿਸੂਸ ਕਰਦੇ ਸਨ। ਇਸੇ ਕਰਕੇ ਨਿਰਮਲ ਭੇਖ ਦੇ ਸਾਧੂਆਂ ਨੇ ਹਰਿਦੁਆਰ-ਬਨਾਰਸ ਪੰਡਿਤਾਂ ਦੇ ਗੜ੍ਹਾਂ ਵਿੱਚ ਆਪਣੇ ਅਸਥਾਨ (ਅਖਾੜੇ) ਸਥਾਪਿਤ ਕਰ ਕੇ ਜਿੱਥੇ ਵਿੱਦਿਆ ਦਾ ਪ੍ਰਚਾਰ ਕੀਤਾ ਉੱਥੇ ਬਾਕੀ ਧਰਮਾਂ ਦੇ ਤੁਲਨਾਤਮਿਕ ਅਧਿਆਇਨ ਦੁਆਰਾ, ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨੂੰ ਸਿਰਮੌਰ ਦਰਸਾ ਕੇ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਨੇਕਾਂ ਗ੍ਰੰਥਾਂ ਦੇ ਟੀਕੇ ਕਰ ਕੇ ਗੁਰਮਤਿ ਸਾਹਿਤ ਵਿੱਚ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ। ਅੱਜ ਵੀ ਵੱਡੇ ਅਖਾੜੇ ਅਤੇ ਛੋਟੇ ਅਖਾੜਿਆਂ ਦੇ ਰੂਪ ਵਿੱਚ ਨਿਰਮਲ ਆਸ਼ਰਮ ਪੰਥ ਦੀ ਵਡਮੁੱਲੀ ਸੇਵਾ ਨਿਭਾ ਰਹੇ ਹਨ। ਸਾਰਕੁਤਾਵਲੀ ਦੇ ਕਰਤਾ ਨੇ ਲਿਖਿਆ ਹੈ ਕਿ "**ਜਹਾਂ ਧਨੀ ਪਹੁੰਚੇ ਨਹੀਂ ਤਹਾਂ ਪਹੁੰਚੇ ਵਿਦਵਾਨ।**" ਇੱਕ ਧਨੀ ਮਨੁੱਖ ਉਹ ਮਾਣ ਸਤਿਕਾਰ ਪ੍ਰਾਪਤ ਨਹੀਂ ਕਰ ਸਕਦਾ ਜੋ ਇੱਕ ਵਿਦਵਾਨ ਨੂੰ ਪ੍ਰਾਪਤ ਹੁੰਦਾ ਹੈ। ਅੱਜ ਆਪਾਂ ਜਿੱਥੇ ਵਿੱਦਿਆ ਦਾਤੀ ਧਰਤੀ ਅਨੰਦਪੁਰ ਨੂੰ ਨਮਸ਼ਕਾਰ ਕਰਨ ਜਾਣਾ ਹੈ, ਉੱਥੇ ਜੋ ਸਾਡੀ ਕੌਮ ਵਿੱਚ ਵਿੱਦਿਆ ਪ੍ਰਾਪਤੀ ਦੀ ਘਾਟ ਹੈ ਉਸ ਘਾਟ ਨੂੰ ਪੂਰਾ ਕਰਨ ਵਾਸਤੇ ਆਪ ਵੱਧ ਤੋਂ ਵੱਧ ਵਿੱਦਿਆ ਪ੍ਰਾਪਤ ਕਰੀਏ ਤੇ ਆਪਣੇ ਬੱਚਿਆਂ ਨੂੰ ਉਚੇਰੀ ਵਿੱਦਿਆ ਦਿਵਾਉਣ ਦਾ ਯਤਨ ਕਰੀਏ ਅਤੇ ਨਾਲ-ਨਾਲ ਗੁਰਮਤਿ-ਵਿੱਦਿਆ ਵਿੱਚ ਵੀ ਨਿਪੁੰਨ ਹੋਣ ਲਈ ਆਪਣੀ ਪੂਰੀ ਵਾਹ ਲਾਈਏ। ਸਾਰਕੁਤਾਵਲੀ ਦਾ ਕਥਨ ਹੈ:-

**ਤਬ ਲਗ ਵਿੱਦਿਆ ਕੋ ਪੜੇ ਜਬ ਲਗ ਘਟ ਮਹਿ ਪ੍ਰਾਨ।**
**ਜਹਾਂ ਧਨੀ ਪਹੁੰਚੇ ਨਹੀਂ ਤਹਾਂ ਪਹੁੰਚੇ ਵਿਦਵਾਨ।**

# ੧੯
# ਚੜ੍ਹ ਆਏ ਵੈਰੀ ਜਰਨੈਲਾਂ ਨੂੰ ਮੁਰੀਦ ਬਨਾਉਣ ਵਾਲੀ ਧਰਤ ਅਨੰਦਪੁਰ ਦੀ

ਹਿੰਦੂ ਪਹਾੜੀ ਰਾਜਿਆਂ ਤੇ ਵਜੀਰ ਖਾਂ ਦੀਆਂ ਫੌਜਾਂ ਨੇ ਸਤਿਗੁਰੂ ਜੀ ਨੂੰ ਪਰਾਜਿਤ ਕਰਨ ਵਾਸਤੇ ਬਾਰ-ਬਾਰ ਅਨੰਦਪੁਰ ਸਾਹਿਬ ਉੱਪਰ ਹਮਲੇ ਕੀਤੇ ਪਰ ਹਰ ਵਾਰੀ ਮੂੰਹ ਦੀ ਖਾ ਕੇ ਹਾਰ ਝੋਲੀ ਪਵਾ ਵਾਪਸ ਮੁੜਦੇ ਰਹੇ। ਅਖ਼ੀਰ ਬਾਈਧਾਰ ਦੇ ਰਾਜਿਆਂ ਨੇ ਔਰੰਗਜ਼ੇਬ ਦੇ ਦਰਬਾਰ ਦਰਖ਼ਾਸਤ ਲਿਖ ਭੇਜੀ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਾਜਿਤ ਨਹੀਂ ਕਰ ਸਕਦੇ ਇਸ ਲਈ ਤੁਸੀਂ ਕਿਸੇ ਆਪਣੇ ਨਾਮਵਰ ਜਰਨੈਲ ਦੀ ਕਮਾਨ ਹੇਠ ਫੌਜ ਭੇਜੋ। ਅਸੀਂ ਉਸ ਦਾ ਪੂਰਾ ਸਾਥ ਦੇਵਾਂਗੇ ਤਾਂ ਜੋ ਜਹਾਂਪਨਾਹ ਦੇ ਰਾਜ ਵਿੱਚ ਗੁਰੂ ਗੋਬਿੰਦ ਸਿੰਘ ਵੱਲੋਂ ਜੋ ਬਗਾਵਤ ਉਠਾਈ ਜਾ ਰਹੀ ਹੈ ਉਸ ਤੇ ਕਾਬੂ ਪਾਇਆ ਜਾ ਸਕੇ। ਔਰੰਗਜ਼ੇਬ ਨੇ [੧]ਸੈਦ ਖਾਨ ਨਾਮ ਦੇ ਜਰਨੈਲ, ਜੋ ਚੜ੍ਹਦੀ ਜਵਾਨੀ ਵਿੱਚ ਬੜਾ ਸੁੰਦਰ, ਡੀਲ-ਡੌਲ ਵਾਲਾ ਬਲਵਾਨ ਜਵਾਨ ਸੀ। ਇਸ ਨੇ ਦੱਖਣ ਵਿੱਚ ਬਹੁਤ ਸਾਰੀਆਂ ਮੁਹਿੰਮਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ ਸਨ ਤੇ ਆਪਣੀ ਬਹਾਦਰੀ ਦੀ ਧਾਂਕ ਜਮਾਈ ਸੀ; ਨੂੰ ਮੂੰਹ ਮੰਗੀ ਫੌਜ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੰਦਾ ਪਕੜ ਕੇ ਲਿਆਉਣ ਜਾਂ ਸਦਾ ਲਈ ਖਤਮ ਕਰ ਦੇਣ ਦਾ ਹੁਕਮ ਦੇ ਕੇ ਅਨੰਦਪੁਰ ਸਾਹਿਬ ਤੇ ਚੜ੍ਹਾਈ ਕਰਨ ਲਈ ਭੇਜਿਆ। ਬੜੇ ਹੰਕਾਰ ਵਿੱਚ ਮੱਤਾ ਸੈਦ ਖਾਂ ਫੌਜ ਲੈ ਕੇ ਔਰੰਗਜ਼ੇਬ ਦੀ ਖੁਸ਼ੀ ਲੈਣ ਲਈ ਦਿੱਲੀ ਤੋਂ ਰਵਾਨਾ ਹੋਇਆ। ਪੜਾਅ-ਦਰ-ਪੜਾਅ ਕਰਦਾ ਸੈਦ ਖਾਂ ਸਢੌਰੇ ਦੇ ਨਜ਼ਦੀਕ ਪੁੱਜਾ। ਮਨ ਵਿੱਚ ਵੀਚਾਰ ਆਈ, ਇਸੇ ਸਢੌਰੇ ਨਗਰ ਮੇਰੀ ਹਮਸ਼ੀਰਾਂ[੨] ਭੈਣ ਨਸੀਰਾਂ ਰਹਿੰਦੀ ਹੈ ਜੋ ਖੁਦਾ ਰਸੀਦਾ, ਪਿਆਰ ਦੀ ਮੂਰਤ ਹੈ; ਕਿਉਂ ਨਾ ਮੈਂ ਉਸ ਨੂੰ ਮਿਲ ਜਾਵਾਂ ਤੇ ਨਾਲ ਹੀ ਨਸੀਰਾਂ ਭੈਣ ਪਾਸੋਂ ਆਪਣੀ ਜਿੱਤ ਲਈ ਆਸ਼ੀਰਵਾਦ ਪ੍ਰਾਪਤ ਕਰਾਂ? ਇਹ ਆਸ ਲੈ ਕੇ ਸੈਦ ਖਾਨ, ਬੀਬੀ ਨਸੀਰਾਂ ਪਾਸ ਪੁੱਜਾ। ਭੈਣ ਨੇ ਸੈਦ ਖਾਨ ਦਾ ਇਸ ਵੇਲੇ ਤੇ ਇਸ ਹਾਲਤ ਵਿੱਚ ਆਉਣ ਦਾ ਕਾਰਣ ਪੁੱਛਿਆ। ਸੈਦ ਖਾਨ ਨੇ ਔਰੰਗਜ਼ੇਬ ਵੱਲੋਂ ਉਸ ਨੂੰ ਫੌਜ ਦੇ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੰਦਾ ਪਕੜਨ ਜਾਂ ਘਰ ਘਾਟ ਉਜਾੜ, ਜਾਨੋਂ ਮਾਰ ਦੇਣ ਦਾ ਜੋ ਹੁਕਮ ਦਿੱਤਾ ਸੀ, ਸਾਰਾ ਬ੍ਰਿਤਾਂਤ ਭੈਣ ਨਸੀਰਾਂ ਨੂੰ ਦੱਸਿਆ। ਸੈਦ ਖਾਂ ਦੀ ਇਹ ਗੱਲ ਸੁਣ ਕੇ ਬੀਬੀ ਨਸੀਰਾਂ ਦੇ ਨੇਤ੍ਰ ਬੰਦ ਹੋ ਗਏ ਤੇ ਅੱਖਾਂ ਸੇਜਲ

੧. ਸੈਦ ਖਾਨ, ਪੀਰ ਬੁੱਧੂ ਸ਼ਾਹ ਸਢੌਰਾ (ਜਿਨ੍ਹਾਂ ਭੰਗਾਣੀ ਦੇ ਯੁੱਧ ਵਿੱਚ ਆਪਣੇ ਪੰਜ ਸੌ ਪਠਾਣ ਸੇਵਕ ਤੇ ਆਪਣੇ ਦੋ ਪੁੱਤਰਾਂ ਦੇ ਸ਼ਹੀਦੀ ਜਾਮ ਪੀ ਜਾਣ ਉਪ੍ਰੰਤ, ਸਤਿਗੁਰੂ ਜੀ ਪਾਸੋਂ ਪਾਉਂਟੇ ਸ਼ਹਿਰ ਵਿਖੇ ਕੇਸਾਂ ਸਮੇਤ ਕੰਘੇ ਦੀ ਬਖਸ਼ਿਸ਼ ਪ੍ਰਾਪਤ ਕੀਤੀ ਸੀ) ਦਾ ਰਿਸ਼ਤੇ ਵਿੱਚ ਸਾਲਾ ਲਗਦਾ ਸੀ ਅਤੇ ਇਸ ਨੂੰ ਪੰਜ ਹਜ਼ਾਰੀ ਦਾ ਖਿਤਾਬ ਪ੍ਰਾਪਤ ਸੀ। ੨. ਇੱਕੋ ਦੁੱਧ ਦੀ ਭਾਈਵਾਲ (ਸਕੀ ਭੈਣ)

ਹੋ, ਨੇਤ੍ਰਾਂ ਵਿੱਚੋਂ ਹੰਝੂ ਬਹਿ ਤੁਰੇ। ਠੰਢਾ ਹੌਕਾ ਭਰ, ਬੀਬੀ ਨਸੀਰਾਂ ਨੇ ਸੈਦ ਖਾਂ ਨੂੰ ਉੱਤਰ ਦਿੱਤਾ, ਸੈਦ ਖਾਨ! ਤੂੰ ਖ਼ੁਦਾ ਦੇ ਰੂਪ, ਧਰਤੀ ਦਾ ਭਾਰ ਹਰਨ ਵਾਲੇ, ਹੁਸਨ ਵਜ਼ੂਦ, ਖ਼ੁਦਾ ਰਸੀਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਪਰ ਭੈੜੀ ਸੋਚ ਲੈ ਕੇ ਹਮਲਾਵਰ ਬਣ ਆਇਆਂ ਹੈਂ; ਖ਼ੁਦਾ ਤੈਨੂੰ ਇਸ ਮਨਸੂਬੇ ਵਿੱਚ ਹਾਰ ਦੇਵੇ ਅਤੇ ਕਲਗੀਧਰ ਸਤਿਗੁਰੂ ਤੈਨੂੰ ਆਪਣੀ ਮਿਹਰ ਦ੍ਰਿਸ਼ਟੀ ਨਾਲ ਨਿਵਾਜ਼ਣ, ਉਹ ਅੰਤਰਯਾਮੀ ਹਨ। ਇਹ ਪੰਜ ਹਜ਼ਾਰੀ ਖਿਤਾਬ ਸਦਾ ਨਹੀਂ ਰਹਿਣੇ, ਸ਼ਾਹਾਂ ਦੀਆਂ ਖੁਸ਼ੀਆਂ ਸਦਾ ਨਹੀਂ ਰਹਿੰਦੀਆਂ, ਇਹ ਚਾਰ ਦਿਨ ਦੀ ਗੱਲ ਹੈ, ਸਦਾ ਕਿਸੇ ਨੇ ਇੱਥੇ ਟਿਕੇ ਨਹੀਂ ਰਹਿਣਾ, ਜੋ ਨੇਕੀ ਕਮਾ ਗਿਆ, ਸੰਸਾਰ ਉਸ ਨੂੰ ਸਦਾ ਯਾਦ ਕਰੇਗਾ। ਜ਼ਾਲਮ ਨੂੰ ਲੋਕ ਹਮੇਸ਼ਾ ਨਫਰਤ ਦੀ ਨਿਗਾਹ ਨਾਲ ਤੱਕਣਗੇ। ਅਜੇ ਵੀ ਸਮਾਂ ਹੈ, ਇਸ ਭੈੜੇ ਕਰਮ ਤੋਂ ਤੂੰ ਤੋਬਾ ਕਰ ਅਤੇ ਵਾਪਸ ਮੁੜ ਜਾਹ। ਸੈਦ ਖਾਨ ਨੇ ਭੈਣ ਨੂੰ ਉੱਤਰ ਦਿੱਤਾ, ਮੇਰੀ ਹਮਸ਼ੀਰਾਂ ਭੈਣ ਨਸੀਰਾਂ! ਭੈਣਾਂ ਹਮੇਸ਼ਾਂ ਆਪਣੇ ਭਰਾਵਾਂ ਨੂੰ ਅਸੀਸਾਂ ਦੇ ਕੇ ਉਨ੍ਹਾਂ ਦਾ ਭਲਾ ਲੋਚਦੀਆਂ ਹਨ ਪਰ ਤੂੰ ਮੈਨੂੰ ਬਦ-ਦੁਆ ਦੇ ਮੇਰਾ ਹੌਂਸਲਾ ਪਸਤ ਕਰ ਰਹੀਂ ਹੈਂ। ਭੈਣ ਨਸੀਰਾਂ ਨੇ ਉੱਤਰ ਦਿੱਤਾ ਵੀਰਨਾਂ! ਮੈਂ ਤੈਨੂੰ ਕੋਈ ਬਦ-ਦੁਆ ਨਹੀਂ ਦਿੱਤੀ ਸਗੋਂ ਤੈਨੂੰ ਬਦ-ਦੁਆ ਲੈਣ ਤੋਂ ਬਚਾਇਆ ਹੈ। ਕਲਗੀਧਰ ਜੀ ਤੇਰੇ ਤੇ ਮਿਹਰ ਦ੍ਰਿਸ਼ਟੀ ਪਾ ਕੇ ਤੈਨੂੰ ਸੋਝੀ ਦੇਣ; ਮੇਰੀ ਦੁਆ ਤਾਂ ਇਹੋ ਹੈ।

ਸੈਦ ਖਾਨ ਭੈਣ ਪਾਸੋਂ ਵਿਦਾਇਗੀ ਲੈ ਵਿਦਾ ਹੋਇਆ। ਅਗਲੇ ਹੀ ਦਿਨ ਉਸਨੇ ਆਪਣੀ ਮੁਗ਼ਲ ਫੌਜ ਜੋ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਬੈਠੀ ਸੀ, ਨੂੰ ਤਿਆਰ ਕੀਤਾ ਅਤੇ ਜੰਗ ਅਰੰਭ ਕਰ ਦਿੱਤੀ। ਸੈਦ ਖਾਨ ਨੇ ਕਲਗੀਧਰ ਜੀ ਤੇ ਆਪਣੀ ਬੰਦੂਕ ਦਾ ਨਿਸ਼ਾਨਾ ਸੇਧਿਆ ਪਰ ਕਿਸੇ ਗੈਬੀ ਸ਼ਕਤੀ ਨੇ ਉਸ ਦਾ ਨਿਸ਼ਾਨਾ ਚੁਕਾ ਦਿੱਤਾ ਸੈਦ ਖਾਨ ਹੈਰਾਨ ਸੀ ਕਿ ਅੱਜ ਤੱਕ ਮੇਰਾ ਨਿਸ਼ਾਨਾ ਕਦੀ ਚੁੱਕਿਆ ਨਹੀਂ ਪਰ ਅੱਜ ਇਹ ਕੀ ਮਾਜ਼ਰਾ ਵਰਤਿਆ? ਮੁੜ ਭੈਣ ਨਸੀਰਾਂ ਦਾ ਪੈਗਾਮੇ-ਉਪਦੇਸ਼ ਯਾਦ ਆਵੇ ਤੇ ਮਨ ਕੁਝ ਦ੍ਰਵਦਾ ਜਾਵੇ। ਸ਼ਾਮ ਤੱਕ ਘਮਸਾਨ ਦਾ ਜੰਗ ਹੋਇਆ ਦੋਵੇਂ ਧਿਰਾਂ ਜੰਮ ਕੇ ਲੜੀਆਂ, ਸੈਦ ਖਾਨ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ। ਅਗਲੇ ਦਿਨ ਮੁੜ ਜੰਗ ਅਰੰਭ ਕਰਨ ਲਈ ਦੁੱਵਲੀ ਫੌਜਾਂ ਨੇ ਤਿਆਰੀ ਕੀਤੀ। ਇਧਰ ਸੈਦ ਖਾਨ ਆਪਣੇ ਮਨ ਵਿੱਚ ਧਾਰ ਬੈਠਾ ਕਿ ਜੇ ਸਤਿਗੁਰੂ ਜੀ ਅੰਤਰਯਾਮੀ ਹਨ, ਹਰ ਦਿਲ ਦੀ ਹਕੀਕਤ ਜਾਣਦੇ ਹਨ, ਜੇ ਉਹ [1]ਖ਼ੁਦਾ-ਰਸੀਦਾ ਫ਼ਕੀਰ ਹਨ ਤਾਂ ਉਹ ਮੇਰੇ ਸਾਹਮਣੇ ਬਿਨਾਂ ਹਥਿਆਰ ਤੋਂ ਆ ਕੇ ਮੈਨੂੰ ਦਰਸ਼ਨ ਦੇਣ। ਅੰਤਰਯਾਮੀ, ਦਿਲਾਂ ਦੇ ਮਹਿਰਮ ਕਲਗੀਧਰ ਜੀ ਦੁਵੱਲੀ ਜੁੜੀਆਂ ਫੌਜਾਂ ਨੂੰ ਚੀਰਦੇ ਸਰਪਟ ਘੋੜਾ ਭਜਾ ਕੇ ਸੈਦ ਖਾਨ ਦੇ ਸਾਹਮਣੇ ਆ ਖਲੋਤੇ। ਸੈਦ ਖਾਨ ਉੱਚੀ-ਉੱਚੀ ਪੁਕਾਰਣ ਲੱਗਾ।

**ਖ਼ੁਦਾ-ਆਇਦ! ਖ਼ੁਦਾ-ਆਇਦ! ਕਿ ਮੈਂ ਆਇਦ ਖ਼ੁਦਾ ਬੰਦਹ?**

੧.ਖ਼ੁਦਾ ਤੱਕ ਪੁੱਜੇ ਹੋਏ ਹਨ।

**ਹਕੀਕਤ ਦਰ ਮਿਜ਼ਾਜ ਆਇਦ ਕਿ ਮੁਰਦਹ ਰਾ ਕੁਨੱਦ ਜ਼ਿੰਦਹ**

*(ਭਾਵ:- ਲੋਕੋ ਰਬ ਆਇਆ ਹੈ, ਰੱਬ ਆ ਰਿਹਾ ਹੈ, ਕਿ ਰੱਬ ਦਾ ਪਿਆਰਾ ਬੰਦਾ ਆਉਂਦਾ ਹੈ? ਰੱਬ ਸਥੂਲ ਜਾਮੇਂ ਵਿੱਚ ਆ ਰਿਹਾ ਹੈ ਤਾਂ ਜੋ ਮੁਰਦੇ ਨੂੰ ਜਿਵਾਲ ਸਕੇ)*

ਇਹ ਬੋਲ ਪੁਕਾਰਦਿਆਂ ਸੈਦ ਖਾਨ ਸਿਜਦੇ ਵਿੱਚ ਪੈ ਗਿਆ ਤੇ ਮੁੜ ਮੁੜ ਸਤਿਗੁਰੂ ਜੀ ਦੇ ਲਗਾਮ ਵਿੱਚ ਰੱਖੇ ਚਰਨਾਂ ਨੂੰ ਚੁੰਮਦਾ ਜਾਵੇ। ਫੌਜਾਂ ਇਹ ਕ੍ਰਿਸ਼ਮਾ ਵੇਖ ਹੈਰਾਨੀ ਨਾਲ ਮੂੰਹ ਵਿੱਚ ਉਂਗਲਾਂ ਪਾ ਕੇ ਪੱਥਰ ਦੇ ਬੁੱਤ ਬਣੀ ਇਹ ਕ੍ਰਿਸ਼ਮਾ ਵੇਖ ਰਹੀਆਂ ਸਨ। ਸੈਦ ਖਾਨ ਨੇ ਸ੍ਰੀ ਕਲਗੀਧਰ ਜੀ ਦੇ ਅੱਗੇ ਬੇਨਤੀ ਕੀਤੀ, ਸਤਿਗੁਰੂ ਜੀ ! ਮੈਂ ਹੁਣ ਆਪ ਜੀ ਦਾ ਗੁਲਾਮ ਬੰਦਾ ਹਾਂ ਮੈਨੂੰ ਹੁਕਮ ਕਰੋ, ਮੈਂ ਹੁਣ ਤੁਹਾਡੇ ਪੱਖ ਵਿੱਚ ਵੈਰੀਆਂ ਨਾਲ ਲੜਾਂ? ਪਰ ਸਤਿਗੁਰੂ ਜੀ ਨੇ ਉਸ ਨੂੰ ਮਨ੍ਹਾਂ ਕਰ ਦਿੱਤਾ ਤੇ ਹੁਕਮ ਕੀਤਾ, ਸੈਦ ਖਾਨ ! ਜਿੰਨੇਂ ਤੇਰੇ ਸੁਆਸ ਬਾਕੀ ਹਨ, ਹੁਣ ਤੂੰ ਉਨ੍ਹਾਂ ਨੂੰ ਖ਼ੁਦਾ ਦੀ ਬੰਦਗੀ ਕਰ ਕੇ ਸਫਲਾ ਕਰ। ਸਾਡੇ ਜ਼ਿੰਮੇ ਜੋ ਪ੍ਰਮਾਤਮਾਂ ਨੇ ਡਿਊਟੀ ਲਾਈ ਹੈ ਅਸੀਂ ਉਸ ਨੂੰ ਬੜੇ ਚਾਅ ਨਾਲ ਪੂਰਾ ਕਰ ਰਹੇ ਹਾਂ ਤੇ ਕਰਾਂਗੇ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:-

**ਕ੍ਰਿਪਾ ਦ੍ਰਿਸ਼ਟਿ ਤੇ ਧਰਿ ਸਿਰ ਹਾਥਾ॥**
**ਤਤ ਛਿੰਨ ਸੇਵਕ ਕੀਨੀ ਸਨਾਥਾ॥** ਗੁਰ ਪ੍ਰਤਾਪ ਸੂਰਜ ਗ੍ਰੰਥ

ਸਿੱਖ ਫੌਜਾਂ ਤੇ ਤੁਰਕ ਫੌਜਾਂ ਬੜੀਆਂ ਹੈਰਾਨ ਸਨ ਕਿ ਇਹ ਕੀ ਕੌਤਕ ਵਰਤਿਆ? ਕਿਸੇ ਨੂੰ ਕੋਈ ਸਮਝ ਨਹੀਂ ਆ ਰਹੀ ਸੀ। ਸਤਿਗੁਰੂ ਜੀ ਸੈਦ ਖਾਨ ਜਰਨੈਲ ਨੂੰ ਜੀਅ-ਦਾਨ ਬਖਸ਼ਿਸ਼ ਕਰ ਘੋੜੇ ਨੂੰ ਅੱਡੀ ਲਾ ਵੇਖਦਿਆਂ ਵੇਖਦਿਆਂ ਖ਼ਾਲਸਾ ਦਲ ਵਿੱਚ ਚਲੇ ਗਏ। ਤੁਰਕ ਫੌਜਾਂ ਦੰਗ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਨਿਹੱਥੇ ਸਾਡੇ ਦਲ ਵਿੱਚ ਆਏ ਤੇ ਸਾਡੇ ਸਰਦਾਰ ਦੇ ਸਿਰ ਪਤਾ ਨਹੀਂ ਕੀ ਧੂੜ ਗਏ ਤੇ ਸਹੀ ਸਲਾਮਤ ਵਾਪਸ ਚਲੇ ਗਏ। ਅਸੀਂ ਤਾਂ ਉਨ੍ਹਾਂ ਨੂੰ ਜਿੰਦਾ ਪਕੜਨ ਜਾਂ ਮਾਰਨ ਲਈ ਆਏ ਸਾਂ, ਇਹ ਕੀ ਹੋਇਆ? ਸੈਦ ਖਾਨ ਨੇ ਫੌਜਾਂ ਨੂੰ ਹੁਕਮ ਦਿੱਤਾ ਕਿ ਮੈਂ ਹੁਣ ਤੁਹਾਡਾ ਸਿਰਦਾਰ ਨਹੀਂ ਰਿਹਾ, ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਗ਼ੁਲਾਮ ਹੋ ਗਿਆ ਹਾਂ। ਤੁਸੀਂ ਆਪਣੀ ਮਰਜ਼ੀ ਨਾਲ ਲੜੋ ਭਾਵੇਂ ਵਾਪਸ ਚਲੇ ਜਾਵੋ। ਮੈਂ ਹੁਣ ਖ਼ੁਦਾ ਦੀ ਬੰਦਗੀ ਕਰਨ ਵਾਸਤੇ ਚੱਲਿਆ ਹਾਂ। ਕਹਿ ਕੇ ਸੈਦ ਖਾਨ ਦੁਆਬੇ ਵਿੱਚ ਦੀ ਹੁੰਦਾ ਕਾਂਗੜੇ ਦੀਆਂ ਪਹਾੜੀਆਂ ਵਿੱਚ ਨਾਮ ਲੀਨ ਹੋ ਕੰਦ ਮੂਲ ਖਾ ਕੇ ਪ੍ਰਭੂ ਬੰਦਗੀ ਵਿੱਚ ਜੁੜ ਗਿਆ ਤੇ ਸਮਾਂ ਪਾ ਕੇ ਅਨੁਭਵੀ ਪੁਰਸ਼ ਪ੍ਰਗਟ ਹੋਇਆ ਅਤੇ ਉਸੇ ਅਨੁਭਵ ਦੀ ਸੇਧ ਤੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਮਦਮੇ ਸਾਹਿਬ ਦੇ ਅਸਥਾਨ ਤੇ ਮਿਲਿਆ ਤੇ ਗੁਰੂ ਅਸੀਸਾਂ ਪ੍ਰਾਪਤ ਕੀਤੀਆਂ। ਪ੍ਰਿੰਸੀਪਲ ਸਤਬੀਰ ਸਿੰਘ ਜੀ ਦੇ ਲਿਖਣ ਅਨੁਸਾਰ ਸੈਦ ਖਾਨ ਗੁਰੂ ਸਾਹਿਬ ਜੀ ਦੇ ਨਾਲ ਨੰਦੇੜ ਤੱਕ ਨਿਭਿਆ। ਇਧਰ

ਜਦੋਂ ਪੀਰ ਬੁੱਧੂ ਸ਼ਾਹ ਤੇ ਭੈਣ ਨਸੀਰਾਂ ਨੂੰ ਇਸ ਮਾਜ਼ਰੇ ਦਾ ਪਤਾ ਚੱਲਿਆ, ਉਨ੍ਹਾਂ ਖ਼ੁਦਾ ਦਾ ਲੱਖ-ਲੱਖ ਸ਼ੁਕਰ ਮਨਾਇਆ ਕਿ ਸਤਿਗੁਰੂ ਜਾਣੀ ਜਾਣ ਨੇ ਸੈਦ ਖਾਨ ਦੀ ਕਲਿਆਣ ਕਰ ਦਿੱਤੀ ਹੈ।

ਇਥੇ ਇੱਕ ਸੈਦ ਖਾਨ ਦੀ ਗੱਲ ਨਹੀਂ, ਤੁਰਕ ਫੌਜ ਦੇ ਪ੍ਰਸਿੱਧ ਜਰਨੈਲ ਮੈਮੂ ਖਾਨ ਤੇ [੧]ਸੈਦਾ ਬੇਗ ਨੇ ਵੀ ਮਚੇ ਯੁੱਧ ਵਿੱਚ ਸਤਿਗੁਰੂ ਕਲਗੀਧਰ ਜੀ ਦੀ ਸ਼ਰਣ ਪ੍ਰਾਪਤ ਕਰ, ਗੁਰੂ ਨਦਰ ਦੇ ਪਾਤਰ ਬਣ, ਆਪਣਾ ਜਨਮ ਸਫਲਾ ਕੀਤਾ। ਇਹ ਹੈ ਨਿਰਵੈਰ ਧਰਤੀ ਅਨੰਦਪੁਰ ਸਾਹਿਬ ਜੀ ਦੀ, ਜਿੱਥੇ ਸਤਿਗੁਰਾਂ ਉੱਪਰ ਜੋ ਦੁਸ਼ਮਣ ਵੀ ਫੌਜਾਂ ਚੜ੍ਹਾ ਕੇ ਆਏ ਉਹ ਜਰਨੈਲੀਆਂ ਛੱਡ ਕੇ ਮੁਰੀਦ ਬਣ ਆਪਣਾ ਜੀਵਨ ਸਫਲਾ ਕਰ ਗਏ।

ਜੇ ਗੁਰੂ ਦੀ ਦ੍ਰਿਸ਼ਟੀ ਮੁਗਲ-ਦੁਸ਼ਮਣਾਂ ਨੂ ਸਿੱਖੀ ਦਾ ਦਾਨ ਪ੍ਰਦਾਨ ਕਰ ਸਕਦੀ ਹੈ। ਹੇ ਗੁਰੂ ਕੇ ਸਿੱਖਾ ! ਤੂੰ ਤਾਂ ਆਪਣੇ ਆਪ ਨੂੰ ਗੁਰੂ ਕਾ ਸਿੱਖ ਕਹਿਲਾਉਂਦਾ ਹੈਂ। ਸਮਾਂ ਹੈ, ਗੁਰੂ ਦੀ ਸ਼ਰਣ ਵਿੱਚ ਪੈ ਕੇ ਗੁਰੂ ਅਸੀਸਾਂ ਪ੍ਰਾਪਤ ਕਰ। ਸਤਿਗੁਰੂ ਜੀ ਤਾਂ ਇੰਨੇ ਕ੍ਰਿਪਾਲੂ ਹਨ ਕਿ ਵੈਰੀ-ਦੁਸ਼ਮਣਾਂ ਨੂੰ ਇੱਕ ਪਲਕ ਵਿੱਚ ਆਪਣੀ ਮਿਹਰ ਦ੍ਰਿਸ਼ਟੀ ਨਾਲ ਨਿਹਾਲੋ-ਨਿਹਾਲ ਕਰ ਦਿੰਦੇ ਹਨ। ਤੂੰ ਨਾਮ ਧਰੀਕ ਸਿੱਖ ਨਾ ਅਖਵਾ, ਸੱਚੇ ਦਿਲੋਂ ਸਤਿਗੁਰੂ ਜੀ ਪਾਸੋਂ ਸਿੱਖੀ ਦੀ ਦਾਤ ਦੀ ਜਾਚਨਾ ਕਰਕੇ ਸੱਚਾ ਸਿੱਖ ਬਣ ਤੇ ਪੁਕਾਰ ਕੇ ਕਹਿ, ਸਤਿਗੁਰੂ ਜੀ !

ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥
ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥
ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥੨॥
ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥
ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥੩॥
ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ
ਪਾਇਆ ਪਦੁ ਨਿਰਬਾਣੀ ॥੪॥੪॥੧੨੫॥ ਮ:੫, ਅੰਗ:੨੦੬

ਸਤਿਗੁਰੂ ਜੀ ਜਿਸ ਨੂੰ ਸਿੱਖੀ ਪ੍ਰਦਾਨ ਕਰ ਦਿੰਦੇ ਹਨ, ਉਸ ਦਾ ਲੋਕ ਵੀ ਸੁਖੀ, ਪ੍ਰਲੋਕ ਵੀ ਸੁਹੇਲਾ ਹੋ ਜਾਂਦਾ ਹੈ। ਸੰਸਾਰ ਅੰਦਰ ਗੁਰਸਿੱਖੀ ਦੀ ਦਾਤ ਨਾਲੋਂ ਹੋਰ ਕੋਈ ਵਡਮੁੱਲੀ ਦਾਤ ਨਹੀਂ। ਮਾਇਆ ਤੇ ਕਲਯੁਗ ਦੇ ਪ੍ਰਭਾਵ ਕਾਰਣ "ਸਿੱਖੀ-ਦਾਤ" ਦੀ ਅੱਜ ਦਾ ਨੌਜਵਾਨ ਕਦਰ ਨਹੀਂ ਪਾ ਰਿਹਾ ਕਿਉਂਕਿ ਪਰਖ ਅਤੇ ਨਿਰਣਾ ਕਰਨ ਵਾਲੀ

੧.ਸੈਦਾ ਬੇਗ ਗੁਰੂ ਕੀ ਫੌਜ ਵਿੱਚ ਸ਼ਾਮਲ ਹੋ ਕੇ ਵੱਡੇ ਯੁਧਾਂ ਵਿੱਚ ਦੁਸ਼ਮਣਾਂ ਨਾਲ ਲੜਿਆ ਸੀ। ਸਤਿਗੁਰੂ ਜੀ ਨੇ ਇਸ ਦੀ ਬਹਾਦਰੀ ਤੇ ਪ੍ਰਸੰਨ ਹੋ ਨਾਮ ਦੀ ਦਾਤ ਪ੍ਰਦਾਨ ਕੀਤੀ।

ਅਕਲ ਨਹੀਂ। ਤਦ ਹੀ ਬਾਬਾ ਕਬੀਰ ਜੀ ਨੇ ਫੁਰਮਾਨ ਕੀਤਾ ਸੀ, ਪਰਖ ਵਾਲੀ ਅੱਖ ਤੋਂ ਬਿਨਾਂ ਹੀਰਾ ਵੀ ਕੌਡੀਆਂ ਦੇ ਮੁੱਲ ਚਲਾ ਜਾਂਦਾ ਹੈ। ਬਾਬਾ ਕਬੀਰ ਜੀ ਦਾ ਬੜਾ ਕੀਮਤੀ ਬਚਨ ਹੈ:-

**ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥**
**ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥੧੫੪॥** ਅੰਗ:੧੩੭੨

ਜੋਦੜੀ ਕਰੀਏ ਕਿ ਸਤਿਗੁਰੂ ਸਾਨੂੰ ਗੁਰਸਿੱਖੀ ਦੀ ਪਾਰਖੂ ਅੱਖ ਬਖਸ਼ਿਸ਼ ਕਰ ਦੇਣ। ਪਾਰਖੂ ਅੱਖ ਮਿਲੀ ਸੀ ਭਾਈ ਤਾਰੂ ਸਿੰਘ ਜੀ ਨੂੰ, ਜਿਨ੍ਹਾਂ ਨੇ, ਮਾਇਆ, ਰਾਜ-ਭਾਗ, ਸੰਸਾਰ ਦੇ ਸੁਖ-ਅਰਾਮ ਨੂ ਲੱਤ ਮਾਰ ਕੇ ਪਿਆਰੀ ਗੁਰਸਿੱਖੀ ਨੂੰ ਕੀਮਤੀ ਜਾਣ, ਸਿੱਖੀ ਸਾਬਤ ਰੱਖਣ ਵਾਸਤੇ, ਆਪਣੀ ਖੋਪਰੀ ਲੁਹਾ ਦਿੱਤੀ ਪਰ ਸਿੱਖੀ ਨੂੰ ਆਂਚ ਨਹੀਂ ਆਉਣ ਦਿੱਤੀ। ਸਿੱਖੀ ਦੀ ਪਰਖ ਕਰਨ ਦੀ ਅੱਖ ਪਰਮਾਤਮਾਂ ਨੇ ਦਿੱਤੀ ਸੀ, ਭਾਈ ਸ਼ਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਜੀ ਨੂੰ; ਜਿਨ੍ਹਾਂ ਪਿਉ-ਪੁੱਤਰ ਨੇ ਨਵਾਬੀਆਂ ਨੂੰ ਤੇ ਸੰਸਾਰ ਦੇ ਸੁੱਖਾਂ ਨੂੰ ਜੁੱਤੀ ਦੀ ਨੋਕ ਨਾਲ ਠੁਕਰਾ ਕੇ, ਪਿਆਰੀ ਸਿੱਖੀ ਨੂੰ ਸਾਬਤ ਸੂਰਤ ਨਿਭਾਉਣ ਵਾਸਤੇ ਚਰਖੜੀਆਂ ਤੇ ਚੜ੍ਹ ਆਪਣੇ ਆਪ ਨੂੰ ਤੂੰਬਾ-ਤੂੰਬਾ ਕਰਵਾ ਲਿਆ ਪਰ ਅਮੋਲਕ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾ ਸਦਾ ਲਈ ਅਮਰ ਹੋ ਗਏ।

ਐ ਨੌਜਵਾਨ! ਅੱਜ ਜਿਸ ਪਾਵਨ ਅਸਥਾਨ ਦੀ ਚਰਨ-ਧੂੜੀ ਮਸਤਕ ਨੂੰ ਲਾਉਣ ਲਈ, ਜਿਸ ਧਰਤ ਨੂੰ ਸਿਜਦਾ ਕਰਨ ਲਈ ਤੂੰ ਸ੍ਰੀ ਅਨੰਦਪੁਰ ਸਾਹਿਬ ਪੁੱਜਾ ਹੈਂ, ਇੱਥੇ ਗੁਰਸਿੱਖੀ ਦੀ ਦਾਤ ਪੰਜਾਂ ਪਿਆਰਿਆਂ ਨੇ ਸਿਰ ਦੇ ਕੇ ਕਲਗੀਧਰ ਜੀ ਪਾਸੋਂ ਪ੍ਰਾਪਤ ਕੀਤੀ ਸੀ, ਤੂੰ ਵੀ ਕਰ ਉੱਦਮ, ਬਿਨਾਂ ਮੁੱਲ ਤਾਰੇ ਸਤਿਗੁਰੂ ਜੀ ਪਾਸੋਂ ਗੁਰਸਿੱਖੀ ਪ੍ਰਾਪਤ ਕਰ ਤੇ ਆਪਣਾ ਜਨਮ ਸਫਲਾ ਕਰਕੇ, ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਵਾਧੇ ਵਿੱਚ ਪ੍ਰਾਪਤ ਕਰ। ਸਤਿਗੁਰੂ ਰਾਮਦਾਸ ਜੀ ਫੁਰਮਾਨ ਕਰਦੇ ਹਨ ਕਿ ਸਾਰਿਆਂ ਨਾਲੋਂ ਵੱਡੇ ਭਾਗ ਉਨ੍ਹਾਂ ਗੁਰਸਿਖਾਂ ਦੇ ਹਨ, ਜੋ ਗੁਰੂ ਦੀ ਸ਼ਰਣ ਨੂੰ ਗ੍ਰਹਿਣ ਕਰ ਕੇ ਗੁਰੂ ਰਹਿਮਤ ਪ੍ਰਾਪਤ ਕਰ ਲੈਂਦੇ ਹਨ। ਸਾਹਿਬਾਂ ਦਾ ਫੁਰਮਾਨ ਹੈ:-

**ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥੧੮॥**

ਸੋਰਠਿ ਕੀ ਵਾਰ ਮ: ੪, ਅੰਗ: ੬੪੯

ਇਸ ਲਈ ਹਰ ਨਾਮ ਧਰੀਕ ਗੁਰਸਿੱਖ ਨੂੰ ਗੁਰੂ ਸ਼ਰਣ ਗ੍ਰਹਿਣ ਕਰ, ਸਿੰਘ ਸੱਜ, ਵਡਭਾਗੀ ਬਣ ਜਾਣਾ ਚਾਹੀਦਾ ਹੈ। ਗੁਰੂ ਸ਼ਰਣ ਪ੍ਰਾਪਤ ਕਰਨ ਦੀ ਰੀਤ ਕਲਗੀਧਰ ਸਤਿਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਦਰਸਾਈ ਤੇ ਬਖਸ਼ਿਸ਼ ਕੀਤੀ ਹੈ। ਜੋ ਗੁਰੂ ਸ਼ਰਣ ਪ੍ਰਾਪਤ ਕਰ ਕੇ ਗੁਰੂ ਵਾਲਾ ਬਣ ਜੀਵਨ ਬਤੀਤ ਕਰਦਾ ਹੈ, ਸਤਿਗੁਰੂ ਜੀ ਉਸ ਨੂੰ ਕਿੰਨੀਆਂ ਬਖਸ਼ਿਸ਼ਾਂ ਨਾਲ ਨਿਵਾਜਦੇ ਹਨ, ਭੱਟਾਂ ਦੀ ਜੁਬਾਨੀ ਸ੍ਰਵਣ ਕਰੀਏ:-

ਹੇ ਸੰਸਾਰ ਦੇ ਲੋਕੋ! ਗੁਰੂ ਦੀ ਸ਼ਰਣ ਵਿੱਚ ਆਉਣ ਤੋਂ ਪਹਿਲੇ ਜਦੋਂ ਅਸੀਂ ਅਜੇ

ਨਾਮ ਵਿਹੂਣੇ ਸਾਂ, ਸਾਡਾ ਜੀਵਨ ਇੱਕ ਕੱਚ ਦੇ ਸਮਾਨ ਸੀ। ਜਦੋਂ ਅਸੀਂ ਸਤਿਗੁਰੂ ਦੀ ਸ਼ਰਣ ਨੂੰ ਪ੍ਰਾਪਤ ਕਰਕੇ ਨਾਮ ਦੀ ਦਾਤ ਦੇ ਅਧਿਕਾਰੀ ਬਣ ਗਏ, ਉਹੋ ਸਾਡਾ ਕੱਚ ਸਮਾਨ ਜੀਵਨ ਕੰਚਨ[1] ਵਰਗਾ ਬਣ ਗਿਆ। ਸਾਡਾ ਪਹਿਲਾ, ਗੁਰੂ ਅਤੇ ਨਾਮ ਵਿਹੂਣਾ ਜੀਵਨ ਇੱਕ ਜ਼ਹਿਰ ਸਮਾਨ ਸੀ। ਦਿਨ ਰਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਸੰਸਾਰਕ ਵਾਸ਼ਨਾਵਾਂ ਦੀ ਬਿੱਖ ਨਾਲ ਨੱਕੋ-ਨੱਕ ਭਰਿਆ ਹੋਇਆ ਸੀ। ਗੁਰੂ ਵਾਲੇ ਬਣਨ ਅਤੇ ਨਾਮ-ਜਪ ਦੀ ਕਮਾਈ ਨਾਲ ਹੁਣ ਸਾਡਾ ਜੀਵਨ ਅੰਮ੍ਰਿਤਮਈ ਨਾਮ ਰਸ ਵਾਲਾ ਬਣ ਗਿਆ ਹੈ। ਪਹਿਲਾਂ, ਨਾਮ ਵਿਹੂਣਾ ਸਾਡਾ ਜੀਵਨ ਇੱਕ ਲੋਹੇ ਸਮਾਨ ਸੀ, ਪਰ ਗੁਰੂ ਦੀ ਬਖਸ਼ਿਸ਼ ਅਤੇ ਨਾਮ ਦੀ ਬਰਕਤ ਨਾਲ ਹੁਣ ਸਾਡਾ ਜੀਵਨ ਬੇਸ਼-ਕੀਮਤੀ ਲਾਲ ਦੀ ਨਿਆਈਂ ਬਣ ਗਿਆ ਹੈ। ਪਹਿਲਾਂ ਜੀਵਨ ਇੱਕ ਸਧਾਰਨ ਪੱਥਰ ਦੀ ਤਰ੍ਹਾਂ ਸੀ ਪਰ ਗੁਰੂ ਦੇ ਬਖਸ਼ਿਸ਼ ਕੀਤੇ ਨਾਮ ਗਿਆਨ ਦੀ ਬਰਕਤ ਸਦਕਾ ਹੁਣ ਵਾਲਾ ਜੀਵਨ ਸੁੱਚੇ ਮੋਤੀ ਸਮਾਨ ਬਣ ਗਿਆ ਹੈ। ਸਤਿਗੁਰੂ ਨੇ ਰਹਿਮਤ ਕਰਕੇ, ਸਾਡੇ ਨਾਮ ਵਿਹੂਣੇ ਜੀਵਨ ਨੂੰ ਜੋ ਇੱਕ ਸਾਧਾਰਨ ਲੱਕੜ ਸਮਾਨ ਸੀ, ਨਾਮ ਦੀ ਦਾਤ ਬਖਸ਼ਿਸ਼ ਕਰਕੇ, ਚੰਦਨ ਵਰਗਾ ਬਣਾ ਦਿੱਤਾ ਹੈ। ਗੁਰੂ ਦੀ ਰਹਿਮਤ ਨਾਲ ਅਤੇ ਨਾਮ-ਜਪ ਦੀ ਬਦੌਲਤ ਸਾਡੇ ਜੀਵਨ ਦੇ ਸਾਰੇ ਦੁੱਖ ਦਰਿੱਦਰ ਦੂਰ ਹੋ ਗਏ ਹਨ। ਭੱਟ ਜਨ ਫੁਰਮਾਨ ਕਰਦੇ ਹਨ ਕਿ ਸਾਡਾ ਤਜਰਬਾ ਹੈ ਕਿ ਜਿਹੜਾ-ਜਿਹੜਾ ਵੀ ਗੁਰੂ ਦੇ ਚਰਨਾਂ ਨੂੰ ਪਰਸ ਲੈਂਦਾ ਹੈ, ਗੁਰੂ ਨੂੰ ਆਪਾ ਸਮਰਪਿਤ ਕਰ ਦਿੰਦਾ ਹੈ। ਆਪਾ ਸਮਰਪਤੀ ਉੱਤੇ ਤਰੁੱਠ ਕੇ ਜਿਸ ਨੂੰ ਗੁਰੂ ਨਾਮ ਦੀ ਦਾਤ ਬਖਸ਼ਿਸ਼ ਕਰ ਦਿੰਦਾ ਹੈ, ਉਸ ਦੀ ਪਸ਼ੂਆਂ ਵਰਗੀ, ਪ੍ਰੇਤਾਂ ਵਰਗੀ ਬਿਰਤੀ ਬਦਲ ਜਾਂਦੀ ਹੈ। ਸਤਿਗੁਰੂ ਉਸਨੂੰ ਸ੍ਰੇਸ਼ਟ ਮਨੁੱਖਾਂ ਵਾਲੀ ਅਤੇ ਦੇਵਤਿਆਂ ਵਾਲੀ ਬੁੱਧੀ ਬਖਸ਼ਿਸ਼ ਕਰ ਦਿੰਦਾ ਹੈ। ਪੜ੍ਹੀਏ ਭੱਟਾਂ ਦਾ ਨਿੱਜੀ ਅਨੁਭਵ, ਗੁਰੂ ਦੇ ਬਖਸ਼ਿਸ਼ ਕੀਤੇ ਨਾਮ ਵਿੱਚ ਕਿੰਨੀ ਬਰਕਤ ਹੈ-

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥
ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥੨॥

ਸਵਈਏ ਮਹਲੇ ੪ ਕੇ (ਪੰਨਾ : ੧੩੯੯)

ਜੇ ਭੱਟ ਜਨ ਕੱਚ ਤੋਂ ਕੰਚਨ, ਜ਼ਹਿਰ ਤੋਂ ਅੰਮ੍ਰਿਤ, ਲੋਹੇ ਤੋਂ ਲਾਲ, ਪੱਥਰ ਤੋਂ ਮੋਤੀ, ਲੱਕੜ ਤੋਂ ਚੰਦਨ ਬਣ ਕੇ ਆਪਣੇ ਸਾਰੇ ਦੁੱਖ ਦਰਿਦ੍ਰ ਦੂਰ ਕਰ ਸਕਦੇ ਹਨ। ਹੇ ਗੁਰੂ ਦੇ ਸਿੱਖ ਅਖਵਾਉਣ ਵਾਲੇ! ਤੂੰ ਵੀ ਗੁਰੂ ਵਾਲਾ ਬਣ ਕੇ ਸਤਿਗੁਰੂ ਜੀ ਪਾਸੋਂ ਅਜਿਹੀਆਂ ਦਾਤਾਂ ਪ੍ਰਾਪਤ ਕਰ ਕੇ ਆਪਣਾ ਲੋਕ ਪ੍ਰਲੋਕ ਸਵਾਰ ਲੈ।

# ੨੦
# ਪਰ-ਪਤ ਦੀ ਰਖਵਾਲੀ ਧਰਤ ਅਨੰਦਪੁਰ ਦੀ

ਮੁਗਲਾਂ ਦੇ ਜੋਰ-ਜ਼ੁਲਮ ਅਤੇ ਧੱਕੇ ਨੂੰ ਲਿਖਣ ਲੱਗਿਆਂ ਕਲਮ ਥਿੜਕਦੀ ਹੈ ਅਤੇ ਦਿਲ ਕੰਬਦਾ ਹੈ। ਜ਼ਾਲਮਾਂ ਨੇ ਰਾਜ-ਮਦ ਅਧੀਨ ਮਨੁੱਖਤਾ ਉੱਪਰ ਜਬਰ ਤੇ ਧੱਕਾ ਕਰਕੇ ਜਾਨਵਰਾਂ ਤੇ ਦਰਿੰਦਿਆਂ ਨੂੰ ਵੀ ਪਛਾੜ ਦਿੱਤਾ। ਦਰਿੰਦਿਆਂ ਨੂੰ ਤਾਂ ਗਿਆਨ ਕੋਈ ਨਹੀਂ ਪਰ ਮਨੁੱਖ ਜਾਮੇਂ ਨੂੰ ਗਿਆਨ ਹੋਣ ਦੇ ਬਾਵਜੂਦ ਮਨੁੱਖ ਨੇ ਮਨੁੱਖ ਨਾਲ ਪਸ਼ੂਆਂ ਨਾਲੋਂ ਵੀ ਵਧੇਰੇ ਭੈੜਾ ਵਰਤਾਉ ਕੀਤਾ। ਜਿਨ੍ਹਾਂ ਕਾਰਨਾਮਿਆਂ ਨੂੰ ਵੇਖ ਸੁਣ, ਸਿਆਣਾ ਮਨੁੱਖ ਸੋਚਣ ਤੇ ਮਜ਼ਬੂਰ ਹੋ ਜਾਂਦਾ ਹੈ ਕਿ ਵਾਕਿਆ ਹੀ ਅਜਿਹੇ ਨੀਚ ਕਰਮ ਕਰਨ ਵਾਲੇ ਵੀ ਮਨੁੱਖ ਹੀ ਹੋਣਗੇ? ਵੇਖਣ ਨੂੰ ਤਾਂ ਉਹ ਭਾਵੇਂ ਮਨੁੱਖ ਜਾਮੇਂ ਵਿੱਚ ਵਿਚਰਦੇ ਸਨ ਪਰ ਗੁਰਦੇਵ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਕਰਮਾਂ ਕਰਕੇ ਉਹ ਬਿਨਾਂ ਪੂਛ ਤੇ ਸਿੰਗਾਂ ਤੋਂ ਪਸ਼ੂ ਹੀ ਸਨ ਕਿਉਂਕਿ ਉਨ੍ਹਾਂ ਦੇ ਕਰਮ ਕਰਤੂਤ ਪਸ਼ੂਆਂ ਬਰਾਬਰ ਸੀ, "**ਕਰਤੂਤਿ ਪਸੂ ਕੀ ਮਾਨਸ ਜਾਤ**" ਦੇ ਉਹ ਧਾਰਨੀ ਸਨ।

ਅਜਿਹੇ ਨੀਚ ਕਰਮੀਂ ਜਦੋਂ ਇਨਸਾਨੀਅਤ ਜਾਮੇਂ ਅੰਦਰ ਹੈਵਾਨੀਅਤ ਦੇ ਕਰਮ ਕਰਨ ਲੱਗ ਜਾਣ ਫਿਰ ਕੁਦਰਤ ਉਸ ਦਾ ਅੰਤ ਕਰਨ ਵਾਸਤੇ ਕਲਗੀਧਰ ਜੀ ਵਰਗੇ ਜੋਧ-ਮਹਾਬਲ-ਸੂਰ ਜੀ ਨੂੰ ਧਰਤੀ ਦਾ ਭਾਰ ਹਰਨ, ਨੀਚ ਕਰਮੀਆਂ ਦਾ ਸੰਘਾਰ ਤੇ ਸੰਤਾਂ ਦਾ ਉਬਾਰ ਕਰਨ ਵਾਸਤੇ ਭੇਜਦੀ ਹੈ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਕਲਮ ਨਾਲ ਆਪਣਾ ਇਸ ਸੰਸਾਰ ਵਿੱਚ ਪ੍ਰਗਟ ਹੋਣ ਦਾ ਮੰਤਵ ਲਿਖਿਆ ਹੈ:-

**ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥**
**ਜਹਾ ਤਹਾ ਤੁਮ ਧਰਮ ਬਿਥਾਰੋ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥**
**ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥**
**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨਿ॥੪੩॥**

ਬਚਿੱਤਰ ਨਾਟਕ, ਅ:੬

ਸਾਰੇ ਹਿੰਦੁਸਤਾਨ ਵਿੱਚ ਹੀ ਹੈਵਾਨੀਅਤ-ਆਚਰਣਹੀਣਤਾ ਦਾ ਅਜਿਹਾ ਵਰਤਾਰਾ ਮੁਗ਼ਲ ਵਰਤਾ ਰਹੇ ਸਨ, ਪਰਜਾ ਬੇਵੱਸੀ, ਗੈਰਤਹੀਣ ਹੋ ਜਾਣ ਕਰਕੇ ਮੁਗਲਾਂ ਦੇ ਹਰ

ਜ਼ੁਲਮ ਨੂੰ ਛਾਤੀ ਤੇ ਪੱਥਰ ਰੱਖ ਕੇ ਸਹਿਣ ਕਰਨ ਵਿੱਚ ਹੀ ਆਪਣੀ ਗਨੀਮਤ ਸਮਝਦੀ ਸੀ।

ਅਨੰਦਪੁਰ ਦੀ ਧਰਤੀ ਤੋਂ ੪੫ ਕੁ ਮੀਲ ਦੀ ਵਿੱਥ ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਬਿਲਕੁਲ ਨਜ਼ਦੀਕ ਇੱਕ ਪਠਾਣ ਬੱਸੀ ਕਲਾਂ ਵਿੱਚ ਰਹਿੰਦਾ ਸੀ ਜੋ ਬਾਈ ਬੱਸੀਆਂ ਦਾ ਹਾਕਮ ਸੀ। ਜਿਸ ਦਾ ਨਾਉਂ ਜਾਬਰ ਖਾਂ ਸੀ ਤੇ ਸੀ ਵੀ ਉਹ ਜਬਰ ਦਾ ਨਮੂਨਾ। ਉਹ ਹਿੰਦੂ ਲੜਕੀਆਂ ਦੇ ਸਤ ਤੋੜਦਾ ਸੀ, ਜਿਸ ਨੂੰ ਜੀ ਚਾਹੇ ਪਕੜ ਕੇ ਆਪਣੇ ਹਰਮਾਂ ਵਿੱਚ ਲੈ ਆਉਂਦਾ, ਹਿੰਦੂਆਂ ਦੀ ਨਵ-ਵਿਆਹੀ ਬਹੂ ਦਾ ਡੋਲਾ ਉਹ ਪਹਿਲਾਂ ਆਪਣੇ ਘਰ ਰੱਖਦਾ ਸੀ। ਜੇ ਕੋਈ ਪਰਜਾ ਵਿੱਚੋਂ ਉਸ ਦੇ ਅੱਗੇ ਹੀਲ-ਹੁੱਜਤ ਕਰਦਾ, ਜਾਬਰ ਖਾਂ ਜਾਂ ਤਾਂ ਉਸ ਨੂੰ ਜਾਨੋਂ ਮਰਵਾ ਦਿੰਦਾ ਜਾਂ ਫਿਰ ਉਸ ਨੂੰ ਇੰਨੀਂ ਸਖਤ ਸਜ਼ਾ ਦਿੰਦਾ ਕਿ ਜਿਨ੍ਹਾਂ ਸਜਾਵਾਂ ਨੂੰ ਵੇਖ ਸੁਣ ਕੇ ਬਾਕੀ ਪਰਜਾ ਵੀ ਤ੍ਰਾਹ-ਤ੍ਰਾਹ ਕਰਦੀ ਸੀ। ਕਲਗੀਧਰ ਪਾਤਸ਼ਾਹ ਜੀ ਦੇ ਕੰਨਾਂ ਵਿੱਚ ਵੀ ਇਸ ਮੰਦ-ਕਰਮੀਂ ਦੇ ਮੰਦ-ਕੰਮਾਂ ਦੀ ਸੋਅ ਪਈ।

ਸ੍ਰੀ ਅਨੰਦਪੁਰ ਸਾਹਿਬ ਜੀ ਦੇ ਪਾਵਨ ਅਸਥਾਨ ਤੇ ਕਲਗੀਧਰ ਪਾਤਸ਼ਾਹ ਜੀ ਦੇ ਸਨਮੁੱਖ ਸੰਗਤਾਂ ਦਾ ਦਰਬਾਰ ਸੱਜਿਆ ਹੋਇਆ ਸੀ। ਰਾਗੀ ਸਿੰਘ ਕੀਰਤਨ ਕਰਕੇ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜ ਰਹੇ ਸਨ। ਸੰਗਤਾਂ ਕੀਰਤਨ ਦਾ ਅਨੰਦ ਮਾਣ ਰਹੀਆਂ ਸਨ। ਸੰਗਤਾਂ ਦੀ ਆਵਾਜਾਈ ਚੱਲ ਰਹੀ ਸੀ। ਉਸ ਸਮੇਂ ਇੱਕ ਪੰਡਤ ਜਿਸ ਦਾ ਨਾਉਂ [1]ਦੇਵੀ ਦਾਸ ਬ੍ਰਾਹਮਣ, ਜੇਜੋਂ ਨਗਰ ਦੇ ਰਹਿਣ ਵਾਲਾ ਗਲ ਵਿੱਚ ਪੱਲਾ ਪਾ, ਮੂੰਹ ਵਿੱਚ ਘਾਹ ਲੈ ਜਾਰੋ ਜਾਰ ਰੋਂਦਾ ਸਤਿਗੁਰਾਂ ਦੇ ਚਰਨਾਂ ਵਿੱਚ ਆ ਹਾਜ਼ਰ ਹੋਇਆ। ਡੰਡਉਤ ਕਰ, ਗੁਰੂ ਚਰਨਾਂ ਵਿੱਚ ਅਰਜ਼ ਗੁਜਾਰੀ, ਪਾਤਸ਼ਾਹ! ਮੈਂ ਗਰੀਬ ਦਾ ਸੰਸਾਰ ਵਿੱਚ ਕੋਈ ਵਾਲੀ-ਵਾਰਸ ਨਹੀਂ। ਜਿਹੜੇ ਸੱਜਣ ਮੇਰੇ ਨਾਲ ਬਰਾਤੀ ਗਏ ਸਨ ਉਹ ਵੀ ਜਾਬਰ ਖਾਂ ਦੀ ਕਰੋਪੀ ਤੋਂ ਡਰਦੇ ਭੱਜ ਗਏ। ਮੈਨੂੰ ਵੀ ਜਾਬਰ ਦੇ ਸਿਪਾਹੀਆਂ ਨੇ ਮਾਰ ਕੁੱਟ ਕਰ ਅਧਮੋਇਆ ਕਰ ਸੁੱਟਿਆ ਤੇ ਮੇਰੀ ਪਤਨੀ ਜੋ ਮੈਂ ਵਿਆਹ ਕੇ ਆਪਣੇ ਘਰ ਲਿਜਾ ਰਿਹਾ ਸਾਂ ਉਸ ਨੂੰ ਜਾਬਰ ਖਾਂ ਜਬਰੀ ਆਪਣੇ ਮਹਿਲਾਂ ਵਿੱਚ ਲੈ ਗਿਆ ਹੈ। ਮੇਰੀਆਂ ਅੱਖਾਂ ਅੱਗੇ ਹਰ ਪਾਸੇ ਹਨ੍ਹੇਰਾ ਹੀ ਹਨ੍ਹੇਰਾ ਹੈ। ਮੈਂ ਆਪਦੇ ਦਰਬਾਰ ਵਿੱਚ ਪੁਕਾਰ ਤੇ ਆਸਾ ਲੈ ਕੇ ਹਾਜ਼ਰ ਹੋਇਆ ਹਾਂ ਕਿਉਂਕਿ ਆਪ ਜੀ ਤੋਂ ਬਿਨਾਂ, ਇਸ ਦੁਨੀਆਂ ਵਿੱਚ ਹੋਰ ਕੋਈ ਦੁੱਖ ਹਰਨ ਵਾਲਾ ਮੈਨੂੰ ਦਿਸ ਨਹੀਂ ਰਿਹਾ। ਆਪ ਜੀ ਮਿਹਰ ਕਰੋ ਮੇਰੀ ਪੰਡਤਾਣੀ ਜਾਬਰ ਖਾਂ ਪਾਸੋਂ ਵਾਪਸ ਦੁਆ ਦੇਵੋ।

ਸਤਿਗੁਰੂ ਕਲਗੀਧਰ ਜੀ ਨੇ ਪੁੱਛਿਆ ਤੁਸੀਂ ਗਿਣਤੀ 'ਚ ਕਿੰਨੇ ਕੁ ਸਉ?

੧.ਕਈ ਇਤਿਹਾਸਕਾਰਾਂ ਨੇ ਉਸ ਦਾ ਨਾਮ ਪਰਸਰਾਮ ਵੀ ਲਿਖਿਆ ਹੈ।

ਪੰਡਤ ਦੇਵੀਦਾਸ ਕਹਿਣ ਲੱਗਾ, ਪਾਤਸ਼ਾਹ! ਅਸੀਂ ਪੰਜਾਹ ਸੱਠ ਮੂਰਤੀਆਂ ਸਾਂ। ਤੇ ਉਹ ਮੁਗਲ ਕਿੰਨੇ ਸਨ? ਦੇਵੀ ਦਾਸ ਨੇ ਉੱਤਰ ਦਿੱਤਾ ਗਰੀਬ ਨਿਵਾਜ਼ ਪਾਤਸ਼ਾਹ! ਉਹ ਅੱਠ-ਦਸ ਪਠਾਣ ਸਨ। ਸਤਿਗੁਰੂ ਮੁਸਕ੍ਰਾਏ ਤੇ ਪੰਡਤ ਨੂੰ ਕਹਿਣ ਲੱਗੇ, ਪੰਡਤ ਜੀ! ਤੁਸੀਂ ਵਾਕਿਆ ਹੀ ਮੂਰਤਾਂ ਨੂੰ ਪੂਜ-ਪੂਜ ਕੇ ਮੂਰਤਾਂ ਹੀ ਬਣ ਗਏ ਹੋ। ਤੁਹਾਡੇ ਵਿੱਚ ਇਸੇ ਕਰਕੇ ਅਣਖ ਤੇ ਗੈਰਤ ਮਰ ਗਈ ਹੈ, ਨਹੀਂ ਤੇ ਤੁਸੀਂ ਸੱਠ ਜਾਣੇ, ਉਹ ਦਸ ਜਾਣੇ, ਕੀ ਤੁਸੀਂ ਛੇ-ਛੇ ਵੀ ਇੱਕ ਦਾ ਮੁਕਾਬਲਾ ਨਹੀਂ ਕਰ ਸਕੇ? ਪੰਡਤ ਦੇਵੀ ਦਾਸ ਕਹਿਣ ਲੱਗਾ, ਸਤਿਗੁਰੂ! ਜਦੋਂ ਅਸੀਂ ਕਿਸੇ ਇੱਕ ਮੁ.ਗ਼ਲ ਨੂੰ ਵੀ ਦੂਰੋਂ ਵੇਖ ਲੈਂਦੇ ਹਾਂ ਤਾਂ ਅਸੀਂ ਸਿਰ ਤੋਂ ਪੈਰਾਂ ਤੱਕ ਪਸੀਨੇ ਨਾਲ ਭਰ ਕੇ ਕੰਬਣ ਲੱਗ ਜਾਂਦੇ ਹਾਂ। ਉਨ੍ਹਾਂ ਦਾ ਰਾਜ ਹੈ, ਅਸੀਂ ਗ਼ੁਲਾਮ ਹਾਂ; ਮਨ ਵਿੱਚ ਭੈ ਹੁੰਦਾ ਹੈ ਕਿ ਪਤਾ ਨਹੀਂ ਪਠਾਣ ਕੀ ਕਰੇਗਾ?

ਸ੍ਰੀ ਕਲਗੀਧਰ ਪਿਤਾ ਜਲਾਲ ਵਿੱਚ ਆਏ ਤੇ ਪੰਡਤ ਨੂੰ ਹੁਕਮ ਦਿੱਤਾ ਕਿ ਤੂੰ ਲੰਗਰ 'ਚੋਂ ਪ੍ਰਸ਼ਾਦਾ ਛਕ ਤੇ ਅਰਾਮ ਕਰ। ਸਤਿਗੁਰੂ ਜੀ ਨੇ ਨਜ਼ਦੀਕ ਖਲੋਤੇ ਸਿੱਖ ਨੂੰ ਹੁਕਮ ਕੀਤਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਛੇਤੀ ਸਾਡੇ ਸਨਮੁੱਖ ਬੁਲਾ ਕੇ ਲਿਆਉ। ਕੁਝ ਹੀ ਸਮੇਂ ਵਿੱਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਸਾਹਿਬਾਂ ਦੇ ਚਰਨਾਂ ਵਿੱਚ ਆ ਖਲੋਤੇ। ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਹੱਥ ਜੋੜ ਬੇਨਤੀ ਕੀਤੀ, ਪਿਤਾ ਜੀ! ਕੀ ਹੁਕਮ ਹੈ? ਸਤਿਗੁਰੂ ਕਲਗੀਧਰ ਜੀ, ਬਾਬਾ ਅਜੀਤ ਸਿੰਘ ਜੀ ਨੂੰ ਕਹਿਣ ਲੱਗੇ, ਬੇਟਾ ਅਜੀਤ ਸਿੰਘ! ਦੇਵੀ ਦਾਸ ਪੰਡਤ ਗੁਰੂ ਘਰ ਵਿੱਚ ਫਰਿਆਦੀ ਹੋਇਆ ਹੈ, ਉਸ ਦੀ ਨਵ-ਵਿਆਹੀ ਪਤਨੀ ਦਾ ਡੋਲਾ ਬੱਸੀ ਕਲਾਂ ਦਾ ਪਠਾਣ ਜਾਬਰ ਖਾਂ ਜਬਰੀ ਖੋਹ ਕੇ ਆਪਣੇ ਹਰਮਾਂ ਵਿੱਚ ਲੈ ਗਿਆ ਹੈ। ਤੁਸੀਂ ਆਪਣੇ ਨਾਲ ਦੋ ਸੌ ਸਵਾਰਾਂ ਦਾ ਜਥਾ ਤੇ ਦੇਵੀਦਾਸ ਨੂੰ ਲੈ ਜਾਵੋ ਤੇ ਜਾਬਰ ਖਾਂ ਨੂੰ ਜੀਉਂਦੇ ਜੀਅ ਫੜ ਕੇ ਸਾਡੇ ਸਨਮੁੱਖ ਪੇਸ਼ ਕਰੋ ਤਾਂ ਜੋ ਉਸ ਦੇ ਮੰਦ ਕਰਮਾਂ ਦੀ ਉਸ ਨੂੰ ਸਜਾ ਦਿੱਤੀ ਜਾਵੇ ਤੇ ਦੇਵੀ ਦਾਸ ਦੀ ਘਰਵਾਲੀ ਉਸ ਦੇ ਸਪੁਰਦ ਕੀਤੀ ਜਾਵੇ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਸਤਿਗੁਰੂ ਜੀ ਅੱਗੇ ਸੀਸ ਨਿਵਾਇਆ ਤੇ ਸਤਿ ਬਚਨ ਕਿਹਾ। ਸਤਿਗੁਰੂ ਜੀ ਨੇ ਸਾਹਿਬਜ਼ਾਦਾ ਜੀ ਦੇ ਸੀਸ ਤੇ ਹੱਥ ਰੱਖ ਕੇ ਅਸੀਸ ਦਿੱਤੀ ਪੁੱਤਰ! ਭਲੇ ਕੰਮ ਲਈ ਵਾਹਿਗੁਰੂ ਸਦਾ ਤੁਹਾਡੇ ਅੰਗ ਸੰਗ ਰਹੇ।

ਬਾਬਾ ਅਜੀਤ ਸਿੰਘ ਜੀ ਨੇ ਦੋ ਸੌ ਸਿੰਘਾਂ ਦਾ ਜਥਾ ਤਿਆਰ ਕੀਤਾ। ਬਾਬਾ ਜੀ ਤੇ ਸਾਥੀ ਸਿੰਘਾਂ ਨੇ ਸ਼ਸ਼ਤ੍ਰ-ਬੱਧ ਹੋ, ਤਿਆਰੀ ਕਰ, ਬਸੀਂ ਕਲਾਂ ਵੱਲ ਕੂਚ ਕੀਤਾ। ਇੱਕ ਸੂਹੀਏ ਨੂੰ ਸਤਿਗੁਰਾਂ ਪਹਿਲਾਂ ਹੀ ਜਾਬਰ ਖਾਂ ਦੇ ਕਿਲ੍ਹੇ, ਫੌਜ ਤੇ ਮਹਿਲਾਂ ਦੀ ਸੂਹ ਲੈਣ ਭੇਜਿਆ ਸੀ। ਜਥੇ ਨੇ ਰਸਤੇ ਵਿੱਚ ਇੱਕ ਥਾਂ ਸੂਹੀਏ ਨੂੰ

ਉਡੀਕਿਆ ਤੇ ਸਾਰੀ ਖਬਰ ਪ੍ਰਾਪਤ ਕਰ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ, ਜਾਬਰ ਖਾਂ ਨੂੰ ਜਿਉਂਦੇ ਫੜਨ ਲਈ ਵਿਉਂਤ ਬਣਾਈ। ਬਾਬਾ ਜੀ ਨੇ ਨਿਹੱਥੇ ਇਸਤ੍ਰੀ-ਬੱਚੇ ਤੇ ਵਾਰ ਕਰਕੇ ਕਿਸੇ ਨੂੰ ਦੁੱਖ ਨਾ ਪਹੁੰਚਾਉਣ ਦੀਆਂ ਸਿੱਖੀ ਰਵਾਇਤਾਂ ਸਿੰਘਾਂ ਦੇ ਜਥੇ ਨੂੰ ਦ੍ਰਿੜ ਕਰਵਾਈਆਂ ਤੇ ਹੱਲਾ ਕਰਨ ਦੀ ਸਾਰੀ ਵਿਉਂਤਬੰਦੀ ਕੀਤੀ। ਬਾਬਾ ਅਜੀਤ ਸਿੰਘ ਜੀ ਨੇ ਬੱਸੀ ਕਲਾਂ ਦੇ ਨਜ਼ਦੀਕ ਪੁੱਜ ਕੇ ਸਿੰਘਾਂ ਸਮੇਤ ਅਜਿਹਾ ਫੁਰਤੀਲਾ ਹਮਲਾ ਜਾਬਰ ਖਾਂ ਦੇ ਕਿਲ੍ਹੇ ਉੱਪਰ ਕੀਤਾ ਕਿ ਮੁਗਲ ਫੌਜਾਂ ਨੂੰ ਆਪਣੇ ਹਥਿਆਰ ਸੰਮਾਲ੍ਹਣੇ ਦਾ ਵੀ ਮੌਕਾ ਨਾ ਮਿਲਿਆ। ਸਿੰਘਾਂ ਦੇ ਜਥੇ ਨੇ ਥੋੜ੍ਹੀ ਜਿਹੀ ਮੁੱਠ ਭੇੜ ਉਪ੍ਰੰਤ ਜਾਬਰ ਖਾਂ ਨੂੰ ਜਿਉਂਦੇ ਹੀ ਕਾਬੂ ਕਰ ਲਿਆ ਅਤੇ ਉਸ ਦੇ ਮਹਿਲਾਂ ਵਿੱਚੋਂ ਨਵ-ਵਿਆਹੀ ਪੰਡਿਤ ਦੀ ਪਤਨੀ ਨੂੰ ਵੀ ਸਿੰਘਾਂ ਨੇ ਬਾ-ਇੱਜਤ ਆਪਣੇ ਪਹਿਰੇ ਵਿੱਚ ਲੈ ਲਿਆ। ਇਸ ਸਾਰੀ ਕਾਰਵਾਈ ਤੋਂ ਬਾਅਦ ਜਾਬਰ ਖਾਂ ਦੀਆਂ ਮੁਸ਼ਕਾਂ ਬੰਨ, ਸਿੰਘਾਂ ਦਾ ਜਥਾ ਫ਼ਤਹਿ ਦੇ ਜੈਕਾਰੇ ਲਾਉਂਦਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਅਗਵਾਈ ਵਿੱਚ ਵਾਪਿਸ ਸ੍ਰੀ ਅਨੰਦਪੁਰ ਸਾਹਿਬ ਨੂੰ ਹੋ ਤੁਰਿਆ ਅਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਪਠਾਣ ਜਾਬਰ ਖਾਂ ਨੂੰ ਜਾ ਹਾਜ਼ਰ ਕੀਤਾ। ਉੱਧਰ ਜਾਬਰ ਖਾਂ ਦੀ ਫੌਜ ਨੇ ਵਾਪਿਸ ਜਾ ਰਹੇ ਸਿੰਘਾਂ ਦਾ ਪਿੱਛਾ ਕੀਤਾ ਅਤੇ ਇਸ ਜੰਗ ਵਿੱਚ ਕਾਫ਼ੀ ਸਿੰਘ ਸ਼ਹੀਦ ਹੋ ਗਏ, ਜਿੱਥੇ ਉਨ੍ਹਾਂ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ਼ਹੀਦ ਸਿੰਘਾਂ (ਮਾਹਲਪੁਰ) ਬਣਿਆ ਹੋਇਆ ਹੈ।

ਉਧਰ ਸਤਿਗੁਰੂ ਜੀ ਨੇ ਜਾਬਰ ਖਾਂ ਨੂੰ ਸਾਰੇ ਕੀਤੇ ਗੁਨਾਹ ਕਬੂਲ ਕਰਾਏ ਅਤੇ ਹੁਕਮ ਦਿੱਤਾ ਕਿ ਇਸ ਨੀਚ ਕਰਮੀਂ ਨੂੰ ਧਰਤੀ ਵਿੱਚ ਗੱਡ ਕੇ ਕੁੱਤਿਆਂ ਤੋਂ ਤੁੜਵਾ ਕੇ, ਸਾੜ ਕੇ ਮਾਰਿਆ ਜਾਵੇ ਤਾਂ ਜੋ ਹੋਰ ਜਾਬਰ ਮੁਗ਼ਲਾਂ ਨੂੰ ਵੀ ਕੰਨ ਹੋਣ ਕਿ ਹਰ ਜਾਬਰ ਨੂੰ ਉਸ ਦੇ ਨੀਚ ਮੰਦ ਕਰਮਾਂ ਦੀ ਸਜਾ ਅਵੱਸ਼ ਮਿਲੇਗੀ ਤਾਂ ਜੋ ਉਹ ਪਰਜਾ ਉੱਪਰ ਜੋਰ-ਜ਼ੁਲਮ ਕਰਨ ਤੋਂ ਬਾਜ਼ ਆਉਣ, ਸੋ ਐਸਾ ਹੀ ਕੀਤਾ ਗਿਆ। ਅਨੰਦਪੁਰ ਸਾਹਿਬ ਜੀ ਦੇ ਨਾਲ ਜੋ ਚਰਨ-ਗੰਗਾ ਵਗਦੀ ਹੈ ਉਸ ਦੇ ਕਿਨਾਰੇ ਇਸ ਦੁਸ਼ਟ ਦਾ ਅੰਤ ਕੀਤਾ ਗਿਆ ਤੇ ਪੰਡਤ ਦੇਵੀ ਦਾਸ ਨੂੰ ਉਸ ਦੀ ਪੰਡਤਾਣੀ ਵਾਪਸ ਇੱਜਤ ਨਾਲ ਉਸ ਦੇ ਘਰ ਸਤਿਗੁਰੂ ਜੀ ਨੇ ਸਿੰਘਾਂ ਦੀ ਰਖਵਾਲੀ ਵਿੱਚ ਪੁੱਜਦੀ ਕੀਤੀ।

ਅਜਿਹੀ ਹੈ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ, ਜਿੱਥੇ ਹਰ ਗਰੀਬ, ਬੇ-ਸਹਾਰੇ ਦੀ ਗੁਹਾਰ ਸੁਣੀ ਜਾਂਦੀ ਸੀ ਤੇ ਪੂਰਾ ਇਨਸਾਫ਼ ਕੀਤਾ ਜਾਂਦਾ ਸੀ ਤੇ ਪਰ ਹਿਤਾਂ ਦੀ ਰੱਖਿਆ ਦੇ ਕਾਰਜਾਂ ਹਿੱਤ ਸਿੰਘ ਆਪਣੀਆਂ ਜਾਨਾਂ ਨਿਛਾਵਰ ਕਰਨ ਨੂੰ ਆਪਣੇ ਧੰਨ ਭਾਗ ਸਮਝਦੇ ਸਨ। ਆਪਣੇ ਆਪ ਲਈ ਅਥਵਾ ਨਿੱਜ

ਲਈ ਤਾਂ ਹਰ ਕੋਈ ਕੁਰਬਾਨੀ ਕਰ ਸਕਦਾ ਹੈ ਪਰ ਪਰ-ਹਿਤ ਲਈ ਕਰਨਾ, ਇਹ ਕੇਵਲ ਕਲਗੀਧਰ ਜੀ ਅਤੇ ਸਿੰਘਾਂ ਦੇ ਹਿੱਸੇ ਹੀ ਆਇਆ ਹੈ। ਆਪਣੀ ਇੱਜਤ ਬਚਾਉਣ ਲਈ ਕੋਈ ਆਪਣੀ ਜਾਨ ਨਿਛਾਵਰ ਕਰ ਸਕਦਾ ਹੈ ਪਰ ਪਰਾਈ ਇੱਜਤ ਬਚਾਉਣ ਲਈ ਪਰ-ਹਿਤ, ਪਰ-ਪੱਤ ਦੀ ਰਖਵਾਲੀ ਲਈ ਕੇਵਲ ਕਲਗੀਧਰ ਜੀ ਹੀ, ਆਪਣੇ ਸਿੱਖਾਂ ਨੂੰ ਹੀ ਨਹੀਂ ਬਲਕਿ ਆਪਣੇ ਪਿਆਰੇ ਸਾਹਿਬਜ਼ਾਦਿਆਂ ਨੂੰ ਵੀ ਆਪਣੀ ਜਾਨ ਜੋਖਮ ਵਿੱਚ ਪਾਉਣ ਲਈ ਕਹਿ ਸਕਦੇ ਹਨ ਤੇ ਸਾਹਿਬਜ਼ਾਦਾ ਜੀ ਹੀ ਇਹ ਕਾਰ ਕਰ ਸਕਦੇ ਸਨ।

ਅਹਿਮਦ ਸ਼ਾਹ ਅਬਦਾਲੀ ਜੋ ਹਿੰਦੂ ਬਹੂ ਬੇਟੀਆਂ ਨੂੰ ਬੰਦੀ ਬਣਾ ਕੇ ਗੱਡਿਆਂ ਉੱਪਰ ਲੱਦ ਕੇ ਗਜਨੀ ਦੇ ਬਜ਼ਾਰਾਂ ਵਿੱਚ ਦੋ-ਦੋ ਦਿਨਾਰਾਂ ਨੂੰ ਵੇਚਣ ਵਾਸਤੇ ਲਿਜਾ ਰਿਹਾ ਸੀ, ਸਿੰਘਾਂ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੋਂ ਪ੍ਰੇਰਨਾ ਲੈ ਕੇ ਤੇ ਕਲਗੀਧਰ ਜੀ ਦੇ ਬਚਨਾਂ ਨੂੰ ਸਾਕਾਰ ਰੂਪ ਦੇਣ ਵਾਸਤੇ ਸਤਿਗੁਰੂ ਜੀ ਦੇ ਪਾਏ ਹੋਏ ਇਨ੍ਹਾਂ ਪੂਰਨਿਆਂ ਤੇ ਤੁਰਦਿਆਂ ਅਹਿਮਦ ਸ਼ਾਹ ਅਬਦਾਲੀ ਦੀ ਬੰਦੀ 'ਚੋਂ ਬੰਦੀ ਔਰਤਾਂ ਨੂੰ ਛੁਡਾ, ਬੜੀ ਇੱਜਤ ਨਾਲ ਥਾਂ ਟਿਕਾਣੇ ਪੁੱਛ, ਉਨ੍ਹਾਂ ਦੇ ਘਰੀਂ ਪਹੁੰਚਾਇਆ। ਇਹ ਸਾਰਾ ਬਲ, ਪ੍ਰੇਰਣਾ ਤੇ ਬੁਲੰਦੀ ਦਾ ਆਚਰਣ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਸਤਿਗੁਰੂ ਜੀ ਨੇ ਸਿੰਘਾਂ ਨੂੰ ਸਿਖਾਇਆ ਤੇ ਸਿੰਘਾਂ ਨੇ ਆਪਣੇ ਜੀਵਨ ਵਿੱਚ ਉਨ੍ਹਾਂ ਸਿੱਖਿਆਵਾਂ ਨੂੰ ਕਮਾ ਕੇ ਕਲਗੀਧਰ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਅੱਜ ਹਰ ਸਿੰਘ ਨੂੰ ਇਨ੍ਹਾਂ ਪੂਰਨਿਆਂ ਤੋਂ ਸੇਧ ਲੈ ਕੇ ਉੱਚ ਆਚਰਣ ਦੇ ਧਾਰਨੀ ਬਣਨਾ ਚਾਹੀਦਾ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਬਾਣੀ ਅੰਦਰ ਬਚਨ ਵੀ ਅੰਕਿਤ ਹੈ:-

**ਸਚਹੁ ਓਰੈ ਸਭ ਕੋ ਊਪਰਿ ਸਚੁ ਆਚਾਰੁ॥੫॥**

ਮ:੧, ਅੰਗ ੬੨

ਜੋ ਸਚ ਆਚਾਰ, ਉੱਚ ਆਚਾਰ ਦਾ ਧਾਰਨੀ ਬਣੇਗਾ; ਉਹ ਗੁਰੂ ਖੁਸ਼ੀ ਪ੍ਰਾਪਤ ਕਰ, ਆਪਣਾ ਲੋਕ-ਪ੍ਰਲੋਕ ਸੁਹੇਲਾ ਕਰ ਲਵੇਗਾ। ਸੋ ਆਉ ਪਰ-ਹਿਤ, ਪਰ-ਪੱਤ ਦੀ ਰਖਵਾਲੀ ਇਸ ਅਨੰਦਪੁਰ ਸਾਹਿਬ ਦੀ ਧਰਤ ਨੂੰ ਨਤਮਸਤਕ ਹੁੰਦੇ ਹੋਏ ਕਲਗੀਧਰ ਪਾਤਸ਼ਾਹ ਜੀ ਦੇ ਪਰਉਪਕਾਰਾਂ ਨੂੰ ਯਾਦ ਕਰੀਏ ਅਤੇ ਸਤਿਗੁਰੂ ਜੀ ਵੱਲੋਂ ਬਖਸ਼ੀ ਗੁਰੂ ਚਾਲੀ ਦੇ ਧਾਰਨੀ ਬਣ ਕੇ ਗੁਰੂ ਖੁਸ਼ੀ ਪ੍ਰਾਪਤ ਕਰੀਏ।

# ੨੦
# ਗਰੀਬ ਦਾ ਮੂੰਹ ਗੁਰੂ ਕੀ ਗੋਲਕ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਪਰਉਪਕਾਰਾਂ ਦੇ ਕਾਰਜ਼ਾਂ ਵਿੱਚ ਹੋਰ ਤੇਜ਼ੀ ਲਿਆਉਣ ਅਤੇ ਸੰਗਤਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ, ਸੰਗਤਾਂ ਵਿੱਚੋਂ ਉੱਚੇ-ਸੁੱਚੇ ਜੀਵਨ ਦੇ ਧਾਰਨੀ ਗੁਰਸਿੱਖਾਂ ਨੂੰ ਚੁਣਿਆ। ਇਨ੍ਹਾਂ ਵਿੱਚ ਕੁੱਝ ਬਿਰਕਤ ਵੀ ਸਨ ਤੇ ਬਾਕੀ ਘਰਬਾਰੀ ਸਨ। ਸਤਿਗੁਰੂ ਜੀ ਨੇ ਇਨ੍ਹਾਂ ਕਰਨੀ ਵਾਲੇ ਗੁਰਸਿੱਖਾਂ ਨੂੰ ਸੰਗਤ ਵਿੱਚ ਮਸਨਦ (ਗੱਦੀ) ਲਾ ਕੇ ਬੈਠਣ ਦਾ ਅਧਿਕਾਰ ਦੇ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਗੱਦੀ ਦੇ ਨਾਲ ਜੁੜ ਕੇ ਸੰਗਤਾਂ ਵਿੱਚ ਨਿਰੋਲ ਗੁਰਸਿੱਖੀ ਪ੍ਰਚਾਰ ਤੇ ਪਰਉਪਕਾਰ ਕਰਨ ਦੀ ਸੌਂਪਣਾ ਕੀਤੀ ਤੇ ਨਾਲ ਹੀ ਇਨ੍ਹਾਂ ਦੇ ਜਿੰਮੇਂ ਗੁਰੂ ਘਰ ਦੀ ਮਾਇਆ, ਜੋ ਸੰਗਤਾਂ ਇਨ੍ਹਾਂ ਨੂੰ ਦਸਵੰਧ ਦੇ ਰੂਪ ਵਿੱਚ ਦਿੰਦੀਆਂ ਸਨ ਉਹ ਲਿਆ ਕੇ ਗੁਰੂ ਦਰਬਾਰ ਵਿੱਚ ਭੇਟ ਕਰਨ ਦਾ ਕਾਰਜ ਸੌਂਪਿਆ। ਦਰਬਾਰ ਵਿੱਚ ਸੰਗਤ ਦੀ ਮਾਇਆ ਦਾ ਪੂਰਾ ਪੂਰਾ ਹਿਸਾਬ ਰੱਖਿਆ ਜਾਂਦਾ ਸੀ। ਇਨ੍ਹਾਂ ਕਰਨੀ ਵਾਲੇ ਸਿੱਖਾਂ ਨੂੰ ਮਸਨਦ ਲਾ ਕੇ ਸੰਗਤ ਵਿੱਚ ਬੈਠਣ ਦੀ ਬਦੌਲਤ ਮਸੰਦ ਕਿਹਾ ਜਾਂਦਾ ਸੀ। ਸੰਗਤਾਂ ਵਿੱਚ ਮਸੰਦਾਂ ਦਾ ਬਹੁਤ ਸਤਿਕਾਰ ਸੀ ਅਤੇ ਮਸੰਦ ਵੀ ਸਤਿਗੁਰੂ ਜੀ ਵੱਲੋਂ ਉਨ੍ਹਾਂ ਨੂੰ ਸੌਂਪੇ ਕਾਰਜ ਨੂੰ ਆਪਣੇ ਵਿੱਤ ਤੋਂ ਬਾਹਰਾ ਹੋ ਕੇ ਕਰਦੇ ਅਤੇ ਆਪ ਗੁਰੂ ਚਾਲੀ ਦੇ ਧਾਰਨੀ ਬਣ ਜੀਵਨ ਬਤੀਤ ਕਰਦੇ ਤੇ ਸਿੱਖਾਂ ਨੂੰ ਗੁਰੂ ਚਾਲੀ ਦੇ ਧਾਰਨੀ ਬਨਾਉਣ ਲਈ ਦਿਨ ਰਾਤ ਯਤਨ ਕਰਦੇ।

ਸਮਾਂ ਆਪਣੀ ਚਾਲੇ ਟੁਰਦਾ ਗਿਆ। ਕਰਨੀ ਵਾਲੇ ਮਸੰਦ ਆਪਣੇ ਜਿੰਮੇਂ ਲੱਗੀ ਸੇਵਾ ਨੂੰ ਨਿਭਾਅ ਕੇ ਪ੍ਰਲੋਕ ਗਵਨ ਕਰ ਗਏ। ਸਮੇਂ ਅਨੁਸਾਰ ਸਤਿਗੁਰੂ ਜੀ ਦੀ ਆਗਿਆ ਪਾ ਕੇ ਉਸੇ ਮਸੰਦ ਦੇ ਬੇਟੇ ਨੂੰ ਜਾਂ ਹੋਰ ਕਿਸੇ ਕਰਨੀ ਵਾਲੇ ਗੁਰਸਿੱਖ ਨੂੰ ਅਕਾਲ ਚਲਾਣਾ ਕਰਨ ਵਾਲੇ ਮਸੰਦ ਦੀ ਥਾਂ ਥਾਪਿਆ ਜਾਂਦਾ ਰਿਹਾ। ਸਮਾਂ ਪਾ ਕੇ ਮਾਇਆ ਦੇ ਲੋਭ ਲਾਲਚ ਤੇ ਆਪਣੀ ਮਾਣ-ਪ੍ਰਤਿਸ਼ਟਾ ਦੇ ਜਾਲ ਵਿੱਚ ਫਸ ਕੇ ਮਸੰਦਾਂ ਵਿੱਚ, ਲੋਭ-ਲਾਲਚ, ਹੰਕਾਰ ਤੇ ਆਚਰਣ-ਹੀਣਤਾ ਨੇ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। ਮਸੰਦ ਲੋਕ ਸੰਗਤਾਂ ਦੀ ਕਾਰ ਭੇਟ ਹੜੱਪ ਕਰਨ ਲੱਗ ਪਏ। ਕੀਮਤੀ ਪਦਾਰਥ ਤੇ ਚੋਖੀ ਮਾਇਆ ਆਪ ਰੱਖ ਕੇ ਬਚਦਾ-ਖੁਚਦਾ ਪਦਾਰਥ ਤੇ ਮਾਇਆ ਗੁਰੂ ਚਰਨਾਂ ਵਿੱਚ ਅਰਪਣ ਕਰ ਦਿੰਦੇ ਬਾਕੀ ਮਾਇਆ ਤੇ ਪਦਾਰਥਾਂ ਨੂੰ ਆਪਣਾ ਹੱਕ

ਸਮਝ ਕੇ ਉਸ ਮਾਇਆ ਨਾਲ ਮਨ ਆਈਆਂ ਕਰਨ ਲੱਗ ਪਏ। ਜੇ ਕਿਤੇ ਸਿੱਖਾਂ ਨੇ ਸਤਿਗੁਰਾਂ ਪਾਸ ਸ਼ਿਕਾਇਤ ਕਰਨੀ ਤਾਂ ਉਨ੍ਹਾਂ ਨੂੰ ਬੁਰਾ ਭਲਾ ਬੋਲਣਾ ਤੇ ਮਾਇਆ ਨਾਲ ਪਾਲੇ ਹੋਏ ਆਪਣੇ ਗੁੰਡਿਆਂ ਪਾਸੋਂ ਸੱਚ ਦੀ ਆਵਾਜ਼ ਉਠਾਉਣ ਵਾਲਿਆਂ ਨੂੰ ਦੰਡ ਵੀ ਦੇਣੇ ਅਰੰਭ ਕਰ ਦਿੱਤੇ। ਸੱਤਵੇਂ ਤੇ ਅੱਠਵੇਂ ਸਤਿਗੁਰਾਂ ਤੱਕ ਬੜੇ ਜ਼ੋਰਾਂ ਨਾਲ ਮਸੰਦ ਪ੍ਰਣਾਲੀ ਦਾ ਸਿਲਸਿਲਾ ਚੱਲਦਾ ਰਿਹਾ। ਕੋਈ ਥੋੜ੍ਹੇ ਵਿਰਲੇ ਟਾਵੇਂ ਟਾਵੇਂ ਗੁਰੂ ਭਾਵਨਾ ਵਾਲੇ ਮਸੰਦ, ਪਿਛਲਿਆਂ ਸਮਿਆਂ ਵਾਂਗ ਗੁਰਸਿੱਖੀ ਦਾ ਪ੍ਰਚਾਰ ਵੀ ਕਰਦੇ, ਸਤਿਗੁਰਾਂ ਦੀ ਭੈ-ਭਾਵਨੀ ਵਿੱਚ ਵੀ ਵਿਚਰਦੇ ਤੇ ਗੁਰਸਿੱਖਾਂ ਦੀ ਦਸਵੰਧ ਦੀ ਕਾਰ ਭੇਟਾ ਗੁਰੂ ਚਰਨਾਂ ਵਿੱਚ ਪੂਰੀ ਪੂਰੀ ਭੇਟਾ ਕਰਦੇ ਪਰ ਅਜਿਹੇ ਵਿਰਲੇ ਸਨ। ਬਹੁਤਾਤ ਮਾਇਆ ਦੀ ਲਪੇਟ ਵਿੱਚ ਆ ਆਚਰਣਹੀਣ ਹੋ ਚੁੱਕੇ ਸਨ। ਸਤਿਗੁਰੂ ਦਸਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਵੀ ਸਿੱਖਾ ਨੇ ਮਸੰਦਾਂ ਦੀਆਂ ਕਰਤੂਤਾਂ ਤੇ ਆਚਰਣ-ਹੀਣਤਾ ਦੀਆਂ ਵਾਰਤਾਂਵਾਂ ਅਰਜ਼ ਕੀਤੀਆਂ। ਕਲਗੀਧਰ ਜੀ ਆਪਣੇ ਹੀ ਸਿੱਖੀ ਪ੍ਰਵਾਰ ਵਿੱਚ ਅਜਿਹਾ ਵਰਤ ਰਿਹਾ ਵਰਤਾਰਾ ਕਿਵੇਂ ਸਹਾਰ ਸਕਦੇ ਸਨ?

ਸਤਿਗੁਰੂ ਜੀ ਨੇ ਸਾਰੇ ਮਸੰਦਾਂ ਨੂੰ ਜਿੱਥੇ ਜਿੱਥੇ ਵੀ ਉਹ ਰਹਿੰਦੇ ਸਨ, ਗੁਰਸਿੱਖਾਂ ਰਾਹੀਂ ਸੁਨੇਹੇ ਭੇਜ ਕੇ ਮੰਗਵਾਇਆ। ਜੋ ਸੁਨੇਹੇ ਨਾਲ ਗੁਰੂ ਚਰਨਾਂ ਵਿੱਚ ਹਾਜ਼ਰ ਨਹੀਂ ਹੋਏ, ਸਤਿਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਕੀਤਾ ਕਿ ਗੁਰੂ ਹੁਕਮ ਤੋਂ ਬਾਗੀ ਹੋਏ ਮਸੰਦਾਂ ਦੀਆਂ ਮੁਛਕਾਂ ਬੰਨ ਕੇ ਸਾਡੇ ਪੇਸ਼ ਕਰੋ। ਜਦੋਂ ਸਾਰੇ ਮਸੰਦ ਸਤਿਗੁਰਾਂ ਦੇ ਪੇਸ਼ ਹੋਏ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਦੇ ਮਾੜੇ ਆਚਰਣ ਤੇ ਸੰਗਤਾਂ ਦੀ ਕਾਰ ਭੇਟਾ ਹੜੱਪਣ ਤੇ ਸਿੱਖਾਂ ਨੂੰ ਤੰਗ ਕਰਨ ਦੀ ਪੂਰੀ ਤਫ਼ਤੀਸ਼ (ਪੁੱਛ ਗਿੱਛ) ਕਰਕੇ ਸਬੰਧਿਤ ਮਸੰਦਾਂ ਪਾਸੋਂ ਉਨਾਂ ਦੇ ਜ਼ੁਰਮ ਇਕਬਾਲ[੧] ਕਰਾਏ ਤੇ ਜਿਹੜਾ ਜਿਹੜਾ ਵੀ ਅਪਰਾਧੀ ਨਿਕਲਿਆ, ਉਸ ਨੂੰ ਉਸ ਦੇ ਦੋਸ਼ ਮੁਤਾਬਿਕ ਸਜ਼ਾ ਦਿੱਤੀ ਤੇ ਬਹੁਤ ਸਾਰੇ ਆਚਰਣਹੀਣ ਮਸੰਦਾਂ ਨੂੰ ਤੇਲ ਪਾ ਕੇ ਸਾੜ ਦਿੱਤਾ ਅਤੇ ਅਗਾਹ ਤੋਂ ਸਦਾ ਲਈ ਮਸੰਦ ਪ੍ਰਣਾਲੀ ਨੂੰ ਬੰਦ ਕਰ ਦਿੱਤਾ। ਸਤਿਗੁਰੂ ਜੀ ਨੇ ਖ਼ਾਲਸੇ ਨਾਲ ਸਿੱਧਾ ਰਾਬਤਾ[੨] ਕਾਇਮ ਕਰ ਲਿਆ ਤੇ ਇਨਾਂ ਗੁਰੂ ਹੁਕਮ ਤੋਂ ਉਲਟ ਚਲਣ ਵਾਲੇ ਮਸੰਦਾਂ ਨਾਲ ਖ਼ਾਲਸੇ ਦਾ ਮੇਲ-ਜੋਲ ਕਤਈ ਬੰਦ ਕਰ ਦਿੱਤਾ। ਜਿਵੇਂ ਉੱਪਰ ਬੇਨਤੀ ਕੀਤੀ ਹੈ। ਸੰਸਾਰ ਵਿੱਚ ਕਿਸੇ ਵੀ ਚੀਜ਼ ਦਾ ਬੀਜ਼ ਨਾਸ਼ ਨਹੀਂ ਹੁੰਦਾ। ਸਤਿਗੁਰੂ ਜੀ ਦੇ ਸਮੇਂ ਵੀ ਕਈ ਉੱਚ ਆਚਰਣੀਏ ਤੇ ਗੁਰੂ ਹੁਕਮ ਤੇ ਪਹਿਰਾ ਦੇਣ ਵਾਲੇ ਸਤਿਕਾਰਤ ਮਸੰਦ ਸਨ। ਜਿਨ੍ਹਾਂ ਦੀ ਕਰਨੀ ਤੇ ਖੁਸ਼ ਹੋ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਦੰਡ ਦੇਣ ਦੀ ਥਾਂ ਸਗੋਂ ਹੋਰ ਬਖਸ਼ਿਸ਼ਾਂ ਕਰਕੇ ਨਿਵਾਜਿਆ।

ਅਜਿਹੇ ਹੀ ਉੱਚ ਆਚਰਣ ਦੇ ਧਾਰਨੀ ਤੇ ਦਿਨ ਰਾਤ ਗੁਰਸਿੱਖੀ ਦਾ ਪ੍ਰਚਾਰ

---

੧.ਕਬੂਲ ਕਰਾਏ ੨.ਸਬੰਧ

ਕਰਨ ਅਤੇ ਲੋੜਵੰਦ ਸਿੱਖਾਂ ਤੇ ਅਤਿਥੀਆਂ ਦੀ ਹਰ ਤਰ੍ਹਾਂ ਨਾਲ ਸੇਵਾ ਕਰਨ ਵਾਲੇ ਭਾਈ ਫੇਰੂ ਜੀ ਕਲਗੀਧਰ ਜੀ ਦੇ ਸਮੇਂ ਨੱਕੇ[੧] ਦੇਸ਼ ਦੇ ਮਸੰਦ ਸਨ। ਆਪ ਜੀ ਤੱਕ ਕਿਸੇ ਕਾਰਣ ਕਲਗੀਧਰ ਜੀ ਦਾ ਸੁਨੇਹਾ ਨਾ ਪੁੱਜ ਸਕਿਆ। ਜਿਸ ਕਾਰਣ ਆਪ ਜੀ ਗੁਰੂ ਚਰਣਾਂ ਵਿੱਚ ਸਮੇਂ ਨਾਲ ਪੁੱਜ ਨਾ ਸਕੇ। ਸਿੱਖਾਂ ਨੇ ਗੁਰੂ ਹੁਕਮ ਦੀ ਤਾਮੀਲ ਕਰਦਿਆਂ ਭਾਈ ਫੇਰੂ ਜੀ ਤੱਕ ਵੀ ਪਹੁੰਚ ਕੀਤੀ ਤੇ ਸਤਿਗੁਰਾਂ ਦਾ ਹੁਕਮ ਸੁਣਾਇਆ ਕਿ ਜਿਹੜੇ ਮਸੰਦ ਗੁਰੂ ਹੁਕਮ ਸੁਣ ਕੇ ਹਾਜ਼ਰ ਨਹੀਂ ਹੋਏ; ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਉਸ ਦੇ ਹੱਥ ਬੰਨ੍ਹ ਕੇ ਦਾੜੀ ਤੋਂ ਫੜ ਕੇ ਸਾਡੇ ਸਨਮੁਖ ਪੇਸ਼ ਕਰੋ। ਸਤਿਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਫੇਰੂ ਜੀ ਜਿਸ ਵੀ ਹਾਲਤ ਵਿੱਚ ਸਨ, ਉੱਠ ਕੇ ਗੁਰਸਿੱਖਾਂ ਦੇ ਨਾਲ ਤੁਰ ਪਏ ਤੇ ਸਿੱਖਾਂ ਨੂੰ ਬੇਨਤੀ ਕੀਤੀ ਕਿ ਜਿਵੇਂ ਸਤਿਗੁਰਾਂ ਦਾ ਤੁਹਾਨੂੰ ਹੁਕਮ ਹੈ ਉਸੇ ਹਾਲਤ ਵਿੱਚ ਮੈਨੂੰ ਗੁਰੂ ਚਰਨਾਂ ਵਿੱਚ ਪੇਸ਼ ਕਰੋ। ਲਿਜਾਣ ਵਾਲੇ ਸਿੱਖ ਭਾਈ ਫੇਰੂ ਦੀ ਕਰਣੀ ਤੇ ਆਚਰਣ ਤੋਂ ਜਾਣੂ ਸਨ। ਸਿੱਖਾਂ ਦੇ ਮਨ ਵਿੱਚ ਭਾਈ ਫੇਰੂ ਜੀ ਦਾ ਸਤਿਕਾਰ ਹੋਣ ਕਾਰਨ ਉਹਨਾਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਪਰ ਗੁਰੂ ਪਿਆਰ ਵਿੱਚ ਰੰਗੇ ਬੇ-ਲਾਗ, ਬੇ-ਦਾਗ ਭਾਈ ਫੇਰੂ ਜੀ ਗੁਰੂ ਖੁਸ਼ੀ ਪ੍ਰਾਪਤ ਕਰਨ ਲਈ ਆਪਣੇ ਦੋਵਾਂ ਹੱਥਾਂ ਨਾਲ ਆਪਣੀ ਦਾਹੜੀ ਫੜ੍ਹ ਕੇ ਮੰਜ਼ਲਾਂ ਮਾਰਦੇ ਗੁਰਸਿੱਖਾਂ ਨਾਲ ਕਲਗੀਧਰ ਪਾਤਸ਼ਾਹ ਜੀ ਦੇ ਪਾਸ ਸ੍ਰੀ ਅਨੰਦਪੁਰ ਸਾਹਿਬ ਪੁੱਜੇ ਤੇ ਸਤਿਗੁਰਾਂ ਨੂੰ ਨਮਸਕਾਰ ਕਰ ਆਪਣੀ ਦਾੜੀ ਫੜ ਕੇ ਖਲੋਤੇ ਰਹੇ। ਭਾਈ ਫੇਰੂ ਜੀ ਉੱਪਰ ਵੀ ਇਹ ਇਲਜ਼ਾਮ ਸੀ ਕਿ ਭਾਈ ਫੇਰੂ ਜੀ ਨੇ ਕਈ ਸਾਲਾਂ ਤੋਂ ਸੰਗਤਾਂ ਦਾ ਦਸਵੰਧ ਗੁਰੂ ਖਜਾਨੇ ਵਿੱਚ ਨਹੀਂ ਭੇਜਿਆ, ਕਿਉਂਕਿ ਬਹੀਆਂ ਵਿੱਚ ਭਾਈ ਫੇਰੂ ਜੀ ਦੀ ਘੱਲੀ ਕੋਈ ਰਕਮ ਕਈ ਸਾਲਾਂ ਤੋਂ ਦਰਜ ਨਹੀਂ ਸੀ। ਭਾਈ ਫੇਰੂ ਜੀ ਸਤਿਗੁਰੂ ਜੀ ਦੇ ਸਨਮੁੱਖ ਹੱਥਾਂ ਵਿੱਚ ਆਪਣੀ ਦਾੜ੍ਹੀ ਫੜੀ ਖੜੇ ਸਨ। ਜਾਣੀ-ਜਾਣ, ਅੰਤਰਯਾਮੀ ਸਤਿਗੁਰੂ ਜੀ ਨੇ ਭਾਈ ਫੇਰੂ ਦੇ ਚਿਹਰੇ ਤੇ ਦ੍ਰਿਸ਼ਟੀ ਪਾਈ, ਫਿਰ ਨੈਣ ਮੁੰਦ ਲਏ, ਫਿਰ ਮਿਹਰ ਨਾਲ ਤੱਕਿਆ ਮੁੜ ਪਿਆਰ ਨਾਲ ਨੈਣ ਬੰਦ ਕਰ ਲਏ ਤੇ ਬੜੀ ਫੁਰਤੀ ਤੇ ਪਿਆਰ ਨਾਲ ਸਤਿਗੁਰੂ ਜੀ ਆਪਣੇ ਸਿੰਘਾਸਣ ਤੋਂ ਉੱਤਰੇ ਤੇ ਭਾਈ ਫੇਰੂ ਜੀ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ ਤੇ ਬਚਨ ਉਚਾਰਣ ਕੀਤੇ। ਫੇਰੂ! ਤੂੰ ਤਾਂ ਸਾਰਾ ਕੁਝ ਮੈਨੂੰ ਘੱਲਦਾ ਰਿਹਾ ਹੈਂ। ਤੇਰਾ ਘੱਲਿਆ ਸਾਰਾ ਕੁਝ ਮੈਨੂੰ ਪਹੁੰਚਦਾ ਰਿਹਾ ਹੈ, ਤੈਨੂੰ ਕੌਣ ਫੜ੍ਹ ਕੇ ਲਿਆਇਆ ਹੈ? ਤੂੰ ਫੇਰੂ ਨਹੀਂ ਤੂੰ ਤਾਂ "**ਭਾਈ ਫੇਰੂ ਸੱਚ ਦਾਹੜੀ ਹੈ**" ਤੇ ਸਤਿਗੁਰਾਂ ਭਾਈ ਫੇਰੂ ਦੇ ਸੀਸ ਨੂੰ ਪਲੋਸਿਆ ਖਜਾਨੇ ਦਾ ਲੇਖਾ ਲਿਖਣ ਵਾਲਿਆਂ ਸਤਿਗੁਰੂ ਜੀ ਨੂੰ ਕਿਹਾ ਪਾਤਸ਼ਾਹ! ਭਾਈ ਫੇਰੂ ਵੱਲੋਂ ਖਜਾਨੇ ਵਿੱਚ ਆਇਆ ਤਾਂ ਕੁਝ ਵੀ ਨਹੀਂ। ਸਤਿਗੁਰੂ ਜੀ ਨੇ ਬੜੀ ਗੰਭੀਰ ਤੇ ਪਿਆਰ ਵਾਲੀ ਸੁਰ ਵਿੱਚ ਕਿਹਾ ਸਿੰਘੋ! ਠੀਕ ਹੈ ਭਾਈ ਫੇਰੂ ਜੀ ਦਾ ਖਜ਼ਾਨੇ ਵਿੱਚ ਕੁਝ ਨਹੀਂ ਆਇਆ ਪਰ ਭਾਈ ਫੇਰੂ ਦਾ

---

੧.ਲਹੌਰ ਤੋਂ ਦੱਖਣ ਰਾਵੀ ਤੇ ਸਤਲੁਜ ਦੇ ਵਿਚਕਾਰਲਾ ਇਲਾਕਾ

ਦਿੱਤਾ ਹੋਇਆ ਸਾਰਾ ਕੁਝ ਮੈਨੂੰ ਸਿੱਧਾ ਪੁੱਜ ਜਾਂਦਾ ਰਿਹਾ ਹੈ। ਸਭ ਸੰਗਤਾਂ ਹੈਰਾਨ ਸਨ ਕਿ ਭਾਈ ਫੇਰੂ ਕਿਵੇਂ ਸਾਥੋਂ ਚੋਰੀ ਸਤਿਗੁਰਾਂ ਨੂੰ ਪਹੁੰਚਾਉਂਦਾ ਰਿਹਾ? ਕਲਗੀਧਰ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ ਭਾਈ ਗੁਰਸਿਖੋ! ਭਾਈ ਫੇਰੂ ਦਸਵੰਧ ਦੀ ਮਾਇਆ ਨਾਲ ਭਲੇ ਕਰਮ ਕਰਦਾ ਰਿਹਾ ਹੈ। ਗਰੀਬ-ਲੋੜਵੰਦਾਂ ਦੀਆਂ ਦਸਵੰਧ ਨਾਲ ਲੋੜਾਂ ਪੂਰੀਆਂ ਕਰਦਾ ਰਿਹਾ ਹੈ ਤੇ ਆਪ ਕੇਵਲ ਲੰਗਰ ਵਿੱਚੋਂ ਸੰਗਤ ਦੇ ਨਾਲ ਦਾ ਅੰਨ-ਜਲ ਛਕਦਾ ਰਿਹਾ ਹੈ। ਇਸ ਨੇ ਆਪਣੇ ਪਾਸ ਸੰਗਤਾਂ ਦੀ ਇੱਕ ਕੌਡੀ ਵੀ ਬਚਾ ਕੇ ਨਹੀਂ ਰੱਖੀ। ਮੈਂ ਹੀ ਇੱਕ ਦਿਨ ਫੇਰੂ ਨੂੰ ਕਿਹਾ ਸੀ ਫੇਰੂ! ਸਾਧ ਸੰਗਤ ਤੇ ਲੋੜਵੰਦ ਦੀ ਰਸਨਾਂ ਵੀ "ਗੁਰੂ ਕੀ ਗੋਲਕ" ਹੈ। ਜੋ ਲੋੜਵੰਦ ਦੀ ਲੋੜ ਪੂਰੀ ਕਰਦਾ ਹੈ ਤੇ ਪਿਆਰ ਨਾਲ ਸੰਗਤ ਦੀ ਅੰਨ-ਜਲ ਨਾਲ ਸੇਵਾ ਕਰਦਾ ਹੈ। ਅਜਿਹੀ ਸੇਵਾ ਮੈਨੂੰ ਸਿੱਧੀ ਮਿਲ ਜਾਂਦੀ ਹੈ। ਸੰਗਤ ਵਿੱਚ ਗੁਰੂ ਵੱਸਦਾ ਹੈ:-

**ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥**

ਮ: ੪, ਅੰਗ:੯੪

ਅਥਵਾ:- **ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥**

ਮ: ੪, ਅੰਗ:੧੩੧੪

ਭਾਈ ਫੇਰੂ ਸਤਿਗੁਰੂ ਜੀ ਦੇ ਬਚਨਾਂ ਤੇ ਪਹਿਰਾ ਦਿੰਦਾ ਰਿਹਾ ਹੈ । ਇਸ ਲਈ ਇਹ ਸੱਚ ਪੁੱਤਰ ਹੈ। ਭਾਈ ਫੇਰੂ ਜੀ, ਬੜੇ ਮਹਾਨ ਤਪਸਵੀ ਤੇ ਤਿਆਗੀ ਸਨ। ਹਰ ਇੱਕ ਵਿੱਚ:-

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** ਮ:੧, ਅੰਗ:੧੩

ਵੇਖ ਵਿਚਰਦੇ ਸਨ। ਆਪ ਜੀ ਦੇ ਤਿਆਗ, ਨਾਮ ਸਿਮਰਨ, ਪ੍ਰਭੂ ਬੰਦਗੀ ਤੇ ਸਮ-ਦ੍ਰਿਸ਼ਟੀ ਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਭਾਈ ਫੇਰੂ ਜੀ ਨੂੰ ਆਪਣੀ ਦਸਤਾਰ ਬੰਨਵਾ ਕੇ "ਸੱਚੀ ਦਾਹੜੀ" ਦਾ ਵਰ ਦਿੱਤਾ ਤੇ ਨਾਲ ਨਗਾਰਾ, ਨਿਸ਼ਾਨ ਦੇ ਕੇ ਸੰਗਤ ਸਾਹਿਬ ਦਾ ਖ਼ਿਤਾਬ ਪ੍ਰਦਾਨ ਕੀਤਾ। ਸਤਿਗੁਰਾਂ ਪਾਸੋਂ ਵਿਦਾਇਗੀ ਲੈ ਕੇ ਆਪ ਜੀ ਲੰਮੇ ਦੇਸ਼ ਆਪਣੇ ਟਿਕਾਣੇ ਜਾ ਟਿਕੇ। ਆਪ ਜੀ ਪਾਸੋਂ ਨਾਮ ਦੀ ਰੰਗਣ ਪ੍ਰਾਪਤ ਕਰਕੇ ਅਨੇਕਾਂ ਪ੍ਰੇਮੀ ਪਾਰਗਿਰਾਮੀ ਹੋਏ।

ਆਪ ਜੀ ਗੁਰੂ ਪਿਆਰ ਵਿੱਚ ਆ ਕੇ ਕਦੇ ਕਦੇ ਕਵਿਤਾ ਵੀ ਉਚਾਰਣ ਕਰਦੇ ਸਨ।ਆਪ ਜੀ ਦੀ ਕਵਿਤਾ ਦਾ ਨਮੂਨਾ ਭਾਈ ਵੀਰ ਸਿੰਘ ਜੀ ਨੇ ਕਲਗੀਧਰ ਚਮਤਕਾਰ ਅੰਦਰ ਐਉਂ ਅੰਕਤ ਕੀਤਾ ਹੈ:-

**ਸਾਡੇ ਸਜਣਾਂ ਜੀ ਸਾਨੂੰ ਤੇਰੀ ਮਣੀ।**
**ਨਿਮਾਣਿਆਂ ਦਾ ਮਾਣ ਤੂੰ ਸੁਣੀਵੇਂ ਸਾਡੀ ਬੀ ਤਾਂਘ ਤਣੀ।**

ਤੈਂ ਜਿਹਾ ਸਾਨੂੰ ਹੋਰ ਨਾ ਕੋਈ ਅਸੀਂ ਢੂੰਡੀ ਵਣੀ ਵਣੀ।
ਫੇਰੂ ਜਾਣ ਸਜਨ ਤੋਂ ਵਾਰੀ, ਵਾਰੀ ਤਾਂ ਭਲੀ ਬਣੀ।

(ਰਾਗ ਸ਼ਾਮ ਕਲਿਆਨ)

ਮਾਏ ਨੀ ਮੇਰੀਆਂ ਕੌਣ ਕੱਤੇ ਹੁਣ ਪੂਣੀਆਂ।
ਸੁਧ ਬਿਸਰੀ ਮੇਰੀ ਮਤ ਬਉਰਾਨੀ ਪ੍ਰੀਤਮ ਪ੍ਰੇਮ ਝੰਝੂਣੀਆਂ।
ਨੇਹੁੰ ਲਾਗਾ ਲਗ ਟੁੱਟਦਾ ਨਾਹੀਂ ਸ਼ਹੁ ਬਾਝੋਂ ਗੱਲਾਂ ਊਣੀਆਂ।
ਫੇਰੂ ਜਿਉਂਦਿਆਂ ਨੇਹੁੰ ਵਿਸਰੇ ਨਾਹੀ ਮੁਇਆਂ ਬੀ ਦੂਣ ਚਉਣੀਆਂ।

(ਰਾਗ ਕਾਨੜਾ)

ਸ਼ਹੁ ਦੀਆਂ ਰਜਾਈਂ ਮੰਨ ਵੇ ਅੜਿਆ।
ਦਰਦਵੰਦਾਂ ਦੇ ਦਰ ਤੇ ਧੂੰਏਂ ਧੁਖਣ ਸੰਝ ਸਬਾਹੀਂ ਵੇ ਅੜਿਆ।
ਡਰਦਾ ਰਹੀਂ ਤੂੰ ਜਬ ਲਗ ਜੀਵੇਂ ਉਹ ਭਾਣੇ ਦਾ ਸਾਈਂ ਵੇ ਅੜਿਆ।
ਯਾਦ ਕਰੀਂ ਇਕ ਪਲ ਨਾ ਵਿਸਾਰੀਂ ਕਦੇ ਨ ਕੰਡ ਵਲਾਈਂ ਵੇ ਅੜਿਆ।
ਫੇਰੂ ਹਾਸਲ ਥੀਆ ਲੋੜੇਂ ਤਾਂ ਮੂਲ ਨ ਕੱਢੇਂ ਆਹੀਂ ਵੇ ਅੜਿਆ।

(ਰਾਗ ਸੂਹੀ ਲਲਿਤ)

ਇਸੇ ਕੜੀ ਦੇ ਵਿੱਚ ਸਤਵੇਂ ਪਾਤਸ਼ਾਹ ਜੀ ਦੇ ਜੀਵਨ ਦੀ ਘਟਨਾ ਲਿਖਣੀ "**ਗਰੀਬ ਦਾ ਮੂੰਹ ਗੁਰੂ ਕੀ ਗੋਲਕ**" ਦੇ ਅਸੂਲਾਂ ਨੂੰ ਸ਼ਾਇਦ ਹੋਰ ਨਿਖਾਰ ਦੇਵੇ। ਸਤਿਗੁਰੂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਕੀਰਤਪੁਰ ਸਾਹਿਬ ਨਿਵਾਸ ਕਰਦੇ ਸਨ। ਗੁਰੂ ਘਰ ਦੀ ਜ਼ਮੀਨ ਜੋ ਲਾਗਲੇ ਨਗਰ ਵਿੱਚ ਗੁਰੂ ਘਰ ਵੱਲੋਂ ਵੰਡਾਈ ਤੇ ਦਿੱਤੀ ਹੋਈ ਸੀ। ਹਾੜ੍ਹੀ ਦੀ ਫ਼ਸਲ ਪੱਕ ਗਈ। ਰਾਹਕ ਗੁਰੂ ਚਰਨਾਂ ਵਿੱਚ ਬੇਨਤੀ ਲੈ ਕੇ ਹਾਜ਼ਰ ਹੋਇਆ ਪਾਤਸ਼ਾਹ ! ਗੁਰੂ ਘਰ ਦੀ ਜ਼ਮੀਨ ਦਾ ਬੋਹਲ ਤਿਆਰ ਹੋ ਗਿਆ ਹੈ। ਆਪ ਕਿਸੇ ਸਿੱਖ ਨੂੰ ਮੇਰੇ ਨਾਲ ਭੇਜੋ ਤਾਂ ਜੋ ਗੁਰੂ ਘਰ ਦੀ ਵੰਡਾਈ ਦੀ ਫਸਲ ਲੈ ਆਵੇ। ਸਤਿਗੁਰੂ ਹਰਿਰਾਇ ਸਾਹਿਬ ਜੀ ਨੇ ਸਿੱਖ ਰਾਹੀਂ ਸੁਨੇਹਾ ਭੇਜ ਕੇ ਭਾਈ ਕਾਲਾ "ਦੁਲਟ" ਨੂੰ ਆਪਣੇ ਪਾਸ ਸਦਵਾਇਆ ਤੇ ਹੁਕਮ ਕੀਤਾ ਕਾਲਿਆ ! ਤੂੰ ਇਸ ਰਾਹਕ ਦੇ ਨਾਲ ਜਾਹ, ਗੁਰੂ ਘਰ ਦੀ ਫਸਲ ਤਿਆਰ ਹੋ ਚੁੱਕੀ ਹੈ, ਤੂੰ ਉਸ ਦੀ ਵੰਡਾਈ ਕਰਕੇ ਲੰਗਰ ਵਿੱਚ ਲਿਆ ਕੇ ਅੰਨ ਪਾ ਦੇਹ। ਕਾਲੇ ਦੁਲਟ ਨੇ ਸਤਿਗੁਰਾਂ ਨੂੰ ਨਮਸਕਾਰ ਕੀਤੀ ਤੇ ਜ਼ਿਮੀਂਦਾਰ ਦੇ ਨਾਲ ਚੱਲ ਪਿਆ। ਸਨੇ ਸਨੇ ਚਲਦੇ ਜ਼ਿਮੀਂਦਾਰ ਤੇ ਕਾਲਾ, ਜ਼ਿਮੀਂਦਾਰ ਦੇ ਘਰ ਪੁੱਜੇ। ਜ਼ਿਮੀਂਦਾਰ ਨੇ ਕਾਲੇ ਦੀ ਜਲ-ਪਾਣੀ ਨਾਲ ਸੇਵਾ ਕੀਤੀ। ਭਾਈ ਕਾਲੇ ਨੇ ਕਣਕ ਦਾ ਬੋਹਲ ਅੱਧੋ-ਅੱਧ ਕਰਵਾ ਜ਼ਿਮੀਂਦਾਰ ਨੂੰ ਫਸਲ ਦਾ ਹਿੱਸਾ ਚੁੱਕਵਾ ਦਿੱਤਾ। ਕਾਲਾ-ਦੁਲਟ ਗੁਰੂ ਕਾ ਬੋਹਲ ਪਿੜ ਵਿੱਚ ਛੱਡ ਕੇ, ਨਜ਼ਦੀਕ ਦੇ ਪਿੰਡ ਵਿੱਚ ਚਲੇ ਗਿਆ ਤੇ ਉੱਚੀ ਉੱਚੀ ਹੋਕਾ ਦਿੱਤਾ। ਗੁਰੂ ਘਰ ਦੀ ਸੁੱਕੀ ਰਸਦ (ਕਣਕ) ਤਿਆਰ ਹੈ। ਜੋ ਕੋਈ ਲੋੜਵੰਦ ਹੈ ਬਿਨਾਂ ਝਿੱਜਕ ਗੁਰੂ ਕੇ ਲੰਗਰ 'ਚੋਂ ਆਪਣੀ ਲੋੜ

ਪੂਰੀ ਕਰ ਸਕਦਾ ਹੈ। ਕਾਲੇ ਦੁਲਟ ਦਾ ਇਹ ਹੋਕਾ ਸੁਣ ਕੇ ਲੋੜਵੰਦ ਬੋਰੀਆਂ-ਪੱਲੀਆਂ ਲੈ ਕੇ ਕਾਲੇ ਦੇ ਪਿੱਛੇ ਪਿੱਛੇ ਤੁਰ ਪਏ। ਖੇਤ ਵਿੱਚ ਜਾ ਕੇ ਕਾਲੇ ਦੁਲਟ ਨੇ ਸਾਰੀ ਜਿਣਸ ਲੋੜਵੰਦਾਂ ਨੂੰ ਚੁੱਕਾ ਦਿੱਤੀ ਤੇ ਆਪ ਖਾਲੀ ਹੱਥੀਂ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਮੱਥਾ ਟੇਕਿਆ। ਸਤਿਗੁਰੂ ਜੀ ਨੇ ਪੁੱਛਿਆ ਕਾਲਿਆ! ਕੀ ਫ਼ਸਲ ਵੰਡਾ ਲਿਆਂਦੀ ਹੈ? ਕਾਲੇ ਨੇ ਹੱਥ ਜੋੜ ਬੇਨਤੀ ਕੀਤੀ ਸੱਚੇ ਪਾਤਸ਼ਾਹ! ਫ਼ਸਲ ਦੀ ਵੰਡਾਈ ਕਰ ਲਈ ਸੀ। ਲਾਗਲੇ ਪਿੰਡ ਵਿੱਚ ਭੁੱਖੇ ਲੋੜਵੰਦ ਬਹੁਤ ਸਨ, ਮੈਂ ਆਪ ਜੀ ਵੱਲੋਂ ਹੋਕਾ ਦੇ ਕੇ ਸਾਰੀ ਫ਼ਸਲ ਉਨ੍ਹਾਂ ਨੂੰ ਲੋੜ ਅਨੁਸਾਰ ਵੰਡ ਆਇਆ ਹਾਂ। ਮੈਂ ਸੋਚਿਆ ਤੁਸੀਂ ਭੀ ਤਾਂ ਲੰਗਰ-ਪਕਾ ਕੇ ਗਰੀਬ ਲੋੜਵੰਦਾਂ ਨੂੰ ਹੀ ਛਕਾਉਣਾ ਸੀ। ਮੈਂ ਸੋਚਿਆ ਕਣਕ ਪੀਹਣ, ਪਕਵਾਉਣ ਦੀ ਖੇਚਲ ਮੁੱਕੇਗੀ। ਇਹ ਲੋੜਵੰਦ ਆਪੇ ਪੀਹਣਗੇ, ਆਪੇ ਪਕਾ ਕੇ ਖਾ ਲੈਣਗੇ। ਗੁਰੂ ਘਰ ਦੀ ਸਿਰ ਦਰਦੀ ਮੁੱਕ ਜਾਵੇਗੀ। ਸਤਿਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮੁਸਕ੍ਰਾਏ ਤੇ ਕਾਲੇ ਦੁਲਟ ਨੂੰ ਛਾਤੀ ਨਾਲ ਲਾ ਪਿਆਰ ਦਿੱਤਾ ਤੇ 'ਧੰਨ ਸਿੱਖੀ ਧੰਨ ਸਿੱਖੀ' ਕਹਿ ਨਿਵਾਜਿਆ।

ਦੋਵਾਂ ਘਟਨਾਵਾਂ ਤੋਂ ਸਿੱਖਿਆ ਮਿਲਦੀ ਹੈ ਕਿ ਜੋ ਬਚਨ ਕਲਗੀਧਰ ਜੀ ਨੇ ਸਿੱਖਾਂ ਨੂੰ ਕੀਤੇ ਕਿ "**ਗਰੀਬ ਦਾ ਮੂੰਹ ਗੁਰੂ ਦੀ ਗੋਲਕ, ਗਰੀਬ ਦੀ ਲੋੜ ਗੁਰੂ ਦੀ ਲੋੜ**" ਸਿੱਖਾਂ ਨੇ ਆਪਣੇ ਜੀਵਨ ਵਿੱਚ ਇਨ੍ਹਾਂ ਹੁਕਮਾਂ ਨੂੰ ਕਮਾ ਕੇ ਵਿਖਾਇਆ ਅਤੇ ਸਤਿਗੁਰੂ ਜੀ ਨੇ ਵੀ ਅਜਿਹੀ ਬਿਰਤੀ ਵਾਲੇ ਸਿੱਖਾਂ ਨੂੰ ਪਿਆਰ ਗਲਵੱਕੜੀ ਵਿੱਚ ਲੈ ਕੇ ਨਿਵਾਜਿਆ ਤੇ ਵਰਦਾਨ ਦੇ ਕੇ ਵਰੋਸਾਇਆ। ਗੁਰਬਾਣੀ ਦਾ ਸਿਧਾਂਤ ਵੀ ਇਹ ਹੀ ਹੈ ਕਿ ਪਰਮਾਤਮਾਂ ਹਰ ਜੀਵ ਅੰਦਰ ਵਸਦਾ ਹੈ। ਜਿਸ ਨੇ ਪ੍ਰਮਾਤਮਾਂ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਹੋਵੇ ਉਹ ਖਲਕਤ ਨੂੰ ਪ੍ਰਸੰਨ ਕਰੇ। ਜਿਸ ਨੇ ਗੁਰੂ ਦੀ ਸੇਵਾ ਕਰ, ਗੁਰੂ ਖੁਸ਼ੀ ਪ੍ਰਾਪਤ ਕਰਨੀ ਹੋਵੇ ਉਹ ਲੁਕਾਈ ਦੀ ਸੇਵਾ ਕਰ ਕੇ ਪ੍ਰਮਾਤਮਾਂ ਤੇ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਪਰਮਾਤਮਾ ਲੁਕਾਈ ਵਿੱਚ ਨਿਵਾਸ ਕਰਦਾ ਹੈ। ਭਗਤ ਫਰੀਦ ਜੀ ਦਾ ਫੁਰਮਾਨ ਹੈ :-

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥੭੫॥**

ਸਲੋਕ ਫਰੀਦ ਜੀ, ਮ: ੫, ਅੰਗ: ੧੩੮੧

ਅਤੇ ਭਗਤ ਕਬੀਰ ਜੀ ਦਾ ਵੀ ਫੁਰਮਾਨ ਹੈ :-

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥**
**ਲੋਗਾ ਭਰਮਿ ਨ ਭੂਲਹੁ ਭਾਈ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥॥੧॥ ਰਹਾਉ ॥**

ਕਬੀਰ ਜੀ, ਅੰਗ ੧੩੫੦

ਸਤਿਗੁਰੂ ਗੁਰੂ ਰਾਮਦਾਸ ਜੀ ਦੇ ਫੁਰਮਾਨ ਅਨੁਸਾਰ ਸਾਰਿਆਂ ਵਿੱਚ ਪ੍ਰਮਾਤਮਾਂ ਇੱਕ-ਰਸ ਵਿਆਪਕ ਹੋ ਕੇ ਵਰਤ ਰਿਹਾ ਹੈ। ਕਿਸੇ ਨਾ ਕਿਸੇ ਸ਼ਕਲ ਵਿੱਚ ਸਾਰੇ ਉਸ ਪ੍ਰਮਾਤਮਾਂ ਨੂੰ ਹੀ ਯਾਦ ਕਰਦੇ ਹਨ। ਹੇ ਮੇਰੇ ਪਾਤਸ਼ਾਹ! ਸਾਰੇ ਤਮਾਮ ਜੀਅ-ਜੰਤ ਦਿਨ ਰਾਤ ਤੇਰੇ ਪਾਸੋਂ ਹੀ ਮੰਗਦੇ ਹਨ ਤੇ ਤੁਸੀਂ ਸਾਰਿਆਂ ਨੂੰ ਮੂੰਹ ਮੰਗੀਆਂ ਦਾਤਾਂ ਦਿੰਦੇ ਹੋ। ਤੁਸੀਂ ਸਾਰਿਆਂ ਵਿੱਚ ਵਰਤਦੇ ਹੋ ਤੁਹਾਥੋਂ ਬਿਨਾਂ ਹੋਰ ਕੋਈ ਨਹੀਂ ਹੈ। ਹੇ ਮੇਰੇ ਪਾਤਸ਼ਾਹ! ਸਭ ਜੀਵ ਜੰਤ ਤੇਰੇ ਹਨ ਤੇ ਤੁਸੀਂ ਸਾਰੇ ਜੀਵਾਂ ਜੰਤਾਂ ਦੇ ਹੋ ਤੇ ਅੰਤ ਨੂੰ ਇਹ ਸਾਰੇ ਜੀਵ ਤੇਰੇ ਵਿੱਚ ਹੀ ਸਮਾ ਜਾਣਗੇ। ਸਾਹਿਬਾਂ ਦਾ ਪਿਆਰਾ ਬਚਨ ਹੈ:-

**ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥**
**ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ ॥੨॥**
**ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ ॥**
**ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥੩॥**

ਮ: ੪, ਅੰਗ ੬੭੦

ਕਲਗੀਧਰ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਗੁਰਸਿੱਖਾਂ ਰਾਹੀਂ ਇਹ ਉਪਦੇਸ਼ ਕਮਾ ਕੇ ਦਰਸਾਏ ਹਨ। ਅੱਜ ਆਪਾਂ ਨੂੰ ਵੀ ਇਨ੍ਹਾਂ ਉਪਦੇਸ਼ਾਂ ਦੇ ਧਾਰਨੀ ਬਣਨ ਦੀ ਲੋੜ ਹੈ। ਜੋ ਆਪਾਂ ਗਰੀਬ ਲੋੜਵੰਦ ਗੁਰਸਿੱਖ ਵੇਖੀਏ, ਜੋ ਦਸਵੰਧ ਸਤਿਗੁਰੂ ਜੀ ਨੇ ਹਰ ਗੁਰਸਿੱਖ ਨੂੰ ਆਪਣੀ ਕਮਾਈ ਵਿੱਚੋਂ ਕੱਢਣ ਲਈ ਹੁਕਮ ਕੀਤਾ ਹੈ, ਉਸ ਗੁਰੂ ਕੀ ਮਾਇਆ ਨਾਲ ਗੁਰਸਿੱਖ ਦੇ ਪੇਟ ਦੀ ਅਗਨੀ ਨੂੰ ਸ਼ਾਂਤ ਕਰੀਏ। ਲੋੜਵੰਦ ਸਿੱਖਾਂ ਦੇ ਬੱਚਿਆਂ ਦੀ ਪੜ੍ਹਾਈ ਕਰਾਉਣ ਲਈ ਮਦਦ ਕਰੀਏ। ਲੋੜਵੰਦ ਬੱਚੀਆਂ ਦੀ ਸ਼ਾਦੀ ਲਈ ਜੇ ਮਾਇਆ ਰੁਕਾਵਟ ਬਣਦੀ ਹੈ, ਗੁਰੂ ਦੀ ਮਾਇਆ ਖਰਚ ਕੇ ਉਨ੍ਹਾਂ ਦੇ ਕਾਰਜ ਕਰਨ ਵਿੱਚ ਮਦਦਗਾਰ ਬਣੀਏ ਤੇ ਸਿੱਧੀ ਗੁਰੂ ਨੂੰ ਮਾਇਆ ਪਹੁੰਚਾ ਕੇ ਗੁਰੂ ਖੁਸ਼ੀ ਪ੍ਰਾਪਤ ਕਰੀਏ। ਅਨੰਦਪੁਰ ਸਾਹਿਬ ਦੀ ੩੫੦ਵੀਂ ਵਰ੍ਹੇਗੰਢ ਮਨਾ ਰਹੇ ਹਾਂ; ਸਤਿਗੁਰੂ ਜੀ ਨੇ ਮਨੁੱਖਤਾ ਦੀ ਸੇਵਾ ਦੇ ਜੋ ਸੁਨਹਿਰੀ ਅਸੂਲ ਇਸੇ ਪਵਿੱਤ੍ਰ ਧਰਤੀ ਤੋਂ ਖ਼ਾਲਸੇ ਨੂੰ ਬਖਸ਼ਿਸ਼ ਕੀਤੇ ਹਨ, ਆਪਾਂ ਇਨ੍ਹਾਂ ਅਸੂਲਾਂ ਨੂੰ ਇਸ ਸ਼ਤਾਬਦੀ ਤੇ ਅਮਲੀ ਜਾਮਾ ਪਹਿਨਾਉਣ ਲਈ ਯਤਨਸ਼ੀਲ ਹੋਈਏ। ਕਿਉਂਕਿ

**ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ**
**ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥** ਮ:੪, ਅੰਗ:੩੧੭

# ੨੨
# ਵਿਦਵਾਨ ਬਨਾਉਣ ਵਾਲੀ ਅਤੇ ਵਿੱਦਿਆ ਦੀ ਦਾਤੀ ਧਰਤ ਅਨੰਦਪੁਰ ਦੀ

ਸਤਿਗੁਰੂ ਕਲਗੀਧਰ ਜੀ ਵਿੱਦਿਆ ਦੇ ਬਹੁਤ ਕਦਰਦਾਨ ਸਨ। ਆਪ ਜੀ ਅਰਬੀ, ਫ਼ਾਰਸੀ, ਸੰਸਕ੍ਰਿਤ, ਦੇਵਨਾਗਰੀ ਦੇ ਸਮੇਤ ਜੋ ਉਸ ਵੇਲੇ ਸੰਸਾਰ ਵਿੱਚ ਚੌਸਠ ਤਰ੍ਹਾਂ ਦੀ ਵਿੱਦਿਆ ਪ੍ਰਚੱਲਤ ਸੀ, ਨੌਂ ਸਾਲ ਦੀ ਉਮਰ ਵਿੱਚ ਹੀ ਆਪ ਨੇ ਸਭ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਈ ਸੀ।

**ਚੌਸਠ ਵਿਦਿਆ ਜੋ ਜਗਚਾਰੀ॥ ਸੀਖੀ ਸ੍ਰੀ ਗੁਰੂ ਨਿਮਖ ਮਝਾਰੀ॥**
ਜਿੱਥੇ ਆਪ ਜੀ ਉਸ ਸਮੇਂ ਦੀਆਂ ਸਾਰੀਆਂ ਵਿੱਦਿਆਂਵਾਂ ਵਿੱਚ ਨਿਪੁੰਨ ਸਨ। ਉੱਥੇ ਆਪ ਜੀ ਵਿਦਵਾਨਾਂ ਦੇ ਬਹੁਤ ਹੀ ਕਦਰਦਾਨ ਸਨ। ਪਾਉਂਟਾ ਸਾਹਿਬ ਵਿਖੇ ਆਪ ਜੀ ਨੇ ੫੨ ਕਵੀ ਰੱਖ ਕੇ ਹਰ ਤਰ੍ਹਾਂ ਦਾ ਸਾਹਿਤ ਲਿਖਵਾਇਆ ਤੇ ਖੁਦ ਆਪ, ਰੂਹਾਨੀ ਤੇ ਬੀਰ-ਰਸੀ ਸਾਹਿਤ ਦੀ ਰਚਨਾ ਕੀਤੀ। ਸਾਹਿਤ ਰਚਨ ਦੇ ਨਾਲ-ਨਾਲ ਆਪ ਜੀ ਨੇ ਉਸ ਸਮੇਂ ਦੇ ਪੁਰਾਤਨ ਗ੍ਰੰਥ ਜੋ ਸੰਸਕ੍ਰਿਤ ਵਿੱਚ ਸਨ, ਨੂੰ ਕਾਫ਼ੀ-ਕਾਫ਼ੀ ਮਾਇਆ ਵਿਦਵਾਨਾਂ ਨੂੰ ਦੇ ਕੇ ਪੰਜਾਬੀ ਵਿੱਚ ਉਲੱਥੇ ਕਰਵਾਏ ਤਾਂ ਜੋ ਆਮ ਲੁਕਾਈ ਉਸ ਤੋਂ ਲਾਭ ਪ੍ਰਾਪਤ ਕਰ ਸਕੇ।

ਅਨੰਦਪੁਰ ਸਾਹਿਬ ਵਿਖੇ ਵੀ ਆਪ ਜੀ ਨੇ ਸਾਰੀ ਪਰਜਾ ਨੂੰ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ ਤੇ ਭਾਲ ਭਾਲ ਕੇ ਸਾਰੇ ਦੇਸ਼ 'ਚੋਂ ਵਿਦਵਾਨ ਇਕੱਤ੍ਰ ਕੀਤੇ।

**ਆਗਿਆ ਕੀਨੀ ਸਤਿਗੁਰੂ ਦਿਆਲ॥ ਬਿਦਿਆਵਾਨ ਪੰਡਤ ਲੇਹੁ ਭਾਲ॥**

ਮਹਿਮਾ ਪ੍ਰਕਾਸ਼

ਪਾਉਂਟਾ ਸਾਹਿਬ ਦੇ ਸਾਰੇ ਵਿਦਵਾਨ ਤੇ ਇਨ੍ਹਾਂ ਤੋਂ ਇਲਾਵਾ ਜਿਨ੍ਹਾਂ ਹੋਰ ਵਿਦਵਾਨਾਂ ਨੂੰ ਸੋਅ ਮਿਲਦੀ ਕਿ ਕਲਗੀਧਰ ਜੀ ਵਿਦਵਾਨਾਂ ਦੀ ਬਹੁਤ ਕਦਰ ਕਰਦੇ ਹਨ ਤੇ ਮੂੰਹ ਮੰਗਿਆ ਰੁਜ਼ੀਨਾ ਤੇ ਖੁੱਲ੍ਹ-ਦਿਲੀ ਨਾਲ ਇਨਾਮ ਦਿੰਦੇ ਹਨ, ਸਾਰੇ ਅਨੰਦਪੁਰ ਆ ਇਕੱਠੇ ਹੋਏ। ਵਿਦਵਾਨਾਂ ਤੋਂ ਇਲਾਵਾ ਅਨੰਦਪੁਰ ਸਾਹਿਬ ਵਿੱਚ ੩੨ ਲਿਖਾਰੀ ਵੀ ਸਨ ਜੋ ਗੁਟਕੇ ਪੋਥੀਆਂ ਦੇ ਉਤਾਰੇ ਕਰਨ ਵਿੱਚ ਜੁੱਟੇ ਰਹਿੰਦੇ। ਜਦੋਂ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਗੁਰੂ ਦਰਸ਼ਨਾਂ ਨੂੰ ਆਉਂਦੀਆਂ ਜਾਂ ਹੋਲੇ, ਵਿਸਾਖੀ ਆਦਿਕ ਜੋੜ ਮੇਲੇ ਹੁੰਦੇ, ਉਸ ਸਮੇਂ ਉਹ ਤਿਆਰ ਕੀਤੇ ਗੁਟਕੇ ਅਤੇ ਪੋਥੀਆਂ ਸੰਗਤਾਂ ਵਿੱਚ ਵੰਡੇ ਜਾਂਦੇ। ਸਤਿਗੁਰੂ ਜੀ ਦੀ ਰਹਿਨੁਮਾਈ ਅਤੇ ਇਨ੍ਹਾਂ ਵਿਦਵਾਨਾਂ ਦੇ ਉੱਦਮ ਸਦਕਾ

ਅਨੰਦਪੁਰ ਸਾਹਿਬ ਦੀ ਧਰਤੀ ਤੇ ਕੋਈ ਵੀ ਅਨਪੜ੍ਹ ਨਾ ਰਿਹਾ।

**ਬਾਲ ਬਿਰਧ ਸਭ ਸੋਧ ਪਠਾਵਾ॥ ਕੋਊ ਅਨਪੜ੍ਹ ਰਹਿਣ ਨ ਪਾਵਾ॥**

ਸਤਿਗੁਰਾਂ ਹੁਕਮ ਕਰ ਛੱਡਿਆ ਸੀ:-

**ਪਢਾਨ ਵਿਖੈ ਗੁਨ ਅਹੈ ਅਨੇਕ॥ ਸਦ ਗੁਣ ਪ੍ਰਾਪਤ ਆਦਿ ਬਬੇਕ॥**

ਤੇ ਹੁਕਮ ਸੀ:-

**ਜਾ ਘਰ ਵਿਦਿਆ ਆਵਤ ਹੈ ਤਿਨ ਸਭ ਕਿਛੁ ਲਹਿਆ॥**

ਸਤਿਗੁਰੂ ਜੀ ਨੇ ਵਿਦਿਆ ਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਨੂੰ ਖੋਤਾ ਲਿਖਿਆ ਹੈ:-

**ਅਛਰ ਕਛੂ ਨ ਪੜ੍ਹੇ ਤਿਨ ਗਰਧਬ॥**[੧]

ਸਤਿਗੁਰੂ ਜੀ ਨੇ ਤਾਂ ਵੇਦ-ਸ਼ਾਸ਼ਤ੍ਰ ਆਦਿ ਗ੍ਰੰਥ ਜੋ ਸੰਸਕ੍ਰਿਤ ਵਿੱਚ ਸਨ, ਨੂੰ ਪੜ੍ਹਨ ਵਾਸਤੇ ਪੰਜ ਸਿੰਘਾਂ ਨੂੰ ਰਹਿਤ ਤੋਂ ਵੀ ਛੋਟ ਦੇ ਕੇ ਬਨਾਰਸ ਭੇਜਿਆ। ਜਿਨ੍ਹਾਂ ਦੇ ਨਾਉਂ ਸਨ, ਭਾਈ ਕਰਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੋਭਾ ਸਿੰਘ ਜੀ, ਭਾਈ ਰਾਮ ਸਿੰਘ ਜੀ, ਜੋ ਭੇਸ ਬਦਲ, ਬਹੁਤ ਕਠਿਨਾਈਆਂ ਸਹਾਰ, ਦਿਨ-ਰਾਤ ਇੱਕ ਕਰ ਕੇ ਸੰਸਕ੍ਰਿਤ ਭਾਸ਼ਾ ਤੇ ਹਿੰਦੂ ਧਰਮ ਦੇ ਸਾਰੇ ਗ੍ਰੰਥਾਂ ਦਾ ਡੂੰਘਾ ਅਧਿਆਇਨ ਕਰ, ਵਿਦਵਤਾ ਨਾਲ ਭਰਪੂਰ ਬਣ, ਸਤਿਗੁਰੂ ਜੀ ਦੇ ਸਨਮੁੱਖ ਹਾਜ਼ਰ ਹੋਏ। ਸਤਿਗੁਰੂ ਜੀ ਨੇ ਇਨ੍ਹਾਂ ਪੰਜਾਂ ਵਿਦਵਾਨਾਂ ਨੂੰ ਅਨੇਕਾਂ ਵਰ-ਬਖਸ਼ਿਸ਼ਾਂ ਦੇ ਕੇ ਨਿਵਾਜ਼ਿਆ। ਜਿਨ੍ਹਾਂ ਤੋਂ ਅਗਾਹ ਨਿਰਮਲੇ ਸੰਪ੍ਰਦਾ ਚੱਲੀ, ਜਿਨ੍ਹਾਂ ਨੇ ਹਿੰਦੂ ਧਰਮ ਦੇ ਗ੍ਰੰਥਾਂ ਦਾ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਲਨਾਤਮਿਕ[੨] ਅਧਿਐਨ ਕਰ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਰਬ-ਉੱਚ ਦਰਸਾ ਕੇ ਬਿਖੜੇ ਸਮਿਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

ਅੱਜ ਆਪਾਂ ਨੂੰ ਆਪਣੇ ਅੰਦਰ ਝਾਤ ਮਾਰ ਕੇ ਸੋਚਣ ਤੇ ਵੀਚਾਰਨ ਦੀ ਲੋੜ ਹੈ। ਸਾਡੇ ਅੰਦਰ ਵਿੱਦਿਆ ਪ੍ਰਾਪਤੀ ਦੀ ਕਿੰਨੀ ਕੁ ਲਗਨ ਹੈ? ਸਿੱਖ ਕੌਮ ਵਿੱਚ ਵਿਦਵਾਨਾਂ ਦੀ ਕਿੰਨੀ ਕੁ ਕਦਰ ਹੈ? ਜੇ ਇਨਸਾਫ਼ ਦੀ ਤੱਕੜੀ ਨਾਲ ਤੋਲ, ਆਪਣੀ ਹੀ ਕੌਮ ਦੀ ਪੜਚੋਲ ਕਰਾਂਗੇ ਤਦ ਆਪਣੇ ਅੰਦਰੋਂ ਉੱਤਰ ਬਹੁਤਾਤ ਵਿੱਚ ਨਾਂਹ-ਵਾਚਕ ਹੀ ਆਵੇਗਾ ਪਰ ਯਾਦ ਰੱਖਣ ਵਾਲੀ ਗੱਲ ਹੈ, ਜਿੰਨਾਂ ਉੱਚਾ ਮੁਰਾਤਬਾ ਤੇ ਮਾਣ ਸਤਿਕਾਰ ਵਿਦਵਾਨ ਪ੍ਰਾਪਤ ਕਰ ਸਕਦਾ ਹੈ, ਉਨਾਂ ਮਾਣ-ਸਤਿਕਾਰ ਇੱਕ ਮਾਇਆਧਾਰੀ ਜਾਂ ਸੱਤਾ ਦਾ ਮਾਲਕ ਨਹੀਂ ਪ੍ਰਾਪਤ ਕਰ ਸਕਦਾ। ਸਾਰਕੁਤਾਵਲੀ ਵਿੱਚ ਬੜੇ ਕੀਮਤੀ ਬਚਨ ਹਨ:-

---

੧. ਅੱਖਰ ਗਿਆਨ ਤੋਂ ਬਿਨਾਂ ਉਹ ਖੋਤੇ ਦੀ ਨਿਆਈਂ ਹੈ ੨. Comparative Studies

ਤਬ ਲਗ ਵਿਦਿਆ ਕੋ ਪੜ੍ਹੇ ਜਬ ਲਗ ਘਟ ਮੈ ਪ੍ਰਾਨ।
ਜਹਾਂ ਧਨੀ ਪਹੁੰਚੇ ਨਹੀਂ ਤਹਾਂ ਪਹੁੰਚੇ ਵਿਦਵਾਨ।

ਸਾਰਕੁਤਾਵਲੀ

ਵਿਦਵਾਨ ਮਨੁੱਖ ਭਾਵੇਂ ਆਪਣੇ ਦੇਸ਼ ਵਿੱਚ ਰਹੇ, ਚਾਹੇ ਵਿਦੇਸ਼ ਵਿੱਚ ਚਲਾ ਜਾਵੇ, ਵਿੱਦਿਆ ਦੀ ਬਦੌਲਤ ਉਸ ਦੀ ਹਰ ਥਾਂ ਇੱਜਤ ਤੇ ਮਾਣ-ਸਤਿਕਾਰ ਹੁੰਦਾ ਹੈ। ਸਾਰਕੁਤਾਵਲੀ ਦਾ ਇੱਕ ਹੋਰ ਛੰਦ ਹੈ। ਜਿਸ ਵਿੱਚ ਕਰਤਾ ਨੇ ਵਿਦਵਾਨ ਦੀ ਹਰ ਥਾਂ, ਹਰ ਜਗ੍ਹਾ ਕਦਰ ਦਾ ਜ਼ਿਕਰ ਕੀਤਾ ਹੈ:-

[1]ਮੂੜ ਪੂਜ ਨਿਜ ਧਾਮ ਮੈਂ, ਧਨੀ ਪੂਜ ਨਿਜ ਨਗਰ।
ਭੂਪ ਪੂਜ ਨਿਜ਼ ਦੇਸ਼ ਮੈਂ, ਪੂਜਤ ਗੁਣੀ ਸਮਗਰ।

ਸਾਰਕੁਤਾਵਲੀ

ਅੱਜ ਸਿੱਖ ਕੌਮ ਦੀ ਨੌਜਵਾਨੀ ਨੂੰ ਸੋਚਣ-ਵੀਚਾਰਣ ਦੀ ਲੋੜ ਹੈ ਕਿ ਕੀ ਉਸ ਦੇ ਮਨ ਵਿੱਚ ਵੀ ਚੰਗੇ ਵਿਦਵਾਨ, ਚੰਗੇ ਗੁਣਵਾਨ ਬਣਨ ਦੀ ਬਾਕੀ ਕੌਮਾਂ ਵਾਂਗ ਲਾਲਸਾ ਹੈ? ਜੇ ਲਾਲਸਾ ਹੈ ਤਾਂ ਉਹ ਸਾਕਾਰ ਕਿਉਂ ਨਹੀਂ ਹੁੰਦੀ? ਕਾਰਣ ਭਾਲਣ ਦੀ ਲੋੜ ਹੈ। ਸਿੱਖ ਕੌਮ ਘੱਟ ਗਿਣਤੀ ਵਾਲੀ ਕੌਮ ਹੈ। ਇਸ ਕੌਮ ਦਾ ਉਨਾਂ ਚਿਰ ਬੋਲ-ਬਾਲਾ ਨਹੀਂ ਹੋ ਸਕਦਾ ਜਿੰਨਾਂ ਚਿਰ ਅਸੀਂ ਅਪਾਣੇ ਦਿਮਾਗ ਦੀ ਵਰਤੋਂ ਕਰ ਕੇ ਸੰਸਾਰ ਵਿੱਚ ਕੁਆਲਟੀ (Quality) ਨਹੀਂ ਬਣਦੇ। ਠੀਕ ਹੈ, ਸਿੱਖ ਕੌਮ ਬਹਾਦਰ ਬਹੁਤ ਹੈ। ਸਾਰਾ ਸੰਸਾਰ ਸਿੱਖਾਂ ਦੀ ਬਹਾਦਰੀ ਤੇ ਵਫ਼ਾਦਾਰੀ ਦਾ ਕਾਇਲ ਹੈ। ਸਿੱਖ ਮਿਹਨਤੀ ਵੀ ਬਹੁਤ ਹੈ ਭਾਵੇਂ ਇਸ ਨੂੰ ਰੜ੍ਹੇ ਮੈਦਾਨ ਕਿਸੇ ਵੀ ਦੇਸ਼ ਵਿੱਚ ਬਿਨਾਂ ਪੂੰਜੀ ਬਿਠਾ ਦੇਵੋ, ਇਹ ਆਪਣੀ ਮਿਹਨਤੀ-ਆਦਤ ਨਾਲ ਸਾਧਨ ਪੈਦਾ ਕਰ, ਆਪਣੇ ਪੈਰਾਂ ਤੇ ਖਲੋ ਜਾਂਦਾ ਹੈ। ਇਹ ਸਾਰਾ-ਸਾਰਾ ਦਿਨ ਖੇਤਾਂ ਵਿੱਚ ਕੰਮ ਕਰਦਾ, ਮਿੱਟੀ ਫਰੋਲਦਾ ਨਾ ਅੱਕਦਾ ਨਾ ਥੱਕਦਾ ਹੈ ਭਾਵੇਂ ਹਿਸਾਬ ਕਰਨ ਤੋਂ ਉਪਰੰਤ ਇਸ ਨੂੰ ਤੇ ਇਸ ਦੇ ਪਰਿਵਾਰ ਨੂੰ ਮਜ਼ਦੂਰੀ ਵੀ ਪੱਲੇ ਨਾ ਪਵੇ। ਜੇ ਟਰੱਕ ਜਾਂ ਟੈਕਸੀ ਦੇ ਸਟੇਅਰਿੰਗ ਤੇ ਬੈਠ ਜਾਵੇ, ਬਾਈ ਤੇਈ ਘੰਟੇ ਰੋਟੀ ਖਾਣੀ ਵੀ ਭੁੱਲ ਜਾਂਦਾ ਹੈ ਪਰ ਸਕੂਲ, ਕਾਲਜ, ਯੂਨੀਵਰਸਿਟੀ ਵਿੱਚ ਪੜ੍ਹਨਾ ਪੈ ਜਾਵੇ ਮਾਨੋਂ ਸੌ ਮਣ ਦਾ ਸਿਰ ਤੇ ਬੋਝ ਪੈ ਜਾਂਦਾ ਹੈ। ਸਾਡੀ ਸਿੱਖ ਕੌਮ ਵਿੱਚ ਪੜ੍ਹਨ ਦੀ ਰੁਚੀ ਬਹੁਤ ਘੱਟ ਹੈ। ਬਾਕੀ ਕੌਮਾਂ ਵੱਲ ਵੇਖੀਏ ਤਦ ਉਹ ਜਿੱਥੇ ਵੀ ਖਲੋਤੇ ਹਨ ਜਾਂ ਬੈਠੇ ਹਨ, ਉਹ ਵਿਦਿਆ ਦਾ ਅਧਿਐਨ ਕਰਨ ਲਈ ਪੁਸਤਕਾਂ

---

੧.ਮੂਰਖ ਬੰਦੇ ਦੀ ਪੂਜਾ ਕੇਵਲ ਘਰ ਵਿੱਚ ਹੀ ਹੁੰਦੀ ਹੈ, ਕਿਉਂਕਿ ਸਾਰੇ ਉਸ ਦੀ ਮੂਰਖਤਾ ਤੋਂ ਡਰਦੇ ਹਨ। ਧਨਵਾਨ ਮਨੁੱਖ ਨੂੰ ਲੋਕ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਣੇ ਪਿੰਡ ਵਿੱਚ ਮਾਣ-ਸਤਿਕਾਰ ਦਿੰਦੇ ਹਨ। ਰਾਜੇ ਦਾ ਮਾਣ-ਸਤਿਕਾਰ ਉਸ ਦੇ ਰਾਜ ਭਾਗ ਦੀ ਹੱਦ ਤੱਕ ਹੀ ਹੁੰਦਾ ਹੈ ਪਰ ਵਿਦਵਾਨ, ਗੁਣਵਾਨ ਮਨੁੱਖ ਦਾ ਮਾਣ-ਸਤਿਕਾਰ ਤੇ ਕਦਰ ਹਰ ਥਾਂ, ਹਰ ਜਗ੍ਹਾ ਹੁੰਦੀ ਹੈ।

ਜਾਂ ਲੈਪਟੋਪ ਦੀ ਵਰਤੋਂ ਕਰਦੇ ਹੋਣਗੇ। ਪਰ ਪੰਜਾਬੀ ਏਅਰਪੋਟ ਦਾ ਵੇਟਿੰਗ ਰੂਮ ਹੋਵੇ ਜਾਂ ਬੱਸ ਸਟੈਂਡ ਹੋਵੇ ਜਾਂ ਕਿਸੇ ਪਾਰਕ ਵਿੱਚ ਬੈਂਚ ਲੱਗੇ ਹੋਣ, ਉੱਥੇ ਬੈਠ ਕੇ ਖੁੰਢ-ਚਰਚਾ ਕਰਦੇ ਹੀ ਵਿਖਾਈ ਦੇਣਗੇ ਕਿਉਂਕਿ ਗੁਣ ਗ੍ਰਹਿਣ ਕਰਨ ਦੀ ਤੇ ਬੁੱਧੀ ਨੂੰ ਗੁਣਵਾਨ ਬਨਾਉਣ ਦੀ ਸਾਡੇ ਅੰਦਰ ਲਾਲਸਾ ਬਹੁਤ ਘੱਟ ਹੈ। ਉਂਝ ਸਾਡੀ ਪੰਜਾਬੀ ਕੌਮ ਨੂੰ ਜਿੱਥੇ ਪ੍ਰਮਾਤਮਾਂ ਨੇ ਮਿਹਨਤੀ ਬਿਰਤੀ ਪ੍ਰਦਾਨ ਕੀਤੀ ਹੈ, ਉੱਥੇ ਦਿਮਾਗ ਵੀ ਬਹੁਤ ਦਿੱਤਾ ਹੈ। ਜਿਸ ਦੀ ਵਰਤੋਂ ਕਰਕੇ ਬਹੁਤ ਸਾਰੇ ਸਿੱਖੀ ਸਰੂਪ ਵਾਲਿਆਂ ਨੇ ਚੰਗੇ ਡਾਕਟਰ, ਚੰਗੇ ਸਾਇੰਸਦਾਨ, ਚੰਗੇ ਅਰਥ-ਸ਼ਾਸ਼ਤਰੀ, ਚੰਗੇ ਜਰਨੈਲ, ਚੰਗੇ ਸਿਆਸਤਦਾਨ ਤੇ ਸਫਲ ਕਿਸਾਨ ਬਣ ਕੇ ਕੌਮ ਦਾ ਨਾਮਨਾ ਉੱਚਾ ਕੀਤਾ ਹੈ, ਉਹ ਸ਼ਲਾਘਾਯੋਗ ਹਨ ਪਰ ਆਮ ਤੌਰ ਤੇ ਸਾਡੇ ਸਿੱਖ, ਪੰਜਾਬੀ ਨੌਜਵਾਨਾਂ ਵਿੱਚ ਉੱਚੀ ਵਿਦਿਆ ਪ੍ਰਾਪਤ ਕਰਨ ਦਾ ਸ਼ੌਂਕ ਬਹੁਤ ਘੱਟ ਹੈ, ਕੇਵਲ ਗੁਜ਼ਾਰੇ ਜੋਗੀ ਪਲੱਸ-ਟੂ (+2) ਪਾਸ ਕੀਤੀ, ਫਿਰ ਸਰਬਨੰਦ, ਰਾਜ਼ੀ-ਖੁਸ਼ੀ ਦਾ ਨਾਹਰਾ ਲਾ ਦਿੰਦੇ ਹਨ।

ਸਿੱਖ ਕੌਮ ਵਾਂਗ Jews (ਯਹੂਦੀ) ਵੀ ਘੱਟ ਗਿਣਤੀ ਵਿੱਚ ਸਨ। ਉਨ੍ਹਾਂ ਦਾ ਮੁਲਕ ਵੀ ਛੋਟਾ ਸੀ। ਜ਼ਮੀਨ ਵੀ ਰੇਗਿਸਤਾਨ, ਸਾਧਨ ਘੱਟ ਹੋਣ ਦੇ ਬਾਵਜੂਦ ਉਨ੍ਹਾਂ ਸਿੱਖ ਕੌਮ ਵਾਂਗ ਬਹੁਤ ਪੈਸਾ ਕਮਾਇਆ। ਸਮਾਂ ਆਇਆ, ਜਰਮਨੀ ਦੇ ਤਾਨਾਸ਼ਾਹੀ ਹੁਕਮਰਾਨ ਹਿਟਲਰ ਨੇ ਸਾਰੀ ਯਹੂਦੀ ਕੌਮ ਦਾ ਸਰਬਨਾਸ਼ ਕਰਨ ਦੇ ਨਿਸ਼ਾਨੇ ਨਾਲ ਇਨ੍ਹਾਂ ਯਹੂਦੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਇੱਕ-ਇੱਕ ਚੈਂਬਰ ਵਿੱਚ ਬੰਦ ਕਰ ਕੇ ਗੈਸ ਛੱਡ ਕੇ ਸਪੁਰਦ-ਏ-ਖਾਕ ਕਰਨਾ ਸ਼ੁਰੂ ਕਰ ਦਿੱਤਾ। ਦਿਨਾਂ ਨਹੀਂ ਮਹੀਨਿਆਂ ਬੱਧੀ ਇਹ ਰੌਂਗਟੇ ਖੜ੍ਹੇ ਕਰਨ ਵਾਲੀ ਮਾਰਨ ਕਿਰਿਆ ਚੱਲਦੀ ਰਹੀ। ਹਿਟਲਰ ਨੇ ਮਾਨੋ ਯਹੂਦੀ ਕੌਮ ਦਾ ਸਰਬਨਾਸ਼ ਕਰ ਦਿੱਤਾ। ਥੋੜ੍ਹੇ ਸਮੇਂ ਤੋਂ ਪਿੱਛੋਂ ਦੇਸ਼ਾਂ-ਵਿਦੇਸ਼ਾਂ ਵਿੱਚ ਜਾਂ ਜਿਹੜੇ ਲੁੱਕ ਛਿਪ ਕੇ ਯਹੂਦੀ ਬਚੇ ਸਨ, ਉਨ੍ਹਾਂ ਨੇ ਆਪਣੀ ਸਰ-ਜ਼ਮੀਨ ਤੇ ਸਾਰੇ ਯਹੂਦੀਆਂ ਦਾ ਇਕੱਠ ਬੁਲਾਇਆ ਅਤੇ ਜੋ ਉਨ੍ਹਾਂ ਨਾਲ ਜੋਰ-ਜ਼ੁਲਮ ਧੱਕਾ ਹੋਇਆ ਤੇ ਉਨ੍ਹਾਂ ਦੇ ਸਰਬਨਾਸ਼ ਦੀ ਯੋਜਨਾ ਬਣਾ ਕੇ ਕੌਮ ਦਾ ਨੁਕਸਾਨ ਕੀਤਾ, ਉਨ੍ਹਾਂ ਨੇ ਇਸ ਦੇ ਸਾਰੇ ਪੱਖਾਂ ਤੇ ਕਈ ਦਿਨ ਵੀਚਾਰ ਕੀਤੀ ਉਪ੍ਰੰਤ ਇੱਕ ਸਿੱਟੇ ਤੇ ਸਾਰੇ ਸਹਿਮਤ ਹੋਏ, ਉਹ ਸਿੱਟਾ ਕੀ ਸੀ? ਉਨ੍ਹਾਂ ਵਿੱਚੋਂ ਸਿਆਣਿਆਂ ਨੇ ਕਿਹਾ ਕਿ ਦੁਨੀਆਂ ਵਿੱਚ ਅਸੀਂ ਘੱਟ ਗਿਣਤੀ ਵਿੱਚ ਹਾਂ। ਸਰੀਰਕ ਸਾਧਨਾ ਨਾਲ ਅਸੀਂ ਬਹੁ ਗਿਣਤੀ ਦਾ ਟਾਕਰਾ ਨਹੀਂ ਕਰ ਸਕਦੇ। ਜੇ ਅਸੀਂ ਆਪਣੀ ਹੋਂਦ ਨੂੰ ਕਾਇਮ ਰੱਖਣਾ ਹੈ ਤਾਂ ਸਾਨੂੰ ਸਾਰੀ ਕੌਮ ਦੇ ਇੱਕ ਇੱਕ ਬੰਦੇ ਨੂੰ ਕੁਆਲਟੀ ਦਾ ਬੰਦਾ ਬਣਾ ਕੇ ਸੰਸਾਰ ਸਾਹਮਣੇ ਪੇਸ਼ ਕਰਨਾ ਪਵੇਗਾ। ਉਨ੍ਹਾਂ ਦਾ ਨਾਹਰਾ ਸੀ Minorty can not

survive without quality (ਘੱਟ ਗਿਣਤੀ ਕੌਮ ਕੁਆਲਟੀ ਬਣੇ ਤੋਂ ਬਿਨਾਂ ਸੰਸਾਰ ਵਿੱਚ ਜੀਵਤ ਨਹੀਂ ਰਹਿ ਸਕਦੀ), ਕੌਮ ਨੂੰ ਕੁਆਲਟੀ ਦਾ ਰੂਪ ਦੇਣ ਵਾਸਤੇ ਉਨ੍ਹਾਂ ਨੇ ਦਿਮਾਗ ਨੂੰ ਚੁਣਿਆ ਤੇ ਦਿਮਾਗ ਵਿੱਦਿਆ ਤੋਂ ਬਿਨਾਂ ਨਿਰਾ ਸਰੀਰ ਤੇ ਬੋਝ ਹੈ। ਵਿੱਦਿਆ ਵਿੱਚ ਹਰ ਬੱਚੇ ਨੂੰ ਨਿਪੁੰਨ ਕਰਨ ਵਾਸਤੇ ਉਨ੍ਹਾਂ ਨੇ ਇੱਕ ਸਾਂਝਾ ਫੰਡ ਕਾਇਮ ਕੀਤਾ ਤੇ ਐਲਾਨ ਕੀਤਾ ਕਿ ਹਰ ਯਹੂਦੀ ਬੱਚਾ ਉੱਚੀ ਤੋਂ ਉੱਚੀ ਵਿਦਿਆ ਪ੍ਰਾਪਤ ਕਰੇ। ਜਿਸ ਖੇਤਰ ਵਿੱਚ ਵੀ ਉਹ ਪੜ੍ਹਨਾ ਚਾਹੁੰਦਾ ਹੈ, ਜੇ ਉਸ ਦੀ ਪੜ੍ਹਾਈ ਵਿੱਚ ਮਾਇਆ ਦਾ ਖਰਚ ਅੜਚਨ ਬਣਦਾ ਹੋਵੇ, ਉਸ ਦੀ ਸਾਂਝੇ ਕੌਮੀ ਫੰਡ ਵਿੱਚੋਂ ਮਦਦ ਕੀਤੀ ਜਾਵੇਗੀ। ਜਦੋਂ ਉਹ ਆਪਣੇ ਪੈਰਾਂ ਤੇ ਖਲੋ ਧਨ ਕਮਾਉਣ ਲੱਗ ਜਾਵੇ, ਉਹ ਆਪਣਾ ਫਰਜ਼ ਜਾਣ ਕੇ ਕੌਮੀ ਵਿਦਿਆ ਫੰਡ ਵਿੱਚ ਆਪਣਾ ਬਣਦਾ ਯੋਗਦਾਨ ਪਾਵੇ। ਅੱਜ ਆਪਾਂ ਦੇਖਦੇ ਹਾਂ ਕਿ ਉਸ ਨਾਹਰੇ ਤੇ ਅਮਲ ਕਰਦਿਆਂ ਹਰ ਦੇਸ਼ ਵਿੱਚ ਸਾਰੇ ਅਰਥਚਾਰੇ (Economy) ਤੇ ਯਹੂਦੀਆਂ ਦਾ ਕਬਜ਼ਾ ਹੈ। ਹਰ ਯਹੂਦੀ ਉੱਚ ਪਾਏ ਦਾ ਪੜ੍ਹਿਆ ਲਿਖਿਆ ਮਿਲਦਾ ਹੈ। ਸਾਰਾ ਵਪਾਰ ਇਨ੍ਹਾਂ ਦੇ ਹੱਥ ਵਿੱਚ ਹੈ। ਹਰ ਮੁਲਕ ਦੀ ਸਰਕਾਰ ਯਹੂਦੀਆਂ ਦੇ ਇਸ਼ਾਰੇ ਤੇ ਬਣਦੀ ਹੈ ਤੇ ਚੱਲਦੀ ਹੈ। ਇਸ ਵੇਲੇ ਇੱਕ ਘੱਟ ਗਿਣਤੀ ਸਾਰੇ ਸੰਸਾਰ ਨੂੰ ਚਲਾ ਰਹੀ ਹੈ। ਕੋਈ ਉਨ੍ਹਾਂ ਦੀ ਵਾਅ ਵੱਲ ਨਹੀਂ ਵੇਖਦਾ। ਜੇ ਕੋਈ ਜ਼ੁਰਅਤ ਕਰਦਾ ਹੈ ਤਾਂ ਉਸ ਦਾ ਜੋ ਹਸ਼ਰ ਹੁੰਦਾ ਹੈ ਉਸ ਤੋਂ ਆਪਾਂ ਸਾਰੇ ਜਾਣੂ ਹਾਂ। ਸੋ ਯਹੂਦੀਆਂ ਦਾ ਤਾਂ ਇੱਕ ਵਾਰੀ ਸਰਬਨਾਸ਼ ਹੋਇਆ ਅਤੇ ਉਸ ਦੁਖਦਾਈ ਘਟਨਾ ਤੋਂ ਉਨ੍ਹਾਂ ਸਿੱਖਿਆ ਲੈ ਕੇ ਆਪਣੇ ਆਪ ਨੂੰ ਸੰਸਾਰ ਪੱਧਰ ਤੇ ਲੈ ਆਂਦਾ। ਸਾਡਾ ਸਿੱਖ ਕੌਮ ਦਾ ਤਾਂ ਜਦ ਤੋਂ ਹੋਂਦ ਵਿੱਚ ਆਈ ਹੈ, ਇੱਕ-ਇੱਕ ਦਿਨ ਵਿੱਚ ਚੌਦਾਂ-ਚੌਦਾਂ ਹਜ਼ਾਰ ਛੋਟੇ ਘੱਲੂਘਾਰੇ ਵਿੱਚ ਤੇ ਵੱਡੇ ਘੱਲੂਘਾਰੇ ਵਿੱਚ ਇੱਕੋ ਦਿਨ ਵਿੱਚ ਪੈਂਤੀ ਹਜ਼ਾਰ ਸਿੰਘ, ਬੱਚੇ-ਬੱਚੀਆਂ, ਸਿੰਘਣੀਆਂ ਮੌਤ ਦੇ ਘਾਟ ਉਤਾਰੇ ਗਏ। 1984 ਦਾ ਸਰਬਨਾਸ਼ (ਨਸਲਕੁਸ਼ੀ) ਤਾਂ ਸਾਡੇ ਸਾਹਮਣੇ ਹੀ ਹੈ। ਕੀ ਆਪਾਂ ਇਨ੍ਹਾਂ ਘੱਲੂਘਾਰਿਆਂ ਤੋਂ ਸਬਕ ਲੈ ਕੇ ਯਹੂਦੀਆਂ ਵਾਂਗ ਕੋਈ ਕੌਮ ਨੂੰ ਸੇਧ ਦਿੱਤੀ ਹੈ ਜਾਂ ਕੋਈ ਸਾਰਥਿਕ ਉਪਰਾਲਾ ਕੀਤਾ ਹੈ? ਜੇ ਕਿਸੇ ਦੀ ਨਿਗ੍ਹਾ ਵਿੱਚ ਹੋਵੇ ਤਾਂ ਦੱਸਣ ਦੀ ਕ੍ਰਿਪਾਲਤਾ ਕਰਨੀ। ਮੇਰੀ ਅਲਪ ਬੁੱਧੀ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ।

ਨੌਜਵਾਨ ਸਿੱਖ ਬੱਚਿਆਂ ਨਾਲੋਂ ਅਜੇ ਸਿੱਖ ਬੱਚੀਆਂ ਪੜ੍ਹਾਈ ਦੇ ਖੇਤਰ ਵਿੱਚ ਅਗੇਰੇ ਹਨ। ਪਰ ਐ ਨੌਜਵਾਨ! ਤੂੰ ਉਨ੍ਹਾਂ ਦੀ ਰੀਸ ਕਰਕੇ ਉਨ੍ਹਾਂ ਤੋਂ ਵੱਧ ਉਚੇਰੀ ਵਿਦਿਆ ਪ੍ਰਾਪਤ ਕਰਨ ਦੀ ਥਾਂ ਸਗੋਂ ਉਨ੍ਹਾਂ ਬੱਚੀਆਂ ਦੀ ਪੜ੍ਹਾਈ ਵਿੱਚ ਵੀ ਰੋੜਾ ਬਣ ਰਿਹਾ ਹੈਂ। ਜਦੋਂ ਕਿਸੇ ਸਕੂਲ, ਕਾਲਜ ਵਿੱਚੋਂ ਬੱਚੀਆਂ ਪੜ੍ਹ ਕੇ ਨਿਕਲਦੀਆਂ

ਹਨ ਤਾਂ ਨੌਜਵਾਨ ਭੁੱਲ ਜਾਂਦਾ ਹੈ ਕਿ ਇਹ ਬੱਚੀਆਂ ਮੇਰੀਆਂ ਭੈਣਾਂ ਹਨ। ਇਸੇ ਭੁਲੇਵੇ ਅਧੀਨ ਨੌਜਵਾਨ, ਪੜ੍ਹਨ ਵਾਲੀਆਂ ਬੱਚੀਆਂ ਨੂੰ ਸਕੂਲ ਕਾਲਜ ਤੋਂ ਬਾਹਰ ਖਲੋ ਕੇ, ਤਰ੍ਹਾਂ-ਤਰ੍ਹਾਂ ਦੇ ਅਸ਼ਲੀਲ ਬੋਲ, ਬੋਲ ਕੇ ਤੇ ਇਸ਼ਾਰੇ ਕਰਕੇ ਉਨ੍ਹਾਂ ਦੇ ਪੜ੍ਹਨ ਦੇ ਹੌਂਸਲੇ [੧]ਪਸਤ ਕਰਨ ਦਾ ਕਾਰਣ ਬਣਦਾ ਹੈ। ਕੀ ਨੌਜਵਾਨ! ਇਹੋ ਹੀ ਤੇਰੀ ਉਸਾਰੂ ਸੋਚ ਹੈ? ਜਰਾ ਦੀਰਘਤਾ ਨਾਲ ਵੀਚਾਰ ਕਰ ਤੇ ਅਜਿਹਿਆਂ ਕਾਰਨਾਮਿਆਂ ਤੋਂ ਤੋਬਾ ਕਰ ਤੇ ਆਪ ਉੱਚ ਵਿੱਦਿਆ ਪ੍ਰਾਪਤ ਕਰ ਕੇ ਸੁੱਖ ਅਨੰਦ ਦਾ ਜੀਵਨ ਬਤੀਤ ਕਰ ਅਤੇ ਕੌਮ ਦੇ ਮਾਣ ਨੂੰ ਉੱਚਾ ਕਰ। ਅੱਜ ਸਿੱਖ ਕੌਮ ਨੂੰ ਘਸਿਆਰੇ ਬਨਾਉਣ ਦੀਆਂ ਬੜੀਆਂ ਦੀਰਘ ਚਾਲਾਂ ਚਲਾਈਆਂ ਜਾ ਰਹੀਆਂ ਹਨ, ਨਿਰਾ ਗਰੀਬ, ਘਸਿਆਰੇ ਬਨਾਉਣ ਲਈ ਹੀ ਯਤਨ ਜਾਰੀ ਨਹੀਂ ਸਗੋਂ ਸਿੱਖ ਕੌਮ ਦੀ ਹੋਂਦ ਹਸਤੀ ਨੂੰ ਸੰਸਾਰ ਵਿੱਚੋਂ ਖਤਮ ਕਰਨ ਦੇ, ਤੇਰੇ ਹੀ ਗੁਆਂਢੀ ਮਨਸੂਬੇ ਬਣਾ ਰਹੇ ਹਨ। ਸਿੱਖ ਨੌਜਵਾਨ! ਹੋਸ਼ ਕਰ, ਤੂੰ ਆਪਣੀ ਵੱਖਰੀ ਹੋਂਦ ਹਸਤੀ ਨੂੰ ਕਾਇਮ ਰੱਖਣ ਲਈ ਸਾਵਧਾਨ ਹੋ, ਕਿਤੇ ਤੇਰੇ ਸਿੱਖ ਕੌਮ ਦੇ ਵੱਖਰੇ-ਪਨ ਨਾਲ ਤੇ ਨਿਆਰੇ-ਪਨ ਨਾਲ ਬੁੱਧ ਧਰਮ ਵਾਲਾ ਵਰਤਾਰਾ ਨਾ ਵਰਤ ਜਾਵੇ। ਤੈਨੂੰ ਵਤਨੋਂ-ਕੁਵਤਨ ਨਾ ਹੋਣਾ ਪੈ ਜਾਵੇ। ਉਂਝ ਐਸਾ ਹੋ ਨਹੀਂ ਸਕਦਾ ਕਿਉਂਕਿ ਜਿਹੜੀ ਕੌਮ ਪਰਮਾਤਮਾਂ ਦੀ ਮੌਜ ਤੇ ਹੁਕਮ ਵਿੱਚ ਪ੍ਰਗਟ ਹੋਈ ਹੋਵੇ ਤੇ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਨੇ ਪੈਦਾ ਵੀ ਕਿਰਪਾਨ ਦੀ ਧਾਰ ਵਿੱਚੋਂ ਕੀਤੀ ਹੋਵੇ ਤੇ ਸਤਿਗੁਰਾਂ ਬਚਨ ਕੀਤਾ ਹੋਵੇ:-

**ਖ਼ਾਲਸਾ ਅਕਾਲ ਪੁਰਖ ਕੀ ਫੌਜ॥**
**ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ॥**

ਅਤੇ:- **ਪੰਥ ਖ਼ਾਲਸਾ ਖੇਤੀ ਮੇਰੀ ਕਰਊ ਸੰਭਾਲ ਮੈਂ ਤਿਸ ਕੇਰੀ॥**

ਉਹ ਕੌਮ ਕਦੇ ਖਤਮ ਨਹੀਂ ਹੋ ਸਕਦੀ। ਉਸ ਨੂੰ ਖਤਮ ਕਰਨ ਵਾਲੇ ਆਪ ਜ਼ਰੂਰ ਖਤਮ ਹੋ ਗਏ ਤੇ ਹੋ ਜਾਣਗੇ ਪਰ ਸਿੱਖ ਕੌਮ ਨੂੰ ਆਪਣੇ ਵਿੱਚ ਜਜ਼ਬ ਕਰਨ ਦੀਆਂ ਵਿਉਂਤਾਂ ਵਿੱਚ, ਉਨ੍ਹਾਂ ਨੂੰ ਸਫਲਤਾ ਨਹੀਂ ਮਿਲੇਗੀ। ਠੀਕ ਹੈ, ਨਾਮ-ਧਰੀਕ, ਗੁਰਸਿੱਖੀ ਦੇ ਅਸੂਲਾਂ ਤੋਂ ਨਾਵਾਕਫ, ਆਮ ਸਿੱਖ ਸੱਤਾ ਦੇ ਲਾਲਚ ਅਧੀਨ ਜਾਂ ਅਨਜਾਣ-ਪੁਣੇ ਵਿੱਚ ਇਨ੍ਹਾਂ ਮਨਸੂਬਿਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ। ਇਹ ਲਾਲਚ ਜਾਂ ਸੱਤਾ ਚਾਰ ਦਿਹਾੜੀਆਂ ਦੀ ਹੈ। ਸੰਸਾਰ ਵਿੱਚ ਕਦਰ ਹਮੇਸ਼ਾਂ ਆਪਣੇ ਅਸੂਲਾਂ ਤੇ ਪਹਿਰਾ ਦੇਣ ਵਾਲਿਆਂ ਦੀ ਹੀ ਹੁੰਦੀ ਹੈ।

ਐ ਗੁਰਸਿੱਖ! ਕਲਗੀਧਰ ਜੀ ਤਾਂ ਤੇਰੀ ਪਿੱਠ ਤੇ ਖਲੋਤੇ ਹਨ ਪਰ ਤੂੰ ਵੀ ਸਮੇਂ ਦਾ ਹਾਣੀ ਬਣਨ ਲਈ ਅਜੋਕੇ ਸਾਧਨਾਂ ਦੀ ਵਰਤੋਂ ਕਰਕੇ ਦੁਨੀਆਂ ਸਾਹਮਣੇ

੧. ਹੌਂਸਲਾ ਢਾਹੁਣਾ।

ਆਪਣੀ ਨਿਵੇਕਲੀ ਹੋਂਦ-ਹਸਤੀ ਨੂੰ ਪ੍ਰਗਟ ਕਰਨ ਦਾ ਯਤਨ ਕਰ। ਪ੍ਰਮਾਤਮਾਂ ਤਾਂ ਤੈਨੂੰ ਵਸੀਲੇ ਪ੍ਰਦਾਨ ਕਰ ਸਕਦਾ ਹੈ ਜੋ ਉਸ ਨੇ ਕਰ ਦਿੱਤੇ ਹਨ। ਪ੍ਰਮੇਸ਼ਰ ਜੀ ਨੇ ਤੈਨੂੰ ਹਿੰਦੁਸਤਾਨ ਦੀ ਸਭ ਤੋਂ ਵਧੀਆ, ਚੰਗੇ ਵਾਤਾਵਰਣ ਵਾਲੀ ਤੇ ਗੁਰੂਆਂ-ਪੀਰਾਂ ਦੇ ਚਰਨ-ਛੁਹ ਨਾਲ ਪਵਿੱਤ੍ਰ ਸਰ-ਜ਼ਮੀਨ ਵਿੱਚ ਜਨਮ ਦਿੱਤਾ ਹੈ। ਇਸ ਪੰਜਾਬ ਦੀ ਸਰ-ਜ਼ਮੀਨ ਨੂੰ ਸਤਿਗੁਰਾਂ ਵਰ ਦਿੱਤਾ ਹੈ, ਪੰਜਾਬ ਦੀ ਜ਼ਮੀਨ ਉੱਪਰ ਰਾਤ ਨੂੰ ਕੋਈ ਭੁੱਖੇ ਢਿੱਡ ਨਹੀਂ ਸੌਂਦਾ। ਬਾਕੀ ਸੂਬਿਆਂ ਵੱਲ ਜਰਾ ਝਾਤੀ ਮਾਰ। ਪੰਜਾਬ, ਦੇਸ਼ ਦਾ ਅੰਨ-ਦਾਤਾ ਤੇ ਦੇਸ਼ ਦੀ ਖੜਗ-ਭੁਜ ਹੈ। ਪ੍ਰਮਾਤਮਾਂ ਨੇ ਤੈਨੂੰ ਸਾਰੇ ਸੁੱਖ ਸਾਧਨ ਪ੍ਰਦਾਨ ਕੀਤੇ ਹਨ। ਐ ਗੁਰਸਿੱਖ! ਜਿੱਥੇ ਤੈਨੂੰ ਪਰਮਾਤਮਾਂ ਦਾ ਤੇ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ, ਉਥੇ ਉਸ ਦਾਤੇ ਦੀਆਂ ਬਖਸ਼ਿਸ਼ਾਂ ਦੀ ਸੁਯੋਗ ਵਰਤੋਂ ਕਰਕੇ ਆਪਣੇ ਦਿਮਾਗ ਨੂੰ ਨਿਰਾ ਸਰੀਰ ਦਾ ਸ਼ਿੰਗਾਰ ਬਣਾ ਕੇ ਭਾਰ ਨਹੀਂ ਚੁੱਕੀ ਫਿਰਨਾ, ਯਹੂਦੀਆਂ ਦੇ ਤਜਰਬੇ, ਜਿਸ ਨੇ ਉਨ੍ਹਾਂ ਨੂੰ ਸੰਸਾਰ ਵਿੱਚ ਸਫਲਤਾ ਦਿੱਤੀ, ਉਸ ਤੋਂ ਸੇਧ ਲੈ ਕੇ ਵੱਧ ਤੋਂ ਵੱਧ ਵਿੱਦਿਆ ਦਾ ਗਿਆਨ ਤੇ ਨਵੀਂ ਟੈਕਨੋਲਜੀ ਦਾ ਲਾਭ ਪ੍ਰਾਪਤ ਕਰ ਕੇ ਨਿਰਾ ਆਪਣਾ ਸਰੀਰਕ ਨਿਰਬਾਹ ਦੇ ਯੋਗ ਹੀ ਨਹੀਂ ਬਣਨਾ, ਸਗੋਂ ਵਿੱਦਿਆ ਪ੍ਰਾਪਤ ਕਰਕੇ ਉੱਚੇ ਮੁਰਾਤਬੇ ਪ੍ਰਾਪਤ ਕਰ। ਮਾਹਰਕੇ ਦੇ ਕੰਮ ਕਰਕੇ ਸੰਸਾਰ ਦੇ ਵਿੱਚ ਸਿੱਖ ਕੌਮ ਦੀ ਨਿਵੇਕਲੀ ਪਹਿਚਾਣ ਪੈਦਾ ਕਰਕੇ ਆਪਣਾ ਵੀ ਨਾਮ ਉੱਚਾ ਕਰਨਾ ਹੈ ਤੇ ਗੁਰਸਿੱਖੀ ਦੇ ਸਰਬ-ਸਾਂਝੇ ਅਸੂਲ ਜੋ ਸਤਿਗੁਰਾਂ ਨੇ ਸੰਸਾਰ ਦੇ ਭਲੇ ਲਈ ਪ੍ਰਦਾਨ ਕੀਤੇ ਹਨ, ਉਨ੍ਹਾਂ ਨੂੰ ਵੀ ਸੰਸਾਰ ਸਾਹਵੇਂ ਲਿਆ ਤੇ ਸਰਬੱਤ ਦਾ ਭਲਾ ਕਰਨਾ ਹੈ। ਇਹ ਤੇਰੀ ਜ਼ਿੰਮੇਵਾਰੀ ਹੈ, ਅਵੇਸਲਾ ਨਾ ਹੋਹੁ।

ਅੱਜ ਅਨੰਦਪੁਰ ਸਾਹਿਬ ਦੀ ਮੁਬਾਰਕ ਸਰ-ਜ਼ਮੀਨ ਨੂੰ ਨਤਮਸਤਕ ਹੋਣ ਸਮੇਂ ਇਸ ਵਿੱਦਿਆ-ਦਾਤੀ ਧਰਤ ਤੇ ਪ੍ਰਣ ਕਰ ਕੇ ਵਿੱਦਿਆ ਪ੍ਰਾਪਤੀ ਲਈ ਯਤਨਸ਼ੀਲ ਹੋ।

# ੨੩
# ਸੰਸਾਰ ਵਿੱਚ ਨਾਮ ਕਿਸ ਦਾ ਰਹਿੰਦਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਹਰ ਮਨੁੱਖ ਦੇ ਮਨ ਦੀ ਅੰਦਰੂਨੀ ਖਾਹਸ਼ ਇਹ ਰਹੀ ਹੈ ਤੇ ਰਹਿੰਦੀ ਹੈ ਕਿ ਸੰਸਾਰ ਵਿੱਚ ਲੰਮੇ ਸਮੇਂ ਤੱਕ ਮੇਰੀ ਹੋਂਦ ਕਾਇਮ ਰਹੇ ਤੇ ਲੋਕ ਮੇਰੇ ਨਾਮ ਨੂੰ ਯਾਦ ਰੱਖਣ। ਪਰ ਵੇਖਣ ਵਿੱਚ ਆਉਂਦਾ ਹੈ ਕਿ ਮਨੁੱਖ ਦਾ ਨਾਮ ਦੋ-ਤਿੰਨ ਪੀੜੀਆਂ ਤੱਕ ਹੀ ਪ੍ਰਵਾਰ ਨੂੰ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਯਾਦ ਰਹਿੰਦਾ ਹੈ। ਉਸ ਪਿੱਛੋਂ ਲਹੂ ਵਾਲੇ ਰਿਸ਼ਤੇ ਵੀ ਮਨੁੱਖ ਦੇ ਨਾਮ ਨੂੰ ਭੁੱਲ ਜਾਂਦੇ ਹਨ। ਅੱਵਲ ਤਾਂ ਬਾਬੇ ਦੇ ਨਾਮ ਨੂੰ ਕੇਵਲ ਪੋਤਰੇ ਹੀ ਜਾਣਦੇ ਹਨ, ਅਗਾਂਹ ਪੜਦਾਦਾ ਜਾਂ ਨੱਕੜ ਦਾਦੇ ਦੇ ਨਾਮ ਨੂੰ ਕੋਈ ਨਹੀਂ ਜਾਣਦਾ। ਇਹ ਤਾਂ ਸਕੇ ਪ੍ਰਵਾਰਾਂ ਦੀ ਗੱਲ ਹੈ। ਇੱਕੋ ਨਗਰ ਵਿੱਚ ਗੁਆਂਢ ਦੇ ਲੜਕੇ ਦੇ ਬਾਪ ਦਾ ਨਾਉਂ ਕੋਈ ਨਹੀਂ ਜਾਣਦਾ। ਸੰਸਾਰ ਅੰਦਰ ਤਾਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਹੁਕਮ ਹੀ ਸਾਕਾਰ ਹੁੰਦਾ ਹੈ ਤੇ ਹੁੰਦਾ ਰਹਿਣਾ ਹੈ। ਗੁਰਦੇਵ ਜੀ ਮਾਂਝ ਦੀ ਵਾਰ ਅੰਦਰ ਫੁਰਮਾਨ ਕਰਦੇ ਹਨ ਕਿ ਮਨੁੱਖ ਸੰਸਾਰ ਵਿੱਚ ਆਉਂਦਾ ਹੈ, ਆਪਣਾ ਨਾਉਂ ਕਮਾਉਣ ਦਾ ਜਤਨ ਕਰਦਾ ਹੋਇਆ ਇਸ ਸੰਸਾਰ ਤੋਂ ਤੁਰ ਜਾਂਦਾ ਹੈ। ਥੋੜੇ ਸਮੇਂ ਪਿੱਛੋ ਉਸ ਦਾ ਨਾਮ ਵੀ ਮੁੱਕ ਜਾਂਦਾ ਹੈ:-

**ਆਇਆ ਗਇਆ ਮੁਇਆ ਨਾਉ॥** ਮ:੧, ਅੰਗ:੧੩੮

ਸ੍ਰੀ ਅਨੰਦਪੁਰ ਦੀ ਧਰਤੀ ਉੱਪਰ ਅੱਠ-ਦਸ ਗੁਰਸਿੱਖ ਬੈਠੇ ਆਪਸੀ ਵਿਚਾਰ-ਵਟਾਂਦਰਾ ਕਰ ਰਹੇ ਸਨ। ਵੀਚਾਰ ਖਤਮ ਹੁੰਦੇ ਸਾਰ ਇੱਕ ਗੁਰਸਿੱਖ ਨੇ ਸਵਾਲ ਰੱਖ ਦਿੱਤਾ ਕਿ ਸੰਸਾਰ ਅੰਦਰ ਲੰਮੇ ਸਮੇਂ ਤੱਕ ਮਨੁੱਖ ਦਾ ਨਾਮ ਕਿਵੇਂ ਰਹਿ ਸਕਦਾ ਹੈ? ਗੁਰਸਿੱਖ ਦਾ ਇਹ ਪ੍ਰਸ਼ਨ ਸੁਣ ਕੇ ਇੱਕ ਸਿਆਣੇ ਗੁਰਸਿੱਖ ਨੇ ਉੱਤਰ ਦਿੱਤਾ ਕਿ ਮਨੁੱਖ ਦਾ ਨਾਮ ਉਸ ਦੇ ਘਰ ਸੰਤਾਨ ਦੁਆਰਾ ਕਾਇਮ ਰਹਿੰਦਾ ਹੈ। ਪੁੱਤਰ ਕਰਕੇ ਬਾਪ ਦਾ ਨਾਮ ਲੋਕ ਜਾਣਦੇ ਹਨ। ਦੂਸਰੇ ਗੁਰਸਿੱਖ ਨੇ ਉੱਤਰ ਦਿੱਤਾ, ਠੀਕ ਹੈ ਦੋ-ਤਿੰਨ ਪੀੜ੍ਹੀਆਂ ਤੱਕ ਤਾਂ ਮਨੁੱਖ ਦਾ ਨਾਮ ਜਾਣਿਆ ਜਾ ਸਕਦਾ ਹੈ ਤੇ ਉਹ ਵੀ ਪ੍ਰਵਾਰ ਦੇ ਬੰਦੇ ਹੀ ਜਾਨਣਗੇ, ਉਸ ਪਿੱਛੋਂ ਸਿਲਸਿਲਾ ਖਤਮ ਹੋ ਜਾਏਗਾ। ਦੂਸਰਾ ਜੇ ਪੁੱਤਰ ਭੈੜੇ ਲੱਛਣਾਂ ਵਾਲਾ ਜੰਮ ਪਿਆ, ਨਾਮ ਰਹਿਣ ਦੀ ਥਾਂ ਸਗੋਂ ਉਹ ਆਪਣੇ ਬਾਪ ਦੇ ਨਾਮ ਨੂੰ ਮਿੱਟੀ ਵਿੱਚ ਮਿਲਾ ਦੇਵੇਗਾ। ਪੁੱਤਰ ਦੇ ਮਾੜੇ ਕਰਮਾਂ ਦੀ ਬਦੌਲਤ ਮਨੁੱਖ ਨੂੰ ਯਾਦ ਕਰਨ ਦੀ ਥਾਂ ਲੋਕ ਸਗੋਂ ਪੁੱਤਰ ਦੇ ਬਾਪ ਦੇ ਨਾਮ ਨੂੰ ਨਫ਼ਰਤ ਕਰਨਗੇ। ਫਿਰ ਦੂਸਰੇ ਗੁਰਸਿੱਖ ਨੇ ਉੱਤਰ ਦਿੱਤਾ ਕਿ ਪੁੱਤਰ ਨਾਲ ਪ੍ਰਵਾਰ ਵਿੱਚ ਤਾਂ ਮਾੜਾ ਮੋਟਾ ਕੁਝ

ਚਿਰ ਨਾਮ ਰਹੇਗਾ ਪਰ ਲੋਕਾਈ ਉਸ ਦੇ ਨਾਮ ਨੂੰ ਨਹੀਂ ਜਾਣੇਗੀ। ਮੇਰੀ ਵੀਚਾਰ ਅਨੁਸਾਰ ਜੇ ਮਨੁੱਖ ਦੇ ਕੋਲ ਮਾਇਆ ਹੋਵੇ ਉਸ ਮਾਇਆ ਨਾਲ ਉਹ ਸਰਾਂ ਬਣਾ ਕੇ ਨਾਲ ਖੂਹ ਲਗਵਾ ਦੇਵੇ, ਸਰਾਂ ਦੇ ਖੂਹ ਉੱਪਰ ਉਸ ਮਨੁੱਖ ਦਾ ਨਾਮ ਲਿਖ ਦਿੱਤਾ ਜਾਵੇ ਕਿ ਇਸ ਸਰਾਂ ਤੇ ਖੂਹ ਦੀ ਸੇਵਾ ਅਮਕੇ ਮਨੁੱਖ ਨੇ ਕਰਵਾਈ ਹੈ। ਹਰ ਰਹਿਣ ਵਾਲਾ ਮੁਸਾਫਰ ਜਦੋਂ ਸਰਾਂ ਵਿੱਚ ਠਹਿਰੇਗਾ ਤੇ ਖੂਹ ਤੇ ਜਲ ਛਕੇਗਾ, ਇਸ਼ਨਾਨ ਕਰੇਗਾ ਤਾਂ ਉਹ ਖੂਹ ਲੁਆਣ ਤੇ ਸਰਾਂ ਬਨਾਉਣ ਵਾਲੇ ਮਨੁੱਖ ਨੂੰ ਯਾਦ ਵੀ ਕਰੇਗਾ ਤੇ ਅਗਾਂਹ ਉਸ ਦੇ ਨਾਮ ਦੀ ਵਡਿਆਈ ਲੋਕਾਈ ਵਿੱਚ ਵੀ ਕਰੇਗਾ।

ਤੀਸਰੇ ਗੁਰਸਿੱਖ ਨੇ ਦਲੀਲ ਦਿੱਤੀ ਕਿ ਜਿਸ ਮਨੁੱਖ ਪਾਸ ਜ਼ਮੀਨ ਹੋਵੇ। ਉਹ ਦਸ ਪੰਦਰਾਂ ਏਕੜਾਂ ਵਿੱਚ ਅੰਬਾਂ ਦਾ ਬਾਗ ਲੁਆ ਦੇਵੇ। ਦਰੱਖਤਾਂ ਦੀ ਬੜੀ ਲੰਬੇਰੀ ਉਮਰ ਹੁੰਦੀ ਹੈ ਤੇ ਉਹ ਬਾਗ ਧਰਮ ਅਰਥ ਸਭ ਲਈ ਸਾਂਝਾ ਦਾਨ ਕਰ ਦੇਵੇ। ਆਉਣ ਜਾਣ ਵਾਲੇ ਮੁਸਾਫਰ ਉਸ ਬਾਗ ਦੇ ਫਲ ਜਦੋਂ ਖਾਣਗੇ ਤੇ ਅੰਬਾਂ ਦੀ ਛਾਂਵੇਂ ਬੈਠਣਗੇ। ਬਾਗ ਤੋਂ ਛਾਂ ਪ੍ਰਾਪਤ ਕਰਨ ਤੇ ਫਲ ਖਾਣ ਵਾਲੇ ਉਸ ਬਾਗ ਲੁਆਣ ਵਾਲੇ ਦਾ ਜਸ ਵੀ ਕਰਨਗੇ ਤੇ ਉਸ ਨੂੰ ਹਮੇਸ਼ਾਂ ਯਾਦ ਵੀ ਕਰਨਗੇ ਪਰ ਸੰਸਾਰ ਵਿੱਚ ਨਾਮ ਕਿਵੇਂ ਸਥਿਰ ਰਹਿ ਸਕਦਾ ਹੈ?, ਇਸ ਨੁਕਤੇ ਤੇ ਸਾਰਿਆਂ ਦੀ ਇੱਕ ਰਾਇ ਨਾ ਬਣੀ। ਸਾਰਿਆਂ ਨੇ ਮਤਾ ਪਕਾਇਆ ਕਿ ਅਸੀਂ ਤਾਂ ਆਪੋ ਆਪਣੀ ਬੁੱਧੀ ਅਨੁਸਾਰ ਰਾਇ ਦਿੱਤੀ ਹੈ ਪਰ ਸਾਡੀ ਸਾਰਿਆਂ ਦੀ ਸਹਿਮਤੀ ਨਹੀਂ ਹੋਈ, ਕਿਉਂ ਨਾ ਆਪਾਂ ਸਤਿਗੁਰੂ ਕਲਗੀਧਰ ਜੀ ਨੂੰ ਪੁੱਛੀਏ ਕਿ ਮਨੁੱਖ ਦਾ ਨਾਮ ਸੰਸਾਰ ਵਿੱਚ ਸਦਾ ਵਾਸਤੇ ਕਿਵੇਂ ਤੇ ਕਿਹੜਾ ਕਰਮ ਕਰਨ ਨਾਲ ਰਹਿੰਦਾ ਹੈ?

ਸਾਰੇ ਗੁਰਸਿੱਖ ਸ਼ਾਮ ਨੂੰ ਸਤਿਗੁਰਾਂ ਦੇ ਸਨਮੁੱਖ ਦੀਵਾਨ ਵਿੱਚ ਇਕੱਤਰ ਹੋਏ ਤੇ ਇੱਕ ਮੋਹਰੀ ਸਿੱਖ ਨੇ ਸਤਿਗੁਰਾਂ ਦੇ ਸਨਮੁੱਖ ਗਲ ਪੱਲਾ ਪਾ ਬੇਨਤੀ ਕੀਤੀ, ਪਾਤਸ਼ਾਹ! ਅੱਜ ਅਸੀਂ ਸਵੇਰੇ ਸੱਤ-ਅੱਠ ਗੁਰਸਿੱਖ ਬੈਠੇ ਵੀਚਾਰ ਕਰ ਰਹੇ ਸਾਂ ਕਿ ਮਨੁੱਖ ਦਾ ਸੰਸਾਰ ਵਿੱਚ ਸਦਾ ਵਾਸਤੇ ਨਾਮ ਕਿਵੇਂ ਤੇ ਕਿਸ ਕਾਰਜ ਨੂੰ ਕਰਨ ਨਾਲ ਰਹਿੰਦਾ ਹੈ? ਕਿਸੇ ਨੇ ਪੁੱਤਰ ਦੀ ਬਦੌਲਤ, ਕਿਸੇ ਨੇ ਯਾਤਰੂ ਸਰਾਂ ਬਨਾਉਣ, ਕਿਸੇ ਨੇ ਖੂਹ ਲਗਵਾਉਣ ਤੇ ਕਿਸੇ ਨੇ ਪੁੰਨ ਅਰਥ ਅੰਬਾਂ ਦਾ ਬਾਗ ਲਵਾਉਣ ਨਾਲ ਦੁਨੀਆਂ ਵਿੱਚ ਨਾਮ ਰਹਿਣ ਦੀ ਗੱਲ ਕਹੀ ਹੈ ਪਰ ਸਾਰਿਆਂ ਦੀ ਸਹਿਮਤੀ ਇੱਕ ਨੁਕਤੇ ਤੇ ਨਹੀਂ ਹੋਈ। ਆਪ ਜੀ ਕਿਰਪਾ ਕਰਕੇ ਦੱਸੋ ਕਿ ਮਨੁੱਖ ਦਾ ਸੰਸਾਰ ਅੰਦਰ ਸਦਾ ਵਾਸਤੇ ਨਾਮ ਕਿਸ ਤਰ੍ਹਾਂ ਰਹਿੰਦਾ ਹੈ। ਸਤਿਗੁਰੂ ਜੀ ਗੁਰਸਿੱਖ ਦੀ ਬੇਨਤੀ ਸੁਣ ਕੇ ਮੁਸਕ੍ਰਾਏ ਤੇ ਸਨਮੁੱਖ ਬੈਠੀ ਸੰਗਤ ਨੂੰ ਸੰਬੋਧਨ ਕਰਕੇ ਪੁੱਛਣ ਲੱਗੇ, ਗੁਰਸਿੱਖੋ! ਤੁਸੀਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਨੂੰ ਜਾਣਦੇ ਹੋ? ਸਾਰਿਆਂ ਨੇ ਹਾਂ ਵਿੱਚ ਸਿਰ ਹਿਲਾਇਆ ਕਿ ਪਾਤਸ਼ਾਹ! ਅਸੀਂ ਸਾਰੇ ਬਾਬਾ ਕਬੀਰ ਜੀ ਤੇ ਭਗਤ ਨਾਮਦੇਵ ਜੀ ਨੂੰ ਜਾਣਦੇ ਹਾਂ ਉਨ੍ਹਾਂ ਦੀ ਬਾਣੀ ਪੜ੍ਹਦੇ ਤੇ ਸੁਣਦੇ ਹਾਂ। ਸਤਿਗੁਰੂ ਜੀ ਕਹਿਣ ਲੱਗੇ,

ਜਿਸ ਵੇਲੇ ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਹੋਏ ਹਨ ਉਸ ਵੇਲੇ ਬਾਦਸ਼ਾਹ ਕੌਣ ਸੀ? ਕਿਸੇ ਨੇ ਅਕਬਰ, ਕਿਸੇ ਨੇ ਹੰਮਾਯੂ, ਕਿਸੇ ਨੇ ਬਿਨੇਪਾਲ ਕਹਿ ਦਿੱਤਾ। ਸਤਿਗੁਰੂ ਜੀ ਨੇ ਦੂਸਰੀ ਵਾਰੀ ਪੁੱਛਿਆ ਕਿ ਭਗਤ ਕਬੀਰ ਜੀ, ਨਾਮਦੇਵ ਜੀ ਦੇ ਸਮੇਂ ਜਿੰਨ੍ਹਾਂ ਨੇ ਸਰਾਂਵਾਂ ਬਣਾਈਆਂ, ਖੂਹ ਲਵਾਏ ਜਾਂ ਪੁੰਨ-ਅਰਥ ਬਾਗ ਲਵਾਏ ਕੀ ਕਿਸੇ ਨੂੰ ਉਨ੍ਹਾਂ ਦਾ ਨਾਮ ਵੀ ਯਾਦ ਹੈ? ਸਭ ਨੇ ਨਾਹ ਕਰ ਦਿੱਤੀ ਤੇ ਕਿਹਾ ਪਾਤਸ਼ਾਹ! ਹਜ਼ਾਰਾਂ ਦਾਨੀ ਆਏ, ਹਜ਼ਾਰਾਂ ਚਲੇ ਗਏ, ਕੌਣ ਇਨ੍ਹਾਂ ਦਾ ਨਾਉਂ ਯਾਦ ਰੱਖ ਸਕਦਾ ਹੈ? ਸਤਿਗੁਰੂ ਜੀ ਸਿੱਖਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਤੁਸੀਂ ਆਪ ਹੀ ਦੱਸੋ ਬਾਬਾ ਕਬੀਰ ਜੀ, ਬਾਬਾ ਨਾਮਦੇਵ ਜੀ ਦੇ ਸਮਕਾਲੀ ਰਾਜਿਆਂ ਦੇ ਨਾਮ ਦਾ ਕਿਸੇ ਨੂੰ ਪਤਾ ਨਹੀਂ, ਤੇ ਨਾ ਹੀ ਉਸ ਸਮੇਂ ਦੇ ਦਾਨੀਆਂ, ਸ਼ਾਹੂਕਾਰਾਂ ਦਾ ਨਾਮ ਕੋਈ ਜਾਣਦਾ ਹੈ ਪਰ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਧ੍ਰੂ ਜੀ, ਪ੍ਰਹਿਲਾਦ ਜੀ ਤੇ ਹੋਰ ਭਗਤਾਂ ਦੇ ਨਾਮ ਤੁਸੀਂ ਸਾਰੇ ਜਾਣਦੇ ਹੋ। ਇਨ੍ਹਾਂ ਨੇ ਨਾ ਬਾਗ ਲਵਾਏ ਨਾ ਸਰਾਂਵਾਂ ਬਣਵਾਈਆਂ ਨਾ ਇਨ੍ਹਾਂ ਨੇ ਖੂਹ ਲਵਾਏ ਅਤੇ ਨਾ ਹੀ ਇਨ੍ਹਾਂ ਪਾਸ ਕੋਈ ਰਾਜ ਭਾਗ ਜਾਂ ਧਨ ਹੀ ਸੀ ਪਰ ਸਾਰਾ ਸੰਸਾਰ ਇਨ੍ਹਾਂ ਨੂੰ ਕਿਉਂ ਜਾਣਦਾ ਹੈ? ਕਿਉਂਕਿ ਇਨ੍ਹਾਂ ਨੇ ਪਰਮਾਤਮਾਂ ਦਾ ਨਾਮ ਜਪਿਆ ਹੈ। ਜਦ ਤੱਕ ਨਾਮੀਂ ਹੈ ਤਦ ਤੱਕ ਨਾਮ ਜਪਣ ਵਾਲਿਆਂ ਦਾ ਨਾਮ ਕਾਇਮ ਰਹੇਗਾ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਬਾਣੀ ਅੰਦਰ ਫੁਰਮਾਨ ਹੈ:-

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥**

ਹੇ ਪ੍ਰਾਣੀ ਜਨੋਂ! ਸੰਸਾਰ ਵਿੱਚ ਸਦਾ ਵਾਸਤੇ, ਪਰਮਾਤਮਾਂ, ਪਰਮਾਤਮਾਂ ਦਾ ਨਾਮ, ਸਤਿਗੁਰੂ ਤੇ ਪਰਮਾਤਮਾਂ ਦਾ ਨਾਮ ਜਪਣ ਵਾਲੇ ਸਾਧੂ ਜਨ ਸਦਾ ਵਾਸਤੇ ਕਾਇਮ ਰਹਿੰਦੇ ਹਨ ਪਰ ਪਰਮਾਤਮਾਂ ਦਾ ਨਾਮ ਕੋਈ ਵਿਰਲਾ ਜਣਾ ਹੀ ਜਪਦਾ ਹੈ। ਸਤਿਗੁਰਾਂ ਦੂਸਰੀ ਪੰਕਤੀ ਵਿੱਚ ਫੁਰਮਾਨ ਕੀਤਾ ਹੈ:-

**ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥੫੬॥**

ਮ:੯, ਅੰਗ: ੧੪੨੯

ਸਤਿਗੁਰੂ ਅਰਜਨ ਦੇਵ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ। ਜੋ ਕੁਝ ਆਪਾਂ ਵੇਖ ਰਹੇ ਹਾਂ ਸਭ ਬਿਨਸ ਜਾਏਗਾ। ਇਨ੍ਹਾਂ ਦਿਸਣ ਵਾਲੀਆਂ ਚੀਜਾਂ ਦੇ ਨਾਮ ਤੇ ਨਿਸ਼ਾਨ ਵੀ ਮਿਟ ਜਾਣਗੇ ਪਰ ਪਾਰਬ੍ਰਹਮ ਪ੍ਰਮੇਸ਼ਰ ਤੇ ਉਸ ਦੇ ਭਗਤ ਜਨ ਕਦੇ ਵੀ ਨਾਸ਼ ਨਹੀਂ ਹੋਣਗੇ, ਉਹ ਸਦਾ ਕਾਇਮ ਰਹਿਣਗੇ। ਆਪ ਜੀ ਦਾ ਫੁਰਮਾਨ ਹੈ:-

**ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥**
**ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥੧੮॥**

ਮ: ੫, ਅੰਗ: ੧੧੦੦

ਤਥਾ:- **ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥੧੭॥**

ਮ: ੫, ਅੰਗ: ੧੧੦੦

ਅਤੇ ਨਾਲ ਹੀ ਸਤਿਗੁਰੂ ਕਲਗੀਧਰ ਜੀ ਨੇ ਆਸਾ ਰਾਗ ਅੰਦਰ ਜੋ ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਜਿਸ ਵਿੱਚ ਗੁਰਦੇਵ ਜੀ ਨੇ ਨਾਮ ਦੀ ਬਰਕਤ ਦਰਸਾ ਕੇ ਜਗਿਆਸੂਆਂ ਨੂੰ ਪ੍ਰਭੂ ਨਾਮ ਜਪਣ ਤੇ ਪ੍ਰਭੂ ਨਾਮ ਨਾਲ ਜੁੜਣ ਦੀ ਤਾਕੀਦ ਕੀਤੀ ਹੈ, ਉਸ ਦਾ ਖੁਲਾਸਾ ਕਰਕੇ ਦਰਸਾਇਆ ਕਿ ਭਾਈ ਸਿੱਖੋ ! ਦੇਖੋ ਨਾਮਦੇਵ ਜੀ ਦਿਨ ਰਾਤ "ਗੋਬਿੰਦ ਗੋਬਿੰਦ" ਕਰਦੇ ਸਨ, ਗੋਬਿੰਦ ਗੋਬਿੰਦ ਕਰਨ ਦੀ ਬਰਕਤ ਨਾਲ ਨਾਮਦੇਵ ਦਾ ਮਨ ਪਰਮਾਤਮਾ ਵਿੱਚ ਲੀਨ ਹੋ ਗਿਆ। ਲੋਕ ਜਿਸ ਨਾਮਦੇਵ ਨੂੰ ਅੱਧੀ ਕੌਡੀ ਦਾ ਸਮਝਦੇ ਸਨ "ਨਾਮ ਜਪ" ਕੇ ਉਹ ਲੱਖਪਤੀਆ ਬਣ ਗਿਆ। ਇਸੇ ਤਰ੍ਹਾ ਭਗਤ ਕਬੀਰ ਜੀ ਨੇ ਬੁਨਣੇ ਤੇ ਤਾਣਾ ਤਨਣ ਵੱਲੋਂ ਧਿਆਨ ਸੰਕੋਚ ਕੇ ਪਰਮਾਤਮਾ ਦੇ ਨਾਮ ਨਾਲ ਪ੍ਰੀਤ ਬਣਾ ਲਈ। ਜਿਸ ਕਬੀਰ ਨੂੰ ਲੋਕ ਨੀਚ ਕਹਿ ਕੇ ਦੁਰਕਾਰਦੇ ਸਨ, ਪਰਮਾਤਮਾਂ ਦੇ ਨਾਮ ਦੀ ਬਰਕਤ ਨਾਲ ਉਹ ਗੁਣਾਂ ਦਾ ਸਮੁੰਦਰ ਬਣ ਕੇ ਸੰਸਾਰ ਪ੍ਰਸਿੱਧ ਹੋਇਆ। ਰਵਿਦਾਸ ਜੀ ਜੋ ਦਿਨ ਰਾਤ ਮਰੇ ਹੋਏ ਪਸ਼ੂਆਂ ਨੂੰ ਢੋਹ ਕੇ ਬਾਹਰ ਸੁੱਟਣ ਅਤੇ ਚਮੜੇ ਲਾਹੁਣ ਦਾ ਕੰਮ ਕਰਦੇ ਸਨ, ਉਨ੍ਹਾਂ ਨੇ ਮਾਇਆ ਦਾ ਪਿਆਰ ਤਿਆਗ ਕੇ ਪਰਮਾਤਮਾਂ ਦੇ ਨਾਮ ਨਾਲ ਪ੍ਰੀਤੀ ਬਣਾ ਲਈ। ਨਾਮ ਦੀ ਪ੍ਰੀਤੀ ਦੀ ਬਦੌਲਤ ਉਨ੍ਹਾਂ ਨੂੰ ਪਰਮਾਤਮਾਂ ਦੇ ਦਰਸ਼ਨ ਹੋ ਗਏ ਅਤੇ ਉਹ ਜਗਤ ਪ੍ਰਸਿੱਧ ਹੋ ਗਏ। ਸੈਣ ਨਾਈ ਜੋ ਲੋਕਾਂ ਦੀਆਂ ਬੁੱਤੀਆ ਕੱਢਦਾ ਸੀ ਨਾਮ ਜਪਣ ਦੀ ਬਦੌਲਤ ਪ੍ਰਮਾਤਮਾਂ ਉਸ ਦੇ ਹਿਰਦੇ ਵਿੱਚ ਵਸ ਗਿਆ ਜਿਸ ਕਰਕੇ ਉਹ ਜਗਤ ਪ੍ਰਸਿੱਧ ਹੋ ਭਗਤਾਂ ਦੀ ਸ਼੍ਰੇਣੀ ਵਿੱਚ ਸ਼ੁਮਾਰ ਹੋ ਗਿਆ। ਇਹਨਾਂ ਭਗਤਾਂ ਦੀਆ ਗਾਥਾਵਾਂ ਤੇ ਪ੍ਰਸਿੱਧੀ ਸੁਣ ਕੇ ਧੰਨਾ ਜੱਟ ਵੀ ਪਰਮਾਤਮਾਂ ਦੀ ਭਗਤੀ ਕਰਨ ਲਗ ਪਿਆ। ਭਗਤੀ ਕਰਨ ਦੀ ਬਰਕਤ ਨਾਲ ਧੰਨੇ ਨੂੰ ਪਰਮਾਤਮਾਂ ਦੇ ਸਾਖਿਆਤ ਦਰਸ਼ਨ ਹੋਏ ਤੇ ਧੰਨਾ ਜੱਟ ਵੱਡਿਆਂ ਭਾਗਾਂ ਵਾਲਾ ਹੋ ਗਿਆ। ਇਹ ਸਾਰੀ ਬਰਕਤ ਕੇਵਲ ਨਾਮ ਦੀ ਸੀ ਤੇ ਹੈ। ਧੰਨ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਫੁਰਮਾਨ ਹੈ:-

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥

**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥**

ਆਸਾ ਮ: ੫, ਅੰਗ: ੪੮੮

ਸੋ ਗੁਰਸਿੱਖੋ! ਸੰਸਾਰ ਵਿੱਚ ਨਾਮ, ਨਾ ਕਿਸੇ ਅਮੀਰ ਦਾ, ਨਾ ਵਜ਼ੀਰ ਦਾ, ਨਾ ਰਾਜ ਭਾਗ ਵਾਲੇ ਦਾ, ਨਾ ਮਾਇਆਧਾਰੀ ਦਾ, ਨਾ ਹੀ ਉੱਚੇ ਮੁਰਾਤਬੇ ਵਾਲੇ ਦਾ ਸਦਾ ਰਹਿੰਦਾ ਹੈ। ਨਾਮ ਹਮੇਸ਼ਾ ਪਰਮਾਤਮਾਂ ਦਾ ਨਾਮ ਜਪਣ ਵਾਲਿਆ ਦਾ ਰਹਿੰਦਾ ਹੈ। ਜੇ ਤੁਹਾਡੇ ਮਨ ਵਿੱਚ ਵੀ ਆਪਣੇ ਨਾਮ ਨੂੰ ਪ੍ਰਸਿੱਧ ਕਰਨ ਦੀ ਲਾਲਸਾ ਹੈ ਤਾਂ ਆਪਣੇ ਨਾਮ ਨੂੰ ਪ੍ਰਸਿੱਧ ਕਰਨ ਦਾ ਯਤਨ ਨਾ ਕਰੋ। ਸਗੋਂ ਪਰਮਾਤਮਾਂ ਦੇ ਨਾਮ ਨਾਲ ਜੁੜੋ ਜੋ ਪ੍ਰਸਿੱਧ ਸੀ, ਪ੍ਰਸਿੱਧ ਹੈ ਤੇ ਸਦਾ ਪ੍ਰਸਿੱਧ ਰਹੇਗਾ। ਜੋ ਅਜਿਹੇ ਨਾਮ ਨਾਲ ਜੁੜੇਗਾ ਉਹ ਵੀ ਸਦਾ ਵਾਸਤੇ ਥਿਰ ਹੋ ਜਾਵੇਗਾ। ਸੱਚ ਜਾਣ ਲਵੋ:-

**ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥**

ਮ: ੫, ਅੰਗ: ੧੧੦੦

ਜੋ ਅਬਿਨਾਸੀ ਨਾਲ ਜੁੜੇਗਾ ਉਹ ਵੀ ਅਬਿਨਾਸੀ ਤੇ ਅਮਰ ਹੋ ਜਾਏਗਾ। ਜੋ ਪਰਮਾਤਮਾਂ ਨਾਲ ਜੁੜੇਗਾ ਸਾਰਾ ਸੰਸਾਰ ਉਸਨੂੰ ਜੁਹਾਰਾਂ ਕਰੇਗਾ। ਉਹ ਇੰਨਾਂ ਮਹਾਨ ਹੋ ਜਾਵੇਗਾ ਜਿਸ ਤੋਂ ਗੁਰੂ ਨਾਨਕ ਪਾਤਸ਼ਾਹ ਜੀ ਵੀ ਬਲਿਹਾਰ ਜਾਣਗੇ। ਸਤਿਗੁਰਾਂ ਦਾ ਬਚਨ ਹੈ:-

**ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥**
**ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥**
**ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥**

ਤਿਲੰਗ ਮ: ੧, ਅੰਗ: ੭੨੨

ਇਹ ਹੈ "ਨਾਮ" ਦੀ ਵਡਿਆਈ। ਅੱਜ ਆਪਾਂ ਨਾਮ ਦੀ ਵਡਿਆਈ ਦਰਸਾਉਣ ਵਾਲੀ ਇਸ ਅਨੰਦਪੁਰ ਸਾਹਿਬ ਦੀ ਪਾਵਨ ਧਰਤ ਨੂੰ ਨਤਮਸਤਕ ਹੁੰਦੇ ਹੋਏ ਸ੍ਰੀ ਕਲਗੀਧਰ ਜੀ ਦੇ ਪਰਉਪਕਾਰਾਂ ਨੂੰ ਸਿਜਦੇ ਕਰ ਰਹੇ ਹਾਂ ਪਰ ਗੁਰਦੇਵ ਪਿਤਾ ਜੀ ਦੀਆਂ ਸੰਪੂਰਨ ਖੁਸ਼ੀਆਂ ਸਾਡੀ ਝੋਲੀ ਤਦ ਹੀ ਪੈਣੀਆਂ ਹਨ ਜੇਕਰ ਸਤਿਗੁਰੂ ਜੀ ਦੇ ਉਪਦੇਸ਼ ਨੂੰ ਮਨ-ਬਚ-ਕਰਮ ਕਰਕੇ ਹਿਰਦੇ ਵਸਾਈਏ। ਸਤਿਗੁਰੂ ਜੀ ਦੇ ਘਰ ਮਹਾਨਤਾ ਹੈ ਹੀ ਨਾਮ ਦੀ, "**ਨਾਨਕ ਕੈ ਘਰਿ ਕੇਵਲ ਨਾਮ**" ਸੋ ਇਸ ਸਦੀਵੀ ਸਥਿਰ ਰਹਿਣ ਵਾਲੇ ਨਾਮ ਦੀ ਕਮਾਈ ਕਰ ਕੇ ਆਪਣੇ ਜੀਵਨ ਨੂੰ ਸਫਲ ਕਰਨ ਲਈ ਨਾਮ ਦੀ ਅਮੋਲਕ ਦਾਤ ਗੁਰੂ ਬਖਸ਼ੀ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਦੁਆਰਾ ਪ੍ਰਾਪਤ ਕਰ ਕੇ ਉਸ ਨਾਮ ਨਾਲ ਜੁੜਨ ਲਈ ਯਤਨਸ਼ੀਲ ਹੋਈਏ। ਯਤਨਸ਼ੀਲ ਹੋਵਾਂਗੇ, ਸਤਿਗੁਰੂ ਜੀ ਜ਼ਰੂਰ ਸਫਲਤਾ ਪ੍ਰਦਾਨ ਕਰਨਗੇ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥

ਮ: ੫, ਅੰਗ: ੫੨੨

ਜੋ ਉੱਦਮ ਕਰ ਕੇ ਪ੍ਰਮਾਤਮਾਂ ਦਾ ਚਿੰਤਨ ਕਰੇਗਾ ਉਸ ਦੇ ਚਿੱਤ ਵਿੱਚ ਪ੍ਰਭੂ ਦਾ ਨਾਮ ਵੱਸ ਜਾਵੇਗਾ। ਜਿਸ ਦੇ ਹਿਰਦੇ ਵਿੱਚ ਪ੍ਰਮਾਤਮਾਂ ਦਾ ਨਾਮ ਵੱਸ ਜਾਂਦਾ ਹੈ ਉਸ ਉੱਪਰ ਜੋ ਨਾਮ ਵੱਸਣ ਦੁਆਰਾ ਬਖਸ਼ਿਸ਼ਾਂ ਹੁੰਦੀਆਂ ਹਨ ਉਹਨਾਂ ਦਾ ਜ਼ਿਕਰ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਦੀ ਵਾਰ ਵਿੱਚ ਪਉੜੀ ਅੰਦਰ ਅੰਕਿਤ ਕੀਤਾ ਹੈ:-

ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ ॥
ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ ॥
ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ ॥
ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ ॥
ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ ॥
ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ ॥
ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ ॥੬॥

ਮ:੫, ਅੰਗ-੯੬੦

ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥
ਹਰਿ ਸੁਖਦਾਤਾ ਸਭਨਾ ਗਲਾ ਕਾ
ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥
ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥
ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ ॥
ਹਰਿ ਕਿਰਪਾ ਤੇ ਹੋਆ ਹਰਿ ਭਗਤੁ
ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ ॥੪॥

ਬਿਹਾਗੜੇ ਕੀ ਵਾਰ (ਮ: ੪) ਗੁਰੂ ਗ੍ਰੰਥ ਸਾਹਿਬ - ਅੰਗ ੫੫੦

ਇਹ ਲੋਕ ਪ੍ਰਲੋਕ ਦੀਆਂ ਬਖਸ਼ਿਸ਼ਾਂ ਨਾਮ ਦੁਆਰਾ ਹੀ ਪ੍ਰਾਪਤ ਹੋਣੀਆਂ ਹਨ ਤੇ ਹੁੰਦੀਆਂ ਹਨ। ਸਿੱਖ ਤੇ ਸਿੱਖੀ ਦਾ ਧੁਰਾ ਹੀ ਨਾਮ ਹੈ ਜੋ ਧੁਰੇ ਨਾਲ ਜੁੜਿਆ ਰਹੇਗਾ ਉਹ ਬਚ ਜਾਵੇਗਾ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ:-

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥੧॥

ਮ:੧, ਅੰਗ:੧੪੩

# ੨੪
# ਹਾਜ਼ਰਾਂ ਨੂੰ ਗੈਰ ਹਾਜ਼ਰ ਤੇ ਗੈਰ ਹਾਜ਼ਰਾਂ ਨੂੰ ਹਾਜ਼ਰ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਗੁਰੂ ਦੇ ਦਰ ਵਿੱਚ ਹਾਜ਼ਰੀ ਨਾਲੋਂ "ਹਜ਼ੂਰੀ" ਨੂੰ ਜਿਆਦਾ ਮਹਾਨਤਾ ਦਿੱਤੀ ਜਾਂਦੀ ਹੈ। ਜੇ ਮਨੁੱਖ ਤਨ ਕਰਕੇ ਗੁਰੂ ਚਰਨਾਂ ਵਿੱਚ ਹਾਜ਼ਰ ਹੋਵੇ ਤੇ ਮਨ:

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥**

ਰਾਮਕਲੀ ਮ: ੧, ਅੰਗ: ੮੭੬

ਦੀ ਕਾਰ ਕਰਦਾ ਹੋਵੇ ਤਦ ਤਨ ਦੀ ਹਾਜ਼ਰੀ ਵੀ ਗੁਰੂ ਦਰ ਵਿੱਚ ਨਾਂ-ਮਾਤਰ ਹੀ ਪ੍ਰਵਾਨ ਹੁੰਦੀ ਹੈ। ਪਰਮਾਰਥ ਦਾ ਕਾਰਜ ਤਨ ਅਤੇ ਮਨ ਦੋਵਾਂ ਦੇ ਸੁਮੇਲ ਨਾਲ ਹੁੰਦਾ ਹੈ। ਉਂਝ ਤਾਂ ਸੰਸਾਰ ਦੇ ਕੰਮਾਂ ਕਾਰਾਂ ਵਿੱਚ ਵੀ ਪੂਰਨ ਸਫਲਤਾ ਤਨ ਤੇ ਮਨ ਦੇ ਸੁਮੇਲ ਨਾਲ ਹੀ ਪ੍ਰਾਪਤ ਹੁੰਦੀ ਹੈ। ਇੱਕ ਬੱਚੇ ਤੋਂ ਲੈ ਕੇ ਬਜ਼ੁਰਗ ਅਤੇ ਪੜ੍ਹੇ ਲਿਖੇ ਵਿਦਵਾਨਾਂ ਤੱਕ ਵੇਖ ਲਈਏ। ਸਾਰੀ ਸਫਲਤਾ ਮਨ ਦੀ ਹਜ਼ੂਰੀ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਤਨ ਤਾਂ ਪ੍ਰਮਾਤਮਾਂ ਨੇ ਇੱਕ ਸਾਧਨ ਪ੍ਰਦਾਨ ਕੀਤਾ ਹੈ। ਤਨ ਦੇ ਸਾਧਨ ਦੀ ਵਰਤੋਂ ਕਰ ਕੇ ਮਨ ਨੇ ਦੁਨਿਆਵੀ ਕੰਮਾਂ ਤੇ ਪ੍ਰਮਾਰਥ ਦੇ ਕਾਰਜਾਂ ਵਿੱਚ ਸਿੱਧੀ ਪ੍ਰਾਪਤੀ ਕਰਨੀ ਹੈ। ਇੱਕ ਬੱਚੇ ਵੱਲ ਹੀ ਆਪਾਂ ਵੇਖ ਲਈਏ। ਹੱਥਾਂ ਵਿੱਚ ਕਿਤਾਬ ਜਾਂ ਲੈਪਟੌਪ ਫੜੀ ਹੋਵੇ ਪਰ ਜੇ ਉਸ ਪੜਾਕੂ ਬੱਚੇ ਦਾ ਮਨ ਕਿਸੇ ਹੋਰ ਪਾਸੇ ਲੱਗਾ ਹੋਵੇਗਾ ਤਾਂ ਹੱਥ ਵਿੱਚ ਕਿਤਾਬ ਜਾਂ ਲੈਪਟੌਪ ਫੜੇ ਰੱਖਣ ਤੇ ਪੜ੍ਹਨ ਨਾਲ ਸ਼ਾਮ ਤੱਕ ਵੀ ਬੱਚੇ ਦੇ ਦਿਮਾਗ ਵਿੱਚ ਕੁੱਝ ਨਹੀਂ ਪਵੇਗਾ। ਸਰੀਰ ਦੇ ਵਸੀਲੇ ਨਾਲ ਜੇ ਵਿਦਿਆਰਥੀ ਮਨ ਦੀ ਹਾਜ਼ਰੀ ਨਾਲ ਪੜ੍ਹਦਾ ਹੈ ਤਾਂ ਥੋੜੇ ਸਮੇਂ ਵਿੱਚ ਹੀ ਉਹ ਬਹੁਤ ਕੁਝ ਪ੍ਰਾਪਤ ਕਰ ਲੈਂਦਾ ਹੈ। ਇਸੇ ਤਰ੍ਹਾਂ ਕੋਈ ਮਨੁੱਖ ਟਰੱਕ ਜਾਂ ਟੈਕਸੀ ਚਲਾਉਂਦਾ ਹੈ ਭਾਵੇਂ ਕੋਈ ਖੇਤੀ ਦਾ ਕੰਮ ਕਰਦਾ ਹੈ। ਜੇ ਤਨ ਦੇ ਨਾਲ ਮਨ ਸੰਮਿਲਤ ਹੋਵੇਗਾ ਤਦ ਹੀ ਉਸ ਕੰਮ ਵਿੱਚ ਸਫਲਤਾ ਮਿਲੇਗੀ। ਜੇ ਮਨੁੱਖ ਤਨ ਨਾਲ ਕੀ-ਬੋਰਡ ਤੇ ਹੱਥ ਮਾਰੀ ਜਾਵੇ ਪਰ ਮਨ ਉਸ ਦਾ ਉਸ ਕੰਮ ਵਿੱਚ ਹਾਜ਼ਰ ਨਾ ਹੋਵੇ, ਉਹ ਸਿਆਣਾ ਮਨੁੱਖ ਜੋ ਕੰਮ ਕਰਨਾ ਚਾਹੁੰਦਾ ਹੈ, ਨਹੀਂ ਕਰ ਸਕੇਗਾ। ਮਸ਼ੀਨ ਚਲਾਉਣ ਵਾਲੇ ਦੇ ਤਨ ਦਾ ਜੇ ਮਨ ਸਾਥ ਦੇਵੇਗਾ ਤਦ ਹੀ ਉਸ ਨੂੰ ਸਫਲਤਾ ਮਿਲੇਗੀ। ਜੇ ਮਸ਼ੀਨ ਚਲਾਉਂਦਿਆਂ ਮਨ ਕਿਸੇ ਹੋਰ ਪਾਸੇ ਭੱਜਾ ਫਿਰਦਾ ਹੈ ਜਾਂ ਤਾਂ ਕੰਮ ਗਲਤ ਹੋ ਜਾਵੇਗਾ ਜਾਂ ਮਨੁੱਖ ਆਪਣਾ ਹੱਥ ਪੈਰ ਮਸ਼ੀਨ ਨਾਲ ਕਟਾ ਲਵੇਗਾ। ਟੈਕਸੀ-ਟਰੱਕ ਚਲਾਉਂਦਿਆਂ ਵੀ ਜੇ ਸਥੂਲ ਹੱਥਾਂ ਨਾਲ ਫੜੇ ਸਟੇਅਰਿੰਗ ਨੂੰ

ਅਗਵਾਈ ਮਨ ਦਿੰਦਾ ਹੈ ਤਦ ਸਫਰ ਸਫਲਤਾ ਸਹਿਤ ਤੈਅ ਹੋਏਗਾ। ਜੇ ਮਨ ਕਿਸੇ ਹੋਰ ਪਾਸੇ ਚਲਾ ਗਿਆ, ਉਸੇ ਵੇਲੇ ਟਰੱਕ-ਟੈਕਸੀ ਹੱਥਾਂ ਵਿੱਚੋਂ ਨਿਕਲ ਕੇ ਐਕਸੀਡੈਂਟ ਦਾ ਕਾਰਣ ਬਣੇਗਾ। ਮਨੁੱਖ ਤੁਰਦਾ, ਸੈਰ ਕਰਦਾ ਹੈ ਅੱਖਾਂ ਵੇਖ ਰਹੀਆਂ ਹਨ। ਜੇ ਅੱਖਾਂ ਨਾਲ ਮਨ ਸੰਮਿਲਤ ਨਹੀਂ ਹੋਵੇਗਾ, ਮਨੁੱਖ ਜਾਂ ਤਾਂ ਕਿਸੇ ਵਿੱਚ ਟਕਰਾਏਗਾ ਜਾਂ ਕਿਤੇ ਠੇਡਾ ਖਾ ਕੇ ਡਿੱਗ ਜਾਏਗਾ। ਇਸੇ ਤਰ੍ਹਾਂ ਮਨੁੱਖ ਕਿਸੇ ਦੀ ਗੱਲ, ਕੰਨਾਂ ਨਾਲ ਸੁਣ ਰਿਹਾ ਹੈ। ਗੱਲ ਸੁਣਦਿਆਂ ਜੇ ਮਨ ਗੈਰ ਹਾਜ਼ਰ ਹੋ ਜਾਵੇ, ਮਨੁੱਖ ਨੂੰ ਮਜਬੂਰਨ ਕਹਿਣਾ ਪਵੇਗਾ ਕਿ ਮੁੜ ਦੁਬਾਰਾ ਗੱਲ ਕਹਿਓ, ਮੈਂ ਸੁਣੀ ਨਹੀਂ; ਕਿਉਂ ਨਹੀਂ ਸੁਣੀ? ਮੇਰਾ ਮਨ ਲਾਂਭੇ ਚਲਾ ਗਿਆ ਸੀ। ਮਨੁੱਖ ਕਿਸੇ ਥਾਂ ਲੈਕਚਰ ਦੇ ਰਿਹਾ ਹੈ, ਲੈਕਚਰ ਕਰਦੇ-ਕਰਦੇ ਮਨ ਕਿਸੇ ਹੋਰ ਪਾਸੇ ਚਲਾ ਗਿਆ। ਉਸ ਲੈਕਚਰਾਰ ਨੂੰ ਜਾਂ ਆਪਣੇ ਵਿਸ਼ੇ ਦੀ ਲੜੀ ਭੁੱਲ ਜਾਏਗੀ ਜਾਂ ਗਲਤ ਬੋਲ ਬੋਲ ਕੇ ਲੋਕਾਂ ਦੇ ਮਜ਼ਾਕ ਦਾ ਕਾਰਣ ਬਣੇਗਾ। ਇਹ ਸਾਰਾ ਕੁੱਝ ਲਿਖਣ ਤੋਂ ਭਾਵ ਕਿ ਸੰਸਾਰ ਦੇ ਕੰਮਾਂ ਵਿੱਚ ਸਫਲਤਾ, ਮਨ ਦੀ ਸ਼ਮੂਲੀਅਤ ਨਾਲ ਹੀ ਪ੍ਰਾਪਤ ਹੁੰਦੀ ਹੈ। ਅਧਿਆਤਮਿਕ ਕਾਰਜ ਤਾਂ ਸਾਰਾ ਮਨ ਦੇ ਆਸਰੇ ਹੀ ਖਲੋਤਾ ਹੈ। ਜੇ ਤਨ ਦੇ ਵਸੀਲੇ ਨਾਲ ਮਨ ਅਧਿਆਤਮਿਕ ਪੈਂਡੇ ਤੇ ਚੱਲੇਗਾ ਤਦ ਹੀ ਪ੍ਰਮਾਰਥਿਕ ਪੈਂਡੇ ਤੇ ਸਫਲਤਾ ਮਿਲੇਗੀ।

ਇੱਕ ਦਿਨ ਕਲਗੀਧਰ ਜੀ ਦਾ ਦੀਵਾਨ ਸਜਿਆ ਹੋਇਆ ਸੀ। ਸਿੱਖਾਂ ਨੇ ਗੁਰੂ ਬਚਨਾਂ ਦਾ ਅਨੰਦ ਮਾਣਿਆ, ਸ਼ਾਮ ਪਈ ਸਤਿਗੁਰੂ ਜੀ ਆਪਣੇ ਅਰਾਮ ਅਸਥਾਨ ਤੇ ਬਿਰਾਜ ਗਏ। ਪੰਜ ਜਾਂ ਦਸ ਸਿੰਘ ਦਿਨ-ਰਾਤ, ਹਰ-ਵੇਲੇ ਸਤਿਗੁਰੂ ਜੀ ਦੀ ਅਰਦਲ ਵਿੱਚ ਪਹਿਰੇ ਤੇ ਹਾਜ਼ਰ ਰਹਿੰਦੇ ਸਨ। ਅਨੰਦਪੁਰ ਸਾਹਿਬ ਦੀ ਬਸਤੀ ਤੋਂ ਥੋੜਾ ਦੁਰੇਡੇ ਇੱਕ ਪਿੰਡ ਵਿੱਚ ਪੁਤਲੀਆਂ ਦਾ ਤਮਾਸ਼ਾ ਹੋਣਾ ਸੀ। ਕਾਫ਼ੀ ਲੋਕ ਤਮਾਸ਼ਾ ਵੇਖਣ ਗਏ। ਗੁਰੂ ਮਹਾਰਾਜ ਜੀ ਦੇ ਸਰੀਰ ਤੇ ਪਹਿਰਾ ਦੇਣ ਵਾਲੇ ਸਿੱਖਾਂ ਦੇ ਕੰਨਾਂ ਵਿੱਚ ਵੀ ਤਮਾਸ਼ੇ ਦੀ ਅਵਾਜ਼ ਪਈ। ਕੁੱਝ ਸਿੰਘਾਂ ਨੇ ਸਲਾਹ ਕੀਤੀ ਕਿ ਸਤਿਗੁਰੂ ਜੀ ਅਰਾਮ ਕਰ ਰਹੇ ਹਨ, ਕਿਉਂ ਨਾ ਆਪਾਂ ਸਤਿਗੁਰਾਂ ਦੇ ਅਰਾਮ ਕਰਦੇ-ਕਰਦੇ ਭੱਜ ਕੇ ਪੁਤਲੀਆਂ ਦਾ ਤਮਾਸ਼ਾ ਵੇਖ ਆਈਏ। ਦੂਸਰੇ ਸਿੰਘ ਕਹਿਣ ਲੱਗੇ ਕਿ ਤੁਸੀਂ ਜਾਣਾ ਹੈ ਤਾਂ ਬੇਸ਼ੱਕ ਚਲੇ ਜਾਵੋ ਅਸੀਂ ਗੁਰੂ ਮਹਾਰਾਜ ਜੀ ਦਾ ਪਹਿਰਾ ਛੱਡ ਕੇ ਨਹੀਂ ਜਾ ਸਕਦੇ। ਕੁਝ ਸਮਾਂ ਸਿੰਘਾਂ ਦਾ ਆਪਸੀ ਵਿਚਾਰ-ਵਟਾਂਦਰਾ ਚਲਦਾ ਰਿਹਾ ਉਪ੍ਰੰਤ ਕੁਝ ਸਿੰਘ ਪਹਿਰੇ 'ਚੋਂ ਗੈਰ-ਹਾਜ਼ਰ ਹੋ ਨੇੜਲੇ ਨਗਰ ਕਠਪੁਤਲੀਆਂ ਦਾ ਤਮਾਸ਼ਾ ਵੇਖਣ ਚਲੇ ਗਏ। ਉਹ ਸਿੰਘ ਪੁਤਲੀਆਂ ਦਾ ਤਮਾਸ਼ਾ ਤਾਂ ਅੱਖਾਂ ਨਾਲ ਵੇਖਦੇ ਰਹੇ ਪਰ ਮਨ ਦਾ ਧਿਆਨ ਸਤਿਗੁਰੂ ਜੀ ਵੱਲ ਰਿਹਾ ਤੇ ਨਾਲ ਹੀ ਮਨ ਵਿੱਚ ਪਛਤਾਵਾ ਬਣਿਆ ਰਿਹਾ ਕਿ ਅਸੀਂ ਗਲਤੀ ਕੀਤੀ, ਸਤਿਗੁਰੂ ਜੀ ਦੇ ਪਹਿਰੇ ਨਾਲੋਂ ਪੁਤਲੀਆਂ ਦੇ ਤਮਾਸ਼ੇ

ਨੂੰ ਜਿਆਦਾ ਮਹਾਨਤਾ ਦਿੱਤੀ। ਜੇ ਸਾਡੇ ਪਿੱਛੋਂ ਸਤਿਗੁਰੂ ਜੀ ਜਾਗ ਪਏ, ਅਸੀਂ ਗੁਰੂ ਸਾਹਿਬ ਜੀ ਨੂੰ ਕੀ ਮੂੰਹ ਦੇਵਾਂਗੇ? ਅਸੀਂ ਕੁਝ ਵੀ ਉੱਤਰ ਦੇਣ ਜੋਗੇ ਨਹੀਂ ਰਹਾਂਗੇ। ਤਮਾਸ਼ਾ ਵੇਖਦੇ, ਸਾਰਾ ਸਮਾਂ ਮਨ ਵਿੱਚ ਪਛਤਾਵਾ ਤੇ ਗੁਰੂ ਦੀ ਯਾਦ (ਹਜ਼ੂਰੀ) ਬਣੀ ਰਹੀ।

ਇਧਰ ਪਿੱਛੇ ਜੋ ਸਿੰਘ ਸਤਿਗੁਰਾਂ ਦੇ ਪਹਿਰੇ ਤੇ ਸਨ, ਉਹ ਸਰੀਰ ਕਰਕੇ ਤਾਂ ਗੁਰੂ ਹਜ਼ੂਰੀ ਵਿੱਚ ਪਹਿਰਾ ਦੇ ਰਹੇ ਸਨ ਪਰ ਮਨ ਕਰਕੇ ਉਨ੍ਹਾਂ ਦਾ ਧਿਆਨ ਕਠਪੁਤਲੀਆਂ ਦੇ ਤਮਾਸ਼ੇ ਵਿੱਚ ਰਿਹਾ ਕਿ ਜੇ ਅਸੀਂ ਵੀ ਚਲੇ ਜਾਂਦੇ ਤਾਂ ਤਮਾਸ਼ਾ ਵੇਖ ਆਉਂਦੇ। ਜਦ ਵੀ ਉਨ੍ਹਾਂ ਦੇ ਕੰਨਾਂ ਵਿੱਚ ਤਮਾਸ਼ੇ ਦੀ ਅਵਾਜ਼ ਪੈਂਦੀ ਮਨ ਗੁਰੂ ਹਜ਼ੂਰੀ 'ਚੋਂ ਨਿਕਲਕੇ ਤਮਾਸ਼ੇ ਵੱਲ ਜਾਂਦਾ। ਉਨ੍ਹਾਂ ਦਾ ਮਨ ਸਾਰਾ ਸਮਾਂ ਤਮਾਸ਼ਾ ਵੇਖਣ ਨੂੰ ਲੋਚਦਾ ਰਿਹਾ। ਉਧਰੋਂ ਤਮਾਸ਼ਾ ਵੇਖਣ ਵਾਲੇ ਸਿੰਘ ਵੀ ਤਮਾਸ਼ਾ ਵੇਖ ਵਾਹੋ-ਦਾਹੀ ਪਛਤਾਵਾ ਕਰਦੇ, ਗੁਰੂ ਹਜ਼ੂਰੀ ਵਿੱਚ ਪੁੱਜ ਗਏ ਤੇ ਪਹਿਰੇਦਾਰ ਸਿੰਘਾਂ ਨੂੰ ਤਮਾਸ਼ੇ ਦੀ ਸਾਰੀ ਵਿਥਿਆ ਦੱਸੀ ਕਿ ਅਸੀਂ ਤਮਾਸ਼ਾ ਤਾਂ ਜ਼ਰੂਰ ਵੇਖਿਆ ਪਰ ਸਾਡਾ ਮਨ ਗੁਰੂ ਹਜ਼ੂਰੀ ਵਿੱਚ ਹੀ ਰਿਹਾ ਕਿ ਮਤਾਂ, ਸਤਿਗੁਰੂ ਜੀ ਜਾਗ ਪੈਣ, ਤਦ ਉਨ੍ਹਾਂ ਨੂੰ ਕੀ ਉੱਤਰ ਦਿਆਂਗੇ? ਪਹਿਰੇ ਵਾਲੇ ਸਿੱਖਾਂ ਨੇ ਵੀ ਆਪਣੇ ਮਨ ਦੀ ਗੱਲ ਉਨ੍ਹਾਂ ਨੂੰ ਦੱਸੀ ਕਿ ਅਸੀਂ ਸਰੀਰ ਕਰਕੇ ਪਹਿਰਾ ਤਾਂ ਸਤਿਗੁਰਾਂ ਦਾ ਦਿੱਤਾ ਪਰ ਮਨ ਅਸਾਡਾ ਤਮਾਸ਼ਾ ਦੇਖਣ ਨੂੰ ਹੀ ਲਲਚਾਉਂਦਾ ਰਿਹਾ। ਦਿਨ ਚੜ੍ਹਿਆ ਸਤਿਗੁਰੂ ਜੀ ਦੇ ਸਨਮੁੱਖ ਦੀਵਾਨ ਸੱਜਿਆ, ਰਾਤ ਵਾਲੇ ਸਿੰਘ ਵੀ ਦੀਵਾਨ ਵਿੱਚ ਹਾਜ਼ਰੀ ਭਰ ਰਹੇ ਸਨ। ਸਤਿਗੁਰਾਂ ਉੱਚੀ ਅਵਾਜ਼ ਵਿੱਚ ਕਿਹਾ ਕਿ "ਹਾਜ਼ਰ-ਗੈਰਹਾਜ਼ਰ, ਗੈਰਹਾਜ਼ਰ-ਹਾਜ਼ਰ" ਸਤਿਗੁਰਾਂ ਦੇ ਕਹੇ ਹੋਏ ਬਚਨ ਸੰਗਤ ਦੀ ਸਮਝ ਵਿੱਚ ਨਾ ਆਏ। ਸੰਗਤ ਵਿੱਚੋਂ ਸਿੰਘਾਂ ਨੇ ਬੇਨਤੀ ਕਰ ਸਤਿਗੁਰੂ ਜੀ ਨੂੰ ਇਨ੍ਹਾਂ ਰਮਜ਼ ਭਰੇ ਗੁਹਝ ਬਚਨਾਂ ਪ੍ਰਤੀ ਪੁੱਛਿਆ। ਅੰਤਰਯਾਮੀ ਸਤਿਗੁਰੂ ਜੀ ਨੇ ਰਾਤ ਵਾਲੇ ਸਿੰਘਾਂ ਦੀ ਸਾਰੀ ਵਿਥਿਆ ਸੰਗਤਾਂ ਨੂੰ ਸੁਣਾਈ ਕਿ ਜੋ ਰਾਤ ਕਠ-ਪੁਤਲੀਆਂ ਦਾ ਤਮਾਸ਼ਾ ਵੇਖਣ ਗਏ ਸਨ। ਉਨ੍ਹਾਂ ਦੇ ਸਰੀਰ ਦੀਆਂ ਅੱਖਾਂ ਭਾਵੇਂ ਕਠ-ਪੁਤਲੀਆਂ ਦਾ ਤਮਾਸ਼ਾ ਵੇਖਦੀਆਂ ਸਨ ਪਰ ਮਨ ਉਨ੍ਹਾਂ ਸਿੱਖਾਂ ਦਾ ਸਾਡੀ ਹਜ਼ੂਰੀ ਵਿੱਚ ਸੀ। ਜੋ ਸਿੱਖ ਸਾਡੇ ਸਰੀਰ ਦਾ ਪਹਿਰਾ ਦੇ ਰਹੇ ਸਨ ਉਹ ਸਰੀਰ ਕਰਕੇ ਤਾਂ ਸਾਡੀ ਹਾਜ਼ਰੀ ਵਿੱਚ ਸਨ ਪਰ ਮਨ ਉਨ੍ਹਾਂ ਦਾ ਤਮਾਸ਼ੇ ਦੀ ਹਾਜ਼ਰੀ ਭਰਦਾ ਸੀ। ਗੁਰੂ ਦਰ ਵਿੱਚ ਹਾਜ਼ਰੀ ਨਾਲੋਂ ਹਜ਼ੂਰੀ ਦੀ ਜਿਆਦਾ ਮਹਾਨਤਾ ਹੈ। ਜੇ ਕਿਤੇ ਹਾਜ਼ਰੀ ਦੇ ਨਾਲ ਹਜ਼ੂਰੀ ਬਣ ਜਾਵੇ ਤਾਂ ਉਹ ਸੋਨੇ ਤੇ ਸੁਹਾਗੇ ਦਾ ਕੰਮ ਕਰਦੀ ਹੈ।

ਸਤਿਗੁਰੂ ਕਲਗੀਧਰ ਜੀ ਨੇ ਸੰਗਤ ਨੂੰ ਸੰਬੋਧਨ ਕਰਕੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਸਾਖੀ ਸ੍ਰਵਣ ਕਰਾਈ। ਭਾਈ ਸਿੱਖੋ! ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ

ਹਾਜ਼ਰੀ ਨਾਲੋਂ ਹਜ਼ੂਰੀ ਨੂੰ ਜਿਆਦਾ ਮਹਾਨਤਾ ਦੇ ਕੇ ਕਾਜ਼ੀ ਤੇ ਨਵਾਬ ਨੂੰ ਹਾਜ਼ਰੀ ਨਾਲੋਂ ਹਜ਼ੂਰੀ ਵਿੱਚ ਨਮਾਜ਼ ਅਦਾ ਕਰਨ ਦਾ ਉਪਦੇਸ਼ ਦਿੱਤਾ ਸੀ। ਜਦੋਂ ਕਾਜ਼ੀ ਅਤੇ ਨਵਾਬ ਨੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਨਮਾਜ਼ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਆਪ ਨੇ ਉੱਤਰ ਦਿੱਤਾ ਜੇ ਤੁਸੀਂ ਖੁਦਾ ਦੀ ਨਮਾਜ਼ ਅਦਾ ਕਰਨੀ ਹੈ, ਫਿਰ ਮੈਂ ਜ਼ਰੂਰ ਤੁਹਾਡੇ ਨਾਲ ਚਲਾਂਗਾ। ਆਪ ਜੀ ਮਸੀਤ ਵਿੱਚ ਚਲੇ ਗਏ। ਕਾਜ਼ੀ, ਨਵਾਬ ਅਤੇ ਹੋਰ ਸਾਰੇ ਕਲਮਾਂ ਪੜ੍ਹਦੇ ਰਹੇ ਅਤੇ ਆਪਣੀ ਸ਼ਰ੍ਹਾ ਰੀਤੀ ਅਨੁਸਾਰ ਉਠਕ-ਬੈਠਕ ਕਰਦੇ ਰਹੇ। ਸਤਿਗੁਰੂ ਜੀ ਇਕ ਪਾਸੇ ਖੜੇ ਮੁਸਕਰਾਉਂਦੇ ਰਹੇ, ਨਮਾਜ਼ ਪੜ੍ਹਨ ਵਿੱਚ ਸ਼ਾਮਲ ਨਹੀਂ ਹੋਏ। ਨਮਾਜ਼ ਦੀ ਸਮਾਪਤੀ ਉਪਰੰਤ ਕਾਜ਼ੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸਵਾਲ ਕੀਤਾ ਕਿ ਤੁਸੀਂ ਸਾਡੇ ਨਾਲ ਨਮਾਜ਼ ਪੜ੍ਹਨ ਆਏ ਸੀ ਪਰ ਤੁਸੀਂ ਸਾਡੇ ਨਾਲ ਨਮਾਜ਼ ਵਿੱਚ ਸ਼ਰੀਕ ਨਹੀਂ ਹੋਏ। ਸਗੋਂ ਸਾਡੀ ਵਲ ਵੇਖ ਕੇ ਹੱਸਦੇ ਰਹੇ ਹੋ?

ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਕਾਜ਼ੀ ਨੂੰ ਉੱਤਰ ਦਿੱਤਾ, ਕਾਜ਼ੀ ਸਾਹਿਬ! ਤੁਸੀਂ ਮੈਨੂੰ ਖੁਦਾ ਦੀ ਨਮਾਜ਼ ਵਿੱਚ ਸ਼ਰੀਕ ਹੋਣ ਵਾਸਤੇ ਲਿਆਂਦਾ ਸੀ ਨਾ ਕਿ ਘੋੜਿਆਂ-ਵਛੇਰੀਆਂ ਦੀ ਨਮਾਜ਼ ਪੜ੍ਹਨ ਵਾਸਤੇ ਲਿਆਏ ਸੀ। ਸਤਿਗੁਰਾਂ ਨੂੰ ਪੁੱਛਣ ਤੇ ਗੁਰਦੇਵ ਜੀ ਨੇ ਉੱਤਰ ਦਿੱਤਾ ਕਿ ਜਦੋਂ ਤੁਸੀਂ ਆਯਤਾਂ ਅਤੇ ਕਲਮਾ ਪੜ੍ਹ ਰਹੇ ਸੀ, ਤੁਹਾਡਾ ਧਿਆਨ ਘਰ ਵਿੱਚ ਨਵ ਜੰਮੀ ਵਛੇਰੀ ਦੇ ਮਗਰ ਘੁੰਮ ਰਿਹਾ ਸੀ। ਬੋਲ ਤੁਸੀਂ ਨਮਾਜ਼ ਦੇ ਪੜ੍ਹ ਰਹੇ ਸੀ, ਪਰ ਸੁਰਤ ਤੁਹਾਡੀ ਪਸ਼ੂਆਂ ਦੇ ਗਿਰਦ ਚੱਕਰ ਲਾਉਂਦੀ ਸੀ। ਕਾਜ਼ੀ ਦੇ ਦੁਬਾਰਾ ਸਵਾਲ ਕਰਨ ਤੇ ਕਿ ਜੇ ਮੇਰੀ ਸੁਰਤ ਨਮਾਜ਼ ਵਿੱਚ ਨਹੀਂ ਸੀ ਤੁਸੀਂ ਨਵਾਬ ਸਾਹਿਬ ਨਾਲ ਖੁਦਾ ਦੀ ਨਮਾਜ਼ ਅਦਾ ਕਰ ਲੈਣੀ ਸੀ। ਸਤਿਗੁਰਾਂ ਉੱਤਰ ਦਿੱਤਾ ਕਿ ਨਵਾਬ ਸਾਹਿਬ ਕਿਹੜਾ ਨਮਾਜ਼ ਵਿੱਚ ਹਾਜ਼ਰ ਸਨ। ਇਹ ਵੀ ਕਾਬਲ ਵਿੱਚ ਘੋੜਿਆਂ ਦੀ ਖਰੀਦੋ ਫਰੋਖ਼ਤ ਕਰ ਰਹੇ ਸਨ। ਦੋਵਾਂ ਨੇ ਸੱਚ ਨੂੰ ਕਬੂਲਿਆ ਕਿ ਵਾਕਿਆ ਈ ਸਾਡੀ ਸੁਰਤ, ਨਮਾਜ਼ ਪੜ੍ਹਨ ਸਮੇਂ ਇੱਥੇ ਹਾਜ਼ਰ ਨਹੀਂ ਸੀ।

ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਿਧਾਂਤ ਬਖਸ਼ਿਸ਼ ਕੀਤਾ ਅਤੇ ਖੁਦਾ ਦੀ ਬੰਦਗੀ ਕਰਨ ਦਾ ਰਸਤਾ ਰੁਸ਼ਨਾਇਆ ਕਿ ਖੁਦਾ ਨੂੰ, ਪ੍ਰਮੇਸ਼ਰ ਨੂੰ, ਵਾਹਿਗੁਰੂ ਨੂੰ ਉਹ ਹੀ ਕੀਤੀ ਹੋਈ ਬੰਦਗੀ ਪ੍ਰਵਾਨ ਹੈ, ਜਦੋਂ ਆਪਾਂ ਖੁਦਾ ਦੀ ਇਬਾਦਤ ਕਰਦੇ ਹੋਏ ਜੋ ਮੂੰਹ ਵਿੱਚੋਂ ਪ੍ਰਭੂ ਦੀ ਸਿਫ਼ਤ ਸਲਾਹ ਦੇ ਬੋਲ ਬੋਲਦੇ ਹਾਂ; ਜੇ ਸਾਡੀ ਸੁਰਤ ਉਹਨਾਂ ਬੋਲਾਂ ਨੂੰ, ਪ੍ਰਭੂ ਦੇ ਸਿਫਤ ਸਲਾਹ ਦੇ ਸ਼ਬਦਾਂ ਨੂੰ, ਧਿਆਨ ਮਗਨ ਹੋ ਕੇ ਸੁਣ ਰਹੀ ਹੈ ਤਦ ਉਹ ਬੰਦਗੀ ਪ੍ਰਵਾਨ ਹੈ। ਜੇ ਸੁਰਤ ਇਬਾਦਤ ਸਮੇਂ ਕਿਸੇ ਹੋਰ ਪਾਸੇ ਭਟਕਦੀ ਹੈ, ਐਸੀ ਬੰਦਗੀ ਪ੍ਰਭੂ ਦੇ ਦਰ ਵਿੱਚ ਪ੍ਰਵਾਨ ਨਹੀਂ, ਉਹ ਕੇਵਲ ਤੋਤਾ ਰਟਨੀ ਹੀ ਹੈ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ ਕਿ ਜੇ ਧਿਆਨ ਬਾਹਰਮੁਖੀ ਹੈ। ਸੁਰਤੀ ਕਿਤੇ ਬਾਹਰ ਭਟਕਦੀ ਹੈ। ਮੂੰਹ ਵਿੱਚੋਂ ਭਾਂਵੇਂ ਕੋਈ ਨੌ ਵਿਆਕਰਣ, ਛੇ ਸ਼ਾਸਤ੍ਰ ਅਤੇ ਹੋਰ ਧਾਰਮਿਕ ਗ੍ਰੰਥ ਰਟੀ ਜਾਵੇ, ਇਸ ਤਰ੍ਹਾਂ ਨਿਰਾ ਉਚਾਰਨ ਕਰਨ ਨਾਲ ਮੇਰਾ ਮਾਲਕ ਪ੍ਰਭੂ ਪ੍ਰਸੰਨ ਨਹੀਂ ਹੁੰਦਾ-

**ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ॥**

ਧਨਾਸਰੀ ਮ:੪, ਅੰਗ: ੬੬੯

ਪ੍ਰਭੂ ਪ੍ਰਸੰਨ ਕਿਵੇਂ ਹੁੰਦਾ ਹੈ ? ਅਗਲੇਰੀ ਪੰਗਤੀ ਵਿੱਚ ਸਤਿਗੁਰੂ ਜੀ ਨੇ ਉੱਤਰ ਦਿੱਤਾ ਹੈ-

**ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ॥**

ਧਨਾਸਰੀ ਮ:੪, ਅੰਗ: ੬੬੯

ਮਾਲਕ ਦੀ ਦਰਗਾਹ ਵਿੱਚ ਕਿਵੇਂ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ? ਸਤਿਗੁਰੂ ਅਮਰਦਾਸ ਪਾਤਸ਼ਾਹ ਜੀ ਦਾ ਸਿਰੀਰਾਗ ਦੀ ਵਾਰ ਅੰਦਰ ਫੁਰਮਾਨ ਹੈ ਕਿ ਗੁਰੂ ਦੀ ਸਮੀਪਤਾ (ਨੇੜਤਾ) ਸਰੀਰ ਕਰਕੇ ਸਤਿਗੁਰੂ ਜੀ ਦੇ ਨੇੜੇ ਬੈਠਣ ਜਾਂ ਦੂਰ ਬੈਠਣ ਨਾਲ ਪ੍ਰਾਪਤ ਨਹੀਂ ਹੁੰਦੀ। ਸਤਿਗੁਰੂ ਜੀ ਦੀ ਨੇੜਤਾ ਸਿੱਖ ਦੇ ਮਨ ਦੀ ਗੁਰੂ ਹਜ਼ੂਰੀ ਦੁਆਰਾ ਪ੍ਰਾਪਤ ਹੁੰਦੀ ਹੈ। ਸਾਹਿਬਾਂ ਦਾ ਫੁਰਮਾਨ ਹੈ:-

**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥**
**ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥**

ਸਿਰੀਰਾਗੁ ਕੀ ਵਾਰ ਮ: ੩, ਅੰਗ: ੮੪

ਸੋ ਸਾਨੂੰ ਵੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਤਿੰਨ ਸੌ ਪੰਜਾਹਵੀਂ ਸਥਾਪਨਾ ਵਰ੍ਹੇਗੰਢ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਸੋ ਇਸ ਅਸਥਾਨ ਤੋਂ ਸਤਿਗੁਰੂ ਜੀ ਦਾ ਬਖਸ਼ਿਆ ਉਪਦੇਸ਼ ਹਿਰਦੇ ਵਿੱਚ ਵਸਾਈਏ ਅਤੇ ਜਦ ਵੀ ਗੁਰੂ ਹਾਜ਼ਰੀ ਵਿੱਚ ਜਾਈਏ ਉਥੇ ਸਰੀਰ ਦੀ ਹਾਜ਼ਰੀ ਦੇ ਨਾਲ ਮਨ ਨੂੰ ਵੀ ਗੁਰੂ ਹਜ਼ੂਰੀ ਵਿੱਚ ਰੱਖ ਕੇ ਗੁਰੂ ਖੁਸ਼ੀ ਪ੍ਰਾਪਤ ਕਰੀਏ। ਸਿਮਰਨ ਕਰਨ, ਬਾਣੀ ਪੜ੍ਹਨ, ਕੀਰਤਨ ਕਰਨ ਤੇ ਸੁਣਨ ਸਮੇਂ ਸਾਵਧਾਨ ਇਕਾਗਰ ਚੀਤ ਹੋ ਕੇ ਹਾਜ਼ਰੀ ਤੇ ਹਜ਼ੂਰੀ ਦੋਵਾਂ ਨੂੰ ਸੰਮਿਲਤ ਕਰਕੇ ਪੂਰਨ ਲਾਹਾ ਪ੍ਰਾਪਤ ਕਰੀਏ। ਕਿਉਂਕਿ ਗੁਰੂ ਘਰ ਵਿੱਚ ਹਾਜ਼ਰੀ ਨਾਲੋਂ ਹਜ਼ੂਰੀ ਜਿਆਦਾ ਮਹਾਨਤਾ ਰੱਖਦੀ ਹੈ। ਸਤਿਗੁਰੂ ਜੀ ਦੇ ਪਾਵਨ ਬੋਲਾਂ "ਹਾਜ਼ਰ-ਗੈਰਹਾਜ਼ਰ, ਗੈਰਹਾਜ਼ਰ-ਹਾਜ਼ਰ" ਨੂੰ ਹਮੇਸ਼ਾਂ ਆਪਣੀ ਸਿਮ੍ਰਤੀ ਵਿੱਚ ਥਾਂ ਦੇਈ ਰੱਖੀਏ। ਭਲਾ ਹੋ ਜਾਵੇਗਾ।

# ੨੫
# ਸਿਦਕ ਦੀ ਪਰਖ ਕਰਨ ਵਾਲੀ ਧਰਤ ਅਨੰਦਪੁਰ ਦੀ

ਪੂਰੇ ਗੁਰੂ ਦੀ ਪਰਖ ਵਿੱਚੋਂ ਪੂਰਾ ਉੱਤਰਨਾ ਬਹੁਤ ਔਖਾ ਹੈ। ਜਦੋਂ ਸਤਿਗੁਰੂ ਜੀ ਕਿਸੇ ਸਿੱਖ ਦੀ ਪਰਖ ਲਈ ਪਰਚਾ ਪਾਉਂਦੇ ਹਨ; ਉਸ ਪਰਖ ਵਿੱਚੋਂ ਕੋਈ ਵਿਰਲਾ ਭਾਗਾਂ ਵਾਲਾ ਹੀ ਗੁਰੂ ਦੀ ਓਟ ਆਸਰੇ ਪੂਰਾ ਉਤਰਦਾ ਹੈ। ਕੋਈ ਵੀ ਆਪਣੀ ਬਲ-ਬੁੱਧੀ ਅਥਵਾ ਚਤੁਰਾਈ ਨਾਲ ਗੁਰੂ ਦੀ ਪ੍ਰੀਖਿਆ ਵਿੱਚੋਂ ਸਫਲ ਨਹੀਂ ਹੋ ਸਕਦਾ। ਪ੍ਰੀਖਿਆ ਦਾ ਪਰਚਾ ਪੈਣ ਵੇਲੇ ਸਿੱਖ ਦਾ ਸਿਦਕ ਥਿੜਕ ਜਾਂਦਾ ਹੈ, ਗੁਰੂ ਉੱਪਰ ਸ਼ੱਕ ਬਣ ਜਾਂਦਾ ਹੈ। ਮਨੁੱਖ ਗੁਰੂ ਨੂੰ ਆਪਣੇ ਮਨ ਦੇ ਸਮਤੋਲ ਨਾਲ ਤੋਲਣ ਲਗ ਜਾਂਦਾ ਹੈ। ਸਿੱਖ ਨੂੰ ਦੀਨ ਨਾਲੋਂ ਦੁਨੀਆਂ ਪਿਆਰੀ ਲੱਗਣ ਲੱਗ ਜਾਂਦੀ ਹੈ। ਗੁਰੂ ਤੇ ਬੇ-ਭਰੋਸਗੀ ਹੋ ਜਾਂਦੀ ਹੈ। ਗੁਰੂ ਦੇ ਬਚਨ ਜਿਨ੍ਹਾਂ ਵਿੱਚ ਸਿੱਖ ਦਾ ਲੋਕ ਪ੍ਰਲੋਕ ਦਾ ਭਲਾ ਛੁਪਿਆ ਹੋਇਆ ਹੁੰਦਾ ਹੈ, ਉਹ ਅਮੋਲਕ ਬਚਨ ਇੱਕ ਸਾਧਾਰਣ ਬੋਲ ਭਾਸਣ ਲੱਗ ਜਾਂਦੇ ਹਨ।

ਭਾਈ ਗੁਰਦਾਸ ਜੀ ਦਾ ਪਾਵਨ ਬਚਨ ਜੋ ਉਨ੍ਹਾਂ ਨੇ ਇੱਕ ਹੀਰੇ ਦੀ ਉਦਾਹਰਣ ਦੇ ਕੇ ਆਪਣੀ ਤੇਹਰਵੀਂ ਵਾਰ ਦੀ ਸੋਹਲਵੀਂ ਪਉੜੀ ਵਿੱਚ ਰਚਿਆ ਹੈ, ਉਸ ਅਨੁਸਾਰ ਕੋਈ ਵਿਰਲਾ ਹੀ ਗੁਰੂ ਦੀ ਪਰਖ ਵਿੱਚੋਂ ਪਾਸ ਹੋ ਕੇ ਬੇਸ਼-ਕੀਮਤੀ ਬਣ, ਗੁਰੂ ਦਰ ਪ੍ਰਵਾਨ ਚੜ੍ਹਦਾ ਹੈ। ਆਪ ਜੀ ਦਾ ਬੜਾ ਪਿਆਰਾ ਬਚਨ ਹੈ:-

**[੧]ਖਾਣਿ ਉਖਣਿ ਕਢਿ ਆਣਦੇ ਨਿਰਮੋਲਕ ਹੀਰਾ॥**
**[੨]ਜਉਹਰੀਆ ਹਥਿ ਆਵਦਾ ਉਇ ਗਹਿਰ ਗੰਭੀਰਾ॥**
**[੩]ਮਜਲਸ ਅੰਦਰਿ ਦੇਖਦੇ ਪਾਤਿਸਾਹ ਵਜੀਰਾ॥**
**[੪]ਮੁਲੁ ਕਰਨਿ ਅਜਮਾਇ ਕੈ ਸਾਹਾ ਮਨ ਧੀਰਾ॥**
**[੫]ਅਹਿਰਣ ਉਤੈ ਰਖਿ ਕੈ ਘਣ ਘਾਉ ਸਰੀਰਾ॥**

੧. ਖਾਣਾ ਪੁੱਟਣ ਵਾਲੇ, ਬੜੇ ਯਤਨਾਂ ਨਾਲ ਕੀਮਤੀ ਹੀਰੇ ਖਾਣਾਂ ਵਿੱਚੋਂ ਪੁੱਟ ਕੇ ਲਿਆਉਂਦੇ ਹਨ।
੨. ਫਿਰ ਉਹ ਸ੍ਰੇਸ਼ਟ ਹੀਰਾ ਜੋਹਰੀਆਂ ਦੇ ਹੱਥਾਂ ਵਿੱਚ ਆ ਜਾਂਦਾ ਹੈ।
੩. ਜੋਹਰੀ ਲੋਕ ਉਸ ਹੀਰੇ ਨੂੰ ਵੇਚਣ ਵਾਸਤੇ ਰਾਜਿਆਂ-ਵਜ਼ੀਰਾਂ ਦੀ ਮਜਲਸ (ਕਚਹਿਰੀ) ਵਿੱਚ ਜਾਂਦੇ ਹਨ ਤੇ ਸਾਰੇ ਵਜ਼ੀਰ ਅਤੇ ਰਾਜਾ ਉਸ ਹੀਰੇ ਨੂੰ ਵੇਖਦੇ ਹਨ।
੪. ਰਾਜੇ ਤੇ ਅਮੀਰ ਲੋਕ ਉਸ ਦਾ ਮੁੱਲ ਪਾਉਣ ਤੋਂ ਪਹਿਲਾਂ ਹੀਰੇ ਦੀ ਪਰਖ ਕਰਦੇ ਹਨ।
੫. ਹੀਰੇ ਦੀ ਪਰਖ ਕਰਨ ਲਈ ਹੀਰੇ ਨੂੰ ਲੁਹਾਰ ਦੀ ਅਹਿਰਣ ਉੱਪਰ ਰੱਖਿਆ ਜਾਂਦਾ ਹੈ ਤੇ ਉਸ ਹੀਰੇ ਉੱਤੇ ਵੱਡੇ ਹਥੌੜਿਆਂ ਦੀ ਸੱਟ ਮਾਰੀ ਜਾਂਦੀ ਹੈ।(ਅਸਲੀ ਹੀਰਾ ਲੋਹੇ ਦੇ ਘਣ ਦੀ ਸੱਟ ਨਾਲ ਟੁੱਟਦਾ ਨਹੀਂ, ਖੋਟਾ ਹੀਰਾ ਘਣ ਦੀ ਸੱਟ ਪੈਣ ਨਾਲ ਦੁਫਾੜ ਹੋ ਜਾਂਦਾ ਹੈ)

[1]ਵਿਰਲਾ ਹੀ ਠਹਿਰਾਵਦਾ ਦਰਗਹ ਗੁਰ ਪੀਰਾ॥੧੯॥

ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯

ਅਜਿਹਾ ਹੀ ਇੱਕ ਵਾਕਿਆ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਵਰਤਿਆ। ਕੁਝ ਇੱਕ ਪ੍ਰੇਮੀ ਸਿੱਖ ਵਿਸਾਖੀ ਦੇ ਸਮੇਂ ਸਤਿਗੁਰੂ ਜੀ ਦੇ ਦਰਬਾਰ ਵਿੱਚ ਗੁਰੂ ਦਰਸ਼ਨਾਂ ਨੂੰ ਆਏ। ਸਵੇਰੇ-ਸ਼ਾਮ ਕੀਰਤਨ ਤੇ ਗੁਰੂ ਬਚਨ ਸਰਵਣ ਕਰ ਨਿਹਾਲ ਹੋਏ। ਸਤਿਗੁਰੂ ਜੀ ਦੇ ਚਰਨਾਂ ਵਿੱਚ ਵਾਪਸ ਜਾਣ ਤੋਂ ਪਹਿਲਾਂ ਹਾਜ਼ਰ ਹੋਏ ਤੇ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਸਾਡੇ ਕੋਈ ਪਿਛਲੇ ਚੰਗੇ ਕਰਮ ਹਨ ਜੋ ਆਪ ਜੀ ਦੇ ਦਰਸ਼ਨ ਸਾਨੂੰ ਪ੍ਰਾਪਤ ਹੋਏ। ਆਪ ਜੀ ਨੇ ਸਾਨੂੰ ਸਿੱਖੀ ਦੀ ਦਾਤ ਬਖਸ਼ਿਸ਼ ਕੀਤੀ, ਅਸੀਂ ਆਪ ਜੀ ਦੇ ਤਨੋ-ਮਨੋ ਸਿੱਖ ਹਾਂ। ਇਹ ਪਿਛਲੇ ਚਾਰ-ਪੰਜ ਦਿਨ ਤਾਂ ਅਸੀਂ ਬੈਕੁੰਠ ਵਿੱਚ ਬਿਤਾਏ ਹਨ। ਅਗਲਾ ਬੈਕੁੰਠ ਤਾਂ ਅਸੀਂ ਨਹੀਂ ਵੇਖਿਆ। ਜੋ ਚਾਰ ਦਿਨ ਆਪ ਜੀ ਦੇ ਚਰਨਾਂ ਵਿੱਚ ਰਹਿ ਕੇ ਆਪ ਦੇ ਦਰਸ਼ਨ ਕਰ, ਕੀਰਤਨ ਸਰਵਣ ਕਰ, ਸਾਡੀ ਆਤਮਾਂ ਨੂੰ ਸ਼ਾਂਤੀ ਤੇ ਅਨੰਦ ਪ੍ਰਾਪਤ ਹੋਇਆ ਹੈ, ਇਹ ਸਾਡਾ ਸਮਾਂ ਕਈ ਬੈਕੁੰਠਾਂ ਦੇ ਅਨੰਦ ਤੋਂ ਵਧੀਕ ਬਤੀਤ ਹੋਇਆ ਹੈ। ਭਾਂਵੇਂ ਸਾਡਾ ਮਨ ਘਰਾਂ ਨੂੰ ਵਾਪਿਸ ਜਾਣ ਨੂੰ ਤਾਂ ਨਹੀਂ ਕਰਦਾ ਪਰ ਕਾਰੋਬਾਰੀ ਰੁਝੇਂਵਿਆਂ ਕਰਕੇ ਜਾਣਾ ਪੈਂਦਾ ਹੈ ਸੋ ਆਪ ਜੀ ਹੁਣ ਸਾਨੂੰ ਵਾਪਸ ਜਾਣ ਦੀ ਆਗਿਆ ਬਖਸ਼ੋ।

ਸਤਿਗੁਰੂ ਜੀ ਮੁਸਕੁਰਾਏ ਤੇ ਕਹਿਣ ਲੱਗੇ, ਭਾਈ ਗੁਰਸਿੱਖੋ! ਸੰਸਾਰ ਵਿੱਚ ਬੰਦਾ ਸਰੀਰਕ ਸੁੱਖ ਤੇ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਲਈ ਕੋਈ ਤਪ ਕਰਦਾ ਹੈ, ਕੋਈ ਜਪ ਕਰਦਾ, ਕੋਈ ਧੂਣੀਆਂ ਤਾਪਦਾ, ਕੋਈ ਘਰ ਬਾਹਰ ਛੱਡ ਬਾਹਰ ਜੰਗਲਾਂ ਵਿੱਚ ਜਾਂਦਾ ਹੈ। ਤੁਸੀਂ ਵਡਭਾਗੇ ਹੋ ਜਿੰਨ੍ਹਾਂ ਨੂੰ ਸੰਗਤ ਵਿੱਚ ਆ ਕੇ ਸੁੱਖ ਤੇ ਸ਼ਾਂਤੀ ਪ੍ਰਾਪਤ ਹੋਈ ਹੈ। ਸਵਰਗ ਤੇ ਬੈਕੁੰਠ ਦੀ ਪ੍ਰਾਪਤੀ ਵਾਸਤੇ ਕੋਈ ਅਸਵਮੇਧ ਯੱਗ ਕਰਦਾ, ਕੋਈ ਸੋਨੇ, ਚਾਂਦੀ, ਭੂਮੀ ਦਾ ਦਾਨ ਕਰਦਾ, ਕੋਈ ਹੋਰ ਔਖੇ ਸਾਧਨ ਕਰਕੇ ਸਰੀਰ ਨੂੰ ਕਸ਼ਟ ਵਿੱਚ ਪਾਉਂਦਾ। ਤੁਸੀਂ ਧੰਨਭਾਗੇ ਹੋ, ਜਿਨ੍ਹਾਂ ਨੂੰ ਬੈਕੁੰਠ ਦਾ ਅਨੰਦ ਪ੍ਰਾਪਤ ਹੋਇਆ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਜਿੱਥੇ ਤੁਸੀਂ ਚਾਰ ਦਿਨ ਸ਼ਾਂਤੀ ਨਾਲ ਬਤੀਤ ਕੀਤੇ ਤੇ ਬੈਕੁੰਠ ਦਾ ਅਨੰਦ ਮਾਣਿਆ, ਅਜਿਹੇ ਸਮੇਂ ਪ੍ਰਭੂ ਮਿਹਰ ਤੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੇ ਹਨ। ਤੁਸੀਂ ਅੱਠ ਦਿਨ ਹੋਰ ਬੈਕੁੰਠ ਦਾ ਅਨੰਦ ਮਾਣੋ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਕਰੋ, ਗੁਰੂ ਭਲੀ ਕਰੇਗਾ। ਘਰਾਂ ਦੇ ਕੰਮ ਕਾਰ ਕਦੇ ਰੁਕਦੇ ਨਹੀਂ, ਉਹ ਤੇ ਚਲਦੇ ਹੀ ਰਹਿਣੇ ਹਨ ਪਰ ਅਜਿਹੇ ਸਮੇਂ ਜ਼ਿੰਦਗੀ ਵਿੱਚ ਕਿਤੇ ਵਿਰਲੇ ਹੀ ਪ੍ਰਾਪਤ ਹੁੰਦੇ ਹਨ ਸੋ ਇਸ ਬੈਕੁੰਠ ਦਾ ਅਨੰਦ ਕੁੱਝ ਸਮਾਂ ਹੋਰ ਮਾਣ ਲਵੋ।

ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਸਿੱਖਾਂ ਦੇ ਚਿਹਰੇ ਮੁਰਝਾ ਗਏ ਅਤੇ

---

੧. ਇਸੇ ਤਰ੍ਹਾਂ ਗੁਰੂ ਦੀ ਪ੍ਰੀਖਿਆ ਵਿੱਚ ਕੋਈ ਵਿਰਲਾ ਹੀ ਸਾਬਤ-ਸਿਦਕ ਨਾਲ ਪਾਰ ਉੱਤਰਦਾ ਹੈ।

ਓਪਰੇ ਦਿਲੋਂ ਸਤਿਬਚਨ ਕਿਹਾ ਅਤੇ ਆਪੋ ਆਪਣੇ ਟਿਕਾਣਿਆਂ ਤੇ ਚਲੇ ਗਏ। ਕਿਉਂਕਿ ਸਿੱਖਾਂ ਨੇ ਸਤਿਗੁਰੂ ਜੀ ਦੇ ਸਨਮੁੱਖ ਜੋ ਬਚਨ ਕਹੇ ਸਨ ਉਸ ਪਾਏ ਦੀ ਬਿਰਤੀ ਉਨ੍ਹਾਂ ਦੀ ਅਜੇ ਬਣੀ ਨਹੀਂ ਸੀ।

ਸਾਰੇ ਇਕੱਠੇ ਹੋਏ ਆਪਸੀ ਵਿਚਾਰ ਕਰਨ ਲੱਗੇ ਕਿ ਅਸੀਂ ਚੰਗੇ ਕਸੂਤੀ ਸਥਿੱਤੀ ਵਿੱਚ ਫਸੇ ਹਾਂ। ਅੱਠ-ਅੱਠ ਦਿਨ ਘਰਾਂ ਵਿੱਚੋਂ ਨਿਕਲਿਆਂ ਨੂੰ ਹੋ ਗਏ ਹਨ। ਹੁਣ ਸਤਿਗੁਰੂ ਜੀ ਨੇ ਅੱਠ ਦਿਨ ਹੋਰ ਇੱਥੇ ਰਹਿਣ ਲਈ ਹੁਕਮ ਕਰ ਦਿੱਤਾ ਹੈ। ਇੱਕ ਦੋ ਦਿਨ ਔਖੇ ਸੌਖੇ ਕੱਟੇ, ਘਰਾਂ ਦੀ, ਧੀਆਂ-ਪੁਤਰਾਂ ਦੀ ਯਾਦ ਮੁੜ-ਮੁੜ ਤੰਗ ਕਰਨ ਲੱਗੀ। ਘਰ ਦੇ ਕੰਮ ਕਾਰ ਸਿਮ੍ਰਤੀ ਵਿੱਚ ਚੱਕਰ ਲਾਉਣ ਲੱਗੇ। ਇੱਕ-ਇੱਕ ਦਿਨ ਮਹੀਨੇ ਸਮਾਨ ਬਤੀਤ ਹੋਣ ਲੱਗਾ। ਦੂਸਰੇ ਪਾਸੇ ਸਤਿਗੁਰੂ ਜੀ ਨੇ ਅਨੰਦਗੜ੍ਹ ਦੇ ਕਿਲ੍ਹੇ ਅੰਦਰ ਜੋ ਪਹਿਰੇਦਾਰ ਸਨ ਉਨ੍ਹਾਂ ਨੂੰ ਸੱਦ ਕੇ ਸਖਤੀ ਨਾਲ ਕਹਿ ਦਿੱਤਾ ਕਿ ਤੁਸੀਂ ਇਨ੍ਹਾਂ ਸਿੱਖਾਂ ਦਾ ਖਾਸ ਖਿਆਲ ਰੱਖਣਾ ਹੈ। ਸਾਡੀ ਇਜ਼ਾਜ਼ਤ ਤੋਂ ਬਿਨਾਂ ਇਹ ਸਿੱਖ ਕਿਲ੍ਹੇ ਵਿੱਚੋਂ ਬਾਹਰ ਨਾ ਜਾਣ। ਉਹ ਸਾਰੇ ਸਿੱਖ ਜੋ ਕਹਿੰਦੇ ਸਨ ਕਿ ਸਤਿਗੁਰੂ ਜੀ! ਤੁਹਾਡੇ ਦਰਸ਼ਨ ਕਰਕੇ ਬਚਨ ਬਿਲਾਸ ਤੇ ਕੀਰਤਨ ਸੁਣ ਕੇ ਸਾਨੂੰ ਬੈਕੁੰਠ ਨਾਲੋਂ ਭੀ ਜਿਆਦਾ ਅਨੰਦ ਆਉਂਦਾ ਹੈ, ਉਨ੍ਹਾਂ ਨੇ ਮਸਾਂ ਚਾਰ ਕੁ ਦਿਨਾਂ ਦਾ ਸਮਾਂ ਕੱਢਿਆ ਤੇ ਸਾਰਿਆਂ ਨੇ ਇਕੱਠੇ ਹੋ ਕੇ ਆਪਸੀ ਗੁਰਮਤਾ ਕੀਤਾ ਕਿ ਜੇ ਆਪਾਂ ਚਾਰ ਦਿਨ ਹੋਰ ਵੀ ਔਖ ਸੌਖ ਨਾਲ ਕੱਟ ਲਏ, ਜਦੋਂ ਆਪਾਂ ਸਤਿਗੁਰੂ ਜੀ ਪਾਸੋਂ ਘਰਾਂ ਨੂੰ ਜਾਣ ਦੀ ਆਗਿਆ ਮੰਗੀ, ਜੇ ਫਿਰ ਸਤਿਗੁਰੂ ਜੀ ਨੇ ਅੱਠ-ਦੱਸ ਦਿਨ ਹੋਰ ਰਹਿਣ ਲਈ ਕਹਿ ਦਿੱਤਾ, ਫਿਰ ਕੀ ਕਰਾਂਗੇ? ਸਤਿਗੁਰੂ ਜੀ ਨੂੰ ਆਪਾਂ ਜੁਆਬ ਦੇ ਨਹੀਂ ਸਕਣਾ। ਜ਼ੋਰ ਨਾਲ ਅਸੀਂ ਕਿਲ੍ਹੇ ਤੋਂ ਬਾਹਰ ਨਿਕਲ ਨਹੀਂ ਸਕਦੇ, ਪਹਿਰਾ ਬੜਾ ਸਖ਼ਤ ਹੈ। ਹੋਵੇ ਨਾਂ ਤਾਂ ਆਪਾਂ ਕੋਈ ਵਿਉਂਤ ਬਣਾ ਕੇ ਕਿਸੇ ਤਰ੍ਹਾਂ ਇੱਕ ਵਾਰੀ ਕਿਲ੍ਹੇ 'ਚੋਂ ਬਾਹਰ ਨਿਕਲ ਚਲੀਏ। ਸੋਚਦਿਆਂ-ਸੋਚਦਿਆਂ ਸਾਰੇ ਇੱਕ ਵਿਚਾਰ ਤੇ ਸਹਿਮਤ ਹੋਏ ਕਿ ਆਪਣੇ ਵਿੱਚੋਂ ਇੱਕ ਨੂੰ ਮੁਰਦਾ ਬਣਾ ਲਈਏ ਤੇ ਓਸ ਨੂੰ ਸੀੜ੍ਹੀ ਉੱਪਰ ਪਾ ਲਈਏ। ਚਾਰ ਜਾਣੇ ਉਸ ਨੂੰ ਚੁੱਕ ਲਵਾਂਗੇ। ਇੱਕ ਜਾਣਾ ਅੱਗੇ ਦੋ ਜਾਣੇ ਪਿੱਛੇ ਤੁਰ ਪਵਾਂਗੇ। ਅੱਗੇ ਵਾਲਾ ਸਿੱਖ "ਰਾਮ ਰਾਮ ਸੱਤ ਹੈ, ਹਰ ਕਾ ਨਾਮ ਸੱਤ ਹੈ" ਫੂੜੀ ਉਠਾਣ ਲੱਗਿਆਂ ਕਹਿਣ ਲੱਗ ਜਾਵੇਗਾ ਅਤੇ ਥੋੜ੍ਹੀ ਦੂਰ ਜਾ ਕੇ ਆਪਾਂ ਸਾਰੇ ਇਹ ਸ਼ਬਦ ਪੜ੍ਹੀਏ:-

**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥**

ਮ:੫, ਅੰਗ: ੧੦੦੦

ਜੇ ਪਹਿਰੇਦਾਰ ਪੁੱਛੇਗਾ ਕਿ ਕਿਧਰ ਚੱਲੇ ਹੋ, ਤਾਂ ਨਿਸੰਗ ਹੋ ਕੇ ਸਾਡੇ ਵਿੱਚੋਂ ਦੋ ਸਿੰਘ

ਕਹਿਣਗੇ ਕਿ ਗੁਰੂ ਕਾ ਅਤੀ ਪਿਆਰਾ ਸਿੱਖ ਰਾਤ ਪੇਟ ਦਰਦ ਹੋਣ ਨਾਲ "ਰਾਮ ਸਤਿ" ਹੋ ਗਿਆ ਹੈ। ਉਸ ਦਾ ਦਾਹ ਸੰਸਕਾਰ ਕਰਨ ਵਾਸਤੇ ਬਾਹਰ ਚੱਲੇ ਹਾਂ। ਬਾਕੀ ਸਾਰੇ ਬਨਾਉਟੀ ਉਦਾਸੀ ਬਣਾ ਕੇ ਅੱਖਾਂ ਨੂੰ ਮਿਰਚਾਂ ਲਾ ਕੇ ਬਨਾਉਟੀ ਹੰਝੂ ਵਹਾਉਂਦੇ ਕੁਝ ਨਾ ਬੋਲਣ।

ਸੋ ਸਾਰੀ ਵਿਉਂਤ ਬਣਾ ਕੇ ਦਿਨ ਚੜ੍ਹੇ ਰਾਤ ਦੀ ਬਣਾਈ ਸਕੀਮ ਅਧੀਨ, ਇੱਕ ਨੂੰ ਮੁਰਦਾ ਬਣਾ, ਚਿੱਟਾ ਬਸਤ੍ਰ ਉੱਪਰ ਪਾ, ਆਪਣੇ ਆਪ ਨੂੰ ਸਿਦਕੀ ਸਿੱਖ ਕਹਿਲਾਉਣ ਵਾਲੇ ਸਿੱਖ, "ਰਾਮ-ਰਾਮ ਸੱਤ ਹੈ" ਕਹਿੰਦੇ ਤੇ "**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ**" ਸ਼ਬਦ ਪੜ੍ਹਦੇ ਕਿਲ੍ਹੇ ਦੇ ਦਰਵਾਜ਼ੇ ਕੋਲ ਪਹੁੰਚੇ। ਦਰਬਾਨ ਸਿੱਖ ਨੇ ਪੁੱਛਿਆ ਕਿ ਕੀ ਗੱਲ ਹੈ? ਕਿਧਰ ਚੱਲੇ ਹੋ? ਸਿੱਖਾਂ ਦੱਸਿਆ ਕਿ ਰਾਤ ਸਾਡਾ ਸਾਥੀ ਸਿੱਖ ਜੋ ਬਹੁਤ ਗੁਰੂ ਪ੍ਰੇਮੀ ਸੀ, ਅਚਾਨਕ ਦਰਦ ਹੋਣ ਕਾਰਣ ਰਾਮ ਸੱਤ ਹੋ ਗਿਆ ਹੈ, ਇਸ ਦਾ ਅੰਤਿਮ ਸੰਸਕਾਰ ਕਰਨ ਵਾਸਤੇ ਇਸ ਦੇ ਸਰੀਰ ਨੂੰ ਬਾਹਰ ਲਿਜਾ ਰਹੇ ਹਾਂ। ਦਰਬਾਨ ਨੇ ਉਨ੍ਹਾਂ ਨੂੰ ਰੋਕਿਆ ਤੇ ਦੂਸਰੇ ਸਿੱਖ ਨੂੰ ਸਾਰੀ ਵਿਥਿਆ ਸਤਿਗੁਰੂ ਨੂੰ ਦੱਸਣ ਵਾਸਤੇ ਭੇਜਿਆ। ਉਸ ਸਿੱਖ ਨੇ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, ਪਾਤਸ਼ਾਹ! ਰਾਤ ਨੂੰ ਇੱਕ ਆਪ ਜੀ ਦਾ ਬਹੁਤ ਪਿਆਰ ਵਾਲਾ ਸਿੱਖ ਦਰਦ ਹੋਣ ਨਾਲ ਅਕਾਲ ਚਲਾਣਾ ਕਰ ਗਿਆ ਹੈ। ਉਸ ਦੇ ਸਰੀਰ ਦਾ ਸਸਕਾਰ ਕਰਨ ਵਾਸਤੇ ਸੱਤ-ਅੱਠ ਸਿੱਖ ਉਸ ਦਾ ਬਿਬਾਣ ਬਣਾ ਕੇ ਬਾਹਰ ਲਿਜਾਣ ਲਈ ਕਿਲ੍ਹੇ ਦੇ ਦਰਵਾਜੇ ਅੱਗੇ ਖੜੇ,"**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ**" ਸ਼ਬਦ ਪੜ੍ਹ ਰਹੇ ਹਨ, ਸਾਹਿਬਾਂ ਦੀ ਕੀ ਆਗਿਆ ਹੈ? ਸਤਿਗੁਰੂ ਜੀ ਬੇਨਤੀ ਕਰਨ ਵਾਲੇ ਸਿੱਖ ਨੂੰ ਕਹਿਣ ਲੱਗੇ ਕਿ ਅਜਿਹਾ ਗੁਰੂ ਦੇ ਪਿਆਰ ਵਾਲਾ ਸਿਦਕੀ ਸਿੱਖ ਜੇ ਅਕਾਲ ਚਲਾਣਾ ਕਰ ਗਿਆ ਹੈ ਤਾਂ ਉਸ ਦਾ ਅੰਤਿਮ ਸੰਸਕਾਰ ਅਸੀਂ ਆਪਣੇ ਹੱਥੀਂ ਕਿਲ੍ਹੇ ਵਿੱਚ ਹੀ ਕਰਾਂਗੇ। ਬਾਹਰ ਭੇਜਣ ਦੀ ਲੋੜ ਨਹੀਂ ਸਗੋਂ ਉਨ੍ਹਾਂ ਨੂੰ ਵਾਪਸ ਕਿਲ੍ਹੇ ਵਿੱਚ ਲੈ ਆਵੋ ਤੇ ਚਿਖਾ ਬਣਾਵੋ, ਅਸੀਂ ਵੀ ਸ਼ੀਘਰ ਹੀ ਆਉਂਦੇ ਹਾਂ। ਦਰਬਾਨ ਸਿੱਖ ਨੇ ਬਨਾਵਟੀ ਬਣੇ ਮੁਰਦੇ ਦੇ ਵਾਰਸਾਂ ਨੂੰ ਸਤਿਗੁਰਾਂ ਦਾ ਸੁਨੇਹਾ ਦਿੱਤਾ ਕਿ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਅਜਿਹੇ ਸਿਦਕੀ ਸਿੱਖ ਦਾ ਸਸਕਾਰ ਬਾਹਰ ਨਹੀਂ ਕਰਨਾ, ਅਸੀਂ ਕਿਲ੍ਹੇ ਦੇ ਅੰਦਰ ਹੀ ਉਸ ਦਾ ਸਸਕਾਰ ਆਪਣੇ ਹੱਥੀਂ ਕਰਾਂਗੇ। ਮੁਰਦੇ ਨੂੰ ਵਾਪਸ ਲੈ ਆਵੋ, ਇਹ ਸਤਿਗੁਰਾਂ ਦਾ ਹੁਕਮ ਹੈ। ਦਰਬਾਨ ਦੇ ਮੁੱਖੋਂ ਇਹ ਸੁਨੇਹਾ ਸੁਣ ਕੇ ਪਖੰਡ ਰਚਾਉਣ ਵਾਲਿਆਂ ਨੂੰ ਠੰਡੀਆਂ ਤ੍ਰੇਲੀਆਂ ਆਉਣ ਲੱਗ ਪਈਆਂ, ਸਾਰੇ ਮਨੋ-ਮਨੀ ਸੋਚਣ ਲੱਗੇ ਕਿ ਹੁਣ ਕੀ ਕਰਾਂਗੇ? ਸਾਡੀ ਬਣਾਈ ਵਿਉਂਤ ਸਾਨੂੰ ਹੀ ਪੁੱਠੀ ਪੈ ਗਈ ਹੈ। ਜਾਣੀ ਜਾਣ ਸਤਿਗੁਰੂ ਜੀ ਅੱਗੇ ਸਾਡਾ ਪਾਜ ਉੱਘੜ ਜਾਣਾ ਹੈ ਤੇ ਬਾਕੀ ਸਿੱਖ ਵੀ ਸਾਨੂੰ ਲਾਹਣਤਾਂ ਪਾਉਣਗੇ ਕਿ ਇਨ੍ਹਾਂ ਨੇ ਬਾਹਰ ਜਾਣ ਵਾਸਤੇ ਇਹ ਕੀ ਪਖੰਡ ਰਚਿਆ ਹੈ? ਇਨ੍ਹਾਂ ਸੋਚਾਂ ਅਧੀਨ ਛਾਤੀ ਤੇ ਪੱਥਰ ਧਰ ਕੇ ਮੁੜ "ਰਾਮ ਨਾਮ ਸੱਤ"

ਕਰਦੇ ਵਾਪਸ ਕਿਲ੍ਹੇ ਵਿੱਚ ਆ ਗਏ ਤੇ ਅਰਥੀ ਰੱਖ ਦਿੱਤੀ।

ਉਧਰੋਂ ਸ੍ਰੀ ਕਲਗੀਧਰ ਜੀ ਵੀ ਸਿੱਖਾਂ ਸਮੇਤ ਪੁੱਜ ਗਏ। ਉਨ੍ਹਾਂ ਵੱਲ ਵੇਖ ਕੇ ਮੁਸਕਰਾਏ ਤੇ ਪੁੱਛਿਆ, ਸਿੰਘੋ! ਇਸ ਦੀ ਕਿਸ ਤਰ੍ਹਾਂ ਮੌਤ ਹੋਈ ਹੈ? ਦੋ ਸਿੱਖਾਂ ਨੇ ਦੱਸਿਆ, ਪਾਤਸ਼ਾਹ! ਰਾਤ ਨੂੰ ਇਹ ਸਿੰਘ ਲੰਗਰ ਛਕ ਕੇ ਸੁੱਤਾ, ਤੜਕਸਾਰ ਇਸ ਦੇ ਦਰਦ ਹੋਈ। ਥੋੜਾ ਦੁਆ ਦਾਰੂ ਜੋ ਸਾਡੇ ਪਾਸ ਸੀ, ਇਸ ਨੂੰ ਦਿੱਤਾ ਪਰ ਅਰਾਮ ਆਉਣ ਦੀ ਬਜਾਏ ਇਹ ਰਾਮ ਸੱਤ ਹੋ ਗਿਆ, ਕਹਿ ਕੇ ਦੋਵੇਂ ਰੋਣ ਲੱਗ ਗਏ। ਜਾਣੀ ਜਾਣ ਸਤਿਗੁਰੂ ਜੀ ਨੇ ਸਾਰਿਆਂ ਨੂੰ ਦਿਲਾਸਾ ਦਿੱਤਾ ਤੇ ਕਿਹਾ ਅਸੀਂ ਚੰਗੀ ਤਰ੍ਹਾਂ ਵੇਖ ਲਈਏ ਕਿ ਕਿਤੇ ਅਜੇ ਸਰੀਰ ਵਿੱਚ ਪ੍ਰਾਣ ਹਨ ਜਾਂ ਬਿਲਕੁਲ ਹੀ ਪ੍ਰਾਣ ਪੰਖੇਰੂ ਹੋ ਗਏ ਹਨ। ਇਹ ਕਹਿ, ਸਤਿਗੁਰੂ ਜੀ ਨੇ ਇੱਕ ਸਿੱਖ ਨੂੰ ਕਿਹਾ ਕਿ ਲੱਕੜ ਨੂੰ ਰੂਈਂ ਬੰਨ, ਤੇਲ ਪਾ ਕੇ ਅੱਗ ਲਾ ਲਿਆਵੇ ਤਾਂ ਜੋ ਤਸੱਲੀ ਕਰ ਲਈ ਜਾਵੇ ਕਿ ਵਾਕਿਆ ਹੀ ਸਿੱਖ ਚੜ੍ਹਾਈ ਕਰ ਗਿਆ ਹੈ, ਕਿਤੇ ਜਿੰਦਾ ਹੀ ਨਾ ਸਾੜਿਆ ਜਾਵੇ। ਗੁਰੂ ਹੁਕਮ ਮੰਨ ਸਿੱਖ ਲੱਕੜ ਨੂੰ ਰੂਈਂ ਬੰਨ, ਤੇਲ ਨਾਲ ਭਿਉਂ ਕੇ ਅੱਗ ਲਾ ਲਿਆਇਆ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਮੁਰਦੇ ਨੂੰ ਚਿਖਾ ਵਿੱਚ ਬਾਅਦ ਵਿੱਚ ਰੱਖਾਂਗੇ, ਪਹਿਲਾਂ ਇਸ ਦੇ ਪੈਰਾਂ ਨੂੰ ਅੱਗ ਲਾ ਕੇ ਨਿਰਣਾ ਕਰ ਲਵੋ ਕਿ ਸਿੱਖ ਸੱਚੀਂ ਹੀ ਰਾਮ ਸੱਤ ਹੋ ਗਿਆ ਹੈ। ਸਤਿਗੁਰੂ ਜੀ ਦਾ ਹੁਕਮ ਮੰਨ ਕੇ ਜਦੋਂ ਸਿੱਖਾਂ ਨੇ ਮੁਰਦੇ ਦੇ ਪੈਰਾਂ ਨੂੰ ਚੁਆਤੀ ਲਾਈ ਤਾਂ ਉਹ ਸੀੜ੍ਹੀ ਤੋਂ ਉੱਠ ਕੇ ਨੱਸ ਤੁਰਿਆ। ਇਹ ਚਮਤਕਾਰ ਵੇਖ ਕੇ ਸਤਿਗੁਰੂ ਜੀ ਤੇ ਸਾਰੀ ਸੰਗਤ ਹੱਸਣ ਲੱਗ ਪਈ ਤੇ ਉਹ ਸਿੱਖ ਜਿਨ੍ਹਾਂ ਨੇ ਇਹ ਪਖੰਡ ਰਚਿਆ ਸੀ ਸਤਿਗੁਰਾਂ ਦੇ ਚਰਨੀਂ ਢਹਿ ਪਏ ਤੇ ਰੋ-ਰੋ ਕੇ ਮੁਆਫ਼ੀ ਮੰਗੀ ਕਿ ਸਤਿਗੁਰੂ ਜੀ ਅਸੀਂ ਸਿਦਕ ਤੋਂ ਡੋਲ ਕੇ ਇਹ ਗਲਤੀ ਕੀਤੀ ਹੈ। ਸਾਨੂੰ ਘਰ ਦੇ ਕੰਮ ਤੇ ਧੀਆਂ-ਪੁਤਰਾਂ ਦੇ ਮੋਹ ਨੇ ਅਤਿਅੰਤ ਦੁਖੀ ਕੀਤਾ ਤੇ ਨਾਲ ਹੀ ਅਸੀਂ ਵੀਚਾਰਿਆ ਕਿ ਸਤਿਗੁਰੂ ਜੀ ਅੱਠ ਦਿਨ ਹੋਰ ਠਹਿਰਨ ਲਈ ਹੁਕਮ ਨਾ ਕਰ ਦੇਣ, ਜਿਸ ਕਾਰਣ ਅਸੀਂ ਬਾਹਰ ਨਿਕਲਣ ਲਈ ਪਖੰਡ ਰਚਿਆ ਸੀ।

ਸਤਿਗੁਰੂ ਜੀ ਨੇ ਉਨ੍ਹਾਂ ਸਿੱਖਾਂ ਦੀ ਬੇਨਤੀ ਸੁਣ ਕੇ ਬਚਨ ਕੀਤਾ, ਸਿੱਖੋ! ਗੁਰੂ ਹਮੇਸ਼ਾ ਬਖਸ਼ਿੰਦ ਹੈ। ਗੁਰੂ ਨੂੰ ਤੁਹਾਡੇ ਰਹਿਣ ਜਾਂ ਜਾਣ ਨਾਲ ਕੋਈ ਫਰਕ ਨਹੀਂ ਪੈਣਾ ਪਰ ਤੁਸੀਂ ਹੀ ਇਹ ਕਹਿੰਦੇ ਸੀ ਕਿ ਅਸੀਂ ਸੰਗਤ ਵਿੱਚ ਰਹਿ ਕੇ ਕੀਰਤਨ ਸੁਣ ਕੇ ਬੈਕੁੰਠ ਨਾਲੋਂ ਵੀ ਜਿਆਦਾ ਅਨੰਦ ਮਾਣਿਆ ਹੈ, ਦਰਅਸਲ ਇਹ ਸਾਰਾ ਕੁਝ ਤੁਹਾਡੇ ਕਹਿਣ ਮਾਤਰ ਹੀ ਸੀ। ਇਹ ਅਵਸਥਾ ਪ੍ਰਾਪਤ ਹੋਈ ਹੁੰਦੀ ਤਦ ਤੁਸੀਂ ਅਜਿਹਾ ਪਖੰਡ ਨਾ ਕਰਦੇ। ਇੱਕ ਪਾਸੇ ਤੁਸੀਂ ਗੁਰੂ ਨੂੰ ਸਰਬੱਗ ਤੇ ਅੰਤਰਯਾਮੀ ਕਹਿੰਦੇ ਹੋ। ਦੂਸਰੇ ਪਾਸੇ ਤੁਸੀਂ ਗੁਰੂ ਨੂੰ ਆਪਣੇ ਵਰਗਾ ਇਨਸਾਨ ਸਮਝ ਕੇ ਉਸ ਨੂੰ ਧੋਖਾ ਦੇਣ ਦਾ ਬਹਾਨਾ ਬਣਾਉਂਦੇ ਹੋ। ਜੇ ਅਸੀਂ ਤੁਹਾਨੂੰ ਬਾਹਰ ਨਿਕਲ ਜਾਣ ਦਿੰਦੇ ਤਦ ਤੁਹਾਡਾ

੧. ਮਾਇਆ ਵਾਲਾ ਥੈਲਾ

ਗੁਰੂ ਤੋਂ ਸਦਾ ਵਾਸਤੇ ਭਰੋਸਾ ਜਾਂਦਾ ਲਗਣਾ ਸੀ। ਅਸੀਂ ਤਾਂ ਤੁਹਾਡੇ ਸਿਦਕ ਨੂੰ ਪਰਖਣ ਵਾਸਤੇ ਅੱਠ ਦਿਨ ਹੋਰ ਰਹਿਣ ਲਈ ਕਿਹਾ ਸੀ ਪਰ ਜਦੋਂ ਤੁਸੀਂ ਆਪਣੇ ਸਿਦਕ ਤੋਂ ਡੋਲ ਗਏ, ਤਦ ਅਸੀਂ ਆਪਣਾ ਫਰਜ ਨਿਭਾ ਕੇ ਆਪਣੀ ਡਿਊਟੀ ਪੂਰੀ ਕੀਤੀ ਹੈ ਕਿ ਤੁਹਾਡਾ ਗੁਰੂ ਤੋਂ ਸਿਦਕ ਨਾ ਡੋਲੇ ਤੇ ਤੁਸੀਂ ਗੁਰੂ ਨੂੰ ਅਲਪੱਗ ਜਾਣਕੇ, ਬੇਮੁਖ ਹੋ ਜੂਨੀਆਂ ਵਿੱਚ ਨਾ ਭਰਮੋਂ। ਦੂਸਰੇ, ਗੁਰੂ ਘਰ ਵਿੱਚ ਕਪਟ ਤੇ ਛਲ-ਫਰੇਬ ਛੱਡ ਕੇ ਹੀ ਆਤਮਿਕ ਉੱਨਤੀ ਹੋ ਸਕਦੀ ਹੈ ਤੇ ਪ੍ਰਭੂ ਵਿੱਚ ਅਭੇਦ ਹੋਇਆ ਜਾ ਸਕਦਾ ਹੈ ਪਰ ਤੁਸੀਂ ਤਾਂ ਗੁਰੂ ਨਾਲ ਹੀ ਛਲ-ਕਪਟ ਤੇ ਫਰੇਬ ਕਰਨ ਲਗ ਪਏ। ਤੁਹਾਡਾ ਪਾਜ ਤੇ ਕਪਟ ਅਸੀਂ ਤੁਹਾਡੇ ਭਲੇ ਵਾਸਤੇ ਹੀ ਜਗ ਜਾਹਰ ਕੀਤਾ ਹੈ, ਨਾ ਕਿ ਤੁਹਾਡੀ ਬੇ-ਪਤੀ ਕਰਨ ਵਾਸਤੇ। ਗੁਰੂ ਘਰ ਵਿੱਚ ਕੂੜ, ਛਲ, ਫਰੇਬ, ਮੁਲੰਮਾ ਕਦੇ ਵੀ ਲੁਕਦਾ ਨਹੀਂ, ਇਨ੍ਹਾਂ ਦਾ ਪਾਜ ਬਹੁਤ ਜਲਦੀ ਨੰਗਾ ਹੋ ਜਾਂਦਾ ਹੈ। ਸਤਿਗੁਰੂ ਰਾਮਦਾਸ ਜੀ ਦਾ ਗਉੜੀ ਕੀ ਵਾਰ ਵਿੱਚ ਫੁਰਮਾਨ ਹੈ:-

**ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥**

ਮ: ੪, ਅੰਗ: ੩੦੩

ਸ੍ਰੀ ਗੁਰੂ ਅਮਰਦਾਸ ਜੀ ਵੀ ਪ੍ਰੋੜਤਾ ਕਰਦੇ ਹਨ ਕਿ:-

**ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥੩॥**

ਸੋਰਠਿ ਮ: ੩, ਅੰਗ: ੬੩੭

ਸੋ ਗੁਰਸਿੱਖੋ! ਸਿੱਖ ਉਹ ਹੈ ਜੋ ਅੰਦਰੋਂ-ਬਾਹਰੋਂ ਇੱਕ ਹੈ। ਉਹ ਸਿੱਖ ਨਹੀਂ ਜੋ ਬਾਹਰ ਵਿਖਾਵਾ ਤਾਂ ਹੋਰ ਕਰੇ ਪਰ ਉਸ ਦੇ ਅੰਦਰ ਕੁਝ ਹੋਰ ਹੋਵੇ। ਅਜਿਹੇ ਮਨੁੱਖਾਂ ਪ੍ਰਤੀ ਤਾਂ ਭਗਤ ਕਬੀਰ ਜੀ ਆਸਾ ਰਾਗ ਅੰਦਰ ਆਪਣਾ ਸਪੱਸ਼ਟ ਫੈਸਲਾ ਦਿੰਦੇ ਫੁਰਮਾਨ ਕੀਤਾ ਹੈ:-

**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥**

ਆਸਾ ਫਰੀਦ ਜੀ, ਅੰਗ: ੪੮੮

ਅਸੀਂ ਤਾਂ ਅੰਦਰੋਂ ਬਾਹਰੋਂ ਇੱਕ, ਨਮੂਨੇ ਦੇ ਪੱਕੇ ਸਿੱਖ ਸਾਜਣੇ ਹਨ ਪਰ ਤੁਸੀਂ ਸਿੱਖ ਬਣ ਕੇ ਗੁਰੂ ਅੱਗੇ ਹੀ ਛਲ-ਕਪਟ ਦਾ ਵਿਖਾਵਾ ਕਰਨ ਲਗ ਪਏ, ਇਹ ਤੁਹਾਨੂੰ ਸ਼ੋਭਦਾ ਨਹੀਂ। ਸਤਿਗੁਰਾਂ ਦੇ ਬਚਨ ਸੁਣ ਕੇ ਇਨ੍ਹਾਂ ਸਿਦਕੋਂ ਡੋਲੇ ਸਿੱਖਾਂ ਨੇ ਗੁਰੂ ਚਰਨਾਂ ਤੇ ਮੱਥੇ ਟੇਕ-ਟੇਕ ਮੁਆਫ਼ੀ ਮੰਗੀ ਤੇ ਅੱਗੇ ਤੋਂ ਅੰਦਰੋਂ ਬਾਹਰੋਂ ਇੱਕ ਹੋ ਚੱਲਣ ਦਾ ਗੁਰਦੇਵ ਜੀ ਨਾਲ ਵਾਅਦਾ ਕੀਤਾ। ਸਤਿਗੁਰਾਂ ਆਪਣੇ ਬਖਸ਼ਿੰਦ ਸੁਭਾਅ ਅਨੁਸਾਰ, ਸਿੱਖਾਂ ਨੂੰ ਖਿਮਾਂ ਕਰ, ਅੰਦਰੋਂ ਖੋਟ ਕੱਢ, ਸਿੱਖੀ ਸਿਦਕ ਦੀਆਂ ਬਖਸ਼ਿਸ਼ਾਂ ਕਰ ਰੁਖਸਤ (ਵਿਦਾ) ਕੀਤਾ।

ਇਸ ਘਟਨਾ ਤੋਂ ਸਿੱਖਿਆ ਮਿਲਦੀ ਹੈ ਕਿ ਮਨੁੱਖ ਦੀ ਜਿਹੋ ਜਿਹੀ ਅੰਦਰ

ਬਿਰਤੀ ਹੈ, ਉਸ ਨੂੰ ਹੀ ਬਾਹਰ ਪ੍ਰਗਟ ਕਰਨਾ ਚਾਹੀਦਾ ਹੈ, "**ਕਹੁ ਕਬੀਰ ਛੂਛਾ ਘਟ ਬੋਲੇ**" ਦਾ ਪ੍ਰਗਟਾਵਾ ਨਹੀਂ ਕਰਨਾ ਚਾਹੀਦਾ, ਬਨਾਉਟੀ ਪ੍ਰਗਟਾਵਾ ਬਹੁਤਾ ਚਿਰ ਤੱਕ ਸਾਥ ਨਹੀਂ ਦਿੰਦਾ। ਫਿਰ ਐਸੇ ਗੁਰੂ ਅੱਗੇ, ਜਿਹੜਾ ਗੁਰਸਿੱਖਾਂ ਨੂੰ ਵਾਰ-ਵਾਰ ਦ੍ਰਿੜ ਕਰਵਾਉਂਦਾ ਹੈ ਕਿ ਹੇ ਗੁਰਸਿੱਖੋ! ਤੁਸੀਂ ਆਪਣੇ ਅੰਦਰੋਂ ਕੂੜ-ਕਪਟ, ਛਲ-ਫਰੇਬ ਨੂੰ ਦੂਰ ਕਰਕੇ ਹਰੀ ਨਾਮ ਦੀ ਘਾਲ ਕਰੋ ਤਦ ਤੁਸੀਂ ਗੁਰੂ ਨਦਰ ਨਾਲ ਨਿਹਾਲ, ਨਿਹਾਲ, ਨਿਹਾਲ ਹੋ ਜਾਵੋਗੇ। ਜੇ ਕਪਟ ਛਲ ਵੀ ਕਰੋਗੇ ਤਦ ਇਹ ਬਖਸ਼ਿਸ਼ਾਂ ਪ੍ਰਾਪਤ ਨਹੀਂ ਹੋਣੀਆਂ:-

**ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ**
**ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥**

ਨਟ ਮ: ੪, ਅੰਗ: ੯੭੮

ਫਿਰ ਘੱਟੋ-ਘੱਟ ਉਸ ਗੁਰੂ ਅੱਗੇ ਜਿਸ ਪ੍ਰਥਾਇ ਆਪਾਂ ਬਾਣੀ ਵਿੱਚ ਪੜ੍ਹਦੇ ਸੁਣਦੇ ਹਾਂ ਕਿ ਸਤਿਗੁਰੂ "**ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥**[੧]" ਦਾ ਮਾਲਕ ਹੈ। ਸਤਿਗੁਰੂ ਤਾਂ "**ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥**[੨]" ਦੀ ਸਮਰਥਾ ਰੱਖਦਾ ਹੈ। ਸਿੱਖ ਦੀ ਆਤਮਾਂ ਤੇ ਜਦੋਂ ਮਾਇਆ ਦਾ ਪ੍ਰਭਾਵ ਹਾਵੀ ਹੋ ਜਾਂਦਾ ਹੈ ਤਦ ਸਿੱਖ ਨੂੰ ਭੁੱਲ ਜਾਂਦਾ ਹੈ ਕਿ ਸਤਿਗੁਰੂ ਤਾਂ ਅੰਤਰਯਾਮੀ ਹੈ। ਗੁਰੂ ਪਾਸੋਂ ਸਿੱਖ ਕੁਝ ਵੀ ਛੁਪਾ ਨਹੀਂ ਸਕਦਾ, ਸਤਿਗੁਰੂ ਜਦੋਂ ਆਪਣੀ ਦਿਬ-ਦ੍ਰਿਸ਼ਟੀ ਨਾਲ ਵੇਖਦਾ ਹੈ ਤਾਂ ਸਤਿਗੁਰੂ ਸਿੱਖ ਦੇ ਬਚਾਉ ਵਾਸਤੇ ਉਸ ਦਾ ਵਲ-ਛਲ, ਫਰੇਬ, ਝੂਠ ਇੱਕ ਛਿੰਨ ਵਿੱਚ ਉਤਾਰ ਕੇ ਨੰਗਾ ਕਰ ਦਿੰਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ:-

**ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥**
**ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥**

ਆਸਾ ਮ: ੫, ਅੰਗ: ੩੮੧

ਸੋ ਅਸੀਂ ਵੀ ਇਹ ਨਿਸ਼ਚਾ ਮਨ ਵਿੱਚ ਧਾਰੀਏ ਕਿ ਸਤਿਗੁਰੂ ਜੀ ਅੰਤਰਯਾਮੀ ਅਤੇ "**ਘਟ ਘਟ ਕੇ ਅੰਤਰ ਕੀ ਜਾਨਤ॥**[੧]" ਦੀ ਸਮਰਥਾ ਰੱਖਦੇ ਹਨ। ਗੁਰੂ ਅਤੇ ਸੰਗਤ ਸਾਹਵੇਂ ਜੋ ਜੀਅ ਦੀ ਅਵਸਥਾ ਹੈ, ਅੰਦਰਲੀ ਹਾਲਤ ਹੈ ਉਸ ਅਨੁਸਾਰ ਹੀ ਵਿਚਰੀਏ ਅਤੇ ਅੰਦਰੋਂ ਬਾਹਰੋਂ ਇੱਕ ਹੋ ਸਕਣ ਲਈ ਗੁਰੂ ਦਰ ਅਰਦਾਸ-ਅਰਜੋਈ ਕਰੀਏ ਤਾਂ ਜੋ ਗੁਰੂ ਦਰ ਸਾਡੀ ਵੀ ਪ੍ਰਵਾਨਗੀ ਹੋ ਸਕੇ। ਪ੍ਰਵਾਨਗੀ ਉਨ੍ਹਾਂ ਨੂੰ ਮਿਲੇਗੀ ਜੋ ਅੰਦਰੋਂ-ਬਾਹਰੋਂ ਇੱਕ ਹੋਣਗੇ। ਅੰਦਰੋਂ-ਬਾਹਰੋਂ ਉਹ ਹੀ ਇੱਕ ਹੋਣਗੇ ਜਿਨ੍ਹਾਂ ਦਾ ਮਨ ਪਵਿੱਤ੍ਰ ਹੋਵੇਗਾ। ਮਨ ਪਵਿੱਤ੍ਰ ਦੀ ਨਿਸ਼ਾਨੀ ਸਤਿਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਵੀਹਵੀਂ ਪਉੜੀ ਅੰਦਰ ਕੀਤੀ ਹੈ। ਆਪ ਫੁਰਮਾਨ ਕਰਦੇ ਹਨ ਕਿ

੧.ਪਾਤਸ਼ਾਹੀ ੧੦, ਚੌਪਈ ੨.ਵਾਰ ਭਾਈ ਬਲਵੰਡ, ਸਤਾ, ਅੰਗ:੯੬੧

ਪਵਿੱਤਰ ਹਿਰਦੇ ਵਾਲੇ ਮਨੁੱਖ ਆਪਣੇ ਮਨ ਦੇ ਪਿੱਛੇ ਨਹੀਂ ਲੱਗਦੇ ਉਹ ਕੇਵਲ ਉਹ ਕਾਰ ਹੀ ਕਰਦੇ ਹਨ ਜਿਹੜੀ ਗੁਰੂ ਨੂੰ ਚੰਗੀ ਲਗਦੀ ਹੈ। ਝੂਠ ਦਾ ਸੰਕਲਪ ਮਾਤ੍ਰ ਵੀ ਉਹਨਾਂ ਦੇ ਹਿਰਦੇ ਵਿੱਚ ਨਹੀਂ ਉੱਠਦਾ। ਪਵਿੱਤਰ ਹਿਰਦੇ ਵਾਲਿਆਂ ਦੀਆਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਐਸੇ ਗੁਰੂ ਪਿਆਰਿਆਂ ਨੇ ਮਨੁੱਖਾ ਜਨਮ ਦਾ ਲਾਹਾ ਪ੍ਰਾਪਤ ਕਰਕੇ, ਆਪਣੇ ਮਨੁੱਖਾ ਜਨਮ ਨੂੰ ਸਫਲਾ ਕਰ ਲਿਆ ਹੈ। ਸਾਹਿਬਾਂ ਦਾ ਫੁਰਮਾਨ ਹੈ ਜਿਨ੍ਹਾਂ ਨੇ ਆਪਣੇ ਮਨ ਨੂੰ ਪਵਿੱਤਰ ਕਰ ਲਿਆ ਹੈ, ਉਹ ਸਦਾ ਗੁਰੂ ਨਾਲ ਜੁੜੇ ਰਹਿੰਦੇ ਹਨ:-

**ਜੀਅਹੁ ਨਿਰਮਲ ਬਾਹਰਹੁ ਨਿਰਮਲ॥**
**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥**
**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥**
**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥**
**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥**

ਰਾਮਕਲੀ ਮ:੩ ਅਨੰਦੁ (ਪੰਨਾ:੯੧੯)

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਨੂੰ ਆਪਣੇ ਮਨ ਨੂੰ ਪਰਖਣ ਵਾਸਤੇ ਉੱਪਰ ਲਿਖੇ ਸ਼ਬਦ ਵਿੱਚ ਜੋ ਕਸਵੱਟੀ ਦਿੱਤੀ ਹੈ, ਆਪਣੇ ਮਨ ਉੱਤੇ ਵੀ ਲਾ ਕੇ ਵੇਖੀਏ। ਜੇ ਤਾਂ ਸਾਡਾ ਮਨ ਗੁਰੂ ਦੀ ਸ਼ਰਣ ਵਿੱਚ ਆ ਕੇ ਗੁਰੂ ਚਾਲੀ ਦਾ ਧਾਰਨੀ ਬਣ ਗਿਆ ਹੈ। ਝੂਠ ਦਾ ਸੰਕਲਪ ਮਾਤਰ ਫੁਰਨਾ ਵੀ ਮਨ ਵਿੱਚ ਨਹੀਂ ਫੁਰਦਾ। ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ ਹਨ। ਮਨ ਸਦਾ ਗੁਰੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ, ਸਮਝੋ ਸਾਡਾ ਮਨ ਪਵਿੱਤਰ ਹੋ ਗਿਆ ਹੈ।

ਜੇ ਅਜੇ ਮਨ ਵਿੱਚ ਵਾਸ਼ਨਾ ਦੇ ਤਰੰਗ ਉੱਠਦੇ ਹਨ। ਗੁਰੂ ਦੀ ਦੱਸੀ ਕਾਰ ਕਰਨੀ ਨਹੀਂ ਅਰੰਭੀ, ਅਜੇ ਮਨ ਦੇ ਪਿੱਛੇ ਲੱਗ ਕੇ ਹੀ ਚਲਦੇ ਹਾਂ। ਕੂੜ ਦੀ ਸੋਅ ਅਜੇ ਹਿਰਦੇ ਵਿੱਚ ਫੇਰਾ ਮਾਰਦੀ ਹੈ। ਗੁਰੂ ਦੇ ਨਾਲ ਹਮੇਸ਼ਾ ਮਨ ਜੁੜਿਆ ਨਹੀਂ ਰਹਿੰਦਾ, ਸਮਝ ਲੈਣਾ ਚਾਹੀਦਾ ਹੈ ਕਿ ਅਜੇ ਮਨ ਪਵਿੱਤਰ ਨਹੀਂ ਹੋਇਆ। ਜੇ ਐਵੇ ਖੁਸ਼ ਫਹਿਮੀ ਵਿੱਚ ਪਵਿੱਤਰ ਹੋਇਆ ਸਮਝਦੇ ਹਾਂ, ਸਮਝੋ ਅਸੀਂ ਆਪਣੇ ਆਪ ਨਾਲ ਧੋਖਾ ਕਰ ਰਹੇ ਹਾਂ। ਪਵਿੱਤਰ ਮਨ ਵਾਲਾ ਮਨੁੱਖ ਤਾਂ ਪ੍ਰਭੂ ਨੂੰ ਚੰਗਾ ਲੱਗਣ ਲੱਗ ਜਾਂਦਾ ਹੈ:-

**ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥**

ਸੂਹੀ ਮ:੧ (ਪੰਨਾ:੭੩੦)

ਪਵਿੱਤ੍ਰ ਹਿਰਦੇ ਵਾਲਾ ਗੁਰੂ ਨਾਲ ਵਲ-ਛਲ ਨਹੀਂ ਕਰਦਾ।

# ੨੬
# ਪਾਖੰਡ ਦਾ ਪਾਜ ਉਘੇੜਨ ਵਾਲੀ ਧਰਤ ਅਨੰਦਪੁਰ ਦੀ

ਜੇ ਕੋਈ ਮਨੁੱਖ, ਗੁਰੂ ਨੂੰ ਅਲਪੱਗ ਜਾਣ ਕੇ ਗੁਰੂ ਨਾਲ ਧੋਖਾ ਕਰਨਾ ਚਾਹੇ ਤਾਂ ਉਹ ਖੁਦ ਅਲਪੱਗ ਬੁੱਧੀ ਵਾਲਾ ਆਪਣੇ ਆਪ ਨੂੰ ਧੋਖਾ ਦੇ ਕੇ ਆਪਣਾ ਹੀ ਨੁਕਸਾਨ ਕਰਦਾ ਹੈ।

ਅਨੰਦਪੁਰ ਦੀ ਧਰਤੀ ਤੇ ਇੱਕ ਵਾਰੀ ਸੰਨਿਆਸੀ ਮੱਤ ਨਾਲ ਸਬੰਧ ਰੱਖਣ ਵਾਲੇ ਜੋਗੀਆਂ ਦੀ ਜਮਾਤ ਆਈ। ਸਤਿਗੁਰਾਂ ਨੂੰ ਨਮਸਕਾਰ ਕਰ, ਸਤਿਗੁਰਾਂ ਦੇ ਸਨਮੁੱਖ ਬੈਠ ਆਪਣੇ ਅਤੀਤਪੁਣੇ ਦੀ ਵਡਿਆਈ ਉਨ੍ਹਾਂ ਸਨਿਆਸੀਆਂ ਨੇ ਸਤਿਗੁਰਾਂ ਨੂੰ ਦਰਸਾਉਣੀ ਸ਼ੁਰੂ ਕੀਤੀ ਕਿ ਅਸੀਂ ਕੇਵਲ ਪਰਮਾਤਮਾਂ ਨੇ ਸਰੀਰ, ਜੋ ਕਿ ਮਾਇਆ ਦਾ ਪੁਤਲਾ ਹੈ ਇਸ ਤੋਂ ਸਿਵਾ ਅਸੀਂ ਸਥੂਲ ਮਾਇਆ ਨੂੰ ਹੱਥ ਤੱਕ ਨਹੀਂ ਲਾਉਂਦੇ। ਗਰਮੀਂ-ਸਰਦੀ ਦਾ ਸਮਾਂ ਆ ਬਣੇ ਤਾਂ ਕਿਸੇ ਰੱਬ ਪਿਆਰੇ ਅੱਗੇ ਬਿਰਥਾ ਆਖ ਦੇਈਦੀ ਹੈ; ਪਰਮਾਤਮਾਂ ਉਸ ਦੇ ਮਨ ਵਸ ਕੇ ਸਾਡੀ ਲੋੜ ਪੂਰੀ ਕਰ ਦਿੰਦਾ ਹੈ ਤੇ ਨਾਲ ਹੀ ਇਹ ਸਵਾਲ ਰੱਖ ਦਿੱਤਾ ਕਿ ਪਾਤਸ਼ਾਹ! ਤੁਹਾਡੇ ਪਾਸ ਮਾਇਆ ਦੇ ਭੰਡਾਰ ਭਰੇ ਪਏ ਹਨ, ਸਿਆਲ ਉੱਪਰੋਂ ਆ ਰਿਹਾ ਹੈ, ਸਾਨੂੰ ਗਰਮ ਬਸਤ੍ਰਾਂ ਦੀ ਲੋੜ ਹੈ। ਹੁਣ ਪਰਮਾਤਮਾਂ ਸਾਨੂੰ ਪ੍ਰੇਰ ਕੇ ਤੁਹਾਡੇ ਪਾਸ ਲੈ ਆਇਆ ਹੈ, ਤੁਸੀਂ ਸਾਡੇ ਤੇ ਕ੍ਰਿਪਾ ਕਰ ਕੇ ਸਾਡੀ ਇਹ ਜਰੂਰਤ ਪੂਰੀ ਕਰੋ। ਸਤਿਗੁਰੂ ਜੀ ਮੁਸਕ੍ਰਾਏ ਤੇ ਸਨਿਆਸੀਆਂ ਨੂੰ ਹੁਕਮ ਕੀਤਾ ਕਿ ਤੁਸੀਂ ਆਪਣੀਆਂ ਪੋਥੀਆਂ, ਤੂੰਬੇ, ਕੁਠਾਰੀਆਂ, ਚਿੱਪੀਆਂ, ਪਿਆਲੇ ਆਦਿਕ ਸਾਰਾ ਸਮਾਨ ਇੱਕ ਥਾਂ ਰੱਖ ਦੇਵੋ ਤੇ ਲੰਗਰ ਛਕੋ। ਸਤਿਗੁਰੂ ਜੀ ਦਾ ਬਚਨ ਮੰਨ ਕੇ ਸੰਨਿਆਸੀ ਲੰਗਰ ਛਕਣ ਲਈ ਪੰਗਤ ਵਿੱਚ ਬੈਠ ਗਏ। ਇਧਰ ਸਤਿਗੁਰੂ ਜੀ ਨੇ ਇਨ੍ਹਾਂ ਦਾ ਪੋਲ ਖੋਹਲਣ ਲਈ ਕੁਝ ਸਿੰਘਾਂ ਨੂੰ ਆਪਣੇ ਪਾਸ ਸੱਦਿਆ ਤੇ ਹੁਕਮ ਕੀਤਾ ਕਿ ਇਨ੍ਹਾਂ ਦੀਆਂ ਪੋਥੀਆਂ ਖੋਹਲ ਕੇ ਵੇਖੋ ਤੇ ਜਿੰਨੀਂ ਮਾਇਆ ਨਿਕਲੇ ਉਸੇ ਪੋਥੀ ਵਿੱਚ ਰੱਖੀ ਜਾਣੀ ਹੈ ਤੇ ਦੂਸਰੇ ਸਿੱਖਾਂ ਨੂੰ ਕਿਹਾ ਕਿ ਤੁਸੀਂ ਕੋਲੇ ਲਿਆਉ ਤੇ ਇਨ੍ਹਾਂ ਦੀਆਂ ਚਿੱਪੀਆਂ, ਕੁਠਾਰੀਆਂ, ਤੂਬਿਆਂ ਹੇਠ ਜਾਂ ਅੰਦਰ ਜੋ ਰਾਲ[੧] ਲੱਗੀ ਹੈ, ਉਸ ਨੂੰ ਗਰਮ ਕਰਕੇ ਵੇਖੋ, ਵਿੱਚੋਂ ਕੀ ਕੁਝ ਨਿਕਲਦਾ ਹੈ? ਸਚਮੁੱਚ ਜਦੋਂ ਸਿੱਖਾਂ ਨੇ

੧. ਸ਼ਾਲ ਬ੍ਰਿਛ ਦਾ ਗੂੰਦ

ਸਨਿਆਸੀਆਂ ਦੀਆਂ ਪੋਥੀਆਂ ਖੋਹਲੀਆਂ ਤਾਂ ਪੋਥੀਆਂ ਦੇ ਬਾਹਰਲੇ ਕੱਪੜਿਆਂ 'ਚੋਂ ਮੋਹਰਾਂ ਬਰਾਮਦ ਹੋਈਆਂ। ਜਦੋਂ ਤੂੰਬਿਆਂ, ਚਿੱਪੀਆਂ ਦੀ ਰਾਲ ਗਰਮ ਕਰਕੇ ਉਤਾਰੀ ਤਾਂ ਉਨ੍ਹਾਂ ਵਿੱਚੋਂ ਵੀ ਮੋਹਰਾਂ ਤੇ ਰੁਪਏ ਨਿਕਲੇ। ਜਦੋਂ ਸੰਨਿਆਸੀ ਸਤਿਗੁਰਾਂ ਦੇ ਚਰਨਾਂ ਵਿੱਚ ਵਾਪਸ ਆਏ ਤਾਂ ਆਪਣਾ ਪਾਜ ਉੱਘੜ ਜਾਣ ਤੇ ਬੜੇ ਸ਼ਰਮਿੰਦੇ ਹੋਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਤੁਸੀਂ ਤਾਂ ਆਪਣੇ ਆਪ ਨੂੰ ਅਤੀਤ ਪ੍ਰਗਟ ਕਰਦੇ ਸੀ ਤੇ ਕਹਿੰਦੇ ਸੀ ਕਿ ਅਸੀਂ ਕਦੇ ਮਾਇਆ ਨੂੰ ਹੱਥ ਤੱਕ ਨਹੀਂ ਲਾਇਆ। ਇਹ ਮੋਹਰਾਂ ਤੇ ਰੁਪਏ ਕਿਸ ਵਾਸਤੇ ਰੱਖੇ ਹੋਏ ਹਨ? ਜੇ ਸਰਦੀ ਲਗਦੀ ਹੈ ਤਾਂ ਇਨ੍ਹਾਂ ਪੈਸਿਆਂ ਦੀਆਂ ਲੋਈਆਂ ਤੇ ਗਰਮ ਕੱਪੜੇ ਆਦਿਕ ਲੈ, ਤਨ ਢੱਕੋ। ਤੁਸੀਂ ਆਪਣੇ ਆਪ ਨੂੰ ਮਾਇਆ ਤੋਂ ਅਤੀਤ ਦਰਸਾ ਕੇ ਲੋਕਾਂ ਅੱਗੇ ਹੱਥ ਅੱਡ ਕੇ ਮੰਗਤੇ ਬਣ ਮੰਗਦੇ ਹੋ, ਜੋ ਇੱਕ ਸਾਧੂ ਨੂੰ ਸੋਭਦਾ ਨਹੀਂ; ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ:-

**ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥**

ਮ: ੧, ਅੰਗ: ੧੨੪੫

ਜੋ ਮਨੁੱਖ ਕਿਸੇ ਦੇ ਅੱਗੇ ਹੱਥ ਅੱਡ ਕੇ ਮੰਗਦਾ ਹੈ, ਅਜਿਹੇ ਮੰਗਤੇ ਨੂੰ ਥਾਂ-ਥਾਂ ਤੋਂ ਫਿਟਕਾਰਾਂ ਹੀ ਮਿਲਦੀਆਂ ਹਨ। ਮੰਗਣ ਵਾਲੇ ਨੂੰ ਨਾ ਸੰਸਾਰ ਵਿੱਚ ਨਾ ਪ੍ਰਭੂ ਦਰਗਾਹ ਵਿੱਚ ਕੋਈ ਮਾਣ-ਸਤਿਕਾਰ ਮਿਲਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ:-

**ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥**

ਰਾਮਕਲੀ ਮ:੧, ੮੭੮

ਜਿਸ ਦੇ ਪਾਸ ਬਿਲਕੁਲ ਕੁਝ ਨਾ ਹੋਵੇ ਉਹ ਤਾਂ ਮੰਗੇ; ਤੁਸੀਂ ਮੋਹਰਾਂ, ਰੁਪਏ ਕੋਲ ਹੁੰਦੇ ਹੋਏ ਥਾਂ-ਥਾਂ ਤੇ ਜਾ ਕੇ ਹੱਥ ਅੱਡ ਕੇ ਫ਼ਕੀਰ ਪੁਣੇ ਨੂੰ ਦਾਗੀ ਕਰਦੇ ਹੋ। ਤੁਸੀਂ ਦੱਸੋ ਇਹ ਮੋਹਰਾਂ ਰੁਪਏ ਜੋ ਤੁਸੀਂ ਪੋਥੀਆਂ ਵਿੱਚ ਚਿੱਪੀਆਂ ਅਤੇ ਕੁਠਾਰੀਆਂ ਨੂੰ ਲਾਖ ਤੇ ਰਾਲ ਲਾ ਕੇ ਛੁਪਾ ਰੱਖੀਆਂ ਹਨ, ਇਹ ਕੀ ਕਰਨੀਆਂ ਹਨ? ਨਾ ਤੁਹਾਡੀ ਰੰਨ, ਨਾ ਕੰਨ, ਨਾ ਧੀਆਂ, ਨਾ ਪੁੱਤਰ, ਤੁਸੀਂ ਤਾਂ ਗ੍ਰਹਿਸਤੀਆਂ ਨੂੰ ਵੀ ਮਾਤ ਪਾਉਂਦੇ ਹੋ। ਸਤਿਗੁਰੂ ਜੀ ਦੀਆਂ ਝਾੜਾਂ ਸੁਣ ਕੇ ਸਾਰਿਆਂ ਸਨਿਆਸੀਆਂ ਨੇ ਮੁਆਫ਼ੀਆਂ ਮੰਗੀਆਂ ਤੇ ਅੱਗੇ ਤੋਂ ਅਜਿਹਾ ਪਖੰਡ ਕਰਨ ਤੋਂ ਤੋਬਾ ਕੀਤੀ।

ਇਸੇ ਹੀ ਸਾਲ, ਸਿਆਲ ਦੇ ਦਿਨ ਸਨ, ਇੱਕ ਫ਼ਕੀਰ ਜਿਸ ਨੇ ਕਲੰਦਰ ਨੁਮਾ ਸਿਰ ਤੇ ਟੋਪੀ ਪਾਈ ਸੀ ਤੇ ਹੱਥ ਵਿੱਚ ਲਹਿਲਹਾਉਂਦੇ ਫੁਲਾਂ ਦੀ ਚੰਗੇਰ[1] ਫੜੀ ਹੋਈ ਸੀ, ਸਤਿਗੁਰੂ ਜੀ ਦੇ ਦਰਬਾਰ ਵਿੱਚ ਆਇਆ। ਫੁਲਾਂ ਦੀ ਚੰਗੇਰ

੧. ਪਟਾਰੀ, ਟੋਕਰੀ

ਸਤਿਗੁਰੂ ਜੀ ਅੱਗੇ ਰੱਖੀ ਤੇ ਸਾਹਿਬਾਂ ਦੇ ਚਰਨਾਂ ਉੱਪਰ ਨਮਸਕਾਰ ਕਰ ਸਤਿਗੁਰਾਂ ਦੇ ਸਨਮੁੱਖ ਖਲੋ ਗਿਆ। ਸਤਿਗੁਰੂ ਜੀ ਨੇ ਪੁੱਛਿਆ ਤੂੰ ਕੌਣ ਹੈਂ? ਫ਼ਕੀਰ ਬੋਲਿਆ ਮੈਂ ਰੋਡਾ ਜਲਾਲੀ, ਦੂਰ ਤੋਂ ਦਰਸ਼ਨਾ ਨੂੰ ਆਇਆ ਹਾਂ। ਸਤਿਗੁਰੂ ਜੀ ਬੋਲੇ ਰੋਡਾ ਜਲਾਲੀ ਕਿ ਰੋਡਾ ਪਲਾਲੀ? ਫ਼ਕੀਰ ਕਹਿਣ ਲੱਗਾ, ਨਾ ਪਾਤਸ਼ਾਹ! ਰੋਡਾ ਜਲਾਲੀ। ਸਤਿਗੁਰੂ ਕਹਿਣ ਲੱਗੇ, ਜੇ ਤੂੰ ਜਲਾਲੀ ਸੀ ਤਾਂ ਸਾਡੇ ਲਈ ਕੋਈ ਨਿੱਗਰ ਸ਼ੈ ਕਿਉ ਨਹੀਂ ਲਿਆਇਆਂ?

ਰੋਡੇ ਨੇ ਉੱਤਰ ਦਿੱਤਾ, ਪਾਤਸ਼ਾਹ!

**ਭਜੇ ਘੜੇ ਨੀਰ ਨਹੀਂ ਟਿਕਦਾ ਨੰਗਾਂ ਪਾਸ ਨਾ ਟਿਕਦਾ ਮਾਲ॥**
**ਮਾਲ ਬਿਨਾਂ ਕੀ ਨੰਗ ਲਿਆਵਣ ਖਾਲੀ ਹੱਥ ਸਦਾ ਕੰਗਾਲ॥**

ਸਤਿਗੁਰੂ ਕਲਗੀਧਰ ਜੀ ਕਹਿਣ ਲੱਗੇ ਜੇ ਪਾਸ ਕੁਝ ਨਹੀਂ ਸੀ ਤਾਂ ਖਾਲੀ ਹੱਥੀਂ ਆ ਜਾਣਾ ਸੀ। ਫ਼ਕੀਰਾਂ ਦੇ ਖਾਲੀ ਹੱਥ ਸੁਹਣੇ ਲਗਦੇ ਹਨ। ਫ਼ਕੀਰ ਨੇ ਉੱਤਰ ਦਿੱਤਾ, 'ਓ ਜਲਾਲਿ ਹੂ ਦਸਤੇ ਖਾਲੀ ਰੁਸਵਾ' (ਭਾਵ ਓ ਅੱਲਾ ਦੇ ਨੂਰ! ਅੱਲਾ ਦੇ ਨੂਰ ਕੋਲ ਆਉਣਾ ਹੋਵੇ ਤਾਂ ਖਾਲੀ ਹੱਥ ਨਹੀਂ ਆਈਦਾ।) ਸਤਿਗੁਰਾਂ ਉੱਤਰ ਦਿੱਤਾ, "ਓ ਮਦਾਰ! ਦਿਲੇ ਖਾਲੀ ਰੁਸਵਾ ਅਸਤ" (ਹੇ ਮਦਾਰ! ਸ਼ਰਮਿੰਦਗੀ ਦਿਲ ਖਾਲੀ ਹੋਣ ਨਾਲ ਹੁੰਦੀ ਹੈ) ਇਥੇ ਹੱਥਾਂ ਦੀ ਕਹਾਣੀ ਨਹੀਂ, ਪ੍ਰੇਮ ਦੀ ਖੇਡ ਹੈ, ਕਹਿੰਦਿਆਂ ਆਪਣੇ ਨੈਣ ਮੁੰਦ ਲਏ। ਕੁਝ ਸਮੇਂ ਤੋਂ ਬਾਅਦ ਸਤਿਗੁਰੂ ਜੀ ਨੇ ਰੋਡੇ ਨੂੰ ਕਿਹਾ, ਓ ਪਲਾਲੀਆ! ਤੂੰ ਫੁੱਲ ਨਹੀਂ ਤੋੜੇ, ਤੂੰ ਦੋ ਦਿਲ ਤੋੜੇ ਹਨ; ਤੂੰ ਦੋ ਦਿਲ ਨਹੀਂ ਤੋੜੇ, ਤੂੰ ਦੋ ਜਿਊਂਦੀਆਂ ਰੂਹਾਂ ਤੋੜ ਦਿੱਤੀਆਂ। ਇੰਨੇਂ ਬਚਨ ਕਹਿ ਕੇ ਸਤਿਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸੈਨਤ ਕੀਤੀ ਕਿ ਹੱਥ ਮਾਰ ਕੇ ਇਸ ਪਲਾਲੀ ਦੀ ਟੋਪੀ ਉਤਾਰ ਦਿਉ। ਭਾਈ ਮਨੀ ਸਿੰਘ ਜੀ ਨੇ ਉਸ ਰੋਡੇ ਦੀ ਟੋਪੀ ਨੂੰ ਹੱਥ ਮਾਰ ਕੇ ਲਾਹ ਦਿੱਤਾ ਤੇ ਉਸ ਦੀ ਟੋਪੀ ਵਿੱਚੋਂ ਛਣਨ-ਛਣਨ ਕਰਦੀਆਂ ਪੰਜ ਸੱਤ ਮੋਹਰਾਂ ਤੇ ਰੁਪਏ ਧਰਤੀ ਤੇ ਖਿਲਰ ਗਏ। ਸਤਿਗੁਰਾਂ ਦਾ ਇਹ ਕੌਤਕ ਵੇਖ ਕੇ ਸਾਰੀ ਸੰਗਤ ਹੱਸ ਪਈ ਤੇ ਰੋਡੇ ਜਲਾਲੀ ਦਾ ਮੂੰਹ ਪੀਲਾ ਪੈ ਗਿਆ ਤੇ ਸ਼ਰਮਿੰਦਗੀ ਨਾਲ ਪਾਣੀਓਂ ਪਤਲਾ ਹੋ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਸਤਿਗੁਰੂ ਜੀ ਨੇ ਬਚਨ ਕੀਤਾ ਰੋਡੇ! ਤੂੰ ਰੱਬ ਦੇ ਜਲਾਲ ਵਾਲਾ ਰੋਡਾ ਜਾਂ ਸੋਨੇ ਦੇ ਜਲਾਲ ਵਾਲਾ ਰੋਡਾ? ਰੋਡਾ ਜਲਾਲੀ ਚੁੱਪ ਸੀ। ਸਤਿਗੁਰੂ ਜੀ ਕਹਿਣ ਲੱਗੇ, ਇਨ੍ਹਾਂ ਫੁੱਲਾਂ ਵਿੱਚੋਂ ਖੁਸ਼ਬੂ ਨਹੀਂ ਆਉਂਦੀ, ਸਗੋਂ ਸਹਿਮ ਦੀ ਤੇ ਗਮ ਦੀ ਫਰਿਆਦ ਸੁਣਾਈ ਦਿੰਦੀ ਹੈ। ਇਹ ਬੇਜਾਨ, ਕਿਸੇ ਪਿਆਰੇ ਦੇ ਪਿਆਰ ਨੂੰ ਵਲੂੰਧਰਨ ਦੀਆਂ ਆਹਾਂ ਮਾਰਦੇ ਹਨ। ਤੂੰ ਪੁੰਨ ਨਹੀਂ ਮਹਾਂ ਪਾਪ ਖੱਟਿਆ ਹੈ। ਰੋਡਾ ਤਾਂ ਸ਼ਰਮਿੰਦਗੀ ਦਾ ਮਾਰਾ ਉਥੇ ਖੜਾ ਰਿਹਾ। ਸਤਿਗੁਰੂ ਕਲਗੀਧਰ ਜੀ

ਉਸ ਜਗ੍ਹਾ ਪੁੱਜੇ ਜਿੱਥੇ 'ਸੋਹਿਨਾ ਤੇ ਮੋਹਿਨਾ[੧]' ਇਸਤ੍ਰੀ-ਭਰਤਾ ਨੇ ਸਤਿਗੁਰੂ ਜੀ ਦੇ ਪ੍ਰਕਾਸ਼ ਉਤਸਵ ਮੌਕੇ ਭੇਟ ਕਰਨ ਲਈ, ਪੀਲਾ ਗੇਂਦਾ ਤੇ ਗਲਦੌਂਦੀਆਂ ਉਗਾਈਆਂ ਸਨ ਉਨ੍ਹਾਂ ਦੀ ਬਰਬਾਦੀ ਹੋਈ ਤੱਕ ਕੇ ਸਦਮੇਂ ਵਿੱਚ ਪੈ ਬੇਹੋਸ਼ੀ ਦੀ ਹਾਲਤ ਵਿੱਚ ਪਏ ਸਨ। ਸਤਿਗੁਰੂ ਜੀ ਨੇ ਦੋਵਾਂ ਨੂੰ ਹੋਸ਼ ਵਿੱਚ ਲਿਆ ਕੇ ਉਨ੍ਹਾਂ ਨੂੰ ਸਾਵਧਾਨ ਕੀਤਾ ਅਤੇ ਦੋਵਾਂ ਨੂੰ ਨਦਰੀਂ ਨਦਰ ਨਿਹਾਲ ਕਰ ਉਨ੍ਹਾਂ ਦੀ ਸੇਵਾ ਥਾਂ ਪਾ ਕੇ ਉਨ੍ਹਾਂ ਦਾ ਲੋਕ ਪ੍ਰਲੋਕ ਸਵਾਰਿਆ। ਹੋਸ਼ ਪਰਤਣ ਤੇ ਸੋਹਿਨਾ ਤੇ ਮੋਹਿਨਾ ਨੂੰ ਰੋਡੇ ਜਲਾਲੀ ਦੀ ਕਰਤੂਤ ਦਾ ਪਤਾ ਲੱਗਾ ਅਤੇ ਇਹ ਸੋਅ ਵੀ ਕੰਨੀ ਪਈ ਕਿ ਰੋਡੇ ਜਲਾਲੀ ਨੂੰ ਸਿੱਖਾਂ ਨੇ ਡੱਕਿਆ ਹੋਇਆ ਹੈ। ਪਰਉਪਕਾਰੀ ਸਿੱਖ ਸਿੱਖਣੀ ਨੇ ਸਾਹਿਬਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ, ਪਾਤਸ਼ਾਹ! ਜਿੱਥੇ ਆਪ ਜੀ ਨੇ ਸਾਡੇ ਤੇ ਮਿਹਰਾਂ ਕੀਤੀਆਂ ਹਨ, ਉਥੇ ਕਿਰਪਾ ਕਰੋ, ਰੋਡੇ ਜਲਾਲੀ ਨੂੰ ਵੀ ਬਖਸ਼ ਦੇਵੋ, ਅਸੀਂ ਸੰਸਾਰੀ ਜੀਵ ਭੁੱਲ ਦੇ ਪੁਤਲੇ ਹਾਂ। ਅਸੀਂ ਖਿਨ-ਖਿਨ ਔਗੁਣ ਕਰਦੇ ਹਾਂ, ਸਾਡੀਆਂ ਭੁੱਲਾਂ ਅਤੇ ਅਉਗਣਾਂ ਲਈ ਇੱਕ ਤੇਰੀ ਰਹਿਮਤ ਦ੍ਰਿਸ਼ਟੀ ਤੇ ਤੇਰਾ ਨਾਮ ਹੀ ਦਾਰੂ ਹਨ ਸੋ ਕ੍ਰਿਪਾ ਕਰੋ ਰੋਡੇ ਨੂੰ ਬਖਸ਼ਿਸ਼ ਕਰਕੇ ਤਾਰ ਦੇਵੋ।

ਸਤਿਗੁਰੂ ਜੀ ਨੇ ਸੋਹਿਨਾ ਮੋਹਿਨਾ ਦੀ ਇਹ ਖਿਮਾ ਦ੍ਰਿਸ਼ਟੀ ਤੇ ਕੋਮਲਤਾ ਵੇਖ ਕੇ ਰੋਡੇ ਨੂੰ ਸੱਦ ਕੇ ਅਸ਼ੀਰਵਾਦ ਦਿੱਤੀ। ਕੰਡ ਤੇ ਹੱਥ ਫੇਰਿਆ, ਜੋ ਅੰਦਰ ਕਮੀਂ ਸੀ ਗੁਰੂ ਰਹਿਮਤ ਨਾਲ ਦੂਰ ਹੋ ਗਈ ਤੇ ਸਤਿਗੁਰਾਂ ਰੋਡੇ ਨੂੰ ਸੰਬੋਧਨ ਕਰਕੇ ਕਿਹਾ, ਰੋਡੇ ਜਲਾਲੀ! ਤਕੜਾ ਹੋ, ਜੁੜ ਜਾਹ "ਹੁਸਨਾਂ ਦੇ ਜਲਾਲ" ਨਾਲ ਤੇ ਟੁੱਟਿਆਂ ਹੋਇਆਂ ਨੂੰ ਜੋੜ "ਹੁਸਨਲ ਜਮਾਲ" ਨਾਲ। ਰੋਡਾ ਅਸਲੀ ਰੂਪ ਵਿੱਚ ਗੁਰੂ ਮਿਹਰ ਨਾਲ ਜਲਾਲ ਵਾਲਾ ਹੋ ਗਿਆ। ਨਾਮ ਦੀ ਰੌਂ ਅੰਦਰ ਚਲ ਪਈ, ਮੁਲੰਮਾਂ, ਪਾਜ, ਛਲ, ਕਪਟ, ਗੁਰੂ ਮਿਹਰ ਦਾ ਹੱਥ ਕੰਡ ਤੇ ਫਿਰਨ ਨਾਲ ਅੰਦਰੋਂ ਨਿਕਲ ਗਿਆ। ਇਹ ਗੁਰੂ ਦਰ ਹੀ ਇੱਕ ਐਸਾ ਹੈ ਜੋ ਬੁਰਾ ਕਰਨ ਵਾਲਿਆਂ ਨਾਲ ਵੀ ਨੇਕੀ ਕਰਕੇ ਉਨ੍ਹਾਂ ਦਾ ਲੋਕ ਪ੍ਰਲੋਕ ਸਵਾਰ ਦਿੰਦਾ ਹੈ:-

**ਬੁਰੇ ਨਾਲ ਬੁਰਿਆਈ ਕਰਨੀ ਮਾਫ਼ ਕਰਨ ਕਈ ਸਿਆਣੇ॥**

੧.ਰਾਏਪੁਰ ਦੇ ਰਹਿਣ ਵਾਲੇ ਪ੍ਰਭੂ ਦਰਸ਼ਨ ਦੀ ਸਿੱਕ ਵਿੱਚ ਪ੍ਰੋਤੇ ਅਮੀਰੀ ਠਾਠ ਛੱਡ ਅਨੰਦਪੁਰ ਆ ਗਏ। ਸੋਹਿਨਾ ਤੇ ਮੋਹਿਨਾ ਦੋਵੇਂ ਇਸਤ੍ਰੀ-ਭਰਤਾ ਨੇ ਸਤਿਗੁਰੂ ਕਲਗੀਧਰ ਜੀ ਦੇ ਪੋਹ ਸੁਦੀ ਸਤਵੀਂ ਦੇ ਅਵਤਾਰ ਪੁਰਬ ਹਿੱਤ ਭਰ ਸਿਆਲ ਵਿੱਚ ਸ਼ੀਸ਼ਿਆਂ ਦੇ ਕੈਬਨ ਬਣਾ, ਉੱਪਰ ਪਰਾਲੀ ਪਾ, ਕੋਰੇ ਤੋਂ ਬਚਾ ਕੇ, ਗਲਦੋਦੀਆਂ ਤੇ ਪੀਲੇ ਗੈਂਦੇ ਦੇ ਬੇਮੌਸਮੇ ਫੁੱਲ ਬੜੀ ਰੀਝ ਨਾਲ ਮਾਤਾ ਜੀਤੋ ਜੀ ਨੂੰ ਹਾਰ ਬਣਾ ਕੇ ਦੇਣ ਅਤੇ ਕਲਗੀਧਰ ਜੀ ਨੂੰ ਪੇਸ਼ ਕਰਨ ਵਾਸਤੇ ਉਗਾਏ ਸਨ। ਜੋ ਭਰ ਜੋਬਨ ਤੇ ਹੋ ਗਏ ਸਨ। ਇਨ੍ਹਾਂ ਫੁੱਲਾਂ ਨੂੰ ਚੋਰੀਂ ਰਾਤ ਨੂੰ ਰੋਡੇ ਜਲਾਲੀ ਨੇ ਬੜੀ ਬੇਦਰਦੀ ਨਾਲ ਖਿੱਚ-ਧੂ ਕਰ ਤੋੜ ਕੇ ਫੁਲਾਂ ਦੀ ਪਟਾਰੀ ਭਰ ਲਈ, ਜੋ ਸਤਿਗੁਰਾਂ ਦੇ ਭੇਟ ਕੀਤੀ। ਜਿਸ ਨੂੰ ਸਤਿਗੁਰੂ ਜੀ ਨੇ ਕਬੂਲ ਨਹੀਂ ਕੀਤਾ। ਇਧਰ ਜਦੋਂ ਸੋਹਿਨਾ ਅਤੇ ਮੋਹਿਨਾ ਨੇ ਵਾੜੀ ਵਿਰਾਨ ਵੇਖੀ ਤਦ ਗਸ਼ ਖਾ ਕੇ ਡਿੱਗ ਪਏ ਤੇ ਬੇਹੋਸ਼ ਹੋ ਗਏ। ਸੋਹਿਨਾ ਅਤੇ ਮੋਹਿਨਾ ਦੇ ਪਿਆਰ ਅਧੀਨ ਕਲਗੀਧਰ ਜੀ ਨੇ ਉਨ੍ਹਾਂ ਦੀ ਬਗੀਚੀ ਵਿੱਚ ਆ ਉਨ੍ਹਾਂ ਨੂੰ ਦਰਸ਼ਨ ਦਿੱਤੇ ਤੇ ਨਿਹਾਲ ਕੀਤਾ।

ਬੁਰੇ ਨਾਲ ਫਿਰ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ॥

ਇਨ੍ਹਾਂ ਅਨੰਦਪੁਰ ਸਾਹਿਬ ਜੀ ਦੀ ਧਰਤੀ ਤੇ ਵਰਤੀਆਂ ਘਟਨਾਵਾਂ ਤੋਂ ਦੋ ਸਿਖਿਆਵਾਂ ਸਾਡੇ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਨੂੰ ਹਰ ਗੁਰੂ ਨਾਨਕ ਨਾਮ ਲੇਵਾ ਨੂੰ ਆਪਣੀ ਸਿਮ੍ਰਤੀ ਵਿੱਚ ਦ੍ਰਿੜ ਕਰਕੇ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ। ਪਹਿਲੀ, ਗੁਰੂ ਨੂੰ ਸਰਬ ਸਮਰੱਥ ਦਿਲੋਂ, ਧੁਰ ਅੰਦਰੋਂ ਮੰਨਣਾ ਚਾਹੀਦਾ ਹੈ। ਉਂਝ ਜਿਸ ਵਿੱਚ ਸੋਲਾਂ ਕਲਾ (ਸੋਲਾਂ ਕਿਸਮ ਦੀ ਤਾਕਤ) ਹੋਣ ਉਸ ਨੂੰ ਸੰਪੂਰਣ ਕਿਹਾ ਜਾਂਦਾ ਹੈ ਪਰ "ਆਪ ਨਰਾਇਣ" ਗੁਰੂ ਨਾਨਕ ਦੇਵ ਜੀ ਦੀ ਗੱਦੀ ਤਾਂ ਗਿਣਤੀ ਮਿਣਤੀ ਦੀਆਂ ਸ਼ਕਤੀਆਂ ਤੋਂ ਵੀ ਅਗਾਹ ਹੈ। ਸਤਿਗੁਰਾਂ ਦਾ ਬਚਨ ਹੈ:-

ਸੋਲਹ ਕਲਾ ਸੰਪੂਰਨ ਫਲਿਆ॥ ਅਨਤ ਕਲਾ ਹੋਇ ਠਾਕੁਰੁ ਚੜਿਆ॥

ਮ:੫, ਅੰਗ: ੧੦੮੧

ਸਤਿਗੁਰੂ ਅਰਜਨ ਦੇਵ ਜੀ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ। ਹੇ ਪ੍ਰਾਣੀ! ਸਤਿਗੁਰੂ ਜੀ ਨੂੰ ਆਪਣੇ ਵਰਗਾ ਮਨੁੱਖ ਨਾ ਜਾਣ, ਕਿਉਂਕਿ ਸਤਿਗੁਰੂ ਪਰਮੇਸ਼ਰ ਦਾ ਰੂਪ ਹੈ। ਪ੍ਰਭੂ-ਦਰ ਵਿੱਚ ਉਸ ਨੂੰ ਮਾਣ-ਵਡਿਆਈ ਮਿਲਦੀ ਹੈ, ਜੋ ਆਪਣੀ ਸਿਆਣਪ ਚਤੁਰਾਈ ਛੱਡ ਕੇ ਗੁਰੂ ਨੂੰ ਸਰਬ ਸਮਰੱਥ ਸਮਝ ਕੇ ਮੰਨਦਾ ਅਤੇ ਪੂਜਦਾ ਹੈ। ਆਪ ਦਾ ਬਚਨ ਹੈ:-

ਦੂਜਾ ਨਹੀ ਜਾਨੈ ਕੋਇ ॥ ਸਤਗੁਰੁ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥੨॥
ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥
ਹਰਿ ਕਾ ਨਾਮੁ ਮਾਗੁ ਨਿਧਾਨੁ ॥ਤਾ ਦਰਗਹ ਪਾਵਹਿ ਮਾਨੁ ॥੩॥

ਰਾਮਕਲੀ ਮ: ੫, ਅੰਗ: ੮੯੫

ਅਥਵਾ ਗੁਰੂ ਵਿੱਚ ਤੇ ਪ੍ਰਮੇਸ਼ਰ ਵਿੱਚ ਭੋਰਾ ਜਿੰਨਾਂ ਵੀ ਫਰਕ ਨਹੀਂ:-

ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨਾ ਭਾਈ॥੪॥

ਮ:੪, ਅੰਗ: ੪੪੨

ਅਥਵਾ:- ਗੁਰ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥

ਸਿਰੀਰਾਗ ਮ:੫, ਅੰਗ: ੫੩

ਜਿਵੇਂ ਪਰਮੇਸਰ ਦੀ ਵਡਿਆਈ ਵਰਨਣ ਨਹੀਂ ਕੀਤੀ ਜਾ ਸਕਦੀ, ਤਿਵੇਂ ਸਤਿਗੁਰੂ, ਜੋ ਸੱਚੇ ਵਾਹਿਗੁਰੂ ਦਾ ਰੂਪ ਤੇ ਬਿਬੇਕ ਦਾ ਸਮੁੰਦਰ ਹੈ ਅਤੇ ਸਰਬ ਕਾਲ ਵਿੱਚ ਸੀ, ਹੈ ਅਤੇ ਹੋਵੇਗਾ:-

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥

**ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥**

ਆਸਾ ਮ: ੫, ਅੰਗ: ੩੯੭

ਇਸ ਲਈ ਸਤਿਗੁਰੂ ਨੂੰ ਸਰਬ-ਕਲਾ ਸਮਰੱਥ, ਅੰਤਰਯਾਮੀ ਪਰਮੇਸ਼ਰ ਰੂਪ, ਜਾਣੀ-ਜਾਣ ਸਮਝ ਕੇ ਪੂਰੇ ਗੁਰਦੇਵ ਦਾ ਅਦਬ, ਭੈ ਹਿਰਦੇ ਵਿੱਚ ਧਾਰਨਾ ਲੋੜੀਏ। ਦੂਸਰੇ, ਖਿਮਾ ਬਰਾਬਰ ਹੋਰ ਕੋਈ ਤਪ ਨਹੀਂ। ਜਿਵੇਂ ਸੋਹਿਨਾ ਮੋਹਿਨਾ ਨੇ ਰੋਡੇ ਜਲਾਲੀ ਨੂੰ ਖਿਮਾਂ ਅਧੀਨ ਮੁਆਫ਼ੀ ਦੁਆਈ, ਨਿਰਾ ਮੁਆਫ਼ੀ ਹੀ ਨਹੀਂ ਦੁਆਈ ਸਗੋਂ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ, ਪਾਤਸ਼ਾਹ!

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥** ਮ:੧, ਅੰਗ: ੬੧

ਤੇ:- **ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥**

ਮ:੧, ਅੰਗ: ੧੩੪੪

ਮਨੁੱਖ ਭੁੱਲ ਕਰ ਲੈਂਦਾ ਹੈ ਪਰ ਆਪ ਦਾ ਬਿਰਦ ਬਖਸ਼ਿੰਦ ਹੈ। ਤੁਸੀਂ ਰੋਡੇ ਜਲਾਲੀ ਨੂੰ ਵੀ ਬਖਸ਼ ਦਿਉ ਤੇ ਮੁਲੰਮਾ ਉਤਾਰ ਕੇ ਉਸ ਨੂੰ ਨਾਮ ਰੰਗ ਵਿੱਚ ਰੰਗ ਕੇ ਅਸਲੀ ਆਤਮਿਕ ਜੀਵਨ ਪ੍ਰਦਾਨ ਕਰੋ। ਜਿਸ ਹਿਰਦੇ ਵਿੱਚ ਖਿਮਾਂ ਘਰ ਕਰ ਜਾਂਦੀ ਹੈ, ਉਥੇ ਪਰਮਾਤਮਾਂ ਦਾ ਨਿਵਾਸ ਹੋ ਜਾਂਦਾ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ:-

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥**
**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥**

ਸਲੋਕ ਕਬੀਰ ਜੀ, ਅੰਗ: ੧੩੭੨

ਗੁਰੂ ਰਾਮਦਾਸ ਜੀ ਦਾ ਸਾਰੰਗ ਰਾਗ ਅੰਦਰ ਫੁਰਮਾਨ ਹੈ:-

**ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥**
**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥**

ਮ: ੧, ਅੰਗ: ੧੨੪੫

ਜੇ ਅਸੀਂ ਵੀ ਗੁਰੂ ਦੀ ਖੁਸ਼ੀ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਸਤਿਗੁਰੂ ਜੀ ਨੂੰ ਪਾਰਬ੍ਰਹਮ ਪਰਮੇਸ਼ਰ ਜਾਣ ਕੇ ਜੀਵਨ ਸਫਲਾ ਕਰਨਾ ਚਾਹੀਦਾ ਹੈ ਤੇ ਹਿਰਦੇ ਵਿੱਚ ਦਇਆ ਨਿਮਰਤਾ ਤੇ ਖਿਮਾਂ ਨੂੰ ਥਾਂ ਦੇ ਕੇ ਗੁਰੂ ਪ੍ਰਸੰਨਤਾ ਪ੍ਰਾਪਤ ਕਰਨੀ ਚਾਹੀਦੀ ਹੈ। ਧੰਨ ਹੈ ਧਰਤੀ ਅਨੰਦਪੁਰ ਦੀ ਜਿੱਥੇ ਅਜਿਹੇ ਕੌਤਕ ਕਰਕੇ ਸਤਿਗੁਰੂ ਜੀ ਨੇ ਸਾਡੇ ਜੀਵਨਾਂ ਦਾ ਰਾਹ ਰੁਸ਼ਨਾਇਆ ਤੇ ਹੁਕਮ ਕੀਤਾ ਗੁਰਸਿੱਖਾ!

**ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥**

੧. ਮ:੧, ਅੰਗ:੧੩੨੯

ਦਾ ਧਾਰਨੀ ਬਣ।

# ੨੯
# ਸੰਗਤੀ ਅਰਦਾਸ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਅਸੀਂ ਮਨੁੱਖੀ ਤਲ ਤੇ ਵਿਚਰਨ ਵਾਲੇ, ਆਪਣੀ ਅਲਪ ਬੁੱਧੀ ਨਾਲ ਸਤਿਗੁਰੂ ਜੀ ਨੂੰ ਇੱਕ ਚੰਗਾ ਮਨੁੱਖ ਮਾਤ੍ਰ ਸਮਝ ਬੈਠਦੇ ਹਾਂ ਤੇ ਆਪਣੀ ਅਲਪੱਗ ਬੁੱਧੀ ਨਾਲ ਗੁਰੂ ਹਸਤੀ ਨੂੰ ਨਾਪਣ ਲਗ ਜਾਂਦੇ ਹਾਂ। ਜੋ ਸਾਡੀ ਅਵਿੱਦਿਆ ਕਾਰਣ ਮੁੱਢਲੀ ਭੁੱਲ ਹੁੰਦੀ ਹੈ। ਭਾਵੇਂ ਸਤਿਗੁਰੂ ਜੀ ਗੁਰਬਾਣੀ ਅੰਦਰ ਸਾਡੀ ਇਸ ਭੁੱਲ ਨੂੰ ਦੂਰ ਕਰਨ ਵਾਸਤੇ ਬੇਅੰਤ ਵਾਰੀ ਸਮਝਾਉਂਦੇ ਤੇ ਦਰਸਾਉਂਦੇ ਹਨ ਪਰ ਸਾਡੇ ਮਨ ਉੱਪਰ "**ਅਹੰਬੁਧਿ ਮਨ ਪੂਰਿ ਥਿਧਾਈ**" ਲੱਗੀ ਹੋਣ ਕਾਰਣ ਗੁਰੂ ਉਪਦੇਸ ਅਸਰ ਨਹੀਂ ਕਰਦਾ। ਸਤਿਗੁਰੂ ਅਰਜਨ ਦੇਵ ਜੀ ਰਾਮਕਲੀ ਰਾਗ ਅੰਦਰ ਸਾਨੂੰ ਸੁਚੇਤ ਕਰਦੇ ਹਨ ਕਿ ਹੇ ਜਗਿਆਸੂ! ਮਾਇਆ ਦੇ ਅਗਿਆਨ ਭਰਮ ਕਰਕੇ ਸਤਿਗੁਰੂ ਨੂੰ:-

**ਮਾਨੁਖ ਕਾ ਕਰਿ ਰੂਪੁ ਨ ਜਾਨੁ॥**

ਰਾਮਕਲੀ ਮ:੫, ਅੰਗ: ੮੯੫

ਜੇ ਗੁਰੂ ਨੂੰ ਆਪਣੇ ਵਰਗਾ ਮਨੁੱਖ ਜਾਣ ਬੈਠਾ, ਫਿਰ ਧੋਖਾ ਖਾ ਜਾਵੇਗਾ। ਗੁਰੂ ਨੂੰ ਮਨੁੱਖ ਦਾ ਰੂਪ ਮੰਨਣ ਦੀ ਥਾਂ ਆਪਣੇ ਭਲੇ ਲਈ ਆਪਣੀ ਸਿਆਣਪ, ਚਤੁਰਾਈ ਦਾ ਤਿਆਗ ਕਰ ਦੇਹ ਤੇ ਗੁਰੂ ਦਾ ਗੋਲਾ, ਸੇਵਕ ਬਣ ਕੇ ਗੁਰੂ ਦਰ ਦੀ ਸੇਵਾ ਕਰ। ਜੇ ਤੂੰ ਗੁਰੂ ਪਾਸੋਂ ਕੁਝ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਆਪਣੀ ਹਸਤੀ ਮਿਟਾ ਦੇਹ। ਜਦੋਂ ਤੂੰ ਆਪਣੀ ਹੋਂਦ ਖਤਮ ਕਰ ਲਵੇਂਗਾ ਤਦ ਤੈਨੂੰ ਸਾਰੇ ਮਨ ਭਾਉਂਦੇ ਪਦਾਰਥ ਪ੍ਰਾਪਤ ਹੋ ਜਾਣਗੇ। ਹੇ ਭਾਈ! ਤੂੰ ਸਾਵਧਾਨਤਾ ਨਾਲ ਗੁਰੂ ਦੇ ਉਪਦੇਸ਼ ਨੂੰ ਕਮਾ, ਗੁਰੂ ਉਪਦੇਸ਼ ਕਮਾਉਣ ਦੀ ਬਦੌਲਤ ਤੇਰੀਆਂ ਸਾਰੀਆਂ ਸੰਸਾਰ ਦੀਆ ਤੇ ਪ੍ਰਲੋਕ ਦੀਆਂ ਇੱਛਾਂਵਾਂ ਪੂਰੀਆਂ ਹੋ ਜਾਣਗੀਆਂ ਤੇ ਤੈਨੂੰ ਲੋਕ ਪ੍ਰਲੋਕ ਦੇ ਸਾਰੇ ਖਜਾਨੇ ਪ੍ਰਾਪਤ ਹੋ ਜਾਣਗੇ। ਕਦੋਂ ਪ੍ਰਾਪਤ ਹੋਣਗੇ? ਜਦੋਂ ਤੂੰ "**ਗੁਰੁ ਪਰਮੇਸਰੁ ਏਕੋ ਜਾਣੁ**" ਦੀ ਭਾਵਨੀ ਬਣਾ ਲਵੇਂਗਾ। ਜਿਵੇਂ ਪਰਮੇਸ਼ਰ ਮਾਇਆ ਤੋਂ ਨਿਰਲੇਪ ਹੈ, ਤਿਵੇਂ ਗੁਰੂ ਨੂੰ ਵੀ ਮਾਇਆ ਦੀ ਲੇਪ-ਛੇਪ ਨਹੀਂ ਪੁੰਹਦੀ। ਇਹ ਦਾਤਾਂ ਤੇ ਇਹ ਬਿਰਤੀ ਤੈਨੂੰ ਤਦੋਂ ਪ੍ਰਾਪਤ ਹੋਵੇਗੀ ਜਦੋਂ ਤੂੰ ਗੁਰੂ ਨੂੰ ਆਪਣੇ ਵਰਗਾ ਇਨਸਾਨ ਨਹੀਂ ਜਾਣੇਗਾ ਸਗੋਂ ਗੁਰੂ ਨੂੰ ਪਰਮਾਤਮਾਂ ਦਾ ਰੂਪ ਜਾਣੇਗਾ। ਇਹ ਭਾਵਨੀ ਬਨਾਉਣ ਨਾਲ ਤੈਨੂੰ ਨਿਮਾਣੇ ਨੂੰ ਵੀ ਗੁਰੂ, ਮਾਣ-ਸਤਿਕਾਰ ਪ੍ਰਦਾਨ ਕਰ ਦੇਵੇਗਾ। ਇਸ ਲਈ ਹਮੇਸ਼ਾ ਗੁਰੂ ਦੀ ਟੇਕ ਹੀ

ਮਨ ਵਿੱਚ ਰੱਖ। ਗੁਰੂ ਤੋਂ ਬਿਨਾਂ ਹੋਰ ਸਭਨਾਂ ਦੀ ਟੇਕ ਆਸਰਾ ਤੇ ਆਸ ਮਨ 'ਚੋਂ ਦੂਰ ਕਰ ਦੇਹ। ਸਤਿਗੁਰੂ ਦਾ ਨਾਮ ਹੀ ਸਭ ਖਜਾਨਿਆਂ ਦਾ ਮਾਲਕ ਹੈ। ਜੋ ਨਾਮ ਨਾਲ ਜੁੜਦਾ ਹੈ ਉਸ ਨੂੰ ਪ੍ਰਭੂ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ:-

**ਸਗਲ ਸਿਆਨਪ ਛਾਡਿ ॥ ਕਰਿ ਸੇਵਾ ਸੇਵਕ ਸਾਜਿ ॥**
**ਅਪਨਾ ਆਪੁ ਸਗਲ ਮਿਟਾਇ ॥ ਮਨ ਚਿੰਦੇ ਸੇਈ ਫਲ ਪਾਇ ॥੧॥**
**ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥**
**ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ॥੧॥ ਰਹਾਉ ॥**
**ਦੂਜਾ ਨਹੀ ਜਾਨੈ ਕੋਇ ॥ ਸਤਗੁਰੁ ਨਿਰੰਜਨੁ ਸੋਇ ॥**
**ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥੨॥**
**ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥**
**ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥੩॥**

ਰਾਮਕਲੀ ਮ: ੫, ਅੰਗ: ੮੯੫

ਇੱਕ ਦਿਨ ਅਨੰਦਪੁਰ ਸਾਹਿਬ ਦੀ ਧਰਤੀ ਤੇ ਭਾਈ ਲਾਲ ਸਿੰਘ ਮਿਸਤਰੀ ਲਹੌਰ ਦੇ ਰਹਿਣ ਵਾਲਾ ਬੜੀ ਭਾਵਨੀ ਨਾਲ ਇੱਕ ਢਾਲ ਤੇ ਕੁਝ ਸ਼ਸ਼ਤਰ ਸਤਿਗੁਰੂ ਜੀ ਦੀ ਭੇਟਾ ਲਿਆਇਆ। ਸਜੇ ਦੀਵਾਨ ਵਿੱਚ ਸਾਹਿਬਾਂ ਦੇ ਚਰਨਾਂ ਵਿੱਚ ਢਾਲ ਤੇ ਸ਼ਸ਼ਤਰ ਰੱਖ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਮੈਂ ਇਹ ਢਾਲਾ ਆਪ ਜੀ ਲਈ ਬੜੀ ਮਿਹਨਤ ਨਾਲ ਬਣਾਇਆ ਹੈ। ਢਾਲੇ ਨੂੰ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਵਿਖਾਇਆ। ਸਭ ਨੇ ਢਾਲੇ ਦੀ ਬਣਤਰ ਤੇ ਸੁੰਦਰਤਾ ਵੇਖ ਸਿਫਤ ਕੀਤੀ। ਭਾਈ ਲਾਲ ਸਿੰਘ ਦੇ ਹਿਰਦੇ ਵਿੱਚ ਸੂਖਸ਼ਮ ਮਾਣ ਹੋਰ ਪ੍ਰਵੇਸ਼ ਕਰ ਗਿਆ ਕਿ ਮੇਰਾ ਬਣਾਇਆ ਢਾਲਾ ਜਿੱਥੇ ਸਤਿਗੁਰਾਂ ਦੀ ਦ੍ਰਿਸ਼ਟੀ ਵਿੱਚ ਪ੍ਰਵਾਨ ਹੋਇਆ ਹੈ, ਉਥੇ ਸਾਰੀ ਸੰਗਤ ਨੇ ਮੇਰੀ ਢਾਲ ਦੀ ਕਾਰੀਗਰੀ ਦੀ ਸਿਫਤ ਕੀਤੀ ਹੈ। ਸਤਿਗੁਰੂ ਜੀ ਨੇ ਲਾਲ ਸਿੰਘ ਨੂੰ ਸੰਬੋਧਨ ਕਰ ਬਚਨ ਕੀਤਾ ਲਾਲ ਸਿੰਘਾ! ਤੇਰਾ ਢਾਲਾ ਬਹੁਤ ਸੁੰਦਰ ਹੈ ਪਰ ਅਸੀਂ ਕਦੇ ਵੀ ਪਰਖ ਤੋਂ ਬਿਨਾਂ ਸ਼ਸ਼ਤ੍ਰ-ਅਸਤ੍ਰ ਕੋਲ ਨਹੀਂ ਰੱਖਿਆ। ਜੇ ਤਾਂ ਸਾਡੀ ਬੰਦੂਕ ਦੀ ਗੋਲੀ ਇਸ ਨੂੰ ਪਾਰ ਕਰ ਗਈ ਫਿਰ ਇਹ ਸਾਡੇ ਕਿਸੇ ਕੰਮ ਨਹੀਂ। ਜੇ ਸਾਡੀ ਗੋਲੀ ਦੀ ਮਾਰ ਨਾਲ ਤੇਰਾ ਢਾਲਾ ਸਾਬਤ ਰਹਿ ਗਿਆ, ਫਿਰ ਅਸੀਂ ਇਸ ਨੂੰ ਪ੍ਰਵਾਨ ਕਰਾਂਗੇ।

ਲਾਲ ਸਿੰਘ ਨੂੰ ਆਪਣੀ ਕਾਰਾਗਰੀ ਤੇ ਮਾਣ ਸੀ ਉਸਨੇ ਸਤਿਗੁਰੂ ਜੀ ਨੂੰ ਨਿਸੰਗ ਹੋ ਕੇ ਕਿਹਾ ਸਤਿਗੁਰੂ ਜੀ ਇੱਕ ਗੋਲੀ ਕੀ, ਤੁਸੀਂ ਭਾਂਵੇਂ ਇਸ ਢਾਲੇ ਵਿੱਚ ਵੀਹ ਗੋਲੀਆਂ ਮਾਰੋ, ਜਰਾ ਭਰ ਵੀ ਇਸ ਢਾਲ ਵਿੱਚ ਫਰਕ ਨਹੀਂ ਪਵੇਗਾ।

ਭਾਈ ਲਾਲ ਸਿੰਘ ਦੇ ਬਚਨਾਂ ਵਿੱਚੋਂ ਹੰਕਾਰ ਦੀ ਬੋਅ ਆਉਂਦੀ ਸੀ। ਸਤਿਗੁਰੂ ਜੀ ਨੇ ਫਿਰ ਪਹਿਲੇ ਬਚਨ ਦੁਹਰਾਏ ਪਰ ਲਾਲ ਸਿੰਘ ਆਪਣੀ ਜਿੱਦ ਤੇ ਅੜਿਆ ਰਿਹਾ ਕਿ ਸਤਿਗੁਰੂ ਜੀ! ਹਥਿਆਰ ਬਨਾਉਣੇ ਸਾਡਾ ਜੱਦੀ ਪੁਸ਼ਤੀ ਕਿੱਤਾ ਹੈ, ਤੁਸੀਂ ਇਸ ਢਾਲ ਦੀ ਜਿਵੇਂ ਚਾਹੁੰਦੇ ਹੋ ਪਰਖ ਕਰੋ, ਇਹ ਢਾਲ ਪਰਖ ਵਿੱਚ ਪੂਰੀ ਉਤਰੇਗੀ। ਸਤਿਗੁਰੂ ਜਾਣੀ ਜਾਣ ਮਨ ਵਿੱਚ ਸੋਚਣ ਲੱਗੇ ਜੇ ਹੁਣੇ ਹੀ ਲਾਲ ਸਿੰਘ ਦੀ ਢਾਲ ਨੂੰ ਬੰਦੂਕ ਨਾਲ ਤੋੜ ਦਿੱਤਾ ਤਦ ਸਿੱਖ ਨੂੰ ਸ਼ਰਮਿੰਦਾ ਹੋਣਾ ਪਊ। ਭਾਵਨੀ ਨਾਲ ਸ਼ਸ਼ਤ੍ਰ ਲਿਆਇਆ ਹੈ ਤੇ ਨਾਲ ਹੰਕਾਰ ਧਾਰ ਬੈਠਾ ਹੈ। ਸਤਿਗੁਰੂ ਜੀ ਲਾਲ ਸਿੰਘ ਨੂੰ ਕਹਿਣ ਲੱਗੇ, ਚੰਗਾ ਲਾਲ ਸਿੰਘ! ਅਸੀਂ ਕੱਲ੍ਹ ਨੂੰ ਭਰੇ ਦੀਵਾਨ ਵਿੱਚ ਇਸ ਢਾਲ ਦੀ ਪਰਖ ਕਰਾਂਗੇ।

ਲਾਲ ਸਿੰਘ ਜਦੋਂ ਡੇਰੇ ਗਿਆ, ਦੀਰਘ ਵੀਚਾਰ ਨਾਲ ਸੋਚਿਆ ਕਿ ਮੈਂ ਤਾਂ ਹੰਕਾਰ ਦਾ ਸ਼ਿਕਾਰ ਹੋ ਗਿਆ ਹਾਂ। ਸਤਿਗੁਰੂ ਜੀ ਨਾਲ ਆਪਣੀ ਢਾਲ ਮਜਬੂਤ ਦਰਸਾਉਣ ਲਈ ਬਹਿਸ ਕੀਤੀ। ਗੁਰੂ ਤਾਂ ਸਮਰੱਥ ਹੈ ਮੇਰੀ ਢਾਲ ਤਾਂ ਕੀ, ਗੁਰੂ ਤਾਂ ਇੱਕ ਖਿਨ ਵਿੱਚ ਤ੍ਰਿਲੋਕੀ ਨੂੰ ਤੋੜਨ ਦੀ ਸਮਰੱਥਾ ਰੱਖਦਾ ਹੈ। ਮੇਰਾ ਇਹ ਢਾਲਾ ਗੁਰੂ ਜੀ ਦੀ ਪਰਖ ਅੱਗੇ ਕੀ ਸਮਰੱਥਾ ਰੱਖਦਾ ਹੈ? ਮੈਂ ਬਹੁਤ ਗਲਤੀ ਕੀਤੀ। ਲਾਲ ਸਿੰਘ ਸੰਗਤੀ ਪੁਰਸ਼ ਸੀ। ਉਸ ਨੇ ਸੁਣਿਆ ਸੀ ਕਿ ਗੁਰੂ ਨਾਲੋਂ ਗੁਰੂ ਦੀ ਸੰਗਤ ਬਲੀ ਹੈ। ਸੰਗਤ ਦੀ ਕੀਤੀ ਅਰਦਾਸ ਕਦੇ ਵੀ ਅਜਾਂਈ ਨਹੀਂ ਜਾਂਦੀ। ਭਾਈ ਲਾਲ ਸਿੰਘ ਰਾਤ ਹੀ ਚੰਗੇ-ਚੰਗੇ ਜੀਵਨ ਵਾਲੇ ਗੁਰਸਿੱਖਾਂ ਪਾਸ ਗਿਆ ਤੇ ਸਤਿਗੁਰੂ ਜੀ ਅੱਗੇ ਅਰਪਣ ਕੀਤੀ ਢਾਲ ਦਾ ਬ੍ਰਿਤਾਂਤ ਦੱਸਿਆ ਤੇ ਨਾਲ ਹੀ ਸੰਗਤ ਅੱਗੇ ਆਪਣੀ ਕੀਤੀ ਗੁਸਤਾਖ਼ੀ ਜ਼ਾਹਰ ਕੀਤੀ ਕਿ ਮੈਂ ਸਤਿਗੁਰਾਂ ਨਾਲ ਬਹਿਸ ਵੀ ਕੀਤੀ ਕਿ ਸਤਿਗੁਰੂ ਜੀ! ਇੱਕ ਗੋਲੀ ਕੀ, ਭਾਂਵੇਂ ਤੁਸੀਂ ਵੀਹ ਗੋਲੀਆਂ ਢਾਲ ਵਿੱਚ ਮਾਰੋ, ਢਾਲ ਵਿੱਚੋਂ ਇੱਕ ਵੀ ਗੋਲੀ ਪਾਰ ਨਹੀਂ ਹੋਵੇਗੀ। ਸੰਗਤ ਜੀ! ਤੁਸੀਂ ਮੇਰੇ ਲਈ ਅਰਦਾਸ ਕਰੋ ਮੇਰੀ ਢਾਲ ਵਿੱਚੋਂ ਸਤਿਗੁਰੂ ਜੀ ਦੀ ਗੋਲੀ ਪਾਰ ਨਾ ਹੋਵੇ। ਮੈਂ ਸਤਿਗੁਰੂ ਜੀ ਦੇ ਸਨਮੁੱਖ ਹੋ ਕੜਾਹ ਪ੍ਰਸ਼ਾਦ ਕਰਵਾ ਕੇ ਭੁੱਲ ਦੀ ਮੁਆਫ਼ੀ ਮੰਗਾਂਗਾ। ਤੁਸੀਂ ਅਰਦਾਸ ਕਰੋ ਸੰਗਤ ਵਿੱਚ ਮੇਰੀ ਪੈਜ ਰਹਿ ਜਾਵੇ। ਸੰਗਤ ਨੇ ਦਸਾਂ ਪਾਤਸ਼ਾਹੀਆਂ ਦਾ ਨਾਉਂ ਲੈ, ਧਿਆਨ ਧਰ, ਭਾਈ ਲਾਲ ਸਿੰਘ ਦੀ ਭਾਵਨਾ ਦੀ ਪੂਰਤੀ ਲਈ ਗੁਰੂ-ਚਰਨਾਂ 'ਚ ਅਰਦਾਸ ਕੀਤੀ।

ਅਗਲਾ ਦਿਨ ਹੋਇਆ, ਭਰੇ ਦੀਵਾਨ ਵਿੱਚ ਸਤਿਗੁਰੂ ਜੀ ਨੇ ਲਾਲ ਸਿੰਘ ਵਲੋਂ ਲਿਆਂਦੀ ਢਾਲ ਦੀ ਪਰਖ ਕਰਨ ਵਾਸਤੇ ਭਾਈ ਆਲਮ ਸਿੰਘ ਨੂੰ ਹੁਕਮ ਦਿੱਤਾ ਕਿ ਬੰਦੂਕ ਭਰ ਕੇ ਢਾਲ ਦੀ ਪਰਖ ਕਰੇ। ਭਾਈ ਆਲਮ ਸਿੰਘ ਨੇ ਕਈ ਵਾਰੀ ਬੰਦੂਕ ਭਰ ਕੇ ਢਾਲੇ ਦਾ ਨਿਸ਼ਾਨਾ ਲਗਾਇਆ ਪਰ ਬੰਦੂਕ ਦੀ ਗੋਲੀ ਢਾਲੇ

ਵਿੱਚ ਛੇਕ ਨਾ ਕਰ ਸਕੀ। ਫਿਰ ਸਤਿਗੁਰੂ ਜੀ ਨੇ ਆਪਣੇ ਹੱਥ ਬੰਦੂਕ ਲਈ ਤੇ ਬੜੇ ਰੋਹ ਵਿੱਚ ਗੋਲੀ ਚਲਾਈ ਪਰ ਢਾਲੇ ਨੂੰ ਕੋਈ ਆਂਚ ਨਾ ਆਈ। ਸਤਿਗੁਰੂ ਜੀ ਦੂਸਰੀ ਵਾਰ ਗੋਲੀ ਸਰ ਕਰਨ ਲੱਗੇ ਤਾਂ ਸਾਹਮਣੇ ਕੀ ਵੇਖਣ ਕਿ ਢਾਲ ਦੇ ਸਾਹਮਣੇ, ਸਤਿਗੁਰੂ ਜੀ ਦੇ ਸਰੂਪ ਤੇ ਸੰਗਤ ਦੇ ਹੱਥ ਦਿਖਾਈ ਦੇ ਰਹੇ ਹਨ। ਸਤਿਗੁਰੂ ਜੀ ਹੱਸ ਪਏ ਤੇ ਲਾਲ ਸਿੰਘ ਨੂੰ ਕਹਿਣ ਲੱਗੇ ਲਾਲ ਸਿੰਘਾ! ਇੱਕ ਪਾਸੇ ਆਪਣੀ ਢਾਲ ਦੀ ਕਾਰੀਗਰੀ ਤੇ ਮਾਣ ਕਰਦਾ ਹੈਂ, ਦੂਸਰੇ ਪਾਸੇ ਸੰਗਤਾਂ ਪਾਸੋਂ ਅਰਦਾਸਾਂ ਕਰਵਾਉਂਦਾ ਹੈਂ ਕਿ ਮੇਰੀ ਢਾਲ ਵਿੱਚੋਂ ਗੋਲੀ ਪਾਰ ਨਾ ਹੋਵੇ?

ਲਾਲ ਸਿੰਘ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਡੰਡਉਤ ਕੀਤੀ ਅਤੇ ਢਾਲ ਚੁੱਕ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਰ ਕੀਤੀ ਤੇ ਨਾਲ ਕੜਾਹ ਪ੍ਰਸ਼ਾਦ ਦੀ ਦੇਗ ਸੰਗਤ ਵਿੱਚ ਵਰਤਾਈ ਅਤੇ ਰਾਤ ਦਾ ਸਾਰਾ ਬ੍ਰਿਤਾਂਤ ਸਾਹਿਬਾਂ ਦੇ ਚਰਨਾਂ ਵਿੱਚ ਅਰਜ਼ ਕੀਤਾ। ਸਤਿਗੁਰੂ ਜੀ ਨੇ ਫੁਰਮਾਇਆ ਧੰਨ ਸਿੱਖੀ ਤੇ ਧੰਨ ਗੁਰੂ ਦੀ ਸੰਗਤ। ਜਦੋਂ ਸਾਰੀ ਸੰਗਤ ਨੂੰ ਇਸ ਮਾਜਰੇ ਦਾ ਪਤਾ ਚੱਲਿਆ, ਸਾਰਿਆਂ ਨੇ ਸਤਿਗੁਰੂ ਜੀ ਨੂੰ ਨਮਸ਼ਕਾਰਾਂ ਕੀਤੀਆਂ ਤੇ ਸਤਿਗੁਰਾਂ ਦਾ ਜਸ ਕੀਤਾ। ਕਲਗੀਧਰ ਜੀ ਨੇ ਸੰਗਤਾਂ ਨੂੰ ਸੰਬੋਧਨ ਕਰ ਕੇ ਦਰਸਾਇਆ ਕਿ ਸੰਗਤ ਵਿੱਚ ਪਰਮਾਤਮਾਂ ਵਸਦਾ ਹੈ:-

**ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥**

ਮ:੪, ਅੰਗ:੯੪

**ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥**

ਮ: ੪, ਅੰਗ: ੧੩੧੪

ਸੰਗਤੀ ਰੂਪ ਵਿੱਚ "**ਮਨੁ ਤਨੁ ਅਰਪਿ ਧਰਿ**" ਦੀ ਬਿਰਤੀ ਦੁਆਰਾ ਕੀਤੀ ਅਰਦਾਸ ਨੂੰ ਗੁਰੂ ਵੀ ਨਹੀਂ ਮੋੜਦਾ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥**

ਬਿਲਾਵਲੁ ਮ: ੫, ਅੰਗ: ੮੧੯

ਭਗਤ ਨਾਮਦੇਵ ਜੀ ਦਾ ਸਾਰੰਗ ਰਾਗ ਅੰਦਰ ਬੜਾ ਪਿਆਰਾ ਬਚਨ ਹੈ, ਜੋ ਪ੍ਰਮਾਤਮਾਂ ਵਲੋਂ ਉਸ ਦੇ ਪਿਆਰਿਆਂ ਪ੍ਰਤੀ ਸਨਮਾਨ ਹਿੱਤ ਦਰਜ ਕੀਤਾ ਹੈ। ਪ੍ਰਭੂ ਜੀ ਫੁਰਮਾਨ ਕਰਦੇ ਹਨ ਕਿ ਭਗਤ ਨਾਮਦੇਵ ਜੀ! ਮੇਰਾ ਅਨਿੰਨ ਭਗਤ ਮੇਰਾ ਹੀ ਰੂਪ ਹੁੰਦਾ ਹੈ। ਉਸ ਵਿੱਚ ਤੇ ਮੇਰੇ ਵਿੱਚ ਭੋਰਾ ਜਿੰਨਾਂ ਵੀ ਫਰਕ ਨਹੀਂ ਹੁੰਦਾ। ਅਜਿਹੇ ਅਨਿੰਨ ਸੇਵਕਾਂ ਦੇ ਥੋੜ੍ਹਾ ਸਮਾਂ ਦਰਸ਼ਨ ਕਰਨ ਨਾਲ ਜਗਿਆਸੂ ਦੇ ਤਿੰਨੇ ਤਾਪ (ਆਧੀ, ਬਿਆਧੀ, ਉਪਾਧੀ) ਦੂਰ ਹੋ ਜਾਂਦੇ ਹਨ ਤੇ ਅਜਿਹੇ ਸੇਵਕਾਂ ਦੇ ਚਰਨ ਪਰਸਣ ਨਾਲ ਜਗਿਆਸੂ ਸੰਸਾਰ ਦੇ ਅੰਨ੍ਹੇ ਖੂਹ 'ਚੋਂ ਨਿੱਕਲ ਜਾਂਦੇ ਹਨ,

ਭਾਵ ਉਨ੍ਹਾਂ ਦਾ ਆਵਾਗਉਣ ਦਾ ਚੱਕਰ ਖਤਮ ਹੋ ਜਾਂਦਾ ਹੈ। ਹੇ ਨਾਮਦੇਵ! ਮੇਰੀ ਬੱਧੀ ਹੋਈ ਮੋਹ ਦੀ ਗੰਢ ਨੂੰ ਮੇਰੇ ਭਗਤ ਛੁਡਾ ਸਕਦੇ ਹਨ ਪਰ ਉਨ੍ਹਾਂ ਦੀ ਪਿਆਰ ਗੰਢ ਨੂੰ ਮੈਂ ਨਹੀਂ ਛੁਡਾ ਸਕਦਾ। ਜੇ ਕਿਸੇ ਸਮੇਂ ਭਗਤ ਮੈਨੂੰ ਪਿਆਰ ਦੀ ਗੰਢ ਨਾਲ ਬੰਨ ਲਵੇ ਤਾਂ ਉਸ ਪਿਆਰੇ ਦੇ ਪਿਆਰ ਅਧੀਨ ਮੇਰੇ ਪਾਸੋਂ ਜਵਾਬ ਨਹੀਂ ਦਿੱਤਾ ਜਾ ਸਕਦਾ। ਮੈਂ ਆਪਣੇ ਭਗਤਾਂ ਦੇ ਗੁਣਾਂ ਦਾ ਬੱਝਿਆ ਹੋਇਆ ਹਾਂ। ਭਾਂਵੇਂ ਸਾਰੇ ਸੰਸਾਰ ਦੇ ਜੀਵਾਂ ਦਾ ਜੀਵਨ ਆਸਰਾ ਮੈਂ ਹਾਂ ਪਰ ਮੇਰੇ ਜੀਵਨ ਦਾ ਆਸਰਾ ਮੇਰੇ ਪਿਆਰੇ ਭਗਤ ਜਨ ਹਨ। ਇਸ ਲਈ ਹੇ ਨਾਮਦੇਵ! ਜਿਸ ਦੇ ਹਿਰਦੇ ਵਿੱਚ ਅਜਿਹਾ ਪਿਆਰ ਹੈ, ਉਸ ਦੇ ਪਿਆਰ ਦੀ ਬਰਕਤ ਨਾਲ ਉਸ ਦੇ ਹਿਰਦੇ ਵਿੱਚ ਮੇਰੀ ਹੋਂਦ ਦਾ ਪ੍ਰਕਾਸ਼ ਹੈ। ਕੈਸਾ ਹੈ ਪ੍ਰਮਾਤਮਾਂ, ਗੁਰੂ ਅਤੇ ਸੇਵਕਾਂ ਦਾ ਰਿਸ਼ਤਾ। ਆਪ ਫੁਰਮਾਨ ਕਰਦੇ ਹਨ:-

**ਦਾਸ ਅਨਿੰਨ ਮੇਰੋ ਨਿਜ ਰੂਪ ॥**
**ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥੧॥ਰਹਾਉ॥**
**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥**
**ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥**
**ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥**
**ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥**

ਸਾਰੰਗ ਨਾਮਦੇਵ ਜੀ, ਅੰਗ: ੧੨੫੨

ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਵਾਪਰੀ ਇਸ ਘਟਨਾ ਤੋਂ ਦੋ ਸਿੱਖਿਆਵਾਂ ਪ੍ਰਾਪਤ ਹੁੰਦੀਆਂ ਹਨ। ਪਹਿਲੀ ਇਹ ਕਿ ਸਤਿਗੁਰੂ ਦਿਸਣ ਵਿੱਚ ਤਾਂ ਸਾਡੇ ਵਰਗਾ ਮਨੁੱਖੀ ਜਾਮੇ ਵਾਲਾ ਹੁੰਦਾ ਹੈ ਪਰ ਗੁਰੂ ਦੇ ਅੰਦਰ ਪਰਤੱਖ ਪਰਮੇਸ਼ਰ ਦੀ ਜੋਤ ਤੇ ਪਰਮਾਤਮਾਂ ਦੀ ਸਾਰੀ ਸ਼ਕਤੀ ਮੌਜੂਦ ਹੁੰਦੀ ਹੈ। ਗੁਰੂ ਨੂੰ ਹਮੇਸ਼ਾ "**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥**" ਦੀ ਭਾਵਨਾ ਨਾਲ ਵੇਖਣਾ ਚਾਹੀਦਾ ਹੈ। ਜੇ ਗੁਰੂ ਸਾਹਵੇਂ ਭੁੱਲ ਹੋ ਜਾਵੇ ਉਸ ਨੂੰ ਕਬੂਲ ਕਰਨ ਲੱਗਿਆਂ ਕੋਈ ਸੰਗ ਸ਼ਰਮ ਨਹੀਂ ਕਰਨੀ ਚਾਹੀਦੀ। ਸਤਿਗੁਰੂ ਅੱਗੇ ਕਦੇ ਵੀ ਆਪਣੀ ਸਿਆਣਪ, ਬਲ-ਬੁੱਧੀ ਦਾ ਮਾਣ ਨਹੀਂ ਕਰਨਾ ਚਾਹੀਦਾ ਕਿਉਂਕਿ ਸਾਰੀਆਂ ਸਿਆਣਪਾਂ ਤੇ ਬਲ ਗੁਰੂ ਦਾ ਹੀ ਬਖਸ਼ਿਸ਼ ਕੀਤਾ ਹੋਇਆ ਹੈ।

ਦੂਸਰੇ, ਸੰਗਤੀ ਅਰਦਾਸ ਵਿੱਚ ਬਹੁਤ ਬਰਕਤ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਅੰਦਰ ਹਰੀ ਚੰਦ ਰਾਜੇ ਤੇ ਤਾਰਾ ਰਾਣੀ ਦੀ ਗਾਥਾ ਲਿਖ ਕੇ ਸੰਗਤੀ ਅਰਦਾਸ ਦੀ ਮਹਾਨਤਾ ਦਰਸਾਈ ਹੈ।

ਆਪ ਜੀ ਲਿਖਦੇ ਹਨ ਕਿ ਰਾਜਾ ਹਰੀ ਚੰਦ ਦੇ ਘਰ ਹਰ ਤਰ੍ਹਾਂ ਦਾ ਸੁੱਖ ਅਨੰਦ

ਸੀ ਉਸ ਦੇ ਘਰ ਤਾਰਾ ਰਾਣੀ ਬੜੀ ਸੁੰਦਰ ਤੇ ਸੁਘੜ ਸੁਭਾਅ ਵਾਲੀ ਸੀ। ਇਸੇ ਸ਼ਹਿਰ ਵਿੱਚ ਸਤਸੰਗੀ ਜਨ ਇਕੱਠੇ ਹੋ ਕੇ ਪਰਮਾਤਮਾਂ ਦਾ ਜਸ ਕਰਿਆ ਕਰਦੇ ਸਨ ਤੇ ਤਾਰਾ ਰਾਣੀ ਵੀ ਰਾਤ ਨੂੰ ਉਥੇ ਜਾ ਕੇ ਗੁਰਬਾਣੀ ਦੀ ਕਥਾ-ਕੀਰਤਨ ਸਰਵਣ ਕਰਦੀ ਹੁੰਦੀ ਸੀ। ਅੱਧੀ ਰਾਤ ਪੂਰੀ ਹੋਈ ਤੇ ਰਾਜੇ ਨੂੰ ਜਾਗ ਆਈ। ਰਾਜੇ ਨੇ ਵੇਖਿਆ ਕਿ ਤਾਰਾ ਰਾਣੀ ਆਪਣੇ ਬਿਸਤਰੇ ਤੇ ਨਹੀਂ ਹੈ। ਇਹ ਵੇਖ ਕੇ ਰਾਜੇ ਹਰੀ ਚੰਦ ਦੇ ਮਨ ਵਿੱਚ ਬਹੁਤ ਹੈਰਾਨੀ ਤੇ ਚਿੰਤਾ ਹੋਈ ਕਿ ਇਸ ਵੇਲੇ ਅੱਧੀ ਰਾਤ ਨੂੰ ਰਾਣੀ ਕਿਧਰ ਗਈ ਹੈ? ਅਗਲੇ ਦਿਨ ਰਾਜਾ ਮੁੜ ਅੱਧੀ ਰਾਤ ਨੂੰ ਉੱਠਿਆ ਤੇ ਆਪਣੀ ਜੁਆਨ ਰਾਣੀ ਦੇ ਪਿੱਛੇ ਪਿੱਛੇ ਇਹ ਵੇਖਣ ਵਾਸਤੇ ਤੁਰ ਪਿਆ ਕਿ ਰਾਣੀ ਕਿੱਧਰ ਜਾਂਦੀ ਹੈ। ਰਾਣੀ ਆਪਣੇ ਨੇਮ ਅਨੁਸਾਰ ਸੰਗਤ ਵਿੱਚ ਕੀਰਤਨ ਸੁਣਨ ਵਾਸਤੇ ਬੈਠ ਗਈ। ਰਾਜੇ ਨੇ ਰਾਣੀ ਦੀ ਚੋਰੀ ਫੜਨ ਵਾਸਤੇ ਤਾਰਾ ਰਾਣੀ ਦੀ ਇੱਕ ਖੜਾਵ ਜੋ ਉਹ ਪੈਰੀ ਪਾ ਕੇ ਆਈ ਸੀ, ਚੁੱਕ ਲਈ ਤੇ ਘਰ ਲਿਜਾ ਕੇ ਸੰਦੂਕ ਅੰਦਰ ਰੱਖ ਦਿੱਤੀ। ਜਦੋਂ ਸੰਗਤ ਨੇ ਕਥਾ ਕੀਰਤਨ ਦੀ ਸਮਾਪਤੀ ਕੀਤੀ, ਸੰਗਤ ਘਰਾਂ ਨੂੰ ਵਾਪਸ ਜਾਣ ਲੱਗੀ ਤਦ ਤਾਰਾ ਰਾਣੀ ਦੇ ਇੱਕ ਪੈਰ ਦੀ ਖੜਾਵ ਗੁੰਮ ਸੀ। ਸਾਰੀ ਸੰਗਤ ਬੜੀ ਹੈਰਾਨ ਸੀ ਕਿ ਖੜਾਵ ਕੌਣ ਚੁੱਕ ਕੇ ਲੈ ਗਿਆ ਹੈ? ਭਾਵਨੀ ਵਾਲੀ ਸਾਰੀ ਸੰਗਤ ਮੁੜ ਸੰਗਤੀ ਰੂਪ ਵਿੱਚ ਇਕਤ੍ਰ ਹੋਈ ਤੇ ਰਾਣੀ ਦੀ ਗੁੰਮ ਹੋਈ ਖੜਾਵ ਦੀ ਪ੍ਰਾਪਤੀ ਲਈ ਅਰਦਾਸ ਕੀਤੀ। ਸਤਿ ਸੰਗਤੀ ਅਰਦਾਸ ਦੀ ਬਰਕਤ ਨਾਲ ਪੁਰਾਣੀ ਖੜਾਵ ਦੇ ਨਾਲ ਦੀ ਦੂਸਰੀ ਖੜਾਵ ਉਥੇ ਆ ਰਲੀ, ਦੋਵਾਂ ਖੜਾਵਾਂ ਦੀ ਜੋੜੀ ਬਣ ਗਈ। ਜਦੋਂ ਤਾਰਾ ਰਾਣੀ ਘਰ ਪਹੁੰਚੀ, ਰਾਜੇ ਨੇ ਉਸ ਦੇ ਪੈਰੀਂ ਖੜਾਵਾਂ ਦੀ ਜੋੜੀ ਵੇਖੀ, ਰਾਜਾ ਵੀ ਅਸਚਰਜ ਰਹਿ ਗਿਆ ਕਿ ਮੈਂ ਤਾਂ ਤਾਰਾ ਰਾਣੀ ਦੀ ਖੜਾਵ ਚੁਰਾ ਲਿਆਇਆ ਸੀ। ਤਾਰਾ ਰਾਣੀ ਨੂੰ ਇਹ ਖੜਾਵ ਕਿਵੇਂ ਪ੍ਰਾਪਤ ਹੋਈ। ਜਦੋਂ ਰਾਣੀ ਨੇ ਸੰਗਤੀ ਅਰਦਾਸ ਕਰਨ ਦਾ ਸਾਰਾ ਬ੍ਰਿਤਾਂਤ ਸੁਣਾਇਆ ਤਾਂ ਰਾਜਾ ਹਰੀ ਚੰਦ ਬੜਾ ਅਸਚਰਜ ਹੋਇਆ ਤੇ ਸਤਸੰਗਤ ਨੂੰ ਧੰਨਤਾ ਜੋਗ ਜਾਣ ਕੇ ਆਪ ਵੀ ਪਰਮਾਰਥ ਦਾ ਪਾਂਧੀ ਬਣ ਗਿਆ ਤੇ ਆ-ਮੁਹਾਰੇ ਕਿਹਾ ਕਿ ਮੈਂ ਸਾਧ ਸੰਗਤ ਤੋਂ ਕੁਰਬਾਨ ਜਾਂਦਾ ਹਾਂ। ਧੰਨ ਹੈ ਸਾਧਸੰਗਤ। ਪੜ੍ਹੀਏ ਭਾਈ ਸਾਹਿਬ ਜੀ ਦੀ ਵਾਰ:-

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ॥
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ॥
ਪਿਛੋ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ॥
ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ॥
ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ॥

**ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ॥**
**ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ॥**
**ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ॥**
**ਸਾਧਸੰਗਤਿ ਵਿਟਹੁ ਕੁਰਬਾਣੀ ॥੬॥**

ਵਾਰ ੧੦, ਭਾਈ ਗੁਰਦਾਸ ਜੀ

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਗੁਰਦੇਵ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:-

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥**

ਨਟ ਮ: ੪, ਅੰਗ: ੯੮੧

ਉੱਪਰ ਆਪਾਂ ਸਤਿਸੰਗਤਿ ਦੀ ਮਹਾਨਤਾ ਪੜ੍ਹੀ ਹੈ ਪਰ ਮਾਇਆ ਦੇ ਪ੍ਰਭਾਵ ਵਿੱਚ ਵੇੜ੍ਹਿਆ ਮਨ, ਗੁਰੂ ਦੇ ਬਚਨਾਂ ਤੇ ਭਰੋਸਾ ਨਹੀਂ ਕਰਦਾ। ਅੱਜ ਆਪਾਂ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਤਿੰਨ ਸੌ ਪੰਜਾਹਵਾਂ ਸਥਾਪਨਾ ਦਿਨ ਮਨਾ ਰਹੇ ਹਾਂ। ਜਿਸ ਅਸਥਾਨ ਤੇ ਸਤਿਗੁਰੂ ਜੀ ਨੇ ਸਤਿਸੰਗਤ ਦੀ ਮਹਾਨਤਾ ਪਰਤੱਖ ਵਰਤਾ ਕੇ ਦਰਸਾਈ। ਸਾਡਾ ਮਨ ਮੰਨੇ ਭਾਂਵੇਂ ਨਾ ਪਰ ਆਪਣੇ ਭਲੇ ਲਈ ਸਾਨੂੰ ਵੀ ਅਜਿਹੀ ਮਹਾਨਤਾ ਰੱਖਣ ਵਾਲੀ ਸਤਿਸੰਗਤ ਦੇ ਭਾਈਵਾਲ ਬਣ ਜਾਣਾ ਚਾਹੀਦਾ ਹੈ। ਜੇ ਸਤਿਸੰਗਤਿ ਕਰਨ ਲਈ ਬਹੁਤਾ ਸਮਾਂ ਨਹੀਂ ਕੱਢ ਸਕਦੇ ਤਾਂ ਭਗਤ ਕਬੀਰ ਜੀ ਦੇ ਪਾਵਨ ਫੁਰਮਾਨ ਅਨੁਸਾਰ ਥੋੜ੍ਹੇ ਤੋਂ ਥੋੜ੍ਹਾ ਸਮਾਂ ਜ਼ਰੂਰ ਸਤਿਸੰਗਤਿ ਕਰਨ ਵਾਸਤੇ ਕੱਢਣਾ ਚਾਹੀਦਾ ਹੈ। ਆਪ ਦਾ ਪਿਆਰਾ ਫੁਰਮਾਨ ਹੈ:-

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥**

ਸਲੋਕ ਕਬੀਰ ਜੀ, ਅੰਗ: ੧੩੭੭

ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਇੱਕ ਸਵਈਆ ਪੜ੍ਹੀਏ ਸਤਿਸੰਗਤ ਦੀ ਮਹਾਨਤਾ ਦਾ ਪਤਾ ਚੱਲ ਜਾਏਗਾ। ਆਪ ਜੀ ਸੰਸਾਰਕ ਤਿੰਨ ਉਦਾਹਰਣਾਂ ਸਾਡੇ ਸਨਮੁਖ ਰੱਖ ਕੇ ਚੌਥੀ ਪੰਕਤੀ ਵਿੱਚ ਸਤਿਸੰਗਤ ਦੀ ਮਹਾਨਤਾ ਦਰਸਾ ਕੇ ਸਤਿਸੰਗਤ ਕਰਨ ਲਈ ਪ੍ਰੇਰਤ ਕਰਦੇ ਹਨ।

ਆਪ ਫੁਰਮਾਨ ਕਰਦੇ ਹਨ ਕਿ ਜਿਵੇਂ ਬੇੜੀ ਦਾ ਬਹੁਤਾ ਹਿੱਸਾ ਪਾਣੀ ਵਿੱਚ ਡੁੱਬਿਆ ਹੁੰਦਾ ਹੈ, ਕੇਵਲ ਦੋ ਉਂਗਲਾਂ ਪਾਣੀ ਤੋਂ ਬਾਹਰ ਰਹਿਣ ਸਦਕਾ ਬੇੜੀ ਸਾਰੇ ਪੂਰ ਅਤੇ ਸਾਜੋ ਸਮਾਨ ਨੂੰ ਸਹੀ ਸਲਾਮਤ ਪਾਣੀ ਤੋਂ ਸੁਰੱਖਿਅਤ ਰੱਖ ਕੇ ਪਾਰ ਕਰ ਦਿੰਦੀ ਹੈ। ਜਿਸ ਤਰ੍ਹਾਂ ਅੱਠੀਂ ਪਹਿਰੀਂ ਭੋਜਨ ਛਕਣ ਵਾਲਾ ਰਸੋਈ ਵਿੱਚ ਬੈਠ ਕੇ ਥੋੜ੍ਹੇ ਸਮੇਂ ਵਿੱਚ ਜਿੱਥੇ ਨਾਨ੍ਹਾਂ ਤਰ੍ਹਾਂ ਦੇ ਭੋਜਨਾਂ ਦੇ ਰਸਾਂ ਨੂੰ ਮਾਣਦਾ ਹੈ, ਉੱਥੇ ਅੱਠਾਂ ਪਹਿਰਾਂ ਦੀ ਉਦਰ ਪੂਰਨਾ ਕਰ ਲੈਂਦਾ ਹੈ। ਜਿਵੇਂ ਕੋਈ ਗਰੀਬ ਆਤੁਰ

ਮਨੁੱਖ ਰਾਜੇ ਦੇ ਦਰਬਾਰ ਵਿੱਚ ਨੇਮ ਨਾਲ ਜਾ ਕੇ ਹਰ ਰੋਜ਼ ਰਾਜੇ ਨੂੰ ਨਮਸਕਾਰਾਂ ਕਰੇ ਤੇ ਆਪਣੀ ਬਿਰਥਾ ਆਖੇ। ਕਿਸੇ ਦਿਨ ਰਾਜਾ ਖੁਸ਼ ਹੋ ਕੇ ਉਸ ਨੂੰ ਜਗੀਰ ਬਖਸ਼ਿਸ਼ ਕਰਕੇ ਉਸ ਦਾ ਦਰਿੱਦ੍ਰ ਦੂਰ ਕਰ ਦਿੰਦਾ ਹੈ ਤੇ ਉਹ ਸੁੱਖ ਅਨੰਦ ਦਾ ਜੀਵਨ ਭੋਗਦਾ ਹੈ। ਇਸੇ ਤਰ੍ਹਾਂ ਅੱਠਾਂ ਪਹਿਰਾਂ ਦੀਆਂ ਸੱਠਾਂ ਘੜੀਆਂ ਵਿਚੋਂ ਜੇ ਕੋਈ ਇੱਕ ਘੜੀ ਵੀ ਸਤਿ-ਪੁਰਸ਼ਾਂ ਦੀ ਸੰਗਤ ਵਿੱਚ ਜੁੜ, ਪ੍ਰਭੂ ਨਾਲ ਸੁਰਤ ਜੋੜਨ ਦਾ ਜਤਨ ਕਰੇ ਤਾਂ ਉਹ ਜਗਿਆਸੂ ਆਪਣੇ ਆਤਮ ਸਰੂਪ ਵਿੱਚ ਟਿਕ ਜਾਂਦਾ ਹੈ:-

**ਜੈਸੇ ਬੋਝ ਭਰੀ ਨਾਵ, ਆਂਗੁਰੀ ਦੁਇ ਬਾਹਰਿ ਹੁਇ,**
**ਪਾਰ ਪਰੈ ਪੂਰ, ਸਬੈ ਕੁਸਲ ਬਿਹਾਤ ਹੈ ॥**
**ਜੈਸੇ ਏਕਾਹਾਰੀ ਏਕ ਘਰੀ ਪਾਕਸਾਲਾ ਬੈਠਿ,**
**ਭੋਜਨ ਕੈ ਬਿੰਜਨ ਸ੍ਵਾਦਿ ਕੇ ਅਘਾਤ ਹੈ ॥**
**ਜੈਸੇ ਰਾਜਦੁਆਰ ਜਾਇ ਕਰਤ ਜੁਹਾਰ ਜਨ,**
**ਏਕ ਘਰੀ ਪਾਛੈ ਦੇਸ ਭੋਗਤਾ ਹੁਇ ਖਾਤ ਹੈ ॥**
**ਆਠ ਹੀ ਪਹਰ ਸਾਠਿ ਘਰੀ ਮੈ ਜਉ ਏਕ ਘਰੀ,**
**ਸਾਧ ਸਮਾਗਮੁ ਕਰੈ ਨਿਜ ਘਰ ਜਾਤ ਹੈ ॥੩੧੦॥**

ਭਾਈ ਗੁਰਦਾਸ ਜੀ, ਕਬਿੱਤ ੩੧੦

ਇਨ੍ਹਾਂ ਮਨਾਈਆਂ ਸ਼ਤਾਬਦੀਆਂ ਦਾ ਪੂਰਨ ਲਾਹਾ ਤਦ ਹੀ ਹੈ ਜੇ ਆਪਾਂ ਗੁਰੂ ਦਰ ਜਾ ਕੇ ਕੋਈ ਅਵਗੁਣ ਦਾ ਤਿਆਗ ਕਰਨ ਲਈ ਤੇ ਸ਼ੁਭ ਕਰਮ ਦੇ ਧਾਰਨੀ ਬਣਨ ਲਈ ਗੁਰੂ ਨਾਲ ਗੁਰ ਅਸਥਾਨ ਤੇ ਬਚਨ-ਬੱਧਤਾ ਕਰ ਲਈਏ। ਜੇ ਆਪਾਂ ਸਤਿਸੰਗਤਿ ਕਰਨ ਦੇ ਨੇਮ ਦੀ ਹੀ ਬਚਨ-ਬੱਧਤਾ ਗੁਰੂ ਅਸਥਾਨ ਦੇ ਦਰਸ਼ਨ ਕਰ, ਸਤਿਗੁਰਾਂ ਨੂੰ ਪਰਤੱਖ ਜਾਣ, ਕਰ ਲਈ, ਨਿਸ਼ਚੇ ਜਾਨਣਾ ਸਾਡੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ ਸਥਾਪਨਾ ਸ਼ਤਾਬਦੀ ਮਨਾਈ ਵੀ ਸਫ਼ਲ ਹੋ ਜਾਵੇਗੀ ਤੇ ਸਾਡੀ ਆਤਮਿਕ ਕਲਿਆਣ ਵੀ ਅਵੱਸ਼ ਹੋ ਜਾਵੇਗੀ। ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਗ੍ਰੰਟੀ ਦਿੰਦੇ ਹਨ:-

**ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥**

ਸੋਰਠਿ ਮ: ੫, ਅੰਗ: ੬੨੨

# ੨੮
# ਸਾਡੇ ਹੁਕਮ ਮੰਨਣ ਦੀ ਦਸ਼ਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਜਦੋਂ ਅਸੀਂ ਗੁਰਬਾਣੀ ਦਾ ਅਧਿਐਨ ਕਰਦੇ ਜਾਂ ਇਤਿਹਾਸ ਦੀ ਘੋਖ ਕਰਦੇ ਹਾਂ ਤਾਂ ਤੱਤਸਾਰ ਇਹ ਹੀ ਸਾਹਮਣੇ ਆਉਂਦਾ ਹੈ ਕਿ ਗੁਰੂ ਦਰ ਵਿੱਚ ਪ੍ਰਵਾਨਗੀ ਹੁਕਮ ਮੰਨਣ ਵਾਲਿਆਂ ਨੂੰ ਹੀ ਹੋਈ ਤੇ ਹੁੰਦੀ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਜੀ ਤੱਕ ਅਤੇ ਉਸ ਤੋਂ ਉਪ੍ਰੰਤ ਵੀ ਗੁਰਸਿੱਖਾਂ ਨੂੰ ਜੋ ਵੀ ਬਖਸ਼ਿਸ਼ਾਂ ਪ੍ਰਾਪਤ ਹੋਈਆਂ ਉਹ ਗੁਰੂ ਹੁਕਮ ਮੰਨਣ ਦੀ ਬਦੌਲਤ ਹੀ ਹੋਈਆਂ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਰਾਗ ਅੰਦਰ ਬਚਨ ਹੈ, ਜੋ ਗੁਰੂ ਦੇ ਹੁਕਮ ਨੂੰ ਮੰਨਦਾ ਹੈ ਉਹ ਗੁਰੂ ਦੇ ਬਖਸ਼ਿਸ਼ ਰੂਪੀ ਖਜ਼ਾਨੇ ਵਿੱਚ ਪ੍ਰਵਾਣ ਹੋ ਜਾਂਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ:-

**ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥**

ਆਸਾ ਮ: ੧, ਅੰਗ: ੪੨੧

ਅਸੀਂ ਹੁਕਮ ਮੰਨਦੇ ਹਾਂ, ਮੰਨਣਾ ਚਾਹੁੰਦੇ ਹਾਂ ਪਰ ਸੌਖਾ ਤੇ ਆਪਣੀ ਮਰਜੀ ਦਾ। ਜਿਸ ਹੁਕਮ ਮੰਨਣ ਵਿੱਚ ਸਾਡੀ ਹਉਮੈਂ ਨੂੰ ਠੇਸ ਪੁੱਜੇ ਜਾਂ ਸਾਡਾ ਮਨ ਨਾ ਮੰਨੇ ਉਸ ਹੁਕਮ ਦੀ ਤਾਮੀਲ ਕਰਨ ਵਿੱਚ ਸਾਡਾ ਮਨ ਆਪਣੀ ਮਰਜੀ ਨੂੰ ਅੱਗੇ ਰੱਖ ਕੇ ਅਨੇਕਾਂ ਦਲੀਲਾਂ-ਬਹਾਨੇ ਬਣਾ ਕੇ ਆਪਣੇ ਆਪ ਨੂੰ ਖੁਦ ਧੋਖਾ ਦਿੰਦਾ ਹੈ। ਹੁਕਮ ਮੰਨਣਾ ਬਹੁਤ ਔਖਾ ਹੈ ਪਰ ਜਿਹੜਾ ਮਨੁੱਖ ਗੁਰੂ ਪ੍ਰਾਇਣ ਹੋ:-

**ਗੁਰਿ ਕਹਿਆ ਸਾ ਕਾਰ ਕਮਾਵਹੁ॥** ਮ:੩, ਅੰਗ: ੯੩੨

ਨੂੰ ਆਪਣਾ ਜੀਵਨ ਅਧਾਰ ਬਣਾ ਲੈਂਦਾ ਹੈ। ਉਹ ਗੁਰੂ ਬਖਸ਼ਿਸ਼ ਪ੍ਰਾਪਤ ਕਰਕੇ:

**ਸਬਦੁ ਚੀਨਿ੍ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥**

ਬਿਲਾਵਲੁ ਮ: ੩, ਅੰਗ: ੯੩੨

ਦੀਆਂ ਦਾਤਾਂ ਗੁਰੂ ਦਰ ਵਿੱਚੋਂ ਪ੍ਰਾਪਤ ਕਰ ਲੈਂਦਾ ਹੈ। ਅਜਿਹਾ ਸਿੱਖ ਗੁਰੂ ਦੇ ਦਰ ਵਿਚ ਪ੍ਰਵਾਨ ਨਹੀਂ ਹੁੰਦਾ ਜੋ ਆਪਣੇ ਮਨ ਦੀ ਮਰਜੀ ਦਾ ਹੁਕਮ ਮੰਨਦਾ ਹੈ।

ਵਾਹ ਕਲਗੀਧਰ ਪਾਤਸ਼ਾਹ ! ਤੇਰੇ ਚੋਜ ਨਿਰਾਲੇ। ਸਤਿਗੁਰੂ ਜੀ ਨੇ ਅਨੰਦਪੁਰ ਦੀ ਧਰਤੀ ਤੇ ਜੀਵਨ ਜਿਊਣ ਦੀ ਹਰ ਪੱਖ ਤੋਂ ਸੰਪੂਰਨ ਸਿੱਖਿਆ ਪ੍ਰਦਾਨ ਕੀਤੀ ਹੈ। ਅਸੀਂ ਕਿਹੋ ਜਿਹਾ ਹੁਕਮ ਮੰਨਦੇ ਹਾਂ ਉਸ ਨੂੰ ਦਰਸਾਉਂਦੀ ਇੱਕ ਘਟਨਾ ਅਨੰਦਪੁਰ

ਸਾਹਿਬ ਜੀ ਦੀ ਧਰਤੀ ਤੇ ਇੰਝ ਵਰਤੀ। ਕਲਗੀਧਰ ਸਤਿਗੁਰੂ ਅੰਮ੍ਰਿਤ ਵੇਲੇ ਇਸ਼ਨਾਨ ਕਰ, ਸੁੰਦਰ ਬਸਤ੍ਰ ਪਹਿਨ ਕੇ ਮਹਿਲਾਂ ਤੋਂ ਸੰਗਤ ਸਮੇਤ ਕੇਸਗੜ੍ਹ ਸਾਹਿਬ ਜਾਣ ਲਈ ਤੁਰੇ। ਰਸਤੇ ਵਿੱਚ ਇੱਕ ਨੌਜਵਾਨ ਗੁਰਸਿੱਖ ਜਿਸ ਦਾ ਨਾਉਂ ਭਾਈ ਨੰਦ ਸਿੰਘ ਸੀ, ਉਹ ਗਾਰੇ ਨਾਲ ਆਪਣੀ ਕੰਧ ਲਿੱਪ ਰਿਹਾ ਸੀ। ਨੰਦ ਸਿੰਘ ਬੇ-ਧਿਆਨਾ ਆਪਣੇ ਕੰਮ ਵਿੱਚ ਮਸਤ ਸੀ। ਉਸ ਨੇ ਧਿਆਨ ਨਾ ਦਿੱਤਾ ਕਿ ਕਲਗੀਧਰ ਜੀ ਜਾ ਰਹੇ ਹਨ। ਭਾਈ ਨੰਦ ਸਿੰਘ ਜੋ ਗਾਰੇ ਨਾਲ ਕੰਧ ਲਿਪ ਰਿਹਾ ਸੀ, ਜਦੋਂ ਉਸ ਨੇ ਕੰਧ ਉੱਪਰ ਗਾਰੇ ਦੀ ਥੋਪੀ ਮਾਰੀ, ਉਸ ਦੇ ਛਿੱਟੇ ਦੂਰ-ਦੂਰ ਤੱਕ ਪਏ ਤੇ ਕਲਗੀਧਰ ਜੀ ਦੇ ਬਸਤਰਾਂ ਉੱਪਰ ਵੀ ਗਾਰੇ ਦੇ ਛਿੱਟਿਆਂ ਦੇ ਨਿਸ਼ਾਨ ਪੈ ਗਏ। ਸਤਿਗੁਰੂ ਜੀ ਖਲੋ ਗਏ ਤੇ ਅਵਾਜ਼ ਦਿੱਤੀ ਕਿ ਨੰਦ ਸਿੰਘ ਬੜਾ ਗੁਸਤਾਖ਼ ਹੈ, ਅੱਧਾ ਮਿੰਟ ਅਟਕ ਜਾਂਦਾ, ਸੰਗਤ ਲੰਘ ਜਾਂਦੀ ਫਿਰ ਕੰਧ ਉੱਪਰ ਗਾਰੇ ਦੀ ਥੋਪੀ ਮਾਰਦਾ। ਇਸ ਦੀ ਅਣਗਹਿਲੀ ਨਾਲ ਸਾਰਿਆਂ ਦੇ ਬਸਤਰਾਂ ਉੱਪਰ ਗਾਰੇ ਦੇ ਛਿੱਟੇ ਪੈ ਕੇ ਬਸਤਰ ਖਰਾਬ ਹੋ ਗਏ ਹਨ। ਇਸ ਨੂੰ ਇੱਕ ਚਪੇੜ ਮਾਰੋ ਤਾਂ ਜੋ ਅਗਾਂਹ ਲਈ ਅਜਿਹਾ ਨਾ ਕਰੇ ਤੇ ਇਸ ਨੂੰ ਮਹਿਸੂਸ ਹੋ ਜਾਵੇ ਕਿ ਕੋਈ ਵੀ ਕੰਮ ਕਰਨਾ ਹੋਵੇ ਅੱਗਾ-ਪਿੱਛਾ ਵੇਖ ਧਿਆਨ ਨਾਲ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਦਾ ਹੁਕਮ ਸੁਣ ਕੇ ਸਾਰੇ ਸਿੱਖ ਬੜੇ ਰੋਹ ਵਿੱਚ ਆਏ ਤੇ ਜਿਵੇਂ ਕਿਸੇ ਉੱਪਰ ਧਾਵਾ ਬੋਲਣਾ ਹੁੰਦਾ ਹੈ, ਉਸ ਤਰ੍ਹਾਂ ਸਾਰਿਆਂ ਨੇ ਕੰਧ ਲਿਪਦੇ ਭਾਈ ਨੰਦ ਸਿੰਘ ਨੂੰ ਫੜ ਲਿਆ। ਕਿਸੇ ਚਪੇੜਾਂ ਮਾਰੀਆਂ, ਕਿਸੇ ਨੇ ਧੱਕੇ ਮਾਰੇ, ਇੱਕ ਚਪੇੜ ਦੀ ਥਾਂ ਕਈਆਂ ਨੇ ਨੰਦ ਸਿੰਘ ਦੇ ਕਈ-ਕਈ ਚਪੇੜਾਂ ਮਾਰ ਕੇ ਆਪਣੇ ਹੱਥ ਸਿੱਧੇ ਕੀਤੇ ਤੇ ਨੰਦ ਸਿੰਘ ਨੂੰ ਕਾਫੀ ਸੱਟਾਂ ਲੱਗੀਆਂ। ਸਤਿਗੁਰੂ ਜੀ ਨੇ ਰੋਹ ਵਿੱਚ ਆ ਕੇ ਉਨ੍ਹਾਂ ਨੂੰ ਹਟਾਇਆ ਤੇ ਨਾਲ ਹੀ ਕਿਹਾ ਕਿ ਅਸੀਂ ਤਾਂ ਨੰਦ ਸਿੰਘ ਨੂੰ ਇੱਕ ਚਪੇੜ ਮਾਰਨ ਲਈ ਕਿਹਾ ਸੀ, ਤੁਸੀਂ ਸਾਰਿਆਂ ਨੇ ਉਸ ਨੂੰ ਬੇਅੰਤ ਚਪੇੜਾਂ ਤੇ ਧੱਕੇ ਮਾਰੇ ਹਨ ਇਹ ਕਿਉਂ? ਸਾਰੇ ਸਿੱਖਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਪਾਤਸ਼ਾਹ! ਤੁਸੀਂ ਕਿਸੇ ਇੱਕ ਸਿੱਖ ਦਾ ਨਾਉਂ ਨਹੀਂ ਲਿਆ ਸੀ। ਅਸੀਂ ਸਾਰੇ ਆਪ ਦੇ ਸਿੱਖ ਹਾਂ ਸੋ ਅਸੀਂ ਸਾਰਿਆਂ ਨੇ ਆਪ ਜੀ ਦੇ ਹੁਕਮ ਦੀ ਪਾਲਣਾ ਕੀਤੀ ਹੈ। ਤੁਹਾਡਾ ਹੁਕਮ ਹੋਵੇ ਅਸੀਂ ਉਸ ਤੋਂ ਕਿਵੇਂ ਮੂੰਹ ਮੋੜ ਸਕਦੇ ਹਾਂ? ਸਤਿਗੁਰੂ ਜੀ ਨੇ ਸਿੱਖਾਂ ਨੂੰ ਸੰਬੋਧਨ ਕਰਕੇ ਹੁਕਮ ਕੀਤਾ ਭਾਈ ਸਿੱਖੋ! ਹਰ ਮਨੁੱਖ ਭੁੱਲ ਕਰ ਸਕਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਸਿਰੀਰਾਗ ਅੰਦਰ ਫੁਰਮਾਨ ਹੈ:-

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** ਮ:੧, ਅੰਗ: ੬੧

ਭਾਈ ਨੰਦ ਸਿੰਘ ਨੇ ਭੁੱਲ ਕੀਤੀ, ਤੁਸੀਂ ਉਸ ਨੂੰ ਭੁੱਲ ਨਾਲੋਂ ਕਈ ਗੁਣਾਂ ਜਿਆਦਾ ਸਜ਼ਾ ਦੇ ਦਿੱਤੀ। ਤੁਸੀਂ ਸਾਰੇ ਸਾਡੇ ਹੁਕਮੀ ਸਿੱਖ ਹੋ ਨਾ? ਹੁਣ ਮੇਰਾ

ਹੁਕਮ ਹੈ, ਨੰਦ ਸਿੰਘ ਬੜਾ ਸੁਹਣਾ ਹੈ, ਸੋਹਣੀ ਡੀਲ-ਡੋਲ ਵਾਲਾ ਨੌਜਵਾਨ ਸਿੱਖ ਹੈ, ਹੁਣ ਤੁਹਾਡੇ ਵਿੱਚੋਂ ਕੋਈ ਸਿੱਖ ਭਾਈ ਨੰਦ ਸਿੰਘ ਨੂੰ ਆਪਣੀ ਬੱਚੀ ਦਾ ਸਾਕ ਦੇਵੇ। ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਸਾਰਿਆਂ ਨੇ ਧੌਣਾਂ ਨੀਵੀਆਂ ਪਾ ਲਈਆਂ ਤੇ ਚੁੱਪ ਹੋ ਗਏ। ਸਤਿਗੁਰੂ ਕਲਗੀਧਰ ਜੀ ਨੇ ਮੁੜ ਦੁਬਾਰਾ ਸਿੱਖਾਂ ਨੂੰ ਸੰਬੋਧਨ ਕਰ ਕੇ ਕਿਹਾ ਕਿ ਸੌਖਾ ਹੁਕਮ ਤਾਂ ਤੁਸੀਂ ਸਾਰਿਆਂ ਨੇ ਬੜੀ ਸ਼ੀਘਰਤਾ ਨਾਲ ਮੰਨ ਲਿਆ। ਕੋਈ ਸਿੱਖ ਆਪਣੀ ਬੇਟੀ ਦਾ ਸਾਕ ਭਾਈ ਨੰਦ ਸਿੰਘ ਨੂੰ ਦੇਵੇ ਇਹ ਵੀ ਮੇਰਾ ਹੁਕਮ ਹੈ; ਤੁਸੀਂ ਇਸ ਨੂੰ ਕਿਉਂ ਨਹੀਂ ਮੰਨਦੇ? ਆਖ਼ਰ ਜਦੋਂ ਕਿਸੇ ਨੇ ਗੁਰੂ ਹੁਕਮ ਨਾ ਮੰਨਿਆ ਤਾਂ ਕੰਧਾਰ ਦੇ ਰਹਿਣ ਵਾਲਾ ਭਾਈ ਅਜਬ ਸਿੰਘ ਕੰਧਾਰੀ ਸੰਗਤਾਂ ਵਿੱਚੋਂ ਅੱਗੇ ਆਇਆ ਤੇ ਹੱਥ ਜੋੜ ਸਤਿਗੁਰਾਂ ਅੱਗੇ ਸਨਿਮਰ ਬੇਨਤੀ ਕੀਤੀ ਪਾਤਸ਼ਾਹ! ਭਾਈ ਨੰਦ ਸਿੰਘ ਦੇ ਸਾਕ ਕਰਨ ਲਈ ਮੇਰੀ ਕੰਨਯਾ ਹਾਜ਼ਰ ਹੈ। ਸਤਿਗੁਰੂ ਜੀ ਨੇ ਭਾਈ ਅਜਬ ਸਿੰਘ ਨੂੰ ਗਲਵੱਕੜੀ ਵਿੱਚ ਲੈ ਕੇ ਬਚਨ ਕੀਤਾ ਧੰਨ ਸਿੱਖੀ, ਧੰਨ ਸਿੱਖੀ ਪਰ ਅਜਬ ਸਿੰਘ ਤੇਰੇ ਵਰਗੇ ਵਿਰਲੇ ਹਨ ਜੋ ਹੁਕਮ ਦੀ ਕਮਾਈ ਕਰਦੇ ਹਨ। ਸੌਖਾ ਹੁਕਮ ਤਾਂ ਸਾਰੇ ਬੜੇ ਚਾਅ ਨਾਲ ਮੰਨਦੇ ਹਨ ਪਰ ਜਦੋਂ ਔਖਾ ਹੁਕਮ ਮੰਨਣਾ ਪਵੇ ਤਾਂ ਬਹੁਤੇ ਪਿੱਠ ਮੋੜ ਜਾਂਦੇ ਹਨ। ਮਨੁੱਖ ਆਪਣੇ ਮਨ ਦੀ ਮਰਜ਼ੀ ਦਾ ਹੁਕਮ ਬਹੁਤ ਜਲਦੀ ਮੰਨਦਾ ਹੈ ਪਰ ਅਸਲੀ ਹੁਕਮੀ ਬੰਦਾ ਕੋਈ ਵਿਰਲਾ ਹੈ। ਸਤਿਗੁਰੂ ਜੀ ਨੇ ਬਚਨ ਕੀਤਾ ਭਾਈ ਸਿੱਖੋ! ਖਸਮ ਮਾਲਕ ਨੂੰ ਉਹ ਹੀ ਚੰਗਾ ਲਗਦਾ ਹੈ, ਜੋ ਗੁਰੂ ਦੇ ਹਰ ਹੁਕਮ ਨੂੰ ਬਿਨਾਂ ਹੀਲ ਹੁੱਜਤ ਸੱਤ ਕਰਕੇ ਮੰਨਦਾ ਹੈ। ਭਾਈ ਗੁਰਦਾਸ ਜੀ ਗਵਾਹੀ ਦਿੰਦੇ ਹਨ:-

**ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ॥**
**ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ॥**

ਭਾਈ ਗੁਰਦਾਸ ਜੀ, ਵਾਰ: ੨੯, ਪਉੜੀ ੧੩

ਸਤਿਗੁਰੂ ਨਾਨਕ ਪਾਤਸ਼ਾਹ ਜੀ ਆਸਾ ਦੀ ਵਾਰ ਅੰਦਰ ਫੁਰਮਾਨ ਕਰਦੇ ਹਨ ਕਿ ਜੋ ਗੁਰੂ ਦਾ ਹੁਕਮ ਮੰਨਦਾ ਹੈ ਉਹ ਗੁਰੂ ਦੀ ਨਿਗਾਹ ਵਿੱਚ ਪ੍ਰਵਾਣ ਚੜ੍ਹ, ਪਰਮਾਤਮਾਂ ਦੇ ਨਿੱਜ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ। ਅਜਿਹਾ ਹੁਕਮੀ ਬੰਦਾ ਮਨ ਇੱਛਤ ਫਲ ਪ੍ਰਾਪਤ ਕਰ ਪ੍ਰਭੂ ਦਰਗਾਹ ਵਿੱਚ ਮਾਣ ਸਤਿਕਾਰ ਦਾ ਸਿਰੋਪਾ ਪ੍ਰਾਪਤ ਕਰਦਾ ਹੈ। ਸਾਹਿਬਾਂ ਦਾ ਬਚਨ ਹੈ:-

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**
**ਤਾ ਦਰਗਹ ਪੈਧਾ ਜਾਇਸੀ ॥੧੫॥**

ਮ: ੧, ਅੰਗ: ੪੭੧

ਤੀਸਰੇ ਗੁਰਦੇਵ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਬਚਨਾਂ ਦੀ ਪ੍ਰੋੜਤਾ ਹਿਤ ਬਸੰਤ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਗੁਰੂ ਦਾ ਹੁਕਮ ਮੰਨਣ ਵਾਲਾ ਹੁਕਮੀ ਬੰਦਾ ਗੁਰੂ ਦੀ ਨਜ਼ਰ ਵਿੱਚ ਪ੍ਰਵਾਣ ਚੜ੍ਹ ਜਾਂਦਾ ਹੈ ਤੇ ਗੁਰੂ ਹੁਕਮ ਮੰਨਣ ਦੀ ਬਰਕਤ ਨਾਲ ਉਹ ਪਰਮਾਤਮਾਂ ਦੀ ਦਰਗਾਹ ਵਿੱਚ ਆਦਰ ਮਾਣ ਪਾਉਂਦਾ ਹੈ। ਆਪ ਦਾ ਫੁਰਮਾਨ ਹੈ:-

**ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥**

ਬਸੰਤੁ ਮ: ੩, ਅੰਗ: ੧੧੭੫

ਭਾਈ ਸਿੱਖੋ! ਅਸਲੀ ਹੁਕਮ ਤੇ ਭਾਈ ਅਜਬ ਸਿੰਘ ਕੰਧਾਰੀ ਨੇ ਮੰਨਿਆ ਹੈ। ਭਾਈ ਅਜਬ ਸਿੰਘ ਹੁਕਮੀ ਬੰਦਾ ਹੈ, ਜਿਸ ਨੇ ਸਾਡੇ ਹੁਕਮ ਕਰਨ ਤੇ ਭਾਈ ਨੰਦ ਸਿੰਘ ਨੂੰ ਆਪਣੀ ਕੰਨਿਆ ਦਾ ਦਾਨ ਕੀਤਾ ਤੇ ਭਾਈ ਨੰਦ ਸਿੰਘ ਦਾ ਘਰ ਵਸਾਇਆ ਹੈ। ਸਤਿਗੁਰੂ ਜੀ ਨੇ ਭਾਈ ਨੰਦ ਸਿੰਘ ਦਾ ਭਾਈ ਅਜਬ ਸਿੰਘ ਦੀ ਬੱਚੀ ਨਾਲ ਅਨੰਦ ਪੜ੍ਹਾ ਸੁਭਾਗੀ ਜੋੜੀ ਨੂੰ ਤੇ ਭਾਈ ਅਜਬ ਸਿੰਘ ਕੰਧਾਰੀ ਨੂੰ ਅਸੀਸਾਂ ਬਖਸ਼ਿਸ਼ ਕੀਤੀਆਂ।

ਜਦੋਂ ਆਪਾਂ ਇਸ ਸਾਖੀ ਨੂੰ ਵਾਚਦੇ ਹਾਂ ਤਾਂ ਸੁਤੇ ਸਿੱਧ ਭਾਈ ਸੁਥਰੇ ਸ਼ਾਹ ਜੀ, ਜੋ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਬੜੇ ਕਮਾਈ ਵਾਲੇ ਗੁਰਸਿੱਖ ਹੋਏ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਿਹਰ ਦੇ ਪਾਤਰ ਸਨ ਤੇ ਕਲਗੀਧਰ ਜੀ ਦੇ ਸਮੇਂ ਤੱਕ ਗੁਰੂ ਘਰ ਦੀ ਸੇਵਾ ਕਰਦੇ ਰਹੇ, ਦੀ ਯਾਦ ਸਿਮ੍ਰਤੀ ਵਿੱਚ ਆ ਜਾਂਦੀ ਹੈ। ਭਾਈ ਸੁਥਰਾ ਜੀ ਆਪਣੇ ਵਿਅੰਗਮਈ ਢੰਗ ਨਾਲ ਗੁਰਮਤਿ ਦੀਆਂ ਰਹੱਸਮਈ ਕਈ ਗੰਢਾਂ ਖੋਹਲਦੇ ਸਨ। ਭਾਈ ਸੁਥਰੇ ਸ਼ਾਹ ਜੀ ਦੇ ਜੀਵਨ ਦੀ ਇੱਕ ਘਟਨਾ ਇਸ ਤਰ੍ਹਾਂ ਵਾਪਰੀ ਕਿ ਸ਼ਹਿਰ ਦੇ ਵਿੱਚ ਇੱਕ ਹਲਵਾਈ ਦੀ ਦੁਕਾਨ ਸੀ। ਸੁਥਰਾ ਜੀ ਉਸ ਦੁਕਾਨ ਤੋਂ ਹਰ ਰੋਜ਼ ਮਠਿਆਈ ਲੈ ਕੇ ਅਤੇ ਅੱਧਾ ਕਿੱਲੋ ਦੁੱਧ ਗਰਮ ਕਰਵਾ ਕੇ ਉਥੇ ਬੈਠ ਕੇ ਖਾ ਪੀ ਲੈਂਦੇ ਤੇ ਦੁਕਾਨਦਾਰ ਪਾਸ ਹਿਸਾਬ ਲਿਖਾਈ ਜਾਂਦੇ। ਹਫ਼ਤੇ ਬਾਅਦ ਜਦੋਂ ਦੁਕਾਨਦਾਰ ਨੇ ਦੁੱਧ ਦੇ ਪੈਸੇ ਮੰਗੇ ਤਾਂ ਸੁਥਰਾ ਜੀ ਨੇ ਦੁਕਾਨਦਾਰ ਨੂੰ ਪੈਸੇ ਦੇਣ ਤੋਂ ਨਾਹ ਕਰ ਦਿੱਤੀ। ਅਖ਼ੀਰ ਉਹ ਦੁਕਾਨਦਾਰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੇਸ਼ ਹੋਇਆ ਤੇ ਸੁਥਰਾ ਜੀ ਦੀ ਸ਼ਿਕਾਇਤ ਕੀਤੀ ਕਿ ਭਾਈ ਸੁਥਰਾ ਮੇਰੇ ਕੋਲੋਂ ਇੱਕ ਹਫ਼ਤਾ ਹਰ ਰੋਜ ਅੱਧਾ ਕਿੱਲੋ ਦੁੱਧ ਗਰਮ ਕਰਾ ਕੇ ਪੀਂਦਾ ਅਤੇ ਮਠਿਆਈ ਲੈ ਕੇ ਖਾਂਦਾ ਰਿਹਾ ਹੈ। ਹਫ਼ਤੇ ਬਾਅਦ ਮੈਂ ਜਦੋਂ ਪੈਸੇ ਮੰਗੇ ਤਦ ਉਸ ਨੇ ਪੈਸੇ ਦੇਣ ਤੋਂ ਨਾਹ ਕਰ ਦਿੱਤੀ। ਕਿਰਪਾ ਕਰੋ ਮੇਰੇ ਪੈਸੇ ਸੁਥਰੇ ਪਾਸੋਂ ਦਿਵਾ ਦਿਉ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਭੇਜ ਕੇ ਸੁਥਰੇ ਨੂੰ ਸੱਦ ਘੱਲਿਆ। ਸੁਥਰਾ ਜੀ, ਸਤਿਗੁਰਾਂ ਨੂੰ ਨਮਸਕਾਰ

ਕਰਕੇ ਸਾਹਿਬਾਂ ਦੇ ਸਨਮੁਖ ਖਲੋ ਗਏ ਤੇ ਬਚਨ ਕੀਤਾ ਸਤਿਗੁਰੂ ਜੀ! ਕੀ ਹੁਕਮ ਹੈ? ਬੰਦੀ ਛੋੜ ਸਤਿਗੁਰੂ ਜੀ ਨੇ ਸੁਥਰੇ ਨੂੰ ਸੰਬੋਧਨ ਕਰਕੇ ਬਚਨ ਕੀਤਾ ਕਿ ਇਹ ਹਲਵਾਈ ਤੇਰੀ ਸ਼ਿਕਾਇਤ ਲੈ ਕੇ ਸਾਡੇ ਪਾਸ ਆਇਆ ਹੈ ਤੇ ਕਹਿੰਦਾ ਹੈ ਕਿ ਸੁਥਰਾ ਅੱਧਾ ਕਿੱਲੋ ਦੁੱਧ ਤੇ ਮਠਿਆਈ ਹਰ ਰੋਜ਼ ਖਾਂਦਾ ਰਿਹਾ ਹੈ ਤੇ ਜਦੋਂ ਹੁਣ ਇਸ ਨੇ ਪੈਸੇ ਮੰਗੇ ਤਦ ਤੂੰ ਇਸ ਦੁਕਾਨਦਾਰ ਨੂੰ ਪੈਸੇ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸਤਿਗੁਰੂ ਜੀ ਨੇ ਦੁਕਾਨਦਾਰ ਨੂੰ ਖੜਾ ਕਰਕੇ ਪੁੱਛਿਆ ਕਿਉਂ ਹਲਵਾਈ ਤੇਰੀ ਇਹੀ ਫਰਿਆਦ ਹੈ ਨਾ? ਹਲਵਾਈ ਨੇ ਕਿਹਾ ਸਤਿਗੁਰੂ ਜੀ! ਬਿਲਕੁਲ ਮੇਰੀ ਇਹੀ ਫਰਿਆਦ ਹੈ। ਸੁਥਰਾ ਮੇਰੇ ਹਫ਼ਤੇ ਦੇ ਦੁੱਧ ਤੇ ਮਠਿਆਈ ਦੇ ਪੈਸੇ ਦੇਣ ਤੋਂ ਮੁਨਕਰ ਹੋ ਗਿਆ ਹੈ। ਸਤਿਗੁਰੂ ਜੀ ਨੇ ਮੁੜ ਸੁਥਰੇ ਨੂੰ ਪੁੱਛਿਆ ਸੁਥਰਿਆ! ਤੂੰ ਇਸ ਦੁਕਾਨਦਾਰ ਦੇ ਪੈਸੇ ਕਿਉਂ ਨਹੀਂ ਦਿੱਤੇ? ਸੁਥਰਾ ਜੀ ਕਹਿਣ ਲੱਗੇ ਪਾਤਸ਼ਾਹ! ਮੈਂ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਹੁਕਮ ਦੀ ਪਾਲਣਾ ਕਰਕੇ ਪੈਸੇ ਦੇਣ ਤੋਂ ਇਨਕਾਰ ਕੀਤਾ ਹੈ। ਸਤਿਗੁਰੂ ਜੀ ਸੁਥਰੇ ਨੂੰ ਪੁੱਛਣ ਲੱਗੇ, ਉਹ ਕਿਹੜਾ ਹੁਕਮ ਗੁਰੂ ਨਾਨਕ ਪਾਤਸ਼ਾਹ ਜੀ ਦਾ ਗੁਰਬਾਣੀ ਵਿੱਚ ਹੈ ਜੋ ਕਿਸੇ ਦੇ ਪੈਸੇ ਦੇਣ ਤੋਂ ਮੁਨਕਰ ਹੋਣ ਲਈ ਕਹਿੰਦਾ ਹੈ? ਤਦ ਸੁਥਰਾ ਜੀ ਕਹਿਣ ਲੱਗੇ ਸਤਿਗੁਰੂ! ਜਪੁਜੀ ਸਾਹਿਬ ਅੰਦਰ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ "**ਕੇਤੇ ਲੈ ਲੈ ਮੁਕਰ ਪਾਹਿ॥**" ਮੈਂ ਤਾਂ ਇਹਦੇ ਦੁੱਧ ਦੇ ਪੈਸਿਆਂ ਤੋਂ ਹੀ ਮੁਨਕਰ ਹੋਇਆ ਹਾਂ, ਸਤਿਗੁਰੂ ਜੀ ਤਾਂ ਕਹਿੰਦੇ ਹਨ ਕਿ ਸੰਸਾਰ ਵਿੱਚ ਕਿਤਨੇ ਹੀ ਮਨੁੱਖ ਅਜਿਹੇ ਹਨ ਜੋ ਲੋਕਾਂ ਕੋਲੋਂ ਨਗਦ ਪੈਸੇ ਲੈ ਕੇ ਮੁੱਕਰ ਜਾਂਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੁਸਕਰਾਏ ਤੇ ਸੁਥਰੇ ਨੂੰ ਕਹਿਣ ਲੱਗੇ ਸੁਥਰਿਆ ਅਗਲੀ ਪੰਕਤੀ ਪੜ੍ਹ, ਜੋ ਸੰਸਾਰ ਤੇ ਕਰਤਾਰ ਕੋਲੋਂ ਲੈ ਕੇ ਮੁਨਕਰ ਹੋ ਜਾਂਦੇ ਹਨ ਉਹ "**ਕੇਤੇ ਮੂਰਖ ਖਾਹੀ ਖਾਹਿ॥**" ਦੀ ਕਾਰ ਕਰਕੇ ਮੂਰਖਾਂ ਦੇ ਟੋਲੇ ਦੇ ਮੈਂਬਰ ਗਿਣੇ ਜਾਂਦੇ ਹਨ। ਗੁਰਸਿੱਖ ਨੇ ਸਾਫ਼ ਸੁਥਰਾ ਵਿਹਾਰ ਰੱਖ ਕੇ ਸੰਸਾਰ ਵਿੱਚ ਆਪਣੀ ਸਚਿਆਰਤਾ ਦਾ ਪ੍ਰਗਟਾਵਾ ਕਰਨਾ ਹੈ ਤੇ ਦੇਣਹਾਰ ਦਾਤਾਰ ਦਾ ਧੰਨਵਾਦ ਕਰਕੇ ਕਰਤਾਰ ਦੇ ਸ਼ੁਕਰਗੁਜਾਰ ਬਣਨਾ ਹੈ। ਸਤਿਗੁਰਾਂ ਦਾ ਬਚਨ ਸੁਣ ਕੇ ਸੁਥਰਾ ਕਹਿਣ ਲੱਗਾ ਪਾਤਸ਼ਾਹ! ਮੈਂ ਤਾਂ ਆਪ ਜੀ ਦਾ ਸੌਖਾ ਜਿਹਾ ਹੁਕਮ ਮੰਨ ਲਿਆ, ਸਾਰੇ ਹੁਕਮ ਮੈਂ ਹੀ ਥੋੜੇ ਮੰਨਣੇ ਹਨ? ਆਹ ਸਾਹਮਣੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਬੈਠੇ ਹਨ ਅਗਲਾ ਹੁਕਮ ਮੰਨਣ ਵਾਸਤੇ ਮੈਂ ਉਨ੍ਹਾਂ ਲਈ ਛੱਡ ਦਿੱਤਾ ਹੈ। ਸਤਿਗੁਰੂ ਜੀ ਨੇ ਦੁਕਾਨਦਾਰ ਨੂੰ ਖਜਾਨਚੀ ਪਾਸੋਂ ਪੈਸੇ ਦੁਆ ਦਿੱਤੇ ਤੇ ਸਿੱਖਾਂ ਨੂੰ ਸੰਕੇਤ ਦਿੱਤਾ ਸਿੱਖੋ! ਸੁਥਰੇ ਦੇ ਇਨ੍ਹਾਂ ਵਿਅੰਗਮਈ ਬਚਨਾਂ ਤੋਂ ਸੇਧ ਲਵੋ ਜੇ ਗੁਰੂ ਦਾ ਹੁਕਮ ਮੰਨ ਕੇ ਗੁਰੂ ਦੀ ਖੁਸ਼ੀ ਪ੍ਰਾਪਤ ਕਰਨੀ ਹੈ ਤਾਂ ਸੰਪੂਰਨ ਗੁਰੂ ਦਾ ਹੁਕਮ ਮੰਨਿਆ ਕਰੋ। ਆਪਣੀ

ਮਰਜੀ ਦਾ ਹੁਕਮ ਜੋ ਤੁਹਾਨੂੰ ਚੰਗਾ ਲਗਦਾ ਹੋਵੇ, ਸੌਖੇ ਜਿਹੇ ਹੁਕਮ ਦੀ ਅੱਧ-ਕੱਚੀ ਕਮਾਈ ਨਾ ਕਰਿਆ ਕਰੋ। ਇਸ ਤਰ੍ਹਾਂ ਕਰਨ ਨਾਲ ਸਤਿਗੁਰੂ ਜੀ ਦੀ ਪ੍ਰਸੰਨਤਾ ਨਹੀਂ ਹੁੰਦੀ।

ਜਿਵੇਂ ਤੁਸੀਂ ਨੰਦ ਸਿੰਘ ਦੇ ਚਪੇੜਾਂ ਮਾਰਨ ਤਾਂ ਸਾਰੇ ਨੱਸ ਪਏ ਤੇ ਇੱਕ ਚਪੇੜ ਦੀ ਥਾਂ ਕਈਆਂ ਨੇ ਦੋ-ਦੋ ਤਿੰਨ-ਤਿੰਨ ਘਸੁੰਨ ਵੀ ਮਾਰ ਦਿੱਤੇ ਪਰ ਜਦੋਂ ਅਸੀਂ ਨੰਦ ਸਿੰਘ ਨੂੰ ਆਪਣੀ ਬੱਚੀ ਦੇਣ ਦਾ ਹੁਕਮ ਕੀਤਾ ਤਾਂ ਸਾਰੇ ਚੁੱਪ ਹੋ ਕੇ ਮਾਨੋਂ ਸੁਥਰੇ ਵਾਂਗ ਕਹਿ ਰਹੇ ਹੋਣ ਕਿ ਸਤਿਗੁਰੂ ਸਾਰੇ ਹੁਕਮ ਅਸੀਂ ਥੋੜੇ ਮੰਨੀ ਜਾਣੇ ਹਨ। ਔਖੇ ਹੁਕਮ ਅਜਬ ਸਿੰਘ ਕੰਧਾਰੀ ਵਰਗੇ ਜੋ ਮੰਨਣ ਲਈ ਬੈਠੇ ਹਨ।

ਪਰ ਯਾਦ ਰੱਖੋ ਸਤਿਗੁਰੂ ਜਾਣੀ ਜਾਣ ਪ੍ਰਮੇਸ਼ਰ ਸਰੂਪ ਹਨ। ਉਸ ਦੇ ਅੱਗੇ ਹੁਕਮ ਮੰਨਣ ਦਾ ਦੋਹਰਾ ਮਾਪ ਦੰਡ ਨਹੀਂ ਚਲਦਾ। ਗੁਰੂ ਦੀ ਖੁਸ਼ੀ ਤਾਂ ਅੰਦਰਹੁ ਬਾਹਰੋਂ ਹੁਕਮੀ ਬੰਦੇ ਬਣਨ ਵਿੱਚ ਹੀ ਪ੍ਰਾਪਤ ਹੋਣੀ ਹੈ। ਅੱਜ ਵੀ ਬਾਬਾ ਫਰੀਦ ਜੀ ਦੇ ਫੁਰਮਾਨ ਅਨੁਸਾਰ ਜਦੋਂ ਆਪਾਂ:-

**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥**

ਸਲੋਕ ਫਰੀਦ ਜੀ, ਅੰਗ: ੧੩੭੮

ਦੀ ਬਿਰਤੀ ਨਾਲ ਪੜਚੋਲ ਕਰਾਂਗੇ। ਸਾਡੀ ਦਸ਼ਾ ਵੀ ਚਪੇੜਾਂ ਮਾਰਨ ਵਾਲੇ ਸਿੱਖਾਂ ਵਰਗੀ ਹੀ ਨਜ਼ਰ ਆਵੇਗੀ। ਅਜਬ ਸਿੰਘ ਕੰਧਾਰੀ ਵਰਗੀ ਬਿਰਤੀ ਸਾਡੀ ਨਹੀਂ ਬਣੀ। ਜਿਸ ਦੀ ਬਣ ਗਈ ਹੋਵੇ ਉਸ ਨੂੰ ਬਾਰੰ-ਬਾਰ ਨਮਸਕਾਰ ਹੈ।

ਸਤਿਗੁਰੂ ਜੀ ਸਮੇਂ ਸਮੇਂ ਅਜਿਹੇ ਕੌਤਕ ਵਰਤਾ ਕੇ ਸਾਡੇ ਅੰਦਰ ਦੀ ਦਸ਼ਾ ਦੇਖਣ ਲਈ ਸਾਖੀ ਦਾ ਦਰਪਣ ਸਾਡੇ ਸਾਹਵੇਂ ਰੱਖ ਕੇ ਸਾਨੂੰ ਆਪਣੇ ਅਸਲੀ ਆਪੇ ਦੀ ਪੜਚੋਲ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਜੋ ਆਪਾ ਪੜਚੋਲ ਬਿਰਤੀ ਦੁਆਰਾ ਆਪਣੀਆਂ ਕਮੀਆਂ ਵੇਖ ਕੇ ਉਸ ਨੂੰ ਦੂਰ ਕਰ, ਗੁਣ ਗ੍ਰਹਿਣ ਕਰਨ ਦੀ ਬਿਰਤੀ ਧਾਰਨ ਕਰ ਲੈਂਦਾ ਹੈ; ਉਹ ਗੁਰਮੁਖ ਆਪਣਾ ਜਨਮ ਸਵਾਰ ਕੇ ਦਰਗਾਹ ਵਿੱਚ ਪ੍ਰਵਾਨਗੀ ਪ੍ਰਾਪਤ ਕਰ ਲੈਂਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਸਾ ਰਾਗ ਅੰਦਰ ਦੋ ਤੁਕਾਂ ਉਚਾਰਨ ਕਰਕੇ ਹੁਕਮ ਰਜਾਈ ਨੂੰ ਕੀ ਮਿਲਦਾ ਹੈ ਤੇ ਮਨ ਮਰਜੀ ਦੇ ਹੁਕਮ ਕਮਾਉਣ ਵਾਲੇ ਦਾ ਕੀ ਹਸ਼ਰ ਹੁੰਦਾ ਹੈ, ਅੰਕਤ ਕੀਤੀਆਂ ਹਨ। ਹੁਕਮ ਰਜਾਈ ਬੰਦਾ ਤਾਂ ਪ੍ਰਮਾਤਮਾਂ ਦੇ ਖਜਾਨੇ ਵਿੱਚ ਖਰੇ ਸਿੱਕੇ ਵਾਂਗ ਪ੍ਰਵਾਨ ਹੋ ਜਾਂਦਾ ਹੈ। ਮਨ ਮਰਜੀ ਦੇ ਹੁਕਮ ਮੰਨਣ ਵਾਲੇ ਖੋਟਿਆਂ ਸਿੱਕਿਆਂ ਵਾਂਗ ਖੋਟੇ ਜਾਣ ਕੇ ਜੂਠ ਵਿੱਚ ਭਾਵ ਖੋਟ ਵਾਲੇ ਸਿੱਕਿਆਂ ਵਿੱਚ ਸੁੱਟੇ ਜਾਂਦੇ ਹਨ। ਆਪ ਦਾ ਬੜਾ ਪਿਆਰਾ ਬਚਨ ਹੈ:-

**ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥**

**ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥੪॥**

ਆਸਾ ਮ: ੧, ਅੰਗ: ੪੨੧

ਅੱਜ ਅਨੰਦਪੁਰ ਦੀ ਧਰਤੀ ਪੁਕਾਰ ਪੁਕਾਰ ਕੇ ਹੁਕਮ ਮੰਨਣ ਲਈ ਪ੍ਰੇਰਨਾ ਕਰ ਰਹੀ ਹੈ ਕਿ ਜੋ ਹੁਕਮ ਨੂੰ ਬੁੱਝ ਕੇ, ਮੰਨ ਕੇ ਜੀਵਨ ਬਤੀਤ ਕਰੇਗਾ ਉਹ ਪ੍ਰਮਾਤਮਾਂ ਦੇ ਦਿੱਤੇ ਆਤਮਿਕ ਰੰਗ-ਰਸ ਨੂੰ ਮਾਣੇਗਾ। ਉਹ ਸੇਵਕ ਸੰਪੂਰਨ ਰੂਪ ਵਿੱਚ ਗੁਰੂ-ਹੁਕਮ ਮੰਨਣ ਦੀ ਬਰਕਤ ਨਾਲ ਨਿਰਬਾਣ ਪਦ ਦੀ ਪ੍ਰਾਪਤੀ ਨੂੰ ਪ੍ਰਾਪਤ ਕਰੇਗਾ। ਸਾਹਿਬਾਂ ਦਾ ਫੁਰਮਾਨ ਹੈ:-

**ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ [੧]ਨਿਰਬਾਣੇ ॥੨॥**

ਆਸਾ ਮ: ੫, ਅੰਗ: ੩੯੫

---

੧.ਵਾਸ਼ਨਾ ਰਹਿਤ

# ੨੯
# ਨਿਰੇ ਭੇਖ ਦਾ ਹਸ਼ਰ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ:-

**[1]ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥**

ਮ:੫, ਅੰਗ: ੩੮੧

ਸੰਸਾਰ ਵਿਚ ਭੇਖ ਹੋਵੇ ਜਾਂ ਮੁਲੰਮਾ ਜਾਂ ਮਨੁੱਖ ਦਾ ਦੋਗਲਾ-ਪਨ, ਬਹੁਤਾ ਚਿਰ ਨਹੀਂ ਚਲਦਾ। ਜਿਹੋ ਜਿਹਾ ਮਨੁੱਖ ਅੰਦਰੋਂ ਹੈ ਉਹੋ ਜਿਹਾ ਬਾਹਰੋਂ ਵਰਤਾਰਾ ਕਰੇ ਅਜਿਹੇ ਮਨੁੱਖ ਦਾ ਸੰਸਾਰ ਵਿੱਚ ਮਾਣ ਸਤਿਕਾਰ ਵੀ ਸਦੀਵੀਂ ਬਣਿਆ ਰਹਿੰਦਾ ਹੈ ਤੇ ਭਰੋਸਾ ਪ੍ਰਤੀਤ ਵੀ ਸਦੀਵੀਂ ਰਹਿੰਦੀ ਹੈ ਪਰ ਜਿਹੜਾ ਭਗਤ ਫਰੀਦ ਜੀ ਦੇ ਬਚਨ ਅਨੁਸਾਰ "**ਜਿਨੁ ਮਨਿ ਹੋਰੁ ਮੁਖਿ ਹੋਰੁ**" ਦੀ ਕਾਰ ਕਰਦਾ ਹੈ, ਅਜਿਹੇ ਕੱਚੇ ਮਨੁੱਖ ਦਾ ਪਾਜ ਬਹੁਤ ਛੇਤੀ ਉੱਘੜ ਜਾਂਦਾ ਹੈ। ਅੰਦਰੋਂ ਬਾਹਰੋਂ ਇੱਕ ਹੋਣ ਲਈ ਕਮਾਈ ਕਰਨੀ ਪੈਂਦੀ ਹੈ ਪਰ ਮਨੁੱਖ ਕਮਾਈ ਕਰਨ ਤੋਂ ਕੰਨੀ ਕਤਰਾਉਂਦਾ ਹੈ। ਕਰਣੀ-ਕਮਾਈ ਵਾਲਿਆਂ ਦਾ ਸਤਿਕਾਰ-ਮਾਣ ਹੁੰਦਾ ਵੇਖ ਕਮਾਈ ਕਰਨ ਦੀ ਥਾਂ ਕਰਣੀ ਵਾਲਿਆਂ ਦਾ ਭੇਖ ਧਾਰਣ ਕਰਕੇ ਲੁਕਾਈ ਨੂੰ ਧੋਖਾ ਦੇ ਕੇ ਮਨੁੱਖ ਮਾਇਆ ਹੱਥ ਵਿੱਕ ਜਾਂਦਾ ਹੈ ਤੇ ਸਤਿਗੁਰੂ ਅਮਰਦਾਸ ਜੀ ਦੀ ਉਚਾਰਣ ਕੀਤੀ ਸੱਚਾਈ ਨੂੰ ਭੁੱਲ ਜਾਂਦਾ ਹੈ ਕਿ ਜੋ ਮਨੁੱਖ ਕਰਣੀ ਵਾਲਿਆਂ ਦੀ ਨਿਰਾ ਰੀਸ ਹੀ ਕਰਦਾ ਹੈ ਉਸ ਨੂੰ ਹਮੇਸ਼ਾ ਖੁਆਰ ਹੋਣਾ ਪੈਂਦਾ ਹੈ। ਆਪ ਜੀ ਦਾ ਫੁਰਮਾਨ ਹੈ:-

**ਉਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ।।੫।।**

ਮ:੩, ਅੰਗ: ੬੩੮

ਗੁਰਮਤਿ ਵਿੱਚ ਸਤਿਗੁਰਾਂ ਨੇ ਹਰ ਪ੍ਰਕਾਰ ਦੀ ਬਨਾਵਟ, ਭੇਖ ਤੇ ਮੁਲੰਮਾ ਕਰਨ ਤੋਂ ਬੜੇ ਜ਼ੋਰਦਾਰ ਸ਼ਬਦਾਂ ਨਾਲ ਵਰਜਿਆ ਹੈ। ਕਲਗੀਧਰ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਕਿ ਜੋ ਸਿੱਖ ਗੁਰਸਿੱਖੀ ਦੀ ਰਹਿਣੀ ਵਿੱਚ ਪਰਪੱਕ ਨਹੀਂ, ਨਿਰਾ ਭੇਖ ਧਾਰਨ ਕਰਕੇ ਸੰਸਾਰ ਅੰਦਰ ਆਪਣੇ ਆਪ ਨੂੰ ਗੁਰੂ ਕਾ ਸਿੱਖ ਪ੍ਰਗਟ ਕਰਦਾ ਹੈ ਤੇ ਲੋਕਾਂ ਪਾਸੋਂ ਵਾਹਵਾ ਖੱਟਣ ਦਾ ਜਤਨ ਕਰਦਾ ਹੈ, ਅਜਿਹੇ

੧.ਖੋਟਾ ਰੁਪਈਆ ਜਦੋਂ ਸਰਾਫ਼ ਦੀ ਨਿਗ੍ਹਾ ਵਿੱਚ ਆ ਜਾਂਦਾ ਹੈ ਉਸ ਦਾ ਖੋਟਾ ਪੁਣਾ ਪ੍ਰਗਟ ਹੋ ਜਾਂਦਾ ਹੈ।

ਭੇਖਧਾਰੀ ਨੂੰ ਅਖ਼ੀਰ ਸਮੇਂ ਛੁਰੀਆਂ ਨਾਲ ਕੱਟਣ ਦਾ ਦੁੱਖ ਸਹਾਰਨਾ ਪੈਂਦਾ ਹੈ ਤੇ ਅਜਿਹੇ ਭੇਖੀ ਦਾ ਨਰਕਾਂ ਵਿੱਚ ਵਾਸਾ ਹੁੰਦਾ ਹੈ। ਸਾਹਿਬਾਂ ਦਾ ਬਚਨ ਹੈ:-

**ਭੇਖ ਦਿਖਾਇ ਜਗਤ ਕੋ ਲੋਕਨ ਕੋ ਬਸਿ ਕੀਨ॥**
**ਅੰਤਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ॥**

ਕਿਉਂਕਿ ਜਦੋਂ ਇੱਕ ਭੇਖੀ ਦੇ ਭੇਖ ਦਾ ਪੜਦਾ ਉਘੜਦਾ ਹੈ ਤਾਂ ਅਨੇਕਾਂ ਦੇ ਅਕੀਦਿਆਂ ਨੂੰ ਸੱਟ ਵੱਜਦੀ ਹੈ। ਉਸ ਭੇਖੀ ਦੀ ਬਦੌਲਤ ਅਨੇਕਾਂ ਲੋਕ ਅਸਲੀਅਤ ਨਾਲੋਂ ਵੀ ਟੁੱਟ ਜਾਂਦੇ ਹਨ।

ਹਰ ਧਰਮ ਵਿੱਚ ਹੀ ਜਿਸ ਭੇਖ ਦੇ ਨਾਲ ਭਗਤੀ ਅਤੇ ਕਰਣੀ ਹੈ, ਤਦ ਉਹ ਭੇਖ ਵੀ ਪੂਜਿਆ ਜਾਂਦਾ ਹੈ। ਜੋ ਲੁਕਾਈ ਨੂੰ ਠੱਗਣ ਲਈ ਨਿਰਾ ਭੇਖ ਧਾਰਨ ਕਰਦਾ ਹੈ, ਭਗਤੀ ਅਤੇ ਕਰਣੀ ਤੋਂ ਸੱਖਣਾ ਹੈ, ਅਜਿਹਾ ਭੇਖੀ ਮਨੁੱਖ ਚੰਗੇ ਭੇਖ ਨੂੰ ਵੀ ਬਦਨਾਮ ਕਰਨ ਦਾ ਦੋਸ਼ੀ ਬਣਦਾ ਹੈ। ਇਸੇ ਕਰਕੇ ਬਾਬਾ ਕਬੀਰ ਜੀ ਨੇ ਆਸਾ ਰਾਗ ਅੰਦਰ ਉਨਾਂ ਭੇਖਧਾਰੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨਾਲ ਬਨਾਰਸ ਵਿੱਚ ਰਹਿੰਦਿਆਂ ਉਨ੍ਹਾਂ ਨੂੰ ਵਾਹ ਪਿਆ। ਆਪ ਨੂੰ ਵਾਹ ਪੈਣ ਨਾਲ ਪਤਾ ਚੱਲਿਆ ਕਿ ਇਹ ਲੋਕ ਬਾਹਰੋਂ ਵੇਖਣ ਨੂੰ ਤਾਂ ਪਹਿਰਾਵਾ ਸੰਤਾਂ ਵਾਲਾ ਪਹਿਨ ਕੇ ਪੂਰਨ ਸੰਤ ਲਗਦੇ ਹਨ ਪਰ ਕਰਣੀ ਕਰਤੂਤ ਇਨ੍ਹਾਂ ਦੀ ਨਿਰੋਲ ਠੱਗਾਂ ਵਾਲੀ ਹੈ।

ਆਪ ਜੀ ਆਸਾ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਗੰਗਾ ਨਦੀ ਦੇ ਕਿਨਾਰੇ ਬਨਾਰਸ ਧਰਤੀ, ਜਿਸ ਨੂੰ ਹਿੰਦੂ ਲੋਕ ਪਵਿੱਤ੍ਰ ਤੇ ਰਿਸ਼ੀਆਂ ਮੁਨੀਆਂ ਦੀ ਧਰਤੀ ਮੰਨਦੇ ਹਨ। ਇਥੇ ਇਨ੍ਹਾਂ ਲੋਕਾਂ ਨੇ ਸਾਢੇ ਤਿੰਨ-ਤਿੰਨ ਗਜਾਂ ਦੀਆਂ ਲਾਂਗੜ ਵਾਲੀਆਂ ਧੋਤੀਆਂ ਬੰਨੀਆਂ ਹੋਈਆਂ ਹਨ। ਤਿੰਨ-ਤਿੰਨ ਤਹਿਆਂ ਵਾਲੇ ਗਲ ਵਿੱਚ ਜਨੇਊ ਪਹਿਨੇ ਹੋਏ ਹਨ। ਇਨ੍ਹਾਂ ਨੇ ਆਪਣੇ ਗਲਾਂ ਵਿੱਚ ਇੱਕ ਨਹੀਂ ਦੋ-ਦੋ, ਤਿੰਨ-ਤਿੰਨ ਭਿੰਨ-ਭਿੰਨ ਤਰ੍ਹਾਂ ਦੀਆਂ ਮਾਲਾ ਪਹਿਨੀਆਂ ਹੋਇਆਂ ਹਨ। ਹੱਥਾਂ ਦੀ ਸੁੱਚਮਤਾ ਕਰਨ ਤੇ ਸੁੱਚਾ ਜਲ ਪੀਣ ਲਈ ਬੜੇ ਚਮਕਦੇ, ਲਿਸ਼ਕਾਂ ਮਾਰਦੇ ਇਨ੍ਹਾਂ ਹੱਥਾਂ ਵਿੱਚ ਲੋਟੇ ਫੜੇ ਹੋਏ ਹਨ। ਦੇਖਣ ਨੂੰ ਬੜੇ ਉੱਚ ਪਾਏ ਦੇ ਭਗਤ ਤੇ ਸੰਤ ਭਾਸਦੇ ਹਨ ਪਰ ਜਦੋਂ ਇਨ੍ਹਾਂ ਨਾਲ ਵਾਹ ਪੈਂਦਾ ਹੈ ਤੇ ਇਨ੍ਹਾਂ ਦੀ ਕਰਣੀ ਕਰਤੂਤ ਨੇੜੇ ਹੋ ਕੇ ਵੇਖੀ ਜਾਂਦੀ ਹੈ, ਤਦੋਂ ਇਨ੍ਹਾਂ ਨੂੰ ਸੰਤ ਕਹਿਣ ਨੂੰ ਚਿੱਤ ਨਹੀ ਕਰਦਾ, ਇਹ ਤਾਂ ਬਨਾਰਸ ਦੇ ਠੱਗ ਹਨ ਪਰ ਯਾਦ ਰੱਖੋ ਅਜਿਹੇ ਵਿਖਾਵੇ ਵਾਲੇ, ਕਰਣੀ ਕਰਤੂਤ ਤੋਂ ਨਿਰੇ ਕੋਰੇ ਸੰਤ ਕਹਾਉਣ ਵਾਲੇ ਪ੍ਰਮਾਤਮਾਂ ਨੂੰ ਚੰਗੇ ਨਹੀਂ ਲਗਦੇ। ਇਹ ਭੇਖੀ ਸੰਤ ਨਿਰਾ ਡਾਹਲੀਆਂ ਹੀ ਨਹੀਂ ਖਾਂਦੇ ਇਹ ਤਾਂ ਸਮੁੱਚਾ ਦਰਖਤ ਹੀ ਨਿਗਲ ਜਾਂਦੇ ਹਨ, ਭਾਵ ਕਿ ਇਹ ਇੰਨੇ ਲਾਲਚੀ ਹਨ।

ਜੋ ਮਨੁੱਖ ਇਨ੍ਹਾਂ ਦੇ ਝਾਂਸੇ ਵਿੱਚ ਆ ਜਾਂਦਾ ਹੈ, ਉਸ ਦਾ ਸਾਰਾ ਮਾਲ ਅਸਬਾਬ "ਹਰ ਚੰਦਉਰੀਆਂ" ਵਿਖਾ ਕੇ ਲੁੱਟ ਲੈਂਦੇ ਹਨ।

ਲੋਕ ਵਿਖਾਵੇ ਲਈ ਤੇ ਆਪਣੇ ਆਪ ਨੂੰ ਪਵਿੱਤ੍ਰ ਪ੍ਰਗਟ ਕਰਨ ਲਈ ਇਹ ਲੋਕ ਬਰਤਣਾਂ ਨੂੰ ਕਈ-ਕਈ ਵਾਰੀ ਮਾਂਜ ਕੇ ਰਸੋਈ ਬਨਾਉਣ ਲਈ ਚੁੱਲ੍ਹੇ ਤੇ ਚਾੜ੍ਹਦੇ ਹਨ। ਧਰਤੀ ਨੂੰ ਪੁੱਟ ਕੇ ਚੁੱਲ੍ਹਾ ਬਨਾਉਂਦੇ ਹਨ ਤੇ ਰਸੋਈ ਪਕਾਉਣ ਲਈ ਲੱਕੜੀਆਂ ਨੂੰ ਵੀ ਪਾਣੀ ਨਾਲ ਧੋ ਕੇ ਬਾਲਦੇ ਹਨ ਪਰ ਜੇ ਇਨ੍ਹਾਂ ਦੀ ਕਰਣੀ ਕਰਤੂਤ ਵੇਖੋ ਤਾਂ ਆਪਣੇ ਲਾਲਚ ਦੀ ਖਾਤਰ ਮਨੁੱਖ ਨੂੰ ਮਾਰ ਦੇਣਾ ਮਾਮੂਲੀ ਗੱਲ ਸਮਝਦੇ ਹਨ। ਅੰਦਰੋਂ ਅਜਿਹੇ ਨਿਰਦਈ ਲੋਕ ਹਨ। ਅਜਿਹੇ ਲੋਕ ਸੰਤਾਂ ਦੇ ਭੇਖ ਵਿੱਚ ਦਿਨ ਰਾਤ ਅਪਰਾਧ ਕਮਾਉਣ ਵਾਲੇ ਪਾਪੀ ਲੋਕ ਹਨ ਪਰ ਆਪਣੇ ਆਪ ਨੂੰ ਅਪਰਸ ਦਸਦੇ ਹਨ ਕਿ ਅਸੀਂ ਬੜੇ ਤਿਆਗੀ ਹਾਂ। ਸਾਨੂੰ ਕਿਸੇ ਪ੍ਰਕਾਰ ਦਾ ਲੋਭ ਲਾਲਚ ਨਹੀਂ, ਅਸੀਂ ਬੜੇ ਸੁੱਚੇ ਤੇ ਪਵਿੱਤ੍ਰ ਹਾਂ। ਬਾਹਰਲੇ ਭੇਖ ਦੇ ਅਭਿਮਾਨ ਕਾਰਣ ਉਹ ਛਾਤੀਆਂ ਚੌੜੀਆਂ ਕਰਕੇ ਸੰਸਾਰ ਵਿੱਚ ਬੜੇ ਹੰਕਾਰ ਨਾਲ ਵਿਚਰਦੇ ਹਨ। ਉਨ੍ਹਾਂ ਨੂੰ ਆਪਣੀ ਅੰਦਰਲੀ ਕਰਣੀ ਕਰਤੂਤ ਦੀ ਕੋਈ ਸ਼ਰਮ-ਸੰਗ ਹੀ ਮਹਿਸੂਸ ਨਹੀ ਹੁੰਦੀ ਪਰ ਭੇਖਧਾਰੀਓ! ਯਾਦ ਰਖੋ ਤੁਸੀਂ ਆਪ ਤਾਂ ਡੁੱਬਣਾ ਹੀ ਹੈ, ਆਪਣੇ ਸਾਰੇ ਪ੍ਰਵਾਰ ਨੂੰ ਵੀ ਆਪਣੇ ਨਾਲ ਡੋਬ ਲਵੋਗੇ। ਪੜ੍ਹੀਏ ਬਾਬਾ ਕਬੀਰ ਜੀ ਦਾ ਸ਼ਬਦ, ਜੋ ਨਿਰੇ ਭੇਖ ਨੂੰ ਪ੍ਰਗਟਾਉਂਦਾ ਹੈ:-

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**
**ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥**
**ਐਸੇ ਸੰਤ ਨ ਮੋ ਕਉ ਭਾਵਹਿ ॥**
**ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥**
**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**
**ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥**
**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥**
**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥**
**ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥**
**ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥**

ਆਸਾ ਕਬੀਰ ਜੀ, ਅੰਗ: ੪੭੬

ਹਾਂ, ਜੇ ਭੇਖ ਦੇ ਨਾਲ ਭਗਤੀ ਹੈ ਫਿਰ ਉਹ ਭੇਖ ਸੋਨੇ ਤੇ ਸੁਹਾਗਾ ਹੈ। ਭੇਖ ਕਰਕੇ ਭਗਤੀ ਦੀ ਕਦਰ ਹੁੰਦੀ ਹੈ ਤੇ ਭਗਤੀ ਕਰਕੇ ਭੇਖ ਦੀ ਕਦਰ ਹੁੰਦੀ ਹੈ।

ਭੇਖ ਅਤੇ ਭਗਤੀ ਦਾ ਆਪਸੀ ਨਹੁੰ-ਮਾਸ ਦਾ ਰਿਸ਼ਤਾ ਹੈ। ਜੇ ਭਗਤੀ ਵਾਲੇ ਨੇ ਭਗਤੀ ਵਾਲਾ ਭੇਖ ਨਹੀਂ ਧਾਰਿਆ ਉਹ ਵੀ ਮਾਰ ਖਾ ਜਾਂਦਾ ਹੈ। ਜੇ ਭੇਖ ਵਾਲਾ ਭਗਤੀ ਨਹੀਂ ਕਰਦਾ ਉਹ ਵੀ ਦੁੱਖ ਪਾਉਂਦਾ ਹੈ।

ਮੈਨੂੰ ਇੱਥੇ ਇੱਕ ਮੁਸਲਮਾਨ ਫ਼ਕੀਰ ਦੀ ਗਾਥਾ ਯਾਦ ਆਈ ਜਿਸ ਨੂੰ ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ। ਇਸ ਗਾਥਾ ਤੋਂ ਭੇਖ ਅਤੇ ਭਗਤੀ ਦੇ ਸੁਮੇਲ ਜਿਸ ਨੂੰ ਗੁਰਮਤਿ ਵਿੱਚ ਬਾਣੀ ਤੇ ਬਾਣੇ ਦਾ ਨਾਉਂ ਦਿੱਤਾ ਗਿਆ ਹੈ ਦੀ ਮਹਾਨਤਾ ਦਾ ਸ਼ਾਇਦ ਥੋੜ੍ਹਾ ਪਤਾ ਚੱਲ ਜਾਵੇ। ਫ਼ਕੀਰ ਆਪਣੀ ਮੌਜ਼ ਨਾਲ ਨਗਰ ਵੱਲ ਪੇਟ ਦੀ ਪੂਰਤੀ ਕਰਨ ਵਾਸਤੇ ਗਜਾ ਕਰਨ ਤੁਰਿਆ ਜਾ ਰਿਹਾ ਸੀ। ਫ਼ਕੀਰ ਕਰਣੀ ਵਾਲਾ ਸੀ। ਰਸਤੇ ਵਿੱਚ ਕੁਝ ਬੱਚੇ ਖਿੱਦੂ-ਖੂੰਡੀ ਖੇਡ ਰਹੇ ਸਨ। ਉਨ੍ਹਾਂ ਬੱਚਿਆਂ ਵਿੱਚੋਂ ਕਿਸੇ ਨੇ ਕਮੀਜ਼ ਪਾਈ ਹੋਈ ਸੀ ਕੋਈ ਨੰਗ-ਧੜੰਗਾ ਸੀ। ਸਾਰੀ ਖੇਡ ਨੂੰ ਫ਼ਕੀਰ ਵੇਖਦਾ ਰਿਹਾ। ਇੱਕ ਨੰਗ-ਧੜੰਗੇ ਲੜਕੇ ਨੇ ਦੋ ਗੋਲ ਦੂਸਰੀ ਟੀਮ ਦੇ ਸਿਰ ਕਰ ਦਿੱਤੇ। ਸਾਰੇ ਮੁੰਡੇ ਉਸ ਦੀ ਜੈ ਜੈ ਕਾਰ ਕਰਨ ਤੇ ਬਾਰ ਬਾਰ ਉਸ ਨੂੰ ਸ਼ਾਬਾਸ਼ ਦੇਣ ਚੰਗੇ ਚੰਗੇ ਕਪੜਿਆਂ ਵਾਲੇ ਨੂੰ ਕੋਈ ਨਾ ਪੁੱਛੇ। ਫ਼ਕੀਰ ਦੇ ਮਨ ਵਿੱਚ ਆਈ ਕਿ ਵੇਖੋ ਇਹ ਬੱਚੇ ਖੇਡ ਰਹੇ ਹਨ ਜੋ ਚੰਗੀ ਕਾਰਗੁਜਾਰੀ ਕਰਦਾ ਹੈ, ਜੋ ਚੰਗਾ ਖੇਡਦਾ ਹੈ ਉਸ ਦੇ ਗਲ ਵਿੱਚ ਭਾਂਵੇਂ ਕਮੀਜ਼ ਵੀ ਨਹੀਂ, ਸਾਰੇ ਉਸ ਨੂੰ ਸ਼ਾਬਾਸ਼ ਦਿੰਦੇ, ਪਿਆਰ ਕਰਦੇ ਤੇ ਜੈ ਜੈ ਕਾਰ ਕਰਦੇ ਹਨ। ਜਿੱਤ ਦਾ ਸਿਹਰਾ ਕੱਪੜਿਆਂ ਜਾਂ ਵਰਦੀ ਨਾਲ ਨਹੀਂ। ਮੈਂ ਐਵੇਂ ਕਾਲੇ ਭੇਖ ਦਾ ਚੋਲਾ ਪਾ ਕੇ ਦਿਖਾਵਾ ਕਰਦਾ ਹਾਂ ਸਗੋਂ ਇਹ ਚੋਲਾ ਪਾਉਣ ਨਾਲ ਲੋਕ ਮੈਨੂੰ ਨਮਸ਼ਕਾਰਾਂ ਕਰਦੇ ਹਨ ਤੇ ਮੇਰੇ ਅਹੰਕਾਰ ਵਿੱਚ ਵਾਧਾ ਕਰਦੇ ਹਨ। ਜਿਵੇਂ ਬਾਬਾ ਫਰੀਦ ਜੀ ਨੇ ਵੀ ਗੁਰਬਾਣੀ ਅੰਦਰ ਅਜਿਹਾ ਖਿਆਲ ਅੰਕਤ ਕੀਤਾ ਹੈ:-

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥**
**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੬੨॥**

ਫਰੀਦ ਜੀ, ਅੰਗ: ੧੩੮੧

ਕਿਉਂਕਿ ਅਸਲੀ ਫ਼ਕੀਰ ਨਿਮਰਤਾ ਵਿੱਚ ਰਹਿ ਕੇ ਵਿਖਾਵਾ ਕਰਨ ਤੋਂ ਸੰਕੋਚ ਕਰਦਾ ਹੈ। ਉਸ ਦੇ ਮਨ ਅੰਦਰ ਜੇ ਛੋਟੇ ਤੋਂ ਛੋਟੇ ਗੁਨਾਹ ਦਾ ਫੁਰਨਾ ਵੀ ਪਰਵੇਸ਼ ਕਰੇ ਤਾਂ ਉਹ ਹਮੇਸ਼ਾਂ ਆਪਣੇ ਆਪੇ ਦੀ ਪੜਚੋਲ ਕਰਕੇ ਆਪਣੇ ਆਪ ਨੂੰ ਕੋਸਦਾ ਹੈ। ਫ਼ਕੀਰ ਕਾਮਲ ਸੀ ਉਸ ਨੇ ਸੋਚਿਆ ਕਿ ਅਜੇ ਫ਼ਕੀਰੀ ਦੀ ਸਿਖਰ ਤਾਂ ਪ੍ਰਾਪਤ ਨਹੀਂ ਕੀਤੀ। ਸਿਖਰ ਪ੍ਰਾਪਤ ਕਰਨ ਤੋਂ ਪਹਿਲਾਂ ਮੇਰਾ ਚੋਲਾ ਪਾਉਣਾ ਫਜ਼ੂਲ ਭਾਰ ਹੈ। ਇਹ ਸੋਚ ਕੇ ਫ਼ਕੀਰ ਨੇ ਆਪਣਾ ਕਾਲਾ ਚੋਲਾ ਲਾਹ ਕੇ ਬੱਚਿਆਂ ਵੱਲ ਵਗਾਹ ਮਾਰਿਆ। ਬੱਚਿਆਂ ਸਮਝਿਆ ਕਿ ਫ਼ਕੀਰ ਨੇ ਇਹ ਚੋਲਾ ਸਾਡੀ ਖੇਡ ਤੇ ਖੁਸ਼ ਹੋ ਕੇ ਸਾਨੂੰ ਦਿੱਤਾ ਹੈ

ਕਿਉਂਕਿ ਖੇਡਦਿਆਂ-ਖੇਡਦਿਆਂ ਸਾਡੇ ਖਿੱਦੂ ਵੀ ਫਟ ਗਏ ਹਨ। ਉਨ੍ਹਾਂ ਪੁੱਛਿਆ ਬਾਬਾ! ਇਹ ਚੋਲਾ ਤੂੰ ਸਾਨੂੰ ਦਿੱਤਾ ਹੈ? ਫ਼ਕੀਰ ਸਾਂਈਂ ਨੇ ਹਾਂ ਵਿੱਚ ਸਿਰ ਹਿਲਾਇਆ। ਬੱਚਿਆਂ ਨੇ ਵੇਖਦਿਆਂ-ਵੇਖਦਿਆਂ ਉਸ ਚੋਲੇ ਦੀਆਂ ਲੀਰਾਂ ਕਰਕੇ ਦੋ ਤਿੰਨ ਖਿੱਦੂ ਬਣਾ ਲਏ ਤੇ ਮੁੜ ਖੇਡ ਸ਼ੁਰੂ ਕਰ ਦਿੱਤੀ। ਫ਼ਕੀਰ ਦੇ ਵੇਖਦਿਆਂ ਹੀ ਬੱਚਿਆਂ ਨੇ ਖਿੱਦੂ ਦਾ ਵੀ ਹਾਕੀਆਂ ਨਾਲ ਕੁੱਟ ਕੁੱਟ ਕੇ ਤਾਣਾ-ਬਾਣਾ ਵੱਖ-ਵੱਖ ਕਰ ਦਿੱਤਾ। ਖੇਡ ਅੱਧਵਾਟੇ ਛੱਡ ਕੇ ਫ਼ਕੀਰ ਸਾਂਈਂ ਆਪਣੇ ਪੇਟ ਦੀ ਪੂਰਤੀ ਲਈ ਨੰਗ-ਧੜੰਗਾ ਸ਼ਹਿਰ ਵੱਲ ਚੱਲ ਪਿਆ। ਸ਼ਹਿਰ ਵਿੱਚ ਰਾਜੇ ਦੇ ਕਿਲ੍ਹੇ ਦੀ ਉਸਾਰੀ ਹੋ ਰਹੀ ਸੀ। ਰਾਜੇ ਦੇ ਸਿਪਾਹੀ ਵੱਖੋ-ਵੱਖਰੇ ਰਸਤਿਆਂ ਵਿੱਚ ਖਲੋਤੇ ਸਨ, ਜੋ ਵੀ ਰਾਹੀ ਮੁਸਾਫ਼ਰ ਉੱਧਰ ਦੀ ਲੰਘਦਾ ਉਸ ਤੋਂ ਵਗਾਰ ਦਾ ਕੰਮ ਲੈਣ ਲਈ ਉਸ ਨੂੰ ਫੜ ਕੇ ਕਿਲ੍ਹੇ ਵਿੱਚ ਚੱਲ ਰਹੇ ਕੰਮ ਕਾਰ ਵਿੱਚ ਲਾਉਂਦੇ ਤੇ ਜਬਰੀ ਉਸ ਪਾਸੋਂ ਕੰਮ ਲੈਂਦੇ। ਫ਼ਕੀਰ ਜੋ ਆਪਣੀ ਫ਼ਕੀਰੀ ਦੀ ਨਿਸ਼ਾਨੀ, ਕਾਲਾ ਚੋਲਾ ਲਾਹ ਕੇ ਬੱਚਿਆਂ ਪਾਸ ਸੁੱਟ ਆਇਆ ਸੀ, ਉਸ ਨੂੰ ਵੀ ਰਾਜੇ ਦੇ ਸਿਪਾਹੀਆਂ ਨੇ ਕਿਲ੍ਹੇ ਦੀ ਵਗਾਰ ਕਰਨ ਲਈ ਫੜ ਲਿਆ। ਫਕੀਰ ਸਾਂਈਂ ਨੇ ਸਿਪਾਹੀਆਂ ਨੂੰ ਬਥੇਰਾ ਕਿਹਾ ਕਿ ਮੈਂ ਅੱਲ੍ਹਾ ਦੀ ਬੰਦਗੀ ਕਰਨ ਵਾਲਾ ਫ਼ਕੀਰ ਹਾਂ ਮੈ ਤਾਂ ਪੇਟ ਦੀ ਭੁੱਖ ਖਾਤਰ ਸ਼ਹਿਰ ਆਇਆ ਹਾਂ। ਅੱਗੇ ਵੀ ਮੈ ਰੋਜ਼ ਸ਼ਹਿਰ ਵਿੱਚੋਂ ਪ੍ਰਸ਼ਾਦਾ ਛੱਕ ਕੇ ਵਾਪਸ ਚਲਾ ਜਾਂਦਾ ਹਾਂ ਪਰ ਸਿਪਾਹੀ ਕਹਿਣ ਲਗੇ ਤੇਰੀ ਸ਼ਕਲ ਸੂਰਤ ਪਹਿਰਾਵਾ ਕੋਈ ਫ਼ਕੀਰਾਂ ਵਾਲਾ ਨਹੀਂ ਨਾ ਤੇਰੇ ਪਾਸ ਤੱਸਵੀ ਨਾ ਤੂੰ ਫ਼ਕੀਰਾਂ ਵਾਲਾ ਭੇਖ ਧਾਰਨ ਕੀਤਾ, ਤੂੰ ਕਿਹੋ ਜਿਹਾ ਫ਼ਕੀਰ ਹੈਂ? ਤੇਰੇ ਪਾਸ ਬੰਦਗੀ ਦੀ ਕੋਈ ਨਿਸ਼ਾਨੀ ਹੀ ਨਹੀਂ ਅਸੀਂ ਤੈਨੂੰ ਫ਼ਕੀਰ ਨਹੀਂ ਮੰਨਦੇ ਤੂੰ ਕੇਵਲ ਵਗਾਰ ਤੋਂ ਬਚਣ ਲਈ ਫ਼ਕੀਰ ਹੋਣ ਦਾ ਦਾਹਵਾ ਕਰਦਾ ਹੈਂ। ਸਿਪਾਹੀਆਂ ਨੇ ਦੋ ਚਾਰ ਧੱਕੇ ਮਾਰੇ ਤੇ ਫ਼ਕੀਰ ਸਾਂਈਂ ਨੂੰ ਅੱਗੇ ਲਾ ਕੇ ਜਿੱਥੇ ਕਿਲ੍ਹਾ ਬਣਦਾ ਸੀ ਉੱਥੇ ਲੈ ਗਏ ਤੇ ਭੁੱਖਣ ਭਾਣੇ ਫ਼ਕੀਰ ਦੇ ਸਿਰ ਚੂਨੇ ਦੇ ਲੁਹਾਂਡੇ ਚੁੱਕਣ ਦੀ ਵਗਾਰ ਲਾ ਦਿੱਤੀ। ਜੇ ਫ਼ਕੀਰ ਕਿਤੇ ਢਿੱਲ ਮੱਠ ਕਰਦਾ ਤਾਂ ਰਾਜੇ ਦੇ ਸਿਪਾਹੀ ਵੱਧ ਘੱਟ ਬੋਲ ਡਾਂਟਦੇ ਤੇ ਸੱਟ ਚੋਟ ਵੀ ਮਾਰ ਦਿੰਦੇ। ਸਾਰਾ ਦਿਨ ਵਗਾਰ ਕਰਦਿਆਂ ਰਾਤ ਪੈ ਗਈ। ਵਗਾਰੀਆਂ ਦੇ ਨਾਲ ਫ਼ਕੀਰ ਨੂੰ ਵੀ ਛੁੱਟੀ ਮਿਲੀ। ਕੰਮ ਕਾਰ ਕਰ ਕੇ, ਲੁਹਾਂਡੇ ਢੋਅ ਕੇ ਸਰੀਰ ਥੱਕ ਕੇ ਚੂਰ ਹੋਇਆ ਪਿਆ ਸੀ ਮਸਾਂ ਕਿਸੇ ਦਰ ਤੋਂ ਦੋ ਪ੍ਰਸ਼ਾਦੇ ਪ੍ਰਾਪਤ ਕਰ ਢਿੱਡ ਨੂੰ ਆਸਰਾ ਦੇ, ਫ਼ਕੀਰ ਆਪਣੀ ਝੌਂਪੜੀ ਪੁੱਜਾ। ਸਾਰੀ ਰਾਤ ਨਿਢਾਲਤਾ ਵਿੱਚ ਕੱਢੀ। ਦਿਨ ਚੜ੍ਹੇ ਫ਼ਕੀਰ ਸੋਚਣ ਲੱਗਾ ਇਹ ਮੇਰੇ ਨਾਲ ਕੀਹ ਹੋਇਆ? ਆਖ਼ਰ ਸੋਚ ਨੇ ਇਥੇ ਲਿਆ ਖੜਾ ਕੀਤਾ ਕਿ ਤੇਰਾ ਚੋਲਾ ਹੀ ਤੈਨੂੰ ਵਗਾਰ ਤੋਂ ਬਚਾਉਂਦਾ ਰਿਹਾ ਹੈ। ਹਰ ਰੋਜ਼ ਤੂੰ ਇਸੇ ਸ਼ਹਿਰ ਵਿੱਚ ਗਜਾ ਕਰਕੇ ਪੇਟ ਦੀ ਪੂਰਤੀ ਕਰਦਾ ਰਿਹਾ ਹੈਂ। ਤੈਨੂੰ ਕਿਸੇ ਨੇ ਵਗਾਰ ਲਈ ਨਹੀਂ ਕਿਹਾ ਸਗੋਂ ਕਾਲੇ ਚੋਲੇ ਦੀ ਬਦੌਲਤ ਸਿਪਾਹੀ ਵੀ ਤੈਨੂੰ

ਸਤਿਕਾਰ ਨਾਲ ਸਲਾਮ ਕਰਦੇ ਰਹੇ ਹਨ। ਅੱਜ ਤੂੰ ਪਹਿਰਾਵੇ ਦੀ ਬੇ-ਅਦਬੀ ਕੀਤੀ, ਤੈਨੂੰ ਇਹ ਵਗਾਰ ਦੀ ਸਜਾ ਭੋਗਣੀ ਪਈ। ਸੋ ਸੰਸਾਰ ਵਿੱਚ ਜਿਵੇਂ ਵਰਦੀ ਤੋਂ ਬਿਨਾਂ ਕੋਈ ਸਿਪਾਹੀ ਦੀ ਗੱਲ ਨਹੀਂ ਮੰਨਦਾ ਅਤੇ ਇਕੱਲੀ ਵਰਦੀ ਪਾ ਕੇ ਜਿਸ ਪਾਸ ਸਿਪਾਹੀ ਦਾ ਰੈਂਕ ਨਾ ਹੋਵੇ ਉਹ ਵੀ ਦੰਡ ਦਾ ਭਾਗੀ ਬਣਦਾ ਹੈ, ਉਸ ਦਾ ਭਰਮ ਭਉ ਬਹੁਤਾ ਚਿਰ ਨਹੀਂ ਚੱਲਦਾ। ਤਿਵੇਂ ਹੀ ਭੇਖ ਨਾਲ ਭਗਤੀ ਤੇ ਭਗਤੀ ਨਾਲ ਭੇਖ ਸੋਭਾ ਪਾਉਂਦਾ ਹੈ। ਭੇਖ ਦੀ ਆਪਣੀ ਥਾਂ ਹੈ ਭਗਤੀ ਦੀ ਆਪਣੀ ਥਾਂ ਹੈ। ਦੋਵਾਂ ਦਾ ਸੁਮੇਲ ਹੀ ਸੰਸਾਰ ਵਿੱਚ ਤੇ ਪ੍ਰਭੂ-ਦਰਗਾਹ ਵਿੱਚ ਮਾਣ ਸਤਿਕਾਰ ਦਿਵਾਂਉਂਦਾ ਹੈ।

ਅਜਿਹੀ ਹੀ ਸਿੱਖਿਆ ਦੇਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਇੱਕ ਕੌਤਕ ਰਚਿਆ। ਇੱਕ ਦਿਨ ਭਾਈ ਉਦੈ ਸਿੰਘ ਸ਼ਿਕਾਰ ਖੇਡਣ ਗਏ। ਉਨ੍ਹਾਂ ਨੇ ਇੱਕ ਭਾਰੀ ਸ਼ੇਰ ਦਾ ਸ਼ਿਕਾਰ ਕੀਤਾ ਤੇ ਸਤਿਗੁਰੂ ਜੀ ਅੱਗੇ ਭੇਟ ਕੀਤਾ। ਚੋਜੀ ਪ੍ਰੀਤਮ ਜੀ ਨੇ ਭਾਈ ਉਦੈ ਸਿੰਘ ਤੇ ਇੱਕ ਹੋਰ ਸਿੰਘ ਦੀ ਡਿਊਟੀ ਲਾਈ ਕਿ ਤੁਸੀ ਇਸ ਸ਼ੇਰ ਨੂੰ ਚੁੱਕ ਕੇ ਲੈ ਜਾਵੋ ਤੇ ਇਸ ਦੀ ਸਿਰ ਸਮੇਤ ਪੂਰੀ ਖੱਲ ਉਤਾਰ ਦੇਵੋ ਪਰ ਇਹ ਕੰਮ ਗੁਪਤ ਕਰਨਾ ਹੈ, ਕਿਸੇ ਨੂੰ ਦੱਸਣਾ ਨਹੀਂ। ਭਾਈ ਉਦੈ ਸਿੰਘ ਤੇ ਦੂਸਰੇ ਸਿੰਘ ਨੇ ਸਤਿਗੁਰਾਂ ਦਾ ਬਚਨ ਮੰਨਿਆ ਤੇ ਸਾਰਾ ਕੰਮ ਬਿਨਾਂ ਕਿਸੇ ਨੂੰ ਦੱਸੇ, ਗੁਪਤ ਰੂਪ ਵਿੱਚ ਕੀਤਾ। ਦੂਸਰੇ ਦਿਨ ਸਤਿਗੁਰੂ ਜੀ ਜਦੋਂ ਸੈਰ ਨੂੰ ਨਿਕਲੇ ਅਨੰਦਪੁਰ ਸਾਹਿਬ ਦੀ ਜੂਹ ਨਿਕਲਦੇ ਹੀ ਇੱਕ ਮੋਟਾ ਤਾਜਾ ਗਧਾ ਪੈਲੀਆਂ ਚੁਗਦਾ ਨਜ਼ਰ ਪਿਆ। ਸਤਿਗੁਰੂ ਜੀ ਨੇ ਭਾਈ ਉਦੈ ਸਿੰਘ ਨੂੰ ਤੇ ਨਾਲ ਦੇ ਸਿੰਘ ਨੂੰ ਕੋਲ ਸੱਦਿਆ ਤੇ ਹੁਕਮ ਕੀਤਾ ਉਦੈ ਸਿੰਘ! ਅਸੀਂ ਸਿੰਘਾਂ ਦੇ ਨਾਲ ਅੱਗੇ ਚਲੇ ਜਾਣਾ ਹੈ ਤੁਸੀਂ ਦੋਵਾਂ ਨੇ ਸਾਡੇ ਪਿੱਛੋਂ ਇਸ ਖੋਤੇ ਨੂੰ ਫੜ ਕੇ ਅਨੰਦਪੁਰ ਲੈ ਜਾਣਾ ਤੇ ਜੋ ਤੁਸੀ ਕੱਲ ਸ਼ੇਰ ਦੀ ਖੱਲ ਲਾਹੀ ਸੀ ਉਹ ਇਸ ਖੋਤੇ ਉੱਪਰ ਚੰਗੀ ਤਰ੍ਹਾਂ ਮੜ੍ਹ ਕੇ ਸੂਏ ਨਾਲ ਸੀਅ ਦੇਣੀ ਤਾਂ ਜੋ ਲਿੱਥੇ ਨਾ ਤੇ ਖੋਤੇ ਨੂੰ ਪੂਰਾ ਸ਼ੇਰ ਦਾ ਰੂਪ ਬਣਾ ਕੇ ਇਸ ਨੂੰ ਕਮਰੇ ਅੰਦਰ ਹੀ ਬੰਦ ਰੱਖਣਾ ਤੇ ਇਸ ਨੂੰ ਦਾਣਾ ਪੱਠੇ ਪਾ ਦੇਣੇ ਬਾਕੀ ਅਸੀਂ ਤੁਹਾਨੂੰ ਵਾਪਸੀ ਤੇ ਦੱਸਾਂਗੇ। ਸਤਿਗੁਰੂ ਜੀ, ਭਾਈ ਉਦੈ ਸਿੰਘ ਤੇ ਉਸ ਦੇ ਸਾਥੀ ਨੂੰ ਸਾਰਾ ਕਾਰਜ ਸਮਝਾ ਕੇ ਸਿੱਖਾਂ ਸਮੇਤ ਅੱਗੇ ਚਲੇ ਗਏ। ਜਿਸ ਵੇਲੇ ਸਤਿਗੁਰੂ ਜੀ ਦ੍ਰਿਸ਼ਟੀ ਤੋਂ ਪਰ੍ਹੇ ਹੋਏ, ਭਾਈ ਉਦੈ ਸਿੰਘ ਤੇ ਉਸ ਦਾ ਸਾਥੀ 'ਗਧੇ ਨੂੰ ਪਕੜ ਕੇ ਅਨੰਦਪੁਰ ਸਾਹਿਬ ਲੈ ਆਏ ਤੇ ਜਿਵੇਂ ਸਤਿਗੁਰੂ ਜੀ ਨੇ ਸਮਝਾਇਆ ਸੀ, ਦੋਵਾਂ ਨੇ ਰਲ ਕੇ ਗਧੇ ਉੱਪਰ ਸ਼ੇਰ ਦੀ ਖਲ ਇਸ ਤਰ੍ਹਾਂ ਸਿਊਂ ਦਿੱਤੀ ਕਿ ਗਧਾ ਪੂਰਾ ਸ਼ੇਰ ਦਾ ਰੂਪ ਬਣ ਗਿਆ, ਵਾਕਿਆ ਹੀ ਸਹੀ ਸ਼ੇਰ ਭਾਸਦਾ ਸੀ। ਸਿੱਖਾਂ ਨੇ ਸਤਿਗੁਰੂ ਜੀ ਦੀ ਪ੍ਰਸੰਨਤਾ

੧. ਖੋਤਾ

ਪ੍ਰਾਪਤ ਕਰਨ ਲਈ ਇਹ ਸਾਰਾ ਕਾਰਜ ਬੜੇ ਚਾਅ ਨਾਲ ਕੀਤਾ ਤੇ ਅਗਲੇ ਹੁਕਮ ਦੀ ਉਡੀਕ ਵਿੱਚ ਸਨ ਕਿ ਸਤਿਗੁਰੂ ਜੀ ਕੀ ਕੌਤਕ ਵਰਤਾਉਂਦੇ ਹਨ। ਦੁਪਹਿਰ ਤੋਂ ਪਿੱਛੋਂ ਜਦੋਂ ਸਤਿਗੁਰੂ ਜੀ ਵਾਪਸ ਆਏ ਭਾਈ ਉਦੈ ਸਿੰਘ ਨੇ ਸਾਹਿਬਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਸਚੇ ਪਾਤਸ਼ਾਹ! ਜੋ ਆਪ ਜੀ ਨੇ ਸਾਡੇ ਜ਼ਿੰਮੇਂ ਕਾਰਜ ਲਾਇਆ ਸੀ ਉਹ ਅਸੀਂ ਪੂਰਾ ਕਰ ਲਿਆ ਹੈ। ਗਧੇ ਨੂੰ ਅਸੀਂ ਪੂਰਾ ਸ਼ੇਰ ਦਾ ਰੂਪ ਬਣਾ ਦਿੱਤਾ ਹੈ। ਆਪ ਜੀ ਵੇਖੋ ਤੇ ਅਗਲਾ ਹੁਕਮ ਸਾਨੂੰ ਦਸੋ ਕਿ ਇਸ ਗਧੇ ਨੂੰ ਕੀ ਕਰਨਾ ਹੈ? ਸਤਿਗੁਰੂ ਜੀ ਨੇ ਕੋਠੜੀ ਵਿੱਚ ਜਾ ਕੇ ਵੇਖਿਆ, ਗਧਾ ਬਿਲਕੁਲ ਸ਼ੇਰ ਦਾ ਭੁਲੇਖਾ ਪਾਉਂਦਾ ਸੀ। ਸਤਿਗੁਰੂ ਮੁਸਕਰਾਏ ਤੇ ਭਾਈ ਉਦੈ ਸਿੰਘ ਨੂੰ ਕਹਿਣ ਲੱਗੇ ਤੁਸੀਂ ਦੋਵਾਂ ਨੇ ਰਾਤ ਪਈ ਤੇ ਇਸ ਗਧੇ ਨੂੰ ਤਿੰਨ ਚਾਰ ਮੀਲ ਦੂਰ ਖੇਤਾਂ ਵਿੱਚ ਛੱਡ ਆਉਣਾ ਹੈ ਪਰ ਇਸ ਗਲ ਦਾ ਭੇਦ ਕਿਸੇ ਨੂੰ ਨਹੀਂ ਦੱਸਣਾ, ਦੋਵਾਂ ਨੇ ਸਤਿ ਬਚਨ ਕਿਹਾ। ਦੀਵਾਨ ਤੇ ਲੰਗਰ ਦੀ ਸਮਾਪਤੀ ਤੋਂ ਪਿੱਛੋਂ ਜਦੋਂ ਸਾਰੀ ਸੰਗਤ ਅਰਾਮ ਕਰਨ ਲਗ ਪਈ। ਭਾਈ ਉਦੈ ਸਿੰਘ ਆਪਣੇ ਸਾਥੀ ਸਿੰਘ ਸਮੇਤ ਉਸ ਗਧੇ ਨੂੰ ਚਾਰ ਕੁ ਮੀਲ ਦੀ ਵਿੱਥ ਤੇ ਖੇਤਾਂ ਵਿੱਚ ਛੱਡ ਆਏ। ਸਾਰੀ ਰਾਤ ਗਧਾ ਖੇਤਾਂ ਦੀਆਂ ਹਰੀਆਂ ਅੰਗੂਰੀਆਂ ਚਰਦਾ ਰਿਹਾ। ਦਿਨ ਚੜ੍ਹਿਆ, ਲੋਕ ਘਰਾਂ ਤੋਂ ਖੇਤਾਂ ਵਿੱਚ ਸੁਚੇਤ[੧] ਹੋਣ ਲਈ ਨਿਕਲੇ। ਜਦੋਂ ਉਨ੍ਹਾਂ ਦੀ ਨਿਗਾਹ ਸ਼ੇਰ ਗਧੇ ਤੇ ਪਈ ਤਦ ਉਸ ਨੂੰ ਸ਼ੇਰ ਜਾਣ, ਡਰਦੇ ਮਾਰੇ ਉਹ ਸੁਚੇਤ ਹੋਣ ਦੀ ਥਾਂ ਘਰਾਂ ਨੂੰ ਚੀਕਾਂ ਮਾਰਦੇ ਭੱਜ ਗਏ। ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਕਿ ਬਾਹਰ ਖੇਤਾਂ ਵਿੱਚ ਇੱਕ ਸ਼ੇਰ ਘੁੰਮਦਾ ਹੈ ਕੋਈ ਬਾਹਰ ਨਾ ਨਿਕਲੇ; ਲੋਕ ਸਾਰੇ ਘਰਾਂ ਅੰਦਰ ਵੜ ਗਏ, ਕੋਈ ਵੀ ਘਰਾਂ 'ਚੋਂ ਬਾਹਰ ਨਾ ਨਿਕਲਿਆ। ਕੋਠਿਆਂ ਉੱਪਰ ਚੜ੍ਹ ਕੇ ਉਸ ਸ਼ੇਰ ਨੂੰ ਵੇਖਦੇ ਰਹੇ ਕਿ ਸ਼ੇਰ ਹੁਣ ਕਿਧਰ ਜਾਂਦਾ ਹੈ? ਇਹ ਸ਼ੇਰ ਦੀ ਖਬਰ ਨਾਲ ਦੇ ਨਗਰਾਂ ਵਿੱਚ ਵੀ ਧੁੰਮ ਗਈ ਲੋਕ ਇਕੱਠੇ ਹੋ ਕੇ ਦੂਰੋਂ ਦੂਰੋਂ ਸ਼ੇਰ ਨੂੰ ਦੇਖਦੇ ਪਰ ਕਿਸੇ ਦਾ ਨੇੜੇ ਜਾਣ ਦਾ ਹੌਂਸਲਾ ਨਾ ਪੈਂਦਾ। ਅਖ਼ੀਰ ਨਗਰਾਂ ਦੇ ਲੋਕਾਂ ਨੇ ਇਕੱਠੇ ਹੋ ਕੇ ਅਨੰਦਪੁਰ ਸਾਹਿਬ ਕਲਗੀਧਰ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਪਾਤਸ਼ਾਹ! ਸਾਡੇ ਨਗਰਾਂ ਦੀ ਜੂਹ ਵਿੱਚ ਇੱਕ ਸ਼ੇਰ ਨਿਸ਼ਚਿੰਤ ਘੁੰਮਦਾ ਹੈ, ਅਸੀਂ ਨਗਰਾਂ ਵਾਲੇ ਬਾਹਰ ਜੰਗਲ ਪਾਣੀ ਕਰਨ ਵੀ ਨਹੀਂ ਨਿਕਲਦੇ। ਪਸ਼ੂ ਵੀ ਕਈ ਦਿਨਾਂ ਦੇ ਭੁੱਖੇ ਹਨ। ਅਸੀਂ ਡਰਦੇ ਖੇਤਾਂ ਵਿੱਚ ਪੱਠੇ ਵੱਢਣ ਵੀ ਨਹੀਂ ਜਾਂਦੇ ਸਾਡਾ ਇੱਕ ਪਿੰਡ 'ਚੋਂ ਦੂਸਰੇ ਪਿੰਡ ਜਾਣਾ ਵੀ ਮੁਹਾਲ ਹੋਇਆ ਪਿਆ ਹੈ। ਆਪ ਸਾਡੇ ਰੱਖਿਅਕ ਹੋ, ਕ੍ਰਿਪਾ ਕਰਕੇ ਇਸ ਸ਼ੇਰ ਤੋਂ ਸਾਨੂੰ ਛੁਟਕਾਰਾ ਦਿਵਾਉ। ਸਤਿਗੁਰੂ ਮੁਸਕ੍ਰਾਏ ਤੇ ਨਗਰਾਂ ਦੇ ਮੁਹਤਬਰਾਂ ਨੂੰ ਕਿਹਾ ਕਿ

੧. ਜੰਗਲ-ਪਾਣੀ ਜਾਣ ਲਈ

ਚਿੰਤਾ ਨਾ ਕਰੋ ਅਸੀਂ ਇੱਕ ਦੋ ਦਿਨਾਂ ਵਿੱਚ ਇਸ ਸ਼ੇਰ ਦਾ ਅੰਤ ਕਰ ਦਿੰਦੇ ਹਾਂ। ਪੰਜ ਛੇ ਦਿਨ ਇਸੇ ਤਰ੍ਹਾਂ ਬੀਤੇ ਲੋਕਾਂ ਵਿੱਚ ਸ਼ੇਰ ਦਾ ਸਹਿਮ ਦਿਨੋਂ-ਦਿਨ ਵਧੀ ਜਾਵੇ। ਇਧਰ ਗਧਾ ਵੀ ਨਿਸਚਿੰਤ ਹੋ ਕੇ ਲਵੀਆਂ ਲਵੀਆਂ ਫਸਲਾਂ ਖਾ ਕੇ ਵਾਹਵਾ ਤਕੜਾ ਹੋ ਗਿਆ। ਇੱਕ ਦਿਨ ਉਹ ਚਰਦਾ ਤੇ ਘੁੰਮਦਾ ਨਗਰ ਦੇ ਨੇੜੇ ਆ ਗਿਆ। ਜਦੋਂ ਉਸ ਨੇ ਆਪਣੇ ਜਾਤ ਭਾਈ ਹੋਰ ਖੋਤੇ ਵੇਖੇ ਤਾਂ ਉਨ੍ਹਾਂ ਵੱਲ ਵੇਖ ਕੇ ਉਸ ਤੋਂ ਰਿਹਾ ਨਾ ਗਿਆ ਤੇ ਉੱਚੀ ਉੱਚੀ ਹੀਂਘਦਾ ਉਨ੍ਹਾਂ ਵੱਲ ਵਧਿਆ। ਖੋਤੇ ਅੱਗੇ-ਅੱਗੇ, ਬਨਾਵਟੀ ਸ਼ੇਰ ਪਿੱਛੇ-ਪਿੱਛੇ, ਲੋਕ ਡਰਦੇ ਅੰਦਰੀਂ ਵੜ ਗਏ। ਥੋੜ੍ਹਾ ਸਮਾਂ ਪਿੰਡ ਵਿੱਚ ਸ਼ੇਰ ਦੀ ਦਹਿਸ਼ਤ ਕਾਰਣ ਹਫ਼ੜਾ-ਤਫ਼ੜੀ ਮਚੀ ਰਹੀ। ਜਦੋਂ ਘੁਮਿਆਰਾਂ ਨੇ ਨਿਰਨਾ ਕਰ ਲਿਆ ਕਿ ਇਹ ਤਾਂ ਬਨਾਉਟੀ ਸ਼ੇਰ ਹੈ ਅਸਲ ਵਿੱਚ ਇਹ ਗਧਾ ਹੈ, ਜੋ ਕੁਝ ਦਿਨ ਪਹਿਲਾਂ ਸਾਡਾ ਗੁਆਚ ਗਿਆ ਸੀ। ਘੁਮਿਆਰਾਂ ਨੇ ਇੱਕਠੇ ਹੋ, ਘੇਰ ਕੇ ਸ਼ੇਰ ਦੀ ਖੱਲ ਲਾਹ ਸੁੱਟੀ ਤੇ ਵਾਹਵਾ ਮਾਰਕੁਟ ਕਰ ਕੇ ਗਧੇ ਨੂੰ ਪੈਖੜ ਪਾ, ਉੱਪਰ ਛੱਟ ਲੱਦ ਦਿੱਤੀ ਤੇ ਮੁੜ ਉਸ ਪਾਸੋਂ ਭਾਰ ਢੋਣ ਦਾ ਕੰਮ ਲੈਣਾ ਅਰੰਭ ਕਰ ਦਿੱਤਾ ਅਖ਼ੀਰ ਸਾਰੇ ਬੈਠ ਕੇ ਸੋਚਣ ਲਗੇ ਕਿ ਐਡਾ ਵੱਡਾ ਸ਼ੇਰ ਕੌਣ ਮਾਰ ਸਕਦਾ ਹੈ ਤੇ ਇਸ ਗਧੇ ਉੱਪਰ ਇਹ ਖੱਲ ਪਾ ਕੇ ਸ਼ੇਰ ਦਾ ਭੁਲੇਵਾ ਕਿਸ ਪਾਇਆ? ਵੀਚਾਰ ਕੇ ਸਭ ਨੇ ਇੱਕ ਮਤ ਹੋ ਨਿਸ਼ਚਾ ਕਰ ਲਿਆ ਕਿ ਇਹ ਕਲਗੀਧਰ ਜੀ ਦਾ ਕੌਤਕ ਹੀ ਹੋ ਸਕਦਾ ਹੈ ਸੋ ਉਹਨਾਂ ਸ਼ੇਰ ਦੀ ਖੱਲ ਸਤਿਗੁਰਾਂ ਦੇ ਚਰਨਾਂ ਵਿੱਚ ਭੇਟ ਕੀਤੀ ਤੇ ਕਿਹਾ ਪਾਤਸ਼ਾਹ! ਜਿਸ ਸ਼ੇਰ ਤੋਂ ਸਾਰਾ ਇਲਾਕਾ ਡਰਦਾ ਸੀ ਉਹ ਤਾਂ ਸਾਡਾ ਗੁਆਚਿਆ ਖੋਤਾ ਨਿਕਲਿਆ। ਸਤਿਗੁਰਾਂ ਪੁੱਛਿਆ, ਇਹ ਗਧਾ ਸ਼ੇਰ ਤੁਹਾਡੇ ਪਾਸ ਕਿਵੇਂ ਆਇਆ ਤਦ ਉਨ੍ਹਾਂ ਦੱਸਿਆ ਕਿ ਜਦੋਂ ਇਸ ਗਧੇ ਸ਼ੇਰ ਨੇ ਆਪਣੇ ਜਾਤ ਭਾਈ ਖੋਤੇ ਵੇਖੇ ਤਦੋਂ ਇਸਨੇ ਆਪਣੀ ਅਸਲੀਅਤ ਪ੍ਰਗਟ ਕਰ ਦਿੱਤੀ ਤੇ ਜਾਤ ਭਾਈਆਂ (ਖੋਤਿਆਂ) ਵਿੱਚ ਰਲਣ ਲਈ ਹੀਂਘਦਾ ਹੋਇਆ ਉਨ੍ਹਾਂ ਵੱਲ ਨੱਸਿਆ ਤੇ ਅਸੀਂ ਜਦੋਂ ਨਿਸਚਾ ਕਰ ਲਿਆ ਕਿ ਇਹ ਤਾਂ ਸਾਡਾ ਹੀ ਖੋਤਾ ਹੈ ਤਦੋਂ ਡਰ ਰਹਿਤ ਹੋ ਕੇ ਕਿ ਇਹ ਸ਼ੇਰ ਨਹੀਂ ਇਸ ਖੋਤੇ ਉੱਪਰ ਕੇਵਲ ਸ਼ੇਰ ਦੀ ਖੱਲ ਹੀ ਹੈ ਇਸ ਨੂੰ ਫੜ ਲਿਆ ਤੇ ਖੱਲ ਲਾਹ ਕੇ ਆਪ ਦਾ ਕੌਤਕ ਜਾਣ ਤੁਹਾਡੇ ਹਾਜ਼ਰ ਕਰ ਦਿੱਤੀ, ਅਸੀਂ ਆਪਣਾ ਖੋਤਾ ਭਾਰ ਢੋਣ ਲਈ ਵਰਤ ਲਿਆ ਹੈ। ਸਤਿਗੁਰੂ ਜੀ ਸਾਰੀ ਵਾਰਤਾ ਸੁਣ ਕੇ ਮੁਸਕ੍ਰਾਏ ਤੇ ਸਾਰੀ ਸੰਗਤ ਜੋ ਸੱਤ ਅੱਠ ਦਿਨ ਦੀ ਸਹਿਮੀ ਹੋਈ ਸੀ ਇਹ ਮਾਜਰਾ ਸੁਣ, ਮੂੰਹ ਵਿੱਚ ਉਂਗਲੀਆਂ ਪਾਈ ਦੰਗ ਬੈਠੀ ਗੁਰੂ ਬਚਨਾਂ ਦੀ ਉਡੀਕ ਕਰਨ ਲਗੀ।

ਸਤਿਗੁਰੂ ਜੀ ਨੇ ਫੁਰਮਾਨ ਕੀਤਾ ਸਾਧ ਸੰਗਤ ਜੀ ਤੁਸੀਂ ਇਸ ਸ਼ੇਰ ਦੀ ਖੱਲ ਦੇ ਬੁਰਕੇ ਦਾ ਪ੍ਰਤਾਪ ਆਪਣੀ ਅੱਖੀਂ ਵੇਖ ਹੀ ਲਿਆ ਹੈ। ਸ਼ੇਰ ਦੇ ਬੁਰਕੇ ਵਾਲਾ

ਗਧਾ ਜਿੰਨਾਂ ਚਿਰ ਗਧਿਆਂ ਵਿੱਚ ਨਾ ਰਲਿਆ ਉਨਾਂ ਚਿਰ ਸਾਰਾ ਇਲਾਕਾ ਤੇ ਜੰਗਲ ਦੇ ਪਸ਼ੂ ਵੀ ਇਸ ਤੋਂ ਡਰਦੇ ਰਹੇ, ਕੋਈ ਨੇੜੇ ਨਾ ਢੁੱਕਾ ਤੇ ਸ਼ੇਰ ਬੁਰਕੇ ਵਾਲਾ ਖੋਤਾ ਵੀ ਮਨ ਭਾਉਂਦੀਆਂ ਖੇਤੀਆਂ ਚਰਦਾ ਰਿਹਾ। ਜਦ ਉਸ ਗਧੇ ਨੇ ਆਪਣੇ ਜਾਤ ਭਾਈ ਗਧਿਆਂ ਨਾਲ ਰਲ ਕੇ ਆਪਣਾ ਅਸਲਾ ਪ੍ਰਗਟ ਕੀਤਾ ਤਦ ਉਸ ਦਾ ਭੈ ਵੀ ਚੁੱਕਿਆ ਗਿਆ, ਘੁਮਿਆਰਾਂ ਦੇ ਸੋਟਿਆਂ ਦੀ ਮਾਰ ਵੀ ਖਾਧੀ ਤੇ ਪਿੱਠ ਤੇ ਛੱਟ ਵੀ ਬਾਕੀ ਖੋਤਿਆਂ ਨਾਲੋਂ ਦੁਗਣੀ ਚੁੱਕਣੀ ਪਈ।

ਅਸੀਂ ਵੀ ਤੁਹਾਨੂੰ ਸਿੱਖਾਂ ਨੂੰ ਚੌਰਾਸੀ ਵਿੱਚੋਂ ਕੱਢ ਕੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਿੰਘ (ਸ਼ੇਰ) ਦਾ ਬਾਣਾ ਪਹਿਨਾਇਆ ਹੈ ਬਨਾਉਟੀ ਨਹੀਂ ਸੱਚੇ ਸਿੰਘ ਬਣਾਇਆ ਹੈ। ਤੁਹਾਨੂੰ ਬਾਣੇ ਨਾਲ ਬਾਣੀ ਤੇ ਰਹਿਣੀ-ਰਹਿਤ ਬਖਸ਼ੀ ਹੈ। ਸਿੱਖ ਬਾਣੇ ਦਾ ਪ੍ਰਤਾਪ ਉਨਾਂ ਚਿਰ ਬਣਿਆ ਰਹੇਗਾ ਜਿੰਨਾਂ ਚਿਰ ਤੁਸੀਂ ਬਾਣੇ ਦੇ ਨਾਲ ਬਾਣੀ ਤੇ ਰਹਿਣੀ ਵਿੱਚ ਪਰਪੱਕ ਰਹੋਗੇ। ਕੋਈ ਤੁਹਾਡੀ ਵਾ ਵੱਲ ਵੀ ਨਹੀਂ ਤੱਕੇਗਾ ਪਰ ਜਦੋਂ ਬਾਣਾ ਸਿੰਘਾਂ ਵਾਲਾ ਧਾਰਨ ਕਰਕੇ ਮੁੜ ਆਪਣੇ ਬਿਪਰ ਜਾਤ ਭਾਈਆਂ ਵਾਲੀ ਬੋਲੀ ਬੋਲੋਗੇ ਤੇ ਉਨ੍ਹਾਂ ਵਾਲੇ ਕਰਮ ਕਰੋਗੇ ਤਦੋਂ ਮੁੜ ਤੁਹਾਡੇ ਉੱਪਰ ਵਰਨ ਆਸ਼ਰਮ ਤੇ ਕਰਮਕਾਂਡਾਂ ਦੀ ਛੱਟ ਲੱਦੀ ਜਾਵੇਗੀ ਤੇ ਤੁਸੀਂ ਨਾ ਇਧਰ ਦੇ ਨਾ ਉਧਰ ਦੇ ਰਹੋਗੇ ਤੁਹਾਡੇ ਉੱਪਰ ਲੋਕ ਕਹਾਵਤ "ਨ ਇਤਕੇ ਨ ਉਤਕੇ ਵਿੱਚ ਖਾਦੇ [1]ਕੁਤਕੇ" ਵਰਤ ਜਾਵੇਗੀ। ਮੇਰੀ ਵੀ ਪਰਤੀਤ ਤੁਹਾਡੇ ਉੱਪਰੋਂ ਜਾਂਦੀ ਲੱਗੇਗੀ। ਮੈਂ ਵੀ ਆਪਣਾ ਤੇਜ ਪ੍ਰਤਾਪ ਉਨ੍ਹਾਂ ਚਿਰ ਹੀ ਤਹਾਨੂੰ ਦਿਆਂਗਾ ਜਿੰਨਾਂ ਚਿਰ ਤੁਸੀਂ ਸਾਡੇ ਹੁਕਮ ਅਨੁਸਾਰ ਨਿਆਰੇਪਨ ਦੇ ਧਾਰਨੀ ਬਣੇ ਰਹੋਗੇ। ਸਤਿਗੁਰੂ ਜੀ ਨੇ ਜੋ ਬਚਨ ਕੀਤੇ ਹੇਠ ਲਿਖੇ ਅਨੁਸਾਰ ਸਰਬ-ਲੋਹ ਗ੍ਰੰਥ ਵਿੱਚ ਅੰਕਿਤ ਹਨ:-

**ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ॥**
**ਜਬ ਇਹ ਗਹੈ ਬਿਪਰਨ[2] ਕੀ ਰੀਤ॥ ਮੈ ਨ ਕਰੋਂ ਇਨ ਕੀ ਪ੍ਰਤੀਤ॥**

ਸਰਬ ਲੋਹ ਗ੍ਰੰਥ

ਖ਼ਾਲਸਾ ਜੀ! ਮੈਂ ਤੁਹਾਨੂੰ ਚੌਰਾਸੀ ਦੇ ਕਰਮ-ਕਾਂਡਾਂ ਤੋਂ ਉੱਪਰ ਚੁੱਕ ਕੇ ਜਿੱਥੇ ਤੁਹਾਨੂੰ ਨਿਆਰਾ-ਪਣ ਬਖਸ਼ਿਸ਼ ਕੀਤਾ ਹੈ ਉਥੇ ਖ਼ਾਲਸੇ ਦੀ ਰਹਿਣੀ ਵੀ ਦ੍ਰਿੜ ਕਰਵਾਈ ਹੈ ਜਿੰਨਾਂ ਚਿਰ ਤੁਸੀਂ ਰਹਿਤ ਦੇ ਨਾਲ ਰਹਿਣੀ ਦੇ ਧਾਰਨੀ ਬਣੇ ਰਹੋਗੇ ਉਨਾਂ ਚਿਰ ਤੁਹਾਨੂੰ ਮੈਂ ਆਪਣਾ ਖਾਸ ਰੂਪ ਸਮਝਾਂਗਾ ਤੇ ਹਰ ਖ਼ਾਲਸੇ ਵਿੱਚ ਹਮੇਸ਼ਾ ਮੇਰਾ ਨਿਵਾਸ ਹੋਵੇਗਾ। ਮੈਂ ਬਚਨ ਕਰਦਾ ਹਾਂ ਕਿ:-

**ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸੇ ਮਹਿ ਹੌ ਕਰੌਂ ਨਿਵਾਸ॥**

---

੧.ਮੋਟਾ ਸੋਟਾ ੨.ਬ੍ਰਾਹਮਣਾਂ ਦੀਆਂ ਰੀਤਾਂ

**ਖ਼ਾਲਸਾ ਮੇਰੋ ਮੁਖ ਹੈ ਅੰਗਾ॥ ਖ਼ਾਲਸੇ ਕੇ ਹੌਂ ਸਦ ਸਦ ਸੰਗਾ॥**

ਸਰਬਲੋਹ ਗ੍ਰੰਥ

ਦੂਸਰੇ, ਜਿੱਥੇ ਰਹਿਣੀ ਜ਼ਰੂਰੀ ਹੈ ਉੱਥੇ ਰਹਿਤ ਤੋਂ ਬਿਨਾਂ ਵੀ ਤੁਹਾਨੂੰ ਕਿਸੇ ਨੇ ਸਿੰਘ ਨਹੀਂ ਕਹਿਣਾ। ਬਾਣਾ ਜੋ ਤੁਹਾਨੂੰ ਅਕਾਲ ਪੁਰਖ ਵੱਲੋਂ ਲੈ ਕੇ ਦਿੱਤਾ ਹੈ, ਉਹ ਮੈਨੂੰ ਬਹੁਤ ਪਿਆਰਾ ਲਗਦਾ ਹੈ। ਰਹਿਤ ਨਾ ਰੱਖੋਗੇ ਤਾਂ ਦਰ-ਦਰ ਦੀਆਂ ਚੋਟਾਂ ਖਾਵੋਗੇ, ਰਹਿਤ ਤੋਂ ਬਿਨਾਂ ਕਦੇ ਵੀ ਸੁਖੀ ਨਹੀਂ ਹੋਵੇਗਾ। ਇਸ ਲਈ ਰਹਿਣੀ ਨਾਲ ਰਹਿਤ ਦਾ ਨਹੁੰ ਮਾਸ ਦਾ ਰਿਸ਼ਤਾ ਹੈ। ਦੋਵਾਂ ਦੇ ਸੁਮੇਲ ਨਾਲ ਹੀ ਖ਼ਾਲਸਾ; ਗੁਰੂ, ਪ੍ਰਮਾਤਮਾਂ ਤੇ ਸੰਸਾਰ ਦੀ ਨਜ਼ਰ ਵਿੱਚ ਪ੍ਰਵਾਣ ਚੜ੍ਹੇਗਾ:-

**ਰਹਿਤ ਬਿਨਾ ਨਹਿ ਸਿਖ ਕਹਾਵੈ॥ ਰਹਿਤ ਬਿਨਾ ਦਰ ਚੋਟਾ ਖਾਵੈ॥**
**ਰਹਿਤ ਬਿਨਾ ਸੁਖ ਕਬਹੂ ਨ ਲਹੈ॥ ਤਾ ਤੇ ਰਹਿਤ ਸੁ ਦ੍ਰਿੜ ਕਰ ਰਹੈ॥**

ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਜੇ ਇਸ ਤੋਂ ਵੀ ਵਧੇਰੇ ਮੇਰੀ ਪ੍ਰਸੰਨਤਾ ਪ੍ਰਾਪਤ ਕਰਨੀ ਹੈ ਤਦ ਹੇਠ ਲਿਖੇ ਬਚਨਾਂ ਦੇ ਤੁਸੀਂ ਧਾਰਨੀ ਬਣਨਾ ਹੈ, ਅਜਿਹੇ ਕਰਣੀ ਪ੍ਰਧਾਨ ਗੁਰਸਿੱਖਾਂ ਦਾ ਮੈਂ ਚੇਲਾ ਹੋ ਵਰਤਾਂਗਾ। ਇਹ ਅੱਤ ਕਥਨੀ ਨਹੀਂ, ਮੇਰੇ ਮਨ ਵਿੱਚ ਕਰਨੀ ਪ੍ਰਧਾਨ, ਹੁਕਮ ਮੰਨਣ ਵਾਲੇ ਬਹੁਤ ਹੀ ਸਤਿਕਾਰੀ ਹਨ ਪਰ ਕੌਣ? ਜੋ:-

**ਰਹਿਣੀ ਰਹੈ ਸੋਈ ਸਿਖ ਮੇਰਾ॥ ਉਹ ਠਾਕੁਰ ਮੈ ਉਸ ਕਾ ਚੇਰਾ॥**

ਰਹਿਤਨਾਮਾ ਭਾ:ਦੇਸਾ ਸਿੰਘ ਜੀ

ਦੇ ਧਾਰਨੀ ਬਣਨਗੇ।

ਗੁਰੂ ਰੂਪ ਸਾਧ ਸੰਗਤ ਜੀ! ਆਪਾਂ ਸਾਰਿਆਂ ਨੇ ਕਲਗੀਧਰ ਜੀ ਦਾ ਉੱਪਰ ਅੰਕਿਤ ਕੀਤਾ ਕੌਤਕੀ ਪ੍ਰਸੰਗ ਪੜ੍ਹਿਆ ਜੋ ਸਾਹਿਬਾਂ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਵਰਤਾਇਆ। ਅੱਜ ਆਪਾਂ ਵੀ ਸ੍ਰੀ ਅਨੰਦਪੁਰ ਸਾਹਿਬ ਦੀ ੩੫੦ਵੀਂ ਸਥਾਪਨਾ ਵਰ੍ਹੇ ਗੰਢ ਵਿੱਚ ਸ਼ਾਮਿਲ ਹੋਣ ਲਈ, ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਨਤਮਸਤਕ ਹੋਣ ਆਏ ਹਾਂ। ਸੋ ਇਸ ਕੌਤਕ ਤੋਂ ਆਪਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ ਕਿ ਜਿੱਥੇ ਸਤਿਗੁਰਾਂ ਵੱਲੋਂ ਬਖਸ਼ੇ ਬਾਣੇ ਦਾ ਸਿੱਖ ਨੇ ਧਾਰਨੀ ਹੋਣਾ ਹੈ ਉੱਥੇ ਅੰਦਰਲੀ ਆਤਮਿਕ ਕਮਾਈ ਅਵੱਸ਼ ਲੋੜੀਂਦੀ ਹੈ। ਜੇ ਪੂਰਨ ਤੌਰ ਤੇ ਗੁਰੂ ਦੀ ਪ੍ਰਸੰਨਤਾ ਲੈਣੀ ਹੈ ਫਿਰ ਜੋ ਕਲਗੀਧਰ ਜੀ ਨੇ ਸਾਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਬਾਣੀ ਤੇ ਬਾਣੇ ਨਾਲ ਜੋੜ, ਅੰਦਰੂਨੀ ਤੇ ਬਹਿਰੂਨੀ ਰਹਿਤਾਂ ਬਖਸ਼ਿਸ਼ ਕਰ ਕੇ ਸਾਡੇ ਅੰਦਰ ਜੋ ਅੰਮ੍ਰਿਤ ਦਾ ਖੂਹਟਾ ਹੈ ਉਸ ਨੂੰ ਪ੍ਰਗਟ ਕਰਨ ਦੀ ਜੋ ਜੁਗਤ ਦਰਸਾਈ ਹੈ ਕਿ:-

**ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥**

ਵਡਹੰਸ ਮ:੩, ਅੰਗ: ੫੭੦

ਸੋ ਇਸ ਅੰਦਰ ਦੇ ਅੰਮ੍ਰਿਤ ਰੂਪੀ ਖੂਹ ਦੇ ਭਾਈਵਾਲ ਅਸੀਂ ਤਦ ਹੀ ਬਣ ਸਕਾਂਗੇ ਜੇ ਤਿੰਨ ਚੀਜਾਂ ਦਾ ਸੁਮੇਲ (ਅੰਮ੍ਰਿਤ ਛਕਣਾ, ਬਾਣੀ ਦੇ ਨਿੱਤਨੇਮੀ ਬਣਨਾ ਤੇ ਪੰਜ ਕਕਾਰੀ ਰਹਿਤ ਨੂੰ ਜੀਵਨ ਪ੍ਰਯੰਤ ਨਿਭਾਉਣਾ) ਵਾਲਾ ਸਾਡਾ ਜੀਵਨ ਬਣ ਜਾਵੇਗਾ। ਤਿੰਨਾਂ ਵਿੱਚੋਂ ਇੱਕ ਪੱਖ ਦੀ ਘਾਟ ਵੀ ਇਸ ਅੰਤ੍ਰੀਵ ਅੰਮ੍ਰਿਤ ਦਾ ਰਸ ਨਹੀਂ ਮਾਨਣ ਦੇਵੇਗੀ।

ਅਨੰਦਪੁਰ ਸਾਹਿਬ ਦੀ ੩੫੦ਵੀਂ ਵਰ੍ਹੇ ਗੰਢ ਮਨਾਉਣੀ ਤਦ ਹੀ ਸਾਡੇ ਵਾਸਤੇ ਸਫ਼ਲੀ ਹੋਵੇਗੀ ਜੇ ਆਪਾਂ ਸ੍ਰੀ ਕਲਗੀਧਰ ਜੀ ਦਾ ਹੁਕਮ ਮੰਨ ਕੇ ਆਪਣੇ ਜੀਵਨ ਨੂੰ ਗੁਰੂ ਚਾਲੀ ਅਨੁਸਾਰ ਢਾਲ ਲਈਏ। ਆਪਣੇ ਜੀਵਨ ਨੂੰ "ਬਾਣੀ, ਬਾਣੇ" ਦੇ ਸੁਮੇਲ ਨਾਲ ਸਫਲਾ ਕਰੀਏ। ਜੇ ਆਪਾਂ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਨੂੰ ਨਤਮਸਤਕ ਹੋਣ ਗਏ, ਸਤਿਗੁਰੂ ਨੂੰ ਮੱਥਾ ਟੇਕਿਆ, ਲੰਗਰ ਛਕ, ਚਾਹ-ਪਕੌੜੇ ਜਲੇਬੀਆਂ ਨੂੰ ਭਾਗ ਲਾਏ, ਰਸਤੇ ਵਿੱਚ ਕੋਲਡ-ਡ੍ਰਿੰਕ ਪੀ, ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਗਏ ਤੇ ਵਾਪਸ ਆ ਗਏ, ਤਦ ਬਹੁਤਾ ਲਾਭ ਨਹੀਂ ਹੋਵੇਗਾ। ਰਾਜ ਕਰੇਗਾ ਖ਼ਾਲਸਾ ਦੇ ਨਾਹਰੇ ਦੀਆਂ ਗੂੰਜ਼ਾਂ ਵੀ ਆਪਾਂ ਜ਼ਰੂਰ ਪਾਉਣੀਆਂ ਹਨ ਪਰ ਇਹ ਨਾਹਰਾ ਬੁਲੰਦ ਕਰਨ ਤੋਂ ਪਹਿਲਾਂ ਆਪਾਂ ਖ਼ਾਲਸੇ ਜ਼ਰੂਰ ਸੱਜ ਜਾਈਏ। ਨੌਜਵਾਨੋਂ! ਮੈਨੂੰ ਪਤਾ ਹੈ ਤੁਹਾਡੇ ਅੰਦਰ ਗੁਪਤ ਰੂਪ ਵਿੱਚ ਸਿੱਖੀ ਦਾ ਬੀਜ ਪਿਆ ਹੈ। ਅੰਦਰ ਗੁਰਸਿੱਖੀ ਦੇ ਬੀਜ ਦਾ ਤਦ ਹੀ ਪੂਰਨ ਲਾਹਾ ਹੈ ਜੇ ਆਪਾਂ ਉਸ ਨੂੰ ਬਾਹਰ ਵੀ ਪ੍ਰਫੁਲਤ ਕਰ ਸਿੱਖੀ ਦੀ ਖੇਤੀ ਦਾ ਪ੍ਰਗਟਾਵਾ ਬਾਹਰ ਕਰਕੇ ਗੁਰੂ ਖੁਸ਼ੀ ਪ੍ਰਾਪਤ ਕਰ ਲਈਏ।

# ੩੦
# ਸ਼ੁੱਧ ਗੁਰਬਾਣੀ ਪੜ੍ਹਣ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਬੋਲੀ ਅਤੇ ਲਿਖਤ ਆਪਣੇ ਵੀਚਾਰ ਦੂਸਰੇ ਤੱਕ ਪਹੁਚਾਉਣ ਅਤੇ ਦੂਸਰੇ ਦੇ ਵੀਚਾਰ ਸਮਝ ਸਕਣ ਦਾ ਇੱਕ ਮਾਧਿਅਮ ਹੈ। ਇਸ ਮਾਧਿਅਮ ਵਿੱਚ ਸਪੱਸ਼ਟਤਾ ਤੇ ਬਿਸਰਾਮ ਦੀ ਬਹੁਤ ਅਧਿਕ ਲੋੜ ਹੈ। ਜੇ ਠੀਕ ਥਾਂ ਤੇ ਬਿਸਰਾਮ ਤੇ ਪੂਰੀਆਂ ਲਗਾਂ ਮਾਤਰਾ ਨਾਲ ਬੋਲਿਆ ਜਾਵੇ ਜਾਂ ਲਿਖਤ ਨੂੰ ਪੜ੍ਹਿਆ ਜਾਵੇ ਤਾਂ ਦੂਸਰੇ ਦੇ ਵੀਚਾਰ ਨੂੰ ਬਹੁਤ ਹੀ ਸੁਖੈਨ ਤਰੀਕੇ ਨਾਲ ਮਨੁੱਖ ਆਪਣੇ ਅੰਦਰ ਵਸਾ ਲੈਂਦਾ ਹੈ। ਜੇ ਇੱਕ ਵੀ ਲਗ, ਕੰਨਾਂ ਜਾਂ ਬਿੰਦੀ ਫ਼ਾਲਤੂ ਪੜ੍ਹ ਹੋ ਜਾਵੇ ਜਾਂ ਨਾ ਬੋਲੀ ਜਾਵੇ, ਥੋੜ੍ਹੇ ਜਿਹੇ ਫ਼ਰਕ ਨਾਲ ਅਰਥਾਂ ਦੇ ਅਨਰਥ ਬਣ ਜਾਂਦੇ ਹਨ। ਕਿਸੇ ਅਦੀਬ ਨੇ ਬੜਾ ਦਰੁਸਤ ਫ਼ੁਰਮਾਇਆ ਹੈ ਕਿ:

**ਹਮ ਦੁਆ ਲਿਖਤੇ ਰਹੇ ਵੋ ਦਗਾ ਪੜ੍ਹਤੇ ਰਹੇ,**
**ਏਕ ਨੁਕਤੇ ਕੇ ਫੇਰ ਨੇ ਮਹਿਰਮ ਸੇ ਮੁਜ਼ਰਮ ਕਰ ਦੀਆ।**

ਉੜਦੂ ਭਾਸ਼ਾ ਵਿੱਚ ਕੇਵਲ ਇੱਕ ਬਿੰਦੀ ਜਾਂ ਲਗ ਦੀ ਘਾਟ-ਵਾਧ "ਦੁਆ ਨੂੰ ਦਗਾ" ਅਤੇ "ਮਹਿਰਮ ਨੂੰ ਮੁਜ਼ਰਮ" ਬਣਾ ਦਿੰਦੀ ਹੈ।

ਬਿਸਰਾਮ ਦੀ ਹੀ ਉਦਾਹਰਣ ਲੈ ਲਈਏ, ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਕਵੀ ਹੰਸ ਰਾਜ ਜਿਸ ਨੇ ਇੱਕ ਸਵਈਆ ਰਚਿਆ ਪਰ ਸਤਿਗੁਰੂ ਜੀ ਨੂੰ ਨਾ ਸੁਣਾਇਆ ਤੇ ਆਪਣੇ ਪੱਟ ਤੇ ਲਿਖ ਕੇ, ਧੋਤੀ ਬੰਨ ਲਈ ਕਿ ਕਿਸੇ ਬਾਦਸ਼ਾਹ ਨੂੰ ਸੁਣਾ ਕੇ ਚੋਖਾ ਇਨਾਮ ਪਾਵਾਂਗਾ ਪਰ ਜਾਣੀ ਜਾਣ ਸਤਿਗੁਰੂ ਜੀ ਨੇ ਉਸ ਦੀ ਚੋਰੀ ਦਾ ਪਾਜ ਉਘਾੜਣ ਲਈ ਸਿੱਖਾਂ ਨੂੰ ਹੁਕਮ ਕੀਤਾ ਕਿ ਸਾਰੇ ਕਵੀਸ਼ਰਾਂ ਨੂੰ ਤੇਲ ਦੀ ਮਾਲਸ਼ ਕਰਕੇ ਦਹੀਂ ਨਾਲ ਗਰਮ ਪਾਣੀ ਦੁਆਰਾ ਇਸ਼ਨਾਨ ਕਰਵਾਉ ਤਾਂ ਜੋ ਕਵੀਸ਼ਰਾਂ ਦੀ ਖੁਸ਼ਕੀ ਦੂਰ ਹੋ ਜਾਵੇ। ਬਾਕੀ ਕਵੀਸ਼ਰ ਤਾਂ ਬੜੀ ਖੁਸ਼ੀ ਨਾਲ ਮਾਲਸ਼ ਕਰਵਾ ਕੇ ਇਸ਼ਨਾਨ ਕਰਨ ਲੱਗੇ ਪਰ ਜਦੋਂ ਹੰਸ ਰਾਜ ਦੀ ਵਾਰੀ ਆਈ ਤਾਂ ਹੰਸਰਾਜ ਨੇ ਬਹਾਨਾ ਪਾਇਆ ਪਾਤਸ਼ਾਹ! ਮੈਨੂੰ ਤੇਈਆ ਤਾਪ ਚੜ੍ਹਦਾ ਹੈ ਇਸ ਲਈ ਕ੍ਰਿਪਾ ਕਰਕੇ ਮੈਨੂੰ ਇਸ਼ਨਾਨ ਤੋ ਛੋਟ ਦਿੱਤੀ ਜਾਵੇ। ਜਾਣੀ ਜਾਣ ਸਤਿਗੁਰੂ ਹੰਸ ਰਾਜ ਕਵੀ ਨੂੰ ਸੰਬੋਧਨ ਕਰ ਕਹਿਣ ਲੱਗੇ ਤੈਨੂੰ ਤੇਈਆ ਤਾਪ ਨਹੀਂ ਚੜ੍ਹਦਾ ਸਗੋਂ ਤੈਨੂੰ ਹੰਕਾਰ ਦਾ ਤਾਪ ਚੜ੍ਹਿਆ ਹੋਇਆ ਹੈ।

ਤੈਨੂੰ ਮਾਣ ਹੈ ਕਿ ਮੇਰੇ ਵਰਗੀ ਕਵਿਤਾ ਕੋਈ ਨਹੀ ਰਚ ਸਕਦਾ ਤੇਰਾ ਹੰਕਾਰ ਦਾ ਤਾਪ ਉਤਾਰਨ ਵਾਸਤੇ ਤੈਨੂੰ ਤਾਂ ਇੱਕ ਵਾਰੀ ਨਹੀਂ ਦੋ ਵਾਰੀ ਇਸ਼ਨਾਨ ਕਰਾਵਾਂਗੇ। ਜਦੋਂ ਹੰਸ ਰਾਜ ਦੇ ਬਸਤ੍ਰ ਉਤਾਰੇ ਤਾਂ ਉਸਦੇ ਪੱਟਾਂ ਤੇ ਸਿਆਹੀ ਨਾਲ ਕਈ ਸਵਈਏ ਤੇ ਕਵਿਤਾ ਲਿਖੀਆਂ ਵੇਖ ਕੇ ਸਾਰੇ ਕਵੀਸ਼ਰ ਹੱਸੇ। ਹੰਸ ਰਾਜ ਸ਼ਰਮਿੰਦਾ ਹੋ ਗਿਆ। ਸਤਿਗੁਰੂ ਜੀ ਮੁਸਕਰਾਏ ਤੇ ਹੰਸ ਰਾਜ ਨੂੰ ਕਹਿਣ ਲਗੇ ਹੰਸ ਰਾਜ! ਤੂੰ ਹੰਕਾਰ ਦਾ ਸ਼ਿਕਾਰ ਹੋ ਗਿਆ ਹੈਂ। ਅਜਿਹੇ ਸਵਈਏ ਤੇ ਕਵਿਤਾਵਾਂ ਤਾਂ ਗੁਰੂ ਘਰ ਦੇ ਘਾਹੀ ਵੀ ਰਚ ਲੈਂਦੇ ਹਨ। ਹੰਸ ਰਾਜ ਤਾਂ ਬਹੁਤ ਸ਼ਰਮਿੰਦਾ ਹੋਇਆ ਪਰ ਕਈ ਕਵੀਆਂ ਨੇ ਵੀ ਗੁੱਸਾ ਕੀਤਾ ਕਿ ਕਿੱਥੇ ਘਾਹੀ ਕਿੱਥੇ ਅਸੀਂ ਵਿਦਵਾਨ। ਕਵੀਆਂ ਨੇ ਚੰਦਨ ਨੂੰ ਸਵਈਆ ਉਚਾਰਨ ਲਈ ਕਿਹਾ, ਚੰਦਨ ਕਵੀ ਨੇ ਹੇਠ ਲਿਖਿਆ ਸਵੱਈਆ ਰਚ ਕੇ ਸਤਿਗੁਰੂ ਜੀ ਦੇ ਘਾਹੀ ਪਾਸੋਂ ਅਰਥ ਸੁਣਨੇ ਚਾਹੇ:-

**ਨਵਸਾਤ ਤਿਯੇ ਨਵਸਾਤ ਕਿਯੇ ਨਵਸਾਤ ਪੀਯੇ ਨਵਸਾਤ ਪਿਆਏ॥**
**ਨਵਸਾਤ ਰਚੇ ਨਵਸਾਤ ਬਦੇ ਨਵਸਾਤ ਪਯਾਦਹਿ ਦਾਇਕ ਪਾਏ॥**
**ਜੀਤ ਕਲਾ ਨਵਸਾਤਨ ਕੀ ਨਵਸਾਤਨ ਕੇ ਮੁਖ ਅੰਦਰ ਛਾਏ॥**
**ਮਾਨਹੁ ਮੇਘ ਕੇ ਮੰਡਲ ਮੈ ਕਵਿ ਚੰਦਨ ਚੰਦ ਕਲੇਵਰ ਛਾਏ॥**

ਸਤਿਗੁਰੂ ਜੀ ਨੇ ਆਪਣੇ ਘਾਹੀ ਭਾਈ ਧੰਨਾ ਸਿੰਘ ਨੂੰ ਸੱਦਿਆ ਤੇ ਹੁਕਮ ਕੀਤਾ ਧੰਨਾ ਸਿੰਘ! ਕਵੀਆਂ ਨੂੰ ਹੰਕਾਰ ਦਾ ਤਾਪ ਚੜ੍ਹ ਗਿਆ ਹੈ, ਚੰਦਨ ਨੇ ਇਹ ਸਵੱਈਆ ਉਚਾਰਿਆ ਹੈ ਤੂੰ ਇਸ ਦੇ ਅਰਥ ਕਰਕੇ ਚੰਦਨ ਕਵੀ ਦੀ ਤਸੱਲੀ ਕਰਵਾ ਚੰਦਨ ਕਵੀ ਨੇ ਮੁੜ ਦੁਬਾਰਾ ਇਹ ਸਵੱਈਆ ਬੜੇ ਮਾਣ ਭਰੇ ਲਹਿਜੇ ਨਾਲ ਭਾਈ ਧੰਨਾ ਸਿੰਘ ਨੂੰ ਸੁਣਾਇਆ। ਧੰਨਾ ਸਿੰਘ, ਚੰਦਨ ਕਵੀ ਦੀ ਕਵਿਤਾ ਸੁਣ ਕੇ ਸਤਿਗੁਰਾਂ ਨੂੰ ਨਮਸਕਾਰ ਕਰਕੇ ਕਹਿਣ ਲੱਗਾ ਪਾਤਸ਼ਾਹ! ਮੈ ਇਹਦੇ ਅਰਥ ਕੀ ਕਰਾਂ? ਇਸ ਵਿੱਚ ਕੋਈ ਯਥਾਰਥ ਦੀ ਗੱਲ ਤਾਂ ਹੈ ਨਹੀਂ। ਸਾਰੇ ਸਵੱਈਏ ਵਿੱਚ ਸੋਲਾਂ ਸੋਲਾਂ ਦੀ ਗਿਣਤੀ ਹੀ ਚੰਦਨ ਨੇ ਬਾਰ ਬਾਰ ਦੁਹਰਾਈ ਹੈ। ਧੰਨਾ ਸਿੰਘ ਦਾ ਇਤਨਾ ਬਚਨ ਸੁਣ ਕੇ ਚੰਦਨ ਸਤਿਗੁਰਾਂ ਦੇ ਪੈਰੀਂ ਪੈ ਗਿਆ।

ਧੰਨਾ ਸਿੰਘ, ਜੋ ਗੁਰੂ ਮਹਾਰਾਜ ਜੀ ਦੇ ਘੋੜਿਆਂ ਨੂੰ ਘਾਹ ਖੋਤਰ ਕੇ ਪਾਉਂਦਾ ਸੀ ਤੇ ਗੁਰੂ ਮਿਹਰ ਨਾਲ ਕਵਿਤਾ ਵੀ ਕਰਦਾ ਸੀ। ਆਪ ਨੇ ਚੰਦਨ ਦੀ ਕਵਿਤਾ ਦਾ ਅਰਥ ਕਰਦਿਆਂ ਸਤਿਗੁਰਾਂ ਨੂੰ ਸੰਬੋਧਨ ਕਰ ਕਿਹਾ, ਸਤਿਗੁਰੂ ਜੀ! ਚੰਦਨ ਇਸ ਸਵੱਈਏ ਅੰਦਰ ਸੋਲ੍ਹਾਂ ਅੱਖਰ ਦੀ ਗਿਣਤੀ ਇਸ ਤਰ੍ਹਾਂ ਵਰਨਣ ਕਰਦਾ ਹੈ ਕਿ ਸੋਲ੍ਹਾਂ ਵਰ੍ਹੇ ਦੀ ਨੌਜਵਾਨ ਲੜਕੀ ਨੇ ਸੋਲ੍ਹਾਂ ਪ੍ਰਕਾਰ ਦੇ ਸ਼ਿੰਗਾਰ ਕੀਤੇ। ਉਸ ਦਾ ਪਤੀ ਸੋਲ੍ਹਾਂ ਮਹੀਨਿਆ ਬਾਅਦ ਪ੍ਰਦੇਸ ਤੋਂ ਆਇਆ। ਇਸਤ੍ਰੀ ਨੇ ਸੋਲ੍ਹਾਂ ਪ੍ਰਕਾਰ

ਦੇ ਭੋਜਨ ਬਣਾ ਕੇ ਆਪਣੇ ਪਤੀ ਨੂੰ ਛਕਾਏ। ਭੋਜਨ ਛਕਾਉਣ ਉਪਰੰਤ ਉਸ ਨੇ ਸੋਲ੍ਹਾਂ ਘਰਾਂ ਵਾਲੇ ਚੋਪੜ ਦੀ ਬਾਜੀ ਆਪਣੇ ਪਤੀ ਨਾਲ ਰਚੀ। ਦੋਵਾਂ ਇਸਤ੍ਰੀ ਭਰਤਾ ਨੇ ਜਿੱਤ ਪ੍ਰਾਪਤ ਕਰਨ ਲਈ ਸੋਲ੍ਹਾਂ ਸੋਲ੍ਹਾਂ ਚਾਲਾਂ ਚੱਲੀਆਂ। ਸੋਲ੍ਹਾਂ ਨਰਦਾ ਵਾਲੀ ਬਾਜੀ ਜਿੱਤ ਕੇ ਇਸਤ੍ਰੀ ਨੇ ਸੋਲਾਂ ਆਨੇ ਵਾਲੇ ਰੁਪਏ ਪ੍ਰਾਪਤ ਕੀਤੇ। ਜਦੋਂ ਇਸਤ੍ਰੀ ਨੂੰ ਪਤੀ ਨੇ ਜਿੱਤ ਲਿਆ ਤਦ ਸੋਲ੍ਹਾਂ ਕਲਾ ਵਰਗੇ ਪੂਰਨ ਚੰਦਰਮਾਂ ਵਰਗਾ ਮੂੰਹ, ਸ਼ਰਮ ਦੇ ਮਾਰੇ ਇਸਤ੍ਰੀ ਨੇ ਕੱਪੜੇ ਨਾਲ ਕੱਜ ਲਿਆ। ਉਸ ਦਾ ਮੂੰਹ ਇਸ ਤਰ੍ਹਾਂ ਲੱਗਣ  ਲੱਗਾ ਜਿਸ ਤਰ੍ਹਾਂ ਚੰਦਰਮਾ ਪਾਣੀ ਵਾਲੇ ਬਦਲਾਂ ਨੇ ਢੱਕ (ਕੱਜ) ਲਿਆ ਹੋਵੇ।

ਸਤਿਗੁਰੂ ਜੀ ਨੇ ਧੰਨਾ ਸਿੰਘ ਨੂੰ ਹੁਕਮ ਕੀਤਾ ਕਿ ਕਵੀਸ਼ਰਾਂ ਦਾ ਹੰਕਾਰੀ ਤਾਪ ਅਧੂਰਾ ਨਾ ਉੱਤਰੇ, ਪੂਰਾ ਉਤਾਰਨ ਲਈ ਤੂੰ ਕੋਈ ਸਵੱਈਆ ਉਚਾਰਣ ਕਰ ਤਾਂ ਜੋ ਤੇਰੇ ਉਚਾਰਣ ਕੀਤੇ ਸਵੱਈਏ ਦੇ ਇਹ ਅਰਥ ਕਰਕੇ ਦਰਸਾਉਣ। ਭਾਈ ਧੰਨਾ ਸਿੰਘ ਜੀ ਨੇ ਹੇਠ ਲਿਖਿਆ ਸਵੱਈਆ ਉਚਾਰਣ ਕੀਤਾ:-

**ਮੀਨ ਮਰੇ ਜਲ ਕੇ ਪਰਸੇ ਕਬਹੂ ਨ ਮਰੇ ਪਰ ਪਾਵਕ ਪਾਏ।**
**ਹਾਥੀ ਮਰੇ ਮਧ ਕੇ ਪਰਸੇ ਕਬਹੂ ਨ ਮਰੇ ਤਨ ਤਾਪ ਕੇ ਆਏ।**
**ਤੀਯ ਮਰੇ ਪੀਅ ਕੇ ਪਰਸੇ ਕਬਹੂ ਨ ਮਰੇ ਪਰਦੇਸ ਸਿਧਾਏ।**
**ਗੂੜ ਮੈ ਬਾਤ ਕਹੀ ਦਿਜਰਾਜ ਬਿਚਾਰ ਸਕੈ ਨ ਬਿਨਾ ਚਿਤ ਲਾਇ।।**

ਜਦੋਂ ਧੰਨਾ ਸਿੰਘ ਨੇ ਉਪ੍ਰੋਕਤ ਸਵੱਈਆ ਕਵੀਆਂ ਨੂੰ ਸ੍ਰਵਣ ਕਰਵਾਇਆ, ਸਾਰੇ ਮੂੰਹ ਵਿੱਚ ਉਂਗਲਾਂ ਲੈ ਹੈਰਾਨ ਹੋ ਗਏ। ਕਵੀਆਂ ਨੇ ਧੰਨਾ ਸਿੰਘ ਦੇ ਸਵੱਈਏ ਦੇ ਅਰਥ ਕਰਨ ਤੋਂ ਅਸਮਰੱਥਾ ਪ੍ਰਗਟਾਈ ਅਤੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਇਸ ਦਾ ਅਰਥ ਧੰਨਾ ਸਿੰਘ ਨੂੰ ਹੀ ਕਰ ਕੇ ਸੁਣਾਉਣ ਲਈ ਕਿਹਾ ਜਾਵੇ। ਸਤਿਗੁਰੂ ਜੀ ਨੇ ਧੰਨਾ ਸਿੰਘ ਨੂੰ ਸਵੱਈਏ ਦੇ ਅਰਥ ਕਰਨ ਲਈ ਕਿਹਾ। ਧੰਨਾ ਸਿੰਘ ਗੁਰੂ ਹੁਕਮ ਮੰਨ ਉੱਠ ਖਲੋਤਾ ਤੇ ਸਤਿਗੁਰੂ ਜੀ ਨੂੰ ਮੁਖਾਤਿਬ ਹੋ ਕੇ ਕਹਿਣ ਲੱਗਾ ਸਤਿਗੁਰੂ ਜੀ ਇਹ ਤਾਂ ਸਾਰੀ ਸਾਰੀ ਉਮਰ ਵਿਦਿਆ ਪੜ੍ਹ  ਕੇ ਵਿਦਵਾਨ ਬਣੇ ਹਨ ਮੈਂ ਤਾਂ ਆਪ ਦਾ ਇੱਕ ਨਿਮਾਣਾ ਜਿਹਾ ਘਾਹੀ ਸਿੱਖ ਹਾਂ। ਇਸ ਸਵੱਈਏ ਵਿੱਚ ਕੇਵਲ ਬਿਸਰਾਮ ਹੀ ਸਵੱਈਏ ਦੀ ਗੰਢ ਖੋਹਲਣ ਵਿੱਚ ਅਟਕਾਉ ਹੈ। ਇਹ ਬਿਸਰਾਮ ਸਮਝਦੇ ਹਨ ਕਿ 'ਮੀਨ ਮਰੇ ਜਲ ਕੇ ਪਰਸੇ' ਪਰ ਜੇ ਇਹ ਅਰਧ ਬਿਸਰਾਮ 'ਮੀਨ ਮਰੇ ਜਲ ਕੇ ਪਰਸੇ ਕਬਹੂ ਨ, ਮਰੇ ਪਰ ਪਾਵਕ ਪਾਏ' ਲਾ ਲੈਣ ਤਾਂ ਸਾਰਾ ਮਸਲਾ ਹੱਲ ਹੋ ਜਾਂਦਾ ਹੈ। ਜਦੋਂ ਧੰਨਾ ਸਿੰਘ ਜੀ ਨੇ "ਨ" ਤੇ ਬਿਸਰਾਮ ਲਾ ਕੇ ਸਵੱਈਆ ਪੜ੍ਹਿਆ ਤਾਂ ਅਰਥ ਕਰਨ ਦੀ ਲੋੜ ਹੀ ਨਾ ਪਈ। ਸਾਰੇ ਵਿਦਵਾਨ ਹੈਰਾਨ ਹੋ ਕੇ ਸਤਿਗੁਰਾਂ ਨੂੰ ਜ਼ੁਹਾਰਾਂ ਕਰਦੇ ਵਿਦਾ ਹੋਏ।

ਸੋ ਹਰ ਥਾਂ, ਹਰ ਜਗ੍ਹਾ ਯੋਗ ਬਿਸਰਾਮ, ਅਰਧ ਬਿਸਰਾਮ ਲਾਉਣਾ ਬਹੁਤ ਜ਼ਰੂਰੀ ਹੈ ਤੇ ਨਾਲ ਹੀ ਲਗਾਂ-ਮਾਤ੍ਰਾ ਦੀ ਵੀ ਬਹੁਤ ਮਹਾਨਤਾ ਹੈ। ਜੇ ਪੂਰੀ ਲਗ-ਮਾਤ੍ਰਾ ਨਾ ਉਚਾਰਨ ਕੀਤੀ ਜਾਵੇ ਜਾ ਬਿਸਰਾਮ ਠੀਕ ਥਾਂ ਨਾ ਲਾਇਆ ਜਾਵੇ ਤਾਂ ਅਰਥ ਦੇ ਅਨਰਥ ਹੋ ਜਾਂਦੇ ਹਨ।

ਅਜਿਹੀ ਮਹੱਤਵ ਪੂਰਨ ਸਾਵਧਾਨੀ ਗੁਰਬਾਣੀ ਪੜ੍ਹਨ ਵੇਲੇ ਜ਼ਰੂਰ ਵਰਤਣੀ ਹੈ, ਇਹ ਸਮਝਾਉਣ ਲਈ ਸ੍ਰੀ ਕਲਗੀਧਰ ਜੀ ਨੇ ਇੱਕ ਕੌਤਕ ਰਚਾਇਆ ਤਾਂ ਜੋ ਗੁਰਬਾਣੀ ਪੜ੍ਹਨ ਵੇਲੇ ਸਿੱਖ ਅਵੇਸਲੇ-ਪਣ ਵਿੱਚ ਲਗਾਂ-ਮਾਤਰਾ ਨਾਲ ਬੇ-ਧਿਆਨੀ ਨਾ ਵਰਤਣ। ਸਤਿਗੁਰੂ ਜੀ ਦੀਵਾਨ ਦੀ ਸਮਾਪਤੀ ਉਪਰੰਤ ਆਪਣੇ ਨਿਜ ਅਸਥਾਨ ਲਈ ਜਾ ਰਹੇ ਸਨ ਕਿ ਥੋੜ੍ਹੀ ਦੂਰ ਇੱਕ ਗੁਰਸਿੱਖ ਬੜੇ ਪ੍ਰੇਮ ਨਾਲ ਗੁਰੂ ਨਾਨਕ ਦੇਵ ਜੀ ਦੀ ਪਾਵਨ ਬਾਣੀ ਦਖਣੀ ਓਅੰਕਾਰ ਪੜ੍ਹ ਰਿਹਾ ਸੀ। ਜਦੋਂ ਸਤਿਗੁਰੂ ਜੀ ਗੁਰਸਿੱਖ ਦੇ ਕੋਲ ਦੀ ਲੰਘ ਰਹੇ ਸਨ ਤਦ ਗੁਰਸਿੱਖ "**ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ**" ਪੰਕਤੀ ਪੜ੍ਹ ਰਿਹਾ ਸੀ। ਸਤਿਗੁਰੂ ਜੀ ਖਲੋ ਗਏ ਤੇ ਇੱਕ ਗੁਰਸਿੱਖ ਨੂੰ ਹੁਕਮ ਕੀਤਾ ਕਿ ਇਸ ਪਾਸੋਂ ਪੰਜ ਗ੍ਰੰਥੀ ਲੈ ਲਵੋ ਤੇ ਇਸ ਦੇ ਇੱਕ ਚਪੇੜ[1] ਮਾਰੋ। ਸਿੱਖ ਨੇ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਬਾਣੀ ਪੜ੍ਹ ਰਹੇ ਗੁਰਸਿੱਖ ਦੇ ਚਪੇੜ ਮਾਰੀ। ਬਾਣੀ ਪੜ੍ਹਨ ਵਾਲਾ ਗੁਰਸਿੱਖ ਬੜਾ ਹੈਰਾਨ ਹੋਇਆ ਕਿ ਮੈਂ ਤਾਂ ਗੁਰਬਾਣੀ ਪੜ੍ਹ ਰਿਹਾ ਸਾਂ। ਸਤਿਗੁਰੂ ਜੀ ਨੇ ਮੇਰੇ ਚਪੇੜ ਕਿਉਂ ਮਰਵਾਈ? ਗੁਰਸਿੱਖ ਨੇ ਉੱਠ ਕੇ ਹੱਥ ਜੋੜ ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ ਬੜੀ ਆਜ਼ਜ਼ੀ ਨਾਲ ਬੇਨਤੀ ਕੀਤੀ ਪਾਤਸ਼ਾਹ! ਮੈਂ ਭੁੱਲਣਹਾਰ ਹਾਂ ਮੈਨੂੰ ਆਪਣੀ ਗਲਤੀ ਦਾ ਪਤਾ ਨਹੀਂ ਲੱਗਾ ਮੈਂ ਤਾਂ ਜਮਾਂ ਦੀ ਮਾਰ ਤੋਂ ਬਚਣ ਵਾਸਤੇ ਗੁਰਬਾਣੀ ਪੜ੍ਹ ਰਿਹਾ ਹਾਂ ਜੇ ਇੱਥੇ ਬਾਣੀ ਪੜ੍ਹਨ ਨਾਲ ਚਪੇੜਾਂ ਪੈਣੀਆਂ ਹਨ ਤਾਂ ਫਿਰ ਦਰਗਾਹ ਵਿੱਚ ਗੁਰਬਾਣੀ ਜਮਾਂ ਦੀ ਮਾਰ ਤੋਂ ਕਿਵੇਂ ਬਚਾਵੇਗੀ? ਸਤਿਗੁਰੂ ਕਲਗੀਧਰ ਜੀ ਬੈਠ ਗਏ ਤੇ ਗੁਰਸਿੱਖ ਨੂੰ ਸਮਝਾਇਆ ਗੁਰੂ ਪਿਆਰਿਆ! "**ਬਾਣੀ ਗੁਰੂ ਗੁਰੂ ਹੈ ਬਾਣੀ**", ਗੁਰਬਾਣੀ ਗੁਰੂ ਦਾ ਸਰੀਰ ਹੈ। ਏਸ ਨੂੰ ਖੰਡਤ ਪੜ੍ਹਨਾ ਜਾਂ ਲਗ ਕੰਨਾਂ ਤੋੜ ਕੇ ਪੜ੍ਹਨ ਨਾਲ ਗੁਰੂ ਦੇ ਅੰਗ, ਭੰਗ ਹੁੰਦੇ ਹਨ। ਦੂਸਰੇ, ਜੋ ਗੁਰਬਾਣੀ ਵਿੱਚ ਸਤਿਗੁਰਾਂ ਸਿਧਾਂਤ ਪ੍ਰਦਾਨ ਕੀਤਾ ਹੈ ਉਨ੍ਹਾਂ ਸਿਧਾਂਤਾਂ ਦੇ, ਅਰਥਾਂ ਦੇ, ਅਨਰਥ ਹੋ ਜਾਂਦੇ ਹਨ। ਤੂੰ ਮੁੜ ਉਹੋ ਪੰਕਤੀਆਂ ਦੁਬਾਰਾ ਪੜ੍ਹ। ਗੁਰਸਿੱਖ ਨੇ ਮੁੜ ਉਹੋ ਪੰਕਤੀਆਂ "**ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ**" ਪੜ੍ਹੀਆਂ। ਸਤਿਗੁਰੂ ਜੀ ਕਹਿਣ ਲੱਗੇ ਗੁਰਸਿੱਖਾ! ਇਸੇ ਕਰਕੇ ਤੈਨੂੰ ਚਪੇੜ ਮਰਵਾਈ ਹੈ। ਅਸਲੀ ਪੰਕਤੀ ਹੈ:-

**ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥**

ਮ:੧, ਅੰਗ: ੯੩੦

---

੧.ਥੱਪੜ

ਤੂੰ "**ਕੈ**" ਦੇ ਥਾਂ "**ਕੇ**" ਪੜ੍ਹਦਾ ਹੈਂ, ਦੁਲਾਵਾਂ ਦੇ ਥਾਂ ਇੱਕ ਲਾਵ ਪੜ੍ਹਨ ਨਾਲ ਸਾਰੀ ਪੰਗਤੀ ਦਾ ਅਰਥ ਹੀ ਬਦਲ ਜਾਦਾ ਹੈ। "**ਕੈ**" ਪੜ੍ਹਨ ਨਾਲ ਅਰਥ ਬਣਦਾ ਹੈ, 'ਕਰਤਾਰ ਦੀ ਵਡਿਆਈ ਕਰਤਾਰ ਆਪ ਹੀ ਜਾਣਦਾ ਹੈ, ਜਾਂ ਕਰਤਾਰ ਦੀ ਵਡਿਆਈ ਸੂਰਬੀਰ ਸਤਿਗੁਰੂ ਜਾਣਦਾ ਹੈ'। "**ਕੇ**" ਪੜ੍ਹਨ ਨਾਲ ਅਰਥ ਬਣ ਜਾਂਦਾ ਹੈ ਕਿ ਕਰਤਾਰ ਦੀ ਵਡਿਆਈ ਕਰਤਾਰ ਆਪ ਹੀ ਜਾਣਦਾ ਹੈ, ਗੁਰੂ ਸੂਰਮਾ ਨਹੀਂ ਜਾਣਦਾ। ਸੋ "**ਕੇ**" ਇੱਕ ਲਾਵ ਪੜ੍ਹਣ ਨਾਲ ਪੰਕਤੀ ਦੇ ਅਰਥ ਬਿਲਕੁਲ ਹੀ ਉਲਟ ਹੋ ਗਏ। ਗੁਰੂ ਤੇ ਪ੍ਰਮੇਸ਼ਰ ਵਿੱਚ ਫਰਕ ਨਹੀਂ ਹੈ। ਸਤਿਗੁਰੂ ਅਰਜਨ ਸਾਹਿਬ ਪਾਤਸ਼ਾਹ ਜੀ ਦਾ ਗੌਂਡ ਰਾਗ ਅੰਦਰ ਬਚਨ ਵੀ ਹੈ ਐ ਗੁਰਸਿੱਖ! ਗੁਰੂ ਤੇ ਪ੍ਰਮੇਸ਼ਰ ਇੱਕ ਰੂਪ ਹਨ "**ਗੁਰੁ ਪਰਮੇਸਰੁ ਏਕੋ ਜਾਣੁ**"[੧] ਜਦੋਂ ਵੀ ਗੁਰਬਾਣੀ ਦਾ ਪਾਠ ਕਰਨਾ ਹੋਵੇ ਬੜੇ ਧਿਆਨ ਨਾਲ ਲਗ-ਕੰਨੇ-ਮਾਤਰਾ ਸਹਿਤ ਬਿਸਰਾਮ ਠੀਕ ਥਾਂ ਤੇ ਲਗਾ ਕੇ ਗੁਰਬਾਣੀ ਦਾ ਉਚਾਰਣ ਕਰਨਾ ਚਾਹੀਦਾ ਹੈ। ਤਦੋਂ ਗੁਰੂ ਦੀ ਪੂਰਨ ਪ੍ਰਸੰਨਤਾ ਹੁੰਦੀ ਹੈ ਤੇ ਗੁਰਬਾਣੀ ਉਚਾਰਣ ਕਰਨ ਵਾਲੇ ਨੂੰ ਵੀ ਗੁਰਬਾਣੀ ਦਾ ਪੂਰਨ ਬੋਧ ਹੁੰਦਾ ਹੈ। ਗੁਰਸਿੱਖ ਨੇ ਹੱਥ ਜੋੜ ਆਪਣੀ ਗਲਤੀ ਸਵੀਕਾਰ ਕਰ ਸਤਿਗੁਰੂ ਜੀ ਪਾਸੋਂ ਆਪਣੀ ਭੁੱਲ ਦੀ ਮੁਆਫ਼ੀ ਮੰਗੀ।

ਗੁਰੂ ਪਾਤਸ਼ਾਹ ਜੀ ਦੇ ਇਸ ਕੌਤਕਮਈ ਬਿਰਤਾਂਤ ਤੋਂ ਸਾਨੂੰ ਪਾਠੀ ਸਿੰਘਾਂ ਅਤੇ ਗੁਰਬਾਣੀ ਪੜ੍ਹਨ ਵਾਲਿਆਂ ਨੂੰ ਬਹੁਤ ਨਿੱਗਰ ਸੇਧ ਮਿਲਦੀ ਹੈ। ਜਦੋਂ ਵੀ ਆਪਾਂ ਗੁਰਬਾਣੀ ਦਾ ਉਚਾਰਣ ਕਰੀਏ ਲਗ-ਮਾਤ੍ਰ ਵੀਚਾਰ ਕੇ ਕਰਨਾ ਚਾਹੀਦਾ ਹੈ ਤਦ ਹੀ ਅਸੀਂ ਸਤਿਗੁਰੂ ਜੀ ਦੀ ਪ੍ਰਸੰਨਤਾ ਦੇ ਪਾਤਰ ਬਣ ਸਕਦੇ ਹਾਂ ਤੇ ਗੁਰਬਾਣੀ ਦਾ ਪੂਰਾ ਬੋਧ ਪ੍ਰਾਪਤ ਹੋ ਸਕਦਾ ਹੈ। ਲਗਾਂ-ਮਾਤ੍ਰਾਂ ਦੀ ਸੁਯੋਗ ਵਰਤੋਂ ਸਹਿਤ ਗੁਰਬਾਣੀ ਉਚਾਰਣ ਕਰਨ ਲਈ ਸਾਨੂੰ ਕਿਸੇ ਸਿਆਣੇ ਸੰਪਰਦਾਈ ਗਿਆਨੀ ਜੀ ਪਾਸੋਂ ਸੰਥਯਾ ਪ੍ਰਾਪਤ ਕਰਨੀ ਚਾਹੀਦੀ ਹੈ। ਪਰ ਸ਼ੁੱਧ ਗੁਰਬਾਣੀ ਉਚਾਰਣ ਸਿੱਖਣ ਲਈ ਸਾਡੇ ਪਾਸ ਸਮਾਂ ਹੀ ਨਹੀਂ ਹੈ। ਹਾਂ ਹੋਰ ਦੁਨਿਆਵੀ ਭਾਸ਼ਾਵਾਂ ਦਾ ਅਧਿਆਇਨ ਕਰਨ ਲਈ ਅਸੀਂ ਸਕੂਲਾਂ ਵਿੱਚ ਜਾਂ ਬੋਲੀ ਦੇ ਮਾਹਰਾਂ ਪਾਸ ਪੰਜ ਜਾਂ ਸੱਤ ਸਾਲ ਦਾ ਲਗਾਤਾਰ ਸਮਾਂ ਕੱਢ ਸਕਦੇ ਹਾਂ। ਜਿਸ ਗੁਰਬਾਣੀ ਨੇ ਸਾਡੀ ਆਤਮਾਂ ਦੀ ਕਲਿਆਣ ਕਰਨੀ ਹੈ ਜਾਂ ਸਾਨੂੰ ਚੰਗੇ ਇਨਸਾਨ ਬਣਨ ਦੀ ਅਗਵਾਈ ਪ੍ਰਦਾਨ ਕਰਨੀ ਹੈ, ਅਜਿਹੇ ਅਮੋਲਕ ਗਿਆਨ ਨੂੰ ਸ਼ੁੱਧ ਪੜ੍ਹਨ ਜਾਂ ਸਿੱਖਣ ਲਈ ਸਾਡੇ ਪਾਸ ਸਾਡੀ ਜ਼ਿੰਦਗੀ ਵਿੱਚ ਸਮਾਂ ਹੈ ਹੀ ਨਹੀਂ ਜਾਂ ਸਿਰਫ ਨਾ ਮਾਤਰ ਹੈ। ਜਿਸ ਦੀ ਬਦੌਲਤ ਅੱਜ ਸ਼ੁੱਧ ਪਾਠ ਉਚਾਰਣ ਕਰਨ ਵਾਲਿਆਂ ਦੀ ਬਹੁਤ ਜਿਆਦਾ ਕਮੀ ਹੈ। ਜੋ ਪਾਠ ਸਿੱਖਦੇ ਵੀ ਹਨ ਉਨ੍ਹਾਂ ਦਾ

---

੧.ਗੋਂਡ ਮ:੫, ਅੰਗ: ੮੬੪

ਮਨੋਰਥ ਗੁਰੂ ਗਿਆਨ ਜੋ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਅੰਕਿਤ ਕੀਤਾ ਹੈ ਉਸ ਨੂੰ ਸਮਝਣ ਦਾ ਨਹੀਂ; ਕੇਵਲ ਗੁਰਬਾਣੀ ਅੱਖਰਾਂ ਦਾ ਬੋਧ ਪ੍ਰਾਪਤ ਕਰ ਕੇ ਰੋਜੀ-ਰੋਟੀ ਕਮਾਉਣ ਦਾ ਹੀ ਟੀਚਾ ਹੁੰਦਾ ਹੈ। ਜਿਸ ਕਰਕੇ ਸਿੱਖਿਆਰਥੀ ਨਾ ਤਾਂ ਪੂਰੀ ਲਗਨ ਨਾਲ ਗੁਰਬਾਣੀ ਬੋਧ ਪ੍ਰਾਪਤ ਕਰਦੇ ਹਨ ਅਤੇ ਨਾ ਹੀ ਅਰਥਾਂ ਵੱਲ ਧਿਆਨ ਦਿੰਦੇ ਹਨ।

ਪਿਛਲੇ ਸਮੇਂ ਵਿੱਚ ਪਾਠੀ ਸਿੰਘ ਬੜੀ ਸੋਧ ਸੁੱਚਮ ਰੱਖ ਕੇ ਸੰਗਤਾਂ ਨੂੰ ਉੱਚੀ ਬੋਲ ਕੇ ਪਾਠ ਸੁਣਾ ਕੇ ਨਾਲੇ ਆਪ ਰਸ ਲੈਂਦੇ ਸਨ ਤੇ ਨਾਲੇ ਸੰਗਤ ਬੜੇ ਪਿਆਰ ਨਾਲ ਜੁੜ ਕੇ ਪਾਠ ਸ੍ਰਵਣ ਕਰਦੀ ਸੀ। ਅੱਜ ਜਦੋਂ ਸ੍ਰੀ ਅਖੰਡ ਪਾਠ ਸਾਹਿਬ ਚੱਲ ਰਿਹਾ ਹੁੰਦਾ ਹੈ। ਪਾਠੀ ਸਿੰਘ ਦਾ ਕੀਤਾ ਪਾਠ ਕੇਵਲ ਉਸ ਦੇ ਬੁਲ੍ਹਾਂ ਤੱਕ ਹੀ ਸੀਮਤ ਰਹਿੰਦਾ ਹੈ। ਸ਼ਾਇਦ ਪਾਠੀ ਸਿੰਘ ਦੇ ਆਪਣੇ ਕੰਨਾਂ ਤੱਕ ਵੀ ਨਾ ਪੁੱਜਦਾ ਹੋਵੇ। ਜਿੱਥੇ ਕਿਤੇ ਮਹਿੰਗੀ ਬਾਣੀ ਆ ਜਾਂਦੀ ਹੈ ਉਥੇ ਤਾਂ ਊਂ-ਆਂ ਕਰਕੇ ਪਾਠੀ ਅੱਗੇ ਚੱਲ ਪੈਂਦੇ ਹਨ ਜੋ ਬਹੁਤ ਹੀ ਘਾਟੇਵੰਦਾ ਰੁਝਾਨ ਚੱਲ ਪਿਆ ਹੈ।

ਹੋਰ ਤਾਂ ਹੋਰ ਮੈਂ ਆਪਣੇ ਤਜ਼ਰਬੇ ਵਿੱਚ ਆਈ ਇੱਕ ਛੋਟੀ ਜਿਹੀ ਸੱਚੀ ਗਾਥਾ ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ ਸ਼ਾਇਦ ਗੁਰਬਾਣੀ ਪਾਠ ਬੋਧ ਦੇ ਸਿਖਿਆਰਥੀ ਉਸ ਤੋਂ ਕੁੱਝ ਸਿੱਖਿਆ ਪ੍ਰਾਪਤ ਕਰਨ ਦਾ ਯਤਨ ਕਰਨ। ਗੁਰਦੁਆਰਾ ਸਾਹਿਬ ਵਿਖੇ ਜਿੱਥੇ ਚੰਗੇ ਕਲਾਸੀਕਲ ਸੰਗੀਤ ਦੇ ਉਸਤਾਦ ਰੱਖ ਕੇ ਬੱਚਿਆਂ ਨੂੰ ਕੀਰਤਨ ਤੇ ਤਬਲੇ ਦੀ ਸਿੱਖਿਆ ਦਿੱਤੀ ਜਾਂਦੀ ਹੈ ਉਥੇ ਟਕਸਾਲੀ ਅਧਿਆਪਕ ਰੱਖ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਸੰਥਯਾ ਦੇਣ ਦਾ ਵੀ ਪੂਰਾ ਪ੍ਰਬੰਧ ਹੈ। ਜਿਸ ਵਿੱਚ ਸਵਾ ਸੌ ਤੋਂ ਉੱਪਰ ਸਿਖਿਆਰਥੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਯਾ ਪ੍ਰਾਪਤ ਕਰਦੇ ਹਨ। ਪਰ ਵੇਖਣ ਵਿੱਚ ਆਇਆ ਹੈ ਕਿ ਹਰ ਸਿਖਿਆਰਥੀ ਦੀ ਇਹ ਚਾਹਨਾ ਹੁੰਦੀ ਹੈ ਕਿ ਜਦੋਂ ਮੈਂ ਸੰਥਯਾ ਪੂਰੀ ਕਰਾਂ ਤਾਂ ਮੈਂ ਯਕਦਮ ਅਖੰਡ ਪਾਠੀਆਂ ਦੀ ਕਤਾਰ ਵਿੱਚ ਸ਼ਾਮਲ ਹੋ ਜਾਵਾਂ ਜੋ ਨਾ ਮੁੰਮਕਿਨ ਹੈ। ਇਸ ਤੋਂ ਵੀ ਅੱਗੇ ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ। ਇੱਕ ਯੂ.ਪੀ. ਤੋਂ ਹਰਦੁਆਰ ਦੇ ਲਾਗਲੇ ਨਗਰ ਦਾ ਰਹਿਣ ਵਾਲਾ ਦਸਵੀਂ ਪਾਸ ਵਿਦਿਆਰਥੀ, ਗੁਰਦੁਆਰਾ ਸਾਹਿਬ ਆਇਆ। ਸੰਥਯਾ ਵਾਲੇ ਉਸਤਾਦ ਨੂੰ ਉਸ ਨੇ ਪਾਠ ਸਿਖਾਉਣ ਦੀ ਬੇਨਤੀ ਕੀਤੀ। ਸੰਥਯਾ ਉਸਤਾਦ ਨੇ ਉਸ ਨੂੰ ਕਿਹਾ ਕਿ ਤੇਰੀ ਭਾਸ਼ਾ ਮੁੱਢ ਤੋਂ ਹਿੰਦੀ ਰਹੀ ਹੈ, ਪੰਜਾਬੀ ਬੋਲੀ ਵਿੱਚ ਤੂੰ ਬਹੁਤ ਕਮਜ਼ੋਰ ਹੈਂ ਸੋ ਤੂੰ ਨਵੇਂ ਸਿਰੇ ਤੋਂ ਪੰਜਾਬੀ ਬੋਧ, ਮੁਹਾਰਨੀ, ਲਗਾਂ-ਮਾਤਰਾ ਸਹਿਤ ਪੜ੍ਹ ਫਿਰ ਤੈਨੂੰ ਨਿੱਤਨੇਮ ਦੀ ਸੰਥਯਾ ਕਰਾਈ ਜਾਏਗੀ ਉਪਰੰਤ ਪੰਜ ਗ੍ਰੰਥੀ, ਭਗਤ ਬਾਣੀ ਅਤੇ ਬਾਈਵਾਰਾਂ ਦੀ ਸੰਥਯਾ ਕਰਨ ਉਪਰੰਤ ਸਹਿਜ ਪਾਠ ਦੇ ਰੂਪ ਵਿੱਚ ਤੈਨੂੰ ਗੁਰਬਾਣੀ ਪਾਠ ਕਰਵਾਇਆ

ਜਾਵੇਗਾ। ਉਸ ਬੱਚੇ ਨੇ ਹਾਂ ਕਰ ਦਿੱਤੀ ਤੇ ਪੰਜਾਬੀ ਬਾਲ ਬੋਧ ਪੜ੍ਹ ਨਿੱਤਨੇਮ, ਪੰਜ ਗ੍ਰੰਥੀ ਤੇ ਬਾਈ ਵਾਰਾਂ ਆਦਿਕ ਦੀ ਸੰਥਯਾ ਇੱਕ ਸਾਲ ਦੇ ਸਮੇਂ ਵਿੱਚ ਪੂਰੀ ਕਰ ਲਈ। ਗੁਰਬਾਣੀ ਸੰਥਯਾ ਉਸਤਾਦ ਨੇ ਉਸ ਨੂੰ ਕਿਹਾ ਕਿ ਤੈਨੂੰ ਕੱਲ੍ਹ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭ ਤੋਂ ਸੰਥਯਾ ਸ਼ੁਰੂ ਕਰਵਾਵਾਂਗੇ। ਸ਼ਾਮ ਨੂੰ ਉਹ ਸੁਰਜੀਤ ਸਿੰਘ ਨਾਉਂ ਦਾ ਬੱਚਾ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਕਿ ਮੈਂ ਨਿੱਤਨੇਮ, ਪੰਜ ਗ੍ਰੰਥੀ ਤੇ ਬਾਈਵਾਰਾਂ ਦੀ ਸੰਥਯਾ ਪੂਰੀ ਕਰ ਲਈ ਹੈ ਕੱਲ੍ਹ ਤੋਂ ਮੈ ਸਹਿਜ ਪਾਠ ਦੇ ਰੂਪ ਵਿੱਚ ਸੰਥਯਾ ਆਰੰਭ ਕਰਨੀ ਹੈ। ਗੁਰਦੁਆਰੇ ਸੰਗਤਾਂ ਸਹਿਜ ਪਾਠ ਕਰਵਾਉਂਦੀਆਂ ਹਨ। ਜੇ ਤੁਸੀਂ ਪ੍ਰਬੰਧਕਾਂ ਨੂੰ ਕਹਿ ਕੇ ਮੈਨੂੰ ਇੱਕ ਸਹਿਜ ਪਾਠ ਦਿਵਾ ਦਿਉ ਨਾਲੇ ਮੇਰੀ ਸੰਥਯਾ ਪੂਰੀ ਹੋ ਜਾਵੇਗੀ ਨਾਲੇ ਮੈਨੂੰ ਪਾਠ ਦੀ ਭੇਟਾ ਮਿਲ ਜਾਵੇਗੀ। ਮੈਂ ਉਸ ਦੀ ਅਨੋਖੀ ਜਿਹੀ ਮੰਗ ਸੁਣ ਕੇ ਹੈਰਾਨ ਵੀ ਹੋਇਆ ਤੇ ਮਨ ਨੂੰ ਪ੍ਰੇਸ਼ਾਨੀ ਵੀ ਹੋਈ ਕਿ ਵੇਖੋ ਇਹ ਭਲਾ ਲੋਕ ਸੰਥਯਾ ਲੈਣ ਲਈ ਵੀ ਪੈਸੇ ਚਾਹੁੰਦਾ ਹੈ। ਲੋਕ ਤਾਂ ਪੈਸੇ ਖਰਚ ਕੇ ਸੰਥਯਾ ਪ੍ਰਾਪਤ ਕਰਦੇ ਹਨ ਪਰ ਇਸ ਦੀ ਸੋਚ ਬਿਲਕੁਲ ਉਲਟ ਹੈ। ਮੈਂ ਉਸ ਨੂੰ ਕਿਹਾ ਸੁਰਜੀਤ ਸਿੰਘ! ਜੇ ਤੈਨੂੰ ਪੈਸਿਆਂ ਦੀ ਲੋੜ੍ਹ ਹੈ ਉਸ ਲਈ ਅਸੀਂ ਤੇਰੀ ਉਂਞ ਮਦਦ ਕਰ ਦੇਵਾਂਗੇ ਪਰ ਜੋ ਤੂੰ ਸੰਥਯਾ ਦੇ ਰੂਪ ਵਿੱਚ ਕਿਸੇ ਦਾ ਸਹਿਜ ਪਾਠ ਕਰਕੇ ਪੈਸੇ ਲੈਣੇ ਹਨ, ਇਹ ਤੇਰੇ ਵਾਸਤੇ ਚੰਗੇ ਨਹੀਂ। ਜੇ ਤੇਰੀ ਬਿਰਤੀ ਸੰਥਯਾ ਲੈਣ ਤੋਂ ਪਹਿਲਾਂ ਹੀ ਅਜਿਹੀ ਹੈ ਤਾਂ ਤੂੰ ਪਾਠੀ ਬਣ ਕੇ ਪਤਾ ਨਹੀਂ ਕੀ ਚੰਦ ਚਾਹੜੇਂਗਾ? ਮੈਂ ਉਸ ਨੂੰ ਜਿੰਨਾਂ ਕੁ ਕਹਿ ਸਕਦਾ ਸੀ ਕਿਹਾ ਅਖ਼ੀਰ ਉਸ ਨੇ ਗਲਤੀ ਮਹਿਸੂਸ ਕੀਤੀ। ਇਹ ਸਾਰੀ ਗਾਥਾ ਲਿਖਣ ਦਾ ਮੇਰਾ ਭਾਵ ਇਹ ਹੈ ਕਿ ਅੱਜ ਕੱਲ ਗੁਰਬਾਣੀ ਬੋਧ ਜਾਂ ਸ਼ੁੱਧ ਗੁਰਬਾਣੀ ਉਚਾਰਣ ਸਿੱਖਣ ਦੀ ਬਿਰਤੀ ਬਹੁਤ ਘੱਟ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫ਼ੁਰਮਾਨ, **"ਮਾਇਆ ਮਨਹੁ ਨ ਵੀਸਰੈ ਮਾਗੈ ਦੰਮਾ ਦੰਮ॥"** ਦੀ ਬਿਰਤੀ ਜਿਆਦਾ ਪ੍ਰਬਲ ਹੋਣ ਕਰਕੇ ਕੋਈ ਮਿਹਨਤ ਕਰਨੀ ਹੀ ਨਹੀਂ ਚਾਹੁੰਦਾ। ਗੁਰੂ ਗਿਆਨ ਪ੍ਰਾਪਤ ਕਰਨ ਦਾ ਸ਼ੌਂਕ ਹੈ ਪਰ ਬਹੁਤ ਘੱਟ ਜਗਿਆਸੂਆ ਨੂੰ।

ਬਦਕਿਸਮਤੀ ਨਾਲ ਕੁੱਝ ਸਮੇਂ ਦਾ ਗੇੜ ਹੀ ਐਸਾ ਬਣਿਆ ਹੋਇਆ ਹੈ ਕਿ ਇੱਕ ਪਾਸੇ ਤਾਂ ਯੋਗ ਜਾਂ ਕਾਬਿਲ ਪਾਠੀ ਸਿੰਘ ਮਿਲਦੇ ਨਹੀਂ ਤੇ ਦੂਜੇ ਪਾਸੇ ਅੱਧ-ਕੱਚਿਆਂ ਦੀ ਮੰਗ ਵੀ ਕੋਈ ਥੋੜ੍ਹੀ ਨਹੀਂ ਕਿਉਂਕਿ ਪੈਸੇ ਦੇ ਕੇ ਧਰਮ ਖ਼੍ਰੀਦਣ ਜਾਂ ਮਨੋਕਾਮਨਾ ਦੀ ਪੂਰਤੀ ਲਈ ਇੰਨੇ ਕੁ ਪਾਠ ਲੋਕ ਸੁੱਖਣਾ ਵੱਜੋਂ ਸੁੱਖ ਲੈਂਦੇ ਹਨ ਕਿ ਕਿਸੇ ਗੁਰੂ ਘਰ ਵਿੱਚ ਵੀ ਚਲੇ ਜਾਵੋ ਪਾਠਾਂ ਦੀ ਵਾਰੀ ਲਈ ਲਾਈਨਾਂ ਲੱਗੀਆਂ ਪਈਆਂ ਹਨ। ਪਾਠ ਰਖਵਾਉਣ ਵਾਲਾ ਅਰਦਾਸ ਵੇਲੇ ਸ਼ਾਮਿਲ ਹੋ, ਪੰਜ ਪਉੜੀਆਂ ਜਾਂ ਜਪੁਜੀ ਸਾਹਿਬ ਸੁਣ ਪ੍ਰਸ਼ਾਦ ਲੈ ਕੇ ਘਰ ਚਲਾ ਜਾਂਦਾ ਹੈ, ਮੁੜ ਭੋਗ ਸਮੇਂ ਹਾਜ਼ਰੀ

ਭਰ, ਸਿਰੋਪਾ ਲੈ, ਘਰ ਵਾਪਸ ਆ ਜਾਂਦਾ ਹੈ ਤੇ ਪਾਠ ਰਖਵਾਉਣ ਵਾਲਾ ਸਮਝਦਾ ਹੈ ਕਿ ਮੇਰੇ ਸਰਬ ਮਨੋਰਥ ਪੂਰੇ ਹੋ ਗਏ। ਬਣਦਾ ਤਾਂ ਇਹ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਰਖਵਾ ਕੇ ਗੁਰੂ ਘਰ ਸੇਵਾ ਕੀਤੀ ਜਾਂਦੀ ਬਾਕੀ ਸਾਰਾ ਸਮਾਂ ਪ੍ਰਵਾਰ ਦਾ ਕੋਈ ਨਾ ਕੋਈ ਜੀਅ ਗੁਰੂ ਮਹਾਰਾਜ ਜੀ ਦੇ ਪਾਸ ਬੈਠ ਕੇ ਪਾਠੀ ਸਿੰਘ ਪਾਸੋਂ ਪਾਠ ਸੁਣਦਾ ਤਦ ਤੇ ਆਪ ਨੂੰ ਵੀ ਲਾਭ ਹੁੰਦਾ ਤੇ ਪਾਠੀ ਸਿੰਘ ਵੀ ਸਾਵਧਾਨ ਹੋ ਕੇ ਪਾਠ ਕਰਦਾ ਪਰ ਜੋ ਹੋ ਰਿਹਾ ਹੈ ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ ਜਿਸ ਦੇ ਭਾਗੀਦਾਰ ਅਸੀਂ ਸਾਰੇ ਹੀ ਹਾਂ।

ਅਜਿਹੀ ਹੀ ਇੱਕ ਹੋਰ ਘਟਨਾ ਮੈਂ ਇੱਥੇ ਸੰਕੋਚਵੇਂ ਸ਼ਬਦਾਂ ਵਿੱਚ ਲਿਖਣ ਲੱਗਾ ਹਾਂ ਜਿਸ ਤੋਂ ਸਾਡੀ ਅਜੋਕੀ ਅਧੋਗਤੀ ਦੀ ਤਸਵੀਰ ਸਾਡੇ ਸਾਹਮਣੇ ਸ਼ਾਇਦ ਆ ਜਾਵੇ ਤੇ ਸਾਨੂੰ ਸੁਚੇਤ ਹੋਣ ਲਈ ਕੋਈ ਸੇਧ ਮਿਲੇ। ਇੱਥੇ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਇੱਕ ਬਿਹਾਰ ਤੋਂ ਭਈਆ ਆਇਆ। ਉਹ ਟ੍ਰੈਕਟਰ ਚਲਾਉਣਾ ਜਾਣਦਾ ਸੀ, ਸਾਨੂੰ ਵੀ ਲੋੜ ਸੀ ਅਸੀਂ ਉਸ ਨੂੰ ਟ੍ਰੈਕਟਰ ਡਰਾਈਵਰ ਵੱਜੋਂ ਰੱਖ ਲਿਆ। ਜੋ ਤਕਰੀਬਨ ਅੱਠ ਸਾਲ ਸਾਡੇ ਪਾਸ ਰਿਹਾ ਉਸ ਨੇ ਦਾਹੜੀ ਕੇਸ ਰੱਖ ਅੰਮ੍ਰਿਤ ਵੀ ਛੱਕ ਲਿਆ। ਸਵੇਰੇ ਸ਼ਾਮ ਉਸ ਨੇ ਨਿੱਤਨੇਮ ਦੀ ਹਾਜ਼ਰੀ ਭਰਨੀ। ਬਾਕੀ ਸਿੰਘਾਂ ਨੂੰ ਪਾਠ ਕਰਦਿਆਂ ਵੇਖ ਉਸ ਦੇ ਮਨ ਵਿੱਚ ਵੀ ਪਾਠ ਸਿੱਖਣ ਦਾ ਫੁਰਨਾ ਉਤਪੰਨ ਹੋਇਆ। ਉਸ ਨੇ ਆਪਣੇ ਮਨ ਦਾ ਫੁਰਨਾ ਮੇਰੇ ਨਾਲ ਸਾਂਝਾ ਕੀਤਾ। ਮੈਨੂੰ ਵੀ ਉਸ ਦੇ ਮਨ ਦਾ ਫੁਰਨਾ ਚੰਗਾ ਲੱਗਾ। ਉਹ ਬਿਲਕੁਲ ਅਨਪੜ੍ਹ ਸੀ। ਇੱਕ ਸਿੰਘ ਦੀ ਦਾਸ ਨੇ ਡਿਊਟੀ ਲਾ ਦਿੱਤੀ ਕਿ ਹਰ ਰੋਜ਼ ਇਸ ਨੂੰ ਬਾਲ ਉਪਦੇਸ ਪੜ੍ਹਾ ਕੇ ਪੰਜਾਬੀ ਪੜ੍ਹਨੀ ਸਿਖਾਉ। ਛੇ ਕੁ ਮਹੀਨੇ ਵਿੱਚ ਉਹ ਪੰਜਾਬੀ ਪੜ੍ਹਨ ਲਗ ਪਿਆ ਤੇ ਸਹਿਜੇ-ਸਹਿਜੇ ਉਸ ਨੇ ਜਪੁਜੀ ਸਾਹਿਬ ਦੀ ਸੰਥਯਾ ਉਪਰੰਤ ਡੇਢ ਕੁ ਸਾਲ ਦੇ ਸਮੇਂ ਵਿੱਚ ਪੂਰੇ ਨਿੱਤਨੇਮ ਦੀ ਸੰਥਯਾ ਵੀ ਕਰ ਲਈ। ਕੁਦਰਤ ਦੀ ਨੇਤ ਗੁਰਦੁਆਰਾ ਸਾਹਿਬ ਦੇ ਇੱਕ ਸੇਵਾਦਾਰ ਦੇ ਨਾਲ ਉਸ ਦਾ ਤਕਰਾਰ ਹੋ ਗਿਆ, ਜਿਸ ਕਰਕੇ ਉਹ ਗੁਰਦੁਆਰਾ ਸਾਹਿਬ ਤੋ ਜਲੰਧਰ ਦੇ ਨਜ਼ਦੀਕ ਇੱਕ ਗੁਰਦੁਆਰੇ ਵਿੱਚ ਜਾ ਰਿਹਾ। ਤਕਰੀਬਨ ਮਹੀਨੇ ਕੁ ਬਾਅਦ ਮੈਨੂੰ ਜਲੰਧਰ ਜਾਣ ਦਾ ਮੌਕਾ ਮਿਲਿਆ, ਦੋ-ਤਿੰਨ ਸਿੰਘ ਮੇਰੇ ਨਾਲ ਹੋਰ ਸਨ। ਪਵਿੱਤ੍ਰ ਸਿੰਘ ਨਾਉਂ ਦਾ ਡਰਾਈਵਰ ਗੱਡੀ ਚਲਾਉਂਦਾ ਸੀ। ਅਸੀਂ ਟਾਂਡੇ ਤੋਂ ਜਲੰਧਰ ਨੂੰ ਜਾ ਰਹੇ ਸਾਂ। ਜਲੰਧਰ ਤਕਰੀਬਨ ਛੇ-ਸੱਤ ਮੀਲ ਰਹਿੰਦਾ ਸੀ, ਉਹ [੧]ਭਈਆ ਸਿੰਘ

---

੧. ਇੱਥੇ ਮੈਂ ਉਸ ਸਿੰਘ ਦਾ ਨਾਉਂ ਜਾਣ ਕੇ ਨਹੀਂ ਲਿਖਿਆ ਕਿਉਂਕਿ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਉਹ ਡਰਾਈਵਰ ਸੀ, ਅਖੰਡ ਪਾਠਾਂ ਦੀਆਂ ਲੜੀਆਂ ਵਾਲੇ ਗੁਰੂ ਘਰ 'ਚ ਉਹ ਅਖੰਡਪਾਠੀ ਉਪਰੰਤ ਹੁਣ ਟਾਂਡੇ ਤੋਂ ਮਹਿਤੇ ਅੰਮ੍ਰਿਤਸਰ ਜਾਣ ਵਾਲੀ ਸੜਕ ਉੱਪਰ ਇੱਕ ਉਦਾਸੀ ਮਹੰਤ ਦੇ ਰੂਪ ਵਿੱਚ ਮੰਨਿਆ ਪੂਜਿਆ ਜਾਂਦਾ ਹੈ ਉਂਝ ਕਿਸੇ ਨੇ ਨਾਉਂ ਪੁੱਛਣਾ ਹੋਵੇ ਤਾਂ ਮੈਂ ਦੱਸਣ ਨੂੰ ਵੀ ਤਿਆਰ ਹਾਂ।

ਨੀਲਾ ਚੋਲਾ ਪਾਈ ਸੜਕ ਦੇ ਕਿਨਾਰੇ ਖਲੋਤਾ ਸੀ, ਜਿਸ ਨੂੰ ਪਵਿੱਤ੍ਰ ਸਿੰਘ ਨੇ ਵੇਖ ਲਿਆ ਤੇ ਉਹ ਉੱਚੀ ਉੱਚੀ ਉਸ ਦਾ ਨਾਉਂ ਲੈ ਕੇ ਕਹਿਣ ਲੱਗਾ ਕਿ ਗੁਰਦੁਆਰੇ ਵਾਲਾ ਟ੍ਰੈਕਟਰ ਡਰਾਈਵਰ ਉਹ ਖੜਾ ਹੈ। ਮੈਂ ਉਸ ਨੂੰ ਕਿਹਾ ਕਿ ਗੱਡੀ ਖੜੀ ਕਰ, ਆਪਾਂ ਇਸ ਨਾਲ ਗੁਰੂ ਫ਼ਤਹਿ ਦੀ ਸਾਝ ਕਰ ਹਾਲ ਚਾਲ ਪੁੱਛ ਲਈਏ ਕਿਉਂਕਿ ਇਹ ਸਾਡੇ ਪਾਸ ਬੜੇ ਪ੍ਰੇਮ ਨਾਲ ਅੱਠ ਸਾਲ ਰਿਹਾ ਹੈ। ਪਵਿੱਤ੍ਰ ਸਿੰਘ ਨੇ ਉਸ ਦੇ ਕੋਲ ਜਾ ਕੇ ਗੱਡੀ ਰੋਕ ਲਈ। ਆਪਸੀ ਫ਼ਤਹਿ ਦੀ ਸਾਂਝ ਕਰਨ ਉਪਰੰਤ ਮੈਂ ਉਸ ਨੂੰ ਪੁੱਛਿਆ ਕਿ ਤੂੰ ਕਿੱਥੇ ਰਹਿੰਦਾ ਹੈਂ ਤੇ ਕੀ ਕਰਦਾ ਹੈ? ਉਸ ਨੇ ਦੱਸਿਆ ਕਿ ਮੈਂ ਤੁਹਾਡੇ ਪਾਸੋਂ ਆ ਕੇ ਪੰਜ ਦਸ ਦਿਨ ਇਕ ਗੁਰਦੁਆਰੇ ਰਿਹਾ। ਉਥੋਂ ਮੈਨੂੰ ਇੱਕ ਸਿੰਘ ਨੇ ਦੱਸ ਪਾਈ ਕਿ ਫਲਾਂ ਗੁਰਦੁਆਰੇ ਅਖੰਡ ਪਾਠਾਂ ਦੀਆਂ ਲੜੀਆਂ ਚੱਲਦੀਆਂ ਹਨ। ਜਿਸ ਕਰਕੇ ਗੁਰਦੁਆਰਾ ਸਾਹਿਬ ਵਿੱਚ ਪਾਠੀਆਂ ਦੀ ਬਹੁਤ ਘਾਟ ਹੈ, ਕਈ ਵਾਰੀ ਇੱਕੋ ਪਾਠੀ ਚਾਰ-ਚਾਰ ਘੰਟੇ ਬੈਠਾ ਰਹਿੰਦਾ ਹੈ, ਤੂੰ ਉਥੇ ਚਲਾ ਜਾਹ ਉਨ੍ਹਾਂ ਨੇ ਤੈਨੂੰ ਅਖੰਡ ਪਾਠੀਆਂ ਵਿੱਚ ਰੱਖ ਲੈਣਾ ਹੈ। ਉਸ ਨੇ ਦੱਸਿਆ ਕਿ ਮੈਂ ਉਸ ਦੱਸ ਪਾਉਣ ਵਾਲੇ ਪ੍ਰੇਮੀ ਨੂੰ ਕਿਹਾ ਕਿ ਮੈਨੂੰ ਤਾਂ ਅਖੰਡ ਪਾਠ ਕਰਨਾ ਨਹੀਂ ਆਉਂਦਾ। ਤਦ ਉਸ ਨੇ ਕਿਹਾ ਕਿ ਤੂੰ ਪੰਜਾਬੀ ਤਾਂ ਪੜ੍ਹ ਹੀ ਲੈਂਦਾ ਹੈ ਤੇ ਨਾਲੇ ਤੂੰ ਨਿੱਤਨੇਮ ਦੀ ਸੰਥਯਾ ਕੀਤੀ ਹੋਈ ਹੈ; ਸੋ ਤੈਨੂੰ ਕੋਈ ਮੁਸ਼ਕਲ ਨਹੀਂ ਆਉਣੀ। ਭਈਏ ਸਿੰਘ ਨੇ ਦੱਸਿਆ ਕਿ ਉਸ ਦੇ ਕਹਿਣ ਤੇ ਮੈਂ ਇੱਥੇ ਆ ਗਿਆ ਤੇ ਅਖੰਡ ਪਾਠੀਆਂ ਦੀਆਂ ਰੌਲਾਂ ਲਾਉਣ ਵਾਲੇ ਜਥੇਦਾਰ ਨੂੰ ਮਿਲਿਆਂ। ਉਸ ਨੇ ਮੈਨੂੰ ਸਾਰਾ ਪੁੱਛਿਆ ਕਿ ਤੂੰ ਕਿੱਥੇ ਰਿਹਾਂ ਅਤੇ ਕੀ ਕਰਦਾ ਸੀ? ਤੈਨੂੰ ਪਾਠ ਕਿਹੜਾ ਆਉਂਦਾ ਹੈ? ਉਸ ਨੇ ਮੇਰੇ ਪਾਸੋਂ ਜਪੁਜੀ ਸਾਹਿਬ ਦੀਆਂ ਕੁੱਝ ਪਉੜੀਆਂ ਸੁਣੀਆਂ ਤੇ ਇੱਕ ਦੋ ਥਾਂ ਤੋਂ ਨਿੱਤਨੇਮ ਵਿੱਚੋਂ ਕੁਝ ਪਾਠ ਸੁਣਿਆ ਤੇ ਉਸ ਨੇ ਮੈਨੂੰ ਸਿਲੈਕਟ ਕਰ ਲਿਆ ਅਤੇ ਨਾਲ ਹੀ ਮੈਨੂੰ ਦੱਸਿਆ ਕਿ ਤੈਨੂੰ ਅਸੀਂ ਦੂਜੇ ਦਰਜੇ ਦੇ ਪਾਠੀਆਂ ਵਿੱਚ ਰੱਖ ਲਵਾਂਗੇ ਤੇ ਇੱਕ ਰੌਲ ਦੇ ਪੰਜਾਹ ਰੁਪੈ ਦੇਵਾਂਗੇ। ਮੈਂ ਜਥੇਦਾਰ ਤੋਂ ਪੁੱਛਿਆ ਕਿ ਦੂਜੇ ਦਰਜੇ ਦੇ ਪਾਠੀਆਂ ਤੋਂ ਕੀ ਭਾਵ ਹੈ? ਤਦ ਜਥੇਦਾਰ ਨੇ ਦੱਸਿਆ ਕਿ ਸਾਡੇ ਪਾਸ ਇੱਕ ਉਹ ਪਾਠੀ ਹਨ ਜੋ ਪਾਠ ਸੁਣਾ ਕੇ ਕਰ ਸਕਦੇ ਹਨ ਉਨ੍ਹਾਂ ਨੂੰ ਅਸੀਂ ਸੌ ਰੁਪਇਆ ਇੱਕ ਰੌਲ ਦਾ ਦਿੰਦੇ ਹਾਂ। ਦੂਸਰੇ ਦਰਜੇ ਦੇ ਪਾਠੀ ਉਹ ਹਨ ਜਿਨ੍ਹਾਂ ਨੂੰ ਪਾਠ ਪੂਰਾ ਨਹੀਂ ਕਰਨਾ ਆਉਂਦਾ, ਉਹ ਕੇਵਲ ਪੰਕਤੀਆਂ ਉੱਪਰ ਨਿਗਾਹ ਘੁਮਾਉਂਦੇ ਹਨ ਤੇ ਜਿਹੜਾ ਕੋਈ ਸੌਖਾ ਪਾਠ ਹੋਵੇ ਉਹ ਪੜ੍ਹੀ ਜਾਂਦੇ ਹਨ ਤੇ ਜਿਸ ਵੇਲੇ ਇੱਕ ਨੰਬਰ ਦਾ ਪਾਠੀ ਪੰਨਾ ਉਲਟਾਵੇ ਤਾਂ ਉਹ ਵੀ ਪੰਨਾ ਪਲਟ ਦਿੰਦਾ ਹੈ। ਦੂਸਰੇ ਦਰਜੇ ਦੇ ਪਾਠੀਆਂ ਨੂੰ ਪਾਠ ਪੜ੍ਹਨ ਦੀ ਲੋੜ ਨਹੀਂ। ਇਹ ਸਾਰੀ ਗੱਲ ਰੌਲਾਂ ਵਾਲੇ ਜਥੇਦਾਰ ਨੇ ਮੈਨੂੰ ਸਮਝਾ ਦਿੱਤੀ ਤੇ ਨਾਲ ਹੀ ਗੁਰਦੁਆਰਾ ਸਾਹਿਬ ਅੰਦਰ ਜੋ ਗਿਆਰਾਂ

ਪਾਠਾਂ ਦੀ ਲੜੀ ਚੱਲ ਰਹੀ ਸੀ, ਉਸ ਵਿੱਚ ਦੂਸਰੇ ਦਰਜੇ ਦੇ ਪਾਠੀਆਂ ਪ੍ਰਤੀ ਦਰਸਾ ਦਿੱਤਾ ਕਿ ਤੂੰ ਵੀ ਇਨ੍ਹਾਂ ਵਾਂਗ ਕਰੀ ਜਾਣਾ ਹੈ। ਪਾਠ ਤਾਂ ਕੇਵਲ ਇੱਕੋ ਸਮੇਂ ਇੱਕੋ ਪਾਠੀ ਨੇ ਕਰਨਾ ਹੈ। ਅਗਲੇ ਦਿਨ ਤੋਂ ਮੈਨੂੰ ਅਖੰਡ ਪਾਠੀਆਂ ਦੀਆਂ ਰੌਲਾਂ ਵਿੱਚ ਸ਼ਾਮਲ ਕਰ ਲਿਆ। ਇਹ ਸਾਰੀ ਵਾਰਤਾ ਦੱਸ ਕੇ ਨਾਲ ਹੀ ਉਸ ਭਈਏ ਸਿੰਘ ਨੇ ਸਾਨੂੰ ਸਾਰਿਆਂ ਨੂੰ ਚਾਹ ਪਿਲਾਉਣ ਲਈ ਬੜਾ ਜੋਰ ਪਾਇਆ। ਅਸੀਂ ਉਸ ਪਾਸੋਂ ਇਹ ਕਹਿ ਕੇ ਖਿਮਾ ਲਈ ਕਿ ਅਗਲੀ ਵਾਰੀ ਤੈਥੋਂ ਦੁੱਧ ਵਿੱਚ ਪੱਤੀ ਪਵਾ ਕੇ ਪੀਵਾਂਗੇ, ਹੁਣ ਸਮਾਂ ਨਹੀਂ ਹੈ।

ਇਹ ਸਭ ਲਿਖਣ ਤੋਂ ਇਹ ਭਾਵ ਹਰਗਿਜ਼ ਨਹੀਂ ਕਿ ਮੈਂ ਕਿਸੇ ਨੂੰ ਮਾੜਾ-ਚੰਗਾ ਕਹਾਂ ਜਾਂ ਭੰਡਾਂ; ਮੇਰਾ ਮੰਤਵ ਤਾਂ ਹੈ ਕਿ ਸਤਿਗੁਰੂ ਦਾ ਫੁਰਮਾਨ:-

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥**

ਸਾਰੰਗ ਕੀ ਵਾਰ ਮ:੪, ਅੰਗ: ੧੨੪੫

ਅੱਜ ਆਪਾਂ ਸ੍ਰੀ ਅਨੰਦਪੁਰ ਸਾਹਿਬ ਦਾ ਤਿੰਨ ਸੌ ਪੰਜਾਹਵਾਂ ਸਥਾਪਨਾ ਦਿਵਸ ਬੜੀ ਧੂਮ ਧਾਮ ਨਾਲ ਮਨਾ ਰਹੇ ਹਾਂ ਆਪਾਂ ਜਿੱਥੇ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਨੂੰ ਨਮਸ਼ਕਾਰ ਕਰਨ ਆਏ ਹਾਂ ਉਥੇ ਇਸ ਪਾਵਨ ਧਰਤੀ ਤੇ ਪ੍ਰਣ ਕਰਕੇ ਜਾਈਏ ਕਿ ਸਾਨੂੰ ਗੁਰੂ ਉਪਦੇਸ਼ "**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ**" ਦੀ ਕਾਰ ਕਰਨੀ ਪੈਣੀ ਹੈ। ਪੈਸੇ ਦੇ ਕੇ ਪਾਠ ਨਹੀਂ ਖ੍ਰੀਦਿਆ ਜਾ ਸਕਦਾ ਕਿਉਂਕਿ ਬਾਬਾ ਕਬੀਰ ਜੀ ਆਪਣਾ ਅਟੱਲ ਫੈਸਲਾ ਰਾਗ ਗਉੜੀ ਅੰਦਰ ਦਰਜ ਕਰ ਗਏ ਹਨ:-

**ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥**

ਗਉੜੀ ਕਬੀਰ ਜੀ, ਅੰਗ: ੩੨੭

ਇਸ ਲਈ ਅਸੀਂ ਭਾਵਨਾ ਸ਼ਰਧਾ ਨਾਲ ਆਪ ਗੁਰਬਾਣੀ ਦਾ ਪਾਠ ਕਰੀਏ ਸੁਣੀਏ ਤੇ ਵੀਚਾਰੀਏ, ਤਦ ਲਾਭ ਹੈ। ਜਿੱਥੇ ਆਪਾਂ ਦੁਨਿਆਵੀ ਕੰਮਾਂ ਜਾਂ ਦੁਨਿਆਵੀ ਵਿੱਦਿਆ ਪੜ੍ਹਨ ਲਈ ਸਮਾਂ, ਘੰਟਿਆਂ, ਦਿਨਾਂ ਤੇ ਸਾਲਾਂ ਬੱਧੀ ਕੱਢਦੇ ਹਾਂ ਉਥੇ ਅਧਿਆਤਮਿਕ ਵਿੱਦਿਆ ਦੀ ਦਾਤੀ ਗੁਰਬਾਣੀ ਨੂੰ ਸ਼ੁੱਧ ਉਚਾਰਣ ਤੇ ਵੀਚਾਰਣ ਲਈ ਵੀ ਉਚੇਚਾ ਸਮਾਂ ਕੱਢਿਆ ਕਰੀਏ। ਤਦ ਹੀ ਸਾਡਾ ਜੀਵਨ ਸਫ਼ਲਾ ਹੋਵੇਗਾ। ਜਦੋਂ ਆਪਾਂ ਗੁਰਬਾਣੀ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੁੱਛਦੇ ਹਾਂ ਕਿ ਸਾਡਾ ਇਸ ਸੰਸਾਰ ਵਿੱਚ ਆਉਣ ਦਾ ਕੀ ਮਨੋਰਥ ਹੈ? ਤਦ ਸਤਿਗੁਰੂ ਜੀ ਸਪੱਸ਼ਟ ਫੁਰਮਾਨ ਕਰਦੇ ਹਨ ਐ ਮਨੁੱਖ!

**ਆਇਓ ਸੁਨਨ ਪੜਨ ਕਉ ਬਾਣੀ॥**

**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥ਰਹਾਉ॥**

ਸਾਰੰਗ ਮ:੫, ਅੰਗ: ੧੨੧੯

ਗੁਰੂ ਆਸ਼ੇ ਅਨੁਸਾਰ ਸਾਡੇ ਜੀਵਨ ਦਾ ਮਨੋਰਥ ਬਾਣੀ ਨੂੰ ਪੜ੍ਹਨਾ, ਬਾਣੀ ਨੂੰ ਸੁਣਨਾ, ਸੁਣ ਕੇ ਉਸ ਉੱਪਰ ਅਮਲ ਕਰਨਾ ਹੈ ਪਰ ਮਾਇਆ ਦੇ ਅਗਿਆਨ ਭਰਮ ਕਾਰਣ ਮਨੁੱਖ, ਪਰਮਾਤਮਾਂ ਦੀ ਬਾਣੀ ਜੋ "**ਬਾਰੰ ਬਾਰ ਬਾਰ ਪ੍ਰਭ ਜਪੀਐ**" ਦਾ ਉਪਦੇਸ਼ ਦਿੰਦੀ ਹੈ, ਉਸ ਨੂੰ ਭੁੱਲ ਕੇ ਮਾਇਆ ਤੇ ਦੁਨੀਆਂ ਦੇ ਪਦਾਰਥਾਂ ਦੇ ਲੋਭ-ਲਾਲਚ ਵਿੱਚ ਪਲਚ ਕੇ ਆਪਣਾ ਮਨੁੱਖਾ ਜਨਮ ਵਿਅਰਥ ਗੁਆ ਦਿੰਦਾ ਹੈ। ਗੁਰਬਾਣੀ ਉਪਦੇਸ਼ ਦੀ ਪੂਰਨ ਸਮਝ ਤਦ ਪਵੇਗੀ ਜਦੋਂ ਆਪਾਂ ਗੁਰਬਾਣੀ ਨੂੰ ਲਗ-ਮਾਤਰਾ ਸਹਿਤ ਸ਼ੁੱਧ ਪੜ੍ਹਾਂਗੇ। ਸ਼ੁੱਧ ਤਦ ਪੜ੍ਹਾਂਗੇ ਜੇ ਆਪਾਂ ਕਿਸੇ ਸਿਆਣੇ ਟਕਸਾਲੀ ਸਿੰਘ ਪਾਸੋਂ ਸੰਥਯਾ ਪ੍ਰਾਪਤ ਕਰਾਂਗੇ।

ਜ਼ਿੰਦਗੀ ਬੜੀ ਛੋਟੀ ਹੈ। ਯਤਨ ਕਰੀਏ ਮਾਇਆ ਦੀ ਦੌੜ ਨੂੰ ਥੋੜ੍ਹਾ ਸੰਕੋਚ ਕੇ ਆਤਮਾਂ ਦੇ ਨਾਲ ਨਿਭਣ ਵਾਲਾ ਨਾਮ-ਬਾਣੀ ਦਾ ਧਨ ਇਕੱਤ੍ਰ ਕਰਨ ਲਈ ਵੀ ਸਮਾਂ ਕੱਢੀਏ। ਇਸ ਕਾਰਜ ਲਈ ਸਮਾਂ ਨਾਂ ਕੱਢਾਂਗੇ, ਅਖ਼ੀਰ ਸਮੇਂ ਪਛਤਾਵਾ ਹੀ ਪੱਲੇ ਪਵੇਗਾ ਕਿਉਂਕਿ ਜਿਨ੍ਹਾਂ ਪਦਾਰਥਾਂ ਨੂੰ ਸੰਚਰਿਤ ਕਰਨ ਲਈ ਸਾਰਾ ਸਮਾਂ ਖਰਚ ਕੀਤਾ ਉਹ ਸਾਰੇ ਪਦਾਰਥ ਸੰਤਾਨ ਨੇ ਸਾਂਭ ਲੈਣੇ ਹਨ। ਤਨ ਨੇ ਭਸਮ ਦੀ ਢੇਰੀ ਬਣ ਜਾਣਾ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਬਿਲਾਵਲ ਰਾਗ ਅੰਦਰ ਉਚਾਰਨ ਕੀਤਾ ਫ਼ੁਰਮਾਨ ਸਾਕਾਰ ਹੋ ਜਾਣਾ ਹੈ:-

**ਧਨੁ ਲੋਕਾਂ ਤਨੁ ਭਸਮੈ ਢੇਰੀ॥** ਮ:੧, ਅੰਗ ੮੩੨

ਜਿਸ ਵੇਲੇ ਇਹ ਸਚਾਈ ਸਾਕਾਰ ਹੋਈ ਉਸ ਸਮੇਂ ਆਤਮਾਂ ਨੂੰ ਬੜਾ ਪਛਤਾਵਾ ਲੱਗੇਗਾ। ਸੋ ਉਸ ਸਮੇਂ ਦੇ ਪਛਤਾਵੇ ਤੋਂ ਬਚਣ ਲਈ ਤੇ ਬਾਣੀ ਦੇ ਉਪਦੇਸ਼ ਤੋਂ ਲਾਹਾ ਪ੍ਰਾਪਤ ਕਰਨ ਲਈ ਨਿਰੰਕਾਰੀ ਬਾਣੀ ਦੇ ਸ਼ੁੱਧ ਪਾਠੀ ਬਣੀਏ ਤੇ ਸ਼ੁੱਧ ਪਾਠੀ ਬਨਾਉਣ ਲਈ ਆਪਾਂ ਸਾਰੇ ਯਤਨਸ਼ੀਲ ਹੋਈਏ।

# ੩੧
# ਜਗਤ ਜੂਠ ਤੰਬਾਕੂ ਦੀ ਛੋਹ ਤੋਂ ਅਛੋਹ ਧਰਤ ਅਨੰਦਪੁਰ ਦੀ

ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਅਨੇਕਾਂ ਸਿਖਿਆਵੀ ਕੌਤਕ ਕੀਤੇ। ਜਿਨ੍ਹਾਂ ਕਾਰਨਾਮਿਆਂ ਤੋਂ ਬਹੁਤ ਹੀ ਦੂਰ ਅੰਦੇਸ਼ੀ ਤੇ ਲਾਭਕਾਰੀ ਸੇਧ ਮਿਲਦੀ ਹੈ। ਉਥੇ ਆਪ ਜੀ ਨੇ "ਤੰਬਾਕੂ", ਜਿਸ ਨੂੰ ਸਿੱਖ ਬੋਲਿਆਂ ਵਿੱਚ ਨਫ਼ਰਤ ਨਾਲ "ਜਗਤ ਜੂਠ" ਕਿਹਾ ਜਾਂਦਾ ਹੈ, ਉਸ ਦੀ ਵਰਤੋਂ (ਤੰਬਾਕੂ ਚੱਬਣ, ਨਸਵਾਰ ਲੈਣ, ਪੀਣ ਵਾਲੇ ਨੂੰ ਜਾਂ ਹੋਰ ਕਿਸੇ ਸਾਧਨ ਨਾਲ ਵਰਤਣ) ਵਾਲੇ ਨੂੰ ਬੱਜਰ ਕੁਰੈਤੀਆ ਦਰਸਾਇਆ ਹੈ। ਜਿਹੜਾ ਸਿੱਖ ਤੰਬਾਕੂ ਨੂੰ ਕਿਸੇ ਤਰ੍ਹਾਂ ਵੀ ਸੇਵਨ ਕਰਦਾ ਹੈ, ਉਹ ਗੁਰੂ ਦਾ ਸਿੱਖ ਨਹੀਂ ਰਹਿੰਦਾ, ਉਹ ਪਤਿਤ ਹੋ ਗੁਰੂ ਗੋਦ ਚੋਂ ਡਿੱਗ ਜਾਂਦਾ ਹੈ। ਜਿੰਨਾਂ ਚਿਰ ਪੰਜਾਂ ਪਿਆਰਿਆਂ ਪਾਸੋਂ ਤਨਖਾਹ ਲੁਆ ਮੁਆਫ਼ੀ ਮੰਗ ਕੇ ਦੁਬਾਰਾ ਅੰਮ੍ਰਿਤ ਪਾਨ ਨਹੀਂ ਕਰਦਾ, ਉਨਾਂ ਚਿਰ ਉਸ ਦਾ ਨਾਤਾ ਗੁਰੂ ਨਾਲ ਨਹੀਂ ਜੁੜਦਾ।

ਇੱਕ ਦਿਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਗਤਾਂ ਨਾਲ ਸ਼ਿਕਾਰ ਖੇਡਦੇ ਅਨੰਦਪੁਰ ਸਾਹਿਬ ਦੀ ਜੂਹ ਤੋਂ ਕਾਫੀ ਦੂਰ ਨਿਕਲ ਗਏ। ਸਤਿਗੁਰੂ ਜੀ ਨੀਲੇ ਘੋੜੇ ਉੱਪਰ ਸਵਾਰ ਸਨ। ਤੁਰਿਆਂ ਜਾਂਦਿਆਂ ਇੱਕ ਖੇਤ ਦੇ ਕਿਨਾਰੇ ਜਾ ਕੇ ਘੋੜਾ ਰੁਕ ਗਿਆ। ਸਤਿਗੁਰਾਂ ਅੱਡੀ ਵੀ ਲਾਈ ਪਰ ਨੀਲਾ ਤੁਰਿਆ ਨਾ। ਸਤਿਗੁਰਾਂ ਦੋ-ਤਿੰਨ ਵਾਰੀ ਆਪਣੇ ਘੋੜੇ ਨੂੰ ਤੋਰਨ ਦਾ ਯਤਨ ਕੀਤਾ ਪਰ ਘੋੜਾ ਆਪਣੀ ਅੜੀ ਤੇ ਅੜਿਆ ਰਿਹਾ ਸ੍ਰੀ ਕਲਗੀਧਰ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਘੋੜੇ ਤੋਂ ਉੱਤਰ ਕੇ ਵੇਖੋ ਇਸ ਖੇਤ ਵਿੱਚ ਕਿਹੜੀ ਸ਼ੈਅ ਬੀਜੀ ਹੋਈ ਹੈ, ਜਿਸ ਖੇਤ ਵਿੱਚ ਪੈਰ ਪਾਉਣ ਤੋਂ ਨੀਲਾ ਆਕੀ ਹੋ ਗਿਆ ਹੈ। ਸਿੱਖ ਘੋੜਿਆਂ ਤੋਂ ਉਤਰੇ ਤੇ ਵੇਖਿਆ ਕਿ "ਜਗਤ ਜੂਠ-ਤੰਬਾਕੂ" ਦੇ ਬੂਟੇ ਉੱਗੇ ਹੋਏ ਹਨ। ਸਿੱਖਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਇਸ ਖੇਤ ਵਿੱਚ ਤੰਬਾਕੂ ਦੀ ਬੂਟੀ ਬੀਜੀ ਹੋਈ ਹੈ। ਸਤਿਗੁਰਾਂ ਬਚਨ ਕੀਤਾ, ਸਿੰਘੋ! ਤਦ ਹੀ ਤਾਂ ਨੀਲਾ ਇਸ ਭ੍ਰਿਸ਼ਟ ਬੂਟੀ ਨਾਲ ਅਪਵਿੱਤ੍ਰ ਖੇਤ ਵਿੱਚ ਪੈਰ ਨਹੀਂ ਪਾਉਂਦਾ ਸੀ। ਸਤਿਗੁਰਾਂ ਸਿੱਖਾਂ ਨੂੰ ਉਪਦੇਸ਼ ਵੀ ਕੀਤਾ, ਸਿੱਖੋ! ਤੁਸੀਂ ਆਪ ਹੀ ਵੇਖ ਲਵੋ ਜਿਸ ਖੇਤ ਵਿੱਚ ਤੰਬਾਕੂ ਦੀ ਖੇਤੀ ਉੱਗੀ ਹੈ, ਉਸ ਥਾਂ ਨੂੰ ਅਪਵਿੱਤ੍ਰ ਜਾਣ ਕੇ ਨੀਲਾ ਘੋੜਾ ਵੀ ਇਸ ਖੇਤ ਵਿੱਚ ਪੈਰ ਪਾਉਣ ਤੋਂ ਅੜ ਖਲੋਤਾ ਹੈ। ਤੁਸੀਂ ਆਪ

ਹੀ ਦੱਸੋ, ਜਿਹੜੇ ਇਸ ਭੈੜੀ ਬੂਟੀ ਨੂੰ ਪੀਂਦੇ, ਸੁੰਘਦੇ ਤੇ ਚੱਬਦੇ ਹਨ, ਉਹ ਕਿੰਨੇ ਕੁ ਅਪਵਿੱਤ੍ਰ ਹੋ ਜਾਂਦੇ ਹੋਣਗੇ, ਸੋ ਅਸੀਂ ਤੁਹਾਡੇ ਭਲੇ ਵਾਸਤੇ ਅਜਿਹੀ ਅਪਵਿਤ੍ਰ ਬੂਟੀ ਜੋ ਸਰੀਰ ਅਤੇ ਬੁੱਧੀ ਦਾ ਨਾਸ਼ ਕਰਦੀ ਹੈ, ਕੈਂਸਰ ਵਰਗੇ ਰੋਗਾਂ ਦੀ ਜਨਮ ਦਾਤੀ ਹੈ, ਫੇਫੜਿਆਂ ਨੂੰ ਅਨੇਕਾਂ ਬਿਮਾਰੀਆਂ ਲਾਉਂਦੀ ਹੈ, ਮਨੁੱਖ ਨੂੰ ਆਲਸੀ ਬਣਾਉਂਦੀ ਹੈ, ਅਜਿਹੀ ਭੈੜੀ ਸ਼ੈਅ ਨੂੰ ਪੀਣ ਤੇ ਵਰਤਣ ਤੋਂ ਮਨ੍ਹਾ ਕੀਤਾ ਹੈ। ਅਗਿਆਨਤਾ ਵਸ ਤੇ ਵੇਖਾ-ਵੇਖੀ ਲੋਕ ਇਸ ਨੂੰ ਪੀ ਕੇ ਆਪਣਾ ਧਰਮ ਭ੍ਰਿਸ਼ਟ ਕਰ, ਸਰੀਰ ਦਾ ਨਾਸ਼ ਕਰ ਰਹੇ ਹਨ। ਸਮਾਂ ਆਉਣ ਤੇ ਜਦੋਂ ਇਸ ਦੇ ਅਵਗੁਣਾਂ ਦਾ ਲੋਕਾਈ ਨੂੰ ਪਤਾ ਚੱਲੇਗਾ, ਤਦੋਂ ਸਾਰੀ ਦੁਨੀਆਂ ਇਸ ਨੂੰ ਨਫ਼ਰਤ ਕਰੇਗੀ ਤੇ ਸਾਡੇ ਕਹੇ ਹੋਏ ਬਚਨਾਂ ਦੀ ਅਸਲੀਅਤ ਦਾ ਸੰਸਾਰ ਨੂੰ ਪਤਾ ਚੱਲੇਗਾ। ਅਸੀਂ ਤੁਹਾਨੂੰ ਹੁਣੇ ਹੀ ਇਸ ਭੈੜੀ ਸ਼ੈ ਦੀ ਵਰਤੋਂ ਨਾਲ ਸਰੀਰ ਅਤੇ ਮੱਤ-ਬੁੱਧੀ ਉੱਪਰ ਪੈਣ ਵਾਲੇ ਮਾੜੇ ਅਸਰਾਂ ਤੋਂ ਬਚਾਉਣ ਲਈ, ਇਸ ਦੀ ਕਿਸੇ ਤਰ੍ਹਾਂ ਨਾਲ ਵੀ ਵਰਤੋਂ ਨਾ ਕਰਨ ਦਾ ਹੁਕਮ ਦਿੱਤਾ ਹੈ। ਇਉਂ ਕਹਿ ਗੁਰਦੇਵ ਜੀ ਨੇ ਘੋੜੇ ਦੀ ਵਾਗ ਮੋੜੀ ਤੇ ਸਨੇ-ਸਨੇ ਅਨੰਦਪੁਰ ਸਾਹਿਬ ਆ ਪੁੱਜੇ। ਧੰਨ ਕਲਗੀਧਰ ਪਾਤਸ਼ਾਹ ਅਤੇ ਆਪ ਜੀ ਦੀ ਦੀਰਘ ਦ੍ਰਿਸ਼ਟੀ ਤੇ ਅਨੁਭਵ, ਸਦਾ ਹੀ ਇਸ ਤੋਂ ਵਾਰੇ ਜਾਈਏ। ਅੱਜ ਸਾਰਾ ਸੰਸਾਰ ਤੰਬਾਕੂ ਦੀ ਵਰਤੋਂ ਤੋਂ ਨਿਜਾਤ ਪਾਉਣ ਲਈ ਕਹਿ ਰਿਹਾ ਹੈ ਅਤੇ ਨਿਜਾਤ ਪਾਉਣ ਲਈ ਯਤਨਸ਼ੀਲ ਹੈ।

ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ Royal Society of Physics ਜੋ ਦੁਨੀਆਂ ਭਰ ਦੇ ਸਾਇੰਸਦਾਨਾਂ ਦੀ ਪ੍ਰਸਿੱਧ ਸੁਸਾਇਟੀ ਹੈ, ਉਸ ਨੇ ਲਗਾਤਾਰ ਬਾਈ ਸਾਲ ਤੰਬਾਕੂ ਦੇ ਨੁਕਸਾਨਾਂ ਦੀ ਖੋਜ ਕਰਨ ਉਪਰੰਤ 8 ਮਾਰਚ 1962 ਈ: ਨੂੰ ਆਪਣੀ ਰਿਪੋਰਟ ਜੋ ਪ੍ਰਕਾਸ਼ਿਤ ਕੀਤੀ, ਜਿਸ ਨੂੰ ਪ੍ਰਿੰਸੀਪਲ ਸਾਹਿਬ ਨੇ ਆਪਣੀ ਪੁਸਤਕ ਖ਼ਾਲਸੇ ਦੀ ਵਾਸੀ ਵਿੱਚ 174 ਪੰਨੇ ਤੇ ਦਰਜ ਕਰ ਕੇ ਜਗਤ ਸਾਹਵੇਂ ਪੇਸ਼ ਕੀਤਾ, ਹੂ-ਬ-ਹੂ ਉਸ ਦਾ ਉਤਾਰਾ ਧੰਨਵਾਦ ਸਹਿਤ ਲੈ ਕੇ ਆਪ ਦੇ ਸਨਮੁਖ ਰੱਖ ਰਿਹਾ ਹਾਂ ਤੇ ਕਲਗੀਧਰ ਜੀ ਦੀ ਸੋਚ ਨੂੰ ਬਾਰੰਬਾਰ ਸੀਸ ਝੁਕਾ ਸਿਜਦਾ ਕਰ ਰਿਹਾ ਹਾਂ।

"ਤਕਰੀਬਨ 22 ਸਾਲ ਦੀ ਖੋਜ ਉਪਰੰਤ ਸੰਸਾਰ ਭਰ ਦੇ ਸਾਇੰਸਦਾਨਾਂ ਦੀ ਪ੍ਰਸਿੱਧ ਸੁਸਾਇਟੀ (Royal Society of Physics) ਨੇ ਆਪਣਾ ਨਿਰਣਾ ਤਮਾਕੂ ਦੇ ਹਾਣਾਂ ਸਬੰਧੀ 8 ਮਾਰਚ 1962 ਈ: ਨੂੰ ਛਾਪਿਆ ਹੈ। ਉਨ੍ਹਾਂ ਦਾ ਕਥਨ ਤੇ ਸਿੱਟੇ ਪੜ੍ਹ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅੱਗੇ ਹੋਰ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਉਨ੍ਹਾਂ ਲਿਖਿਆ ਹੈ ਕਿ ਸੰਸਾਰ ਭਰ ਵਿੱਚ ਕੈਂਸਰ ਰਾਹੀਂ ਮੌਤਾਂ ਦੀ ਗਿਣਤੀ ਵਧਣ ਦਾ ਕਾਰਨ ਸਿਰਫ ਅੰਨ੍ਹੇਵਾਹ ਤਮਾਕੂ ਨੂੰ ਪੀਣਾ ਹੈ।

ਸੁਸਤੀ, ਕਮਜ਼ੋਰੀ, ਕੈਂਸਰ ਤੇ ਹੋਰ ਖਤਰਨਾਕ ਬੀਮਾਰੀਆਂ ਦਾ ਕਾਰਨ ਤਮਾਕੂ, ਸਿਗਾਰ ਤੇ ਸਿਗਰਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਿਗਰਟਨੋਸ਼ੀ ਦੇ ਬੜੇ ਖ਼ਤਰਨਾਕ ਨਤੀਜੇ ਹਨ। ਕੁਝ ਰਾਵਾਂ ਇਸ ਪ੍ਰਕਾਰ ਹਨ:-

ਇੱਕ ਸਧਾਰਨ ਸੀਗਾਰ ਵਿੱਚ ਇਤਨੀ ਨਿਕੋਟੀਨ ਹੁੰਦੀ ਹੈ ਕਿ ਉਸ ਦੇ ਖਾਣ ਨਾਲ ਸਾਧਾਰਨ ਮਨੁੱਖ ਸਦਾ ਦੀ ਨੀਂਦਰ ਸੌਂ ਸਕਦਾ ਹੈ। ਇਹ ਇਤਨੀ ਜ਼ਹਿਰੀਲੀ ਹੈ ਕਿ ਇਸ ਤੋਂ ਵੱਧ ਇੱਕੋ 'ਪਰੂਸਕ ਐਸਿਡ' ($H.CNO_5$) ਜ਼ਹਿਰ ਹੈ।

ਤਮਾਕੂ ਸੇਵੀ ਦਾ ਲਹੂ ਇਤਨਾ ਜ਼ਹਿਰੀਲਾ ਹੋ ਜਾਂਦਾ ਹੈ ਕਿ ਉਸ ਨੂੰ ਪੀਣ ਨਾਲ ਜੋਕ ਝੱਟ ਮਰ ਜਾਂਦੀ ਹੈ। ਇਥੇ ਹੀ ਬੱਸ ਨਹੀਂ ਜੇ ਕਿਸੇ ਕਮਰੇ ਦੀ ਵਾਯੂ ਬੰਦ ਕਰਕੇ ਉਸ ਵਿੱਚ ਸਿਗਰਟ ਦਾ ਧੂੰਆਂ ਛੱਡ ਦਿੱਤਾ ਜਾਏ ਤੇ ਫਿਰ ਕਿਸੇ ਬੱਚੇ ਨੂੰ ਅੰਦਰ ਧਕੇਲ ਦਿੱਤਾ ਜਾਏ ਤਾਂ ਉਹ ਯਕਦਮ ਮਰ ਜਾਏਗਾ। ਇਹ ਸਿੱਟਾ ਵੀ ਕੱਢਿਆ ਹੈ ਕਿ ਮੌਤ ਦੀ ਤੇਜੀ ਦਾ ਕਾਰਨ ਸਿਗਰੇਟ ਹੈ। ਪਿਛਲੇ ਵਰ੍ਹਿਆਂ ਵਿੱਚ ੭,੬੭,੦੦੦ ਮੌਤਾਂ ਨਮੂਨੀਏ ਨਾਲ ਹੋਈਆਂ ਹਨ। ਇਨ੍ਹਾਂ ਮੌਤਾਂ ਦੇ ਕਾਰਨ ਸਨ ਕਿ ਰੋਗੀ ਬਹੁਤਾ ਤਮਾਕੂ ਸੇਵੀ ਹੋਣ ਕਰਕੇ ਨਿਸਲ ਹੋ ਗਏ। ਅਰੋਗ ਨਹੀਂ ਹੋ ਸਕੇ।

ਇਸੇ ਤਰ੍ਹਾਂ ਸੁਸਾਇਟੀ ਨੇ ਮੁਰਦਿਆਂ ਦੀ ਚੀਰ-ਫਾੜ (Postmortem) ਉਪਰੰਤ ਇਹ ਗੱਲ ਵੀ ਸਪੱਸ਼ਟ ਕੀਤੀ ਹੈ ਕਿ ਤਮਾਕੂ-ਸੇਵੀਆਂ ਵਿੱਚ ਦੂਜਿਆਂ ਨਾਲੋਂ ਦੂਣਿਆਂ ਤੋਂ ਭੀ ਵਧੀਕ ਮੌਤਾਂ ਤਪਦਿਕ ਨਾਲ ਹੋਈਆਂ ਹਨ। ਇਸੇ ਅਧਾਰ ਉੱਤੇ ਇਨਸ਼ੋਰੈਂਸ ਕੰਪਨੀ ਵਾਲਿਆਂ ਨੇ ਬਹੁਤੇ ਸਿਗਰੇਟ ਪੀਣ ਵਾਲਿਆਂ ਦੇ ਬੀਮੇ ਕਰਨੇ ਹੀ ਬੰਦ ਕਰ ਦਿੱਤੇ ਹਨ। ਨਿਰਾ ਸਰੀਰ ਹੀ ਕਮਜ਼ੋਰ ਨਹੀਂ ਹੁੰਦਾ, ਜ਼ੁਰੱਅਤ ਵੀ ਸਿਗਰੇਟ ਪੀਣ ਵਾਲਿਆਂ ਦੀ ਮਰ ਜਾਂਦੀ ਹੈ। ਇਰਾਦੇ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਤਮਾਕੂ ਸੇਵੀ ਉਸ ਮੰਜ਼ਿਲ ਵੱਲ ਵਧ ਰਿਹਾ ਹੁੰਦਾ ਹੈ ਜਿੱਥੇ ਰੋਗਾਂ ਨਾਲ ਚੂਰ ਹੋ ਜਾਣਾ ਕੁਦਰਤੀ ਗੱਲ ਹੈ। ਇੱਕ ਪ੍ਰਸਿੱਧ ਡਾਕਟਰ ਮੈਥਿਉ ਵੁਡਜ਼ ਨੇ ਉਸ ਗੱਲ ਦਾ ਵੀ ਉੱਤਰ ਦਿੱਤਾ ਹੈ ਜਿਸ ਵਿੱਚ ਇਹ ਕਹਿਆ ਜਾਂਦਾ ਹੈ ਕਿ ਤਮਾਕੂ ਹਾਜ਼ਮਾ, ਮੂੰਹ ਤੇ ਦੰਦ ਠੀਕ ਰੱਖਦਾ ਹੈ। ਉਸ ਦਾ ਕਥਨ ਹੈ, ਤਮਾਕੂ ਅਹਾਰ ਦੇ ਪਚਣ ਵਿੱਚ ਸਹਾਇਤਾ ਨਹੀਂ ਕਰਦਾ। ਲਿੱਸੇ ਆਦਮੀ ਨੂੰ ਹੋਰ ਲਿੱਸਾ ਤੇ ਮੋਟਿਆਂ ਨੂੰ ਹੋਰ ਮੋਟੇ ਹੋਣ ਤੋਂ ਨਹੀਂ ਬਚਾਉਂਦਾ। ਇਹ ਦੰਦਾਂ ਨੂੰ ਸਥਿਰ ਰੱਖਣ ਵਿੱਚ ਸਹਾਇਕ ਨਹੀਂ ਹੁੰਦਾ ਸਗੋਂ ਦਮੇ ਤੇ ਬਦਹਜ਼ਮੀ ਦਾ ਮੁੱਢ ਬਣਦਾ ਹੈ। ਇਸ ਦੇ ਸੇਵਨ ਵਜੋਂ ਨਿਸਚੇ ਪੂਰਵਕ ਕਿਹਾ ਜਾ ਸਕਦਾ ਹੈ ਕਿ ਦਿਲ ਦੇ ਰੋਗ, ਰਗਾਂ ਦੇ ਰੋਗ, ਅੰਦਰਲੀ ਰਬੈਲੀ ਝਿੱਲੀ ਦੇ ਰੋਗ ਉਤਪੰਨ ਹੁੰਦੇ ਹਨ। ਇਸ ਦੇ ਸੇਵਨ ਨਾਲ ਰੋਗਾਂ ਤੋਂ ਅਰੋਗ ਹੋਣ ਦੀ ਸੰਭਾਵਨਾ ਵੀ ਕਠਨ ਹੈ। ਡਾਕਟਰੀ ਦੀਆਂ

ਕਿਤਾਬਾਂ ਵਿੱਚ ਏਕੋਨਾਈਟ, ਬੈਲਾਡੋਨਾ, ਧਤੂਰਾ ਆਦਿਕ ਜ਼ਹਿਰਾਂ ਵਿੱਚ ਤੰਮਾਕੂ ਵੀ ਲਿਖਿਆ ਹੈ। ਇਸ ਨਾਲ ਜੀਅ ਮਚਲਾਂਦਾ ਹੈ, ਚੱਕਰ ਆਉਂਦਾ ਹੈ, ਦਿਲ ਘਬਰਾਂਦਾ ਹੈ, ਚੇਤਨਾ ਸ਼ਕਤੀ ਘਟ ਜਾਂਦੀ ਹੈ। ਤਮਾਕੂ ਦੇ ਪ੍ਰਯੋਗ ਨਾਲ ਚੱਕਰ, ਯਾਦ ਸ਼ਕਤੀ ਦੀ ਘਾਟ, ਉਨਮਾਦ, ਲਕਵਾ, ਪਾਗਲਪਨ, ਅਨੀਂਦਰਾ, ਦ੍ਰਿਸ਼ਟ-ਹੀਣਤਾ, ਖਾਂਸੀ, ਸਾਹ-ਖੰਘ, ਦਿਲ ਦੇ ਰੋਗ, ਸੁਸਤੀ, ਮਧੂ, ਮੰਦਾਗਨੀ ਆਦਿ ਕਈ ਰੋਗ ਉਪਜਦੇ ਹਨ। ਕਨੇਡਾ ਦੇ ਮਯੋ ਕਲੀਨਕ ਦੇ ਸਰਵੇਖਣ ਨੇ ਵੀ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਕੈਂਸਰ ਦਾ ਮੁੱਖ ਕਾਰਨ ਤਮਾਕੂ-ਨੋਸ਼ੀ ਹੈ।

ਦੀ ਨਿਊ ਇੰਗਲਿਸ਼ ਜਰਨਲ ਆਫ਼ ਮੈਡੀਸਨ ਦੇ 18 ਅਕਤੂਬਰ 1962 ਦੇ ਅੰਕ ਦੇ ਸੰਪਾਦਕੀ ਨੋਟ ਵਿੱਚ 834 ਪੰਨੇ ਉੱਤੇ 'ਤਮਾਕੂ ਦੇ ਸਾਹ-ਖੰਘ' ਦੇ ਰੋਗ ਸਬੰਧੀ ਸਪੱਸ਼ਟ ਲਿਖਿਆ ਹੈ ਕਿ ਪੁਰਾਣੀ ਖੰਘ (Chronic Bronchitis) ਦਾ ਸਿੱਧਾ ਸਬੰਧ ਤਮਾਕੂ-ਨੋਸ਼ੀ ਨਾਲ ਹੈ

ਤਮਾਕੂ ਵਿੱਚ ਹੇਠ ਲਿਖੇ ਜ਼ਹਿਰ ਹਨ:

੧. ਪਰੂਸਕ ਐਸਿਡ ਅਤੇ ਹਾਈਡਰੋਸੈਨਕ ਐਸਡ- ਪੋਟਾਸ਼ੀਅਮ ਸਾਈਨਾਈਡ ਦੇ ਬਾਅਦ ਇਹ ਦੂਸਰੇ ਨੰਬਰ ਦਾ ਜ਼ਹਿਰ ਹੈ, ਜਿਸ ਦਾ ਰਤਾ ਭਰ ਵੀ ਸ਼ੁੱਧ ਭਾਗ ਮੌਤ ਕਰ ਸਕਦਾ ਹੈ।

੨. ਨਿਕੋਟੀਨ- ਇਹ ਵੀ ਪਰੂਸਕ ਐਸਿਡ ਵਾਂਗ ਹੀ ਇੱਕ ਜੋਰਦਾਰ ਜ਼ਹਿਰ ਹੈ। ਇੱਕ ਗਰੇਨ ਦਾ ਦਸਵਾਂ ਹਿੱਸਾ ਵੀ ਕਿਸੇ ਕੁੱਤੇ ਨੂੰ ਤਿੰਨ ਮਿੰਟਾਂ ਵਿੱਚ ਮਾਰ ਸਕਦਾ ਹੈ। ਡਾਕਟਰ ਕੈਲਾਗ ਅਨੁਸਾਰ ਇੱਕ ਪੌਂਡ ਤਮਾਕੂ ਵਿੱਚ 380 ਗ੍ਰੇਨ ਨਿਕੋਟੀਨ ਹੁੰਦੀ ਹੈ

੩. ਨਿਕੋਟਨੀਨ- ਇਹ ਵੀ ਇੱਕ ਸਖਤ ਜ਼ਹਿਰ ਹੈ। ਇਸ ਦੀ ਇੱਕ ਬੂੰਦ ਹੀ ਬਿੱਲੀ ਜਾਂ ਕੁੱਤੇ ਨੂੰ ਮਾਰ ਸਕਦੀ ਹੈ। ਤਮਾਕੂ ਦੇ ਪੱਤਿਆਂ ਵਿੱਚ ਤਿਲ ਜਿਹਾ ਪਦਾਰਥ ਨਿਕੋਟਨੀਨ ਹੀ ਹੁੰਦਾ ਹੈ।

੪. ਕਾਲੀਡੀਨ- ਜੋ ਤਮਾਕੂ ਦੀ ਬਦਬੂ ਹੈ, ਉਹ ਇਸ ਤੋਂ ਹੀ ਪੈਦਾ ਹੁੰਦੀ ਹੈ। ਇਕ ਗ੍ਰੇਨ ਦੇ ਵੀਹਵੇਂ ਹਿੱਸੇ ਨਾਲ ਮੈਂਡਕ ਮਰ ਜਾਂਦਾ ਹੈ।

੫. ਏਕੋਲੀਨ- ਸਿਗਰਟ ਦਾ ਕਾਗਜ਼ ਸੜਨ ਨਾਲ ਪੈਦਾ ਹੁੰਦੀ ਹੈ। ਇਹ ਦਿਮਾਗ ਦੀਆਂ ਨਾੜੀਆਂ ਤਬਾਹ ਕਰਦੀ ਹੈ ਤੇ ਚੇਤਨ ਸ਼ਕਤੀ ਖਤਮ ਕਰਦੀ ਹੈ। ਸੁਭਾਅ ਚਿੜਚਿੜਾ ਬਣਾਉਂਦੀ ਹੈ।

੬. ਕਾਰਬਨ ਮੋਨੋ-ਔਕਸਾਈਡ- ਸਿਗਰਟ ਦੇ ਸੜਨ ਨਾਲ ਇਹ ਗੈਸ ਵੀ ਪੈਦਾ ਹੁੰਦੀ ਹੈ। ਖ਼ੂਨ ਦੇ ਨਾਲ ਸੂਖਮ ਹਿੱਸੇ (Red corpuscles) ਪੀਲੇ ਪੈਂਦੇ ਹਨ। ਸਾਹ ਤੇਜ

ਹੋ ਜਾਂਦਾ ਹੈ। ਦਿਲ ਤੇਜੀ ਨਾਲ ਧੜਕਦਾ ਹੈ। ਠੰਡਾ ਪਸੀਨਾ ਆਉਂਦਾ ਹੈ। ਮੂਰਸ਼ਾ ਦਾ ਕਾਰਨ ਵੀ ਬਣਦਾ ਹੈ।

ਫਿਰ ਸਵਾਲ ਹੈ ਕਿ ਜੇ ਸਿਗਰਟ-ਨੋਸ਼ੀ ਇਤਨੀ ਖਤਰਨਾਕ ਹੈ ਤਾਂ ਦੁਨੀਆਂ ਪੀ ਕਿਉਂ ਰਹੀ ਹੈ? ਇਸ ਦਾ ਵੀ ਬਹੁਤ ਸੁੰਦਰ ਉੱਤਰ ਸਾਇੰਸਦਾਨਾਂ ਦੀ ਸੁਸਾਇਟੀ ਨੇ ਆਪਣੀ ਰਿਪੋਰਟ ਵਿੱਚ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਸਿਰਫ ਤਮਾਕੂ ਪੀਣ ਦੇ ਪ੍ਰਾਪੇਗੰਢੇ ਦੇ ਇਸ਼ਤਿਹਾਰਾਂ ਉੱਤੇ ਕੰਪਨੀ ਵਾਲਿਆਂ ਨੇ ਪਿਛਲੇ ਤਿੰਨ ਸਾਲਾਂ ਵਿੱਚ ੫੩ ਕਰੋੜ ਰੁਪਏ ਖਰਚ ਕੀਤੇ ਹਨ। ਪਰ ਬਦਕਿਸਮਤੀ ਇਹ ਹੈ ਕਿ ਹਾਨੀਆਂ ਦੱਸਣ ਵਾਲਿਆਂ ਪ੍ਰਚਾਰ ਦੇ ਤੌਰ ਤੇ ਸਿਰਫ ੭੫ ਹਜ਼ਾਰ ਰੁਪਏ ਖਰਚ ਕੀਤੇ ਹਨ। ਇਹ ਯੁੱਗ ਪ੍ਰਚਾਰ ਦਾ ਯੁਗ ਹੈ। ਪ੍ਰਾਪੇਗੰਡਾ ਦਾ ਯੁੱਗ ਹੈ। ਸਚਾਈ ਨੂੰ ਵੀ ਪਰਗਟ ਕਰਨ ਲਈ ਜੋਰ ਲਾਉਣਾ ਪੈਂਦਾ ਹੈ। ਗੁਰੂ ਬਾਬਾ ਨਾਨਕ ਜੀ ਆਪ ਤੁਰ ਕੇ ਪਰਚਾਰ ਦੌਰਿਆਂ ਉੱਤੇ ਗਏ ਸਨ। ਅਸੀਂ ਜੇ ਅਵੇਸਲੇ ਰਹੇ ਤਾਂ ਇਹ ਬੀਮਾਰੀ ਹੋਰ ਸਾਡੇ ਵਿੱਚ ਵੀ ਵਧਣ ਦੀ ਸੰਭਾਵਨਾ ਹੈ।

ਤੰਬਾਕੂ ਦੀ ਬੂਟੀ ਅਮਰੀਕਾ ਵਿੱਚੋਂ ਪਹਿਲੀ ਵਾਰੀ ਪੰਦਰਵੀਂ ਸਦੀ ਦੇ ਅੰਤ ਵਿੱਚ ਸਪੇਨ ਗਈ ਤੇ ਸਪੇਨ ਤੋਂ ਬਾਕੀ ਮੁਲਕਾਂ ਵਿੱਚ। ਹਿੰਦੁਸਤਾਨ ਵਿੱਚ ਪੁਰਤਗੇਜੀ ਪਾਦਰੀਆਂ ਨੇ ਲਿਆਂਦੀ ਪਰ ਜਹਾਂਗੀਰ ਦੇ ਦਰਬਾਰ ਵਿੱਚ ਇਸ ਨੇ ਪ੍ਰਧਾਨਤਾ ਲੈ ਲਈ। ਇੱਕ ਵਾਰੀ ਜਦ ਜਹਾਂਗੀਰ ਬੀਮਾਰ ਹੋ ਗਿਆ ਤਾਂ ਅੰਗਰੇਜ਼ ਡਾਕਟਰ ਬਰਨੀਅਰ ਨੇ ਜਾਦੂਈ ਬੂਟੀ ਕਹਿ ਕੇ ਜਹਾਂਗੀਰ ਨੂੰ ਤਮਾਕੂ ਦਾ ਧੂੰਆਂ ਪੀਣ ਲਈ ਆਖਿਆ। ਇਸ ਤਮਾਕੂ ਦਾ ਨਸ਼ਾ ਜ਼ਹਿਰੀਲਾ ਤੇ ਵਕਤੀ ਆਰਾਮ ਵਾਲਾ ਸੀ ਪਰ ਇਤਨੀ ਤਿੱਖੀ ਬਦਬੂ ਸੀ ਕਿ ਦਰਬਾਰੀਆਂ ਨੇ ਰੁਮਾਲ ਆਪਣੇ ਨੱਕਾਂ ਉੱਤੇ ਰੱਖ ਲਏ। ਜਹਾਂਗੀਰ ਨੇ ਨਿਰਾਦਰੀ ਹੁੰਦੀ ਦੇਖ ਕੇ ਹੁਕਮਨ ਤਮਾਕੂ ਪੀਣ ਲਈ ਕਿਹਾ ਪਰ ਜਦ ਮਾਰੂ ਅਸਰਾਂ ਦਾ ਪਤਾ ਲੱਗਾ ਤਾਂ ਫੁਰਮਾਨ ਰਾਹੀਂ ਬੰਦ ਵੀ ਕੀਤਾ। ਜਹਾਂਗੀਰ ਦਾ ਹੁਕਮ ਸੀ ਕਿ ਤਮਾਕੂ ਸੇਵਨ ਵਾਲੇ ਦਾ ਮੂੰਹ ਕਾਲਾ ਕਰਕੇ ਗਧੇ ਉੱਤੇ ਚੜ੍ਹਾ ਕੇ ਨਗਰ ਵਿੱਚ ਫੇਰਿਆ ਜਾਏ। ਸਸਤਾ ਨਸ਼ਾ ਹੋਣ ਕਾਰਨ ਲੋਕੀਂ ਇਸ ਨੂੰ ਹੌਲੇ-ਹੌਲੇ ਸੇਵਨ ਲੱਗ ਪਏ ਅਤੇ ਹਿੰਦੁਸਤਾਨ ਵਿੱਚ ਬੀਜਿਆ ਜਾਣ ਲੱਗ ਪਿਆ। ਆਦਿ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ੧੬੦੪ ਨੂੰ ਬੱਝ ਗਈ ਸੀ ਅਤੇ ਤਮਾਕੂ ੧੬੧੧ ਵਿੱਚ ਹਿੰਦੁਸਤਾਨ ਆਇਆ ਸੀ। ਸੋ ਇਸ ਨਸ਼ੇ ਵਿਰੁੱਧ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਿਆ ਮਿਲਣਾ ਅਸੰਭਵ ਜਿਹੀ ਗੱਲ ਸੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੂਰ ਦ੍ਰਿਸ਼ਟੀ ਨਾਲ ਇਸ ਦੇ ਮਾੜੇ ਅਸਰਾਂ ਨੂੰ ਦੇਖਿਆ, ਸਿੱਖਾਂ ਨੂੰ ਸਖਤ ਹੁਕਮ ਜਾਰੀ ਕਰਕੇ ਤਮਾਕੂ ਪੀਣ ਦੀ ਮਨਾਹੀ ਕੀਤੀ। ਇਸ ਨੂੰ ਪੀਣ ਵਾਲੇ ਨੂੰ ਬੱਜਰ ਕੁਰਹਿਤੀਆ ਕਹਿਆ।

ਸਰੀਰਕ ਤੌਰ ਉੱਤੇ ਕਿਤਨਾ ਮਾਰੂ ਹੈ, ਇਹ ਤਾਂ ਦੁਨੀਆਂ ਹੁਣ ਜਾਣ ਚੁੱਕੀ ਹੈ ਪਰ ਇਹ ਤਮਾਕੂ ਸਭ ਤੋਂ ਵੱਡਾ ਹਮਲਾ ਆਤਮਾ ਉੱਤੇ ਕਰਦਾ ਹੈ। ਆਤਮਕ ਤੌਰ ਉੱਤੇ ਵੀ ਇਸ ਨੂੰ ਪੀਣਾ ਪਾਪ ਹੈ।

ਸਿੱਖ ਰੋਜ਼ ਸਵੇਰੇ ਸ਼ਾਮ ਸੋਦਰ ਦਾ ਪਾਠ ਕਰਦਾ ਹੈ। ਸੋਦਰ ਦੇ ਨੇੜੇ ਹੋ ਕੇ ਰਹਿਰਾਸ ਵਿੱਚ ਸੋ ਪੁਰਖ (ਵਾਹਿਗੁਰੂ) ਦੇ ਦਰਸ਼ਨ ਕਰਦਾ ਹੈ। ਸੋ ਪੁਰਖ ਅੱਗੇ ਹੱਥ ਜੋੜ ਬੇਨਤੀ (ਚੌਪਈ) ਕਰਦਾ ਹੈ ਫਿਰ ਅਨੰਦ ਮਾਣਦਾ ਹੈ ਤੇ ਸਦਾ ਸੁੱਖ ਪਾ (ਮੁੰਦਾਵਣੀ) ਨਿਮਰਤਾ ਵਿੱਚ ਰਹਿ 'ਆਪੇ ਤਰਸ ਪਇਓਈ' ਦਾ ਸਲੋਕ ਪੜ੍ਹਦਾ ਹੈ। ਪਰ ਜੇ ਕੋਈ ਸੋਦਰ ਖੋਂਹਦਾ ਹੈ ਤਾਂ ਇਹ ਤਮਾਕੂ ਹੈ। ਸਿੱਖ ਨੂੰ ਸੋਦਰ ਤੋਂ ਜੇ ਕੋਈ ਪਿੱਛੇ ਹਟਾਉਂਦਾ ਹੈ, ਜੇ ਕੋਈ ਵੈਰੀ ਹੈ ਤਾਂ ਇਹ ਤਮਾਕੂ ਹੈ। ਤਿਬਤੀ ਵਿਦਵਾਨਾਂ ਨੇ ਆਪਣੀ ਤੀਜੀ ਅੱਖ ਖੋਲ੍ਹ ਕੇ ਆਉਣ ਵਾਲੀਆਂ ਘਟਨਾਵਾਂ ਨੂੰ ਦੇਖਿਆ ਤੇ ਫਿਰ ਲਿਖਿਆ ਹੈ। ਉਹ ਲਿਖਦੇ ਹਨ ਜਦ ਸੰਸਾਰ ਉੱਤੇ **ਸ਼ਿਕਰਾ (ਸਿਗਰਟ)** ਪ੍ਰਧਾਨ ਹੋਵੇਗਾ, ਉਸ ਵਕਤ ਧਰਮ ਗਿਰੇਗਾ। ਆਤਮਾਂ ਡਿੱਗੇਗੀ ਅਤੇ ਤਬਾਹੀ ਆਵੇਗੀ। ਸੱਚੀ ਗੱਲ ਇਹ ਹੈ ਕਿ ਜਿਤਨੀ ਤਬਾਹੀ ਇਸ ਸਿਗਰਟ ਨੇ ਮਚਾਈ ਹੈ ਉਤਨੀ ਹੋਰ ਕਿਸੇ ਨੇ ਵੀ ਨਹੀਂ। ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਨ੍ਹਾਂ ਜਗਤ ਜੂਠ ਤਮਾਕੂ ਨਾ ਸੇਵਨ ਦਾ ਹੁਕਮ ਦੇ ਕੇ ਸਿੱਖਾਂ ਨੂੰ ਨਾ ਸਿਰਫ਼ ਸਰੀਰਕ ਰੋਗਾਂ ਤੋਂ ਬਚਾਇਆ ਸਗੋਂ ਆਤਮਕ ਨੀਵਾਣ ਤੋਂ ਵੀ ਹੱਥ ਦੇ ਕੇ ਰੱਖ ਲਿਆ। ਸੋ ਸਿੱਖ ਰੋਜ਼ ਨਿੱਤਨੇਮ ਵਿੱਚ ਸੋਦਰ ਦੇ ਦਰਸ਼ਨ ਕਰਦਾ ਹੈ ਅਤੇ ਫਿਰ ਰਹਿਰਾਸ ਰਾਹੀਂ ਸ਼ਾਮ ਨੂੰ ਦੇਖਦਾ ਹੈ। ਜੇ ਭੁੱਲ ਭੁਲੇਖੇ ਵੀ ਤਮਾਕੂ ਦਾ ਧੂੰਆਂ ਅੰਦਰ ਲੰਘਾ ਲਿਆ ਜਾਏ ਤਾਂ ਉਸ ਦੀ ਲਿਵ ਟੁੱਟ ਜਾਏਗੀ। ਇਸ ਲਈ ਸਿੱਖ ਨੂੰ ਸਖ਼ਤੀ ਨਾਲ ਆਪ ਅਮਲ ਕਰਨਾ ਚਾਹੀਦਾ ਹੈ ਤੇ ਅਮਲ ਕਰਾਉਣਾ ਚਾਹੀਦਾ ਹੈ। ਸਿੱਖ ਇਸੇ ਲਈ ਤਮਾਕੂ ਪੀਣ ਵਾਲੇ ਨਾਲ ਨਹੀਂ ਵਰਤਦੇ। **'ਨੜੀ ਮਾਰ ਨਾਲ ਨ ਵਰਤੋ'**, ਇਹ ਰਹਿਤਨਾਮਿਆਂ ਦਾ ਹੁਕਮ ਸੀ। ਸਾਨੂੰ ਜ਼ੋਰ ਲਗਾਉਣਾ ਚਾਹੀਦਾ ਹੈ ਕਿ ਪਬਲਿਕ ਥਾਂਵਾਂ ਉੱਤੇ ਤਮਾਕੂ ਪੀਣ ਦੀ ਕਾਨੂੰਨੀ ਤੌਰ ਤੇ ਮਨਾਹੀ ਹੋਵੇ। ਕੌਮ ਨੂੰ ਖਾਸ ਉਪਰਾਲਾ ਕਰਨਾ ਚਾਹੀਦਾ ਹੈ। ਪਹਿਲੀ ਵੱਡੀ ਜੰਗ ਦੇ ਸਫ਼ਲ ਖਾਤਮੇਂ ਉਪਰੰਤ ਸਿੱਖਾਂ ਨੇ ਜੇ ਕੋਈ ਮੰਗ ਹਕੂਮਤ ਪਾਸ ਰੱਖੀ ਸੀ ਤਾਂ ਉਹ ਸੀ ਪਬਲਿਕ ਥਾਂਵਾਂ ਤੇ ਖਾਸ ਕਰਕੇ ਗੱਡੀਆਂ ਵਿੱਚ ਤਮਾਕੂ-ਨੋਸ਼ੀ ਬੰਦ ਕਰਾਈ ਜਾਏ। ਰੇਲਵੇ ਐਕਟ ਦੀ ਧਾਰਾ 110 ਇਸ ਮੰਗ ਦੇ ਅਧਾਰ ਉੱਤੇ ਪਾਈ ਗਈ ਸੀ। ਇਸ ਤੇ ਸਖਤੀ ਨਾਲ ਅਮਲ ਕਰਾਉਣ ਦੀ ਲੋੜ ਹੈ।

ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ (ਸਿੱਖਾਂ) ਵਿੱਚੋਂ ਕਈ ਭੁੱਲੜ ਵੀਰ

ਉੱਪਰੋਂ ਖੁੱਲ੍ਹ-ਦਿਲੀ ਪਰ ਅੰਦਰ ਤੋਂ ਆਪਣੀ ਬੁਜ਼ਦਿਲੀ ਜ਼ਾਹਿਰ ਕਰਦੇ ਹੋਏ ਤਮਾਕੂ ਸਿਗਰਟ ਨੂੰ ਹੱਥ ਤੱਕ ਲਾਉਣ ਲੱਗ ਪਏ ਹਨ। ਹੁਣ ਤਾਂ ਸਾਰੇ ਦੇਸ਼ ਅੰਦਰ ਅਜਿਹੇ ਭਾਰੇ ਪ੍ਰਚਾਰ (ਪ੍ਰਾਪੇਗੰਡੇ) ਦੀ ਲੋੜ ਹੈ ਕਿ ਜਿਸ ਸਦਕਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਰਬ ਸੁਖ-ਦਾਇਕ ਹੁਕਮ 'ਜਗਤ ਜੂਠ ਤਮਾਕੂ ਨ ਸੇਵ' (Thou Shall Not Smoke) ਘਰ-ਘਰ ਪਹੁੰਚਾਇਆ ਜਾ ਸਕੇ। ਇਹ ਹੁਣ ਦੇ ਵਕਤ ਦੀ ਆਵਾਜ਼ ਹੈ। ਦੇਸੀ-ਪ੍ਰਦੇਸੀ ਹਰ ਪੜ੍ਹਿਆ ਲਿਖਿਆ ਸਮਝਦਾਰ ਤਮਾਕੂ ਤੋਂ ਨਿਕਲ ਰਹੇ ਭਿਆਨਕ ਨਤੀਜਿਆਂ ਦੀ ਰੋਕ-ਥਾਮ ਲਈ ਵਾ-ਵੇਲਾ ਕਰ ਰਿਹਾ ਹੈ। ਕੀ ਸਾਡੇ ਲਈ ਖੁਸ਼ੀ ਦੀ ਗੱਲ ਨਹੀਂ ਕਿ ੬੦ ਲੱਖ ਅਮਰੀਕਨਾਂ ਨੇ ਪਿਛਲੇ ਦੋ ਸਾਲਾਂ ਵਿੱਚ ਸਿਗਰਟ ਛੱਡਿਆ ਹੈ। ਪ੍ਰਧਾਨ ਅਮਰੀਕਾ (ਜਿੰਮੀ ਕਾਰਟਰ) ਨੇ ਇਥੋਂ ਤੱਕ ਕਿਹਾ ਹੈ ਕਿ ਜੇ ਉਸ ਨੂੰ ਸਿਗਰਟ ਦੀ ਆਉਂਦੀ ਟੈਕਸ ਦੀ ਆਮਦਨ ਜੋ ਅਰਬਾਂ ਵਿੱਚ ਹੈ, ਤੋਂ ਹੱਥ ਧੋਣੇ ਪੈਣ ਤਾਂ ਵੀ ਉਹ ਤਿਆਰ ਹੈ ਪਰ ਇਸ ਬਦ-ਆਦਤ ਨੂੰ ਖਤਮ ਕਰਨਾ ਜ਼ਰੂਰੀ ਹੈ। ਅਮਰੀਕਾ ਦੇ ਸਰਜਨ ਜਨਰਲ ਨੇ ਇਹ ਵੀ ਐਲਾਨ ਕੀਤਾ ਹੈ ਕਿ ੨੧ਵੀਂ ਸਦੀ ਵਿੱਚ ਦਾਖਲ ਹੋਣ ਵੇਲੇ ਅਮਰੀਕਾ ਭਰ ਵਿੱਚ ਕੋਈ ਸਿਗਰਟ ਪੀਂਦਾ ਦਿਖਲਾਈ ਨਹੀਂ ਦੇਵੇਗਾ। ਡਾਕਟਰ ਐਡਵੈਟਸਟ੍ਰਸ ਤੇ ਮੈਕਫਰਲੈਂਡ ਤਮਾਕੂ ਵਿਰੋਧੀ ਤਕੜਾ ਪ੍ਰਚਾਰ ਕਰ ਰਹੇ ਹਨ। ਸਟਾਕਹੋਮ ਵਿੱਚ ਡਾਕਟਰ ਏਜਰੂਪ ਨੇ ਸੰਸਾਰ ਭਰ ਦਾ ਪਹਿਲਾ ਕਲੀਨਕ ਖੋਲ੍ਹਿਆ ਹੈ ਜਿੱਥੇ ਸਿਗਰਟ ਛੁਡਾਇਆ ਜਾਂਦਾ ਹੈ। ਉਥੇ ਲੋਬੋਲੀਨ ਹਾਈਡਰੋਕਲੋਰਾਈਡ ਦਾ ਇੱਕ ਇੰਜੈਕਸ਼ਨ ਤਮਾਕੂ ਸੇਵੀ ਨੂੰ ਦਿੱਤਾ ਜਾਂਦਾ ਹੈ। ਉਸ ਨਾਲ ਨਿਕੋਟੀਨ ਇੱਕੋ ਥਾਂ ਇਕੱਠੀ ਹੋ ਜਾਂਦੀ ਹੈ ਅਤੇ ਮਨੁੱਖ ਸਿਗਰਟ ਤੋਂ ਨਫ਼ਰਤ ਕਰਨ ਲੱਗ ਪੈਂਦਾ ਹੈ। ਨਿਊਜ਼ੀਲੈਂਡ ਵਿੱਚ ਕਿਸੇ ਵੀ ਡਾਕਟਰ ਨੂੰ ਪ੍ਰੈਕਟਸ ਕਰਨ ਦਾ ਹੱਕ ਨਹੀਂ ਦਿੱਤਾ ਜਾਂਦਾ, ਜਦ ਤੱਕ ਉਹ ਇਹ ਨਾ ਲਿਖੇ ਕਿ ਉਹ ਤਮਾਕੂ ਨਹੀਂ ਪੀਂਦਾ। ਡੈਨਮਾਰਕ ਵਿੱਚ ਸਰਕਾਰ ਆਪ ਪ੍ਰਚਾਰ ਕਰ ਰਹੀ ਹੈ ਕਿ ਸਿਗਰਟ ਖਤਰਨਾਕ ਵਸਤੂ ਹੈ। ਬਰਤਾਨੀਆ ਸਰਕਾਰ ਨੇ ੯੦ ਲੱਖ ਪੋਸਟਰ ਤਮਾਕੂ ਵਿਰੁੱਧ ਛਪਵਾ ਕੇ ਵੰਡੇ ਹਨ। ਟੈਲੀਵੀਜ਼ਨ ਉੱਤੇ ਤਮਾਕੂ ਦੇ ਪ੍ਰਚਾਰ ਉੱਤੇ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਅਮਰੀਕਾ ਵਿੱਚ 'ਮੈਂ ਸਿਗਰਟ ਨਹੀਂ ਪੀਂਦਾ' ਨਾਂ ਦੀਆਂ ਸੰਸਥਾਵਾਂ ਹਨ। ਸੰਸਾਰ ਪ੍ਰਸਿੱਧ ਰਸਾਲੇ ਰੀਡਰਜ਼ ਡਾਈਜੈਸਟ ( Reader's Digest) ਨੇ ਸਿਗਰਟਾਂ ਦੇ ਇਸ਼ਤਿਹਾਰ ਦੇਣੇ ਬੰਦ ਕਰ ਦਿੱਤੇ ਹਨ ਤੇ ਲਗਾਤਾਰ ਤਮਾਕੂ-ਨੋਸ਼ੀ ਵਿਰੁੱਧ ਮਜ਼ਮੂਨ ਛਾਪ ਰਿਹਾ ਹੈ। ਅਮਰੀਕਾ ਦੀ ਸੈਨਟ ਨੇ ਇੱਕ ਕਾਨੂੰਨ ਰਾਹੀਂ ਇਹ ਲਾਗੂ ਕਰਵਾਇਆ ਹੈ ਕਿ ਹਰ ਸਿਗਰਟ ਦੀ ਡੱਬੀ ਉੱਤੇ ਜ਼ਹਿਰੀਲਾ ਮਾਦਾ

(Poisonous material) ਤੇ ਸਿਹਤ ਲਈ ਖਤਰਨਾਕ (Hazardous to Health) ਲਿਖਿਆ ਜਾਏ। ਅਪ੍ਰੈਲ 1965 ਤੋਂ ਜੋ ਸਿਗਰਟ ਵਿਕਣੇ ਸ਼ੁਰੂ ਹੋਏ ਹਨ ਉਹਨਾਂ ਉੱਤੇ ਲਿਖ ਦਿੱਤਾ ਗਿਆ ਹੈ। ਹੁਣ 1988 ਤੋਂ ਇਹ ਸ਼ਬਦ ਵੀ ਪਾ ਦਿੱਤੇ ਹਨ ਕਿ ਇਸ ਦੇ ਪੀਣ ਨਾਲ ਮੌਤ ਹੋ ਸਕਦੀ ਹੈ (It may cause death) ਹਿੰਦੁਸਤਾਨ ਦੀ ਹਕੂਮਤ ਨੇ ਵੀ ਹਰ ਡੱਬੀ ਹਰ ਇਸ਼ਤਿਹਾਰ ਤੇ ਹੁਕਮਨ ਲਿਖਵਾਇਆ ਹੈ ਪਰ ਤੰਬਾਕੂ ਵੇਚਣ ਵਾਲੀਆਂ ਸ਼ਰਾਰਤੀ ਕੰਪਨੀਆਂ ਨੇ ਇਹ ਸ਼ਬਦ ਨਾਲ ਲਿਖ ਦਿੱਤੇ ਹਨ "ਹੁਕਮਨ" ਭਾਵ ਅਸੀਂ ਮੰਨਦੇ ਨਹੀਂ, ਮਜ਼ਬੂਰੀ ਵੱਸ ਲਿਖ ਰਹੇ ਹਾਂ। ਰੂਸ ਵਿੱਚ ਤਾਂ ਕੋਈ ਦਿਲਕਸ਼ ਤੇ ਖੂਬਸੂਰਤ ਪੈਕਟਾਂ ਵਿੱਚ ਸਿਗਰਟ ਵੇਚ ਵੀ ਨਹੀਂ ਸਕਦਾ। ਮੇਰੇ ਕਹਿਣ ਤੋਂ ਭਾਵ ਕਿ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਦਰਸ਼ਾਂ ਦੀ ਜਿੱਤ ਹੋ ਰਹੀ ਹੈ। ਸਾਨੂੰ ਵੀ ਪੂਰੇ ਉੱਦਮ ਨਾਲ ਲੱਕ ਬੰਨ, ਹਕੂਮਤ ਉੱਪਰ ਜ਼ੋਰ ਪਾ, ਹਰ ਥਾਂ ਇਸ ਜਗਤ ਜੂਠ ਉੱਪਰ ਪਾਬੰਦੀਆਂ ਲਗਵਾਉਣੀਆਂ ਚਾਹੀਦੀਆਂ ਹਨ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਦੂਰ ਅੰਦੇਸ਼ੀ ਨੂੰ ਬਾਰੰ-ਬਾਰ ਨਮਸਕਾਰ ਕਰਨੀ ਚਾਹੀਦੀ ਹੈ।"

ਸੋ ਅੱਜ ਅਸੀਂ ਸ੍ਰੀ ਅਨੰਦਪੁਰ ਸਾਹਿਬ ਦੀ ੩੫੦ਵੀਂ ਸਥਾਪਨਾ ਵਰ੍ਹੇਗੰਢ ਮੌਕੇ ਇਸ ਪਾਵਨ ਧਰਤੀ ਨੂੰ ਨਤਮਸਤਕ ਹੁੰਦਿਆਂ ਬਲਿਹਾਰ ਜਾਈਏ ਗੁਰਦੇਵ ਸਤਿਗੁਰੂ ਜੀ ਤੋਂ ਜਿਨ੍ਹਾਂ ਨੇ ਸਾਨੂੰ ਇਸ ਭਿਆਨਕ, ਬਰਬਾਦ ਕਰ ਦੇਣ ਵਾਲੀ "ਜਗਤ ਜੂਠ" ਤੋਂ ਮੁਕਤ ਰਹਿਣ ਦਾ ਹੁਕਮ ਕੀਤਾ। ਸਾਨੂੰ ਬੜੀ ਸੁਚੇਤਤਾਈ ਨਾਲ ਇਸ ਲਾਹਣਤ ਤੋਂ ਬਚੇ ਰਹਿਣ ਲਈ ਅਤੇ ਆਪਣੀ ਨੌਜਵਾਨੀ ਨੂੰ ਇਸ ਤੋਂ ਬਚਾਉਣ ਲਈ ਧਰਤੀ ਅਨੰਦਪੁਰ ਤੇ ਆਪਣੇ ਸਤਿਗੁਰੂ ਜੀ ਨਾਲ ਕੌਲ-ਕਰਾਰ ਕਰਨਾ ਚਾਹੀਦਾ ਹੈ ਕਿ ਅਸੀਂ ਜਿੱਥੇ ਆਪ ਇਸ "ਜਗਤ ਜੂਠ" ਤੋਂ ਬਚਣਾ ਹੈ ਉੱਥੇ ਸਰਬੱਤ ਦੇ ਭਲੇ ਲਈ ਇਸ ਲਾਹਣਤ ਤੋਂ ਬਚਣ ਲਈ ਆਪਣੇ ਚੌਗਿਰਦੇ ਨੂੰ ਵੀ ਸਾਵਧਾਨ ਕਰਨਾ ਹੈ।

# ੩੨
# ਆਚਰਣ ਦਾ ਸ਼ਿਖਰ ਸਿਖਾਲਣ ਵਾਲੀ ਧਰਤ ਅਨੰਦਪੁਰ ਦੀ

ਸਤਿਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਦਸਾਂ ਜਾਮਿਆਂ ਅੰਦਰ ਸਤਿਗੁਰੂ ਜੀ ਨੇ ਆਚਰਣ ਦੇ ਅਤਿ ਉੱਚੇ ਸੁੱਚੇ ਅਸੂਲ ਕਾਇਮ ਕੀਤੇ। ਜਿੱਥੇ ਆਪਣੇ ਪਿਆਰੇ ਗੁਰਸਿੱਖਾਂ ਪਾਸੋਂ ਉਨ੍ਹਾਂ ਪਵਿੱਤ੍ਰ ਅਸੂਲਾਂ ਤੇ ਪਹਿਰਾ ਦੁਆ ਕੇ ਉਨਾਂ ਪਵਿੱਤ੍ਰ ਅਸੂਲਾਂ ਨੂੰ ਦ੍ਰਿੜ ਕਰਵਾਇਆ, ਉਥੇ ਇਨ੍ਹਾਂ ਨੂੰ ਆਪਣੇ ਜੀਵਨ ਵਿੱਚ ਵੀ ਕਮਾਇਆ, ਹੰਢਾਇਆ ਤੇ ਅਮਲੀ ਜਾਮਾ ਪਹਿਨਾ ਕੇ ਦਰਸਾਇਆ। ਗੁਰਬਾਣੀ ਅੰਦਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸ੍ਰੀ ਰਾਗ ਵਿੱਚ ਬਚਨ ਦਰਜ ਕੀਤਾ ਹੈ ਕਿ ਪਰਮਾਤਮਾਂ ਜੋ ਸਦਾ ਥਿਰ ਰਹਿਣ ਵਾਲਾ ਸੱਚ ਹੈ। ਸੱਚ ਤੋਂ ਬਾਕੀ ਹਰ ਸ਼ੈਅ ਹੇਠਾਂ ਹੈ ਪਰ ਸੱਚਾ-ਆਚਰਣ ਸਭ ਤੋਂ ਉੱਪਰ ਹੈ। ਆਪ ਜੀ ਦਾ ਫੁਰਮਾਨ ਹੈ:-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥**

ਸਿਰੀ ਰਾਗ ਮ:੧, ਅੰਗ: ੬੨

ਸਚਿਆਰ ਬਣੇ ਤੋਂ ਬਿਨਾਂ ਪ੍ਰਮਾਤਮਾਂ ਅਤੇ ਜੀਵ ਦੇ ਵਿਚਕਾਰ ਜੋ ਕੂੜ-ਭਰਮ ਦੀ ਦੀਵਾਰ ਹੈ, ਉਹ ਨਹੀਂ ਟੁੱਟਦੀ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਹੀ ਜਪੁਜੀ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਹੈ:-

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**

ਜਪੁਜੀ ਸਾਹਿਬ, ਅੰਗ: ੧

ਤੇ ਨਾਲ ਹੀ ਰਸਤਾ ਦਰਸਾਇਆ ਹੈ ਕਿ ਜੇ ਕੂੜ ਦੀ ਕੰਧ ਤੋੜਨੀ ਹੈ ਤਾਂ ਹੁਕਮ ਰਜਾਈ ਚਲਣਾ ਪਵੇਗਾ:-

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧ ॥**

ਜਪੁਜੀ ਸਾਹਿਬ, ਅੰਗ: ੧

ਪਰਮਾਤਮਾਂ ਦਾ ਹੁਕਮ ਗੁਰੂ ਦੇ ਰਾਹੀਂ ਜਗਿਆਸੂ ਨੂੰ ਪ੍ਰਾਪਤ ਹੁੰਦਾ ਹੈ ਸਤਿਗੁਰੂ ਕਲਗੀਧਰ ਜੀ ਨੇ ਆਪਣੇ ਸਿੱਖਾਂ ਨੂੰ ਸੱਚ ਆਚਾਰ ਦੀ ਸਿਖਰ ਤੇ ਪਹੁੰਚਾਉਣ ਲਈ ਵਡਮੁੱਲੇ ਸੁਨਹਿਰੀ ਅਸੂਲ ਪ੍ਰਦਾਨ ਕੀਤੇ ਤੇ ਉਨ੍ਹਾਂ ਅਸੂਲਾਂ ਦੀ ਸਿੱਖਾਂ ਪਾਸੋਂ ਪਾਲਣਾ ਕਰਵਾਈ।

ਕਲਗੀਧਰ ਜੀ ਉੱਪਰ ਅਨੰਦਪੁਰ ਸਾਹਿਬ ਜੀ ਦੇ ਅਸਥਾਨ ਉੱਤੇ ਦਿੱਲੀ ਦੀਆਂ ਅਤੇ ਪਹਾੜੀ ਰਾਜਿਆਂ ਦੀਆਂ ਫੋਜਾਂ ਨੇ ਕਈ ਹਮਲੇ ਕੀਤੇ ਪਰ ਉਨ੍ਹਾਂ ਨੂੰ ਹਰ ਵਾਰੀ ਸਿੱਖ ਫੋਜਾਂ ਪਾਸੋਂ ਹਾਰ ਖਾਣੀ ਪਈ। ਨਮੋਸ਼ੀ ਦੇ ਮਾਰੇ, ਮੁਗਲਾਂ ਤੇ ਪਹਾੜੀਆਂ ਨੇ ਆਪ ਸਿੱਧੇ ਹਮਲੇ ਕਰਨੇ ਕੁਝ ਦੇਰ ਲਈ ਬੰਦ ਕਰ ਦਿੱਤੇ ਪਰ ਮਨ ਵਿਚੋਂ ਵੈਰ-ਵਿਰੋਧ ਗੁਆਉਣ ਦੀ ਥਾਂ ਸਗੋਂ ਆਪਣੀ ਅਸਫਲਤਾ ਦਾ ਬਦਲਾ ਲੈਣ ਲਈ ਕਦੀ ਰੰਘੜਾਂ ਨੂੰ ਕਦੀ ਗੁੱਜਰਾਂ ਨੂੰ ਚੁੱਕ ਚੁਕਾਈ ਕਰਦੇ ਰਹਿੰਦੇ ਤੇ ਉਨ੍ਹਾਂ ਨੂੰ ਕਹਿੰਦੇ ਕਿ ਜੋ ਤੁਸੀਂ ਗੁਰੂ ਦੀਆਂ ਸੰਗਤਾਂ ਦਾ ਮਾਲ-ਅਸਬਾਬ ਲੁੱਟ ਲਵੋ ਉਹ ਤੁਹਾਡਾ ਹੈ। ਤੁਹਾਨੂੰ ਕਿਸੇ ਪ੍ਰਕਾਰ ਦਾ ਸਰਕਾਰੀ ਦੰਡ ਨਹੀਂ ਮਿਲੇਗਾ। ਲੋਭ-ਲਾਲਚ ਅਧੀਨ ਰੰਘੜ ਇੱਕਠੇ ਹੋ ਕੇ ਸੰਗਤਾਂ, ਜੋ ਗੁਰੂ ਦਰਸ਼ਨਾਂ ਨੂੰ ਆਉਂਦੀਆਂ ਤੇ ਆਪਣੀ ਕਿਰਤ-ਕਮਾਈ ਦਾ ਦਸਵੰਧ ਨਾਲ ਲਿਆਉਂਦੀਆਂ, ਰਸਤੇ ਵਿੱਚ ਉਨ੍ਹਾਂ ਨੂੰ ਘੇਰ ਕੇ ਮਾਇਆ ਅਤੇ ਕੀਮਤੀ ਸਮਾਨ ਲੁੱਟ ਲੈਂਦੇ। ਸੰਗਤ ਨਿਹੱਥੀ ਹੋਣ ਕਰਕੇ ਕਈ ਵਾਰੀ ਰੰਘੜ, ਸੰਗਤਾਂ ਦੀ ਮਾਰ ਕੁੱਟ ਵੀ ਕਰਦੇ। ਅਕਸਰ ਰੰਘੜਾਂ ਦੇ ਅਜਿਹੇ ਕਾਰਨਾਮਿਆਂ ਤੋਂ ਸੰਗਤਾਂ ਦੁਖੀ ਹੋ ਕੇ ਸਤਿਗੁਰਾਂ ਪਾਸ ਸ਼ਕਾਇਤਾਂ ਕਰਦੀਆਂ ਰਹਿੰਦੀਆਂ ਸਨ। ਸਤਿਗੁਰੂ ਜੀ ਸੰਗਤਾਂ ਨੂੰ ਸ਼ਸਤਰਧਾਰੀ ਹੋਣ ਦਾ ਉਪਦੇਸ਼ ਦਿੰਦੇ ਕਿ ਤੁਸੀਂ ਆਪ ਸ਼ਸਤਰਧਾਰੀ ਹੋਵੋ ਤੇ ਇਨ੍ਹਾਂ ਦੁਸ਼ਟਾਂ ਨੂੰ ਸ਼ਸਤਰਾਂ ਨਾਲ ਜਵਾਬ ਦਿਉ। ਅਸੀਂ ਤੁਹਾਡੀ ਥਾਂ ਪੁਰ ਥਾਂ ਪੁੱਜ ਕੇ ਕਿਵੇਂ ਰਖਵਾਲੀ ਕਰ ਸਕਦੇ ਹਾਂ, ਤੁਸੀਂ ਆਪਣੀ ਰਖਵਾਲੀ ਕਰਨ ਦੇ ਆਪ ਯੋਗ ਬਣੋ।

ਇੱਕ ਵਾਰ ਵਿਸਾਖੀ ਨੂੰ ਜਦ ਸਿੱਖ ਸੰਗਤਾਂ ਅਨੰਦਪੁਰ ਗੁਰੂ ਦਰਸ਼ਨਾਂ ਨੂੰ ਆਈਆਂ ਤਾਂ ਉਨ੍ਹਾਂ ਪਾਸ ਸਾਲ ਭਰ ਦੀ ਇਕੱਠੀ ਕੀਤੀ ਦਸਵੰਧ ਦੀ ਰਕਮ ਤੇ ਹੋਰ ਕੀਮਤੀ ਭੇਟਾਵਾਂ ਸਨ। ਹੁਸ਼ਿਆਰਪੁਰ ਰੰਘੜਾਂ ਦਾ ਇਲਾਕਾ ਸੀ। ਰੰਘੜਾਂ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਗੁਰੂ ਜੀ ਨੇ ਰਾਹਾਂ ਤੋਂ ਆਪਣੀਆਂ ਫੌਜਾਂ ਹਟਾਂ ਲਈਆਂ ਹਨ, ਉਹਨਾਂ ਚੰਗਾ ਮੌਕਾ ਜਾਣ ਸੰਗਤਾਂ ਉੱਪਰ ਹਮਲਾ ਬੋਲ ਦਿੱਤਾ ਤੇ ਸੰਗਤਾਂ ਪਾਸੋਂ ਕਾਰ-ਭੇਟਾ ਖੋਹ ਲਈ। ਜਦ ਗੁਰੁ ਜੀ ਨੂੰ ਇਸ ਘਟਨਾ ਦੀ ਖਬਰ ਪੁੱਜੀ ਤਾਂ ਸਤਿਗੁਰੂ ਜੀ ਨੇ ਉਸ ਸਮੇਂ ਚੋਣਵੇਂ ਜਰਨੈਲ ਸਿੰਘਾਂ ਦੇ ਜਥੇ ਸਮੇਤ ਭੇਜੇ। ਜਿਨ੍ਹਾਂ ਰੰਘੜਾਂ ਨੇ ਅੱਤਿਆਚਾਰ ਕੀਤੇ ਸਨ, ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਅਤੇ ਸਾਰਾ ਮਾਲ-ਅਸਬਾਬ ਵਾਪਸ ਲੈ ਆਂਦਾ।

ਮਾਲ ਅਸਬਾਬ ਦੇ ਨਾਲ ਹੀ ਸਿੱਖ ਫੋਜ ਨੇ ਰੰਘੜਾਂ ਦੀ ਇੱਕ ਲੜਕੀ ਵੀ ਚੁੱਕ ਲਿਆਂਦੀ। ਗੁਰੂ ਜੀ ਨੇ ਉਸ ਲੜਕੀ ਨੂੰ ਬੰਦੀ ਵਿੱਚ ਦੇਖਿਆ ਤਾਂ ਬਹੁਤ ਹੀ ਗੁੱਸੇ ਹੋਏ ਤੇ ਐਸਾ ਕਰਨ ਤੋਂ ਵਰਜਿਆ ਅਤੇ ਸਨਮਾਨ ਨਾਲ ਲੜਕੀ ਉਸ ਦੇ ਘਰ ਪਹੁੰਚਾਉਣ ਲਈ ਹੁਕਮ ਦਿੱਤਾ। ਸਿੱਖ ਫੋਜਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਬਦਲਾ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ। ਬਦਲੇ ਤੋਂ ਬਗੈਰ ਤੁਰਕ ਸਿੱਧੇ ਨਹੀਂ ਹੋਣ ਲੱਗੇ। ਨਾਲ ਹੀ ਕਿਹਾ ਕਿ ਜੰਗ-ਨੀਤੀ ਵੀ ਅਤੇ ਚਾਣਕ-ਨੀਤੀ ਵੀ ਇਹ ਹੀ ਹੈ:-

**ਸਗਲ ਸਿੱਖ ਪੁਛਨ ਗੁਣ ਖਾਣੀ॥ ਸਗਲ ਤੁਰਕ ਭੁਗਵੇ ਹਿੰਦਵਾਨੀ॥**
**ਸਿਖ ਬਦਲਾ ਲੈ ਭਲਾ ਜਣਾਵੈ॥ ਗੁਰੂ ਸ਼ਾਸਤ੍ਰ ਕਿਉਂ ਵਰਜ ਹਟਾਵੈ॥**

ਇਹ ਵਿਚਾਰ ਸੁਣ ਦਸਮੇਸ਼ ਪਿਤਾ ਨੇ ਕਿਹਾ ਕਿ ਮੈਂ ਤਾਂ ਐਸੇ ਸਿੱਖ ਬਣਾਉਣੇ ਹਨ ਜੋ ਜੰਗਾਂ ਯੁੱਧਾਂ ਵਿੱਚ ਵੀ ਆਪਣਾ ਆਚਰਣ ਕਾਇਮ ਰੱਖਣ। ਹਰ ਵੇਲੇ ਉਹ ਆਚਰਣ ਦੀ ਮੂਰਤ ਦਿੱਸਣ। ਤੁਰਕਣੀ ਨਾਲ ਸੰਗ ਤਾਂ ਕਦੇ ਵੀ ਨਹੀਂ ਕਰਨਾ, ਬਦਲੇ ਨਹੀਂ ਲੈਣੇ, ਨੀਵੀਂ ਖੱਡ ਵਿੱਚ ਨਹੀਂ ਡਿੱਗਣਾ:-

**ਸੁਣ ਸਤਿਗੁਰ ਬੋਲੇ ਤਿਸ ਬੇਰੇ॥ ਹਮ ਲੈ ਜਾਣਹੁ ਪੰਥ ਉਚੇਰੇ॥**
**ਨਾਹਿ ਅਧੋਗਤੀ ਬਿਖ-ਪਹੁਚਾਵੈ॥ ਤਾਂ ਤੇ ਰਲ ਮਲ ਕਰਨ ਹਟਾਵੈ॥**

ਖ਼ਾਲਸਾ ਜੀ! ਇਸੇ ਲਈ ਤਾਂ [1]ਪਰ-ਤਨ ਗਾਮੀਂ ਹੋਣਾ ਅਸਾਂ ਚਾਰ ਬੱਜਰ ਕੁਰਹਿਤਾਂ ਵਿੱਚ ਦਰਸਾਇਆ ਹੈ। ਪਰ-ਤਨ ਗਾਮੀਂ ਹੋਣਾ ਤਾਂ ਇੱਕ ਪਾਸੇ ਰਿਹਾ, ਸਤਿਗੁਰੂ ਅਰਜਨ ਦੇਵ ਜੀ ਨੇ ਤਾਂ ਸੁਖਮਨੀ ਸਾਹਿਬ ਅੰਦਰ ਪਰਾਈ ਇਸਤ੍ਰੀ ਦੇ ਰੂਪ ਨੂੰ ਮੰਦ-ਵਾਸ਼ਨਾ ਨਾਲ ਵੇਖਣਾ ਵੀ ਮਨ੍ਹਾਂ ਕੀਤਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ:-

**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥** (ਮ:੫, ਅੰਗ: ੨੭੪)

ਸੋ ਗੁਰਸਿੱਖੋ! ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਪ੍ਰਭਾਤੀ ਰਾਗ ਅੰਦਰ ਬਚਨ ਦਰਜ ਕੀਤਾ ਹੈ ਕਿ ਜੋ ਮਨੁੱਖ ਵਿਕਾਰਾਂ ਵੱਲ ਲਿਜਾਣ ਵਾਲੀ ਆਪਣੀ ਦ੍ਰਿਸ਼ਟੀ ਨੂੰ ਬੰਨ ਲੈਂਦਾ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ:-

**ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥**
(ਮ:੧, ਅੰਗ: ੧੩੨੯)

ਭਾਈ ਗੁਰਦਾਸ ਜੀ ਦਾ ਵੀ ਉਨੱਤਵੀਂ ਵਾਰ ਅੰਦਰ ਗੁਰਸਿੱਖ ਲਈ ਹਦਾਇਤੀ ਫੁਰਮਾਨ ਹੈ ਕਿ ਐ ਗੁਰਸਿੱਖ!

**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥**
(ਵਾਰ ੨੯, ਪਉੜੀ: ੧੧)

ਭਾਈ ਗੁਰਦਾਸ ਜੀ ਉਸ ਗੁਰਸਿੱਖ ਤੋਂ ਕੁਰਬਾਨ ਜਾਂਦੇ ਹਨ ਜੋ ਪਰਾਈ ਇਸਤਰੀ ਦੇ ਨੇੜੇ ਤੱਕ ਨਹੀਂ ਜਾਂਦਾ।

**ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥**
(ਵਾਰ ੧੨, ਪਉੜੀ: ੮)

ਸੋ ਖ਼ਾਲਸਾ ਜੀ! ਇਨ੍ਹਾਂ ਆਚਰਣਹੀਣਾਂ ਵੱਲ ਵੇਖ ਕੇ ਤੁਸੀਂ ਆਪਣੇ ਆਚਰਣ ਤੋਂ ਡਿੱਗਣਾ, ਥਿੜਕਣਾ ਨਹੀਂ। ਮੈਂ ਤੁਹਾਡੇ ਲੋਕ ਸੁਖੀ, ਪ੍ਰਲੋਕ ਸੁਹੇਲੇ ਕਰਨਾ ਲੋਚਦਾ ਹਾਂ। ਸਤਿਗੁਰਾਂ ਦੇ ਪਾਏ ਇਹਨਾਂ ਪੂਰਨਿਆਂ ਉੱਪਰ ਚਲਦੇ ਹੋਏ, ਗੁਰੂ ਕੇ ਸਿੱਖਾਂ ਨੇ

੧. ਪਰ-ਇਸਤ੍ਰੀ ਨਾਲ, ਪੁਰਸ਼ ਲਈ ਅਤੇ ਪਰ-ਪੁਰਸ਼ ਨਾਲ ਇਸਤ੍ਰੀ ਦਾ ਗਮਨ ਕਰਨਾ ਬੱਜਰ ਕੁਰਹਿਤ ਹੈ;

ਅਹਿਮਦਸ਼ਾਹ ਅਬਦਾਲੀ ਦੇ ਕੈਂਪਾਂ ਵਿੱਚੋਂ ਜੋ ਗੱਡਿਆਂ ਉੱਪਰ ਲੱਦ ਕੇ ਹਿੰਦਵਾਣੀਆਂ, ਬਹੂ-ਬੇਟੀਆਂ ਨੂੰ ਆਪਣੇ ਦੇਸ਼ ਬੇਇੱਜ਼ਤ ਕਰਨ ਤੇ ਗਜ਼ਨੀ ਦੇ ਬਜ਼ਾਰਾਂ ਵਿੱਚ ਦੋ-ਦੋ ਦਿਨਾਰਾਂ ਨੂੰ ਵੇਚਣ ਵਾਸਤੇ ਲਿਜਾ ਰਿਹਾ ਸੀ। ਅੱਧੀ ਰਾਤ ਨੂੰ ਉਸ ਦੇ ਕੈਂਪਾ ਉੱਪਰ ਹਮਲੇ ਕਰਕੇ ਬਾਈ-ਬਾਈ ਹਜ਼ਾਰ ਇਸਤਰੀਆਂ ਅਤੇ ਨੌ-ਜਵਾਨ ਬੱਚੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਥਹੁ ਪਤੇ ਪੁੱਛ ਕੇ ਉਨ੍ਹਾਂ ਦੇ ਘਰੀਂ ਖ਼ਾਲਸੇ ਨੇ ਪੁਹੰਚਾਇਆ। ਕੀ ਮਜਾਲ ਹੈ, ਔਰਤਾਂ ਦੀ ਅਜਿਹੀ ਬੇ-ਬਸੀ ਦੀ ਹਾਲਤ ਵਿੱਚ ਇੱਕ ਵੀ ਸਿੱਖ ਨੇ ਕਿਸੇ ਔਰਤ ਨੂੰ ਮੰਦੀ ਨਿਗ੍ਹਾ ਨਾਲ ਤੱਕਿਆ ਹੋਵੇ। ਖ਼ਾਲਸੇ ਦੇ ਉੱਚ ਆਚਰਣ ਕਾਰਣ ਹੀ ਇਹ ਕਹਾਵਤਾਂ ਬਣ ਗਈਆਂ ਸਨ।

**ਆਏ ਨੀ ਨਿਹੰਗ ਬੂਹਾ ਖੋਲ ਦੇਹ ਨਿਸੰਗ।**

ਸਭ ਨੂੰ ਪਤਾ ਸੀ ਕਿ ਇਹ ਬੇ-ਗਰਜ ਸਿੰਘ ਦੇਸ਼ ਦੀ ਗੁਲਾਮੀ ਦੀਆਂ ਜ਼ੰਜ਼ੀਰਾਂ ਕੱਟਣ ਖਾਤਰ ਆਪਣੇ ਸਿਰ ਤਲੀ ਤੇ ਧਰੀ ਫਿਰਦੇ ਹਨ। ਇਨ੍ਹਾਂ ਨੂੰ ਨਾ ਮਾਲ ਧਨ ਦੀ ਲੋੜ ਹੈ, ਨਾ ਇਨ੍ਹਾਂ ਪਾਸ ਕਿਸੇ ਦੀ ਇੱਜ਼ਤ ਆਬਰੂ ਵੱਲ ਬੁਰੀ ਨਿਗਾਹ ਨਾਲ ਤਕਣ ਵਾਲੀ ਦ੍ਰਿਸ਼ਟੀ ਹੈ। ਸਿੱਖਾਂ ਦੇ ਉੱਚ ਆਚਰਣ ਦੀ ਤਾਂ ਵੈਰੀਆਂ ਨੇ ਵੀ ਥਾਂ ਪੁਰ ਥਾਂ ਤਵਾਰੀਖਾਂ ਤੇ ਡਾਇਰੀਆਂ ਵਿੱਚ ਸਿਫ਼ਤ ਕੀਤੀ ਹੈ ਭਾਵੇਂ ਉਹ ਨਫ਼ਰਤ ਨਾਲ ਸਿੱਖਾਂ ਨੂੰ ਕੁੱਤੇ (ਸੱਗ) ਵੀ ਕਹਿੰਦੇ ਸਨ।

ਕਾਜੀ ਨੂਰ ਮੁਹੰਮਦ ਦਾ ਕਹਿਣਾ ਹੈ ਕਿ ਇੱਕ ਵਾਰੀ ਸਿੱਖਾਂ ਨੇ ਮੁਗਲਾਂ ਦੇ ਕੈਂਪ ਉੱਤੇ ਹਮਲਾ ਕੀਤਾ। ਜਦ ਕੈਂਪ ਦੇ ਲਾਗੇ ਪੁੱਜੇ ਤਾਂ ਸਿੱਖਾਂ ਨੂੰ ਪਤਾ ਲੱਗਾ ਕਿ ਉਹ ਕੈਂਪ ਮੁਗਲਾਂ ਦਾ ਨਹੀਂ ਮੁਗਲਾਂ ਦੀਆਂ ਬੇਗਮਾਂ ਦਾ ਹੈ। ਉਸੇ ਵੇਲੇ ਸਿੱਖ ਘੋੜੇ ਵਾਪਸ ਲੈ ਗਏ ਤੇ ਸੂਤੀਆਂ ਹੋਈਆਂ ਕਿਰਪਾਨਾਂ ਮਿਆਨਾਂ ਵਿੱਚ ਪਾ ਲਈਆਂ। ਕਾਜ਼ੀ ਨੂਰ ਮੁਹੰਮਦ ਕਹਿੰਦਾ ਹੈ, "ਸ਼ਾਬਾਸ਼ ਉਸ ਸੱਗਾਂ ਦੀ ਕੌਮ ਨੂੰ, ਜੋ ਦੁਸ਼ਮਣ ਦੀ ਮਾਂ ਬੇਟੀ ਨੂੰ ਵੀ ਆਪਣੀ ਮਾਂ ਬੇਟੀ ਸਮਝਦੇ ਹਨ।"

ਇਸੇ ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ ਕਿ ਜੇ ਜੰਗ ਵਿੱਚ ਲੜਦਿਆਂ ਦੁਸ਼ਮਣ ਦੀ ਪਗੜੀ ਸਿਰ ਤੋਂ ਲਹਿ ਜਾਏ ਤਾਂ ਉਸੇ ਵਕਤ ਤਲਵਾਰ ਮਿਆਨ ਵਿੱਚ ਕਰਕੇ ਕਹਿੰਦੇ ਹਨ: "ਭਲੇ ਲੋਕਾਂ, ਪਗੜੀ ਸੰਭਾਲ, ਮੈਂ ਤੇਰੀ ਇੱਜ਼ਤ ਉਛਾਲਣ ਨਹੀਂ ਆਇਆ।" ਭਾਈ ਕੇਸਰ ਸਿੰਘ ਨੇ ਲਿਖਿਆ ਹੈ:

**ਸਿੱਖ ਆਹੇ ਕਿਰਤੀ,ਧਰਮ ਦੀਆਂ ਮੂਰਤਾਂ।**
**ਅੰਦਰ ਗਊ ਦਾ,ਬਾਹਰ ਸ਼ੇਰ ਦੀਆਂ ਸੂਰਤਾਂ।**

ਉਹ ਫਿਰ ਦੁਹਰਾ ਕੇ ਲਿਖਦੇ ਹਨ:-

**ਤਿਸ ਸਮੇਂ ਸਿੱਖ ਆਹੇ ਜਤੀ ਸਤੀ ਰਹਤਵਾਨ,**
**ਪਰ ਐਲਾ ਮੈਲਾ ਧਨ ਨ ਖਾਨ।**

**ਤਿਨਾ ਸਿੱਖਾਂ ਦੇ ਤਪ ਕਰ ਤੁਰਕਾਂ ਦਾ ਹੋਆ ਹੈ ਨਾਸ।**
**ਅਤੇ ਉਨ੍ਹਾਂ ਹੀ ਸਿੱਖਾਂ ਦੇ ਤਪ ਭਜਨ ਅਤੇ ਸੀਸ ਦੇਣੇ ਕਰਿ**
**ਖਾਲਸੇ ਦਾ ਹੋਣਾ ਹੈ ਪ੍ਰਕਾਸ਼।**

ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਹੈ ਕਿ ਭਾਵੇਂ ਸਿੱਖ ਦੇਸ ਵਸਦਾ ਸੀ ਜਾਂ ਪਰਦੇਸ, ਉਹ ਪੰਥ ਦੇ ਵਾਧੇ ਲਈ ਸੋਚਦਾ, ਕਰਦਾ ਤੇ ਹਰ ਵੰਗਾਰ ਤੇ ਪੂਰਾ ਉਤਰਦਾ:

**ਆਪ ਸਹੈ ਵੈ ਨੰਗ ਅਰ ਭੁੱਖ। ਦੇਖ ਸਕੈਂ ਨਹਿ ਸਿੰਘਨ ਦੁੱਖ।**
**ਆਪ ਗੁਜਾਰੈਂ ਅਗਨੀ ਨਾਲ। ਸਿੰਘਨ ਘਲੈ ਪੁਸ਼ਾਕ ਸਿਵਾਲ।**
**ਕਈ ਪੀਸਨਾ ਪੀਸ ਕਮਾਵੈ। ਵੈ ਵੀ ਸਿੰਘਨ ਪਾਸ ਪੁਚਾਵੈ।**
**ਵਾਣ ਵਟ ਕਈ ਕਰੇ ਮਜੂਰੀ। ਭੇਜੈਂ ਸਿੰਘਨ ਪਾਸ ਜਰੂਰੀ।**
**ਦੂਰ ਜਾਇ ਜੋ ਚਾਕਰੀ ਕਰਿਹੀ। ਆਇ ਸਿੰਘਨ ਕੇ ਆਗੈ ਧਰਿਹੀ।**
**ਸਿੰਘ ਜੋਊ ਪਰਦੇਸ ਸਿਧਾਰੇ। ਭੇਜੈਂ ਸਿੰਘਨ ਓਇ ਗੁਰ ਪਯਾਰੇ।**

ਨਾਦਰ ਨਾਲ ਸਵਾਲ ਜੁਆਬ ਵੇਲੇ ਜ਼ਕਰੀਆਂ ਖਾਨ ਨੇ ਸਿੱਖ ਆਚਰਣ ਬਾਰੇ ਕਿਹਾ ਸੀ, ਖਾਨ ਜੀ ! ਜੇ ਸਿੱਖ ਕਈ ਦਿਨਾਂ ਦੇ ਭੁੱਖੇ ਹੋਣ ਤੇ ਫਿਰ ਉਨ੍ਹਾਂ ਨੂੰ ਖਾਣ ਲਈ ਦੋ ਪ੍ਰਸ਼ਾਦੇ ਮਿਲ ਜਾਣ ਤਾਂ ਉੱਚੀ ਆਵਾਜ਼ ਨਾਲ ਕਹਿੰਦੇ ਸਨ ਕਿ "ਹੈ ਕੋਈ ਭੁੱਖਾ ?"

**ਦੇਤ ਆਵਾਜ਼ ਭੁੱਖਾ ਕੋਈ, ਆਓ ਦੇਗ਼ ਤਿਆਰ ਗੁਰ ਹੋਈ।**

ਨਾਦਰ ਨੇ ਕਿਹਾ ਕਿ ਜੇ ਆਵਾਜ਼ ਸੁਣ ਕੇ ਕੋਈ ਦੁਸ਼ਮਣ ਆ ਜਾਏ ਤਾਂ ਫਿਰ ਕੀ ਕਰਦੇ ਹਨ ? ਜ਼ਕਰੀਆਂ ਖਾਨ ਨੇ ਕਿਹਾ ਕਿ ਦੋਸਤ ਸਮਝ ਕੇ ਉਸ ਨੂੰ ਛਕਾ ਦਿੰਦੇ ਹਨ:

**ਓਸ ਸਮੇਂ ਵੈਰੀ ਕਿਮ ਆਵੈ, ਪਰਮ ਮੀਤ ਸਮ ਤਾਹਿ ਛਕਾਵੈ।**

ਨਾਦਰ ਨੇ ਹੈਰਾਨ ਹੋ ਪੁੱਛਿਆ, "ਫਿਰ ਆਪ ਕੀ ਕਰਦੇ ਹਨ?" ਜ਼ਕਰੀਆਂ ਨੇ ਕਿਹਾ:-

**ਬਚੇ ਤਾਂ ਆਪ ਖਲੈ ਹੈਂ, ਨਹੀਂ ਤੋਂ ਲੰਗਰ ਮਸਤ ਬਤੈ ਹੈਂ।**

ਜੰਗ ਵਿੱਚ ਵੀ ਸਿੱਖਾਂ ਆਪਣੇ ਆਚਰਣ ਨੂੰ ਡਿੱਗਣ ਨਾ ਦਿੱਤਾ, ਕਿਉਂ ਜੋ ਉਨ੍ਹਾਂ ਨੂੰ ਆਪਣੇ ਗੁਰੂ ਦਾ ਫੁਰਮਾਨ ਯਾਦ ਸੀ, **'ਹਮ ਲੈ ਜਾਨਹੁ ਪੰਥ ਉਚੇਰੇ'** ਸਿੰਘਾਂ ਨੂੰ ਆਚਰਣ ਦੀਆਂ ਸਿਖਰਾਂ ਛੂੰਹਦੇ ਦੇਖ ਕੇ ਬਹੁਤ ਲੋਕ ਸਿੱਖੀ ਦੇ ਦਾਇਰੇ ਵਿੱਚ ਆ ਗਏ। ਕਾਜੀ ਨੂਰ ਮੁਹੰਮਦ ਨੇ ਜੰਗ ਨਾਮਾ ਵਿੱਚ ਲਿਖਿਆ ਹੈ ਕਿ ਜਦੋਂ ਅਬਦਾਲੀ ਨੇ ਸ: ਆਲਾ ਸਿੰਘ ਨੂੰ ਪੁੱਛਿਆ ਕਿ ਸਿੰਘ ਮਾਰਿਆਂ ਕਿਉਂ ਨਹੀਂ ਮਰਦੇ? ਤਾਂ ਸ: ਆਲਾ ਸਿੰਘ ਨੇ ਉੱਤਰ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਵਰ ਦੇ ਗਏ ਹਨ ਕਿ ਜਦ ਇੱਕ ਸਿੱਖ ਸ਼ਹੀਦ ਹੋਵੇਗਾ ਉਸ ਦੀ ਥਾਂ ਉਸ ਦੇ ਖ਼ੂਨ ਤੋਂ ਦੋ ਹੋਰ ਉੱਠ ਖਲੋਣਗੇ। ਇਹ ਸਾਰੀ ਬਰਕਤ ਖ਼ਾਲਸੇ ਦੇ ਉੱਚ ਆਚਰਣ ਦੀ ਸੀ। ਬਾਬਾ ਬੰਦਾ ਸਿੰਘ ਜੀ ਨੇ ਆਪਣੀਆਂ ਖ਼ਾਲਸਾ ਫੌਜਾਂ ਨੂੰ ਸਖ਼ਤ ਹੁਕਮ ਦੇ ਰੱਖਿਆ ਸੀ:-

**ਇਸਤ੍ਰੀ ਤਨ ਜੋ ਗਹਿਣਾ ਹੋਈ॥ ਤਾ ਕੋ ਹਾਤ ਨ ਲਾਓ ਕੋਊ ॥**

(ਬੰਸਾਵਲੀ ਨਾਮਾ)

ਸਿੰਘਾਂ ਦੇ ਆਚਰਣ ਬਾਰੇ ਫ਼ਾਰਸਟਰ ਨੇ ਲਿਖਿਆ ਹੈ ਕਿ ਉਹ ਇੰਦਰੀ ਜਿੱਤ, ਪੰਜ ਦੋਖ ਤੇ ਰਹਤ ਸਨ ਅਤੇ ਇਸ ਤਰ੍ਹਾਂ ਅਥਾਹ ਸ਼ਕਤੀ ਦੇ ਉਹ ਮਾਲਕ ਬਣ ਗਏ ਸਨ। ਗ੍ਰਿਫਨ ਜਿਹੇ ਨੇ ਲਿਖਿਆ ਕਿ ਔਰਤ ਦੀ ਬੇਪਤੀ ਅਤੇ ਮਰਦਾਂ ਉੱਤੇ ਤਸ਼ੱਦਦ ਕਰਨ ਦੀਆਂ ਸਿੱਖ ਇਤਿਹਾਸ ਵਿੱਚ ਉਦਾਹਰਨਾਂ ਢੂੰਢਿਆਂ ਵੀ ਨਹੀਂ ਮਿਲਦੀਆਂ।

ਸੋ ਖ਼ਾਲਸਾ ਜੀ ! ਉੱਚ ਆਚਰਣ ਹੀ ਕੌਮਾਂ ਨੂੰ ਸੰਸਾਰ ਵਿੱਚ ਉੱਚਿਆਂ ਕਰਦਾ ਹੈ। ਨੀਂਵੇ ਆਚਰਣ ਵਾਲੀਆਂ ਕੌਮਾਂ ਸਹਿਜੇ ਹੀ ਨਿਵਾਣ ਵਿੱਚ ਡਿੱਗ ਆਪਣੀ ਹੋਂਦ ਖਤਮ ਕਰ ਲੈਂਦੀਆਂ ਹਨ ਤੇ ਲੁਕਾਈ ਵੀ ਉੱਚ ਆਚਰਣ ਵਾਲਿਆਂ ਦਾ ਹੀ ਮਾਣ-ਸਤਿਕਾਰ ਤੇ ਇੱਜ਼ਤ ਕਰਦੀ ਹੈ। ਨੀਵੇਂ ਆਚਰਣ ਦੇ ਧਾਰਨੀਆਂ ਨੂੰ ਲੋਕ ਨੀਵੀਂ, ਮੰਦ ਅਤੇ ਘਿਰਣਾ ਦੀ ਨਿਗ੍ਹਾ ਨਾਲ ਹੀ ਵੇਖਦੇ ਹਨ। ਅੱਜ ਆਪਾਂ ਸਾਰੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਦੀ ਤਿੰਨ ਸੌ ਪੰਜਾਹਵੀਂ ਸਥਾਪਨਾ ਵਰੇ ਗੰਢ ਮਨਾ ਰਹੇ ਹਾਂ। ਅਜਿਹੇ ਸਮੇਂ ਜਿੱਥੇ ਕੌਮਾਂ ਦੇ ਉੱਚ-ਆਚਰਣ ਤੇ ਉੱਚ ਅਸੂਲਾਂ ਨੂੰ ਸੰਸਾਰ ਦੇ ਵਿੱਚ ਪ੍ਰਚਾਰਣ ਦਾ ਸੁਨਹਿਰੀ ਮੌਕਾ ਹੁੰਦਾ ਹੈ। ਉਥੇ ਆਪਣੇ ਆਪੇ ਦੀ ਪੜਚੋਲ ਕਰਨ ਦਾ ਬਹੁਤ ਹੀ ਮਹਤੱਵਪੂਰਨ ਸਮਾਂ ਹੁੰਦਾ ਹੈ। ਜੇ ਆਪਣੇ ਆਪ ਦੀ ਪੜਚੋਲ ਕਰਕੇ ਆਪਣੀਆਂ ਖਾਮੀਆਂ ਨੂੰ ਆਪਣੇ ਅੰਦਰੋਂ ਦੂਰ ਕਰ ਲਵਾਂਗੇ ਤਦ ਆਪਣਾ ਵੀ ਭਲਾ ਤੇ ਕੌਮ ਵੀ ਚੜ੍ਹਦੀ ਕਲਾ ਵਿੱਚ ਜਾਵੇਗੀ ਜੇ "**ਅਵਰ ਉਪਦੇਸੈ ਆਪ ਨ ਕਰੈ**" ਦੀ ਕਾਰ ਕਰਦੇ ਰਹੇ ਤਦ ਕਲਗੀਧਰ ਜੀ ਦੇ ਕਥਨ ਅਨੁਸਾਰ "**ਕਹੀ ਸਾਡੇ ਘਰ ਵਿੱਚ**" ਵੀ ਰਹੇਗੀ।

ਇਹ ਵਾਰਤਾ ਵੀ ਅਨੰਦਪੁਰ ਦੀ ਧਰਤੀ ਤੇ ਇਸ ਤਰਾਂ ਵਰਤੀ ਕਿ ਇੱਕ ਦਿਨ ਰਬਾਬੀਆਂ ਨੇ ਬੜੇ ਪਿਆਰ ਵਿੱਚ ਭਿੱਜ, ਵਜ਼ਦ ਵਿੱਚ ਆ ਕੇ ਗੁਰਬਾਣੀ ਦਾ ਕੀਰਤਨ ਕੀਤਾ। ਸਾਰੀ ਸੰਗਤ ਵਾਹ-ਵਾਹ ਕਰ ਉੱਠੀ, ਪਰ ਸ੍ਰੀ ਕਲਗੀਧਰ ਜੀ ਕੁੱਝ ਨਾ ਬੋਲੇ ਚੁੱਪ ਰਹੇ। ਜਦੋਂ ਸੰਗਤਾਂ ਨੇ ਫਿਰ ਰਬਾਬੀਆਂ ਦੀ ਰੱਜ ਕੇ ਵਾਹ-ਵਾਹ ਕੀਤੀ, ਸਤਿਗੁਰੂ ਜੀ ਮੁਸਕ੍ਰਾਏ ਤੇ ਬਚਨ ਕੀਤਾ "ਸੰਗਤ ਜੀ ! ਰਬਾਬੀਆਂ ਨੇ ਸ਼ਬਦ ਭਲਾ ਪੜ੍ਹਿਆ ਹੈ ਪਰ ਕਹੀ ਇਨ੍ਹਾਂ ਦੇ ਪਾਸ ਹੀ ਹੈ। " ਸਿੱਖਾਂ ਨੇ ਕਲਗੀਧਰ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਪਾਤਸ਼ਾਹ ! ਅਸੀਂ ਆਪ ਦੇ ਬਚਨਾਂ ਨੂੰ ਸਮਝ ਨਹੀਂ ਸਕੇ, ਕ੍ਰਿਪਾ ਕਰਕੇ ਖੁਲਾਸਾ ਕਰ ਕੇ ਦੱਸੋ।

ਸਤਿਗੁਰੂ ਜੀ ਸੰਗਤਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਇੱਕ ਦਿਨ ਇੱਕ ਜ਼ਿਮੀਂਦਾਰ ਆਪਣੇ ਖੇਤ ਵਿੱਚ ਕਹੀ ਨਾਲ ਕੰਮ ਕਰ ਰਿਹਾ ਸੀ। ਉਹ ਆਪਣੇ ਖੇਤ ਵਿੱਚ ਕਹੀ ਭੁੱਲ ਗਿਆ। ਪਿੰਡ ਦਾ ਚੌਂਕੀਦਾਰ ਕਿਤੇ ਖੇਤਾਂ ਨੂੰ ਗਿਆ ਉਸ ਨੇ

ਜ਼ਿਮੀਂਦਾਰ ਦੀ ਕਹੀ ਚੁੱਕ ਲਿਆਂਦੀ ਤੇ ਆਪਣੇ ਘਰ ਲੁਕੋ ਲਈ। ਅਗਲੇ ਦਿਨ ਜਦੋਂ ਜ਼ਿਮੀਂਦਾਰ ਆਪਣੇ ਖੇਤਾਂ ਵਿੱਚ ਗਿਆ, ਉਸ ਨੇ ਕਹੀ ਗੁੰਮ ਵੇਖੀ ਪਿੰਡ ਆ ਕੇ ਉਸ ਨੇ ਪਰ੍ਹਾ (ਪੰਚਾਇਤ) ਵਿੱਚ ਗੱਲ ਕੀਤੀ ਕਿ ਮੇਰੀ ਕਹੀ ਮੇਰੇ ਖੇਤ ਵਿੱਚੋਂ ਗੁੰਮ ਹੋ ਗਈ ਹੈ, ਹੋਰ ਕਹੀ ਲੈਣ ਦੀ ਮੇਰੇ ਵਿੱਚ ਸਮਰੱਥਾ ਨਹੀਂ। ਤੁਸੀਂ ਪਿੰਡ ਵਿੱਚ ਚੌਂਕੀਦਾਰ ਨੂੰ ਕਹਿ ਕੇ ਡੌਂਡੀ ਪਿਟਵਾ ਦਿਉ, ਜਿਸ ਕਿਸੇ ਨੇ ਕਹੀ ਚੁੱਕੀ ਹੋਵੇ ਕਿਰਪਾ ਕਰਕੇ ਮੈਨੂੰ ਵਾਪਿਸ ਮੋੜ ਦੇਵੇ। ਸਾਰੀ ਪੰਚਾਇਤ ਨੇ ਇਹ ਮੰਗ ਯੋਗ ਸਮਝ ਕੇ ਚੌਂਕੀਦਾਰ ਨੂੰ ਸਦਵਾਇਆ ਤੇ ਸਾਰੇ ਪਿੰਡ ਡੌਂਡੀ ਪਿੱਟਣ ਨੂੰ ਕਿਹਾ। ਚੌਂਕੀਦਾਰ ਨੇ ਪੰਚਾਇਤ ਦਾ ਹੁਕਮ ਮੰਨ ਕੇ ਸਾਰੇ ਪਿੰਡ ਵਿੱਚ ਢੰਡੋਰਾ ਪਿੱਟਿਆ ਕਿ ਅਮਕੇ ਜ਼ਿਮੀਂਦਾਰ ਦੀ ਖੇਤ ਵਿੱਚੋਂ ਕਹੀ ਗੁੰਮ ਹੋ ਗਈ ਹੈ, ਜਿਸ ਕਿਸੇ ਪਾਸ ਹੋਵੇ ਉਹ ਦੇਣ ਦੀ ਕ੍ਰਿਪਾ ਕਰੇ। ਉਸ ਦਾ ਧੰਨਵਾਦ ਕੀਤਾ ਜਾਵੇਗਾ। ਜਦ ਇਹ ਡੌਂਡੀ (ਢੰਡੋਰਾ) ਸੁਣਨ ਤੋਂ ਬਾਅਦ ਵੀ ਜ਼ਿਮੀਂਦਾਰ ਦੀ ਕਹੀ ਕਿਸੇ ਨੇ ਵਾਪਿਸ ਨਾ ਕੀਤੀ ਤਾਂ ਪੰਚਾਇਤ ਵਿੱਚੋਂ ਇੱਕ ਸਿਆਣੇ ਨੇ ਕਿਹਾ ਕਿ ਡੌਂਡੀ ਪਿੱਟਣ ਵਾਲੇ ਦਾ ਘਰ ਵੀ ਵੇਖਿਆ ਜਾਵੇ। ਜਦ ਢੰਢੋਰਚੀ (ਚੌਂਕੀਦਾਰ) ਦੇ ਘਰ ਦੀ ਤਲਾਸ਼ੀ ਲਈ ਤੇ ਕਹੀ ਚੌਂਕੀਦਾਰ ਦੇ ਘਰੋਂ ਹੀ ਨਿਕਲੀ। ਸੋ ਸਾਧ ਸੰਗਤ ਜੀ! ਇਹ ਹੀ ਹਾਲ ਰਬਾਬੀਆਂ ਦਾ ਹੈ। ਤੁਹਾਨੂੰ ਤਾਂ ਉੱਚੀ ਉੱਚੀ ਸੁਣਾ ਕੇ ਪੜ੍ਹਦੇ ਹਨ ਕਿ:-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥** ਮ:੧,ਅੰਗ:੬੨

ਤੇ ਬਾਰ ਬਾਰ ਤੁਹਾਨੂੰ ਗੁਰੂ ਉਪਦੇਸ਼ ਸਰਵਣ ਕਰਾ ਕੇ ਸੁਚੇਤ ਕਰਦੇ ਹਨ ਕਿ :-

**ਮਾਇਆ ਹੋਈ ਨਾਗਣੀ ਜਗਤਿ ਰਹੀ ਲਪਟਾਇ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥**

ਮ:੩, ਅੰਗ: ੫੧੦

ਪਰ ਅੰਦਰੋਂ ਨਾ ਤਾਂ ਇਹ ਉੱਚ ਆਚਰਣ ਦੇ ਆਪ ਧਾਰਨੀ ਬਣੇ ਤੇ ਮਾਇਆ ਦੇ ਲੋਭ ਲਾਲਚ ਦੀ ਇਨ੍ਹਾਂ ਦੀ ਦਸ਼ਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫੁਰਮਾਨ ਵਾਲੀ ਹੈ:-

**ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ॥**
**ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀਂ ਕਰੰਮ॥੧॥** ਅੰਗ: ੧੦੯੩

ਇਹ ਰਬਾਬੀ ਤੁਹਾਨੂੰ ਸੁਣਾ ਕੇ ਪੜ੍ਹਦੇ ਜ਼ਰੂਰ ਹਨ ਕਿ ਗੁਰਦੇਵ ਪੰਜਵੇਂ ਸਤਿਗੁਰੂ ਦਾ ਹੁਕਮ ਹੈ:

**ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ॥**
**ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ॥੨॥**

ਮ:੫, ਅੰਗ: ੧੦੯੩

ਪਰ ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਪੰਗਤੀਆਂ ਤੇ ਕੁਝ ਅਸਰ ਵੀ ਕੀਤਾ ਹੈ? ਕੀਰਤਨ

ਕਰਦਿਆਂ ਇਨ੍ਹਾਂ ਦਾ ਧਿਆਨ ਗੁਰੂ ਕੇ ਸਿੱਖਾਂ ਦੇ ਹੱਥਾਂ ਵੱਲ ਹੁੰਦਾ ਹੈ ਕਿ ਫਲਾਨਾ ਕਿੰਨੀ ਕੁ ਮਾਇਆ ਕੀਰਤਨ ਭੇਟ ਕਰਦਾ ਹੈ। ਸੋ ਅਜਿਹੀ ਡੌਂਡੀ ਪਿੱਟਣ ਦਾ ਕੀ ਫਾਇਦਾ? ਅਜਿਹਾ ਕਰਨ ਵਾਲਿਆਂ ਪ੍ਰਤੀ ਤਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਬਿਲਾਵਲ ਰਾਗ ਅੰਦਰ ਹੁਕਮ ਦਰਜ਼ ਕੀਤਾ ਹੈ:-

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ**
**ਸਭੁ ਬਾਦਿ ਸੀਗਾਰੁ [1]ਫੋਕਟ ਫੋਕਟਈਆ ॥** ਬਿਲਾਵਲੁ ਮ:੪, ਅੰਗ: ੮੩੬

ਸੋ ਅਜਿਹਾ ਨਹੀਂ ਕਰਨਾ। ਜੇ ਕਹੀ ਘਰ ਵਿੱਚ ਲੁਕੋਈ ਹੋਈ ਹੈ ਤਾਂ ਉਸ ਨੂੰ ਬਾਹਰ ਰੱਖ ਦੇਣਾ ਚਾਹੀਦਾ ਹੈ। ਚੌਂਕੀਦਾਰ ਵਾਂਗ ਦੂਸਰਿਆਂ ਨੂੰ ਕਹੀ ਬਾਹਰ ਕੱਢਣ ਲਈ ਕਹਿਣਾ ਤੇ ਆਪ ਕਹੀ ਸਾਂਭੀ ਰੱਖਣੀ ਠੀਕ ਨਹੀਂ। ਇਸੇ ਲਈ, ਸਾਡੇ ਪੜ੍ਹੇ ਤੇ ਉਪਦੇਸ਼ ਕੀਤੇ ਦਾ ਲੁਕਾਈ ਤੇ ਅਸਰ ਨਹੀਂ ਹੁੰਦਾ। ਸੋ ਸਭ ਤੋਂ ਪਹਿਲਾਂ:-

**[2]ਪ੍ਰਥਮੇ ਮਨੁ ਪਰਬੋਧੈ ਆਪਨਾ ਪਾਛੈ ਅਵਰ ਰੀਝਾਵੈ॥**
**ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥**

ਮ:੫, ਅੰਗ: ੩੮੧

ਦੇ ਧਾਰਨੀ ਬਣਨ ਦੀ ਅਵਸ਼ ਲੋੜ ਹੈ ।

ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ਧਰਤ ਦੀ ਧੂੜੀ ਮਸਤਕ ਲਾਉਂਦਿਆਂ ਉੱਚੇ ਆਚਾਰ ਦੀ ਦਾਤ ਸਤਿਗੁਰੂ ਜੀ ਪਾਸੋਂ ਮੰਗੀਏ ਅਤੇ ਸਤਿਗੁਰੂ ਜੀ ਦੇ ਉਪਦੇਸ਼ਾਂ ਨੂੰ ਹਿਰਦੇ ਵਿੱਚ ਧਾਰ ਕੇ "ਉੱਚ ਆਚਰਣੀ" ਗੁਰਸਿੱਖੀ ਜੀਵਨ ਜਿਉਣ ਦਾ ਪ੍ਰਣ ਕਰੀਏ। ਜੇ ਦੂਸਰਿਆਂ ਨੂੰ ਉੱਚ ਆਚਰਣ ਦੇ ਧਾਰਨੀ ਬਣਨ ਦੀ ਡੌਂਡੀ ਪਿੱਟੀ ਗਏ ਤੇ ਆਪ ਉੱਚ ਆਚਰਣੀ ਨਾ ਬਣੇ, ਫਿਰ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਫੁਰਮਾਨ ਅਵੱਸ਼ ਸਾਡੇ ਉੱਪਰ ਢੁਕੇਗਾ, ਆਪ ਦਾ ਫੁਰਮਾਨ ਹੈ:-

**ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥**

ਗਉੜੀ ਸੁਖਮਨੀ ਮ:੫, ਅੰਗ:੨੬੯

---

੧.ਨਿਸਫਲ ਹੈ ਬੇ-ਅਰਥ ਹੈ ੨.ਪਹਿਲਾਂ ਆਪਣੇ ਮਨ ਨੂੰ ਗਿਆਨ ਦੇਵੇ ਫਿਰ ਦੂਜਿਆਂ ਨੂੰ ਉਪਦੇਸ਼ ਦੇ ਕੇ ਪ੍ਰਸੰਨ ਕਰੇ।

# ੩੩
# ਖਿਮਾਂ ਦੀ ਸ਼ਿਖਰ ਤੇ ਤਿੰਨ ਤਰ੍ਹਾਂ ਦੇ ਸਿੱਖ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਗੁਰਬਾਣੀ ਵਿੱਚ ਨਟ ਰਾਗ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਦੀ ਅਸਲੀਅਤ ਦਰਸਾਈ ਹੈ ਕਿ ਉੱਚੇ-ਨੀਵੇਂ, ਗਰੀਬ-ਅਮੀਰ, ਰਾਜਾ-ਪਰਜਾ, ਮਾੜੇ-ਚੰਗੇ, ਦੁਸ਼ਮਣਾਂ ਅਤੇ ਮਿੱਤ੍ਰਾਂ ਵਿੱਚ ਪਰਮਾਤਮਾਂ ਆਪ ਹੀ ਵਰਤ ਰਿਹਾ ਹੈ। ਕੇਵਲ ਮਾਇਆ ਦੇ ਅਗਿਆਨ ਭਰਮ ਕਾਰਨ ਮਨੁੱਖ ਸੰਸਾਰ ਵਿੱਚ ਇੱਕ ਦੂਸਰੇ ਨੂੰ ਵੱਖ-ਵੱਖ ਜਾਣ ਕੇ ਵਿਚਰਦਾ ਕਿਸੇ ਨੂੰ ਨਫ਼ਰਤ ਕਰਦਾ ਕਿਸੇ ਨੂੰ ਪਿਆਰ ਕਰਦਾ ਹੈ। ਜਿੰਨਾਂ ਚਿਰ ਇਹ ਅਗਿਆਨ ਭਰਮ ਦੂਰ ਹੋ ਕੇ ਜੀਵ ਆਤਮਾਂ ਸਮਦ੍ਰਿਸ਼ਟੀ ਵਿੱਚ ਨਹੀਂ ਆਉਂਦੀ ਉਨਾਂ ਚਿਰ ਪਰਮਾਤਮਾ ਤੋਂ ਮਨੁੱਖੀ ਜੀਵ ਆਤਮਾਂ ਦੀ ਵਿੱਥ ਬਣੀ ਹੀ ਰਹਿਦੀ ਹੈ। ਸਾਹਿਬਾਂ ਦਾ ਫੁਰਮਾਨ ਹੈ। ਹੇ ਗੁਰਮੁੱਖ ਜਨੋਂ ! ਹਰ ਇੱਕ ਦਾ ਕਰਣਹਾਰ ਕਰਤਾ "ਵਾਹਿਗੁਰੂ" ਹੈ। ਸਾਰਿਆਂ ਵਿੱਚ ਰਮਿਆਂ ਹੋਣ ਕਾਰਨ ਹਰੇਕ ਚੀਜ਼ ਤੇ ਰਸ ਦਾ ਭੋਗਣਹਾਰ ਵੀ ਕਰਤਾ ਹੀ ਹੈ। ਸਾਰੀ ਕ੍ਰਿਤ ਵਿੱਚ ਵਿਆਪਕ ਹੋਣ ਕਰਕੇ ਕਰਤਾ ਆਪ ਹੀ ਵੇਖ ਰਿਹਾ ਹੈ ਅਤੇ ਆਪ ਹੀ ਸੁਣ ਰਿਹਾ ਹੈ। ਜੋ ਵੀ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਹੈ, ਸਭ ਕਰਤੇ ਦਾ ਹੀ ਆਪਣਾ ਰੂਪ ਹੈ। ਸਾਰੇ ਜਗਤ ਦੀ ਰਚਨਾ ਕਰਨ ਵਾਲਾ ਵੀ ਕਰਤਾ ਹੈ ਅਤੇ ਨਾਸ਼ ਕਰਨ ਵਾਲਾ ਵੀ ਕਰਤਾ ਹੀ ਹੈ। ਸਾਰਿਆਂ ਵਿੱਚ ਵਿਆਪਕ ਰਮਿਆਂ ਹੋਇਆ ਇੱਕ ਕਰਤਾ ਹੀ ਹੈ ਅਤੇ ਵਿਆਪਕ ਹੁੰਦਿਆਂ ਹੋਇਆਂ ਨਿਰਲੇਪ ਵੀ ਉਹੋ ਆਪ ਹੀ ਹੈ, ਹੋਰ ਕੋਈ ਨਹੀਂ। ਸਭ ਵਿੱਚ ਕਰਤਾ ਹੀ ਚੰਗਾ-ਮਾੜਾ ਬੋਲ ਰਿਹਾ ਹੈ ਅਤੇ ਸੋਝੀ ਦੇਣ ਤੇ ਸਮਝਣ ਵਾਲਾ ਵੀ ਕਰਤਾ ਹੀ ਹੈ। ਕੈਸਾ ਕਮਾਲ ਹੈ ! ਸੰਸਾਰ ਵਿੱਚ ਜਨਮ ਲੈਣ ਵਾਲਾ ਵੀ ਕਰਤਾ ਤੇ ਇੱਥੋਂ ਜਾਣ ਵਾਲਾ ਵੀ ਕਰਤਾ। ਉਹ ਕਰਤਾ ਤਿੰਨਾਂ ਗੁਣਾਂ ਤੋ ਪਰ੍ਹੇ ਗੁਪਤ ਵੀ ਆਪ ਹੈ ਤੇ ਤ੍ਰਿਗੁਣੀ ਮਾਇਆ ਦਾ ਪ੍ਰਭਾਵੀ ਪ੍ਰਗਟ ਰੂਪ ਵੀ ਆਪ ਕਰਤਾਰ ਹੀ ਹੈ। ਗੁਰੂ ਮਿਹਰ ਨਾਲ ਸਭ ਨੂੰ ਬਿਨਾਂ ਵਿਤਕਰੇ ਸਮਦ੍ਰਿਸ਼ਟੀ ਨਾਲ ਵੇਖਣ ਵਾਲਾ ਵੀ ਆਪ ਹੀ ਕਰਤਾ ਹੈ। ਕੈਸੀ ਹੈ ਕਰਤੇ ਦੀ ਅਸਚਰਜ ਖੇਡ :-

ਸਭੁ ਕਰਤਾ ਸਭੁ ਭੁਗਤਾ ॥ ੧ ਰਹਾਉ ।
ਸੁਨਤੋ ਕਰਤਾ ਪੇਖਤ ਕਰਤਾ ॥
ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥

ਓਪਤਿ ਕਰਤਾ ਪਰਲਉ ਕਰਤਾ ॥
ਬਿਆਪਤ ਕਰਤਾ ਅਲਿਪਤੋ ਕਰਤਾ ॥੧॥
ਬਕਤੋ ਕਰਤਾ ਬੂਝਤ ਕਰਤਾ ॥
ਆਵਤੁ ਕਰਤਾ ਜਾਤੁ ਭੀ ਕਰਤਾ ॥
ਨਿਰਗੁਨ ਕਰਤਾ ਸਰਗੁਨ ਕਰਤਾ ॥
ਗੁਰਪ੍ਰਸਾਦਿ ਨਾਨਕ ਸਮਦ੍ਰਿਸਟਾ ॥੨॥੧॥

ਰਾਗ ਗੋਂਡ ਮ:੫, ਅੰਗ: ੮੬੨

ਪਰ ਇਹ ਬਿਰਤੀ ਬਣਨੀ ਬੜੀ ਔਖੀ ਹੈ। ਜਿਸ ਦੀ ਅਜਿਹੀ ਸਮ-ਬਿਰਤੀ ਪ੍ਰਮਾਤਮਾਂ ਬਣਾ ਦਿੰਦਾ ਹੈ। ਉਹ ਗੁਰੂ ਦਰ ਵਿੱਚ ਪ੍ਰਵਾਨਗੀ ਪ੍ਰਾਪਤ ਕਰ ਗੁਰੂ ਮਿਹਰ ਦਾ ਪਾਤਰ ਬਣ ਕੇ ਪਰਮਾਤਮਾਂ ਦਾ ਰੂਪ ਹੀ ਬਣ ਜਾਂਦਾ ਹੈ।

ਅਜਿਹੀ ਇੱਕ ਘਟਨਾ ਕਲਗੀਧਰ ਜੀ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਵਰਤੀ। ਸਤਿਗੁਰੂ ਜੀ ਦਾ ਇੱਕ ਅਨਿੰਨ ਸਿੰਘ ਜਿਸ ਦਾ ਨਾਉਂ ਇਤਿਹਾਸ ਵਿੱਚ ਭਾਈ ਜੱਗਾ ਸਿੰਘ ਲਿਖਿਆ ਹੈ। ਭਾਈ ਜੱਗਾ ਸਿੰਘ ਦਿਨ ਰਾਤ ਗੁਰੂ ਹਜ਼ੂਰੀ ਵਿੱਚ ਰਹਿ ਕੇ ਕਲਗੀਧਰ ਨੂੰ ਪ੍ਰਮੇਸ਼ਰ ਦਾ ਪੂਰਨ ਸਰੂਪ ਮੰਨ ਕੇ ਬੜੇ ਪਿਆਰ ਨਾਲ ਸੇਵਾ ਕਰਦਾ ਸੀ। ਦਿਨ ਰਾਤ ਵਿੱਚੋਂ ਕੇਵਲ ਥੋੜ੍ਹਾ ਸਮਾਂ ਅਰਾਮ ਕਰਦਾ, ਸਰੀਰਕ ਕ੍ਰਿਆ ਸੋਧ ਮੁੜ ਗੁਰੂ ਚਰਨਾਂ ਵਿੱਚ ਸੇਵਾ ਕਰਨ ਲਈ ਹਾਜ਼ਰ ਹੋ ਜਾਂਦਾ। ਸਾਰਾ ਸਮਾਂ ਜੋ ਸਤਿਗੁਰੂ ਜੀ ਹੁਕਮ ਕਰਨ ਉਸ ਨੂੰ ਆਪਣੇ ਧੰਨ ਭਾਗ ਜਾਣ ਕੇ ਗੁਰੂ ਹੁਕਮ ਦੀ ਕਮਾਈ ਕਰਦਾ। ਭਾਈ ਜੱਗਾ ਸਿੰਘ ਨੂੰ ਨਾ ਕੋਈ ਖਾਣ ਦੀ, ਨਾ ਚੰਗੇ ਬਸਤ੍ਰ ਪਹਿਨਣ ਦੀ, ਨਾ ਸੰਸਾਰ ਦੀ ਸੋਭਾ ਵਡਿਆਈ ਦੀ ਇੱਛਾ ਸੀ। ਸਾਰੀ ਸੇਵਾ ਨਿਸ਼ਕਾਮ ਤੇ ਨਿਰਇੱਛਤ ਕਰਦਾ ਸੀ। ਅੰਤਰਯਾਮੀ ਸਤਿਗੁਰੂ ਜੀ ਭਾਈ ਜੱਗਾ ਸਿੰਘ ਦੇ ਅੰਦਰ ਦੀ ਜਾਣਦੇ ਸਨ ਕਿ ਜੱਗਾ ਸਿੰਘ ਕਾਮਨਾ ਰਹਿਤ ਹੋ ਕੇ ਨਿਰਾ ਸੇਵਾ ਕਰਨ ਹਿੱਤ ਹੀ ਸੇਵਾ ਕਰਦਾ ਹੈ। ਸਤਿਗੁਰੂ ਜੀ ਉਸ ਦੀ ਨਿਸ਼ਕਾਮ ਸੇਵਾ ਤੋਂ ਪ੍ਰਸੰਨ ਹੋ ਕੇ ਕਈ ਵਾਰੀ ਚੰਗੇ ਚੰਗੇ ਬਸਤ੍ਰ ਜੋ ਸੰਗਤਾਂ ਸਤਿਗੁਰਾਂ ਦੀ ਭੇਟਾ ਕਰਦੀਆਂ, ਜੱਗਾ ਸਿੰਘ ਨੂੰ ਬਖਸ਼ਿਸ਼ ਕਰ ਦਿੰਦੇ। ਭਾਈ ਜੱਗਾ ਸਿੰਘ ਵੀ ਸਰੀਰ ਦੀ ਲੋੜ ਅਨੁਸਾਰ ਆਪਣੇ ਪਾਸ ਕੇਵਲ ਪਹਿਨਣ ਜੋਗੇ ਕੱਪੜੇ-ਬਸਤ੍ਰ ਰੱਖਦਾ ਬਾਕੀ ਲੋੜਵੰਦਾਂ ਨੂੰ ਦੇ ਦਿੰਦਾ ਆਪਣੇ ਪਾਸ ਜਮ੍ਹਾਂ ਨਾ ਕਰਦਾ। ਕਈ ਵਾਰੀ ਸਤਿਗੁਰੂ ਜੀ ਚੰਗੀਆਂ ਚੰਗੀਆਂ ਵਸਤੂਆਂ ਵੀ ਜੱਗਾ ਸਿੰਘ ਨੂੰ ਖਾਣ ਵਾਸਤੇ ਦਿੰਦੇ, ਜੱਗਾ ਸਿੰਘ ਸਤਿਗੁਰਾਂ ਪਾਸੋਂ ਉਨਾਂ ਦੀ ਬਖਸ਼ਿਸ਼ ਜਾਣ ਕੇ ਪ੍ਰਾਪਤ ਕਰ ਉਸ ਨੂੰ ਸਾਹਿਬਾਂ ਦਾ ਦਿੱਤਾ ਸੀਤ ਪ੍ਰਸ਼ਾਦ ਜਾਣ ਥੋੜ੍ਹਾ ਮੂੰਹ ਪਾ ਲੈਂਦਾ ਬਾਕੀ ਸਵਾਦੀਕ ਪਦਾਰਥਾਂ ਨੂੰ ਗੁਰਸਿੱਖਾਂ ਵਿੱਚ ਵੰਡ ਦਿੰਦਾ। ਸਤਿਗੁਰੂ ਜੀ ਜੱਗਾ

ਸਿੰਘ ਨੂੰ ਬਹੁਤ ਪਿਆਰ ਕਰਦੇ। ਭਾਈ ਜੱਗਾ ਸਿੰਘ ਵੀ ਦਿਨ ਰਾਤ ਸਤਿਗੁਰੂ ਦੇ ਸ਼ੁਕਰਾਨੇ ਵਿੱਚ ਰਹਿ ਮੂੰਹੋਂ ਪੜ੍ਹਦਾ ਰਹਿੰਦਾ:-

**ਹਰਿ ਜੀਉ ਨਿਮਾਣਿਆ ਤੂ ਮਾਣੁ॥**
**ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ॥ਰਹਾਉ॥**

ਸੋਰਠਿ ਮ: ੫, ਅੰਗ: ੬੨੪

ਸਤਿਗੁਰੂ ਜੀ ! ਮੈਂ ਨਾਚੀਜ ਤੇ ਗਰੀਬ ਨੂੰ ਜੋ ਤੁਸੀਂ ਪਿਆਰ ਦਿੰਦੇ ਹੋ ਇਹ ਆਪ ਜੀ ਦਾ ਬਿਰਦ ਹੈ। ਦਾਤਿਆਂ !

**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥**

ਮ: ੫, ਅੰਗ: ੧੪੨੯

ਜਿਉਂ ਜਿਉਂ ਸਤਿਗੁਰੂ ਭਾਈ ਜੱਗਾ ਸਿੰਘ ਨੂੰ ਪਿਆਰ ਕਰਦੇ ਜੱਗਾ ਸਿੰਘ ਦੇ ਮਨ ਵਿੱਚ ਹੰਕਾਰ ਆਉਣ ਦੀ ਥਾਂ ਸਗੋਂ ਹੋਰ ਨਿਮਰਤਾ ਬਣਦੀ ਤੇ ਦਿਨ ਰਾਤ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦਾ ਤੇ ਪ੍ਰਭੂ-ਨਾਮ ਵਿੱਚ ਜੁੜਿਆ ਰਹਿੰਦਾ।

ਦੂਸਰੇ ਪਾਸੇ ਈਰਖਾਲੂ, ਸਤਿਗੁਰਾਂ ਦਾ ਜੱਗਾ ਸਿੰਘ ਨਾਲ ਪਿਆਰ ਵੇਖ ਕੇ ਤੇ ਸਤਿਗੁਰੂ ਜੀ ਵੱਲੋਂ ਸਮੇਂ ਸਮੇ ਜੱਗਾ ਸਿੰਘ ਨੂੰ ਬਖਸ਼ਿਸ਼ਾਂ ਕਰਦੇ ਵੇਖ ਦਿਨ ਰਾਤ ਈਰਖਾ ਦੀ ਅੱਗ ਵਿੱਚ ਸੜਦੇ ਰਹਿੰਦੇ। ਈਰਖ਼ਾਲੂ, ਜੱਗਾ ਸਿੰਘ ਨੂੰ ਮਾਣ ਸਤਿਕਾਰ ਦੇਣ ਦੀ ਥਾਂ ਸਗੋਂ ਕੋਲ ਦੀ ਲੰਘਦਿਆਂ ਗਾਲੀ-ਗਲੋਚ ਵੀ ਕਰਦੇ ਤੇ ਜੱਗਾ ਸਿੰਘ ਨਾਲ ਭੈੜਾ ਵਰਤਾਉ ਵੀ ਕਰਦੇ ਤੇ ਕਈ ਵਾਰੀ ਭਾਈ ਜੱਗਾ ਸਿੰਘ ਦੇ ਨਾਲ ਈਰਖਾ ਵਸ ਧੱਕਾ ਮੁੱਕੀ ਕਰ ਥੱਪੜ ਵੀ ਮਾਰ ਦਿੰਦੇ ਪਰ ਜੱਗਾ ਸਿੰਘ ਅਡੋਲ ਚਿੱਤ ਵਿੱਚ ਰਹਿ ਈਰਖਾਲੂਆਂ ਦੀਆਂ ਵਧੀਕੀਆਂ ਸਹਾਰਦੇ ਰਹਿੰਦੇ ਤੇ ਕਦੇ ਵੀ ਸਿੱਖਾਂ ਵੱਲੋਂ ਉਸ ਨਾਲ ਕੀਤੀਆਂ ਵਧੀਕੀਆਂ ਦੀ ਸ਼ਿਕਾਇਤ ਸਤਿਗੁਰੂ ਜੀ ਅੱਗੇ ਨਾ ਕਰਦੇ। ਜਦੋਂ ਈਰਖਾਲੂਆਂ ਨੇ ਵੇਖਿਆ ਕਿ ਅਸੀਂ ਜੱਗਾ ਸਿੰਘ ਨੂੰ ਗਾਲੀ ਗਲੋਚ ਵੀ ਕਰਦੇ ਹਾਂ ਸਮਾਂ ਮਿਲੇ ਤੇ ਧੱਕਾ ਮੁੱਕੀ ਕਰਦੇ ਤੇ ਥੱਪੜ ਵੀ ਮਾਰਦੇ ਹਾਂ ਪਰ ਇਸ ਤੇ ਕੋਈ ਅਸਰ ਨਹੀਂ ਹੁੰਦਾ ਇਹ ਆਪਣੀ ਮੌਜ਼ ਵਿੱਚ ਇੱਕੋ ਰੰਗ ਹੀ ਰਹਿੰਦਾ ਹੈ। ਭਾਈ ਜੱਗਾ ਸਿੰਘ ਦੇ ਇਸ ਵਤੀਰੇ ਤੋਂ ਈਰਖਾਲੂਆਂ ਨੇ ਸਿੱਖਿਆ ਲੈਣ ਦੀ ਥਾਂ ਸਗੋਂ ਭਾਈ ਜੱਗਾ ਸਿੰਘ ਨੂੰ ਹੋਰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇੱਕ ਦਿਨ ਭਾਈ ਜੱਗਾ ਸਿੰਘ ਸਵੇਰੇ ਸਵੇਰੇ ਸੁਚੇਤ[੧] ਹੋਣ ਵਾਸਤੇ ਬਾਹਰ ਖੇਤਾਂ ਵਿੱਚ ਗਿਆ ਸੀ।

ਪੰਜ ਛੇ ਈਰਖਾਲੂ ਸਿੱਖ ਜਿਨ੍ਹਾਂ ਨੇ ਜੱਗਾ ਸਿੰਘ ਨੂੰ ਮਾਰਨ-ਕੁੱਟਣ ਦੀ ਪਹਿਲਾਂ ਹੀ ਸਲਾਹ ਬਣਾਈ ਹੋਈ ਸੀ, ਉਹ ਵੀ ਜੱਗਾ ਸਿੰਘ ਦੇ ਮਗਰ-ਮਗਰ ਚਲੇ ਗਏ।

੧.ਜੰਗਲਪਾਣੀ ਦੀ ਕਿਰਿਆ ਕਰਨ

ਜੱਗਾ ਸਿੰਘ ਜਦੋਂ ਸੁਚੇਤ ਹੋ ਕੇ ਵਾਪਸ ਆਉਣ ਲੱਗਾ ਤਾਂ ਉਨ੍ਹਾਂ ਈਰਖਾਲੂਆਂ ਨੇ ਜੱਗਾ ਸਿੰਘ ਨੂੰ ਰਸਤੇ ਵਿੱਚ ਫੜ ਕੇ ਬਹੁਤ ਕੁੱਟਿਆ। ਇੰਨਾਂ ਕੁੱਟਿਆ ਕਿ ਭਾਈ ਜੱਗਾ ਸਿੰਘ ਨਿਢਾਲ ਹੋ ਗਿਆ। ਉਪ੍ਰੰਤ ਉਨਾਂ ਨੇ ਡੇਰੇ ਆ ਕੇ ਜੱਗਾ ਸਿੰਘ ਦੇ ਕਮਰੇ ਵਿੱਚੋਂ ਉਸ ਦਾ ਚੰਗਾ ਚੰਗਾ ਸਮਾਨ ਤੇ ਬਸਤ੍ਰ ਆਦਿਕ ਲੁੱਟ ਲਏ ਤੇ ਬਾਕੀ ਸਮਾਨ ਕਮਰੇ ਚੋਂ ਬਾਹਰ ਕੱਢ ਕੇ ਸੁੱਟ ਦਿੱਤਾ। ਇੱਧਰ ਕਾਫ਼ੀ ਸਮੇਂ ਬਾਅਦ ਜਦੋਂ ਭਾਈ ਜੱਗਾ ਸਿੰਘ ਨੂੰ ਹੋਸ਼ ਆਈ ਤਦ ਉਹ ਵਾਹਿਗੁਰੂ ਵਾਹਿਗੁਰੂ ਕਹਿੰਦਾ ਸਹਿਜੇ ਸਹਿਜੇ ਆਪਣੇ ਡੇਰੇ ਪੁੱਜਾ। ਕਮਰੇ ਵਿੱਚ ਸਮਾਨ ਹੈ ਨਹੀਂ ਸੀ। ਜੋ ਪਾਟਾ ਪੁਰਾਣਾ ਸੀ, ਉਹ ਕਮਰੇ ਚੋਂ ਬਾਹਰ ਖਿਲਰਿਆ ਪਿਆ ਵੇਖ ਹਰਖ-ਸੋਗ ਤੋਂ ਨਿਰਲੇਪ ਜੱਗਾ ਸਿੰਘ ਦੇ ਮੂਹੋਂ ਨਿਕਲਿਆ ਧੰਨ ਕਲਗੀਧਰ ਪਾਤਸ਼ਾਹ! ਆਪ ਹੀ ਮਿਹਰ ਕਰਕੇ ਦਿੰਦੇ ਹੋ ਜਦੋਂ ਤੁਹਾਡੀ ਮੌਜ ਆਉਂਦੀ ਹੈ ਕਿਸੇ ਨੂੰ ਪ੍ਰੇਰਨਾ ਦੇ ਕੇ ਲੈ ਜਾਂਦੇ ਹੋ ਕਹਿੰਦਾ ਗੁਰੂ ਸ਼ੁਕਰਾਨੇ ਵਿੱਚ ਆਪਣੇ ਕਮਰੇ ਅੰਦਰ ਚਲਾ ਗਿਆ ਤੇ ਅੰਦਰ ਵਿਛੀ ਚਿਟਾਈ ਤੇ ਲੇਟ ਗਿਆ। ਅੱਗ ਵਿਚ ਪੱਥਰ ਸੁੱਟ ਕੇ ਗਰਮ ਕਰ ਲੱਗੀਆਂ ਸੱਟਾਂ ਤੇ ਸੇਕ ਦਿੱਤਾ।

ਈਰਖਾਲੂ ਸਿੱਖਾਂ ਦੇ ਇਸ ਕਾਰਨਾਮੇ ਦਾ ਪਤਾ ਜਦੋਂ ਦੂਸਰੇ ਸਿੰਘਾਂ ਨੂੰ ਲੱਗਾ ਉਨ੍ਹਾਂ ਨੇ ਇਸ ਵਧੀਕੀ ਦਾ ਬੁਰਾ ਮਨਾਇਆ, ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਅਰਜ਼ੋਈ ਕੀਤੀ ਸਚੇ ਪਾਤਸ਼ਾਹ! ਆਪ ਜੀ ਦਾ ਪਿਆਰਾ ਗੁਰਸਿੱਖ ਭਾਈ ਜੱਗਾ ਸਿੰਘ ਜੋ ਹਮੇਸ਼ਾ ਰਾਗ-ਦ੍ਵੈਖ ਤੋਂ ਨਿਰਲੇਪ ਰਹਿੰਦਾ ਹੈ। ਕੁਝ ਸਿੰਘਾਂ ਨੇ ਭਾਈ ਜੱਗਾ ਸਿੰਘ ਨੂੰ ਮਾਰ ਕੁੱਟ ਕੀਤੀ ਤੇ ਉਸ ਦਾ ਚੰਗਾ ਚੰਗਾ ਸਾਰਾ ਸਮਾਨ ਉਨ੍ਹਾਂ ਨੇ ਲੁੱਟ ਲਿਆ ਹੈ। ਸਿੱਖਾਂ ਪਾਸੋਂ ਜੱਗਾ ਸਿੰਘ ਨਾਲ ਈਰਖਾਲੂਆਂ ਦੀ ਕੀਤੀ ਵਧੀਕੀ ਦਾ ਸਾਰਾ ਹਾਲ ਸਤਿਗੁਰੂ ਜੀ ਨੇ ਸੁਣਿਆ ਤੇ ਸਿੰਘਾਂ ਨੂੰ ਭੇਜਿਆ ਕਿ ਭਾਈ ਜੱਗਾ ਸਿੰਘ ਨੂੰ ਜਲਦੀ ਸਾਡੇ ਪਾਸ ਲਿਆਉ। ਸਿੰਘ ਸਤਿਗੁਰਾਂ ਦਾ ਹੁਕਮ ਮੰਨ ਕੇ ਭਾਈ ਜੱਗਾ ਸਿੰਘ ਦੇ ਡੇਰੇ ਗਏ ਤੇ ਭਾਈ ਜੱਗਾ ਸਿੰਘ ਨੂੰ ਸਹਾਰਾ ਦੇ ਕੇ ਸਤਿਗੁਰਾਂ ਦੇ ਸਨਮੁਖ ਲੈ ਆਏ। ਭਾਈ ਜੱਗਾ ਸਿੰਘ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਸਤਿਗੁਰਾਂ ਭਾਈ ਜੱਗਾ ਸਿੰਘ ਨੂੰ ਸੰਬੋਧਨ ਕਰ ਪੁੱਛਿਆ ਜੱਗਾ ਸਿੰਘ! ਸਾਨੂੰ ਪਤਾ ਲੱਗਾ ਹੈ ਕਿ ਤੈਨੂੰ ਕੁੱਝ ਸ਼ਰਾਰਤੀ ਸਿੱਖਾਂ ਨੇ ਮਾਰਿਆ ਕੁੱਟਿਆ ਹੈ ਤੇ ਤੇਰਾ ਸਾਰਾ ਸਮਾਨ ਵੀ ਲੁੱਟ ਲਿਆ ਹੈ। ਤੂੰ ਦੱਸ ਤੈਨੂੰ ਕਿਸ ਕਿਸ ਨੇ ਮਾਰ ਕੁੱਟ ਕੀਤੀ ਤੇ ਕਿਸ ਨੇ ਤੇਰਾ ਮਾਲ ਲੁੱਟਿਆ ਹੈ ਤਾਂ ਜੋ ਉਸ ਨੂੰ ਸਜਾ ਦਿੱਤੀ ਜਾਵੇ। ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਭਾਈ ਜੱਗਾ ਸਿੰਘ ਨੇ ਹੱਥ ਜੋੜ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਸਤਿਗੁਰੂ ਜੀ! ਮੈਨੂੰ ਕਿਸੇ ਨੇ ਨਹੀਂ ਮਾਰਿਆ ਅਤੇ ਨਾ ਹੀ ਮੇਰਾ ਕਿਸੇ ਨੇ ਸਮਾਨ ਲੁੱਟਿਆ ਹੈ। ਸਤਿਗੁਰੂ! ਜਦੋਂ ਤੋਂ ਆਪ ਜੀ ਦੀ ਸੇਵਾ ਨਸੀਬ ਹੋਈ ਹੈ ਆਪ ਜੀ ਨੇ ਦ੍ਰਿਸ਼ਟੀ ਹੀ ਐਸੀ ਬਖਸ਼ਿਸ਼ ਕਰ ਦਿੱਤੀ ਹੈ। ਆਪ ਦੀ ਮਿਹਰ ਨਾਲ ਨਾ ਮੇਰਾ ਕੋਈ ਦੁਸ਼ਮਣ ਹੈ ਤੇ ਨਾ ਹੀ ਮੈਨੂੰ

ਕੋਈ ਬਿਗਾਨਾ ਪ੍ਰਤੀਤ ਹੁੰਦਾ ਹੈ। ਹੁਣ ਤਾਂ ਹਰ ਪਾਸੇ, ਆਪ ਦਾ ਰੂਪ ਹੀ ਦ੍ਰਿਸ਼ਟੀ ਆਉਂਦਾ ਹੈ। ਹਰ ਵੇਲੇ ਮੇਰੇ ਹਿਰਦੇ ਵਿੱਚ ਜੋ ਆਪ ਜੀ ਨੇ ਪੰਜਵੇਂ ਸਰੂਪ ਵਿੱਚ ਬਚਨ ਉਚਾਰਨ ਕੀਤੇ ਸਨ ਉਹ ਹੀ ਪ੍ਰਤੀਤ ਹੁੰਦੇ ਹਨ:-

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ॥**

ਮ:੫, ਅੰਗ:੧੨੯੯

ਸਤਿਗੁਰੂ! ਮੈਂ ਕਿਸ ਦੀ ਸ਼ਿਕਾਇਤ ਲਾਵਾਂ? ਮਾਰਨ ਵਾਲਾ ਵੀ ਤੂੰ, ਮਾਰ ਖਾਣ ਵਾਲਾ ਵੀ ਤੂੰ, ਪਦਾਰਥਾਂ ਦੀਆਂ ਬਖਸ਼ਿਸ਼ਾਂ ਕਰਨ ਵਾਲਾ ਵੀ ਤੂੰ, ਵਾਪਸ ਲੈਣ ਵਾਲਾ ਵੀ ਤੂੰ, ਮਾਣ ਸਤਿਕਾਰ ਦੇਣ ਵਾਲਾ ਵੀ ਤੂੰ, ਤੇ ਮਾਣ ਭੰਗ ਕਰਨ ਵਾਲਾ ਵੀ ਤੂੰ, ਮੈਂ ਤੁਹਾਡੀ ਸ਼ਿਕਾਇਤ ਤੁਹਾਨੂੰ ਕਿਵੇਂ ਲਾਵਾਂ? ਭਾਈ ਜੱਗਾ ਸਿੰਘ ਦੇ ਸਮ-ਦ੍ਰਿਸ਼ਟੀ ਵਾਲੇ ਬਚਨ ਸ੍ਰਵਣ ਕਰ ਸਤਿਗੁਰੂ ਜੀ ਸਿੰਘਾਸਣ ਤੋਂ ਉੱਠੇ ਤੇ ਜੱਗਾ ਸਿੰਘ ਨੂੰ ਗਲਵੱਕੜੀ ਵਿੱਚ ਲੈ ਪਿਆਰ ਦਿੱਤਾ, ਅਨੇਕਾਂ ਬਖਸ਼ਿਸ਼ਾਂ ਦੇ ਬਚਨ ਕੀਤੇ ਤੇ ਸੰਗਤ ਨੂੰ ਸੰਬੋਧਨ ਕਰ ਫੁਰਮਾਇਆ: ਸਿੱਖੋ! ਭਾਈ ਜੱਗਾ ਸਿੰਘ, ਨਿਰੋਲ ਨਿਰਮਲ ਹਿਰਦੇ ਵਾਲਾ ਰਾਗ-ਦ੍ਵੈਖ ਤੋਂ ਨਿਰਲੇਪ ਸੱਚਾ ਬ੍ਰਹਮ-ਬੇਤਾ ਹੈ। ਜੋ ਅਜਿਹੇ ਬ੍ਰਹਮ-ਬੇਤੇ ਨਿਰਵੈਰਾਂ ਨਾਲ ਵੈਰ ਤੇ ਈਰਖਾ ਕਰਦੇ ਹਨ ਤੇ ਕਰਨਗੇ, ਉਹ ਸਾਰੇ ਸੰਸਾਰ ਦਾ ਬੋਝ ਆਪਣੇ ਸਿਰ ਉੱਪਰ ਚੁੱਕਦੇ ਹਨ। ਅਜਿਹੇ ਪਾਪ ਕਰਮੀਆਂ ਨੂੰ ਘੋਰ ਨਰਕਾਂ ਵਿੱਚ ਸਜਾਵਾਂ ਭੁਗਤਣੀਆਂ ਪੈਣਗੀਆਂ। ਸਤਿਗੁਰੂ ਗੁਰੂ ਰਾਮਦਾਸ ਜੀ ਨੇ ਫੁਰਮਾਨ ਕੀਤਾ ਹੈ:-

**ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥**
**ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥**

ਮ: ੪, ਅੰਗ: ੩੦੭

ਸਤਿਗੁਰੂ ਜੀ ਨੇ ਗਲਵੱਕੜੀ ਵਿੱਚ ਲੈ ਮੁੜ ਪਿਆਰ ਨਾਲ ਪੁੱਛਿਆ ਜੱਗਾ ਸਿੰਘ! ਤੂੰ ਉਨ੍ਹਾਂ ਦੇ ਨਾਉਂ ਤਾਂ ਦੱਸ ਅਜਿਹੇ ਕੁਕਰਮੀਂ, ਈਰਖਾਲੂ, ਸਜਾ ਦੇ ਭਾਗੀ ਹਨ। ਭਾਈ ਜੱਗਾ ਸਿੰਘ ਜੀ ਨੇ ਮੁੜ ਸਤਿਗੁਰਾਂ ਨੂੰ ਬੇਨਤੀ ਕੀਤੀ ਸਤਿਗੁਰੂ! ਤੁਹਾਡੀ ਸ਼ਿਕਾਇਤ ਤੁਹਾਡੇ ਪਾਸ ਲਾਵਾਂ ਜਾਂ ਪਰਮਾਤਮਾਂ ਦੀ ਸ਼ਿਕਾਇਤ ਤੁਹਾਡੇ ਪਾਸ ਕਰਾਂ, ਮੇਰੀ ਮੂਰਖਤਾ ਹੈ। ਜਦ ਤੁਹਾਡੇ ਤੇ ਪ੍ਰਮਾਤਮਾਂ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ, ਮੈਂ ਤੁਹਾਨੂੰ ਕਿਸ ਦਾ ਨਾਉਂ ਦੱਸਾਂ ਕਿਉਂਕਿ:-

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥**[1]
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥**[2]

---

੧. ਪ੍ਰਮਾਤਮਾ ਇੱਕ ਹੈ, ਅਨੇਕਾਂ ਰੂਪਾਂ ਰਾਹੀਂ ਸੰਸਾਰ ਵਿੱਚ ਬਿਆਪਕ ਹੋ ਰਿਹਾ, ਮੈਂ ਜਿੱਧਰ ਵੇਖਦਾ ਹਾਂ, ਮੈਨੂੰ ਉਹ ਪ੍ਰਭੂ ਹੀ ਸਾਰੇ ਪਾਸੇ ਦਿੱਸਦਾ ਹੈ।

੨. ਇਸ ਭੇਦ ਨੂੰ ਵਿਰਲਾ ਹੀ ਕੋਈ ਸਮਝਦਾ ਹੈ ਕਿਉਂਕਿ ਜੀਵ ਮਾਇਆ ਦੇ ਅਨੇਕ ਰੰਗਾਂ ਰੂਪਾਂ ਵਿੱਚ ਹੀ ਫਸਿਆ ਹੋਇਆ ਹੈ।

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥[੩]
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥[੪]
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥[੫]
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥[੬]
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥[੭]
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥੩॥[੮]
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥[੯]
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥੪॥੧॥[੧੦]

ਆਸਾ ਬਾਣੀ ਨਾਮਦੇਉ ਜੀ (ਪੰਨਾ : ੪੮੫)

ਸਤਿਗੁਰੂ ਕਲਗੀਧਰ ਜੀ ਨੇ ਭਾਈ ਜੱਗਾ ਸਿੰਘ ਨੂੰ ਆਪਣੇ ਪਾਸ ਬਿਠਾ ਕੇ ਪਿਆਰ ਦਿੱਤਾ ਤੇ ਧੰਨ ਸਿੱਖੀ, ਧੰਨ ਸਿੱਖੀ! ਬਚਨ ਉਚਾਰ ਭਾਈ ਜੱਗਾ ਸਿੰਘ ਨੂੰ ਕ੍ਰਿਪਾ ਨਦਰ ਨਾਲ ਨਿਹਾਲ ਕਰ ਦਿੱਤਾ।

ਥੋੜ੍ਹੇ ਸਮੇਂ ਉਪ੍ਰੰਤ ਇੱਕ ਸਿੱਖ ਨੇ ਸਤਿਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚ ਆਪਣਾ ਸ਼ੰਕਾ ਦੂਰ ਕਰਨ ਵਾਸਤੇ ਬੇਨਤੀ ਕਰ ਪੁੱਛਿਆ ਪਾਤਸ਼ਾਹ! ਆਪ ਜੀ ਦੇ ਦਰਸ਼ਨ ਵੀ ਸਾਰੇ ਸਿੱਖ ਕਰਦੇ ਹਨ, ਬਚਨ ਵੀ ਸਾਰੇ ਸੁਣਦੇ ਹਨ, ਆਪ ਨੂੰ ਮੱਥਾ ਵੀ ਸਾਰੇ ਟੇਕਦੇ ਹਨ, ਫਿਰ ਇੰਨਾਂ ਫ਼ਰਕ ਕਿਉਂ? ਕੋਈ ਭਾਈ ਜੱਗਾ ਸਿੰਘ ਵਰਗਾ ਈਰਖਾ ਦ੍ਵੈਖ ਤੋਂ ਨਿਰਲੇਪ ਸਮ ਬਿਰਤੀ ਵਾਲਾ ਬਣ ਜਾਂਦਾ ਹੈ। ਕਈਆਂ ਦਾ ਈਰਖਾ ਤੇ ਵੈਰ ਵਿਰੋਧ ਪਿੱਛਾ ਨਹੀਂ ਛੱਡਦੇ ਤੇ ਕਈਆਂ ਉੱਪਰ ਤੁਹਾਡੇ ਦਰਸ਼ਨ ਕਰ ਤੇ ਬਚਨ ਸੁਣ ਕੋਈ ਅਸਰ ਨਹੀਂ ਹੁੰਦਾ, ਕਾਰਣ ਕੀ ਹੈ? ਕਲਗੀਧਰ ਜੀ ਨੇ ਸਿੱਖ ਨੂੰ ਹੁਕਮ

---

੩. ਪਰ ਅਸਲੀਅਤ ਇਹ ਹੈ ਜੋ ਵੇਖ ਰਹੇ ਹਾਂ ਸਭ ਪ੍ਰਮਾਤਮਾ ਹੀ ਹੈ, ਸਭ ਗੋਬਿੰਦ ਦਾ ਹੀ ਰੂਪ ਹੈ ਗੋਬਿੰਦ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

੪. ਜਿਸ ਤਰ੍ਹਾਂ ਧਾਗਾ ਇੱਕ ਹੋਵੇ ਹਜਾਰਾਂ ਮਣਕੇ ਉਸ ਵਿੱਚ ਪਰੋ ਦਿੱਤੇ ਜਾਣ, ਹਰ ਮਣਕਾ ਉਸ ਧਾਗੇ ਦੇ ਆਸਰੇ ਹੈ। ਜਿਸ ਤਰ੍ਹਾਂ ਕੱਪੜੇ ਵਿੱਚ ਇੱਕ ਤਾਣਾ ਤੇ ਇੱਕ ਪੇਟਾ ਹੁੰਦਾ ਹੈ ਪਰ ਹੈ ਸਾਰਾ ਸੂਤਰ ਹੀ,ਸੂਤਰ ਤੋਂ ਬਿਨਾਂ ਹੋਰ ਕੋਈ ਨਹੀਂ।

੫. ਜਿਸ ਤਰ੍ਹਾਂ ਪਾਣੀ ਦੀਆਂ ਲਹਿਰਾਂ, ਝੱਗ, ਬੁਲਬਲੇ, ਪਾਣੀ ਤੋਂ ਵੱਖ ਨਹੀਂ ਹੁੰਦੇ।

੬. ਇਹ ਸਾਰਾ ਖੇਡ-ਪਸਾਰਾ ਪਾਰਬ੍ਰਹਮ ਦੀ ਰਚਨਾ ਹੈ, ਵਿਚਾਰ ਕੀਤਿਆਂ ਪਤਾ ਚੱਲਦਾ ਹੈ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

੭. ਸਾਰਾ ਸੰਸਾਰ ਤੇ ਸੰਸਾਰ ਦੇ ਪਦਾਰਥ ਮਨੁੱਖ ਨੇ ਸਤਿ ਕਰਕੇ ਮੰਨੇ ਹਨ, ਪਰ ਹੈਨ ਸੁਪਨੇ ਦੀ ਨਿਆਈਂ।

੮. ਜਿਸ ਨੂੰ ਸਤਿਗੁਰੂ ਨੇ ਸਰੇਸ਼ਟ ਤੱਤ-ਵਿਚਾਰ ਬਖਸ਼ਸ਼ ਕਰ ਦਿੱਤੀ, ਉਸ ਨੂੰ ਤੱਤ ਵਿਚਾਰ ਦੀ ਜਾਗਰਤਾ ਆ ਜਾਣ ਨਾਲ ਮਨ ਅਸਲੀਅਤ ਤੋਂ ਜਾਣੂੰ ਹੋ ਕੇ ਮੰਨ ਜਾਂਦਾ ਹੈ।

੯. ਨਾਮਦੇਵ ਜੀ ਕਹਿ ਰਹੇ ਹਨ, ਹੇ ਪ੍ਰੇਮੀਓ! ਇਹ ਸਾਰੀ ਰਚਨਾ ਉਸ ਵਾਹਿਗੁਰੂ ਦੀ ਹੈ, ਇਸ ਦਾ ਕਰਤਾ ਕੋਈ ਹੋਰ ਨਹੀਂ।

੧੦. ਸਾਰੀ ਸ੍ਰਿਸ਼ਟੀ ਅਤੇ ਸਾਰੀ ਰਚਨਾ ਰਚ ਕੇ ਸਾਰੇ ਘਟਾਂ ਵਿੱਚ ਕੇਵਲ ਤੇ ਕੇਵਲ ਪਰਮਾਤਮਾ ਆਪ ਹੀ ਇੱਕ ਰਸ ਰਮਿਆ ਹੋਇਆ ਹੈ।

ਕੀਤਾ ਗੁਰਸਿੱਖਾ ! ਆਹ ਗੜਵਾ ਪਿਆ ਹੈ, ਇਸ ਨੂੰ ਪਾਣੀ ਨਾਲ ਭਰ ਕੇ ਲਿਆ। ਗੁਰਸਿੱਖ ਨੇ ਪਾਣੀ ਦਾ ਗੜਵਾ ਭਰ ਲਿਆਂਦਾ। ਸਤਿਗੁਰੂ ਜੀ ਨੇ ਅਗਲਾ ਹੁਕਮ ਸਿੱਖ ਨੂੰ ਦਿੱਤਾ, ਕਿ ਇੱਕ ਪੱਥਰ ਦੀ ਗੀਟੀ ਤੇ ਇੱਕ ਮਿੱਟੀ ਦੀ ਢੀਮ ਲਿਆ। ਗੁਰਸਿੱਖ ਨੇ ਪੱਥਰ ਦੀ ਗੀਟੀ ਤੇ ਮਿੱਟੀ ਦੀ ਢੀਮ ਸਤਿਗੁਰੂ ਜੀ ਦੇ ਲਿਆ ਹਾਜ਼ਰ ਕੀਤੀ। ਸਤਿਗੁਰੂ ਜੀ ਨੇ ਆਪਣੇ ਪਾਸ ਪਏ ਪਤਾਸਿਆਂ ਵਿੱਚੋਂ ਇੱਕ ਪਤਾਸਾ ਵੀ ਗੁਰਸਿੱਖ ਨੂੰ ਦਿੱਤਾ ਤੇ ਹੁਕਮ ਕੀਤਾ, ਇਹ ਪਤਾਸਾ, ਮਿੱਟੀ ਦੀ ਢੀਮ ਤੇ ਪੱਥਰ ਦੀ ਗੀਟੀ ਪਾਣੀ ਦੇ ਗੜਵੇ ਵਿੱਚ ਪਾ ਦੇਹ। ਗੁਰਸਿੱਖ ਨੇ ਬਚਨ ਮੰਨ ਕੇ ਤਿੰਨੇ ਚੀਜਾਂ ਪਾਣੀ ਦੇ ਗੜਵੇ ਵਿੱਚ ਪਾ ਦਿੱਤੀਆਂ। ਥੋੜ੍ਹਾ ਸਮਾਂ ਬਚਨ ਬਿਲਾਸ ਕਰਨ ਉਪ੍ਰੰਤ ਸਤਿਗੁਰਾਂ ਉਸੇ ਗੁਰਸਿੱਖ ਨੂੰ ਹੁਕਮ ਕੀਤਾ ਕਿ ਇਸ ਗੜਵੇ ਵਿੱਚੋਂ ਪਤਾਸਾ, ਢੀਮ ਤੇ ਗੀਟੀ ਕੱਢੇ। ਪਤਾਸਾ ਜਲ ਦਾ ਰੂਪ ਬਣ ਗਿਆ, ਢੀਮ ਗਾਰਾ ਬਣ ਗਈ, ਪੱਥਰ ਦੀ ਗੀਟੀ ਉਵੇਂ ਦੀ ਉਵੇਂ ਕੋਰੀ ਨਿਕਲੀ।

ਸਤਿਗੁਰੂ ਜੀ ਨੇ ਬਚਨ ਕੀਤਾ ਭਾਈ ਗੁਰਸਿੱਖੋ ! ਸੱਚੇ ਸਿੱਖ ਪ੍ਰੇਮ ਨਾਲ ਗੁਰੂ ਕੀ ਬਾਣੀ ਪੜ੍ਹ ਨਾਮ ਜਪ ਕੇ ਨਿਸ਼ਕਾਮ ਸੇਵਾ ਭਗਤੀ ਕਰਕੇ ਗੁਰੂ ਨੂੰ ਪਰਮੇਸ਼ਰ ਦਾ ਰੂਪ ਮੰਨ ਗੁਰੂ ਬਚਨਾਂ ਦੀ ਕਮਾਈ ਕਰ ਆਪਾ ਭਾਵ ਗੁਆ ਕੇ ਪਰਮਾਤਮਾਂ ਦਾ ਰੂਪ ਬਣ ਜਾਂਦੇ ਹਨ ਜਿਵੇਂ ਪਤਾਸਾ ਪਾਣੀ ਵਿੱਚ ਪੈ ਕੇ ਆਪਣਾ ਅਕਾਰ ਤੇ ਹੋਂਦ ਖਤਮ ਕਰ ਕੇ ਪਾਣੀ ਦਾ ਰੂਪ ਬਣ ਗਿਆ, ਪਾਣੀ ਤੇ ਪਤਾਸਾ ਇੱਕ ਰੂਪ ਹੋ ਗਏ ਹਨ। ਤਿਵੇਂ ਸੱਚੇ ਨਿਸ਼ਕਾਮ ਤੇ ਭਾਵਨੀ ਵਾਲੇ ਸਿੱਖ ਭਾਈ ਜੱਗਾ ਸਿੰਘ ਵਾਂਗ ਆਪਾ ਭਾਵ ਗੁਆ ਕੇ ਬ੍ਰਹਮ-ਬੇਤਾ, ਬ੍ਰਹਮ-ਦ੍ਰਿਸ਼ਟੀ ਦੇ ਮਾਲਕ ਬਣ ਜਾਂਦੇ ਹਨ। ਉਨ੍ਹਾਂ ਨੂੰ:-

**ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥**

ਤਿਲੰਗ ਮ: ੫, ਅੰਗ: ੭੨੪

ਹੀ ਹਰ ਪ੍ਰਾਣੀ ਅੰਦਰ ਦ੍ਰਿਸ਼ਟੀ ਆਉਂਦਾ ਹੈ।

ਦੂਸਰੇ ਉਹ ਸਿੱਖ ਹਨ ਜੋ ਨਿਸ਼ਕਾਮਤਾ ਨਾਲ ਨਹੀਂ ਬਲਕਿ ਮਨ ਵਿੱਚ ਕੋਈ ਕਾਮਨਾ ਰੱਖ ਕੇ, ਬਾਣੀ ਵੀ ਪੜ੍ਹਦੇ ਤੇ ਪ੍ਰੇਮ ਨਾਲ ਨਾਮ ਵੀ ਜਪਦੇ ਹਨ, ਪਿਆਰ ਨਾਲ ਸੇਵਾ ਵੀ ਕਰਦੇ ਤੇ ਗੁਰੂ ਹੁਕਮ ਵੀ ਮੰਨਦੇ ਹਨ। ਉਹ ਪਰਮਾਤਮਾ ਨਾਲ ਮਿਲ ਤਾਂ ਜਾਂਦੇ ਹਨ ਪਰ ਪਰਮਾਤਮਾਂ ਨਾਲ ਅਭੇਦ ਨਹੀ ਹੁੰਦੇ ਉਹ ਮਿਲੇ ਵੀ ਹੁੰਦੇ ਹਨ ਤੇ ਵੱਖਰਾ-ਪਨ ਵੀ ਉਨ੍ਹਾਂ ਦਾ ਬਣਿਆ ਰਹਿੰਦਾ ਹੈ। ਜਿਵੇਂ ਮਿੱਟੀ ਦੀ ਢੀਮ ਪਾਣੀ ਵਿੱਚ ਘੁਲ ਵੀ ਗਈ ਹੈ ਪਰ ਉਸ ਦੀ ਵੱਖਰੀ ਹਸਤੀ ਚਿੱਕੜ ਦੇ ਰੂਪ ਵਿੱਚ ਕਾਇਮ ਵੀ ਹੈ। ਅਜਿਹੇ ਸਿੱਖਾਂ ਨੂੰ ਪਰਮਾਤਮਾ ਨਾਲ ਅਭੇਦ ਹੋਣ ਲਈ, ਆਪਣੀ ਹੋਂਦ ਤੇ ਕਾਮਨਾ ਖਤਮ ਕਰਨ ਲਈ ਮੁੜ ਜਨਮ ਧਾਰਨ ਕਰਕੇ, ਨਿਸ਼ਕਾਮ ਭਗਤੀ ਕਰਨੀ ਪੈਂਦੀ ਹੈ।

ਜਿੰਨਾਂ ਚਿਰ ਉਨ੍ਹਾਂ ਦਾ ਆਪਾ ਭਾਵ (ਵੱਖਰਾ-ਪਨ) ਤੇ ਦੁਨੀਆਂ ਨਾਲੋਂ ਪੂਰਨ ਲਗਾਓ ਨਹੀਂ ਟੁੱਟਦਾ ਉਨ੍ਹਾਂ ਚਿਰ ਉਨ੍ਹਾਂ ਨੂੰ ਪ੍ਰਭੂ ਸਰੂਪ ਵਿੱਚ ਅਭੇਦਤਾ ਪ੍ਰਾਪਤ ਨਹੀ ਹੁੰਦੀ।

ਤੀਸਰੇ ਉਹ ਹਨ ਜੋ ਕੇਵਲ ਲੋਕ ਵਿਖਾਵੇ ਲਈ, ਵਾਹਵਾ ਖੱਟਣ ਲਈ ਬਾਣੀ ਵੀ ਪੜ੍ਹਦੇ ਹਨ ਤੇ ਲੋਕ ਵਿਖਾਵੇ ਲਈ ਸੇਵਾ ਵੀ ਕਰਦੇ ਹਨ ਪਰ ਗੁਰੂ ਬਚਨਾਂ ਅਨੁਸਾਰ ਆਪਣਾ ਜੀਵਨ ਨਹੀਂ ਬਣਾਉਂਦੇ ਅਤੇ ਨਾ ਹੀ ਉਹ ਕਾਮਨਾ ਰਹਿਤ ਹੁੰਦੇ ਹਨ। ਅਜਿਹੇ ਵਿਖਾਵੇ ਵਾਲੇ ਸਿੱਖ ਪੱਥਰ ਵਾਂਗ ਉੱਪਰੋਂ ਗਿੱਲੇ ਦਿਖਾਈ ਦਿੰਦੇ ਹਨ ਪਰ ਅੰਦਰੋਂ ਨਾਮ ਬਾਣੀ ਦੇ ਰਸ ਤੋਂ ਅਭਿੱਜ ਕੋਰੇ ਹੁੰਦੇ ਹਨ। ਉਹ ਰਹਿਤ ਰਾਹੀਂ ਲੋਕ ਵਿਖਾਵਾ ਤਾਂ ਬਹੁਤ ਕਰਦੇ ਹਨ ਪਰ ਕਰਣੀ ਤੋਂ ਥੋਥੇ ਹੋਣ ਕਰਕੇ, ਉਹ ਅਭਿੱਜ ਪੱਥਰ ਵਰਗਾ ਜੀਵਨ ਬਤੀਤ ਕਰਦੇ ਆਵਾਗਉਣ ਦਾ ਜੀਵਨ ਭੋਗਦੇ ਹਨ। ਉਨ੍ਹਾਂ ਉੱਪਰ ਭਾਈ ਗੁਰਦਾਸ ਜੀ ਦਾ ਫੁਰਮਾਨ ਢੁਕਦਾ ਹੈ:-

**ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ ॥**
**ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ ॥**

ਭਾਈ ਗੁਰਦਾਸ ਜੀ,ਵਾਰ ੩੫, ਪਉੜੀ ੧

ਅਨੰਦਪੁਰ ਸਾਹਿਬ ਦੀ ਧਰਤੀ ਤੇ ਗੁਰਦੇਵ ਪਿਤਾ ਜੀ ਵੱਲੋਂ ਵਰਤਾਏ ਇਸ ਕੌਤਕ ਤੋਂ ਸੇਧ ਲੈਣੀ ਬਣਦੀ ਹੈ ਕਿ ਜਿਵੇਂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਣੀ ਵਿੱਚ, ਪਤਾਸਾ, ਮਿੱਟੀ ਦੀ ਢੀਮ ਤੇ ਪੱਥਰ ਪਾ ਕੇ ਦਰਸਾਇਆ ਕਿ ਜੇ ਆਪਾਂ ਗੁਰੂ ਖੁਸ਼ੀ ਪ੍ਰਾਪਤ ਕਰ, ਪ੍ਰਭੂ ਸਮਾਈ ਲੋਚਦੇ ਹਾਂ ਫਿਰ ਪੱਥਰ ਵਰਗੀ ਬਿਰਤੀ ਦੇ ਧਾਰਨੀ ਬਿਲਕੁਲ ਨਾ ਬਣਿਓ, ਕਿਉਂਕਿ ਪੱਥਰ ਨੂੰ ਭਾਵੇਂ ਹਜ਼ਾਰਾਂ ਸਾਲ ਪਾਣੀ ਵਿੱਚ ਰੱਖ ਛੱਡੀਏ ਉਸ ਵਿੱਚ ਪਾਣੀ ਦਾ ਅਸਰ ਨਹੀਂ ਹੁੰਦਾ। ਜਿਹਾ ਪਾਣੀ ਵਿੱਚ ਪਿਆ, ਜਿਹਾ ਨਾ ਪਿਆ। ਅਜਿਹੀ ਵਿਖਾਵੇ ਦੀ ਸਿੱਖੀ ਦਾ ਕੋਈ ਲਾਭ ਨਹੀਂ। ਸਤਿਗੁਰੂ ਕਲਗੀਧਰ ਜੀ ਦਾ ਬਚਨ ਹੈ:-

**ਭੇਖ ਦਿਖਾਏ ਜਗਤ ਕੋ ਲੋਗਨ ਕੋ ਵਸਿ ਕੀਨ॥**
**ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ॥**

ਅਜਿਹੀ ਭੇਖ ਵਾਲੀ ਸਿੱਖੀ ਧਾਰਨ ਕਰਕੇ ਲੋਕਾਂ ਦੀ ਵਾਹਵਾ ਖੱਟਣ ਤੇ ਲੋਕਾਈ ਨੂੰ ਧੋਖਾ ਦੇਣ ਨਾਲ ਸਗੋਂ ਸਿਰ ਤੇ ਉਲਟਾ ਪਾਪ ਚੜ੍ਹਦਾ ਹੈ।

ਮਿੱਟੀ ਦੀ ਢੀਮ ਵਾਲੀ ਸਾਕਾਮਤਾ ਵਾਲੀ ਸਿੱਖੀ ਵੀ ਗੁਰੂ ਨੂੰ ਪ੍ਰਵਾਣ ਨਹੀਂ। ਠੀਕ ਹੈ, ਬਾਣੀ ਪੜ੍ਹਨ, ਸੇਵਾ ਕਰਨ ਤੇ ਕਾਮਨਾ ਰੱਖ ਕੇ ਸਿੱਖੀ ਕਮਾਉਣ ਨਾਲ ਮਨੋਕਾਮਨਾ ਤਾਂ ਪੂਰੀ ਹੋ ਜਾਵੇਗੀ ਪਰ ਆਵਾਗਉਣ ਦਾ ਚੱਕਰ ਨਹੀਂ ਮੁੱਕਦਾ। ਜਿਹੋ ਜਿਹੀ ਕਾਮਨਾਂ ਅਧੀਨ ਜਗਿਆਸੂ ਜੀਵਨ ਬਤੀਤ ਕਰੇਗਾ। ਉਹੋ ਸੰਸਕਾਰ ਉਸ ਨੂੰ

ਮੁੜ ਮੁੜ ਜੂਨਾਂ ਵਿੱਚ ਭਰਮਾਉਣਗੇ ਜਿਵੇਂ ਭਗਤ ਤ੍ਰਿਲੋਚਨ ਜੀ ਨੇ ਗੂਜਰੀ ਰਾਗ ਅੰਦਰ ਫੁਰਮਾਨ ਕੀਤਾ ਹੈ:-

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥੨॥

ਭਗਤ ਤ੍ਰਿਲਚੋਨ ਜੀ, ਅੰਗ: ੫੨੬

ਸਤਿਗੁਰੂ ਜੀ ਨੂੰ ਪਤਾਸੇ ਵਾਲੀ ਸਿੱਖੀ ਭਾਉਂਦੀ ਹੈ। ਜੋ ਨਿਸ਼ਕਾਮਤਾ ਸਹਿਤ ਪ੍ਰੇਮ-ਭਾਵਨਾਂ ਸ਼ਰਧਾ ਨਾਲ ਕਮਾਈ ਜਾ ਸਕਦੀ ਹੈ। ਅਜਿਹੀ ਨਿਸ਼ਕਾਮਤਾ, ਸ਼ਰਧਾ ਪ੍ਰੇਮ-ਭਾਵਨੀ ਵਾਲੀ ਕਮਾਈ ਹੋਈ ਗੁਰਸਿੱਖੀ ਦੁਆਰਾ ਜਗਿਆਸੂ ਦਾ ਭਾਈ ਜੱਗਾ ਸਿੰਘ ਵਾਂਗ ਆਪਾ ਭਾਵ ਖਤਮ ਹੋ ਜਾਂਦਾ ਹੈ ਤੇ ਜਿਵੇਂ ਪਤਾਸਾ ਪਾਣੀ ਵਿੱਚ ਪੈ ਕੇ ਆਪਣੀ ਹੋਂਦ ਖਤਮ ਕਰ ਕੇ ਪਾਣੀ ਦਾ ਰੂਪ ਹੀ ਬਣ ਜਾਂਦਾ ਹੈ ਤਿਵੇਂ ਉਹ ਗੁਰਸਿੱਖ ਪ੍ਰਮਾਤਮਾਂ ਦਾ ਰੂਪ ਹੀ ਹੋ ਜਾਂਦੇ ਹਨ। ਉਨ੍ਹਾਂ ਦੀ ਆਪਣੀ ਵੱਖਰੀ ਹੋਂਦ ਖਤਮ ਹੋ ਜਾਂਦੀ ਹੈ ਤੇ ਉਨ੍ਹਾਂ ਉੱਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਢੁਕ ਜਾਂਦਾ ਹੈ:-

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥

ਮ:੯, ਅੰਗ: ੬੩੩

ਅਤੇ ਉਨਾਂ ਦੀ ਅਵਸਥਾ ਗੁਰਦੇਵ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਵਾਲੀ ਬਣ ਜਾਂਦੀ ਹੈ:-

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਮ: ੫, ਅੰਗ: ੨੭੮

ਐਸੇ ਗੁਰਮੁਖ ਪਿਆਰੇ ਅਜਿਹੀ ਅਵਸਥਾ ਨੂੰ ਪ੍ਰਾਪਤ ਕਰ ਆਪਣਾ ਜੀਵਨ ਸਫਲਾ ਬਣਾ ਆਪਣੇ ਮੂਲ ਪ੍ਰਮਾਤਮਾਂ ਨਾਲ ਇੱਕ ਮਿੱਕ ਹੋ ਜਾਂਦੇ ਹਨ। ਅਜਿਹੇ ਗੁਰੂ

ਪਿਆਰਿਆਂ ਦੀ ਦ੍ਰਿਸ਼ਟੀ ਵਿੱਚ ਭਗਤ ਨਾਮਦੇਵ ਜੀ ਦਾ ਬਚਨ ਵਸ ਜਾਂਦਾ ਹੈ:-

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

ਨਾਮਦੇਵ ਜੀ, ਅੰਗ: ੪੮੫

ਸੰਸਾਰ ਅੰਦਰ ਗੁਰਸਿੱਖੀ ਦੀ ਦਾਤ ਸਭ ਤੋਂ ਅਮੋਲਕ ਹੈ। ਜਿਸ ਜਗਿਆਸੂ ਨੂੰ ਸਤਿਗੁਰੂ ਜੀ ਗੁਰਸਿੱਖੀ ਦੀ ਦਾਤ ਪ੍ਰਦਾਨ ਕਰ ਦਿੰਦੇ ਹਨ। ਉਹ ਸਭ ਤੋਂ ਉੱਚੇ ਭਾਗਾਂ ਵਾਲਾ ਬਣ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:-

**ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ**

ਮ: ੪, ਅੰਗ: ੬੪੯

ਅੱਜ ਆਪਾਂ ਵੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਆਏ ਹਾਂ ਜਾਂ ਉੱਥੇ ਜਾਣਾ ਹੈ। ਇਹ ਉਹ ਪਾਵਨ ਅਸਥਾਨ ਹੈ ਜਿਸ ਅਸਥਾਨ ਤੋਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਗੁਰਸਿੱਖੀ ਦੀ ਦਾਤ, ਰਹਿਣੀ-ਰਹਿਤ ਦੇ ਸੁਮੇਲ ਨਾਲ ਪ੍ਰਦਾਨ ਕੀਤੀ। ਗੁਰੂ ਚਰਨਾਂ ਵਿੱਚ ਥੋੜ੍ਹਾ ਸਮਾਂ ਬੈਠ ਇਕਾਗਰ ਚਿੱਤ ਹੋ ਬਾਰ-ਬਾਰ ਗੁਰਸਿੱਖੀ ਦੀ ਦਾਤ ਪ੍ਰਾਪਤ ਕਰਨ ਲਈ ਕਲਗੀਧਰ ਜੀ ਦੇ ਚਰਨਾਂ ਵਿੱਚ ਅਰਜ਼ੋਈਆਂ ਕਰੀਏ ਤੇ ਨਾਲ ਇਹ ਵੀ ਬੇਨਤੀ ਕਰੀਏ ਕਿ ਦਾਤਾ! ਗੁਰਸਿੱਖੀ ਦੀ ਦਾਤ ਪਤਾਸੇ ਵਰਗੀ ਬਖਸ਼ਿਸ਼ ਕਰਿਓ। ਮਿੱਟੀ ਦੀ ਢੀਮ ਤੇ ਪੱਥਰ ਵਾਲੀ, ਵਿਖਾਵੇ ਵਾਲੀ ਤੇ ਸਾਕਾਮ ਸਿੱਖੀ ਦੇ ਅਸੀਂ ਧਾਰਨੀ ਨਾ ਬਣੀਏ। ਕਿਉਂਕਿ ਪੱਥਰ ਬਿਰਤੀ ਤੇ ਢੀਮ ਬ੍ਰਿਤੀ ਦਾ ਧਾਰਨੀ ਗੁਰੂ ਦੇ ਸਮੀਪ ਬੈਠਾ ਬਚਨ ਸੁਣਦਾ ਵੀ ਗੁਰੂ ਮਿਹਰ ਤੋਂ ਖਾਲੀ ਰਹਿ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਅੰਦਰ ਕੰਵਲ-ਫੁੱਲ, ਜਾਲਾ, ਸਾਫ ਪਾਣੀ, ਭੌਰਾ, ਅੰਮ੍ਰਿਤ ਰੂਪੀ ਦੁੱਧ, ਚਿੱਚੜ ਤੇ ਕੁੱਤੇ ਦੀ ਪੂਛ ਦੀਆਂ ਕਈ ਉਦਾਹਰਣਾਂ ਦੇ ਕੇ ਸਾਨੂੰ ਆਪਣਾ ਸੁਭਾਅ ਤਿਆਗ ਕੇ ਗੁਰੂ ਦੇ ਅੰਮ੍ਰਿਤ ਰੂਪੀ ਬਚਨਾਂ ਦੀ ਕਮਾਈ ਕਰ, ਅੰਮ੍ਰਿਤ ਰਸ ਪੀਣ ਤੇ ਪਤਾਸੇ ਵਾਲੀ ਸਿੱਖੀ ਧਾਰਨ ਕਰਨ ਲਈ ਪ੍ਰੇਰਤ ਕੀਤਾ ਹੈ।

ਆਪ ਜੀ ਫੁਰਮਾਨ ਕਰਦੇ ਹਨ ਕਿ ਵੇਖੋ ਸਰੋਵਰ ਵਿੱਚ ਸਾਫ ਸੁਥਰਾ ਪਾਣੀ ਵੀ ਹੈ ਅਤੇ ਉਸੇ ਪਾਣੀ ਵਿਚ ਜਾਲਾ ਵੀ ਹੁੰਦਾ ਹੈ। ਦੋਵਾਂ ਦੇ ਸੁਮੇਲ ਵਾਲੇ ਪਾਣੀ ਵਿੱਚ ਕੰਵਲ ਫੁੱਲ ਵਸਦਾ ਜਾਲੇ ਤੋਂ ਨਿਰਲੇਪ ਰਹਿੰਦਾ ਹੈ। ਉਸ ਸਰੋਵਰ ਵਿੱਚ ਡੱਡੂ ਵੀ ਵੱਸਦਾ ਹੈ ਪਰ ਉਹ ਬੇ-ਸਮਝ ਡੱਡੂ ਕੰਵਲ ਫੁੱਲ ਦੇ ਮਕਰੰਦ ਦੀ ਕਦਰ ਨਹੀਂ ਕਰਦਾ ਤੇ ਸਦਾ ਜਾਲਾ ਤੇ ਕਿਰਮਾਂ ਦਾ ਹੀ ਅਹਾਰ ਕਰਦਾ ਆਪਣੀ ਨਦਾਨਗੀ ਦਾ ਪ੍ਰਗਟਾਵਾ ਕਰਦਾ ਹੈ। ਹੇ ਮੇਂਡਕ! ਤੂੰ ਸਦਾ ਪਾਣੀ ਤੇ ਕੰਵਲ ਫੁੱਲ ਦੇ ਕੋਲ ਵਸਦਾ ਹੈਂ ਪਰ ਭੌਰਾ ਪਾਣੀ ਵਿੱਚ ਨਹੀਂ ਵੱਸਦਾ ਉਹ ਦੂਰੋਂ ਆ ਕੇ ਕੰਵਲ ਫੁੱਲ ਦੀ ਚੋਟੀ ਤੇ ਬੈਠ, ਮਕਰੰਦ

ਰਸ ਚੂਸ, ਆਪਣੀ ਤ੍ਰਿਪਤੀ ਕਰਦਾ ਹੈ ਤੇ ਮਸਤ ਹੋ ਕੇ ਜਾਂਦਾ ਹੈ। ਵੇਖ ਕਮੁਦਨੀਆਂ[੧] ਚੰਦਰਮਾਂ ਨੂੰ ਦੂਰ ਤੋਂ ਵੇਖ ਕੇ, ਖਿੜਦੀਆਂ ਤੇ ਨਿਵ ਜਾਂਦੀਆਂ ਹਨ। ਜਿਵੇਂ ਦੁੱਧ ਦੇਣ ਵਾਲੇ ਪਸ਼ੂਆਂ ਦੇ ਥਣਾਂ ਅੰਦਰ ਅੰਮ੍ਰਿਤਮਈ ਮਿੱਠਾ ਦੁੱਧ ਨਿਵਾਸ ਕਰਦਾ ਹੈ ਪਰ ਚਿੱਚੜ ਉਸੇ ਹੀ ਥਣਾਂ 'ਚੋਂ ਲਹੂ ਹੀ ਚੂਸਦਾ ਰਹਿੰਦਾ ਹੈ। ਹੇ ਮਨਮੁਖ ਰੂਪੀ ਮਨੁੱਖ ਡੱਡੂ ! ਤੂੰ ਆਪਣਾ ਸੁਭਾਅ ਕਿਉਂ ਨਹੀਂ ਬਦਲਦਾ? ਜਿਵੇਂ ਗਿਆਨਵਾਨਾਂ ਵਿਦਵਾਨਾਂ ਦੀ ਸੰਗਤ ਵਿੱਚ ਮੂਰਖ ਬੰਦੇ ਵੀ ਬੈਠ ਕੇ ਗਿਆਨ ਦੀਆਂ ਵੀਚਾਰਾਂ ਵੇਦ-ਸ਼ਾਸਤਰਾਂ ਦੇ ਅਰਥ ਸੁਣਦੇ ਹਨ ਪਰ ਆਪਣਾ ਮੂਰਖਤਾਈ ਦਾ ਸੁਭਾਅ ਨਹੀਂ ਛੱਡਦੇ। ਜਿਵੇਂ ਕੁੱਤੇ ਦੀ ਪੂਛ ਲੱਖ ਜਤਨ ਕਰਿਆਂ ਵੀ ਸਿੱਧੀ ਨਹੀਂ ਹੁੰਦੀ ਤਿਵੇਂ ਹੇ ਮਨੁੱਖ ! ਤੂੰ ਵੀ ਆਪਣਾ ਖੋਟਾ ਸੁਭਾਅ ਨਹੀਂ ਛੱਡਦਾ। ਜਿਵੇਂ ਡੱਡੂ ਤੇ ਚਿੱਚੜ ਆਪਣਾ ਸੁਭਾਅ ਨਹੀਂ ਤਿਆਗਦੇ ਤਿਵੇਂ ਪੱਥਰ ਵਾਲੀ ਸਿੱਖੀ ਧਾਰਨ ਕਰਨ ਵਾਲੇ ਵੀ ਗੁਰੂ ਪਾਸ ਬੈਠ ਸੰਗਤ ਕਰ ਲਾਹਾ ਪ੍ਰਾਪਤ ਨਹੀ ਕਰਦੇ ਪਰ ਪਤਾਸੇ ਵਾਲੇ ਸੁਭਾਅ ਵਾਲੇ ਗੁਰਮੁਖ ਜਿੱਥੇ ਨਾਮ ਨਾਲ ਜੁੜ ਕੇ ਨਾਮ ਰਸ ਮਾਣਦੇ ਹਨ, ਉੱਥੇ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰ ਆਪਣਾ ਲੋਕ ਪ੍ਰਲੋਕ ਸਵਾਰ ਲੈਂਦੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ, ਪੂਰਬਲੇ ਕਰਮਾਂ ਦੇ ਸੁਭਾਅ ਬਦਲਣੇ ਔਖੇ ਹਨ ਪਰ ਗੁਰੂ ਦਾ ਬਖਸ਼ਿਸ਼ ਕੀਤਾ ਨਾਮ ਜਪ ਕੇ ਮਨੁੱਖ ਪੂਰਬਲੇ ਕਰਮਾਂ ਦੀ ਲੇਪ-ਛੇਪ ਤੋਂ ਮੁਕਤ ਹੋ ਸਕਦਾ ਹੈ:-

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥
ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥

ਮਾਰੂ ਮ: ੧, ਅੰਗ: ੯੯੦

ਸਤਿਗੁਰੂ ਨਾਨਕ ਪਾਤਸ਼ਾਹ ਸਿਰੀਰਾਗ ਅੰਦਰ ਉਪਰਲੇ ਬਚਨਾਂ ਦੀ ਪ੍ਰੋੜਤਾ ਕਰਦੇ ਸਾਨੂੰ ਉਪਦੇਸ਼ ਦੇਂਦੇ ਹਨ ਕਿ ਹੇ ਗੁਰਸਿੱਖ ! ਸਰੀਰ ਤੇਰਾ ਵਿਕਾਰਾਂ ਦੇ ਚਿੱਕੜ

੧.ਰਾਤ ਦੇ ਸਮੇਂ ਖਿੜਨ ਵਾਲਾ ਕੰਵਲ ਫੁੱਲ

ਨਾਲ ਭਰਿਆ ਪਿਆ ਹੈ। ਮਨ ਰੂਪੀ ਡੱਡੂ ਦਿਨ-ਰਾਤ ਵਿਕਾਰਾਂ ਦਾ ਜਾਲਾ ਤੇ ਚਿੱਕੜ ਖਾਣ ਵਿੱਚ ਪ੍ਰਵਿਰਤ ਹੈ। ਹਿਰਦੇ ਰੂਪੀ ਕੰਵਲ ਵਿੱਚ ਨਾਮ ਦੇ ਰਸ ਦੀ ਮਨ ਨੂੰ ਭੋਰਾ ਜਿੰਨੀਂ ਵੀ ਸਾਰ ਨਹੀਂ ਗੁਰੂ ਮੁਰਸ਼ਦ ਮਨ ਨੂੰ ਬਾਰ-ਬਾਰ ਇਸ ਅਸਲੀਅਤ ਦੀ ਦੁਹਾਈ ਦੇ ਕੇ ਸੁਚੇਤ ਕਰਦਾ ਹੈ ਪਰ ਕਠੋਰ ਮਨ ਗੁਰੂ ਦੀ ਇੱਕ ਵੀ ਸੁਣਦਾ ਨਹੀਂ:-

**ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ॥**
**ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ॥**

ਮ: ੧, ਅੰਗ: ੨੪

ਭਾਈ ਗੁਰਦਾਸ ਜੀ ਨੇ ਵੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਅਤੇ ਦਸਮੇਸ਼ ਪਿਤਾ ਜੀ ਦੇ ਪਾਵਨ ਬਚਨਾਂ ਦੀ ਵਿਆਖਿਆ ਸਤਾਹਰਵੀਂ ਵਾਰ ਦੀ ਦੂਸਰੀ ਪਉੜੀ ਅੰਦਰ ਬੜੇ ਵਿਸਥਾਰ ਨਾਲ ਕੀਤੀ ਹੈ। ਆਪ ਲਿਖਦੇ ਹਨ ਕਿ ਨਿਰਮਲ ਪਾਣੀ ਦੇ ਤਲਾਉ ਵਿੱਚ ਕੰਵਲ ਫੁੱਲ ਉੱਗ ਕੇ ਪ੍ਰਫੁਲਤ ਹੁੰਦੇ ਹਨ। ਕੰਵਲ ਫੁੱਲ ਖਿੜ ਕੇ ਆਪਣੀ ਸੁੰਦਰਤਾ ਤੇ ਸੁਹਣੀ ਸੁਗੰਧੀ ਛੱਡਦੇ ਹਨ। ਭਵਰੇ ਭਾਂਵੇਂ ਕੰਵਲ ਫੁੱਲ ਤੋਂ ਦੂਰ ਜੰਗਲ ਵਿੱਚ ਰਹਿੰਦੇ ਹਨ ਪਰ ਉਨ੍ਹਾਂ ਦੇ ਅੰਦਰ ਕੰਵਲ ਫੁੱਲ ਦੀ ਭਾਲ ਕਰਨ ਦੀ ਇੱਛਾ ਅਧੀਨ ਉਹ ਦੂਰੋਂ- ਦੂਰੋਂ ਆ ਕੇ ਕੰਵਲ ਫੁੱਲਾਂ ਨੂੰ ਲੱਭ ਲੈਂਦੇ ਹਨ ਤੇ ਕੰਵਲ ਫੁੱਲ ਦੀ ਮਹਿਕ ਮਾਣਦੇ ਹਨ ਤੇ ਕੰਵਲ ਫੁੱਲ ਦੇ ਮਕਰੰਦ ਨੂੰ ਚੂਸਦੇ ਮਾਣਦੇ ਅਨੰਦਤ ਹੁੰਦੇ ਹਨ। ਸੂਰਜ ਬਹੁਤ ਦੂਰ ਅਸਮਾਨ ਵਿੱਚ ਨਿਕਲ ਕੇ ਜਿਉਂ ਹੀ ਚਮਕਾਂ ਮਾਰਨੀਆਂ ਅਰੰਭ ਕਰਦਾ ਹੈ ਹੇਠਾਂ ਧਰਤੀ ਤੇ ਪਾਣੀ ਅੰਦਰ ਪੈਦਾ ਹੋਏ ਕੰਵਲ ਦੇ ਫੁੱਲ ਖਿੜਨੇ ਅਰੰਭ ਹੋ ਜਾਂਦੇ ਹਨ। ਦੂਸਰੇ ਪਾਸੇ ਡੱਡੂ ਵੀ ਉਸੇ ਸਰੋਵਰ ਵਿੱਚ ਵਸਦਾ ਹੈ ਪਰ ਉਸ ਨੂੰ ਕੰਵਲ ਫੁੱਲ ਦੀ ਮਹਿਕ ਤੇ ਮਕਰੰਦ ਦੀ ਭੋਰਾ ਵੀ ਸਾਰ ਨਹੀਂ। ਜਿਸ ਕਰਕੇ ਉਹ ਕੰਵਲ ਫੁੱਲ ਦੇ ਕੋਲ ਰਹਿੰਦਾ ਉਸ ਦੀ ਵਾਸ਼ਨਾ ਤੇ ਰਸ ਤੋ ਵਾਂਝਾ ਰਹਿ ਜਾਂਦਾ ਹੈ। ਇਸੇ ਤਰ੍ਹਾਂ ਬਹੁਤੇ ਮਨੁੱਖ ਸਤਿਸੰਗਤ ਤੇ ਗੁਰੂ ਦੀ ਸੰਗਤ ਕਰਕੇ ਅਤੇ ਗੁਰੂ ਦੇ ਬਚਨ ਸੁਣ ਕੇ ਵੀ ਉਸ ਤੇ ਅਮਲ ਨਹੀਂ ਕਰਦੇ ਉਨ੍ਹਾਂ ਦਾ ਜੀਵਨ ਪੱਥਰ ਵਾਂਗ ਗੁਰੂ ਉਪਦੇਸ਼ ਤੋਂ ਕੋਰਾ ਹੀ ਰਹਿ ਜਾਂਦਾ ਹੈ। ਅਖ਼ੀਰ ਵਿੱਚ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ। ਅਜਿਹੇ ਮਨੁੱਖਾਂ ਦੇ ਮਾੜੇ ਭਾਗ ਹੀ ਸਮਝਣੇ ਚਾਹੀਦੇ ਹਨ ਜੋ ਸਰੋਵਰ ਦੇ ਕੰਢੇ ਬੈਠੇ ਵੀ ਤਿਹਾਏ ਹੀ ਰਹਿੰਦੇ ਹਨ। ਆਪ ਦਾ ਫੁਰਮਾਨ ਹੈ:-

**ਨਿਰਮਲੁ ਨੀਰੁ ਸੁਹਾਵਣਾ ਸੁਭਰ ਸਰਵਰਿ ਕਵਲ ਫੁਲੰਦੇ॥**
**ਰੂਪ ਅਨੂਪ ਸਰੂਪ ਅਤਿ ਗੰਧ ਸੁਗੰਧ ਹੋਇ ਮਹਕੰਦੇ॥**
**ਭਵਰਾਂ ਵਾਸਾ ਵੰਝ ਵਣਿ ਖੋਜਹਿ ਏਕੈ ਖੋਜਿ ਲਹੰਦੇ॥**
**ਲੋਭ ਲੁਭਤਿ ਮਕਰੰਦ ਰਸਿ ਦੂਰਿ ਦਿਸੰਤਰਿ ਆਇ ਮਿਲੰਦੇ॥**

ਸੂਰਜੁ ਗਗਨਿ ਉਦੋਤ ਹੋਇ ਸਰਵਰ ਕਵਲ ਧਿਆਨ ਧਰੰਦੇ॥
ਡੱਡੂ ਚਿਕੜਿ ਵਾਸੁ ਹੈ ਕਵਲ ਸਿਵਾਣਿ ਨ ਮਾਣਿ ਸਕੰਦੇ॥
ਸਾਧਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸ ਨ ਰਹਤ ਰਹੰਦੇ॥
ਮਸਤਕਿ ਭਾਗ ਜਿਨ੍ਹਾਂ ਦੇ ਮੰਦੇ॥੨॥

ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੨

ਸੋ, ਆਪਾਂ ਨਾ ਤਾਂ ਮਿੱਟੀ ਦੀ ਢੀਮ ਵਾਲੀ, ਨਾ ਪੱਥਰ ਬਿਰਤੀ ਧਾਰਨੀ ਹੈ ਨਾ ਹੀ ਡੱਡੂ ਤੇ ਚਿੱਚੜ ਦੇ ਸੁਭਾਵਾਂ ਦੇ ਧਾਰਨੀ ਬਣਨਾ ਹੈ। ਸਗੋਂ ਸਤਿਗੁਰੂ ਜੀ ਅਤੇ ਪੂਰਨ ਗੁਰਸਿੱਖੀ ਦੀ ਸੰਗਤ ਕਰਕੇ, ਭੰਵਰੇ ਵਰਗਾ ਸੁਭਾਅ ਬਣਾ ਕੇ ਪਤਾਸੇ ਵਾਲੀ ਸਿੱਖੀ ਕਮਾਉਣੀ ਹੈ। ਤਦ ਹੀ ਸਾਡੀ ਅਨੰਦਪੁਰ ਸਾਹਿਬ ਜੀ ਦੀ ਜ਼ਿਆਰਤ ਕੀਤੀ ਤੇ ਗੁਰੂ ਚਰਨਾਂ ਵਿੱਚ ਨਤਮਸਤਕ ਹੋਇਆ ਸਫ਼ਲਾ ਹੋਵੇਗਾ।

# ੩੪
# ਪੁੱਠੇ ਲੇਖਾਂ ਨੂੰ ਸਿੱਧੇ ਕਰਨ ਦਾ ਰਸਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਪੁਰਤਾਨ ਧਰਮ ਗ੍ਰੰਥਾਂ ਦਾ ਕਥਨ ਹੈ 'ਕੀਏ ਬਿਨ ਲਾਗੇ ਨਹੀ, ਭੋਗੇ ਬਿਨ ਭਾਗੇ ਨਹੀਂ, ਕਰਮ ਗਤੀ ਬਲਵਾਨ' ਭਾਵ ਕਿ ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, ਉਹੋ ਕਰਮ ਮਨੁੱਖ ਦੇ ਭਾਗ ਬਣ ਜਾਂਦੇ ਹਨ; ਜਿਹੋ ਜਿਹੇ ਭਾਗ ਬਣ ਜਾਂਦੇ ਹਨ, ਹਰ ਮਨੁੱਖ ਨੂੰ ਉਨ੍ਹਾਂ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਕਰਮਾਂ ਦਾ ਫਲ ਭੁਗਤਣ ਤੋਂ ਬਿਨਾਂ ਕਰਮ ਟਲਦੇ ਨਹੀਂ ਹਨ।

ਇੱਕ ਦਿਨ ਕਲਗੀਧਰ ਜੀ ਦਾ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਧਰਤੀ ਤੇ ਦਰਬਾਰ ਸੱਜਿਆ ਹੋਇਆ ਸੀ। ਇੱਕ ਮੁਸਲਮਾਨ ਕਾਜੀ ਜਿਸ ਦਾ ਨਾਉਂ ਇਤਹਾਸ ਵਿਚ ਸਲਾਰਦੀਨ ਲਿਖਿਆ ਹੈ, ਭਾਈ ਬੱਗਾ ਸਿੰਘ ਗੁਰੂ ਕੇ ਸਿੱਖ ਦੀ ਸੰਗਤ ਕਰਕੇ ਕਲਗੀਧਰ ਜੀ ਦਾ ਸ਼ਰਧਾਲੂ ਬਣ, ਭਾਈ ਬੱਗਾ ਸਿੰਘ ਨਾਲ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਸ੍ਰੀ ਗੁਰੂ ਜੀ ਤਖ਼ਤ ਪੁਰ ਬਿਰਾਜਮਾਨ ਹੋ ਸੰਗਤਾਂ ਨੂੰ ਦਰਸ਼ਨ ਦੇ ਨਿਹਾਲ ਕਰ ਰਹੇ ਸਨ। ਸੰਗਤਾਂ ਸਾਹਿਬਾਂ ਦੇ ਚਰਨਾਂ ਵਿੱਚ ਭੇਟਾ ਰੱਖਦੀਆਂ ਅਨੇਕ ਪ੍ਰਕਾਰ ਦੇ ਸਤਿਗੁਰਾਂ ਪਾਸੋਂ ਵਰ-ਅਸੀਸਾਂ ਮੰਗਦੀਆਂ, ਨਿਹਾਲ ਹੁੰਦੀਆਂ, ਗਦ-ਗਦ ਹੋ ਰਹੀਆਂ ਸਨ। ਮੇਵੜਾ ਸਿੰਘ ਦੂਰੋਂ ਆਈਆਂ ਸੰਗਤਾਂ ਦੀਆਂ ਅਰਦਾਸਾਂ ਗੁਰੂ ਚਰਨਾਂ ਵਿੱਚ ਅਰਦਾਸ ਰਾਹੀਂ ਪਹੁੰਚਾਉਂਦਾ। ਸਤਿਗੁਰੂ ਜੀ ਸੰਗਤਾਂ ਨੂੰ ਅਨੇਕਾਂ ਵਰ ਬਖਸ਼ਿਸ਼ ਕਰ ਉਨ੍ਹਾਂ ਦੀਆਂ ਮਨੋਕਾਮਨਾਂ ਪੂਰੀਆਂ ਹੋਣ ਦਾ ਬਚਨ ਦਿੰਦੇ। ਕਾਜ਼ੀ ਸਲਾਰਦੀਨ ਇਹ ਸਾਰਾ ਕੁੱਝ ਵੇਖ ਸੰਸੇ ਦੀ ਗ੍ਰਿਫ਼ਤ ਵਿੱਚ ਆ ਗਿਆ ਮਨ ਵਿੱਚ ਵੀਚਾਰ ਕਰਨ ਲੱਗਾ ਕਿ ਸਾਰੇ ਧਰਮ ਗ੍ਰੰਥ ਸਮੇਤ ਕੁਰਾਨ ਦੇ ਇਹੀ ਕਹਿਦੇ ਹਨ ਕਿ ਮਨੁੱਖ ਦੇ ਭਾਗ (ਕਿਸਮਤ) ਨਹੀਂ ਬਦਲਦੇ। ਸਿੱਖਾਂ ਦੀ ਜੁਬਾਨੀ ਵੀ ਮੈਂ ਸੁਣਿਆ ਹੈ ਕਿ **'ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ'** ਪਰ ਸਤਿਗੁਰੂ ਸੰਗਤਾਂ ਨੂੰ ਵਰ ਵੀ ਦਿੰਦੇ ਹਨ ਤੇ ਬਖਸ਼ਿਸ਼ਾਂ ਵੀ ਕਰਦੇ ਹਨ। ਜੇ ਲਿਖਿਆ ਹੋਇਆ ਮਿਟਣਾ ਹੀ ਨਹੀਂ ਫਿਰ ਗੁਰੂ ਦੇ ਦਿੱਤੇ ਵਰ ਦਾ ਕੀ ਅਰਥ ਹੋਇਆ? ਕਾਜ਼ੀ ਸਲਾਰਦੀਨ ਸ਼ੰਕੇ ਨੂੰ ਨਵਿਰਤ ਕਰਨ ਲਈ ਗੁਰੂ ਚਰਨਾਂ ਵਿੱਚ ਖਲੋ ਗਿਆ ਤੇ ਬੇਨਤੀ ਕੀਤੀ ਪਾਤਸ਼ਾਹ! ਸਾਡੇ ਧਰਮ ਵਿੱਚ ਲਿਖਿਆ ਹੈ:-

**ਹਰ ਕਿ ਸ਼ਕੇ ਆਰਦ ਕਾਫਰ ਗਰਦਦ**[੧]

੧. ਜਿਸ ਦੇ ਮਨ ਵਿੱਚ ਸ਼ੱਕ ਫੁਰੇ ਸੋ ਕਾਫ਼ਰ ਹੈ।

ਆਇਆ ਸਾਂ ਮੈਂ ਨਿਰਸੰਸੇ ਹੋਣ ਪਰ ਮੇਰਾ ਮਨ ਸੰਸੇ ਵਿੱਚ ਫਸ ਕੇ ਕਾਫ਼ਰ ਹੋ ਗਿਆ ਹੈ।

ਇਸ ਸਾਰੀ ਵਾਰਤਾ ਨੂੰ ਭਾਈ ਵੀਰ ਸਿੰਘ ਜੀ ਨੇ ਕਲਗੀਧਰ ਚਮਤਕਾਰ ਵਿੱਚ ਹੇਠ ਲਿਖੇ ਅਨੁਸਾਰ ਅੰਕਤ ਕੀਤਾ ਹੈ:-

**ਗੁਰੂ ਜੀ**-ਕੋਈ ਨਹੀਂ ਕਾਜੀ ਸਾਹਿਬ! ਸ਼ੱਕ ਕੱਢ ਲਓ, ਸਰੀਰ ਚੁਭੇ ਕੰਡੇ ਨੂੰ ਕੱਢਿਆਂ ਹੀ ਨੀਂਦ ਪੈਂਦੀ ਹੈ, ਮਨ ਪੁੜੇ ਕੰਟਕ ਨੂੰ ਦੂਰ ਕੀਤਿਆਂ ਹੀ ਈਮਾਨ ਜੰਮਦਾ ਹੈ।

**ਕਾਜ਼ੀ**-ਬੇਅਦਬੀ ਮੁਆਫ਼! ਮੈਂ ਆਪ ਨੂੰ ਵਰਦਾਨ ਦੇਂਦਿਆਂ ਦੇਖ ਕੇ ਸੋਚਦਾ ਰਿਹਾਂ ਹਾਂ ਕਿ ਜੇ ਰੱਬ ਨੇ ਅਜ਼ਲ ਤੋਂ ਸਭ ਦੀ ਕਿਸਮਤ ਲਿਖ ਰੱਖੀ ਹੈ ਤਾਂ ਇਹ ਕੌਣ ਹਨ ਦੇਣਹਾਰੇ? ਤੇ ਜੇ ਸਭ ਨੇ ਆਪਣੇ ਪਿਛਲੇ ਕੀਤਿਆਂ ਦਾ ਫਲ ਭੁਗਤਣਾ ਹੈ ਤਾਂ ਇਹ ਕੋਣ ਹਨ ਬਦਲਣ ਵਾਲੇ। ਫੇਰ ਕੁਫ਼ਰ ਮੈਨੂੰ ਇੱਥੇ ਲੈ ਜਾਂਦਾ ਰਹਿਆ ਹੈ ਕਿ ਐਵੇਂ ਕਿਉਂ ਇਹ ਕੁਛ ਕਰ ਰਹੇ ਹਨ?

ਗੁਰੂ ਜੀ ਸੁਣ ਕੇ ਮੁਸਕ੍ਰਾਏ ਤੇ ਆਖਣ ਲੱਗੇ-ਕਾਜ਼ੀ ਜੀ! ਆਪ ਨੂੰ ਨਾ ਕੋਸੋ ਤੇ ਇਧਰ ਧਿਆਨ ਦਿਓ ਤੇ ਇਕ ਰਮਜ਼ ਨੂੰ ਸਮਝੋ, ਤੁਸਾਡੇ ਸੰਸੇ ਦੀ ਨਵਿਰਤੀ ਹੋ ਜਾਏਗੀ। ਇਹ ਕਹਿ ਕੇ ਸਤਿਗੁਰੂ ਜੀ ਨੇ ਦਵਾਤ ਤੇ ਕਾਗਜ਼ ਮੰਗਾਇਆ ਤੇ ਆਪਣੇ ਹੱਥੋਂ ਮੋਹਰ ਉਤਾਰ ਕੇ ਕਾਜ਼ੀ ਨੂੰ ਦਿਖਾਈ ਕਿ ਦੇਖੋਂ ਕਾਜ਼ੀ ਸਾਹਿਬ! ਇਹ ਕੀ ਹੈ?

**ਕਾਜ਼ੀ**-ਮੋਹਰ ਛਾਪ ਹੈ।

**ਗੁਰੂ ਜੀ**-ਇਸ ਵਿਚ ਹਰਫ਼ ਹਨ, ਪਰ ਕਿਸ ਹਾਲਤ ਵਿੱਚ ?

**ਕਾਜ਼ੀ**-ਪੁੱਠੇ ਹਨ।

ਤਦ ਗੁਰੂ ਜੀ ਨੇ ਸਿਆਹੀ ਲਾ ਕੇ ਮੋਹਰ ਕਾਗਜ਼ ਤੇ ਲਗਾ ਦਿੱਤੀ ਤੇ ਪੁੱਛਣ ਲੱਗੇ-ਕਾਜ਼ੀ ਸਾਹਿਬ! ਇਸ ਲੱਗੀ ਮੋਹਰ ਵਿੱਚ ਹਰਫ਼ ਉਹੋ ਹਨ ਕਿ ਹੋਰ?

**ਕਾਜ਼ੀ**-ਉਹੋ ਦੇ ਉਹੋ, ਪਰ ਹੁਣ ਸਿੱਧੇ ਹੋ ਗਏ ਹਨ।

**ਗੁਰੂ ਜੀ**-ਜਦੋਂ ਮੋਹਰ ਕਜ਼ਾ[੧] ਦੀ ਤੁਹਾਡੇ ਹੱਥ ਹੁੰਦੀ ਹੈ, ਕੁਛ ਸਾਰਦੀ ਹੈ?

**ਕਾਜ਼ੀ**-ਨਹੀਂ ਜੀ, ਜਦੋਂ ਲੱਗਦੀ ਹੈ ਤਾਂ ਪਾਤਸ਼ਾਹੀ ਹੁਕਮ ਦਾ ਮੁੱਲ ਰੱਖਦੀ ਹੈ।

**ਗੁਰੂ ਜੀ**-ਕਰਮ ਯਾ ਤਕਦੀਰ ਮੱਥੇ ਲਿਖੀ ਹੈ, ਕਰਮਾਂ ਅਨੁਸਾਰ ਯਾ ਅਜ਼ਲ ਦੇ ਹੁਕਮ ਅਨੁਸਾਰ ਜਦੋਂ ਮਸਤਕ ਨੀਉਂਦਾ ਹੈ ਤੇ ਰੱਬ ਪਿਆਰੇ ਦੀ ਅਸੀਸ ਨਾਲ ਰਲਦੀ ਹੈ ਤਾਂ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ। ਕਾਜ਼ੀ ਸਾਹਿਬ! ਪੜ੍ਹੇ ਹੋਏ ਦਿਲਾਂ ਦੀ ਹੈਰਾਨੀ ਤੇ ਸ਼ੱਕ ਦੀ ਦੌੜ ਭੱਜ ਤਸੱਲੀ ਪਾਏ ਤਾਂ ਹੀ ਠੀਕ ਹੈ। ਕੁਛ ਹੈ ਅਜੇ ਤੁਹਾਡੇ ਮਨ ਰਿਜ਼ਮ

੧. ਕਾਜੀਪੁਣੇ ਦੀ

ਸੰਸੇ ਦੀ, ਕਰ ਲਓ ਦੂਰ। ਸਤਿਗੁਰੂ ਜੀ ਨੇ ਕੋਲ ਬੈਠੇ ਭਾਈ ਆਲਮ ਸਿੰਘ ਨੂੰ ਹੁਕਮ ਕੀਤਾ; ਭਾਈ ਆਲਮ ਸਿੰਘ ਜੀ ! ਕਾਜ਼ੀ ਜੀ ਨੂੰ ਸੁਣਾ ਦਿਓ ਉਸ ਤੱਤਿਆਂ ਤਵਿਆਂ ਤੇ ਅਹਿੱਲ ਸਮਾਧੀ ਲਾਉਣ ਵਾਲੇ ਮਹਾਨ ਦਾਤਾ ਜੀ ਦੀ ਰਾਜੇ ਨਾਲ ਵਰਤੀ ਇਹੋ ਕਰਨੀ।

**ਆਲਮ ਸਿੰਘ**-ਕਾਜ਼ੀ ਜੀਓ ! ਸਾਡੇ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਪਰਤੱਖ ਰੂਪ ਆਪ (ਗੁਰੂ ਜੀ ਵੱਲ ਸੈਨਤ ਕਰਕੇ) ਬਿਰਾਜਮਾਨ ਹਨ, ਪੰਜਵੇਂ ਗੁਰੂ ਜੀ ਹੋਏ ਹਨ। ਜਿਨ੍ਹਾਂ ਦੇ ਹਿਮਾਲਿਆ ਨਾਲੋਂ ਠੰਡੇ ਸੀਤਲ ਦਿਲ ਤੋਂ ਨਿਰਮਲਾਂ ਤੋਂ ਨਿਰਮਲ ਸ੍ਰੋਤ ਸੁਖਮਨੀ ਜੀ ਨਿਕਲੀ, ਸਦਾ ਲਈ ਪ੍ਰੇਮੀ ਹਿਰਦਿਆਂ ਤੇ ਵੇਗ ਮਾਰਦੀ ਟੁਰ ਪਈ। ਹਾਂ ਜਿਨ੍ਹਾਂ ਨੇ ਆਪਣੇ ਆਤਮਾਂ ਦੇ ਅੰਮ੍ਰਿਤ ਕੁੰਡ ਤੋਂ ਇਹ ਅੰਮ੍ਰਿਤ ਦੀ ਸਲਿਤਾ ਸਦਾ ਲਈ ਪ੍ਰਵਾਹ ਵਿੱਚ ਪਾ ਦਿੱਤੀ, ਉਹ ਬੀ ਇਸੇ ਪ੍ਰਸ਼ਨ ਦੇ ਉੱਤਰ ਦੇਣ ਹਾਰੇ ਹੋਏ ਸਨ ਕੌਤਕ ਨਾਲ।

ਮੰਡੀ ਦੇ ਰਾਜਾ ਜੀ, ਸਾਹਿਬ ਪੰਚਮ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸਨ। ਰਾਜਾ ਜੀ ਨੂੰ ਇੱਕ ਦਿਨ ਤੁਹਾਡੇ ਵਾਲਾ ਸੰਸਾ ਫੁਰਿਆ ਕਿ-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥**

ਜੇ, ਜੋ ਲਿਖਿਆ ਹੈ ਸੋਈ ਹੋਣਾ ਹੈ, ਤਾਂ ਸਤਿਗੁਰੂ ਜੀ ਦਾ ਵਿੱਚ ਕੀ ਦਖ਼ਲ ਹੈ? ਇਨ੍ਹਾਂ ਦੀ ਸ਼ਰਨ ਲੈਣ ਦਾ ਤੇ ਇਨ੍ਹਾਂ ਦੀ ਅਸੀਸ ਦਾ ਕੀਹ ਅਰਥ ਹੈ? ਜਾਂ ਇਹ ਸੰਸਾ ਵਿਦਤ ਹੋਇਆ ਤਾਂ ਕੌਤਕਹਾਰ ਸਤਿਗੁਰਾਂ ਨੇ ਇੱਕ ਖੇਲ ਰਚਾ ਦਿੱਤਾ। ਰਾਜਾ ਜਦ ਰਾਤ ਸੁੱਤਾ ਤਾਂ ਸੁਪਨਾ ਡਿੱਠੋਸੁ ਕਿ ਰਾਜ ਭੋਗ ਕੇ ਬ੍ਰਿਧ ਹੋ ਕੇ ਮਰ ਗਿਆ ਹਾਂ ਤੇ ਮਰ ਕੇ ਕੀਤੇ ਬੁਰੇ ਕਰਮਾਂ ਦੇ ਫਲ ਵਿੱਚ-ਤਪੋਂ ਰਾਜ ਤੇ ਰਾਜੋਂ ਨਰਕ-ਚੰਡਾਲ ਦੇ ਘਰ ਜੰਮਿਆ ਹਾਂ। ਉਥੇ ਵੱਡਾ ਹੋਇਆਂ, ਵਿਆਹਿਆ, ਪੁਤ੍ਰ ਧੀਆਂ ਜੰਮੇ, ਕੰਮ ਕਾਜ ਕੀਤੇ, ਦੁੱਖ ਭਰੇ, ਜਨਮ ਬਿਤਾ ਕੇ ਮਰ ਗਿਆ, ਜਦ ਜਾਗ ਖੁੱਲ੍ਹੀ ਤਾਂ ਸਾਰਾ ਸੁਪਨਾ ਸੀ, ਪਰ ਰਾਜਾ ਉਦਾਸੀਨ ਬਹੁਤ ਹੋਇਆ। ਅਗਲੇ ਦਿਨ ਸਤਿਗੁਰਾਂ ਨੇ ਕਹਿ ਘੱਲਿਆ ਕਿ ਆਪ ਸ਼ਿਕਾਰ ਚੜ੍ਹੋ ਤਾਂ ਅਸੀਂ ਬੀ ਨਾਲ ਚੱਲਾਂਗੇ। ਸੋ ਸਤਿਗੁਰ ਦਾ ਚਿਤ ਸਮਝ ਕੇ ਰਾਜਾ ਸ਼ਿਕਾਰ ਚੜ੍ਹਿਆ ਤਾਂ ਆਪ ਸਤਿਗੁਰੂ ਜੀ ਨਾਲ ਗਏ; ਜਿੱਥੇ ਕੁ ਅੰਮ੍ਰਿਤਸਰ ਦੇ ਨੇੜੇ ਗੁਰੂ ਕੀ ਰੋੜ[੧] ਹੈ, ਜਾ ਪਹੁੰਚੇ। ਰਾਜਾ ਤਾਂ ਸ਼ਿਕਾਰ ਦੇ ਮਗਰ ਕੁੱਛ ਦੂਰ ਨਿਕਲ ਗਿਆ, ਸਤਿਗੁਰੂ ਜੀ ਜਰਾ ਪਿੱਛੇ ਰਹਿ ਗਏ ਤੇ ਫੇਰ ਠਹਿਰ ਗਏ ਇੱਕ ਥਾਂ। ਥੱਕ ਕੇ ਰਾਜਾ ਘੋੜੇ ਤੋਂ ਉੱਤਰ ਖੜੋਤਾ। ਘੋੜਾ ਇੱਕ ਰੁੱਖ ਨਾਲ ਬੱਧੋ ਸੂ ਤੇ ਪਾਣੀ ਦਾ ਫ਼ਿਕਰ ਕਰਨ ਲੱਗਾ। ਇੰਨੇ ਨੂੰ ਕੰਗਾਲਾਂ ਦੇ ਮੁੰਡਿਆਂ ਨੇ, ਜੋ ਕੋਲ ਖੇਡ ਰਹੇ ਸਨ, ਡਿੱਠਾ ਤੇ ਸਿੰਞਾਤਾ ਕਿ ਇਹ ਤਾਂ ਸਾਡਾ ਬਾਪੂ ਹੈ। ਭੱਜੇ ਗਏ ਤੇ ਸਾਰੇ ਟੱਬਰ ਨੂੰ ਜਾ ਦੱਸਿਓ ਨੇ; ਬਾਪੂ ਆ

੧. ਜਿਸ ਨੂੰ ਹੁਣ ਗੁਰੂ ਕਾ ਬਾਗ ਕਹਿੰਦੇ ਹਨ ।

ਗਿਆ ਏ। ਸਭਨਾਂ ਆ ਕੇ ਸਿੰਵਾਣ ਲਿਆ ਕਿ ਇਹ ਤਾਂ ਸਾਡਾ ਹੀ ਹੈ ਜੋ ਮਰ ਗਿਆ ਸੀ। ਹਾਂ, ਇਹ ਮੋਇਆ ਨਹੀ ਹੋਣਾ, ਮੂਰਛਾ ਖਾ ਕੇ ਬਹਾਨੇ-ਖੋਰ ਖਿਸਕ ਗਿਆ ਹੋਣਾ ਏ ਤੇ ਕਿਤੇ ਜਾ ਕੇ ਏਡਾ ਸ਼ਾਹੂਕਾਰ ਬਣ ਗਿਆ ਹੈ। ਗੱਲ ਕੀਹ ਸਾਰੇ ਘੇਰ ਖੜੋਤੇ, ਪਿੰਡ ਦਿਆਂ ਪੈਂਚਾਂ ਨੂੰ ਸਦ ਘੱਲਿਓ ਨੇ। ਉਹਨਾਂ ਬੀ ਸਹੀ ਪਛਾਣਿਆ ਕਿ ਸਾਡਾ ਕਾਮਾ ਹੈ, ਕੰਮਾਂ ਕਾਜਾਂ ਤੋਂ ਭੱਜ ਗਿਆ ਹੈ, ਹੁਣ ਜਾਣ ਨਾ ਦਿਓ ਤੇ ਘੋੜਾ ਤਲਵਾਰ ਖੱਸ ਲਓ। ਰਾਜੇ ਨੂੰ ਇਹ ਕੌਤਕ ਦੇਖ ਕੇ ਇੱਕ ਰੰਗ ਆਵੇ ਇੱਕ ਜਾਵੇ। ਜੋ ਵਿਆਕੁਲਤਾ ਉਸ ਨੂੰ ਹੋਈ ਕਾਜ਼ੀ ਜੀ! ਵਿਚਾਰ ਲਉ, ਕਿੰਨੀ ਕੁ ਹੋਊ? ਇੱਕ ਹਿੰਦੂ ਨੂੰ ਇਹ ਡਰ ਭਿਆਨਕ ਹੈ ਕਿ ਕੰਗਾਲਾਂ ਵਿਚ ਵੱਸਣਾ ਪਊ ਭਿੱਟਣਾ ਪਊ, ਖਾਣਾ ਪਊ। ਹਾਂ, ਇਹ ਕੀਕੂੰ ਝੱਲੂੰ, ਇਹ ਕੈਦ ਕੀਕੂੰ ਕੱਟੂੰ? ਇਸ ਹਾਲ ਵਿਚ ਵਿਆਕੁਲ ਹੋ ਰਿਹਾ ਸੀ ਤੇ ਉਹਨਾਂ ਨੂੰ ਝਿੜਕ ਝਿੜਕ ਪੈ ਰਿਹਾ ਸੀ ਕਿ ਚੋਜੀ ਸਤਿਗੁਰੂ ਜੀ ਅੱਪੜ ਪਏ। ਸਾਰੇ ਲੋਕੀਂ ਭੱਜੇ ਆਏ ਤੇ ਡੰਡੌਤ ਕਰਕੇ ਆਖਣ ਲੱਗੇ-ਸੱਚੇ ਪਾਤਸ਼ਾਹ ਜੀ ! ਆਪ ਭਲੇ ਸਮੇਂ ਆਏ ਹੋ ਸਾਡਾ ਨਿਆ ਕਰ ਦਿਓ। ਆਪ ਦੀਨ ਦੁਨੀ ਦੇ ਮਾਲਕ ਹੋ, ਜੋ ਹੁਕਮ ਕਰੋਗੇ ਸਾਰੇ ਮੰਨ ਲਵਾਂਗੇ। ਇਹ ਸਾਡਾ ਆਦਮੀ ਹੈ, ਕਿਤੇ ਜਾ ਕੇ ਅਮੀਰ ਹੋ ਗਿਆ ਹੈ, ਹੁਣ ਸਾਨੂੰ ਪੜਤਲ ਲਾਉਂਦਾ ਹੈ, ਕਹਿੰਦਾ ਏ-ਮੈਂ ਤਾਂ ਰਾਜਾ ਹਾਂ, ਮੈਂ ਕੰਗਾਲ ਨਹੀਂ ਹਾਂ। ਬਾਲ ਬੱਚੇ ਰੋਣ-ਸਤਿਗੁਰੂ ਜੀ! ਸਾਨੂੰ ਸਾਡਾ ਬਾਪੂ ਲੈ ਦਿਓ। ਇਸਤ੍ਰੀ ਕਹੇ ਹੁੰਦੇ ਸੁੰਦੇ ਪਤੀ ਦੇ ਮੈਂ ਛੁੱਟੜ ਹੋ ਕੇ ਕਿੰਞ ਜੀਵਾਂ? ਰਾਜਾ ਕਹੇ-ਹੇ ਦਾਤਾ ਜੀ! ਮੈਨੂੰ ਇਸ ਨਰਕ, ਇਸ ਬਿਪਤਾ ਤੋਂ ਕਿਵੇਂ ਵੀ ਛੁਡਾਓ। ਤਾਂ ਸਤਿਗੁਰਾਂ ਸਭ ਨੂੰ ਧੀਰਜ ਦੇ ਕੇ ਕਿਹਾ, ਭਾਈ ਇਹ ਦੱਸੋ ਕਿ ਤੁਹਾਡਾ ਆਦਮੀ ਮਰ ਗਿਆ ਸੀ ਕਿ ਨਹੀਂ?

**ਪਰਿਵਾਰ**-ਜੀ ਹਾਂ ਮਰ ਤਾਂ ਗਿਆ ਸੀ, ਪਰ ਓਹ ਬਹਾਨਾ ਸੀ ਏਸ ਦਾ।

**ਗੁਰੂ ਜੀ**-ਤੁਸਾਂ ਉਸ ਨੂੰ ਦੱਬਿਆ ਸੀ ਕਿ ਸਾੜਿਆ?

**ਪਰਿਵਾਰ**-ਜੀ ਦੱਬਿਆ ਸੀ।

**ਗੁਰੂ ਜੀ**-ਜੇ ਇਹ ਉਹੋ ਹੈ ਤੇ ਕਬਰ ਵਿਚੋਂ ਭੱਜ ਗਿਆ ਹੈ ਤਾਂ ਕਬਰ ਹੁਣ ਸੱਖਣੀ ਹੋਊ। ਜੇ ਕਹੋ ਤਾਂ ਚੱਲ ਕੇ ਵੇਖ ਲਈਏ?

**ਸਭਨਾਂ ਨੇ ਕਿਹਾ**-ਹਾਂ ਜੀ ਜਰੂਰ ਤੱਕੋ।

ਗੱਲ ਕੀ, ਉਥੇ ਸਾਰੇ ਜਣੇ ਗਏ, ਕਬਰ ਪੁੱਟੀ ਗਈ, ਰਾਜੇ ਦਾ ਕਲੇਜਾ ਧੜਕ ਰਿਹਾ ਸੀ ਕਿ ਪਤਾ ਨਹੀਂ ਕੀਹ ਬਣੇਗਾ? ਪਰ ਦੇਖੋ ਕਬਰ ਵਿੱਚੋਂ ਮੁਰਦਾ ਨਿਕਲ ਪਿਆ ਤੇ ਉਸ ਦੀ ਨੁਹਾਰ ਤੇ ਰਾਜੇ ਦੀ ਸੂਰਤ ਆਪੋ ਵਿੱਚ ਮਿਲਦੀਆਂ ਸਨ। ਜਾਂ ਪੈਂਚਾ ਨੇ ਤੇ ਘਰਦਿਆਂ ਨੇ ਮੁਰਦਾ ਸਾਮਰਤੱਖ ਤੱਕ ਲਿਆ ਤਾਂ ਨਿਸ਼ਾ ਹੋ ਗਈ, ਜੋ ਇਹ ਕੋਈ ਹੋਰ

ਆਦਮੀ ਹੈ, ਕੇਵਲ ਦੋਹਾਂ ਦਾ ਮੁਹਾਂਦਰਾ ਮਿਲਦਾ ਹੈ। ਇਸ ਤਰ੍ਹਾਂ ਤਸੱਲੀ ਕਰਕੇ ਦਾਤਾ ਜੀ ਨੇ ਰਾਜਾ ਦੀ ਬੰਦਖਲਾਸੀ ਕਰਾਈ* ਤੇ ਉਸ ਵੇਲੇ ਪੜ੍ਹਿਆ :-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥** ਮ:੧,ਅੰਗ:੯੩੭
ਹਰਿਆਨੀ ਵਿੱਚ ਓਦਰਦਾ ਰਾਜਾ ਡੇਰੇ ਨੂੰ ਮੁੜ ਪਿਆ, ਰਾਤ ਬੀ ਅਚਰਜ ਰਿਹਾ, ਅਗਲੇ ਦਿਨ ਸਤਿਗੁਰਾਂ ਦੇ ਦਰਬਾਰ ਪਹੁੰਚਾ ਤਾਂ ਸਤਿਗੁਰ ਜੀ ਨੇ ਫੇਰ ਉਹੋ ਵਾਕ ਦੱਖਣੀ ਓਅੰਕਾਰ ਦਾ ਵਾਚਿਆ:-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥** ਮ:੧,ਅੰਗ:੯੩੭
ਰਾਜਾ ਹੁਣ ਸਮਝ ਗਿਆ ਕਿ ਇਹ ਕੌਤਕ ਤਾਂ ਮੇਰੇ ਪ੍ਰਸ਼ਨ ਦਾ ਉੱਤਰ ਸੀ। ਹੱਥ ਬੰਨ੍ਹ ਕੇ ਆਖਣ ਲੱਗਾ-ਗੁਰੂ ਜੀ ! ਤੁਸਾਂ ਤਾਂ ਪਰਤੱਖ ਇਸ ਵੇਲੇ ਲੇਖ ਮਿਟਾ ਕੇ ਦਿਖਾ ਦਿਤਾ ਹੈ।

ਗੁਰੂ ਅਰਜਨ ਦੇਵ ਜੀ ਬੋਲੇ; ਨਹੀਂ, ਲੇਖ ਤੂੰ ਭੋਗਿਆ ਹੈ, ਤੇਰੇ ਕਰਮ ਐਸੇ ਸਨ ਕਿ ਤੂੰ ਕੰਗਾਲਾਂ ਦੇ ਘਰ ਜਨਮ ਲੈਣਾ ਸੀ ਤੇ ਤਸੀਹੇ ਭੋਗਣੇ ਸਨ, ਪਰ ਇੱਕ ਪੂਰੇ ਜਨਮ ਦੀ ਥਾਂ ਓਹ ਸੁਪਨੇ ਵਿੱਚ ਘੜੀ ਪਲ ਹੋ ਕੇ ਛੇਤੀ ਬੀਤ ਗਈ। ਇਹ ਪ੍ਰਤਾਪ ਹੈ 'ਸ਼ਰਨ ਪ੍ਰਾਪਤਿ ਹੋ ਕੇ ਨਾਮ ਜਪਣ' ਦਾ। ਸੂਲੀ ਦੀ ਥਾਂ ਕੰਡਾ ਹੋ ਜਾਂਦਾ ਹੈ। ਜਦੋਂ ਸੁਰਤਿ ਵਿੱਚ ਅਛਲ ਨਾਮ ਪਰਵੇਸ਼ ਕਰਦਾ ਹੈ ਤਾਂ ਨਾਮ 'ਕਰਮ ਜਾਲ' ਦੇ ਦਰਜੇ ਤੋਂ ਟਪਾ ਕੇ ਕਰਮਖੰਡ ਵਿਚ ਲੈ ਜਾਂਦਾ ਹੈ, ਫਜ਼ਲ ਵਿੱਚ, ਮਿਹਰ ਵਿਚ। ਜਾਂਦਿਆ ਜਾਂਦਿਆਂ ਕਰਮ ਇਸ ਤਰ੍ਹਾਂ ਝੂੰਝਣਾ ਦੇ ਕੇ ਮਿਟ ਜਾਂਦੇ ਹਨ ਤੇ ਇਹ ਸੂਲੀ ਦਾ ਕੰਡਾ ਤੇ ਪਰਤੱਖ ਨੂੰ ਸੁਪਨਾ ਕਰ ਦੇਣ ਦੀ ਮਿਹਰ ਸਤਿਗੁਰ ਦੀ ਸਮਰੱਥਾ ਵਿਚ ਹੈ।

ਕਾਜ਼ੀ ਜੀ ! ਇਸ ਸੰਸੇ ਪਰ ਇੱਕ ਹੋਰ ਸਾਖੀ ਭੀ ਗੁਰੂ ਘਰ ਵਿੱਚ ਵਰਤੀ ਹੋਈ ਹੈ। ਕਿਸੇ ਨਗਰ ਦੇ ਬਾਹਰ ਸ੍ਰੀ ਗੁਰੂ ਨਾਨਕ ਦੇਵ ਜੀ ਜਾ ਉਤਰੇ ਸਨ, ਉਸ ਨਗਰ ਵਿੱਚ ਦੋ ਮਿੱਤਰ ਰਹਿੰਦੇ ਸਨ। ਇੱਕ ਤਾਂ ਗੁਰੂ ਕੇ ਦਰਸ਼ਨ ਨੂੰ ਆਉਣ ਲੱਗਿਆ ਤੇ ਸੇਵਾ ਵਿਚ ਜੁੱਟ ਪਿਆ, ਉਸ ਨੂੰ ਸਤਿਸੰਗਤ ਦੀ ਮਿਹਰਾਮਤ ਹੋਈ, ਸੁਖੀ ਹੋਣ ਲੱਗ ਪਿਆ, ਦੂਸਰਾ ਕੁਸੰਗ ਨੂੰ ਜਾਇਆ ਕਰੇ, ਮਾੜਾ ਕਰਮ ਕਰੇ। ਇੱਕ ਦਿਨ ਕੁਸੰਗ ਵਾਲਾ ਆਪਣੇ ਮਿੱਤਰ ਨੂੰ ਕਹਿਣ ਲੱਗਾ ਕਿ ਬਈ ਅੱਜ ਤੂੰ ਜਾਹ ਸਤਿਸੰਗ ਨੂੰ ਤੇ ਮੈਂ ਕੁਸੰਗ ਨੂੰ ਜਾਂਦਾ ਹਾਂ, ਸਵੇਰੇ ਜਿਹੜਾ ਪਹਿਲਾਂ ਮੁੜੇ ਉਹ ਰਾਹ ਵਿਚ ਬੈਠ ਕੇ ਦੂਸਰੇ ਨੂੰ ਉਡੀਕੇ। ਫੇਰ ਆਪੋ ਵਿੱਚ ਵਿਚਾਰ ਕਰਾਂਗੇ ਕਿ ਦੋਹਾਂ ਵਿੱਚੋਂ ਸੁਖੀ ਕੌਣ ਮੁੜਿਆ ਹੈ। ਸੋ ਦੋਹਾਂ ਇਵੇਂ ਕੀਤਾ। ਕਰਨਾ ਪਰਮੇਸ਼ਰ ਦਾ, ਕੁਸੰਗੀ ਸਵੇਰ ਨੂੰ ਪਹਿਲਾਂ ਮੁੜਿਆ ਤੇ ਇੱਕ ਰੁੱਖ ਹੇਠ ਬੈਠ ਕੇ ਮਿੱਤਰ ਨੂੰ ਉਡੀਕਣ ਲੱਗਾ, ਵਿਹਲਾ ਬੈਠਾ ਜ਼ਿਮੀਂ ਖੋਦਣ ਲੱਗ ਪਿਆ। ਖੋਤਰਦਿਆਂ-ਖੋਤਰਦਿਆਂ ਉਸ ਨੂੰ ਇੱਕ ਮੋਹਰ ਲੱਭ ਪਈ,

*ਦੇਖੋ ਗੁਰ ਪ੍ਰਤਾਪ ਸੂਰਜ ਤਾਸ ੨ ਅੰਸੂ ੩੨-੩੩ ।

ਫਿਰ ਤਾਂ ਹੋਰ ਖੋਤਰਣ ਲੱਗਾ। ਫਿਰ ਕੀ ਦੇਖਦਾ ਹੈ ਕਿ ਇੱਕ ਕੁੱਜਾ ਹੈ, ਪਰ ਉਹ ਸਾਰਾ ਕੋਲਿਆਂ ਦਾ ਭਰਿਆ ਪਿਆ ਹੈ, ਇਧਰ ਉਧਰ ਹੋਰ ਖੋਤਰਿਆਂ ਪਰ ਹੋਰ ਕੁਛ ਨਾ ਲੱਭਾ। ਇੰਨੇ ਨੂੰ ਦੂਸਰਾ ਮਿੱਤ੍ਰ ਬੀ ਆ ਗਿਆ ਪਰ ਉਸ ਦਾ ਪੈਰ ਲੰਗੜਾਉਂਦਾ ਸੀ। ਤਦ ਕੁਸੰਗੀ ਆਖਣ ਲੱਗਾ; "ਸੱਜਣਾ! ਚਿਰਕਾ ਕਿਉਂ ਆਇਆ ਹੈਂ?" ਸਤਿਸੰਗੀ ਨੇ ਆਖਿਆ: "ਭਾਈਆ! ਅਜ ਮੇਰੇ ਪੈਰ ਨੂੰ ਸੂਲ ਚੁਭ ਗਈ ਸੀ ਉਸ ਨੂੰ ਕੱਢਣ ਤੇ ਚੋਭ ਕਰਕੇ ਹੋਲੀ ਟੁਰਨ ਕਰ ਕੇ ਮੈਨੂੰ ਦੇਰ ਲਗ ਗਈ ਹੈ।" ਤਦ ਕੁਸੰਗੀ ਨੇ ਕਿਹਾ: "ਵੇਖ! ਮੈਂ ਸਾਰੀ ਰਾਤ ਗੁਲਛੱਰੇ ਉਡਾਏ, ਮੌਜਾਂ ਕੀਤੀਆਂ ਤੇ ਮੈਨੂੰ ਸਵੇਰੇ ਲੱਭੀ ਹੈ ਮੁਹਰ ਤੇ ਤੂੰ ਸਾਰੀ ਰਾਤ ਸੇਵਾ ਤੇ ਭਜਨ ਕੀਤਾ ਹੈ ਤੈਨੂੰ ਚੁਭੀ ਸੂਲ, ਦੱਸ ਖਾਂ! ਕਿਹੜਾ ਰਾਹ ਭਲਾ ਹੈ?" ਤਦ ਦੋਵੇਂ ਕੁਛ ਚਿਰ ਝਗੜ ਝਗੜਾ ਕੇ ਨਿਆਂ ਕਰਾਉਣ ਲਈ ਸਤਿਗੁਰਾਂ ਪਾਸ ਆਏ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ "ਹੇ ਪੁਰਖਾ! ਤੇਰੇ ਕਰਮਾਂ ਵਿੱਚ ਮੋਹਰਾਂ ਦਾ ਕੁੱਜਾ ਲਿਖਿਆ ਸੀ, ਪਰ ਜਿਉਂ ਜਿਉਂ ਤੂੰ ਕੁਸੰਗ ਕੀਤਾ ਉਹ ਕੋਲੇ ਹੁੰਦੀਆਂ ਗਈਆਂ। ਇਸਦੇ ਕਿਸੇ ਮਾੜੇ ਕਰਮ ਕਰਕੇ ਭਾਗਾਂ ਵਿੱਚ ਸੂਲੀ ਲਿਖੀ ਸੀ ਸੋ ਸਤਿਸੰਗ ਕਰਨ ਕਰਕੇ ਘਟਦੀ ਘਟਦੀ ਸੂਲ ਰਹਿ ਗਈ।" ਤਦ ਕੁਸੰਗੀ ਨੂੰ ਸੋਝੀ ਆਈ, ਪੈਰੀਂ ਪਿਆ ਤੇ ਮਾੜਾ ਰਸਤਾ ਛੱਡ ਕੇ ਨਾਮ ਵਿਚ ਲੱਗ ਪਿਆ।

ਕਾਜ਼ੀ ਸਾਹਿਬ! ਇਸ ਸਾਖੀ ਦਾ ਭੀ ਇਹੋ ਪ੍ਰਯੋਜਨ ਹੈ ਕਿ ਜੀਵ ਕਰਮ ਦਾ ਕਰਨਹਾਰ ਹੈ, ਜੀਵ ਦਾ ਦੇਹ ਧਾਰਨ ਤੋਂ ਪਹਿਲਾਂ ਕਰਮ ਕੋਈ ਨਹੀਂ ਸੀ ਜੀਵ ਨੂੰ ਬੰਨਣ ਵਾਲਾ। ਕਾਜ਼ੀ ਜੀ! ਕਰਮ ਸਰਬੰਗੀ ਸ਼ੈ ਨਹੀ, ਕਰਮ ਅਨਾਦਿ ਤੇ ਅਨੰਤ ਨਹੀਂ:

**ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥**

ਗੋਂਡ ਕਬੀਰ ਜੀ, ਅੰਗ: ੮੭੦

**ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥**

ਸੂਹੀ ਮ: ੫, ਅੰਗ: ੭੪੮

ਕਰਮ ਜੀਵ ਨੇ ਦੇਹ ਧਾਰ ਕੇ ਕੀਤੇ ਹਨ, ਸੋ ਕਰਮਾਂ ਦਾ ਆਦਿ ਹੈ, ਜਿਸ ਦਾ ਆਦਿ ਹੈ ਉਸ ਦਾ ਅੰਤ ਬੀ ਹੈ, ਜਿਸ ਦਾ ਆਦਿ ਅੰਤ ਹੈ ਉਹ ਕਾਲ ਅਧੀਨ ਹੈ, ਜੋ ਕਾਲ ਅਧੀਨ ਹੈ ਉਸ ਦੀ ਮਿਆਦ ਵੱਧ ਘਟ ਸਕਤੀ ਹੈ। ਨਹੀਂ ਤਾਂ ਕਾਜ਼ੀ ਜੀ, ਜਦੋਂ ਜੀਵ ਪਹਿਲਾਂ ਦੇਹ ਵਿਚ ਆਇਆ, ਕਿਸ ਕਰਮ ਦੀ ਸਜ਼ਾ ਵਿਚ ਯਾ ਫਲ ਵਿੱਚ ਆਇਆ ਸੀ? ਦੇਹ ਰਹਿਤ ਨੇ ਕਿਹੜੇ ਕਰਮ ਕੀਤੇ ਸੇ? ਕਰਮ ਕਰਨਾ ਜੀਵ ਦਾ ਤਾਂ ਦੇਹ ਧਾਰਕੇ ਹੀ ਹੋਇਆ ਸੀ[੧]।

**ਕਾਜ਼ੀ**–ਦਰੁਸਤ ਫਰਮਾਇਆ ਨੇ, ਪਰ ਜੇ ਪਹਿਲੇ ਕਰਮ ਨਹੀਂ, ਰੱਬ ਦਾ ਹੁਕਮ ਹੈ

੧. ਏਥੇ ਜੀਵ ਤੋ ਭਾਵ ਮਾਇਆ ਯਾ ਪ੍ਰਾਕ੍ਰਿਤੀ ਵੇੜਿਤ ਜੀਵ ਨਹੀਂ, ਪਰ ਨਿਰੋਲ ਜੀਵ ਯਾ ਆਤਮ ਹੈ ।

ਤਾਂ.............. ।

**ਆਲਮ ਸਿੰਘ**-ਸਤਿਗੁਰ ਰਮਜ਼ ਦੇ ਚੁੱਕੇ ਹਨ ਜੋ ਰੱਬ ਨੇ ਲਿਖਿਆ ਹੈ ਸੋ ਠੀਕ ਏ। ਉਸੇ ਰਬ ਵਿੱਚ ਰਚੇ, ਉਸੇ ਦਾ ਰੂਪ ਉਸੇ ਦੀ ਰੱਬੀਅਤ ਨਾਲ ਭਰੇ ਸਾਹਿਬ ਜੀ ਸਾਹਮਣੇ ਬੈਠੇ ਹਨ। ਜੋ ਪੁਠਿਆਂ ਨੂੰ ਸਿੱਧਿਆਂ ਕਰ ਦੇਂਦੇ ਹਨ।

**ਕਾਜ਼ੀ**-ਜੀ ਓ ਕਿਵੇਂ?

**ਆਲਮ ਸਿੰਘ**-ਦਿੱਲੀ ਵਿੱਚ ਇਕੇਰਾਂ ਗੁਰੂ ਨਾਨਕ ਦੇਵ ਜੀ ਨੇ ਮੋਇਆ ਹਾਥੀ ਜਿਵਾਲ ਦਿੱਤਾ ਸੀ ਤਰਸ ਖਾ ਕੇ ਹਾਥੀ-ਬਾਨਾਂ ਤੇ, ਤਦ ਲੋਧੀ ਪਾਤਸ਼ਾਹ ਆ ਗਿਆ ਤੇ ਆਖਣ ਲੱਗਾ "ਹਾਥੀ ਫੇਰ ਮਰ ਜਾਏ।" ਤਾਂ ਸਤਿਗੁਰਾਂ ਕਿਹਾ "ਮਰ ਵੈਸੀ" ਜਾਂ ਹਾਥੀ ਮਰ ਗਿਆ ਤਾਂ ਲੋਧੀ ਨੇ ਕਿਹਾ: "ਫੇਰ ਜਿਵਾਲੋ।" ਸਤਿਗੁਰਾਂ ਨੇ ਆਖਿਆ: "ਫਕੀਰ ਰੱਬ ਰੂਪ ਅਗਨੀ ਵਿੱਚ ਪੈ ਕੇ ਅਗਨ ਰੂਪ ਹੋ ਜਾਂਦੇ ਹਨ, ਸਾਂਈਂ ਦੀ ਬੰਨ੍ਹੀ ਛੁਡਾ ਦਿੰਦੇ ਹਨ ਪਰ ਉਨ੍ਹਾਂ ਦੀ ਬੱਧੀ ਛੁੱਟਣੇ ਤੇ ਰਹੀ। ਕਿਉਂ ਕਰ ਜੋ ਅੱਗ ਵਿੱਚੋਂ ਹਥ ਤੇਜ਼ੀ ਨਾਲ ਫੇਰ ਕਢੀਏ ਤਾਂ ਸਲਾਮਤ ਨਿਕਲ ਜਾਂਦਾ ਹੈ ਪਰ ਅੱਗ ਨਾਲ ਲਾਲ ਹੋਏ ਲੋਹੇ ਨਾਲ ਹੱਥ ਛੁਹ ਕੇ ਸਲਾਮਤ ਨਹੀਂ ਨਿਕਲਦਾ।" ਸੋ ਕਾਜ਼ੀ ਜੀ! ਇੱਥੇ ਬੀ ਇਹੋ ਉਪਦੇਸ਼ ਹੈ ਕਿ ਹਰੀ ਦੇ ਰੰਗ ਰਤੜੇ ਗੁਰੂ ਕਰਮਾਂ ਦੇ ਠਾਠ ਨੂੰ ਸਾੜ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਾਕ ਹੈ, ਵਾਹਿਗੁਰੂ ਜੀ ਕਹਿੰਦੇ ਹਨ:-

> **ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥**
> **ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥**

ਨਾਮਦੇਵ ਜੀ, ਅੰਗ: ੧੨੫੩

**ਬੱਗਾ ਸਿੰਘ**-ਕਾਜ਼ੀ ਜੀ! ਹਿਸਾਬ ਕਿਤਾਬ, ਲੇਖੇ ਪੱਤੇ, ਵਹੀਆਂ, ਅਸੀਂ ਜੱਟ ਬੂਟ ਚਾਹੁੰਦੇ ਹਾਂ ਕਿ ਸ਼ਾਹਾਂ ਦੇ ਲੇਖੇ-ਪੱਤੇ ਕਿਵੇਂ ਨ ਕਿਵੇਂ ਸੜ ਜਾਣ, ਕਈ ਵੇਰ ਜ਼ਿਮੀਂਦਾਰ, ਸ਼ਾਹਾਂ ਦੇ ਘਰ ਫੂਕ ਦੇਂਦੇ ਹਨ ਜੋ ਵਹੀਆਂ ਸੜ ਜਾਣ। ਕੀ ਤੁਸੀਂ ਇਹ ਸੰਸਿਆ ਦੇ ਦਫਤਰ ਫੂਕਣਾ ਨਹੀ ਚਾਹੁੰਦੇ? ਕਾਜ਼ੀ ਜੁ ਹੋਏ (ਚੁਟਕੀ ਮਾਰ ਕੇ ਫੇਰ ਤ੍ਰਬ੍ਹਕ ਕੇ) ਫੂਕੋ ਲੇਖਿਆਂ ਗਿਣਤੀਆਂ ਨੂੰ, ਮੰਗੋ ਨਾਮ ਦਾਨ, ਸੁਆਦ।

**ਕਾਜ਼ੀ**-ਵਾਹ ਵਾਹ ਬੱਗਾ ਸਿਹਾਂ! ਤੂੰ ਅਸਲ ਦਾ ਦਾਨਾ ਹੈਂ। (ਗੁਰੂ ਜੀ ਵੱਲ) ਮਿਹਰ ਦਾਤਾ ਜੀ ਮੈਂ ਭੁੱਲਾ ਹਾਂ, ਕੁਰਾਹੇ ਪਿਆ ਹਾਂ, ਮਨ ਕੁਰਾਹੇ ਹੀ ਜਾਂਦਾ ਹੈ। ਠੌਰ ਲੱਭ ਲੱਭ ਕੇ ਗਵਾਚਦਾ ਹੈ। ਨਹੀਂ ਜੇ ਮੇਰੀ ਠੌਰ ਕਿਤੇ, ਨਾ ਅਸਮਾਨ ਨਾ ਜ਼ਿਮੀਂ ਵਿੱਚ ਨਾ ਜਲ ਵਿੱਚ ਨਾ ਪੌਣ ਵਿੱਚ ਆਪਣੇ ਕਦਮਾਂ ਵਿੱਚ ਟਿਕਾਣੇ ਲਗਾ ਦਿਓ, ਬੇਠੌਰ ਨੂੰ ਠੌਰ ਦੇ ਦਿਓ।

**ਗੁਰੂ ਜੀ-ਲੋਕਾ ਮਤ ਕੋ ਪਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥**

**ਬੱਗਾ ਸਿੰਘ**-ਸਦਕੇ ਹਾਂ ਕਾਜ਼ੀ ਜੀ ! ਸੁਣਿਆ ਜੇ ਹਜ਼ਾਰਾਂ ਮਨ ਲੱਕੜੀ ਦੇ ਢੇਰ ਇੱਕ ਰੱਤੀ ਅੱਗ, ਇੱਕ ਛੁਹ ਬਿਜਲੀ ਦੀ ਸਾੜ ਸੱਟਦੀ ਹੈ। ਕੀਹ ਅਸੀਂ ਤੇ ਕੀਹ ਸਾਡੇ ਕਰਮ। ਗਿਣਤੀ ਮਿਣਤੀ ਦੀ ਉਮਰ, ਗਿਣਤੀ ਵਿੱਚ ਕਰਮ, ਪਰ ਬਖਸ਼ਿਸ਼ ਬੇਗਿਣਤ। ਕਾਜ਼ੀ ਜੀ ! ਗਿਣਤੀ ਨੂੰ ਬੇਗਿਣਤੀ ਡੋਬ ਲੈਂਦੀ ਏ। ਸਰਨ ਲਓ ਤਾਂ ਛੁਹ ਨਾਲ ਬਲ ਉਠਦੇ ਹਨ, ਚਾਹੇ ਹੋਣ ਥੋੜ੍ਹੇ ਕਰਮ ਤੇ ਚਾਹੇ ਬਹੁਤੇ। ਮਿਹਰ ਨਾਲ ਸੂਲੀਆਂ ਦੇ ਕੰਡੇ ਹੁੰਦੇ ਹਨ, ਹੱਥ ਦੀ ਬਰਕਤ ਨਾਲ ਪੁੱਠਿਓਂ ਸਿੱਧੇ ਹੋ ਜਾਂਦੇ ਹਨ। " **ਸੇ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ** "ਸ਼ਰਣ ਸਿਧਾਏ ! ਕਾਜ਼ੀ ਜੀ, ਸ਼ਰਨ ! ਸ਼ਰਨ ! ! ਸ਼ਰਨ ! ! !

ਸਲਾਰਦੀਨ ਦਾ ਮਨ ਸਿਦਕ ਦੇ ਘਰ ਵਿੱਚ ਆ ਗਿਆ[੧], ਹਾਂ, ਇਤਮੀਨਾਨ (ਤੱਸਲੀ) ਵਿੱਚ ਆ ਗਿਆ, ਉੱਚਾ ਹੋ ਗਿਆ ਤੇ ਫੇਰ ਦੂਵਿਆ, ਫੇਰ ਸਤਿਗੁਰ ਉਸ ਨੂੰ ਇੱਕ ਜੋਤਿ ਦਾ ਅਲਾਂਬਾ ਹੋ ਦਿੱਸੇ। ਹੁਣ ਕਾਜ਼ੀ ਚਰਨ ਸ਼ਰਨ ਪੈ ਗਿਆ, ਬੱਗਾ ਸਿੰਘ ਨੇ ਪਰੇ ਹੋ ਕੇ ਆਪਣੀ ਝੋਲੀ ਵਿੱਚ ਧਰੇ ਸਤਿਗੁਰੂ ਦੇ ਕਦਮ ਉਸ ਦੀ ਝੋਲੀ ਵਿੱਚ ਧਰ ਦਿੱਤੇ, ਕਾਜ਼ੀ ਨੇ ਛਾਤੀ ਨਾਲ ਲਾ ਕੇ ਘੁੱਟੇ। ਇੱਕ ਸੁੱਖਾਂ ਦੀ ਝਰਨਾਟ ਸਾਰੇ ਸਰੀਰ ਵਿੱਚ ਛਿੜੀ, ਵਾਹਿਗੁਰੂ ਵਾਹਿਗੁਰੂ ਲੂੰ ਲੂੰ ਥੀਂ ਹੋ ਨਿਕਲਿਆ, ਸੁਆਦ ਸਾਰੇ ਭਰ ਗਿਆ, ਇਉਂ ਜਾਪੇ ਕਿ ਰਸ ਰੂਪ ਹੋ ਗਿਆ ਹੈ, ਕਾਜ਼ੀ ਅੱਗੇ ਬੱਗਾ ਸਿੰਘ ਦੇ ਰਸ ਤੋ ਸੁਖੀ ਹੁੰਦਾ ਸੀ। ਅਜ ਆਪ ਉਸ ਰਸ ਵਿਚ ਰਸ ਰੂਪ ਹੋ ਗਿਆ । ਸਮਝ ਪਈ ਕਿ ਰੱਬ ਦਾ ਨਾਮ ਰੱਬ ਦਾ ਪ੍ਰੇਮ ਹੈ, ਰੱਬ ਦਾ ਪ੍ਰੇਮ ਆਤਮ ਰਸ ਹੈ, ਇਲਾਹੀ ਸਰੂਪ ਹੈ ਹੋਰ ਝੇੜੇ ਪ੍ਰੇਮ ਦੇ ਮੰਡਲ ਤੋਂ ਬਾਹਰ ਦੇ ਹਨ। ਜਦੋਂ ਇਹ ਰਸ ਆਇਆ ਹੋਰ ਰਸ ਤੇ ਕੁਰਸ ਤੇ ਲੇਖੇ ਪੱਤੇ ਰਹਿ ਗਏ ਬਾਹਰ। ਕਦਮਾਂ ਨਾਲ ਚੰਬੜਿਆ ਕਾਜ਼ੀ ਪੀਂਦਾ ਰਿਹਾ ਰੱਜ ਰੱਜ ਕੇ ਪਿਰਮ ਰਸ, ਭਰ ਗਿਆ ਉਸ ਦੇ ਦਿਲ ਦਾ ਪਿਆਲਾ, ਸਰਸ਼ਾਰ ਹੋ ਗਿਆ ਉਸ ਦਾ ਆਪਾ, ਬਰਕਤਾਂ ਵਾਲਾ, ਮਿਹਰਾਂ ਵਾਲਾ ਹੱਥ ਉਸ ਦੇ ਸੀਸ ਤੇ ਫਿਰ ਰਿਹਾ ਤੇ ਰੰਗ ਛਾ ਰਿਹਾ ਹੈ ਵਾਹ ਵਾਹ ਦਾ।

**ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥੩੫॥**

ਕਬੀਰ ਜੀ, ਅੰਗ: ੩੪੨

ਹਾਂ, ਇਹੋ ਸੁਲਖਣਾ ਹੱਥ ਟਿਕਿਆ ਰਹੇ ਉਹਨਾਂ ਸਿਰਾਂ, ਸੁਭਾਗੇ ਸਿਰਾਂ ਤੇ, ਜਿਨ੍ਹਾਂ ਨੂੰ ਇਹ ਦਾਤ ਨਸੀਬ ਹੋਈ ਹੈ। ਜਿਨ੍ਹਾਂ ਨੂੰ ਨਹੀਂ ਹੋਈ ਉਨ੍ਹਾਂ ਲਈ ਅਰਦਾਸ ਕਰੋ ਕਿ ਸਦਾ ਟਿਕੇ ਇਹ ਸੁਹਾਵਾ ਹੱਥ ਉਹਨਾਂ ਦੇ ਸਿਰਾਂ ਤੇ, ਸਾਡੇ ਸਿਰਾਂ ਤੇ, ਛਿੜੇ

---

੧.ਕਾਜ਼ੀ ਸੁਨ ਮਨ ਭਇਓ ਅਨੰਦ। ਠਾਂਢਾ ਭਇਓ ਹਾਥ ਦ੍ਵੈ ਬੰਦਿ॥੩॥
ਝੁਕ ਝੁਕ ਕਰੈ ਸਲਾਮ ਅਗਾਰੀ। ਗੁਰ ਤਾਰੀਕ ਬਿਲੰਦ ਉਚਾਰੀ। (ਸੂਰਜ ਪ੍ਰਕਾਸ਼)

ਸਾਡੇ ਦਿਲਾਂ ਵਿੱਚ ਨਾਮ ਦੀ ਝਰਨਾਟ ਤੇ ਨਾਮ ਰਸ ਦਾ ਪਵੇ ਸਰੂਰ। ਹਾਂ, ਹਾਂ:-

**ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥**
**ਉਸੁ ਪੁਰਖੁ ਕਾ ਨਾਹੀ ਕਦੇ ਬਿਨਾਸ ॥ ਜਾ ਕੇ ਮਨਿ ਪ੍ਰਗਟੇ ਗੁਨਤਾਸ ॥**
**ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥**
**ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥**
**ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥**

ਗਉੜੀ ਸੁਖਮਨੀ ਮ:੫, ਅੰਗ:੨੮੭

ਧੰਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ !

(ਧੰਨਵਾਦ ਸਹਿਤ ਸ੍ਰੀ ਕਲਗੀਧਰ ਚਮਤਕਾਰ ਵਿੱਚੋਂ )

ਵਾਹ ਕਲਗੀਧਰ ਪਾਤਸ਼ਾਹ! ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪ ਜੀ ਅੰਦਰ ਜੋ ਨਿਰੰਜਨੀ ਜੋਤ ਵਰਤ ਰਹੀ ਹੈ ਉਸ ਪ੍ਰਥਾਇ ਮਾਝ ਰਾਗ ਅੰਦਰ ਅੰਕਤ ਕੀਤਾ ਹੈ:-

**ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥**
**ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥**
**ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥**

ਮਾਝ ਕੀ ਵਾਰ ਮ: ੧, ਅੰਗ: ੧੪੩

ਹੇ ਕਲਗੀਧਰ ਜੀ! ਤੁਸੀਂ ਹਰੀ ਦਾ ਰੂਪ ਹੋ, ਤੁਹਾਡੇ ਅੰਦਰ ਵਰਤ ਰਹੀ ਇਲਾਹੀ ਜੋਤ ਵੱਲ ਹੀ ਇਸ਼ਾਰਾ ਕਰ ਕੇ ਗੁਰਦੇਵ ਗੁਰੂ ਅਰਜਨ ਦੇਵ ਜੀ ਨੇ ਮਾਰੂ ਵਾਰ ਅੰਦਰ ਅੰਕਤ ਕੀਤਾ ਹੈ:-

**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥**

ਮ: ੫, ਅੰਗ: ੧੦੯੬

ਹੇ ਸਤਿਗੁਰੂ ਜੀ! ਤੁਸੀਂ ਤਾਂ ਜੀਵ ਦਾ ਲੇਖਾ ਮੁਕਾ ਕੇ ਸਦਾ ਲਈ ਕਰਮਾਂ ਦੇ ਕਾਗਜ਼ ਫਾੜ ਕੇ ਨਾਸ਼ ਕਰ ਦੇਂਦੇ ਹੋ। ਸਤਿਗੁਰੂ ਗੁਰੂ ਰਾਮਦਾਸ ਜੀ ਨੇ ਜੈਤਸਰੀ ਰਾਗ ਅੰਦਰ ਇਲਾਹੀ ਜੋਤ ਦੀ ਸਮਰੱਥਾ ਲਿਖਦੇ ਹੀ ਫੁਰਮਾਨ ਕੀਤਾ ਹੈ:-

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥੪॥੫॥**

ਜੈਤਸਰੀ ਮ:੪, ਅੰਗ: ੬੯੮

ਅੱਜ ਆਪਾਂ ਵੀ ਇਸ ਪਾਵਨ ਪਵਿੱਤ੍ਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਦੀ ਤਿੰਨ ਸੌ ਪੰਜਾਹਵੀਂ ਸਥਾਪਨਾ ਵਰ੍ਹੇ ਗੰਢ ਤੇ ਜਾਂ ਅੱਗੇ ਪਿੱਛੇ ਗੁਰੂ ਚਰਨਾਂ ਨਾਲ ਪਵਿੱਤ੍ਰ ਹੋਈ ਇਸ ਧਰਤੀ ਦੀ ਚਰਨ ਧੂੜੀ ਨੂੰ ਮਸਤਕ ਤੇ ਲਾਉਣ ਲਈ ਜਾਣਾ ਹੈ। ਆਪਾਂ ਵੀ ਇਹ ਭਾਵਨਾ ਲੈ ਕੇ ਜਾਣਾ ਹੈ ਕਿ ਸਤਿਗੁਰੂ ਦਇਆਲੂ, ਕ੍ਰਿਪਾਲੂ

ਸਾਡੇ ਪੁੱਠੇ ਲੇਖਾਂ ਨੂੰ ਵੀ ਸਿੱਧੇ ਕਰ ਦੇਣ। ਪੁੱਠੇ ਲੇਖਾਂ ਦੀ ਨਿਸ਼ਾਨੀ ਕੀ ਹੈ? ਆਪਾਂ ਸਾਰਿਆਂ ਨੂੰ ਪਤਾ ਹੈ। ਮਨੁੱਖ ਗੁਰੂ ਦਰਸਾਏ ਹੁਕਮਾਂ ਤੋਂ ਪੁੱਠੇ ਕਰਮ ਕਰਦਾ ਹੈ। ਪੁੱਠੇ ਲੇਖਾਂ ਵਾਲਾ ਨਸ਼ੇ ਵਰਤਦਾ ਹੈ, ਵਿਭਚਾਰੀ ਕਰਮ ਕਰਦਾ ਹੈ, ਚੋਰੀ, ਯਾਰੀ, ਠੱਗੀ ਨੂੰ ਆਪਣਾਉਂਦਾ ਹੈ। ਪੁੱਠੇ ਲੇਖਾਂ ਵਾਲਾ ਪਰਮਾਤਮਾ ਤੇ ਗੁਰੂ ਹੁਕਮਾਂ ਦੀ ਰਤਾ ਪ੍ਰਵਾਹ ਨਾ ਕਰ, ਮਨ ਪਿੱਛੇ ਤੁਰਦਾ ਹੈ। ਪੁੱਠੇ ਲੇਖਾਂ ਵਾਲਾ ਆਪਣੇ ਸਰੀਰ ਤੇ ਆਤਮਾ ਦੇ ਵਿਨਾਸ਼ ਕਰਨ ਵਾਲੇ ਕਰਮ ਕਰਨ ਤੋਂ ਵੀ ਜਰਾ ਸਕੋਚ ਨਹੀਂ ਕਰਦਾ।

ਇਸ ਦੇ ਉਲਟ ਪਰਮਾਤਮਾਂ ਨੂੰ ਗੁਰੂ ਨੂੰ ਹੁਕਮ ਰਜਾਈ ਚੱਲਣ ਵਾਲਾ ਮਨੁੱਖ ਚੰਗਾ ਲਗਦਾ, ਹੁਕਮ ਰਜਾਈ ਚੱਲਣ ਵਾਲਾ ਗੁਰੂ ਖਜ਼ਾਨੇ ਪ੍ਰਵਾਨਗੀ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:-

**ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥**
**ਖੋਟੇ ਠਵਰ ਨ ਪਾਇਨੀ ਰਲੇ ਜੂਠਾਨੇ॥੪॥**

ਮ:੧, ਅੰਗ: ੪੨੧

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਹੀ ਆਸਾ ਰਾਗ ਅੰਦਰ ਬਚਨ ਹੈ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**

ਮ:੧, ਅੰਗ: ੪੭੧

ਹੁਕਮ ਰਜਾਈ ਚੱਲਣ ਲਈ ਸਤਿਗੁਰਾਂ ਅੱਗੇ ਢਹਿ ਕੇ ਅਰਦਾਸ ਕਰੀਏ ਤੇ ਗੁਰੂ ਸ਼ਰਣ ਵਿੱਚ ਪੈ ਜਾਈਏ ਤੇ ਅੰਦਰੋਂ ਕਲਗੀਧਰ ਦੇ ਦਰਬਾਰ ਵਿੱਚ ਨਤਮਸਤਕ ਹੋ ਪੁਕਾਰ ਕਰੀਏ ਦਾਤਾ!

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥**
**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥**
**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥**
**ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥**
**ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥**

ਦੇਵਗੰਧਾਰੀ ਮ: ੪, ਅੰਗ: ੫੨੮

ਗੁਰੂ ਤਾਂ ਸਾਨੂੰ ਭੁੱਲਿਆਂ ਭਟਕਿਆਂ ਤੇ ਪੁੱਠੇ ਲੇਖਾਂ ਵਾਲਿਆਂ ਨੂੰ ਸਿੱਧੇ ਰਸਤੇ ਪਾਉਣ ਤੇ ਪੁੱਠੇ ਲੇਖ ਸਿੱਧੇ ਕਰਨ ਵਾਸਤੇ ਸਰੀਰ ਰੂਪ ਧਾਰ ਕੇ ਆਇਆ ਤੇ ਹੁਣ ਸ਼ਬਦ ਰੂਪ ਵਿੱਚ ਸਦਾ ਲਈ ਮਾਤ ਲੋਕ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਿਰਾਜ ਰਿਹਾ ਹੈ। ਜਦੋਂ ਆਪਾਂ ਸ਼ਰਣ ਆ ਜਾਵਾਂਗੇ, ਫਿਰ ਸਤਿਗੁਰੂ ਸਾਡੇ ਪੁੱਠੇ ਲੇਖ ਸਿੱਧੇ ਕਰਨ

ਲੱਗਿਆਂ ਭੋਰਾ ਢਿੱਲ ਨਹੀਂ ਕਰੇਗਾ। ਸਤਿਗੁਰੂ ਤਾਂ, ਜੋ ਸਰਣ ਆ ਜਾਂਦਾ ਹੈ ਉਸ ਦੇ ਪੁੱਠੇ ਲੇਖ ਸਿੱਧੇ ਕਰਕੇ ਆਪਣੇ ਗਲੇ ਨਾਲ ਲਾ ਲੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਬਿਹਾਗੜਾ ਰਾਗ ਅੰਦਰ ਫੁਰਮਾਨ ਹੈ:-

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ।**

ਮ:੫, ਅੰਗ: ੫੪੪

ਜੋ ਗੁਰੂ ਦੀ ਸ਼ਰਣ ਵਿੱਚ ਪੈ ਜਾਂਦਾ ਹੈ ਸਤਿਗੁਰੂ ਉਸ ਦਾ ਆਵਾਗਉਣ ਦਾ ਚੱਕਰ ਖਤਮ ਕਰ ਦਿੰਦੇ ਹਨ। ਜਿੱਥੇ ਉਹ ਆਪ ਇ ਭਵਜਲ ਤੋਂ ਪਾਰ ਉੱਤਰਦਾ ਹੈ ਉਥੇ ਉਸ ਦੇ ਪ੍ਰਵਾਰ ਤੇ ਕੁਟੰਬ ਦਾ ਵੀ ਉਧਾਰ ਹੋ ਜਾਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਗੁੰਟੀ ਦਿੰਦੇ ਹਨ:-

**ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥**
**ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥**

ਗਉੜੀ ਥਿਤੀ ਮ:੫, ਅੰਗ: ੩੦੦

ਜਗਿਆਸੂ ਬਣ ਕੇ ਆਪਾਂ ਵੀ ਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚ ਢਹਿ ਪਈਏ ਤੇ ਪੁਕਾਰ ਕੇ ਕਹਿ ਦੇਈਏ, ਦਾਤਾ!

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥**
**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥**

ਪਾਤਸ਼ਾਹੀ:੧੦

ਅਜਿਹੇ ਭਾਗਾਂ ਵਾਲੇ ਸਮੇਂ ਜ਼ਿੰਦਗੀ ਵਿੱਚ ਵਾਰ ਵਾਰ ਨਹੀਂ ਮਿਲਦੇ। ਆਪਾਂ ਇਨ੍ਹਾਂ ਬਖਸ਼ਿਸ਼ ਭਰਿਆਂ ਸਮਿਆਂ ਤੋਂ ਲਾਹਾ ਪ੍ਰਾਪਤ ਕਰ ਆਪਣਾ ਲੋਕ-ਪ੍ਰਲੋਕ ਸਵਾਰ ਲਈਏ, ਢਿੱਲ ਨਾ ਕਰੀਏ, ਜਰੂਰੀ ਬੇਨਤੀ ਹੈ ਜੀ।

# ੩੫
# ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਮਨੁੱਖ ਦਾ ਇੱਕ ਸੁਭਾਅ ਹੈ ਜਦੋਂ ਇਸ ਨੇ ਕਿਸੇ ਪਾਸੋਂ ਕੋਈ ਵਸਤੂ ਲੈਣੀ ਹੋਵੇ ਤਦੋਂ ਲੋੜਕੂ ਮਨੁੱਖ ਗਰਜ਼ ਪੂਰੀ ਕਰਤਾ ਪਾਸ ਬੜੀ ਨਿੰਮ੍ਰਤਾ ਨਾਲ ਜਾਂਦਾ ਹੈ ਅਤੇ ਬੜੀ ਆਜ਼ਜ਼ੀ ਨਾਲ ਆਪਣੀ ਮਜ਼ਬੂਰੀ, ਬੇ-ਵੱਸੀ ਦਾ ਪ੍ਰਗਟਾਵਾ ਬੜੇ ਨਿਮਰ ਭਾਵ ਨਾਲ ਗਰਜ਼ ਪੂਰਤੀ ਕਰਨ ਵਾਲੇ ਪਾਸ ਕਰਦਾ ਹੈ। ਜਿਸ ਵੇਲੇ ਮਨੁੱਖ ਦੀ ਗਰਜ਼ ਪੂਰੀ ਹੋ ਜਾਂਦੀ ਹੈ। ਥੋੜ੍ਹੇ ਹੀ ਸਮੇਂ ਬਾਅਦ ਗਰਜ਼ ਪੂਰੀ ਕਰਨ ਤੇ ਔਖੇ ਮੌਕੇ ਸਹਾਇਤਾ ਕਰਨ ਵਾਲੇ ਦਾ ਅਹਿਸਾਨ ਭੁੱਲ ਜਾਂਦਾ ਹੈ। ਜਦੋਂ ਸਮਾਂ ਆਏ ਤੇ ਗਰਜ਼ ਪੂਰੀ ਕਰਨ ਵਾਲਾ ਮਨੁੱਖ ਆਪਣੀ ਸੰਪਤੀ (ਪੈਸਾ) ਵਾਪਸ ਮੰਗਦਾ ਹੈ ਤਦ ਪੈਸਾ ਲੈ ਕੇ ਆਪਣੀ ਲੋੜ ਪੂਰੀ ਕਰਨ ਵਾਲੇ ਮਨੁੱਖ ਦੀਆਂ ਅੱਖਾਂ ਵੀ ਤੇ ਬੋਲ ਵੀ ਬਦਲ ਜਾਂਦੇ ਹਨ। ਅਜਿਹੇ ਅੱਖਾਂ, ਬੋਲ ਤੇ ਵਰਤਾਉ ਬਦਲਣ ਵਾਲੇ ਮਨੁੱਖ ਨੂੰ ਸੰਸਾਰ ਵਿੱਚ ਅਕ੍ਰਿਤਘਣ ਕਿਹਾ ਜਾਂਦਾ ਹੈ।

ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਸੰਸਾਰ ਅੰਦਰ ਅਕ੍ਰਿਤਘਣ ਮਨੁੱਖ ਨਾਲੋਂ ਹੋਰ ਕੋਈ ਵੱਡਾ ਪਾਪੀ ਨਹੀਂ ਹੈ। ਧਰਤੀ ਨੂੰ ਕਿਸੇ ਵੀ ਭਾਰੀ ਵਸਤੂ ਦਾ ਭਾਰ ਨਹੀਂ ਲਗਦਾ, ਜਦੋਂ ਅਕ੍ਰਿਤਘਣਾਂ ਦੀ ਗਿਣਤੀ ਸੰਸਾਰ ਉੱਪਰ ਵਧ ਜਾਂਦੀ ਹੈ, ਤਦੋਂ ਧਰਤੀ ਆਪਣੇ ਉੱਪਰ ਬੋਝ ਮਹਿਸੂਸ ਕਰਦੀ ਹੈ। ਭਾਈ ਸਾਹਿਬ ਜੀ ਦਾ ਪੈਂਤੀਵੀਂ ਵਾਰ ਅੰਦਰ ਫੁਰਮਾਨ ਹੈ ਕਿ ਅਸਮਾਨਾਂ ਨਾਲ ਛੂਹਦੀਆਂ ਟੀਸੀਆਂ ਵਾਲੇ ਉੱਚੇ ਪਹਾੜਾਂ ਦਾ ਭਾਰ ਵੀ ਧਰਤੀ ਨੂੰ ਮਹਿਸੂਸ ਨਹੀਂ ਹੁੰਦਾ। ਧਰਤੀ ਉੱਪਰ ਬੇਅੰਤ ਕਿਲ੍ਹੇ ਤੇ ਥਾਂਵਾਂ-ਥਾਂਵਾਂ ਤੇ ਬਣੇ ਹੋਏ ਬੇਅੰਤ ਘਰਾਂ ਦਾ ਭਾਰ ਵੀ ਧਰਤੀ ਨੂੰ ਨਹੀਂ ਵਿਆਪਦਾ। ਪਾਣੀ ਨਾਲ ਨੱਕੋ-ਨੱਕ ਭਰੇ ਸਮੁੰਦਰ ਦਰਿਆ ਤੇ ਨਦੀਆਂ ਦਾ ਭਾਰ ਵੀ ਧਰਤੀ ਨੂੰ ਨਹੀਂ ਵਿਆਪਦਾ। ਵੱਡੇ ਵੱਡੇ ਦਰੱਖਤ ਜੋ ਫਲਾਂ ਨਾਲ ਭਰੇ ਹੁੰਦੇ ਹਨ, ਉਨ੍ਹਾਂ ਦਾ ਭਾਰ ਵੀ ਧਰਤੀ ਨੂੰ ਨਹੀਂ ਲਗਦਾ। ਧਰਤੀ ਉੱਪਰ ਨਾਨ੍ਹਾ ਪ੍ਰਕਾਰ ਦੇ ਜੀਵ ਜੰਤ ਘੁੰਮਦੇ ਫਿਰਦੇ ਹਨ, ਇਨ੍ਹਾਂ ਦਾ ਵੀ ਧਰਤੀ ਨੂੰ ਭੋਰਾ ਜਿੰਨਾਂ ਭਾਰ ਨਹੀਂ ਲਗਦਾ। ਅਕ੍ਰਿਤਘਣ ਲੋਕ ਬਹੁਤ ਮਾੜੇ ਤੇ ਭਾਰੇ ਹਨ, ਜੋ ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲ ਜਾਂਦੇ ਹਨ। ਇਨ੍ਹਾਂ ਦਾ ਭਾਰ ਧਰਤੀ ਨੂੰ ਬਹੁਤ ਜਿਆਦਾ ਵਿਆਪਦਾ ਹੈ। ਆਪ ਦਾ ਫੁਰਮਾਨ ਹੈ:-

ਨਾ ਤਿਸ ਭਾਰੇ ਪਰਬਤਾ ਅਸਮਾਨ ਖਹੰਦੇ॥
ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ॥
ਨਾ ਤਿਸ ਭਾਰੇ ਸਾਇਰਾਂ ਨਦ ਵਾਹ ਵਹੰਦੇ॥
ਨਾ ਤਿਸ ਭਾਰੇ ਤਰਵਰਾਂ ਫਲ ਸੁਫਲ ਫਲੰਦੇ॥
ਨਾ ਤਿਸ ਭਾਰੇ ਜੀਅ ਜੰਤ ਅਣਗਣਤ ਫਿਰੰਦੇ॥
ਭਾਰੇ ਭੁਇ ਅਕਿਰਤਘਣ ਮੰਦੀ ਹੂੰ ਮੰਦੇ॥

ਭਾਈ ਗੁਰਦਾਸ ਜੀ,ਵਾਰ: ੩੫, ਪਉੜੀ ੮

ਸੰਸਾਰ ਅੰਦਰ ਵਿਚਰਦਿਆਂ ਹਰ ਮਨੁੱਖ ਨੂੰ ਮਾਇਕ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲੀ ਗੱਲ ਤਾਂ ਇਹ ਕਿ ਉਸ ਤੰਗੀ ਨੂੰ ਆਪਣੇ ਕਰਮ ਦਾ ਫ਼ਲ ਤੇ ਗੁਰੂ ਦਾ ਭਾਣਾ ਮੰਨ, ਲਗਦੀ ਵਾਹੇ ਕਿਸੇ ਪਾਸੋਂ ਕਰਜਾ ਨਾ ਲਵੇ। ਜੇ ਕਰਜਾ ਲਵੇ ਤਾਂ ਜਿਨ੍ਹਾਂ ਹੱਥਾਂ ਨਾਲ, ਜ਼ੁਬਾਨ ਦੀ ਆਜ਼ਜ਼ੀ ਤੇ ਅੱਖਾਂ ਨੀਵੀਆਂ ਕਰ ਹੱਥ ਹੇਠਾਂ ਕਰ ਕਰਜਾ ਲਿਆ, ਉਸੇ ਹਾਲਤ ਵਿੱਚ ਕਰਜਾ ਦੇਣ ਵਾਲੇ ਦਾ ਧੰਨਵਾਦ ਕਰਦਾ ਹੋਇਆ ਉਸ ਨੂੰ ਕਰਜਾ ਵਾਪਸ ਕਰੇ। ਜੋ ਲਿਆ ਹੋਇਆ ਕਰਜਾ ਮੋੜਨ ਤੋਂ ਟਾਲ ਮਟੋਲ ਕਰਦਾ ਜਾਂ ਮੁੱਕਰ ਜਾਂਦਾ ਹੈ, ਉਹ ਅਕ੍ਰਿਤਘਣ ਹੈ।

ਅਜਿਹੀ ਸਿੱਖਿਆ ਦੇਣ ਹਿਤ ਅਨੰਦਪੁਰ ਸਾਹਿਬ ਦੇ ਅਸਥਾਨ ਤੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਹਦਾਇਤ ਕੀਤੀ ਤੇ ਕੌਤਕ ਰਚਾਇਆ। ਸਤਿਗੁਰੂ ਜੀ ਦੇ ਦੋ ਗੁਰਸਿੱਖ ਜਿਨ੍ਹਾਂ ਦਾ ਨਾਉਂ ਭਾਈ ਲਹੌਰਾ ਸਿੰਘ ਤੇ ਭਾਈ ਮਾਲਾ ਸਿੰਘ ਸੀ, ਦੋਵੇਂ ਆਪਸੀ ਬੜੇ ਪਿਆਰ ਵਾਲੇ ਸਿੱਖ ਸਨ। ਸਮਾਂ ਆਇਆ, ਭਾਈ ਲਹੌਰਾ ਸਿੰਘ ਨੂੰ ਮਾਇਆ ਦੀ ਲੋੜ ਪਈ, ਰਿਸ਼ਤੇਦਾਰਾਂ ਪਾਸੋਂ ਗਰਜ਼ ਪੂਰੀ ਨਾ ਹੋਈ। ਭਾਈ ਲਹੌਰਾ ਸਿੰਘ, ਭਾਈ ਮਾਲਾ ਸਿੰਘ ਪਾਸ ਮਾਇਆ ਲੈਣ ਲਈ ਫ਼ਰਿਆਦੀ ਹੋਇਆ। ਭਾਈ ਮਾਲਾ ਸਿੰਘ ਨੇ ਲਹੌਰਾ ਸਿੰਘ ਨਾਲ ਬਚਨ ਕੀਤਾ, ਭਾਈ ਲਹੌਰਾ ਸਿੰਘ! ਤੂੰ ਵੀ ਗੁਰੂ ਕਾ ਸਿੱਖ, ਮੈਂ ਵੀ ਗੁਰੂ ਕਾ ਸਿੰਘ ਅਸੀਂ ਆਪਸੀ ਭਰਾ ਲਗਦੇ ਹਾਂ ਮੇਰੇ ਪਾਸ ਬਹੁਤੀ ਮਾਇਆ ਤੇ ਹੈ ਨਹੀਂ ਪਰ ਫਿਰ ਵੀ ਮੈਂ ਕੁੱਝ ਆਪਣੇ ਪਾਸੋਂ ਤੇ ਕੁਝ ਕਿਸੇ ਮਿਤ੍ਰ-ਦੋਸਤ ਪਾਸੋਂ ਲੈ ਕੇ ਤੇਰੀ ਲੋੜ ਪੂਰ ਕਰ ਦਿੰਦਾ ਹਾਂ ਪਰ ਤੂੰ ਮੈਨੂੰ ਸਮੇਂ ਨਾਲ ਪੈਸੇ ਵਾਪਸ ਕਰ ਦੇਵੀਂ ਤਾਂ ਜੋ ਮੈਂ ਵੀ ਝੂਠਾ ਨਾ ਪਵਾਂ ਤੇ ਤੇਰਾ ਕਾਰਜ ਵੀ ਰਾਸ ਹੋ ਜਾਵੇ। ਲਹੌਰਾ ਸਿੰਘ ਨੇ ਕਰਜ਼ਾ ਪੂਰੇ ਸਮੇਂ ਸਿਰ ਵਾਪਸ ਕਰਨ ਦਾ ਵਾਅਦਾ ਭਾਈ ਮਾਲਾ ਸਿੰਘ ਨਾਲ ਕਰਕੇ ਉਸ ਪਾਸੋਂ ਪੈਸੇ ਉਧਾਰੇ ਲੈ ਲਏ। ਜਦੋਂ ਕਰਜ਼ਾ ਮੋੜਨ ਦੇ ਸਮੇਂ ਦੀ ਤਾਰੀਖ ਆਈ, ਭਾਈ ਮਾਲਾ ਸਿੰਘ ਨੇ ਭਾਈ ਲਹੌਰਾ ਸਿੰਘ ਪਾਸੋਂ ਪੈਸੇ ਵਾਪਸ ਮੰਗੇ ਤਦ ਲਹੌਰਾ ਸਿੰਘ ਪੈਸੇ ਵਾਪਸ ਕਰਨ ਲਈ ਆਨਾ-ਕਾਨੀ ਕੀਤੀ। ਦੋ-ਤਿੰਨ ਵਾਰੀ ਮੁੜ ਮਾਲਾ ਸਿੰਘ ਨੇ ਕਰਜ਼ਾ

ਵਾਪਸ ਕਰਨ ਲਈ ਕਿਹਾ ਤਦ ਲਹੌਰਾ ਸਿੰਘ ਨੇ ਕਿਹਾ ਕਿ ਤੂੰ ਆਪੇ ਤਾਂ ਮੈਨੂੰ ਭਰਾ ਕਹਿੰਦਾ ਸੀ ਕਿ ਅਸੀਂ ਦੋਵੇ ਸਿੱਖ ਭਰਾ ਹਾਂ। ਭਰਾਵਾਂ ਦਾ ਸਭ ਕੁਝ ਸਾਂਝਾ ਹੁੰਦਾ ਹੈ। ਆਪਣਾ ਕੋਈ ਵੰਡਿਆ ਥੋੜਾ। ਮਾਲਾ ਸਿੰਘ ਨੇ ਮੁੜ ਕਿਹਾ ਕਿ ਜੇ ਤੂੰ ਮੈਨੂੰ ਕਰਜ਼ਾ ਵਾਪਸ ਨਾ ਦੇਵੇਂਗਾ। ਮੈਂ ਤੈਥੋਂ ਦਰਗਾਹ ਵਿੱਚ ਲਵਾਂਗਾ ਤੇ ਮੈਂ ਸਤਿਗੁਰਾਂ ਨੂੰ ਵੀ ਦੱਸ ਦੇਵਾਂਗਾ ਕਿ ਲਹੌਰਾ ਸਿੰਘ ਨੇ ਮੇਰੇ ਪਾਸੋਂ ਕਰਜ਼ਾ ਲਿਆ ਸੀ ਉਹ ਮੈਨੂੰ ਵਾਪਸ ਨਹੀ ਦਿੰਦਾ। ਨਜਦੀਕ ਹੀ ਸਤਿਗੁਰੂ ਜੀ ਉਨ੍ਹਾਂ ਦੀਆਂ ਗੱਲਾਂ ਸੁਣ ਰਹੇ ਸਨ। ਮਾਲਾ ਸਿੰਘ ਨੇ ਲਹੌਰਾ ਸਿੰਘ ਦਾ ਉੱਤ੍ਰ ਸੁਣ ਕੇ ਉੱਚੀ ਸਾਰੀ ਕਿਹਾ ਜਾਹ! ਤੂੰ ਸਤਿਗੁਰੂ ਜੀ ਨੂੰ ਦੱਸ ਦੇਹ ਸਤਿਗੁਰੂ ਜੀ ਨੇ ਤਾਂ ਆਪ ਬਾਣੀ ਅੰਦਰ ਲਿਖਿਆ ਹੈ:-

**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥** ਮ:੫,ਅੰਗ:੧੦੯੬

ਸਤਿਗੁਰੂ ਜੀ ਦੇ ਕੰਨੀਂ ਵੀ ਲਹੌਰਾ ਸਿੰਘ ਦੇ ਗੁਰਬਾਣੀ ਦੀ ਆਪਣੇ ਹਿਤ ਲਈ ਦੁਰਵਰਤੋਂ ਕਰਨ ਵਾਲੇ ਬੋਲ ਪਏ । ਸਤਿਗੁਰੂ ਜੀ ਨੇ ਸਿੱਖ ਨੂੰ ਭੇਜ ਕੇ ਦੋਵਾਂ ਨੂੰ ਹਜ਼ੂਰੀ ਵਿੱਚ ਸੱਦਿਆ। ਭਾਈ ਮਾਲਾ ਸਿੰਘ ਤੇ ਭਾਈ ਲਹੌਰਾ ਸਿੰਘ ਦੋਵੇਂ ਸਤਿਗੁਰੂ ਜੀ ਦੇ ਸਨਮੁਖ ਹਾਜ਼ਰ ਹੋਏ। ਸਤਿਗੁਰੂ ਜੀ ਨੇ ਦੋਵਾਂ ਨੂੰ ਸੰਬੋਧਨ ਕਰਕੇ ਪੁੱਛਿਆ ਤੁਸੀਂ ਆਪਸ ਵਿੱਚ ਕਿਉਂ ਬਹਿਸਦੇ ਸੀ। ਭਾਈ ਮਾਲਾ ਸਿੰਘ ਨੇ ਸਤਿਗੁਰੂ ਜੀ ਦੇ ਸਨਮੁੱਖ ਹੱਥ ਜੋੜ ਭਾਈ ਲਹੌਰਾ ਸਿੰਘ ਦੇ ਕਰਜ਼ਾ ਲੈਣ ਦੀ ਸਾਰੀ ਵਿਥਿਆ ਸੁਣਾਈ ਤੇ ਨਾਲ ਹੀ ਬੇਨਤੀ ਕੀਤੀ ਪਾਤਸ਼ਾਹ! ਲਹੌਰਾ ਸਿੰਘ ਨੂੰ ਮੈਂ ਕਈ ਵਾਰੀ ਕਰਜ਼ਾ ਵਾਪਸ ਦੇਣ ਲਈ ਕਿਹਾ, ਲਹੌਰਾ ਸਿੰਘ ਕਰਜ਼ਾ ਦੇਣ ਤੋਂ ਇਨਕਾਰੀ ਹੁੰਦਾ ਹੈ ਤੇ ਕਹਿ ਦਿੰਦਾ ਹੈ ਕਿ:-

**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥** ਮ:੫,ਅੰਗ:੧੦੯੬

ਸਤਿਗੁਰੂ ਜੀ, ਲਹੌਰਾ ਸਿੰਘ ਨੂੰ ਕਹਿਣ ਲੱਗੇ ਭਲਿਆ ਆਪਣੇ ਮਤਲਬ ਦੀਆਂ ਪੰਕਤੀਆਂ ਗੁਰਬਾਣੀ ਵਿੱਚੋ ਲੱਭ ਕੇ ਉਨ੍ਹਾਂ ਦੀ ਦੁਰਵਰਤੋ ਕਰਨੀ ਇਹ ਪ੍ਰਭੂ ਹੁਕਮ ਦੀ ਬੇਅਦਬੀ ਹੈ। ਦੂਸਰੇ, ਕੀ ਤੂੰ ਇਹ ਪੰਕਤੀਆਂ ਨਹੀਂ ਪੜੀਆਂ ਕਿ ਪਰਾਇਆ ਹੱਕ ਖਾਣਾ ਮੁਸਲਮਾਨ ਲਈ ਸੂਰ ਖਾਣ ਤੇ ਹਿੰਦੂ ਲਈ ਗਊ ਖਾਣ ਦੇ ਤੁੱਲ ਹੈ? ਸਤਿਗੁਰੂ ਦਰਗਾਹ ਵਿੱਚ ਉਸਦੀ ਹਾਮੀਂ ਭਰਦੇ ਹਨ ਜੋ ਪਰਾਇਆ ਹੱਕ ਨਹੀਂ ਖਾਂਦਾ। ਤੂੰ ਪਰਾਏ ਹੱਕ ਨੂੰ ਵੀ ਖਾਧਾ ਤੇ ਉਸ ਨੂੰ ਠੀਕ ਸਿੱਧ ਕਰਨ ਵਾਸਤੇ ਗੁਰਬਾਣੀ ਦੀਆਂ ਤੁੱਕਾਂ ਦੀ ਵੀ ਦੁਰਵਰਤੋਂ ਕਰਦਾ ਹੈਂ, ਤੂੰ ਤਾਂ ਦੋਹਰੇ ਪਾਪ ਦਾ ਭਾਗੀ ਹੈਂ। ਜਾਹ ਛੇਤੀ ਕਰ! ਭਾਈ ਮਾਲਾ ਸਿੰਘ ਦਾ ਕਰਜ਼ਾ ਵਾਪਸ ਕਰ ਨਹੀਂ ਤੇ ਇੱਥੇ ਵੀ ਮਾਰ ਪਵੇਗੀ ਤੇ ਦਰਗਾਹ ਵਿਚ:-

**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥**
**ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥**

ਮ: ੧ ਅੰਗ ੪੬੩

ਦੀ ਸਚਾਈ ਵਰਤ ਕੇ:-

**ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥**
**ਆਜਰਾਈਲੁ ਫਰੇਸਤਾ ਹੋਸੀ ਆਇ ਤਈ ॥**
**ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥**
**ਕੂੜ ਨਿਖੁਟੇ ਨਾਨਕਾ ਓੜਕਿ ਸਚ ਰਹੀ ॥੨॥**

ਮ:੧ ਅੰਗ ੯੫੩

ਦੀ ਕਾਰ ਹੋਵੇਗੀ। ਲਹੌਰਾ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਹੱਥ ਜੋੜ ਕੇ ਮਾਫ਼ੀ ਮੰਗੀ ਤੇ ਭਾਈ ਮਾਲਾ ਸਿੰਘ ਦਾ ਕਰਜਾ ਉਤਾਰ ਸੁਰਖਰੂ ਹੋਇਆ।

ਸ੍ਰੀ ਗੁਰੂ ਕਲਗੀਧਰ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਬਚਨ ਕੀਤਾ ਸਾਧ ਸੰਗਤ ਜੀ! ਹਰ ਗੁਰਸਿੱਖ ਨੂੰ ਸਤਿਗੁਰੂ ਜੀ ਨੇ ਨਸੀਹਤ ਕੀਤੀ ਹੈ ਕਿ ਆਪਣੇ ਵਿੱਤ ਅਨੁਸਾਰ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ। ਜੋ ਆਪਣੇ ਵਿੱਤ ਅਨੁਸਾਰ ਆਪਣਾ ਜੀਵਨ ਬਤੀਤ ਕਰ ਕਾਰ-ਵਿਹਾਰ ਕਰਦਾ ਹੈ ਉਹ ਕਦੇ ਵੀ ਆਪਣਾ ਬਲ ਨਹੀਂ ਹਾਰਦਾ। ਸਤਿਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ:-

**ਜੇ ਕੋਊ ਆਪੁਨੀ ਓਟ ਸਮਾਰੈ ॥**
**ਜੈਸਾ ਬਿਤੁ[੧] ਤੈਸਾ ਹੋਇ [੨]ਵਰਤੈ ਆਪੁਨਾ [੩]ਬਲੁ ਨਹੀ ਹਾਰੈ ॥ ਰਹਾਉ ॥**

ਮ: ੫, ਅੰਗ ੬੭੯

ਸਾਧ ਸੰਗਤ ਜੀ! ਅੱਜ ਆਪਾਂ ਵੀ ਇਨ੍ਹਾਂ ਪ੍ਰਸੰਗਾਂ ਤੋਂ ਸਿੱਖਿਆ ਲੈ ਕੇ ਆਪਣੇ ਵਿੱਤ ਅਨੁਸਾਰ ਸੰਸਾਰ ਅੰਦਰ ਜੀਵਨ ਬਤੀਤ ਕਰੀਏ। ਸਤਿਗੁਰੂ ਜੀ ਦਾ ਬਚਨ ਹੈ ਹਰ ਗੁਰਸਿੱਖ ਆਪਣੀ ਆਮਦਨ ਨਾਲੋਂ ਖਰਚਾ ਘੱਟ ਕਰੇ। ਆਪਣੀ ਕਮਾਈ ਵਿੱਚੋਂ ਭਾਵੇਂ ਇੱਕ ਪੈਸਾ ਵੀ ਹਰ ਰੋਜ ਬਚਾਵੇ, ਪਰ ਬਚਾਵੇ ਜ਼ਰੂਰ ਤਾਂ ਜੋ ਕਿਸੇ ਸੰਕਟ ਸਮੇਂ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ। ਦੂਸਰਾ, ਜੇ ਕਿਸੇ ਸਮੇਂ ਕਿਸੇ ਕਾਰਨ ਕਿਸੇ ਪਾਸੋਂ ਕਰਜ਼ਾ ਲੈਣਾ ਵੀ ਪਵੇ ਨੀਯਤ ਸਮੇਂ ਤੋਂ ਪਹਿਲਾਂ ਹੀ ਉਨ੍ਹਾਂ ਹੱਥਾਂ ਤੇ ਉਨ੍ਹਾਂ ਅੱਖਾਂ ਨਾਲ ਖੁਸ਼ੀ-ਖੁਸ਼ੀ ਧੰਨਵਾਦ ਸਹਿਤ ਉਸ ਨੂੰ ਵਾਪਸ ਕਰੇ। ਇਸ ਤਰ੍ਹਾਂ ਜਗਤ ਵਿੱਚ ਵੀ ਪਰਤੀਤ ਬਣੀ ਰਹਿੰਦੀ ਹੈ ਤੇ ਦਰਗਾਹ ਵਿੱਚ ਵੀ ਮਨੁੱਖ ਸੁਰਖਰੂ ਮੁੱਖ ਲੈ ਕੇ ਜਾਂਦਾ ਹੈ।

---

੧.ਜਿੰਨੀ ਮਨੁੱਖ ਦੀ ਆਪਣੀ ਪਾਂਇਆ ਹੈ ੨.ਉਸੇ ਹਿਸਾਬ ਨਾਲ ਜਗਤ ਅੰਦਰ ਕਾਰ ਵਿਹਾਰ ਕਰਦਾ ਹੈ। ੩.ਆਪਣਾ ਬਲ-ਹੌਸਲਾ

# ੩੬
# ਲੰਗਰ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਗੁਰੂ ਘਰ ਵਿੱਚ ਲੰਗਰ ਦੀ ਬਹੁਤ ਵੱਡੀ ਮਹਾਨਤਾ ਹੈ। ਸੰਸਾਰ ਵਿੱਚ ਜਿੱਥੇ ਜਿੱਥੇ ਵੀ ਗੁਰਸਿੱਖ ਵਸਦੇ ਹਨ, ਉਹ ਆਪਣੀ ਕਿਰਤ-ਕਮਾਈ ਚੋਂ ਹਿੱਸਾ ਕੱਢ ਕੇ ਗੁਰੂ ਕੇ ਲੰਗਰ ਵਿੱਚ ਪਾ ਕੇ ਆਪਣੇ ਧੰਨ ਭਾਗ ਸਮਝਦੇ ਹਨ। ਜਿੱਥੇ ਗੁਰਦੁਆਰਿਆਂ ਵਿੱਚ ਸਰਬ-ਸਾਂਝਾ ਲੰਗਰ ਹਰ ਇੱਕ ਲਈ ਬਿਨਾਂ ਵਿਤਕਰੇ ਇੱਕੋ ਪੰਗਤ ਵਿੱਚ ਇੱਕੋ ਜਿਹਾ ਲੋੜ ਅਨੁਸਾਰ ਵਰਤਦਾ ਹੈ। ਉਥੇ ਇਹ ਕਹਿਣ ਵਿੱਚ ਵੀ ਕੋਈ ਅਤਕਥਨੀ ਨਹੀਂ ਕਿ ਕੋਈ ਮਨੁੱਖ ਕਿਸੇ ਗੁਰਸਿੱਖ ਦੇ ਘਰ ਲੰਗਰ ਸਮੇਂ ਗਿਆ ਹੋਵੇ, ਉਹ ਆਪ ਭਾਵੇ ਨਾਂਹ ਕਰ ਦੇਵੇ, ਪਰ ਗੁਰੂ ਦਾ ਸਿੱਖ ਉਸ ਅਤਿਥੀ ਨੂੰ ਲੰਗਰ ਛਕਣ ਲਈ ਜਰੂਰੀ ਬੇਨਤੀ ਦੇ ਰੂਪ ਵਿੱਚ ਪੁੱਛ ਕਰੇਗਾ। ਜੇ ਉਹ ਲੰਗਰ ਛਕਣ ਲਈ ਆਪਣੀ ਇੱਛਾ ਪਰਗਟ ਕਰੇ ਤਦ ਗੁਰੂ ਦਾ ਸਿਖ ਆਪਣੇ ਵਿੱਤ ਨਾਲੋਂ ਵੱਧ, ਲੰਗਰ-ਪਾਣੀ ਦੀ ਸੇਵਾ ਕਰਕੇ ਆਪਣੇ ਧੰਨ ਭਾਗ ਸਮਝੇਗਾ। ਇਹ ਗੁਣ ਹੋਰ ਕੌਮਾਂ ਜਾਂ ਕਿਸੇ ਧਰਮ ਮੰਦਰਾਂ, ਮਸਜਿਦਾਂ, ਗਿਰਜ਼ਿਆਂ ਵਿੱਚ ਨਹੀਂ ਵੇਖਿਆ ਜਾ ਸਕਦਾ। ਲੰਗਰ ਦੀ ਪ੍ਰੰਪਰਾ ਕੇਵਲ ਗੁਰੂ ਘਰ ਨੂੰ ਹੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਪ੍ਰਦਾਨ ਕੀਤੀ ਹੈ।

ਆਪ ਸਭ ਨੂੰ ਪਤਾ ਹੈ ਜਦੋਂ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਪਿਤਾ ਮਹਿਤਾ ਕਾਲੂ ਜੀ ਨੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੂੰ ਵੀਹ (੨੦) ਰੁਪਏ ਦਿੱਤੇ ਤੇ ਨਾਲ ਭਾਈ ਬਾਲੇ ਨੂੰ ਸਾਥ ਤੋਰਿਆ ਅਤੇ ਹਦਾਇਤ ਕੀਤੀ ਨਾਨਕ! ਤੂੰ ਹੋਰ ਕਿਸੇ ਕੰਮ ਵਿੱਚ ਪੈਸਾ ਕਮਾਉਣ ਵਿੱਚ ਤਾਂ ਸਫ਼ਲ ਨਹੀਂ ਹੋਇਆਂ ਹੁਣ ਤੂੰ ਇਨ੍ਹਾਂ ਵੀਹ ਰੁਪਈਆਂ ਨਾਲ ਕੋਈ ਖਰਾ ਸੌਦਾ ਕਰਕੇ ਆ, ਜੋ ਅਗਾਂਹ ਵੀ ਪ੍ਰਫੁੱਲਤ ਹੋਵੇ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਪਿਤਾ ਕਾਲੂ ਜੀ ਪਾਸੋਂ ਵੀਹ ਰੁਪਏ ਲੈ ਲਏ ਤੇ ਬਚਨ ਕੀਤਾ ਪਿਤਾ ਜੀ! ਮੈਂ ਇਨਾਂ ਪੈਸਿਆਂ ਨਾਲ ਤੁਹਾਡੇ ਕਹਿਣ ਮੁਤਾਬਿਕ ਅਜਿਹਾ ਖਰਾ ਸੌਦਾ ਕਰਾਂਗਾ ਜੋ ਸਦਾ ਵਧਦਾ ਰਹੇ। ਇਹ ਕਹਿ ਕੇ ਪਿਤਾ ਜੀ ਨੂੰ ਸਿਰ ਝੁਕਾਇਆ ਤੇ ਵੀਹ ਰੁਪਏ ਭਾਈ ਬਾਲੇ ਪਾਸ ਅਮਾਨਤ ਦੇ ਦਿੱਤੀ। ਧੰਨ ਗੁਰਦੇਵ ਗੁਰੂ ਨਾਨਕ ਦੇਵ ਜੀ, ਭਾਈ ਬਾਲੇ ਨਾਲ ਬਚਨ ਬਿਲਾਸ ਕਰਦੇ ਤੁਰੇ ਜਾ ਰਹੇ ਹਨ ਤੇ ਨਾਲ ਵੀਚਾਰ ਕਰਦੇ ਹਨ ਅਤੇ ਬਾਲੇ

ਨੂੰ ਕਹਿੰਦੇ ਹਨ ਭਾਈ ਬਾਲਾ ਤੂੰ ਦੱਸ ਕਿਹੜਾ ਖਰਾ ਸੌਦਾ ਕਰੀਏ ਜੋ ਸਦਾ ਵਾਸਤੇ ਪ੍ਰਫੁੱਲਤ ਹੁੰਦਾ ਰਹੇ। ਭਾਈ ਬਾਲੇ ਉੱਤ੍ਰ ਦਿੱਤਾ ਸਤਿਗੁਰੂ! ਮੈਂ ਤਾਂ ਆਪ ਦਾ ਨਫ਼ਰ ਹਾਂ ਜਿਹੜਾ ਸੌਦਾ ਕਰਨ ਨਈ ਤੁਸੀਂ ਕਹੋਗੇ ਮੈਂ ਉਸ ਵਿੱਚ ਆਪ ਦੀ ਪੂਰੀ-ਪੂਰੀ ਸਹਾਇਤਾ ਕਰਾਂਗਾ। ਚੱਲਦੇ ਚੱਲਦੇ ਸਤਿਗੁਰੂ ਜੀ ਤੇ ਭਾਈ ਬਾਲਾ ਬਾਰਾਂ ਕੁ ਕੋਹ ਵਾਟ ਨਿਕਲ ਗਏ ਦੂਰ ਇੱਕ ਨਗਰ ਨਜ਼ਰੀਂ ਪਿਆ ਜਿਸ ਦਾ ਨਾਮ ਚੂਹੜਕਾਣਾ ਸੀ। ਸਤਿਗੁਰਾਂ ਨੇ ਖਰਾ ਸੌਦਾ ਕਰਨ ਲਈ ਉਸ ਨਗਰ ਵਲ ਆਪਣੇ ਮੁਬਾਰਕ ਕਦਮ ਮੋੜੇ ਸਾਹਮਣੇ ਇੱਕ ਝੰਗੀ[੧] ਸੀ। ਪੈਂਡਾ ਘਟਾਉਣ ਲਈ ਆਪ ਜੀ ਬਾਲੇ ਸਮੇਤ ਝੰਗੀ ਵਿੱਚ ਦੀ ਚੱਲ ਪਏ। ਜਦੋਂ ਆਪ ਜੀ ਨੇ ਝੰਗੀ ਵਿੱਚ ਪ੍ਰਵੇਸ਼ ਕੀਤਾ ਤਾਂ ਕੀ ਵੇਖਿਆ ਕਿ ਅਨੇਕਾਂ ਸਾਧੂ ਬਿਭੂਤਾ ਮਲੀ ਬੈਠੇ, ਕੋਈ ਜਲ ਧਾਰਾ ਕਰਦਾ ਹੈ ਕੋਈ ਧੂਣੀਆਂ ਤਾਪਦਾ, ਕੋਈ ਇੱਕ ਲੱਤ ਭਾਰ ਖੜਾ ਮੰਤ੍ਰਾਂ ਦਾ ਉਚਾਰਣ ਕਰਦਾ ਕੋਈ ਪੁੱਠਾ ਲਟਕਿਆਂ ਹੋਇਆ ਤਪ ਸਾਧਨਾ ਕਰਦਾ ਹੈ। ਸਤਿਗੁਰੂ ਜੀ ਇਨ੍ਹਾਂ ਦੇ ਤਪ, ਜੋ ਇਹ ਪ੍ਰਲੋਕ ਦੇ ਸੁੱਖਾਂ ਦੀ ਪ੍ਰਾਪਤੀ ਲਈ ਕਰਦੇ ਸਨ, ਵੇਖ ਕੇ ਇਨ੍ਹਾਂ ਦੇ ਮਹੰਤ ਜੋ ਇੱਕ ਤਲਾਬ ਦੇ ਕਿਨਾਰੇ ਮਿਰਗਛਾਲਾ[੨] ਵਿਛਾਈ, ਜਟਾਧਾਰੀ ਪਦਮ-ਆਸਣ ਜਮਾ ਸਮਾਧੀ ਲਾਈ ਬੈਠਾ ਸੀ, ਪਾਸ ਪੁੱਜ ਗਏ ਤੇ ਮਹੰਤ ਜੀ ਪਾਸ ਬੈਠ ਗਏ।

ਥੋੜੇ ਸਮੇਂ ਬਾਅਦ ਮਹੰਤ ਨੇ ਨੈਣ ਖੋਹਲੇ ਤੇ ਦੈਵੀ-ਪ੍ਰਭਾ ਵਾਲੇ ਨੂਰ ਦੇ ਦਰਸ਼ਣ ਕਰ ਚਕ੍ਰਿਤ ਰਹਿ ਗਿਆ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਮਹੰਤ ਜੀ ਨੂੰ ਕਿਹਾ ਹੇ ਸੰਤ ਜੀ! ਸਿਆਲ ਦੇ ਦਿਨ ਹਨ, ਤੁਸੀਂ ਕੱਪੜੇ ਵੀ ਨਹੀਂ ਪਹਿਨੇ ਹੋਏ, ਅੰਨ-ਪਾਣੀ ਵੀ ਕਿਧਰੇ ਨਹੀਂ ਦਿਸਦਾ। ਤੁਸੀਂ ਅਜਿਹੀ ਦਸ਼ਾ ਆਪ ਬਣਾਈ ਹੈ ਜਾਂ ਕੱਪੜਾ ਪਦਾਰਥ ਮਿਲਦਾ ਨਹੀਂ ਹੈ। ਮਹੰਤ ਨੇ ਉੱਤ੍ਰ ਦਿੱਤਾ ਬਾਲਕੇ! ਮਿਲਦਾ ਸਭ ਕੁਝ ਹੈ ਪਰ ਸਰੀਰ ਤੇ ਜਗਤ ਦੇ ਪਦਾਰਥ ਸਭ ਨਾਸਵੰਤ ਹਨ। ਅਸੀਂ ਪਰਲੋਕ ਦੇ ਸਦੀਵੀਂ ਸੁੱਖਾਂ ਦੀ ਪ੍ਰਾਪਤੀ ਲਈ ਸੰਸਾਰ ਦੇ ਸੁੱਖ ਆਰਾਮ ਛੱਡ ਕੇ ਭੁੱਖ, ਤ੍ਰੇਹ ਸਹਾਰ ਕੇ ਬਨਾਂ ਵਿੱਚ ਬੈਠ ਤਪੱਸਿਆ ਕਰਦੇ ਹਾਂ। ਕਿਸੇ ਪਾਸੋਂ ਮੰਗਦੇ ਕੁਝ ਨਹੀਂ, ਜੇ ਕਿਸੇ ਨੂੰ ਪ੍ਰਮਾਤਮਾਂ ਪ੍ਰੇਰਨਾ ਦੇ ਕੇ ਕੋਈ ਪਦਾਰਥ ਭੇਜ ਦੇਵੇ ਉਸ ਨੂੰ ਅੰਗੀਕਾਰ ਕਰ ਲਈਦਾ ਹੈ, ਨਾਂਹ ਵੀ ਨਹੀਂ ਕਰੀਦੀ। ਸਤਿਗੁਰੂ ਜੀ ਨੇ ਮਹੰਤ ਸਾਹਿਬ ਨੂੰ ਪੁੱਛਿਆ ਹੁਣ ਆਪ ਜੀ ਕਿੰਨੇ ਕੁ ਦਿਨਾਂ ਦੇ ਫਾਕੇ ਹੋ। ਮਹੰਤ ਨੇ ਉੱਤ੍ਰ ਦਿੱਤਾ, ਬਾਲਕੇ! ਅਸੀਂ ਪੱਤੇ ਗੋਹਲਾਂ ਖਾ ਕੇ ਗੁਜ਼ਾਰਾ ਕਰ ਲੈਂਦੇ ਹਾਂ ਪਰ ਅੰਨ ਮੂੰਹ ਪਾਇਆਂ ਅੱਜ ਸਾਨੂੰ ਸੱਤ ਦਿਨ ਹੋ ਗਏ ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਮਹੰਤ ਸੰਤ ਰੇਨ ਜੀ ਨੂੰ ਪੁੱਛਿਆ ਸੰਤ ਜੀ!

੧.ਝਿੜੀ, ਦਰੱਖਤਾਂ ਦਾ ਝੁੰਡ ੨.ਹਰਨ ਦੀ ਖੱਲ

ਜੇ ਆਪ ਜੀ ਨੂੰ ਅਸੀਂ ਭੋਜਨ ਲਿਆ ਦੇਈਏ ਤਾਂ ਤੁਸੀਂ ਖਾ ਲਵੋਗੇ? ਮਹੰਤ ਜੀ ਨੇ ਸਤਿਗੁਰਾਂ ਨੂੰ ਉੱਤ੍ਰ ਦਿੱਤਾ ਕੁਮਾਰ ਜੀ! ਤੁਸੀਂ ਅਸਾਡਾ ਫ਼ਿਕਰ ਨਾ ਕਰੋ ਪ੍ਰਮੇਸ਼ਰ ਕਿਸੇ ਨੂੰ ਪ੍ਰੇਰਨਾ ਦੇ ਕੇ ਭੇਜ ਦੇਵੇਗਾ ਤਾਂ ਅਸੀਂ ਇਨਕਾਰ ਵੀ ਨਹੀ ਕਰਾਂਗੇ।

ਸਤਿਗੁਰੂ ਨਾਨਕ ਦੇਵ ਜੀ ਤੇ ਭਾਈ ਬਾਲਾ ਜੀ ਨਜ਼ਦੀਕ ਦੇ ਨਗਰ ਚੂਹੜਕਾਣੇ ਗਏ ਉਥੋਂ ਬਜ਼ਾਰ ਵਿੱਚੋਂ ਭੋਜਨ ਦੀ ਲੋੜੀਂਦੀ ਸਮੱਗਰੀ ਦਾਲ, ਆਟਾ, ਘਿਉ-ਦੁੱਧ ਆਦਿਕ ਵੀਹ ਰੁਪਈਆਂ ਦਾ ਖ਼੍ਰੀਦ ਕੇ ਝਿੜੀ ਵਿੱਚ ਤਪ ਕਰਦੇ ਸਾਧੂਆਂ ਦੇ ਮਹੰਤ ਅੱਗੇ ਲਿਆ ਧਰਿਆ। ਮਹੰਤ ਜੀ ਨੇ ਸਾਧੂਆਂ ਨੂੰ ਭੋਜਨ ਬਨਾਉਣ ਲਈ ਹੁਕਮ ਕੀਤਾ। ਸਾਰਾ ਭੋਜਨ ਤਿਆਰ ਹੋ ਜਾਣ ਉਪਰੰਤ ਸਤਿਗੁਰੂ ਜੀ ਭਾਈ ਬਾਲੇ ਸਮੇਤ ਸੰਤ ਮੰਡਲੀ ਨੂੰ ਭੋਜਨ ਛਕਾ, ਤ੍ਰਿਪਤ ਕਰ ਮਹੰਤ ਜੀ ਪਾਸੋਂ ਵਿਦਾਇਗੀ ਲੈ ਕੇ ਵਾਪਸ ਨਨਕਾਣਾ ਸਾਹਿਬ ਵੱਲ ਕੂਚ ਕੀਤਾ। ਸਨੇ ਸਨੇ ਚੱਲਦੇ ਸਾਧੂਆਂ ਨੂੰ ਭੋਜਨ ਛਕਾ ਸਤਿਗੁਰੂ ਖਾਲੀ ਹੱਥੀਂ ਆਪਣੇ ਨਗਰ ਰਾਇ ਭੋਇ ਦੀ ਤਲਵੰਡੀ ਦੇ ਬਾਹਰ ਪੁੱਜ ਗਏ। ਇੱਥੇ ਇੱਕ ਸੁੱਕਾ ਤਲਾਅ ਸੀ ਤੇ ਨਾਲ ਹੀ ਇੱਕ ਛਾਂ-ਦਾਰ ਵਣ ਦਾ ਰੁੱਖ ਸੀ। ਆਪ ਜੀ ਉਸ ਵਣ ਦੇ ਰੁੱਖ ਹੇਠ ਡੇਰਾ ਲਾ ਬੈਠ ਗਏ ਤੇ ਭਾਈ ਬਾਲੇ ਨੂੰ ਸਤਿਗੁਰਾਂ ਆਪਣੇ ਘਰ ਜਾਣ ਲਈ ਕਹਿ ਦਿੱਤਾ। ਰਾਤ ਸਤਿਗੁਰਾਂ ਉਸ ਵਣ ਹੇਠ ਹੀ ਬਤੀਤ ਕੀਤੀ। ਅਗਲੇ ਦਿਨ ਜਦੋਂ ਭਾਈ ਬਾਲੇ ਨੂੰ ਕਾਲੂ ਜੀ ਨੇ ਸੱਦ ਕੇ ਪੁੱਛਿਆ ਕਿ ਬਾਲੇ ਤੂੰ ਆਪ ਤਾਂ ਘਰ ਆ ਗਿਆ ਹੈ ਪਰ ਮੇਰਾ ਪੁੱਤਰ ਨਾਨਕ ਕਿਥੇ ਹੈ? ਤਦ ਭਾਈ ਬਾਲੇ ਨੇ ਸਾਰੀ ਅਸਲੀਅਤ ਮਹਿਤਾ ਕਾਲੂ ਨੂੰ ਦੱਸ ਦਿੱਤੀ ਤੇ ਨਾਲ ਹੀ ਦੱਸਿਆ ਕਿ ਨਾਨਕ ਜੀ ਆਪ ਤੋਂ ਡਰਦੇ ਬਾਹਰ ਸੁੱਕੇ ਤਲਾਅ ਦੇ ਕੰਢੇ ਵਣ ਦੇ ਦਰਖਤਾਂ ਵਿੱਚ ਬੈਠੇ ਹਨ। ਮਹਿਤਾ ਜੀ! ਮੇਰੇ ਤੇ ਕ੍ਰੋਧ ਨਾ ਕਰਨਾ ਮੈਂ ਨਾਨਕ ਜੀ ਨੂੰ ਇਹ ਵਣਜ ਕਰਨ ਤੋਂ ਵਰਜਿਆ ਸੀ ਪਰ ਮੈਂ ਨਫ਼ਰ ਸਾਂ ਮਾਲਕ ਨਾਲ ਮੈਂ ਜੋਰ ਕੋਈ ਨਹੀਂ ਸਾਂ ਕਰ ਸਕਦਾ। ਭਾਈ ਬਾਲੇ ਜੀ ਦੇ ਮੂੰਹ 'ਚੋਂ ਸਾਧੂਆਂ ਨੂੰ ਭੋਜਨ ਛਕਾਉਣ ਦੀ ਵਾਰਤਾ ਸੁਣ ਕੇ ਮਹਿਤਾ ਜੀ ਅੱਤ ਕ੍ਰੋਧ ਵਿੱਚ ਆ ਕੇ ਨਾਨਕ ਜੀ ਨੂੰ ਅਨੇਕਾਂ ਬੋਲ ਕਬੋਲ ਬੋਲਦੇ ਬਾਲੇ ਨੂੰ ਨਾਲ ਲੈ ਕੇ ਉਸ ਥਾਂ ਪੁੱਜੇ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਵਣ ਦੀ ਛਾਂਵੇਂ ਪ੍ਰਭੂ ਲੀਨ ਬੈਠੇ ਸਨ। ਮਹਿਤਾ ਕਾਲੂ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਜਾ ਬਾਹੋਂ ਫੜਿਆ ਤੇ ਉਠਾ ਖੜਾ ਕੀਤਾ ਤੇ ਮੂੰਹ 'ਚੋਂ ਨਿਜ ਨ ਹੋਣਿਆਂ, ਘਰ ਉਜਾੜ ਕੇ ਹੁਣ ਸਮਾਧੀ ਲਾ ਬੈਠਾਂ ਆਦਿ ਹੋਰ ਕਬੋਲ ਬੋਲਦਿਆਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਕਦੀ ਸੱਜੀ ਕਦੀ ਖੱਬੀ ਗਲ ਤੇ ਜ਼ੋਰ ਜ਼ੋਰ ਚੁਪੇੜਾਂ ਮਾਰ ਆਪਣਾ ਗੁੱਸਾ ਠੰਡਾ ਕੀਤਾ। ਨਿਰੰਕਾਰੀ ਸਰੂਪ ਅਡੋਲ ਖੜੇ ਅੱਖਾਂ 'ਚੋਂ ਨੀਰ ਵਹਾਉਂਦੇ ਪਿਤਾ ਦਾ ਸਤਿਕਾਰ

ਕਾਇਮ ਰੱਖਦੇ ਬੜੀ ਜੀਰਾਂਦ ਨਾਲ ਪਿਤਾ ਜੀ ਦੀਆਂ ਚਪੇੜਾਂ ਦੀ ਮਾਰ ਸਹਾਰਦੇ ਰਹੇ। ਜਦ ਨੂੰ ਬੇਬੇ ਨਾਨਕੀ ਜੀ ਨੇ ਪਿਤਾ ਦੇ ਹੱਥ ਫੜ ਲਏ ਤੇ ਬਾਕੀ ਲੋਕਾਂ ਵੀ ਕਾਲੂ ਜੀ ਨੂੰ ਸਮਝਾਇਆ ਪਰ ਨਾਨਕ ਨਿਰੰਕਾਰੀ ਜੀ ਦੇ ਸੁਹਲ ਗਲਾਂ ਤੇ ਪਿਤਾ ਕਾਲੂ ਜੀ ਨੇ ਚਪੇੜਾਂ ਮਾਰ ਮਾਰ ਨੀਲ ਪਾ ਛੱਡੇ।

**[੧]ਸੋਹਤਿ ਪਰ ਰਾਏ ਨੀਲ ਕਪੋਲਾ॥ ਜਿਉਂ ਉਤਪਲ ਪਰ ਅਲਿਨ ਅਡੋਲਾ॥**

ਅਜਿਹੇ ਕਸ਼ਟ ਝੱਲ ਕੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਹਮੇਸ਼ਾ ਵਾਸਤੇ ਸਿੱਖਾਂ ਲਈ ਅਜਿਹਾ ਸਚਾ ਸੌਦਾ ਕੀਤਾ ਜੋ ਅੱਜ ਤੱਕ ਹਰ ਪ੍ਰਾਣੀ ਮਾਤਰ ਲਈ ਅਤੁੱਟ ਵਰਤ ਰਿਹਾ ਹੈ। ਨਿਰੰਕਾਰੀ ਹੱਥਾਂ ਵਿੱਚੋਂ ਖਰੇ ਸੌਦੇ ਲਈ ਨਿਕਲੇ ਵੀਹ ਰੁਪਈਆਂ ਦਾ ਵਿਆਜ ਸਿੱਖ ਕੌਮ, ਲੰਗਰਾਂ ਦੇ ਰੂਪ ਵਿੱਚ ਖਰਚ ਖਰਚ ਕੇ ਥੱਕ ਗਈ ਹੈ ਪਰ ਨਿਰੰਕਾਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਵੀਹ ਰੁਪਏ ਦਾ ਵਿਆਜ ਨਹੀਂ ਮੁੱਕਿਆ ਸਗੋਂ ਦਿਨੋਂ ਦਿਨ ਹੋਰ ਵਧਦਾ ਹੀ ਜਾਂਦਾ ਹੈ। ਇਸੇ ਲੰਗਰ ਦੀ ਚਲਾਈ ਹੋਈ ਪਰੰਪਰਾ ਅਧੀਨ ਜੰਗਲਾਂ ਵਿੱਚ ਰਹਿੰਦੇ ਸਿੰਘ ਭਾਂਵੇਂ ਤੀਸਰੇ ਦਿਨ ਅੰਨ ਦਾਣਾ ਮਿਲੇ ਉਸ ਦਾ ਲੰਗਰ ਬਣਾ ਉੱਚੀ ਥਾਂ ਰੱਖ ਨਗਾਰਾ ਵਜਾ ਕੇ ਉੱਚੀ ਉੱਚੀ ਲੋੜਵੰਦ ਭੁਖਿਆਂ ਨੂੰ ਸੱਦਾ ਦਿੰਦੇ ਸਨ:

**ਦੇਤ ਅਵਾਜ਼ਾ ਭੁਖਾ ਕੋਈ॥ ਦੇਗ ਤਿਆਰ ਗੁਰੂ ਕੀ ਹੋਈ॥**
**ਉਸ ਸਮੇਂ ਵੈਰੀ ਕਿਮ ਆਵੈ॥ ਪਰਮ ਮੀਤ ਸਮ ਤੋਹਿ ਛਕਾਵੈ॥**
**ਬਚੇ ਤਾਂ ਖੁਦ ਖਾ ਲੈ ਹੈਂ॥ ਨਹੀ ਤੋ ਲੰਗਰ ਮਸਤ ਬਤੈ ਹੈਂ॥**

ਇਸੇ ਲੰਗਰ ਦੀ ਮਹਾਨਤਾ ਨੂੰ ਦਰਸਾਉਣ ਲਈ ਸ੍ਰੀ ਅਨੰਦੁਪਰ ਦੀ ਧਰਤੀ ਤੇ ਜਿੱਥੇ ਸਤਿਗੁਰੂ ਜੀ ਦਾ ਸਰਬ ਸਾਂਝਾ ਲੰਗਰ ਚਲਦਾ ਸੀ। ਜਿੱਥੋਂ ਇੱਕੋ ਪੰਗਤ ਵਿੱਚ ਬੈਠ ਸਾਰੇ ਅਤਿਥੀ ਤੇ ਅਨੰਦਪੁਰ ਵਾਸੀ ਲੰਗਰ ਛਕਦੇ ਸਨ। ਉਥੇ ਜੋ ਮੁਕਾਮੀਂ ਸਿੱਖ ਪੱਕੇ ਤੌਰ ਤੇ ਅਨੰਦਪੁਰ ਸਾਹਿਬ ਬਿਸਰਾਮ ਕਰਦੇ ਸਨ, ਉਨ੍ਹਾਂ ਦੇ ਅਸਥਾਨਾਂ ਤੇ ਵੀ ਅਭਿਆਗਤਾਂ ਲਈ ਲੰਗਰ ਚੱਲਦੇ ਸਨ।

ਇੱਕ ਦਿਨ ਕਲਗੀਧਰ ਜੀ ਨੇ ਮੁਕਾਮੀਂ ਸਿੱਖਾਂ ਦੇ ਲੰਗਰਾਂ ਦੀ ਪਰਖ ਕਰਨ ਵਾਸਤੇ ਬਿਹੰਗਮੀ[੨] ਭੇਸ ਧਾਰਨ ਕੀਤਾ ਤੇ ਸਵੇਰੇ ਸੁਵੱਖਤੇ ਹੀ ਆਪਣੇ ਅਸਥਾਨ ਤੋਂ ਚੱਲ ਪਏ। ਲੰਗਰਾਂ ਵਿੱਚ ਜਾ ਸੱਦ ਦਿੱਤੀ ਤੇ ਪੇਟ ਅਹਾਰ ਲਈ ਅੰਨ ਦੀ ਮੰਗ ਕੀਤੀ। ਕਿਸੇ ਲੰਗਰ ਵਾਲੇ ਨੇ ਕਿਹਾ ਕਿ ਅਜੇ ਸਵੇਰਾ ਹੈ, ਲੰਗਰ ਨਹੀਂ ਪੱਕਾ, ਜਰਾ ਠਹਿਰ ਕੇ ਆਉਣਾ। ਕਿਸੇ ਕਿਹਾ ਤਿਆਰ ਨਹੀਂ, ਤਿਆਰੀ ਕਰ ਰਹੇ ਹਾਂ। ਕਿਸੇ ਕਿਹਾ ਕਿ

੧. ਗਲਾਂ ਉੱਪਰ ਨੀਲ ਪੈ ਗਏ ਜਿਵੇਂ ਕਮਲ ਫੁੱਲ ਉੱਪਰ ਭੌਰੇ ਅਡੋਲ ਟਿਕੇ ਹੋਣ।੨.ਵਿਰਕਤ ਸਾਧੂਆਂ ਵਾਲਾ ਭੇਸ

ਜਿਸ ਸਮੇਂ ਲੰਗਰ ਦੀ ਘੰਟੀ ਵੱਜੇਗੀ ਉਸ ਸਮੇਂ ਪ੍ਰਸ਼ਾਦਾ ਮਿਲੇਗਾ। ਕਿਸੇ ਕਿਹਾ ਅਜੇ ਲੰਗਰ ਦੀ ਅਰਦਾਸ ਨਹੀਂ ਹੋਈ। ਸਾਰੇ ਦਰਾਂ ਤੋਂ ਆਪ ਜੀ ਨਾਂਹ ਵਿੱਚ ਉੱਤਰ ਲੈ ਮੁੜੇ। ਅਖ਼ੀਰ ਆਪ ਜੀ ਭਾਈ ਨੰਦ ਲਾਲ ਜੀ ਦੇ ਚਲਾਏ ਜਾ ਰਹੇ ਲੰਗਰ ਵਿੱਚ ਪੁੱਜੇ ਤੇ ਪੇਟ ਦੀ ਭੁੱਖ ਦੀ ਨਵ੍ਰਿਤੀ ਲਈ ਅੰਨ ਦੀ ਮੰਗ ਕੀਤੀ। ਭਾਈ ਨੰਦ ਲਾਲ ਅਵਾਜ ਸੁਣ ਬਾਹਰ ਆਏ, ਬੇਨਤੀ ਕੀਤੀ ਜੀ ! ਦਾਲ ਰਿੱਝ ਰਹੀ ਹੈ। ਆਟਾ ਗੁੱਧਾ ਹੈ, ਮੈਂ ਹੁਣੇ ਹਾਜ਼ਰ ਕਰਦਾ ਹਾਂ। ਜੇ ਬੈਠੋ ਤਾਂ ਫ਼ੁਲਕਾ ਤਿਆਰ ਕਰ ਦਿੰਦਾ ਹਾਂ। ਚੋਜੀ ਪ੍ਰੀਤਮ ਜੀ ਨੇ ਕਿਹਾ, ਠਹਿਰ ਨਹੀਂ ਸਕਦੇ। ਭਾਈ ਨੰਦ ਲਾਲ ਜੀ ਨੇ ਅੱਧ ਰਿੱਝੀ ਦਾਲ, ਘਿਉ ਤੇ ਗੁੱਧਾ ਆਟਾ ਆਪ ਅੱਗੇ ਹਾਜ਼ਰ ਕੀਤਾ। ਆਪ ਜੀ ਨੇ ਬੜੇ ਪਿਆਰ ਨਾਲ ਗੁੱਧਾ ਆਟਾ, ਅੱਧ ਕੱਚੀ ਦਾਲ ਤੇ ਘਿਉ ਲੈ ਕੇ ਅਸੀਸਾਂ ਦਿੱਤੀਆਂ ਤੇ ਵਾਪਸ ਆਪਣੇ ਟਿਕਾਣੇ ਚਲੇ ਗਏ। ਅਗਲੇ ਦਿਨ ਜਦੋਂ ਦੀਵਾਨ ਸੱਜਿਆ ਤੇ ਸਤਿਗੁਰੂ ਜੀ ਨੇ ਭਰੇ ਦੀਵਾਨ ਵਿੱਚ ਅੱਧ ਕੱਚੀ ਦਾਲ, ਆਟਾ, ਘਿਉ ਵਿਖਾ ਕੇ ਸੰਗਤ ਨੂੰ ਸੰਬੋਧਨ ਕਰ ਆਖਿਆ, ਸੰਗਤ ਜੀ ! ਭਾਈ ਨੰਦ ਲਾਲ ਜੀ ਦਾ ਲੰਗਰ ਬਹੁਤ ਸ਼ਲਾਘਾਯੋਗ ਹੈ। ਬਾਕੀ ਲੰਗਰਾਂ ਪ੍ਰਤੀ ਵੀ ਦੱਸਿਆ ਤੇ ਹੁਕਮ ਕੀਤਾ, ਸੰਗਤ ਜੀ ! ਭਾਈ ਨੰਦ ਲਾਲ ਜੀ ਨੇ, ਜੋ ਤਿਆਰ ਸੀ ਹਾਜ਼ਰ ਕਰ ਖੁਸ਼ੀ ਪ੍ਰਾਪਤ ਕੀਤੀ ਹੈ। ਫਿਰ ਆਪ ਨੇ ਸਮਝਾਇਆ ਕਿ ਜੋ ਵੀ ਅਤਿੱਥੀ ਜਿਸ ਵੇਲੇ ਵੀ ਆਵੇ, ਜੋ ਤਿਆਰ ਹੈ ਉਸ ਨੂੰ ਦੇ ਕੇ ਉਸ ਦੀ ਅਸੀਸ ਪ੍ਰਾਪਤ ਕਰੇ। ਫਿਰ ਆਪ ਨੇ ਫੁਰਮਾਇਆ :-

**ਨੰਦ ਲਾਲ ਭਾ ਹਮਰੋ ਦਾਤਾ । ਭਗਤ ਭਾਉ ਸੰਚਨ ਮਨ ਰਾਤਾ ॥**
**ਛੁਧਤਿ ਨ ਦੇਖ ਸਕਹਿ ਚਿਰ ਭਾਰੋ ॥ ਦੇਗ ਕਰਤ ਸੋਈ ਹਮ ਪਿਆਰੋ॥**

ਸੂਰਜ ਪ੍ਰਕਾਸ਼

ਸਾਧ ਸੰਗਤ ਜੀ ! ਲੰਗਰ ਦੀ ਮਹਾਨਤਾ ਤੇ ਲੋੜ ਭਾਈ ਨੰਦ ਲਾਲ ਨੇ ਸਮਝੀ ਹੈ। ਹਰ ਗੁਰਸਿੱਖ ਨੂੰ ਇਨ੍ਹਾਂ ਦੀ ਕਰਨੀ ਤੋਂ ਸੇਧ ਲੈਣੀ ਚਾਹੀਦੀ ਹੈ। ਅਭਿਆਗਤ ਦੀ ਤਤ ਛਿਨ ਲੋੜ ਪੂਰੀ ਕਰਨੀ ਚਾਹੀਦੀ ਹੈ। ਜੋ ਘਰ ਵਿੱਚ ਤਿਆਰ ਹੈ ਅਥਿਤੀ ਅਗੇ ਪ੍ਰੋਸ ਉਸ ਦੀ ਜਠਰ ਅਗਨੀ ਨੂੰ ਸ਼ਾਂਤ ਕਰ ਅਭਿਆਗਤ ਦੀ ਅਸੀਸ ਪ੍ਰਾਪਤ ਕਰਨੀ ਚਾਹੀਦੀ ਹੈ।

ਜਦੋਂ ਆਪਾਂ ਸਤਿਗੁਰਾਂ ਦੇ ਜੀਵਨ ਕਾਲ ਵੱਲ ਵੇਖਦੇ ਹਾਂ ਤੇ ਦੀਰਘ ਵੀਚਾਰ ਕਰਦੇ ਹਾਂ ਸਤਿਗੁਰੂ ਜੀ ਦੇ ਸਮੇਂ ਗੁਰੂ ਘਰ ਵਿੱਚ ਦੋ ਤਰ੍ਹਾਂ ਦੇ ਲੰਗਰਾਂ ਦਾ ਸੰਕੇਤ ਮਿਲਦਾ ਹੈ। ਇੱਕ ਪੇਟ ਦੀ ਪੂਰਤੀ ਦਾ ਲੰਗਰ ਜਿਸ ਪ੍ਰਥਾਇ ਸੱਤਾ-ਬਲਵੰਡ ਜੀ ਨੇ ਗੁਰਬਾਣੀ ਅੰਦਰ ਲਿਖਿਆ ਹੈ:-

[1]ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥

ਤਥਾ:- [2]ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥

ਵਾਰ ਸਤਾ ਬਲਵੰਡ, ਅੰਗ: ੯੬੭

ਸਤਿਗੁਰਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਦੇ ਹੋਏ ਗੁਰੂ ਕੇ ਸਿੱਖ ਅੱਜ ਵੀ ਹਰ ਗੁਰੂ ਘਰ ਵਿੱਚ ਆਪਣੇ ਘਰਾਂ ਨਾਲੋਂ ਸੁੰਦਰ ਤੇ ਸਵਾਦੀਕ ਭੋਜਨ ਬਣਾ ਕੇ ਸੰਗਤਾਂ ਨੂੰ ਛਕਾ ਕੇ ਅਸੀਸਾਂ ਪ੍ਰਾਪਤ ਕਰਦੇ ਹਨ। ਹੋਰ ਗੁਰੂ ਘਰ ਨੂੰ ਛੱਡ ਲਈਏ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਤਿਗੁਰੂ ਜੀ ਦੇ ਪਾਵਨ ਲੰਗਰ ਅੰਮ੍ਰਿਤਸਰ ਸਾਹਿਬ ਵਿਖੇ ਹੀ ਹਰ ਰੋਜ ਸਵਾ ਲੱਖ ਤੋਂ ਵੱਧ ਲੋੜਵੰਦ ਤੇ ਯਾਤਰੂ ਲੰਗਰ ਛੱਕ ਆਪਣੀ ਜਠਰ ਅਗਨੀ ਨੂੰ ਸ਼ਾਂਤ ਕਰ, ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ ਪੁਕਾਰਦਾ ਸਤਿਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਕੀਤੇ ਖਰੇ ਸੌਦੇ ਦੀ ਪ੍ਰੰਪਰਾ ਦੇ ਗੁਣ ਗਾਉਂਦਾ ਕਾਇਲ ਹੋ, ਧੰਨ ਸਤਿਗੁਰੂ, ਧੰਨ ਸਤਿਗੁਰੂ ਸ਼ਰਧਾ ਵਿੱਚ ਆ ਕੇ ਪੁਕਾਰਦਾ ਹੈ। ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਦੇਸ਼ ਵਿੱਚ ਜਾਂ ਵਿਦੇਸ਼ ਵਿੱਚ ਕੋਈ ਚਲਾ ਜਾਏ ਅਜਿਹੀ ਲੰਗਰ ਦੀ ਪ੍ਰੰਪਰਾ ਗੁਰੂ ਅਸਥਾਨਾਂ ਤੋਂ ਬਿਨਾਂ ਕਿਤੇ ਨਹੀਂ ਮਿਲੇਗੀ। ਸ਼ਤਾਬਦੀਆਂ ਜਾਂ ਜੋੜ ਮੇਲਿਆਂ ਉੱਪਰ ਜਿੰਨੇ ਕੁ ਲੰਗਰ ਸੰਗਤਾਂ ਉਤਸ਼ਾਹ ਨਾਲ ਲਾਉਂਦੀਆਂ ਤੇ ਪਿਆਰ ਨਾਲ ਸੰਗਤਾਂ ਨੂੰ ਛਕਣ ਲਈ ਮਜ਼ਬੂਰ ਕਰਦੀਆਂ ਹਨ ਉਹ ਤਾ ਦੇਖਾ ਹੀ ਪ੍ਰਵਾਣ ਵਾਲੀ ਗੱਲ ਹੈ।

ਅੱਜ ਸਾਡਾ ਸਾਰਾ ਜੋਰ ਸਥੂਲ ਪੇਟ ਅਹਾਰ ਦੇ ਲੰਗਰ ਬਨਾਉਣ, ਵਰਤਾਉਣ ਅਤੇ ਛਕਣ ਤੇ ਹੀ ਲੱਗ ਗਿਆ ਹੈ ਅਸੀਂ ਇਸ ਪੇਟ ਅਹਾਰੀ ਲੰਗਰ ਵਿੱਚ ਛਕਣ ਵਾਲੇ ਵੀ ਤੇ ਛਕਾਉਣ ਵਾਲੇ ਵੀ ਇੰਨੇਂ ਮਸਤ ਹੋ ਗਏ ਹਾਂ ਅਸੀਂ ਜੋ ਸ਼ਬਦ ਲੰਗਰ ਸਤਿਗੁਰੂ ਆਪ ਵਰਤਾਉਂਦੇ ਸਨ ਜਿਸ ਪ੍ਰਥਾਇ ਸੱਤਾ ਤੇ ਬਲਵੰਡ ਜੀ ਨੇ ਆਪਣੀ ਬਾਣੀ ਅੰਦਰ ਸੰਕੇਤ ਦਿੱਤਾ ਹੈ ਕਿ ਬਾਬਾ ਲਹਿਣਾ ਜੀ, ਗੁਰੂ ਅੰਗਦ ਦੇਵ ਜੀ ਬਣ ਕੇ ਉਸ ਸੱਚੇ ਹੱਟ ਦੇ ਮਾਲਕ ਗਏ ਹਨ ਤੇ ਜਿਸ ਸਿੰਘਾਸਣ ਤੇ ਬੈਠ ਕੇ ਸਤਿਗੁਰੂ ਨਾਨਕ ਦੇਵ ਜੀ ਸੰਗਤਾਂ ਨੂੰ ਸ਼ਬਦ ਉਪਦੇਸ਼ ਤੇ ਨਾਮ ਦਾ ਲੰਗਰ ਵਰਤਾਉਂਦੇ ਸਨ; ਉਸੇ ਸਿੰਘਾਸਣ ਤੇ ਬੈਠ ਕੇ ਗੁਰੂ ਅੰਗਦ ਦੇਵ ਜੀ ਜਗਿਆਸੂਆਂ ਨੂੰ ਗੁਰੂ ਉਪਦੇਸ਼ ਤੇ ਨਾਮ ਦਾ ਲੰਗਰ ਵਰਤਾ ਰਹੇ

---

੧. ਬਲਵੰਡ ਜੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਮਹਿਲ ਮਾਤਾ ਖੀਵੀ ਜੀ ਦੇ ਸੁਭਾਅ ਪ੍ਰਤੀ ਜ਼ਿਕਰ ਕਰਦੇ ਹਨ ਕਿ ਮਾਤਾ ਜੀ ਇੱਕ ਨੇਕ ਇਸਤ੍ਰੀ ਹਨ। ਜਿਨ੍ਹਾਂ ਦਾ ਸੁਭਾਅ ਬਹੁਤ ਸ਼ਾਂਤ ਹੈ। ਜਿਵੇਂ ਸੰਘਣੇ ਪੱਤਰਾਂ ਵਾਲੇ ਬ੍ਰਿਛ ਹੇਠ ਆ ਕੇ ਮਨੁੱਖ ਤਪਸ਼ ਤੋਂ ਰਾਹਤ ਪਾਉਂਦਾ ਹੈ। ਤਿਵੇਂ ਮਾਤਾ ਖੀਵੀਂ ਜੀ ਦੇ ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ। ਗੁਰੂ ਕੇ ਲੰਗਰ ਵਿੱਚ ਜਿੱਥੇ ਮਾਤਾ ਖੀਵੀ ਜੀ ਸਾਰਿਆਂ ਨੂੰ ਘਿਉ ਵਾਲੀ ਖੀਰ ਛਕਾ ਕੇ ਅਨੰਦਤ ਕਰਦੇ ਹਨ ਉਥੇ ਲੋੜਵੰਦ ਲੋਕਾਂ ਦੀ ਦੌਲਤ ਨਾਲ ਵੀ ਲੋੜ ਪੂਰੀ ਕਰਦੇ ਹਨ।

੨. ਹੇ ਸਤਿਗੁਰੂ ਜੀ ਆਪ ਜੀ ਦੇ ਲੰਗਰ ਵਿੱਚ ਹਰ ਰੋਜ ਹੀ ਘਿਉ, ਮੈਦੇ ਤੇ ਖੰਡ ਦੇ ਪਕਵਾਨ ਬਣਦੇ ਤੇ ਵਰਤਦੇ ਹਨ।

ਹਨ ਤੇ ਉਹੋ ਗੁਰੂ ਨਾਨਕ ਦੇਵ ਜੀ ਵਾਲਾ ਛਤ੍ਰ ਹੁਣ ਗੁਰੂ ਅੰਗਦ ਦੇਵ ਜੀ ਦੇ ਸਿਰ ਉੱਪਰ ਝੁੱਲ ਰਿਹਾ ਹੈ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਨਮੁਖ ਹੁਕਮ ਮੰਨਣ ਦੀ ਬਹੁਤ ਔਖੀ ਘਾਲ ਕੀਤੀ ਹੈ। ਆਪ ਜੀ ਸਿੰਘਾਸਣ ਉੱਪਰ ਬੈਠ ਕੇ ਗੁਰੂ ਨਾਨਕ ਦੇਵ ਜੀ ਦੇ ਕੀਤੇ ਹੁਕਮ ਦੀ ਹੀ ਕਾਰ ਕਰ ਰਹੇ ਹਨ। ਦਿਨ ਰਾਤ ਆਪ ਜੀ ਦੇ ਦਰਬਾਰ ਵਿੱਚ ਗੁਰੂ ਸ਼ਬਦ ਦਾ ਲੰਗਰ ਚੱਲਦਾ ਹੈ। ਜਿਸ ਨੂੰ ਜਗਿਆਸੂ ਪ੍ਰਾਪਤ ਕਰਕੇ ਆਪਣੀ ਆਤਮਾਂ ਨੂੰ ਤ੍ਰਿਪਤ ਕਰਦੇ ਹਨ। ਗੁਰੂ ਦੇ ਸ਼ਬਦ ਲੰਗਰ ਨੂੰ ਗੁਰੂ ਅੰਗਦ ਦੇਵ ਜੀ ਜਿਉਂ ਜਿਉਂ ਖਰਚਦੇ ਹਨ ਭਾਵ ਵੰਡਦੇ ਹਨ, ਗੁਰੂ ਕੇ ਸ਼ਬਦ ਲੰਗਰ ਵਿੱਚ ਭੋਰਾ ਜਿੰਨੀਂ ਵੀ ਕਮੀਂ ਨਹੀਂ ਆਉਂਦੀ। ਆਪ ਦਾ ਫੁਰਮਾਨ ਹੈ:-

**ਝੁਲੇ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥**
**ਕਰਹਿ ਜੇ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥**
**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥**
**ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥**

ਵਾਰ ਸੱਤਾ ਬਲਵੰਡ, ਅੰਗ:੯੬੭

ਸ਼ਬਦ ਦਾ ਲੰਗਰ ਜਿਸ ਨੇ ਸਾਡੀ ਆਤਮਾਂ ਨੂੰ ਅਹਾਰ ਤੇ ਸ਼ਾਂਤੀ ਦੇਣੀ ਸੀ। ਇਹ ਲੰਗਰ ਵਰਤਾਉਣ ਤੇ ਛਕਣ ਦਾ ਕਾਰਜ ਸਾਡੀ ਸਿਮ੍ਰਤੀ ਵਿੱਚੋਂ ਨਿਕਲ ਹੀ ਗਿਆ ਹੈ। ਸ਼ਬਦ ਲੰਗਰ ਤਾਂ ਸਥੂਲ ਪੇਟ ਅਹਾਰੀ ਲੰਗਰ ਨਾਲੋਂ ਵੀ ਬਹੁਤ ਜ਼ਰੂਰੀ ਹੈ। ਅੱਜ ਆਪਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤ ਤੇ, ਜਿੱਥੇ ਸਤਿਗੁਰੂ ਜੀ ਨੇ ਪੇਟ ਅਹਾਰੀ ਲੰਗਰ ਦੀ ਮਹਾਨਤਾ ਦਰਸਾਈ ਹੈ, ਦੇ ਦਰਸ਼ਨ ਦੀਦਾਰੇ ਕਰਨ ਜਾਣਾ ਹੈ ਅਤੇ ਸਾਨੂੰ ਰਸਤੇ ਵਿੱਚ ਥਾਂ ਪੁਰ ਥਾਂ ਸੰਗਤਾਂ ਨੇ ਰੋਕ-ਰੋਕ ਕੇ ਲੰਗਰ ਛਕਾਉਣੇ ਹਨ ਤੇ ਆਪਾਂ ਛਕਣੇ ਵੀ ਹਨ। ਉਥੇ ਨਾਲ ਨਾਲ ਆਪਾਂ ਪੇਟ ਅਹਾਰੀ ਲੰਗਰਾਂ ਦੇ ਖਰਚੇ ਚੋਂ ਦਸਵੰਧ ਕੱਢ ਕੇ ਉਸ ਦਾ ਚੰਗਾ ਗੁਰਮਤ ਸਾਹਿਤ ਖ੍ਰੀਦ ਕੇ ਗੁਰਬਾਣੀ ਨਿੱਤਨੇਮ-ਅਰਥਾਂ ਦੇ ਗੁਟਕੇ ਸਾਹਿਬ ਲਿਆ ਕੇ ਪੇਟ ਅਹਾਰੀ ਲੰਗਰ ਦੇ ਨਾਲ ਸ਼ਬਦ ਲੰਗਰ ਦਾ ਸਟਾਲ ਲਗਾ ਕੇ ਸ਼ਬਦ ਲੰਗਰ ਵੀ ਵਰਤਾਉਣ ਦਾ ਉਪਰਾਲਾ ਕਰੀਏ ਫਿਰ ਸਤਿਗੁਰੂ ਜੀ ਦੀਆਂ ਸੰਪੂਰਨ ਖੁਸ਼ੀਆਂ ਆਪਾਂ ਪ੍ਰਾਪਤ ਕਰ ਸਕਾਂਗੇ। ਕਿਉਂਕਿ ਜਿੱਥੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਬੇਅੰਤ ਲੰਗਰ ਚੱਲਦੇ ਸਨ। ਉਥੇ ਸਤਿਗੁਰਾਂ ਦੇ ਸਨਮੁੱਖ, ਕਥਾ, ਕੀਰਤਨ, ਗੁਰੂ ਦੇ ਬਚਨਾਂ ਦਾ ਲੰਗਰ ਵੀ ਚੱਲਦਾ ਸੀ। ਸਤਿਗੁਰੂ ਕਲਗੀਧਰ ਜੀ ਨੇ ਬਹੁਤ ਸਾਰੇ ਲਿਖਾਰੀ ਅਤੇ ਵਿਦਵਾਨ ਗੁਟਕੇ, ਪੋਥੀਆਂ ਤੇ ਚੰਗਾ ਸਾਹਿਤ ਲਿਖਣ ਲਈ ਨਾਮਜਦ ਕੀਤੇ ਸਨ ਜੋ ਗੁਰੂ ਘਰ ਚੋਂ ਰੁਜੀਨਾ ਪ੍ਰਾਪਤ ਕਰਕੇ ਇਹ ਕੰਮ ਕਰਦੇ ਸਨ। ਜੋੜ ਮੇਲਿਆਂ ਉੱਪਰ ਵੀ ਜਦੋਂ ਬਾਹਰੋਂ ਸੰਗਤ ਆਉਂਦੀ ਸੀ ਉਹ ਬੜੇ

ਪਿਆਰ ਨਾਲ ਸੁਹਣੀ ਲਿਖਾਈ ਕਰ ਗੁਟਕੇ ਪੋਥੀਆਂ ਕਿੰਨੀ ਕਿੰਨੀ ਗਿਣਤੀ ਵਿੱਚ ਲਿਖ ਕੇ ਲਿਆ ਗੁਰੂ ਚਰਨਾਂ ਵਿੱਚ ਭੇਟ ਕਰਦੀ। ਉਹ ਸਾਰੇ ਲਿਖੇ ਹੋਏ ਗੁਟਕੇ-ਪੋਥੀਆਂ ਤੇ ਚੰਗਾ ਸਾਹਿਤ ਸਤਿਗੁਰੂ ਜੀ ਜੋੜ ਮੇਲਿਆਂ ਤੇ ਆਈ ਹੋਈ ਸੰਗਤ ਨੂੰ ਮੋਖ ਰਹਿਤ ਬਖਸ਼ਿਸ਼ ਕਰਦੇ ਸਨ। ਇਸ ਮਹਾਨ ਕਾਰਜ ਨੂੰ ਅੱਜ ਆਪਾਂ ਭੁੱਲ ਗਏ ਹਾਂ। ਬੀਤਿਆ ਸਮਾਂ ਤਾਂ ਹੱਥ ਨਹੀਂ ਆਉਣਾ ਜੇ ਆਪਾਂ ਹੁਣ ਵੀ ਸੁਚੇਤ ਹੋ ਜਾਈਏ ਤਦ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫ਼ੁਰਮਾਨ "[1]**ਅਜਹੁ ਕਛੂ ਬਿਗਰਿਓ ਨਹੀ**" ਅਨੁਸਾਰ ਜੇ ਅਜੇ ਵੀ ਸੁਚੇਤ ਨਾ ਹੋਵਾਂਗੇ ਤਦ ਆਉਣ ਵਾਲੀ ਪੀੜ੍ਹੀ ਸਾਨੂੰ ਕੋਸਦੀ ਰਹੇਗੀ ਕਿ ਸਾਨੂੰ ਸਾਡੇ ਪੁਰਖਿਆਂ ਨੇ ਪੇਟ ਅਹਾਰੀ ਲੰਗਰ ਤਾਂ ਦਿੱਤਾ ਪਰ ਆਤਮਿਕ ਅਹਾਰੀ ਸ਼ਬਦ ਲੰਗਰ ਸਾਨੂੰ ਨਹੀਂ ਵਰਤਾਇਆ ਜਿਸ ਕਰੇ ਅਸੀਂ ਸੁਨਹਿਰੀ ਗੁਰੂ ਉਪਦੇਸ਼ਾਂ ਤੇ ਗੁਰਬਾਣੀ ਤੋਂ ਦੂਰ ਹੋ ਆਪਣੇ ਅਮੋਲਕ ਵਿਰਸੇ ਤੋਂ ਟੁੱਟ ਗਏ ਹਾਂ।

੧. ਮ:੯, ਅੰਗ:੭੨੬

# ੩੭
# ਵਿਦਵਾਨਾਂ ਨੂੰ ਤਲਵਾਰਾਂ ਦੀ ਥਾਂ ਕਲਮ ਪਕੜਾਉਣ ਵਾਲੀ ਧਰਤ ਅਨੰਦਪੁਰ ਦੀ

ਜਦੋ ਆਪਾਂ ਪੁਰਾਤਨ ਇਤਹਾਸ ਨੂੰ ਵਾਚਦੇ ਹਾਂ ਦੋ ਚੀਜਾਂ ਹੀ ਸੰਸਾਰ ਦੀ ਚੰਗੀ ਜਾਂ ਮਾੜੀ ਘਾੜਤ ਘੜਨ ਦੀਆਂ ਜ਼ਿੰਮੇਵਾਰ ਹਨ; ਇੱਕ ਕਲਮ ਦੂਸਰੀ ਤਲਵਾਰ। ਕਲਮ ਵਿੱਚ ਕਹਿਰ ਦੀ ਕਰਾਮਾਤ ਹੈ, ਤਲਵਾਰ ਵਿੱਚ ਅਥਾਹ ਜੋਰ ਹੈ। ਕਲਮ ਦੀ ਕਰਾਮਾਤ ਨੂੰ ਆਪਾਂ ਵਰਤਣਾ ਕਿਵੇਂ ਹੈ ਤੇ ਤਲਵਾਰ ਦੇ ਅਥਾਹ ਜੋਰ ਦੀ ਕਿਵੇਂ ਵਰਤੋਂ ਕਰਨੀ ਹੈ? ਜਾਂ ਇਨ੍ਹਾਂ ਦੀ ਵਰਤੋ ਕੌਣ, ਕਿਵੇਂ ਕਰਦਾ ਹੈ ਇਹ ਬਹੁਤ ਅਹਿਮ ਹੈ। ਤਲਵਾਰ ਜੇ ਜਰਵਾਣੇ ਦੇ ਹੱਥ ਵਿੱਚ ਆ ਜਾਵੇ ਤਾਂ ਉਹ ਧਰਤੀ ਨੂੰ ਮਨੁੱਖੀ ਖੂਨ ਨਾਲ ਲੱਥ ਪੱਥ ਕਰ ਕੇ, ਇਸ ਗਿਰਾਉ ਤੱਕ ਲੈ ਜਾਂਦਾ ਹੈ ਕਿ ਉਸ ਦੀ ਕਰਤੂਤ ਵੇਖ ਕੇ ਸ਼ੈਤਾਨ ਵੀ ਕੰਬਦਾ ਹੈ। ਜਿਵੇਂ ਚੰਗੇਜ ਖਾਂ ਅਤੇ ਔਰੰਗਜ਼ੇਬ ਦੇ ਹੱਥ ਵਿੱਚ ਤਲਵਾਰ ਆਈ, ਇਨ੍ਹਾਂ ਨੇ ਤਲਵਾਰ ਨਾਲ ਉਹ ਖੂਨ ਖਰਾਬੇ ਤੇ ਮਨੁੱਖਤਾ ਨਾਲ ਵਧੀਕੀਆਂ ਕੀਤੀਆਂ ਜਿਨ੍ਹਾਂ ਨੂੰ ਪੜ੍ਹ ਸੁਣ ਕੇ ਮਨੁੱਖੀ ਆਤਮਾਂ ਕੰਬ ਜਾਂਦੀ ਹੈ। ਤਲਵਾਰ ਉਹੋ ਸੀ, ਲੋਹਾ ਵੀ ਉਹੋ ਸੀ ਪਰ ਜਦੋਂ ਉਹ ਤਲਵਾਰ ਕਲਗੀਧਰ ਜੀ ਦੇ ਪਾਵਨ ਹੱਥਾਂ ਵਿੱਚ ਆਈ ਉਨ੍ਹਾਂ ਨੇ ਇਸੇ ਤਲਵਾਰ ਨਾਲ ਹਲੇਮੀ ਰਾਜ ਬਣਾਉਣ ਲਈ:-

**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ॥੪੩॥**
ਪਾਤਸ਼ਾਹੀ: ੧੦

ਦੀ ਕਾਰ ਕਰਕੇ ਸਦੀਆਂ ਦੇ ਜ਼ੁਲਮ ਰਾਜ ਦੀਆਂ ਜੜ੍ਹਾਂ ਪੁੱਟ ਕੇ ਖਾਰੇ ਸਮੁੰਦਰ ਵਿੱਚ ਸੁੱਟ ਦਿੱਤੀਆਂ ਤੇ ਜ਼ੁਲਮ ਅਤਿਆਚਾਰ ਦਾ ਖ਼ਾਤਮਾ ਕਰ ਭਾਰਤ ਭੂਮੀ ਦੇ ਲੋਕਾਂ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਕੇ:-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥** ਮ:੯, ਅੰਗ:੧੪੨੭
ਦਾ ਇਨਕਲਾਬੀ ਕਾਰਨਾਮਾ ਕਰ ਵਿਖਾਇਆ। ਤਲਵਾਰ ਵਾਂਗ ਕਲਮ ਵਿੱਚ ਵੀ ਅਥਾਹ ਸ਼ਕਤੀ ਹੈ ਪਰ ਇਸ ਅਥਾਹ ਸ਼ਕਤੀ ਦੀ ਵਰਤੋਂ ਕਿਸ ਹੱਥ ਰਾਹੀਂ ਹੁੰਦੀ ਹੈ ਇਸ ਤੇ ਨਿਰਭਰ ਕਰਦਾ ਹੈ। ਜੇ ਕਲਮ, ਈਰਖਾਲੂ, ਮੁਤੱਸਬੀ ਦੇ ਹੱਥ ਰਾਹੀਂ ਚਲੇਗੀ ਉਸ ਦੀ ਈਰਖਾਲੂ ਲਿਖ਼ਤ ਸੰਸਾਰ ਅੰਦਰ ਈਰਖਾ ਪੈਦਾ ਕਰ, ਝਗੜਿਆਂ ਨੂੰ ਜਨਮ ਦੇਵੇਗੀ। ਮੁਤੱਸਬੀ ਕੱਟੜ-ਪੰਥੀ ਦੇ ਹੱਥ ਦੀ ਕਲਮ ਧਰਮਾਂ ਵਿੱਚ, ਕੌਮਾਂ ਵਿੱਚ ਆਪਸੀ ਭਾਈਚਾਰੇ ਵਿੱਚ, ਦੁਫੇੜ ਪਾ ਕੇ ਸੰਸਾਰ ਅੰਦਰ ਨਫਰਤ ਤੇ ਇੱਕ ਦੂਜੇ ਨਾਲ

ਦੂਰੀ ਪਾ ਕੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰੇਗੀ। ਜਿਸ ਸਦਕਾ ਸੰਸਾਰ ਵਿੱਚ:-

[1]ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ॥
ਰਾਹਿ ਸੈਤਾਨੀ ਦੁਨੀਆਂ ਗੋਈ॥੩੩॥

ਵਾਰ:੧, ਪਉੜੀ: ੩੩

ਦੀ ਖੇਡ ਵਰਤ ਜਾਵੇਗੀ। ਜੇ ਇਹੋ ਕਲਮ ਨਿਰੰਜਨੀ ਜੋਤ ਵਾਲੇ ਦੇ ਹੱਥ ਰਾਹੀਂ ਚੱਲੇ ਉਹ ਸੰਸਾਰ ਵਿੱਚ ਆਪਸੀ ਪ੍ਰੇਮ-ਪਿਆਰ, ਭਾਈਚਾਰਾ ਪੈਦਾ ਕਰ ਸੰਸਾਰ ਨੂੰ ਹੀ ਸਵਰਗ ਬਣਾ ਦਿੰਦੀ ਹੈ ਕਿਉਂ ਕਿ ਉਹ ਕਲਮ ਰਾਹੀਂ ਉਪਦੇਸ਼ ਮਿਲੇਗਾ:-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਮ: ੫, ਅੰਗ: ੬੧੨
ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥

ਮ: ੫, ਅੰਗ: ੯੭

ਉਸ ਕਲਮ ਰਾਹੀਂ ਅਸਲੀਅਤ ਸੰਸਾਰ ਦੇ ਕੰਨਾਂ ਤੱਕ ਪੁੱਜੇਗੀ ਹੇ ਭਾਈ!

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ਰਹਾਉ॥

ਕਬੀਰ ਜੀ, ਅੰਗ: ੧੩੫੦

ਨਿਰਵੈਰ ਹਿਰਦੇ ਵਾਲੇ ਦੇ ਹੱਥੀਂ ਕਲਮ ਚੱਲੇਗੀ, ਉਹ ਸੰਸਾਰ ਵਿੱਚੋਂ ਵੈਰ-ਭਾਵ ਖ਼ਤਮ ਕਰਕੇ ਨਿਰਵੈਰਤਾ ਦਾ ਉਪਦੇਸ਼ ਕਰੇਗੀ ਤੇ ਦ੍ਰਿੜ ਕਰਵਾਏਗੀ ਕਿ:-

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

ਨਾਮਦੇਵ ਜੀ, ਅੰਗ: ੪੮੫

ਇਸ ਲਈ ਉਹ ਕਲਮ ਦ੍ਰਿੜ ਕਰਵਾਏਗੀ ਕਿ ਸੰਸਾਰ ਅੰਦਰ:-

ਨਾ ਕੋ ਬੈਰੀ ਨਾ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

ਮ:੫, ਅੰਗ: ੧੨੯੯

ਸਾਰਿਆਂ ਅੰਦਰ ਪ੍ਰਮੇਸ਼ਰ ਦੀ ਜੋਤ ਵੇਖਣ ਵਾਲੇ ਦੇ ਹੱਥੀਂ ਜਦੋਂ ਕਲਮ ਚੱਲੇਗੀ, ਉਹ ਕਲਮ ਦ੍ਰਿੜ ਕਰਵਾਏਗੀ ਕਿ:-

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥

---

੧. ਪਰਮਾਤਮਾਂ ਇੱਕ ਹੈ, ਕਿਸੇ ਨੇ ਉਸ ਦਾ ਨਾਮ 'ਰਾਮ' ਰੱਖ ਲਿਆ ਕਿਸੇ ਨੇ ਉਸੇ ਪਰਮਾਤਮਾ ਦਾ ਨਾਮ 'ਰਹੀਮ' ਰੱਖ ਲਿਆ। ਉਸ ਨੂੰ ਰਾਮ ਕਹਿ ਲਵੋ ਉਸ ਨੂੰ ਰਹੀਮ ਜਾਂ ਅਲਾਹ ਕਹਿ ਲਵੋ, ਉਸ ਵਿੱਚ ਕੋਈ ਫਰਕ ਨਹੀਂ, ਉਸ ਨੇ ਇੱਕ ਹੀ ਰਹਿਣਾ ਹੈ। ਪਰ ਸ਼ੈਤਾਨ ਲੋਕ ਰਾਮ ਤੇ ਰਹੀਮ ਦੇ ਪੁਜਾਰੀ ਇੱਕ ਰੱਬ ਦੀ ਹਸਤੀ ਤੇ ਈਰਖਾ ਤੇ ਝਗੜਾ ਕਰਕੇ ਮਨਾਂ ਵਿੱਚ ਆਪਸੀ ਵੈਰ ਭਾਵ ਧਾਰਨ ਕਰ ਆਪਸੀ ਖੂਨ ਖਰਾਬਾ ਕਰ ਰਹੇ ਹਨ।

**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫ ॥**

ਮ:੫, ਅੰਗ: ੧੩੮੧

ਭਾਈ ਨੰਦ ਲਾਲ ਜੀ ਦੀ ਕਲਮ ਵਿੱਚ ਵੀ ਅਜਿਹੀ ਅਥਾਹ ਸ਼ਕਤੀ ਵੇਖ ਉਨ੍ਹਾਂ ਦੀ ਲਿਖੀ ਪੁਸਤਕ ਬੰਦਗੀਨਾਮਾ ਪੜ੍ਹ ਸੁਣ ਕੇ ਸਤਿਗੁਰੂ ਜੀ ਨੇ ਬੰਦਗੀਨਾਮਾ ਪੁਸਤਕ ਦੇ ਸਰਵਰਕ ਉੱਪਰ ਆਪਣੀ ਪਵਿੱਤ੍ਰ ਕਲਮ ਨਾਲ ਉਸ ਪੁਸਤਕ ਦਾ ਨਾਮ ਬਦਲ ਕੇ "ਜ਼ਿੰਦਗੀ ਨਾਮਹ" ਰੱਖ ਦਿੱਤਾ ਤੇ ਵਰ ਦਿੱਤਾ ਨੰਦ ਲਾਲ! ਤੇਰੀ ਇਹ ਲਿਖ਼ਤ ਅਨੇਕਾਂ ਨੂੰ ਆਤਮਿਕ ਜ਼ਿੰਦਗੀ ਪ੍ਰਦਾਨ ਕਰਨ ਦਾ ਵਸੀਲਾ ਬਣੇਗੀ।

**[1]ਆਬੈ ਹੈਵਾ ਪੁਰ ਸ਼ੁਦਹ ਚੂ ਜ਼ਾਮੇ ਊ॥**
**ਜ਼ਿੰਦਗੀ ਨਾਮਹ ਸ਼ੁਦਹ ਜਾ ਨਾਮੇ ਊ॥**

ਭਾਈ ਨੰਦ ਲਾਲ ਜੀ ਇੱਕ ਨਹੀਂ ਅਨੇਕਾਂ ਗੁਣ ਭਰਪੂਰ ਧੁਰੋਂ ਬਖਸ਼ੀ ਰੂਹ ਸੀ, ਜੋ ਕਲਗੀਧਰ ਜੀ ਦੀ ਨਦਰ-ਏ-ਕਰਮ ਨਾਲ ਜੀਵਨ ਦਾਨ ਪ੍ਰਾਪਤ ਕਰ ਗਈ। ਜਿੱਥੇ ਆਪ ਜੀ ਅੱਤ ਤੀਖਣ ਬੁੱਧੀ ਦੇ ਮਾਲਕ ਤੇ ਉੱਚ ਕੋਟੀ ਦੇ ਵਿਦਵਾਨ ਸਨ, ਉਥੇ ਆਪ ਜੀ ਇੱਕ ਸਫ਼ਲ-ਬਹਾਦਰ [2]ਜਰਨੈਲ ਵੀ ਸਨ। ਜਿਸ ਵੇਲੇ ਆਪ ਜੀ ਮੁਲਤਾਨ ਦੇ ਹਾਕਮ, ਨਵਾਬ ਵਸਾਫ਼ ਖਾਨ ਦੇ ਦਫ਼ਤਰ ਵਿਖੇ ਮੀਰ ਮੁਨਸ਼ੀ ਦਾ ਕੰਮ ਕਰਦੇ ਸਨ। ਨਵਾਬ ਨੇ ਛੇਤੀ ਹੀ ਆਪ ਦੀ ਲਿਆਕਤ ਵੇਖ ਆਪ ਨੂੰ ਭੱਕਰ ਦੇ ਕਿਲ੍ਹੇ ਦਾ ਕਿਲ੍ਹੇਦਾਰ ਤੇ ਫੌਜਦਾਰ ਨਿਯੁਕਤ ਕਰ ਦਿੱਤਾ। ਥੋੜ੍ਹੇ ਸਮੇਂ ਬਾਅਦ ਨਵਾਬ ਨੇ ਆਪ ਨੂੰ ਦੀਨਾ, ਕਹਿਰੋੜ, ਫਤਹਿਪੁਰ ਮਹੀਉਦੀਨ ਪੁਰ ਦਾ ਨਜ਼ਾਮ ਥਾਪ ਦਿੱਤਾ ਤੇ ਕੁਝ ਸਮੇਂ ਬਾਅਦ ਨਵਾਬ ਨੇ ਆਪ ਜੀ ਦੀ ਲਿਆਕਤ ਤੇ ਖੁਸ਼ ਹੋ ਕੇ ਮੁਲਤਾਨ ਦੀ ਨਾਇਬ ਸੂਬੇਦਾਰੀ ਵੀ ਦਿੱਤੀ। ਦਰਾ ਸੁਲਤਾਨ-ਸਰਵਰ ਦੇ ਇਲਾਕੇ ਦੀਆਂ ਪਹਾੜੀਆਂ ਵਿੱਚ ਇੱਕ ਡਾਕੂ ਜਿਸ ਦਾ ਨਾਮ ਸ਼ਾਹੂ ਸੀ, ਉਸ ਨੇ ਆਪਣੀ ਫੌਜ ਬਣਾ ਰੱਖੀ ਸੀ ਤੇ ਕਿਸੇ ਦੀ ਕਾਣ ਨਹੀਂ ਕੱਢਦਾ ਸੀ। ਇਸ ਤਰ੍ਹਾਂ ਉਸ ਨੇ ਇੱਕ ਕਿਸਮ ਦਾ ਆਪਣਾ ਹੀ ਜੁਦਾ ਰਾਜ ਬਣਾ ਰੱਖਿਆ ਸੀ। ਭਾਈ ਨੰਦ ਲਾਲ ਜੀ ਫੌਜ ਲੈ ਕੇ ਉਸ ਦੇ ਟਾਕਰੇ ਤੇ ਪਹੁੰਚੇ। ਆਪ ਜੀ ਨੇ ਅਜਿਹੀ ਵਿਉਂਤ ਨਾਲ ਸ਼ਾਹੂ ਨਾਲ ਲੜਾਈ ਲੜੀ, ਸ਼ਾਹੂ ਹਾਰ ਖਾ ਗਿਆ। ਉਸ ਦੇ ਤਿੰਨ ਹਜ਼ਾਰ ਜੁਆਨ ਮਾਰੇ ਗਏ ਤੇ ਇਧਰ ਭਾਈ ਨੰਦ ਲਾਲ ਜੀ ਦੀ ਤਾਬੇਦਾਰੀ ਵਾਲੀ ਫੌਜ ਦਾ ਬਹੁਤ ਘੱਟ ਨੁਕਸਾਨ ਹੋਇਆ। ਆਪ ਜੀ ਨੇ ਜਿੱਤ ਉਪ੍ਰੰਤ ਸਾਰੇ ਇਲਾਕਾ ਨਿਵਾਸੀਆਂ ਨੂੰ ਇਕੱਠੇ ਕਰ ਕੇ ਉਸ ਪਾਸੋਂ ਲਿਖਤੀ ਮਾਫ਼ੀ ਤੇ ਈਨ ਮੰਨਵਾਈ। ਇਸ ਤਰ੍ਹਾਂ ਦੂਸਰੇ ਮੁਲਕਾਂ ਤੋਂ ਆਉਣ ਵਾਲੇ ਯਾਤਰੂਆਂ ਦੇ ਰਸਤੇ ਖੁੱਲ ਗਏ। ਸਾਰੇ ਪਾਸੇ ਭਾਈ ਨੰਦ ਲਾਲ ਜੀ ਦਾ ਜਸ ਫੈਲ ਗਿਆ।

---

੧.ਨਾਮ ਅੰਮ੍ਰਿਤ ਜਾਮ ਇਸ ਵਿੱਚ ਭਰ ਗਿਆ। ਜ਼ਿੰਦਗੀ ਨਾਮਹ ਤਦੇ ਹੁਣ ਨਾਮ ਭਇਆ।

੨. ਦਸਤੂਰ ਇਨਸ਼ਾ

ਭਾਈ ਨੰਦ ਲਾਲ ਜੀ ਨੇ ਮੁਲਤਾਨ ਜਾਣ ਤੋਂ ਪਹਿਲਾਂ ਇੱਕ ਦਿਨ ਇੱਕ ਗਾਤਰਾ ਤੇ ਸੁੰਦਰ ਕਿਰਪਾਨ ਲੈ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਕੀਤੀ ਤੇ ਬਚਨ ਕੀਤਾ ਪਾਤਸ਼ਾਹ! ਆਪ ਜੀ ਕ੍ਰਿਪਾ ਕਰਕੇ ਇਹ ਤਲਵਾਰ ਮੈਨੂੰ ਆਪਣੇ ਹੱਥੀਂ ਪਹਿਨਾਉ ਤਾਂ ਜੋ ਮੈਂ ਵੀ ਆਪ ਜੀ ਦੇ ਮਿਸ਼ਨ ਵਿੱਚ ਭਾਈਵਾਲ ਬਣ, ਧਰਮ ਦੇ ਵੈਰੀਆਂ ਦਾ ਰਣਤੱਤੇ ਵਿੱਚ ਮੁਕਾਬਲਾ ਕਰਦਿਆਂ ਆਪ ਦੀ ਖੁਸ਼ੀ ਪ੍ਰਾਪਤ ਕਰ ਸ਼ਹੀਦ ਹੋ ਪਰਮਗਤੀ ਨੂੰ ਪ੍ਰਾਪਤ ਕਰਾਂ। ਸਤਿਗੁਰੂ ਜੀ ਮੁਸਕਰਾਏ, ਇੱਕ ਕਲਮਦਾਨ ਅਤੇ ਕਲਮ ਮੰਗਵਾ ਕੇ ਭਾਈ ਸਾਹਿਬ ਦੇ ਹੱਥ ਸੌਂਪਣਾ ਕੀਤੀ ਤੇ ਬਚਨ ਕੀਤਾ ਨੰਦ ਲਾਲ! ਤੇਰੇ ਜ਼ਿੰਮੇਂ ਪਰਮਾਤਮਾਂ ਨੇ ਧੁਰ ਦਰਗਾਹ ਤੋਂ ਤਲਵਾਰ ਦੀ ਨਹੀਂ, ਕਲਮ ਚਲਾਉਣ ਦੀ ਸੇਵਾ ਲਾਈ ਹੈ। ਤੇਰੀ ਕਲਮ, ਤਲਵਾਰ ਨਾਲੋਂ ਜ਼ਿਆਦਾ ਅਸਰ ਕਰੇਗੀ। ਜਦੋਂ ਕਲਗੀਧਰ ਜੀ ਨੇ, ਅਨੰਦਪੁਰ ਛੱਡ, ਦੇਸ਼ ਦੀ ਗੁਲਾਮੀ ਨੂੰ ਕੱਟਣ ਵਾਸਤੇ ਅਨੇਕਾਂ ਭਾਣੇ ਵਰਤਾਉਣੇ ਸਨ। ਸਤਿਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਕੋਲ ਸੱਦਿਆ ਤੇ ਬਚਨ ਕੀਤਾ ਨੰਦ ਲਾਲ ਹੁਣ ਤੁਸੀਂ ਮੁਲਤਾਨ ਜਾ ਰਹੋ ਤੇ ਸਿੱਖੀ ਦਾ ਪ੍ਰਚਾਰ ਕਰੋ। ਭਾਈ ਵੀਰ ਸਿੰਘ ਜੀ ਨੇ ਇਸੇ ਵਾਰਤਾ ਨੂੰ ਸ੍ਰੀ ਕਲਗੀਧਰ ਚਮਤਕਾਰ ਵਿੱਚ ਹੇਠ ਲਿਖੇ ਅਨੁਸਾਰ ਕਵਿਤਾ ਵਿੱਚ ਅੰਕਿਤ ਕੀਤਾ ਹੈ:-

ਚਾ ਅੱਜ ਮੇਰੇ ਅੰਦਰ ਮੈ ਬੀ ਬਣਾ ਸਿਪਾਹੀ।
ਪਯਾਰੇ ਦੇ ਦਰ ਪਹਿਰਾ ਦੇਵਾਂ ਰਣ ਤਤੇ ਰਣ ਜਾਹੀ।
ਮਾਰਾਂ ਤੇਗ, ਮੁਕਾਵਾਂ ਜ਼ਾਲਮ, ਹੋਲੀ ਖੇਡ ਖਿਡਾਵਾਂ।
ਮਿਲੇ ਸ਼ਹਾਦਤ-ਸ਼ਰਬਤ ਜੇਕਰ, ਖ਼ੇਲ ਆਪ ਤੇ ਜਾਵਾਂ।
ਆਪਣੇ ਤਾਰਨਹਾਰੇ ਹੱਥੀਂ ਗਾਤ੍ਰਾ ਮੈਂ ਪਹਿਨਾਓ।
ਸ੍ਰੀ ਸਾਹਿਬ ਏ ਕਰ ਕਮਲੀਂ ਫਿਰ ਗਾਤ੍ਰੇ ਵਿੱਚ ਸਜਾਓ।
ਮੈਂ ਵਡਭਾਗ ਹੋਇ ਕੇ ਸੇਵਾਂ, ਜਿੱਕੁਰ ਤੈਨੂੰ ਭਾਵੇ।
ਤੇਰੇ ਦਰ ਤਨ ਸਫਲਾ ਹੋਵੇਂ, ਆਪਾ ਮਾਰ ਮਿਟਾਵੇ।
ਹੱਸ ਪਏ ਗੁਰ ਕਲਗੀਆਂ ਵਾਲੇ ਗਾਤ੍ਰਾ ਆਪ ਸਜਾਇਆ।
ਸ੍ਰੀ ਸਾਹਿਬ ਲਾ ਲਈ ਆਪ ਨੂੰ ਕਲਮ ਦਾਨ [੧]ਅਣਵਾਯਾ।
ਕਲਮ ਕੱਢ ਕੇ ਅੱਗੇ ਕੀਤੀ, ਮੁੱਖ ਤੋਂ ਏ ਫੁਰਮਾਯਾ :-
ਨੰਦ ਲਾਲ ਜੀ! ਲਓ ਤੇਗ ਏ ਇਸ ਨੂੰ ਹੱਥ ਸਜਾਓ।
ਸੂਰੇ ਦੀ ਤਲਵਾਰ ਵਾਂਙ ਏ ਚੱਲੇ ਸਦਾ ਚਲਾਓ।
ਏ ਤਲਵਾਰ ਤੁਸਾਂ ਹੱਥ ਦਿੱਤੀ ਤੁਸੀਂ ਏਸ ਦੇ ਸੂਰੇ।
ਕੰਮ ਪੰਥ ਦੇ ਕਰਨੇ ਪਯਾਰੇ, ਕਾਰਜ ਸਗਲੇ ਪੂਰੇ।
ਤੇਗ ਵਾਲਿਆਂ ਤੇਗ ਵਾਹੁਣੀ, ਤੁਸਾਂ ਕਲਮ ਹੈ ਵਾਹੁਣੀ।

੧.ਮੰਗਵਾਇਆ

ਹੁਕਮ ਤੁਸਾਂ ਨੂੰ ਏਹੋ ਭਾਈ ਇਹ ਤੂੰ ਕਾਰ ਕਮਾਉਣੀ।
ਕਲਮ ਟੁਰੇ ਦਿਲ ਘਾਉ ਲਗਾਵੇ ਦਿਲ ਉਤਸ਼ਾਹ ਭਰਾਵੇ।
ਪ੍ਰੇਮ ਸਦਕੜੇ ਹੋਣਾ ਦੱਸੇ ਤੇਗਾਂ ਹੱਥ ਫੜਾਵੇ।
ਜੰਗ ਹਟਾਵੇ, ਘਾਓ ਲਗਾਵੇ, [੧]ਨੁਸਰਤ ਫ਼ਤਹ ਦਿਵਾਵੇ।
ਨੇਕੀ, ਧਰਮ, ਨਾਮ ਦਾ ਸਿਮਰਨ, ਸ਼ੁਭ ਆਚਰਨ ਸਿਖਾਵੇ।
ਮਾਰੇ ਬਦੀ, ਬੁਰਾਈਆਂ ਵੱਢ, 'ਗਿੱਚੀ ਪਾਪ' ਕਟਾਵੇ।
ਹੱਦ ਸਮੇਂ ਦੀ ਕੱਪ ਦਿਖਾਵੇ ਅਸਰ 'ਸਦਾ' ਤੇ ਪਾਵੇ।
ਤੇਗ਼ ਨਾਲ ਸ਼ਮਸ਼ੇਰ 'ਕਲਮ' ਏ ਮੈਂ ਸਿੱਖਾਂ ਨੂੰ ਬਖਸ਼ੀ।
ਜੇ ਵਾਹੀ ਤਾਂ ਕੰਮ ਪੰਥ ਦੇ ਇੱਕ ਦੁਨੀਆਂ ਉੱਠ ਤਕਸੀ।

ਅੱਜ ਆਪਾਂ ਕਲਗੀਧਰ ਜੀ ਦੇ ਉੱਚ ਕਾਰਨਾਮੇ ਪੜ੍ਹ ਸੁਣ ਰਹੇ ਹਾਂ। ਆਪਣੇ ਅੰਦਰ ਤੇ ਆਪਣੇ ਕੌਮੀ ਭਰਾਵਾਂ ਵੱਲ ਵੀ ਝਾਤ ਮਾਰ ਕੇ ਪੜਚੋਲ ਕਰਨ ਦਾ ਜਤਨ ਕਰੀਏ। ਅੱਜ ਸਾਡਾ ਹੱਥ ਤਲਵਾਰ ਨੂੰ ਵਾਹੁਣ ਦਾ ਆਦੀ ਹੋ ਗਿਆ ਹੈ। ਜਦੋਂ ਸਾਡੇ ਤੇ ਕੋਈ ਵਿਰੋਧੀ ਕਲਮ ਦਾ ਜਾਂ ਜੁਬਾਨ ਦਾ ਵਾਰ ਕਰਦਾ ਹੈ ਤਾਂ ਉਸ ਦਾ ਉੱਤਰ ਅਸੀਂ ਕਲਮ ਜਾਂ ਜ਼ੁਬਾਨ ਨਾਲ ਨਹੀਂ ਦਿੰਦੇ ਸਗੋਂ ਉਸ ਦਾ ਉੱਤਰ ਕਿਰਪਾਨ ਨਾਲ ਦੇਣ ਦਾ ਯਤਨ ਕਰਦੇ ਹਾਂ। ਜਿਸ ਰਾਹੀਂ ਸਾਨੂੰ ਅਸਫਲਤਾ ਮਿਲਦੀ ਹੈ ਤੇ ਸਾਡੇ ਉੱਪਰ ਲੜਾਕੀ ਕੌਮ ਹੋਣ ਦਾ ਦੋਸ਼ ਅਰੋਪਤ ਹੋ ਜਾਂਦਾ ਹੈ। ਆਮ ਲੋਕ ਥਾਂ-ਥਾਂ ਸਾਨੂੰ ਲੜਨ ਭਿੜਣ ਵਾਲੇ ਕਹਿ ਕੇ ਭੰਡਦੇ ਹਨ ਪਰ ਅਸਲੀਅਤ ਸਤਿਗੁਰੂ ਜੀ ਨੇ ਸਿਖ ਕੌਮ ਨੂੰ ਇਸ ਦੇ ਉਲਟ ਬਖਸ਼ਿਸ਼ ਕੀਤੀ ਹੈ। ਜਿੰਨੀਂ ਸਿੱਖ ਕੌਮ ਵਿੱਚ ਸਹਿਣਸ਼ੀਲਤਾ ਹੈ ਜਿੰਨੀਂ ਸਿੱਖ ਕੌਮ ਮਨੁੱਖਤਾ ਦੀ ਹਮਦਰਦ ਹੈ, ਜਿੰਨੀਂ ਸਿੱਖ ਕੌਮ ਦੂਸਰਿਆਂ ਲਈ ਪਰਉਪਕਾਰ ਕਰਦੀ ਤੇ ਕਰ ਸਕਦੀ ਹੈ, ਜਿੰਨਾਂ ਸਿੱਖ ਕੌਮ ਦਾ ਦਿਲ ਖੁੱਲਾ ਹੈ ਉਨਾਂ ਸ਼ਾਇਦ ਹੋਰ ਕਿਸੇ ਕੌਮ ਦਾ ਸੰਸਾਰ ਵਿੱਚ ਨਾ ਹੋਵੇ।

ਸਾਡੇ ਇਨ੍ਹਾਂ ਗੁਣਾਂ ਨੂੰ ਅਉਗਣਾਂ ਵਿੱਚ ਬਦਲਣ ਲਈ ਸਿੱਖ ਕੌਮ ਦੇ ਵਿਰੋਧੀ, ਸਿੱਖੀ ਬਾਣੇ ਵਿੱਚ ਛੁਪੇ ਨਾਸਤਿਕ ਲੋਕ, ਸਿੱਖੀ ਸਰੂਪ ਧਾਰਨ ਕਰ ਕੇ ਅਤੇ ਕਲਮ ਦੀ ਦੁਰਵਰਤੋਂ ਕਰ ਕੇ, ਕਲਮ ਨਾਲ ਬੇ-ਇਨਸਾਫ਼ੀ ਕਰਕੇ ਨਿੱਤ ਨਵੇਂ ਦੁਬਿਧਾ ਭਰੇ ਬਖੇੜੇ ਖੜੇ ਕਰਕੇ ਸਿੱਖ ਕੌਮ ਨੂੰ ਉਲਝਾਈ ਰੱਖਣਾ ਚਾਹੁੰਦੇ ਹਨ। ਉਹ ਲੋਕ ਤਾਂ ਲਾਲਚ ਅਧੀਨ ਜਾਂ ਵੈਰ ਭਾਵ ਅਧੀਨ ਸਿੱਖ ਕੌਮ ਨੂੰ ਵਧਣ ਫੁੱਲਣ ਤੋਂ ਰੋਕਣ ਵਾਸਤੇ ਘਰ ਬੈਠੇ ਆਪਣੀ ਕਲਮ ਦਾ ਵਾਰ ਕਰਕੇ ਬੈਠ ਜਾਂਦੇ ਹਨ ਪਰ ਅਸੀਂ ਉਸ ਦੁਬਿਧਾ ਜਾਂ ਸਿੱਖ ਵਿਰੋਧੀ ਲਿਖ਼ਤ ਦਾ ਕਲਮ ਨਾਲ ਵਿਰੋਧ ਕਰਨ ਜਾਂ ਲੋਕਾਂ ਵਿੱਚ ਪਈ ਦੁਬਿਧਾ, ਕਲਮ ਰਾਹੀਂ ਕੱਢਣ ਦੀ ਥਾਂ, ਮੁਜਾਹਰਿਆਂ ਦਾ ਸਹਾਰਾ ਲੈ ਕੇ ਉਸ ਨੂੰ ਦੂਰ ਕਰਨ ਦਾ ਯਤਨ ਕਰਦੇ ਹਾਂ, ਜਿਸ ਕਾਰਣ ਸਾਨੂੰ ਸਫ਼ਲਤਾ ਨਹੀਂ ਮਿਲ ਰਹੀ। ਅੱਜ ਜਾਣ ਬੁਝ ਕੇ ਸਿੱਖ

੧. ਸਹਾਇਤਾ

ਕੌਮ ਨੂੰ ਦੁਬਿਧਾ ਵਿੱਚ ਗ੍ਰਸਣ ਲਈ, ਨਿੱਤਨੇਮ ਦੀਆਂ ਬਾਣੀਆਂ ਵਿੱਚ ਦੁਬਿਧਾ, ਪਵਿੱਤ੍ਰ ਅੰਮ੍ਰਿਤ ਦੀ ਪ੍ਰੰਪਰਾ ਵਿੱਚ ਦੁਬਿਧਾ, ਰਹਿਤ ਮਰਯਾਦਾ ਵਿੱਚ ਦੁਬਿਧਾ, ਇਤਿਹਾਸ ਵਿੱਚ ਦੁਬਿਧਾ ਪਾ ਕੇ ਖ਼ਾਲਸਾ ਪੰਥ ਨੂੰ ਆਪਸੀ ਉਲਝਾਉਣ ਦਾ ਪੂਰਾ ਪੂਰਾ ਯਤਨ ਕਲਮ ਰਾਹੀਂ ਕੀਤਾ ਜਾ ਰਿਹਾ ਹੈ। ਜਿਸ ਦੇ ਆਪਾਂ ਸ਼ਿਕਾਰ ਵੀ ਹੋ ਰਹੇ ਹਾਂ।

ਅੱਜ ਸਿੱਖ ਕੌਮ ਜਿਥੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਤਿੰਨ ਸੌ ਪੰਜਾਹਵੀਂ ਸਥਾਪਨਾ ਵਰ੍ਹੇ ਗੰਢ ਬੜੇ ਉਤਸ਼ਾਹ ਨਾਲ ਮਨਾ ਰਹੀ ਹੈ, ਉਥੇ ਵਿਸ਼ੇਸ਼ ਕਰਕੇ ਸਾਨੂੰ ਸ਼ਰਧਾ-ਭਾਵਨੀ ਵਾਲੇ ਵਿਦਵਾਨ ਪੈਦਾ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ। ਨਾਲ ਸਾਨੂੰ ਸਾਰਿਆਂ ਨੂੰ ਵੀ ਆਪਣਾ ਦੁਬਿਧਾ ਵਾਲਾ ਸੁਭਾ ਤਿਆਗ ਕੇ ਦੁਬਿਧਾ ਪਾਉਣ ਵਾਲੀਆਂ ਲਿਖਤਾਂ ਤੋਂ ਦਰ-ਕਿਨਾਰਾ ਕਰ ਕੇ ਭੈ-ਭਾਵਨੀ ਵਾਲੇ ਗੁਰਮਤੀਏ ਵਿਦਵਾਨਾਂ ਦਾ ਰਚਿਆ ਸਾਹਿਤ ਪੜ੍ਹਨਾ ਚਾਹੀਦਾ ਹੈ ਪਰ ਸਾਡਾ ਦੁਬਿਧਾ ਵਾਲਾ ਸੁਭਾਅ ਪੱਕ ਚੁੱਕਾ ਹੈ ਅਸੀਂ ਹਰ ਦੁਬਿਧਾ ਨੂੰ ਜਨਮ ਦੇਣ ਵਾਲੀ ਸਾਖੀ ਜਾਂ ਸਿਖਿਆਵਾਂ ਜੋ ਵਿਰੋਧੀਆਂ ਨੇ ਜਾਣ ਬੁੱਝ ਕੇ ਲਿਖੀਆਂ ਹੁੰਦੀਆਂ ਹਨ ਉਸ ਨੂੰ ਪੜ੍ਹਨ ਲਈ ਪਹਿਲ ਦਿੰਦੇ ਹਾਂ। ਮਿਸਾਲ ਦੇ ਤੌਰ ਤੇ ਅਸੀਂ ਪੰਜ ਬਾਣੀਆਂ ਸੋਹਿਲਾ ਤੇ ਰਹਿਰਾਸ ਵੀ ਪੜ੍ਹ ਲਵਾਂਗੇ ਤੇ ਇੱਕ ਦੋਹਰੇ ਜਾਂ ਚਾਰ ਪੰਕਤੀਆਂ ਤੇ ਆ ਕੇ ਦੁਬਿਧਾ ਪਾ ਕੇ ਇਹ ਪੜ੍ਹੀਏ ਜਾਂ ਨਾ ਪੜ੍ਹੀਏ ਤੇ ਆ ਕੇ ਬਹਿਸ ਕਰਨ ਲੱਗ ਜਾਵਾਂਗੇ। ਭਲਾ ਜੇ ਚਾਰ ਪੰਕਤੀਆਂ ਵੱਧ ਪੜ੍ਹ ਲਈਆਂ ਤਦ ਕੀ ਨੁਕਸਾਨ ਹੋ ਜਾਵੇਗਾ ਜੇ ਨਾ ਪੜ੍ਹੀਆਂ ਤਦ ਬਹੁਤਾ ਘਾਟਾ ਵੀ ਨਹੀਂ ਹੋ ਜਾਣਾ ਜੇ ਸਾਰਾ ਨਿੱਤਨੇਮ ਪੜ੍ਹਨ ਤੇ ਤਸੱਲੀ ਨਹੀਂ ਹੋਈ ਤੇ ਇਥੇ ਚਾਰ ਪੰਕਤੀਆਂ ਪੜ੍ਹਨ ਜਾਂ ਨਾ ਪੜ੍ਹਨ ਤੇ ਕਿੰਤੂ ਪ੍ਰੰਤੂ ਕਿਉਂ? ਕਿਉਂਕਿ ਕਿੰਤੂ ਪ੍ਰੰਤੂ ਕਰਨਾ ਸਾਡਾ ਸੁਭਾਅ ਹੈ। ਜੇ ਆਪਾਂ ਇਸ ਸ਼ਤਾਬਦੀ ਤੇ ਦੁਬਿਧਾ ਦਾ ਤਿਆਗ ਕਰ ਗੁਰੂ ਅਮਰਦਾਸ ਜੀ ਦੇ ਬਚਨਾਂ ਦੇ ਧਾਰਨੀ ਬਣ ਗਏ ਕਿ:-

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥**

ਮ: ੩, ਅੰਗ: ੧੧੮੫

ਤਾਂ ਸਮਝੋ ਸਾਡਾ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਤਿੰਨ ਸੌ ਪੰਜਾਂਹਵਾਂ ਸਥਾਪਨਾ ਦਿਵਸ ਮਨਾਉਣਾ ਸਫ਼ਲ ਹੈ।

# ੩੮
# ਨੇਮ ਦੀ ਮਹਾਨਤਾ ਦਰਸਾਉਣ ਵਾਲੀ ਧਰਤ ਅਨੰਦਪੁਰ ਦੀ

ਪੰਜਵੇਂ ਗੁਰਦੇਵ ਜੀ ਨੇ ਜ਼ੁਲਮ ਅਤੇ ਜ਼ਾਲਮ ਦੇ ਮੂਹਰੇ ਸ੍ਵੈਮਾਨ ਨਾਲ ਖੜੋ, ਆਪਾ ਨਿਛਾਵਰ ਕਰ ਕੇ ਹੱਕ-ਸੱਚ ਦੀ ਰਾਖੀ ਦੇ ਜੋ ਪੂਰਨੇ ਪਾਏ ਸਨ, ਨੌਵੀਂ ਜੋਤ ਨੇ ਹੂ-ਬ-ਹੂ ਉਨ੍ਹਾਂ ਨੂੰ ਕਾਇਮ ਰੱਖਦਿਆਂ ਕੁਰਬਾਨੀਆਂ ਦੀ ਲਾ-ਮਿਸਾਲ ਪਿਰਤ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਅਰੰਭ ਕੀਤੀ। ਜਿਸ ਨੂੰ ਆਪਣੀ ਸਿਮ੍ਰਤੀ ਵਿੱਚ ਸਦੀਵ-ਕਾਲ ਤਰੋ-ਤਾਜ਼ਾ ਰੱਖਣ ਲਈ ਹਰ ਗੁਰਸਿੱਖ ਆਪਣੀ ਨਿੱਤ ਦੀ ਅਰਦਾਸ ਵਿੱਚ ਅੰਤਰ-ਧਿਆਨ ਹੋ ਇੰਝ ਯਾਦ ਕਰਦਾ ਹੈ ਕਿ "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਨ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚੀਰੇ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ।"

ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਤਿੰਨ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਦਿਆਲ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਧਰਮ ਲਈ ਆਪਾ ਨਿਛਾਵਰ ਕਰਨ ਵਾਲਿਆਂ ਲਈ ਪ੍ਰੇਰਣਾ-ਸ੍ਰੋਤ ਬਣੀ। ਇਤਿਹਾਸ ਗਵਾਹ ਹੈ ਕਿ ਆਰੇ ਨਾਲ ਤਨ ਚੀਰਨਾ ਅਰੰਭ ਹੋਣ ਤੇ ਸਤਿਗੁਰੂ ਜੀ ਦੇ ਅਨਿੰਨ ਸਿੱਖ ਭਾਈ ਸਾਹਿਬ ਭਾਈ ਮਤੀ ਦਾਸ ਜੀ ਨੇ ਪਾਵਨ ਗੁਰਬਾਣੀ ਸ੍ਰੀ ਜਪੁਜੀ ਸਾਹਿਬ ਦਾ ਜਾਪ ਅਰੰਭ ਕਰ ਦਿੱਤਾ ਅਤੇ ਸਰੀਰ ਦੁਫਾੜ ਹੋ ਧਰਤੀ ਤੇ ਡਿੱਗ ਪਿਆ ਅਰੁ ਜਪੁਜੀ ਸਾਹਿਬ ਦੇ ਪਾਠ ਦੀ ਅਵਾਜ਼ ਧਰਤੀ ਤੇ ਡਿੱਗੇ ਹੋਏ ਸਰੀਰ ਦੇ ਦੋਵਾਂ ਹਿੱਸਿਆਂ ਵਿੱਚੋਂ ਸੰਪੂਰਨਤਾ ਤੱਕ ਜਾਰੀ ਰਹੀ। ਭਾਈ ਦਿਆਲ ਦਾਸ ਜੀ, ਦੇਗ ਵਿੱਚ ਉੱਬਲ ਗਏ ਪਰ ਸੁਖਮਨੀ ਸਾਹਿਬ ਦੇ ਰੂਪ ਵਿੱਚ ਗੁਰਬਾਣੀ ਦਾ ਪ੍ਰਵਾਹ ਜਾਮ-ਏ-ਸ਼ਹਾਦਤ ਪੀਣ ਤੱਕ ਜਾਰੀ ਰਿਹਾ। ਭਾਈ ਸਤੀ ਦਾਸ ਜੀ ਦਾ ਸਰੀਰ ਰੂੰ ਬੰਨ੍ਹ ਕੇ ਸਾੜ ਦਿੱਤਾ ਪਰ ਗੁਰਬਾਣੀ ਦੀਆਂ ਗੁੰਜਾਰਾਂ ਚਾਂਦਨੀ ਚੌਂਕ ਦੀ ਕਤਲਗਾਹ ਵਿੱਚ ਪੈਂਦੀਆਂ ਰਹੀਆਂ। ਸਤਿਗੁਰੂ ਜੀ ਦੇ ਸਨਮੁੱਖ ਸ਼ਹਾਦਤ ਦਾ ਜਾਮ ਪੀ, ਅਮਰਤਾ ਦਾ ਰੁਤਬਾ ਪ੍ਰਾਪਤ ਕਰਨ ਵਾਲੇ ਇਨ੍ਹਾਂ ਗੁਰਸਿੱਖਾਂ ਤੋਂ ਪ੍ਰੇਰਣਾ ਲੈ, ਸਿੱਖ ਇਤਿਹਾਸ ਵਿਚਲੇ ਸ਼ਹੀਦਾਂ ਦੀ ਲੰਬੇਰੀ ਲੜੀ ਇਸੇ ਵਰਤਾਰੇ ਵਿੱਚ ਦੀ ਹੋ ਗੁਜਰੀ।

ਸ਼ਹਾਦਤ ਤੋਂ ਪਹਿਲਾਂ ਮਿਲਣ ਵਾਲੇ ਤਸੀਹਿਆਂ ਦਾ ਝਲਕਾਰਾ ਮਾਤਰ ਵੀ ਜਦ ਅੱਖਾਂ ਮੂਹਰੇ ਆਉਂਦਾ ਹੈ ਤਦ ਮਨੁੱਖ ਦੀ ਰੂਹ ਕੰਬ ਉੱਠਦੀ ਹੈ ਪਰ ਸਤਿਗੁਰੂ ਜੀ ਦੇ ਗੁਰਸਿੱਖ ਪਿਆਰੇ ਜੋ ਬੰਦ-ਬੰਦ ਕਟਵਾਉਣ ਸਮੇਂ:-

ਇਮ ਕਹਿ ਫਤੇ ਬੁਲਾ ਕੈ ਸਿੰਘ ਜੀ ਦਹਿਨੀ ਭੁਜਾ ਪਸਾਰੀ॥
ਇਕ ਇਕ ਉਂਗਲੀ ਤ੍ਰੈ ਤ੍ਰੈ ਥਾਂਵੇ ਤੈ ਕਟਵਾਈ ਸਾਰੀ॥
ਪੁਨ ਪਹੁਚਾ ਕੂਹਣੀ ਅਰੁ ਮੋਢਾ ਸੈਨਤ ਸਾਥ ਕਟਾਏ॥
ਆਪ ਰਹਯੋ ਸ੍ਰੀ ਜਪੁਜੀ ਪੜ੍ਹਦਾ ਦਰਦ ਨਾ ਜਰਾ ਜਤਾਏ॥

(ਪੰਥ ਪ੍ਰਕਾਸ਼)

ਅਨੁਸਾਰ ਗੁਰਬਾਣੀ ਵਿੱਚ ਮਗਨ ਰਹਿ ਅਜਿਹੇ ਤਸੀਹੇ ਸਹਿ ਕੇ ਸ਼ਹਾਦਤ ਪ੍ਰਾਪਤ ਕਰ ਗਏ। ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਨੇ "ਸਿੱਖੀ ਕੇਸਾਂ ਸੁਆਸਾਂ ਸੰਗ" ਨਿਭਾਹੁਣ ਲਈ ਗੁਰਬਾਣੀ ਦੇ ਰੰਗ ਵਿੱਚ ਸੁਰਤ ਟਿਕਾ, ਖੋਪਰੀ ਲੁਹਾ ਲਈ ਅਤੇ ਗੁਰਬਾਣੀ ਦੀ ਕਲਾ ਦੇ ਆਸਰੇ ਬਿਨਾਂ ਖੋਪਰੀ ਤੋਂ ੨੨ ਦਿਨ ਜੀਵਤ ਰਹਿ, ਜ਼ਾਲਮ ਨੂੰ ਆਪਣੀ ਜੁੱਤੀ ਦੀ ਨੋਕ ਮੂਹਰੇ ਲਾ ਸੱਚਖੰਡ ਪਿਆਨਾ ਕੀਤਾ। ਗੁਰਬਾਣੀ ਰਸੀਏ ਗੁਰਮੁਖਾਂ ਦੀ ਲਾ-ਮਿਸਾਲ ਸ਼ਹਾਦਤ ਦੀ ਕਹਾਣੀ ਜਾਰੀ ਰਹੀ। ਭਾਈ ਸ਼ਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ ਜੀ ਦੀ ਚਰਖੜੀਆਂ ਤੇ ਚੜ੍ਹ, ਤੂੰਬਾ-ਤੂੰਬਾ ਹੋ, ਸ਼ਹਾਦਤ ਦਾ ਜਾਮ ਪੀਣ ਦੀ ਦਾਸਤਾਨ ਸਾਨੂੰ ਉਂਗਲਾਂ ਮੂੰਹ ਵਿੱਚ ਪਾ ਸੋਚਣ ਲਈ ਮਜਬੂਰ ਕਰ ਦਿੰਦੀ ਹੈ ਕਿ ਕਿਹੜੀ ਅਲੌਕਿਕ ਸ਼ਕਤੀ ਹੋਵੇਗੀ ਜੋ ਅਜਿਹੇ ਤਸੀਹਿਆਂ ਤੋਂ ਉਨ੍ਹਾਂ ਦੀ ਸੁਰਤ ਨੂੰ ਅਡੋਲ ਰੱਖ ਗਈ:

ਜਾਇਨ ਚੌਕ ਖਾਸ ਕੈ ਮਾਹੈ॥ ਬੈਠੇ ਊਭੈ ਚੌਕੜੀ ਲਾਹੈ॥
ਧਯਾਨ ਰਿਦੇ ਗੁਰ ਮੂਰਤ ਧਾਰੈ॥ ਸੀਸ ਦੁਹਿਨ ਕੇ ਤੁਰਤ ਉਤਾਰੈ॥

ਮੀਰ ਮੰਨੂ ਦੀ ਕੈਦ ਵਿੱਚ ਗੁਰਸਿੱਖ ਬੀਬੀਆਂ ਨੇ ਅਸਹਿ ਕਸ਼ਟ ਸਹਾਰ ਕੇ, ਆਪਣੇ ਸ਼ੀਰਖੋਰ ਬੱਚਿਆਂ ਨੂੰ ਅੱਖਾਂ ਸਾਂਹਵੇਂ ਨੇਜਿਆਂ ਤੇ ਟੰਗਦੇ ਹੋਏ ਵੇਖਿਆ। ਬੱਚਿਆਂ ਦੇ ਟੁਕੜੇ ਕਰਵਾ ਝੋਲੀਆਂ ਵਿੱਚ ਪੁਆਏ। ਆਂਦਰਾਂ ਦੇ ਹਾਰ ਬਣਾ ਜ਼ਾਲਮਾਂ ਨੇ ਗਲਾਂ ਵਿੱਚ ਪਾ ਦਿੱਤੇ।

ਸਿਖਣੀਆਂ ਕੇ ਬੱਚੇ ਲੈ ਕੇ, ਉਨ ਕੇ ਸਨਮੁਖ ਉਨੈ ਦਿਖੈ ਕੈ॥
ਊਪਰ ਕੋ ਉਛਾਲ ਕਤ ਸੁੱਠ ਹੈਂ, ਕਰ ਅਤ ਜ਼ੁਲਮ ਜੜਾਂ ਨਿਜ ਪੁੱਟ ਹੈਂ॥
ਬਰਛਿਆਂ ਮਾਹਿ ਅਨੇਕ ਪਰੋਏ, ਸ਼ੀਰਖੋਰ ਤੜਫਾ ਇਮ ਕੋਹੇ॥
ਸਿੱਖਣੀਆਂ ਮੰਨ ਗੁਰੂ ਕਾ ਭਾਣਾ, ਦੇਖ ਸਬਰ ਕਰ ਰਹੀ ਅਮਾਣਾ॥
ਬੇਸ਼ਕ ਜਰੀ ਜਰੀ ਕਟ ਡਾਰੋ, ਪਰ ਨਹਿ ਮਾਨੈ ਮਜ਼ਬ ਤੁਮ੍ਹਾਰੋ॥

(ਪੰਥ ਪ੍ਰਕਾਸ਼)

ਇਸ ਤਰ੍ਹਾਂ ਅਕਹਿ ਕਸ਼ਟ ਸਹਾਰ ਕੇ ਵੀ ਗੁਰੂ ਅਤੇ ਗੁਰਬਾਣੀ ਦੇ ਭਰੋਸੇ ਗੁਰਸਿੱਖੀ

ਸਿਦਕ ਕੇਸਾਂ ਸੁਆਸਾਂ ਸੰਗ ਨਿਭਾਹ ਦਿੱਤਾ। ਬਾਬਾ ਦੀਪ ਸਿੰਘ ਜੀ ਦੀ ਸਿਰ ਤਲੀ ਤੇ ਰੱਖ ਕੇ ਦੁਸ਼ਮਣ ਦੇ ਆਹੂ ਲਾਹੁਣ ਦੀ ਦਾਸਤਾਨ ਵੀ ਇਸੇ ਅਗੰਮੀ ਕਲਾ ਦਾ ਝਲਕਾਰਾ ਦਿਵਾਉਂਦੀ ਹੈ:-

**ਸੁਨ ਸਿੰਘ ਜੀ ਨਿਜ ਪ੍ਰਣ ਸੰਭਾਰਾ॥ ਨਿਜ ਸਿਰ ਬਾਮ ਹਾਥ ਨਿਜ ਧਾਰਾ॥**
**ਦਾਹਿਨੇ ਹਾਥ ਤੇਗ ਖਰ ਧਾਰਾ॥ ਵਜਨ ਜਾਹਿਥਾ ਸੇਰ ਅਠਾਰਾ॥**
**ਇਮ ਭਟ ਭੇਰ ਕਰਤ ਸਿੰਘ ਸੂਰੇ॥ ਪਹੁੰਚੇ ਜਬੈ ਗੁਰੂ ਚੱਕ ਧੂਰੇ॥**

(ਪੰਥ ਪ੍ਰਕਾਸ਼)

ਇਹ ਸਮੁੱਚਾ ਵਰਤਾਰਾ ਗੁਰੂ ਕੀ ਪਾਵਨ ਬਾਣੀ ਨੂੰ ਜੀਵਨ ਦੇ ਹਰ ਸਾਹ ਵਿੱਚ ਕਮਾ ਕੇ ਗੁਰਬਾਣੀ ਦੀ ਰੰਗਤ ਆਤਮਾਂ ਉੱਪਰ ਚੜ੍ਹ ਜਾਣ ਦੇ ਕਾਰਣ ਹੀ ਸੀ। ਸਤਿਗੁਰੂ ਜੀ ਨੇ ਰਹਿਮਤ ਕਰ ਕੇ ਸਿੱਖ ਨੂੰ ਗੁਰਬਾਣੀ ਰੂਪ ਅਜਿਹੀ ਸ਼ਕਤੀ ਦਾ ਪੱਲਾ ਪਕੜਾਇਆ। ਬਾਣੀ ਅਕਾਲ ਪੁਰਖ ਦੀ ਹੈ, ਗੁਰਬਾਣੀ ਦੀ ਕਮਾਈ ਕਰਨ ਅਤੇ ਬਾਣੀ ਨਾਲ ਜੁੜਨ ਦਾ ਸਦਕਾ, ਗੁਰੂ ਕੇ ਪਿਆਰੇ ਗੁਰਸਿੱਖ, ਕਾਲ-ਰਹਿਤ ਹੋ, ਉਸ ਅਕਾਲ ਪੁਰਖ ਦੇ ਰੰਗ ਵਿੱਚ ਰੰਗੇ ਗਏ। ਇਹ ਬਾਣੀ ਹੈ, ਜਿਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਸ਼ਹੀਦਾਂ ਦੇ ਸਿਰਤਾਜ ਦਾਤਾ ਜੀ ਨੇ ਫੁਰਮਾਇਆ ਕਿ ਇਹ ਗੁਰਬਾਣੀ ਅਸਾਨੂੰ ਮਿੱਠੀ ਲੱਗਦੀ ਹੈ, ਇਹ ਰੱਬੀ-ਰਸ ਦੀ ਨਦੀ ਹੈ ਅਤੇ ਇਹ ਬਾਣੀ ਆਤਮਿਕ ਜੀਵਨ ਬਖਸ਼ਿਸ਼ ਕਰਨ ਵਾਲੇ ਨਾਮ-ਜਲ ਦੀ ਧਾਰਾ ਮਨ ਅੰਦਰ ਜਾਰੀ ਰੱਖਦੀ ਹੈ। ਇਸ ਬਾਣੀ ਦੀ ਛੂਹ ਕਰਤਾਰ ਦੇ ਪ੍ਰੇਮ ਵਿੱਚ ਰੰਗਣ ਵਾਲੀ ਹੈ। ਇਸ ਦੀ ਬਰਕਤ ਨਾਲ ਅਕਾਲ ਰੂਪ ਕਰਤਾਰ ਦਾ ਦਰਸ਼ਨ ਹੁੰਦਾ ਹੈ ਤੇ ਕਰਤਾਰ ਦੇ ਚਰਨਾਂ ਦੀ ਛੂਹ ਨਸੀਬ ਹੁੰਦੀ ਹੈ, ਮਨ ਅਨੰਦ ਅਤੇ ਖਿੜਾਉ ਵਿੱਚ ਚਲਾ ਜਾਂਦਾ ਹੈ। ਇੱਕ ਛਿੰਨ ਮਾਤਰ ਇਸ ਦਾ ਰਟਨ ਕਰਨ ਨਾਲ ਤੇ ਬਾਣੀ ਨਾਲ ਜੁੜਣ ਦੀ ਬਦੌਲਤ ਇਨਸਾਨ ਦੀ ਪਹੁੰਚ ਗੁਰੂ ਚਰਨਾਂ ਤੱਕ ਹੋ ਜਾਂਦੀ ਹੈ ਅਤੇ ਸਵਾਸ-ਸਵਾਸ ਹਿਰਦੇ ਵਸਾਇਆਂ, ਇਹ ਬਾਣੀ ਮੌਤ ਅਤੇ ਜਮ ਦੇ ਡਰ ਤੋਂ ਮੁਕਤ ਕਰ ਦਿੰਦੀ ਹੈ ਗੁਰਬਾਣੀ ਸਾਡੇ ਜੀਵਨ ਦਾ ਅਧਾਰ ਬਣ ਚੁੱਕੀ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :-

**ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥**
**ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥੧॥**
**ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥੨॥**

ਆਸਾ ਮ: ੫, ਅੰਗ: ੪੦੪

ਇਸੇ ਗੁਰਬਾਣੀ ਦੀ ਰਹਿਮਤ ਅਤੇ ਪਾਰਸ ਕਲਾ ਨੇ ਸਿੱਖ ਇਤਿਹਾਸ ਅਤੇ ਗੁਰਮੁਖੀ ਜੀਵਨ ਦੀਆਂ ਅਦਭੁਤ ਦਾਸਤਾਨਾਂ ਦੁਨੀਆਂ ਦੇ ਸਾਂਹਵੇਂ ਸਾਖਿਆਤ ਰੂਪ ਵਿੱਚ ਪ੍ਰਗਟ ਕੀਤੀਆਂ। ਨਿਰਸੰਦੇਹ ਗੁਰਸਿੱਖਾਂ ਉੱਪਰ ਐਸਾ ਮਜੀਠੜਾ ਰੰਗ ਇਸ ਗੁਰਬਾਣੀ ਦੀ ਰਹਿਮਤ ਨਾਲ ਹੀ ਚੜ੍ਹਿਆ।

**ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥੧॥**

ਅਨੁਸਾਰ ਸਰੀਰ ਕੁਰਬਾਨ ਹੋ ਜਾਣ ਤੋਂ ਬਾਅਦ ਵੀ ਇਸ ਦਾ ਰੰਗ ਫਿੱਕਾ ਨਹੀਂ ਪਿਆ।

ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਖ਼ਾਲਸਾ ਪੰਥ ਨੂੰ "ਸੰਤ ਸਿਪਾਹੀ" ਦਾ ਰੂਪ ਦਿੱਤਾ "ਬਾਣੀ ਅਤੇ ਬਾਣੇ" ਨਾਲ ਜੋੜਿਆ। ਸਿੱਖ ਦੇ ਜੀਵਨ ਵਿੱਚ ਸ਼ਕਤੀ ਜੁਝਾਰੂ-ਪਣ ਜਾਂ ਬਾਣੇ ਦੀ ਬਖਸ਼ਿਸ਼ ਤੋਂ ਪਹਿਲਾਂ ਸੰਤ ਰਿਦਾ ਬਣਾਉਣ ਵਾਲੀ, ਭਗਤੀ ਦੀ ਦਾਤੀ ਬਾਣੀ ਨਾਲ ਜੁੜਨ ਦਾ ਸਤਿਗੁਰਾਂ ਹੁਕਮ ਕੀਤਾ। ਇਹ ਬਾਣੀ ਦੀ ਪਾਰਸ ਸ਼ਕਤੀ ਹੀ ਸੀ ਜੋ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਪੰਜਾਂ ਬਾਣੀਆਂ ਦੇ ਰੂਪ ਵਿੱਚ ਬਾਟੇ ਵਿੱਚ ਪਏ ਜਲ ਵਿੱਚ ਪ੍ਰਵੇਸ਼ ਕੀਤੀ ਅਤੇ ਅਕਾਲ-ਸ਼ਕਤੀ ਦੇ ਪ੍ਰਤੀਕ ਖੰਡੇ ਨੇ ਇਸ ਪਾਵਨ ਗੁਰਬਾਣੀ ਦੀ ਸ਼ਕਤੀ ਨੂੰ ਜਲ ਵਿੱਚ ਘੋਲ ਕੇ "ਅੰਮ੍ਰਿਤ" ਬਣਾ ਦਿੱਤਾ ਤੇ ਜਿਸ ਦੀਆਂ ਪੰਜ ਘੁੱਟਾਂ ਪੀ ਕੇ, ਜੋ ਪਹਿਲਾਂ ਕਹਿੰਦੇ ਸਨ:-

**ਗੁਰੂ ਜੀ ਕੰਮ ਹਮਾਰਾ ਤੋਲਣ ਤੱਕੜੀ।**
**ਨੰਗੀ ਕਰਦ ਕਦੇ ਨਹ ਪਕੜੀ।**
**ਚਿੜੀ ਉਡੇ ਤਬ ਹੀ ਡਰ ਜਾਊਂ।**
**ਮੁਗਲਨ ਸੇ ਕੈਸੇ ਲੜ ਪਾਊਂ।**

ਉਹ ਜਿਹਨਾਂ ਨੇ ਕਦੇ ਨੰਗੀ ਕਰਦ ਹੱਥ ਵਿੱਚ ਨਹੀਂ ਪਕੜੀ ਸੀ, ਜ਼ਾਲਮ ਦੇ ਮੂਹਰੇ ਬੰਦੂਕਾਂ-ਨੇਜ਼ੇ, ਤਲਵਾਰਾਂ ਫੜ ਕੇ ਅਜਿਹੇ ਡਟੇ ਕਿ ਜ਼ੁਲਮ-ਰਾਜ ਦੀਆਂ ਜੜ੍ਹਾਂ ਪੁੱਟ ਕੇ ਖਾਰੇ ਸਮੁੰਦਰ ਵਿੱਚ ਸੁੱਟ ਦਿੱਤੀਆਂ ਤੇ ਜੇ ਕਦੇ ਆਪਣੇ ਧਰਮ ਦੀ ਆਨ-ਸ਼ਾਨ ਲਈ ਤਨ ਦੀ ਅਹੂਤੀ ਵੀ ਦੇਣੀ ਪਈ ਤਦ ਜਿਵੇਂ ਆਪਾਂ ਸ਼ਹੀਦੀਆਂ ਦਾ ਬ੍ਰਿਤਾਂਤ ਉੱਪਰ ਪੜ੍ਹਿਆ ਹੈ ਅਜਿਹੀਆਂ ਅਨੋਖੀਆਂ ਪੈੜਾਂ ਪਾ ਕੇ ਅਨੋਖਾ ਇਤਿਹਾਸ ਸਿਰਜ ਦਿੱਤਾ। ਇਹ ਸਾਰੀ ਬਰਕਤ ਤੇ ਸ਼ਕਤੀ ਬਾਣੀ ਦੀ ਸੀ ਤੇ ਹੈ।

ਸਤਿਗੁਰੂ ਜੀ ਨੇ ਇਸ ਅਥਾਹ ਸ਼ਕਤੀ ਦੇ ਸਮੁੰਦਰ "ਗੁਰਬਾਣੀ" ਦੀ ਮਹੱਤਤਾ ਆਪਣੇ ਜੀਵਨ ਕਾਲ ਵਿੱਚ ਥਾਂ-ਪੁਰ-ਥਾਂ ਦ੍ਰਿੜ ਕਰਵਾਈ ਅਤੇ ਹੁਕਮ ਕੀਤਾ ਕਿ:-

**[੧]ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥**
**ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥**

---

੧. ਹੇ ਵਡਭਾਗੀ ਮਨੁੱਖ ਤੂੰ ਪ੍ਰਮਾਤਮਾਂ ਦੀ ਅੰਮ੍ਰਿਤਮਈ ਬਾਣੀ ਨੂੰ ਧਿਆਨ ਨਾਲ ਸੁਣ, ਧਿਆਨ ਨਾਲ ਸੁਣੇਗਾ, ਅੰਮ੍ਰਿਤਮਈ ਬਾਣੀ ਤੇਰੇ ਹਿਰਦੇ ਅੰਦਰ ਸਮਾ ਜਾਏਗੀ ਅਤੇ ਤੂੰ ਵਡਭਾਗੀ ਬਣ ਜਾਏਂਗਾ। ਅਜਿਹੀ ਅਵਸਥਾ ਕਥਨ ਤੋਂ ਅਕੱਥ ਹੈ। ਜਿਸ ਦੇ ਹਿਰਦੇ ਅੰਦਰ ਬਾਣੀ ਵੱਸ ਜਾਂਦੀ ਹੈ, ਉਹ ਸਦਾ ਲਈ ਆਵਾਗਉਣ ਤੋਂ ਮੁਕਤ ਹੋ ਕੇ ਅਮਰ ਹੋ ਜਾਂਦਾ ਹੈ। ਬਾਣੀ ਦੀ ਬਰਕਤ ਨਾਲ ਉਸ ਦੇ ਸਾਰੇ ਦੁੱਖ-ਕਲੇਸ਼ ਵੀ ਖਤਮ ਹੋ ਜਾਂਦੇ ਹਨ। ਫਿਰ ਜਗਿਆਸੂ ਹਮੇਸ਼ਾ ਪ੍ਰਮਾਤਮਾਂ ਦੀ ਸ਼ਰਣ ਵਿੱਚ ਰਹਿੰਦਾ ਹੈ। ਪ੍ਰਭੂ-ਦਰ ਨੂੰ ਛੱਡ ਕੇ ਕਿਸੇ ਹੋਰ ਪਾਸੇ ਨਹੀਂ ਭਟਕਦਾ। ਇਸ ਲਈ ਅੰਮ੍ਰਿਤਮਈ ਬਾਣੀ ਨੂੰ ਸਦਾ ਪਿਆਰ ਨਾਲ ਗਾਉਂਦੇ ਰਹਿਣਾ ਚਾਹੀਦਾ ਹੈ।

ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥
ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ ॥
ਹਰਿ ਸਰਣਿ ਪਾਈ ਤਜਿ ਨ ਜਾਈ ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥
ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥੩॥

ਬਿਹਾਗੜਾ ਮ:੫, ਅੰਗ:੫੪੫

ਅਤੇ

ਹੁਕਮ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥

ਰਾਮਕਲੀ ਮ:੩, ਅੰਗ: ੯੧੮

ਇਸ ਬਾਣੀ ਨਾਲ ਸਦੀਵੀ ਸਾਂਝ ਪੀਢੀ ਕਰਨ ਵਾਸਤੇ ਕਲਗੀਧਰ ਪਾਤਸ਼ਾਹ ਜੀ ਨੇ ਪਹਿਲੇ ਸਤਿਗੁਰਾਂ ਵੱਲੋਂ ਕੀਤੇ ਹੁਕਮਾਂ ਨੂੰ ਨਿਯਮਤ ਕਰਦਿਆਂ ਨਿੱਤਨੇਮ ਦੇ ਰੂਪ ਵਿੱਚ ਗੁਰੂ ਕੇ ਸਿੱਖਾਂ ਨੂੰ ਸਵੇਰੇ-ਸ਼ਾਮ ਗੁਰਬਾਣੀ ਨਾਲ ਜੁੜਨ ਦੀ ਹਦਾਇਤ ਕਰ ਕੇ ਬਾਣੀ ਨੂੰ ਸਿੱਖ ਦੇ ਜੀਵਨ ਦਾ ਜ਼ਰੂਰੀ ਅੰਗ ਬਣਾ ਦਿੱਤਾ ਅਤੇ ਹੋਰ ਲਾਹਾ ਪ੍ਰਾਪਤ ਕਰਨ ਲਈ ਸਤਿਗੁਰਾਂ ਆਸਾ ਜੀ ਕੀ ਵਾਰ ਦੇ ਕੀਰਤਨ ਦੀ ਮਰਿਯਾਦਾ ਗੁਰੂ-ਘਰਾਂ ਵਿੱਚ ਬੰਨ੍ਹੀ, ਜੋ ਇਸ ਅਨੰਦਪੁਰ ਸਾਹਿਬ ਦੀ ਸੁਭਾਗੀ ਧਰਤ ਤੇ ਬਾ-ਦਸਤੂਰ ਜਾਰੀ ਰਹੀ।

ਇਸ ਬਾਣੀ ਦੀ ਗੁਰੂ ਕੇ ਸਿੱਖ ਦੇ ਜੀਵਨ ਵਿੱਚ ਕਿੰਨੀ ਕੁ ਮਹਾਨਤਾ ਹੈ, ਇਸ ਸਬੰਧੀ ਜੋ ਘਟਨਾ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਅਲਵਿਦਾ ਕਹਿਣ ਵੇਲੇ ਇਸ ਨਗਰ ਦੀ ਜੂਹ ਵਿੱਚ ਵਰਤਾ ਕੇ ਸਾਡਾ ਮਾਰਗ ਰੁਸ਼ਨਾਇਆ, ਇਸ ਘਟਨਾ ਨੂੰ ਪੜ੍ਹ ਸੁਣ ਕੇ ਜਿੱਥੇ ਗੁਰਬਾਣੀ ਦੀ ਮਹਾਨਤਾ ਉਜਾਗਰ ਹੁੰਦੀ ਹੈ ਉੱਥੇ ਉਸ ਮਰਯਾਦਾ-ਪ੍ਰਸ਼ੋਤਮ ਸਤਿਗੁਰੂ ਜੀ ਤੋਂ ਜੀਅੜਾ ਕੁਰਬਾਨ-ਬਲਿਹਾਰ ਹੁੰਦਾ ਵਾਰਨੇ-ਫੇਰਨੇ ਜਾਂਦਾ ਹੈ। ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦ ਅਨੰਦਪੁਰ ਸਾਹਿਬ ਨੂੰ ੧੭੬੧ ਬਿਕ੍ਰਮੀ ਨੂੰ ਛੱਡਿਆ ਤਦ ਨਗਰ ਛੱਡਦਿਆਂ ਸਾਰ ਹੀ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੇ ਆਪਣੇ ਸਾਰੇ ਵਾਅਦੇ, ਕਸਮਾਂ ਤੋੜ ਕੇ ਸਤਿਗੁਰੂ ਜੀ ਅਤੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ, ਅਤਿ ਭਿਆਨਕ ਯੁੱਧ ਅਰੰਭ ਹੋ ਗਿਆ। ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਦਾ ਸਮਾਂ ਰਾਤ ਦਾ ਸੀ। ਗਹਿਗੱਚ ਲੜਾਈ ਹੁੰਦੀ ਗਈ। ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ, ਮੁਗਲਾਂ ਅਤੇ ਪਹਾੜੀ ਫੌਜਾਂ ਨਾਲ ਲੋਹਾ ਲੈਂਦੇ ਸਿੰਘ ਸ਼ਹੀਦੀਆਂ ਪ੍ਰਾਪਤ ਕਰਦੇ ਗਏ।

ਇਸ ਗਹਿਗੱਚ ਲੜਾਈ ਦੇ ਨਾਲ ਹੀ ਸਿੱਖ ਫੌਜਾਂ ਆਪਣੀ ਅਨੰਦਪੁਰੀ ਨੂੰ ਤਿਆਗ ਕੇ ਕੀਰਤਪੁਰ ਸਾਹਿਬ ਵਾਲੇ ਪਾਸੇ ਜਾ ਰਹੀਆਂ ਸਨ। ਕਾਲੀ ਬੋਲੀ ਠੰਢੀ ਪੋਹ ਦੀ ਰਾਤ ਤੇ ਦੂਸਰੇ ਪਾਸੇ ਅਤਿ ਦੀ ਬਾਰਸ਼ ਕਾਰਨ ਸਰਸਾ ਨਦੀ ਦਾ ਪਾਣੀ ਵੀ

ਆਪਣੇ ਪੂਰੇ ਜੋਬਨ ਵਿੱਚ ਵਹਿ ਰਿਹਾ ਸੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਭਾਈ ਉਦੈ ਸਿੰਘ ਜੀ ਸਿੰਘਾਂ ਸਮੇਤ ਦੁਸ਼ਮਣ ਨਾਲ ਲੋਹਾ ਲੈ ਰਹੇ ਸਨ। ਕਲਗੀਧਰ ਪਿਤਾ ਜੀ ਦੇ ਨਾਲ ਭਾਈ ਦਇਆ ਸਿੰਘ ਜੀ ਸਨ, ਸਾਹਿਬਾਂ ਬਚਨ ਕੀਤਾ ਕਿ ਭਾਈ ਦਇਆ ਸਿੰਘ! ਜਾਪਦੈ ਅੰਮ੍ਰਿਤ ਵੇਲਾ ਹੋ ਗਿਆ ਹੈ। ਜੀ ਸਤਿਗੁਰੂ ਜੀ, ਭਾਈ ਸਾਹਿਬ ਨੇ ਬੜੀ ਆਜਜ਼ੀ ਨਾਲ ਹਾਂ ਵਿੱਚ ਸਿਰ ਨਿਵਾਇਆ। ਫਿਰ ਇਹ ਸਮਾਂ ਤੇ ਹੈ ਗੁਰਬਾਣੀ ਦੁਆਰਾ ਪ੍ਰਭੂ ਨਾਲ ਸੁਰਤ ਜੋੜਨ ਦਾ। ਇਸ ਸਮੇਂ ਹਰ ਰੋਜ਼ ਅਨੰਦਪੁਰ ਸਾਹਿਬ ਆਸਾ ਜੀ ਦੀ ਵਾਰ ਦਾ ਦੀਵਾਨ ਸਜਦਾ ਸੀ। ਸੋ ਆਉ! ਜੁੜੀਏ ਉਸ ਕਰਤਾਰ ਨਾਲ। ਭਾਈ ਦਇਆ ਸਿੰਘ ਜੀ ਆਪਣੇ ਮਾਲਕ ਦੇ ਹੁਕਮ ਮੂਹਰੇ ਕੁਝ ਕਹਿ ਤਾਂ ਨਾ ਸਕੇ ਪਰ ਦੱਬਵੀਂ ਅਵਾਜ਼ ਵਿੱਚ ਆਖਿਓਸ ਪਾਤਸ਼ਾਹ! ਆਪ ਜੀ ਦਾ ਬਚਨ ਸਤਿ ਹੈ ਪਰ ਮੂਹਰੇ ਸਰਸਾ ਨਦੀ ਦੇ ਪਾਣੀ ਵਿੱਚ ਹਰ ਪਲ ਉਛਾਲ ਆ ਰਿਹਾ ਹੈ। ਨਦੀ ਦਾ ਪਾਣੀ ਵਧਦਾ ਜਾ ਰਿਹਾ ਹੈ ਇਸ ਨੂੰ ਜਿਤਨੀ ਛੇਤੀ ਹੋ ਸਕੇ ਪਾਰ ਕਰ ਜਾਣਾ ਚਾਹੀਦਾ ਹੈ ਅਤੇ ਪਿੱਛੋਂ ਦੁਸ਼ਮਣ ਚੜ੍ਹਿਆ ਆ ਰਿਹਾ ਹੈ, ਬਾਬਾ ਅਜੀਤ ਸਿੰਘ, ਭਾਈ ਉਦੈ ਸਿੰਘ ਤੇ ਹੋਰ ਸਿੰਘ ਆਪਣੇ ਪ੍ਰਾਣਾਂ ਦੀ ਪ੍ਰਵਾਹ ਕੀਤੇ ਬਿਨਾਂ ਉਨ੍ਹਾਂ ਨਾਲ ਲੋਹਾ ਲੈ ਦੁਸ਼ਮਣ ਨੂੰ ਪਿਛਾਂਹ ਰੋਕਣ ਦਾ ਯਤਨ ਕਰ ਰਹੇ ਹਨ ਤਾਂ ਜੋ ਆਪ ਜੀ ਤੇ ਸਿੱਖ ਸੰਗਤਾਂ ਸਰਸਾ ਨਦੀ ਪਾਰ ਕਰ ਕੇ ਕਿਸੇ ਸੁਰੱਖਿਅਤ ਟਿਕਾਣੇ ਪੁੱਜ ਸਕੋ, ਸੋ ਅਜਿਹੀ ਹਾਲਤ ਵਿੱਚ ਢਾਲਾਂ ਤੇ ਤਲਵਾਰਾਂ ਦੀ ਛਾਂਉਂ ਅਤੇ ਕੱਟ-ਵੱਢ ਵਿੱਚ ਆਸਾ ਦੀ ਵਾਰ ਦਾ ਦੀਵਾਨ ਕਿਵੇਂ ਸੰਭਵ ਹੈ? ਅਰਸ਼ੀ ਪ੍ਰੀਤਮ ਕਿਸੇ ਅਗੰਮੀ ਮਸਤੀ ਵਿੱਚ ਬੋਲੇ ਪਿਆਰੇ ਦਇਆ ਸਿੰਘ! ਪੰਜਵੇਂ ਗੁਰਦੇਵ ਦਾ ਹੁਕਮ ਹੈ:-

**ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰ ਨਿਮਖ ਨ ਮਨ ਤੇ ਟਾਰੀ ਰੇ॥**

ਇਸ ਗੁਰਬਾਣੀ ਦੀ ਸ਼ਕਤੀ ਨੇ ਹੀ ਰਹਿਮਤਾਂ ਵਰਤਾਉਣੀਆਂ ਹਨ, ਦਇਆ ਸਿੰਘ! ਅੱਜ ਅਸੀਂ ਆਪ ਆਸਾ ਜੀ ਦੀ ਵਾਰ ਦਾ ਕੀਰਤਨ ਕਰਾਂਗੇ ਅਤੇ ਉਸ ਮਿੱਤਰ ਪਿਆਰੜੇ ਨਾਲ ਹਿਰਦੇ ਦੀ ਸਾਂਝ, ਆਪ ਗਾ ਕੇ ਪਾਵਾਂਗੇ। ਇਤਿਹਾਸ ਗਵਾਹ ਹੈ ਕਿ ਪਰਿਵਾਰ ਵਿਛੋੜੇ ਵਾਲੇ ਅਸਥਾਨ ਤੇ ਗੁਰਦੇਵ ਪਿਤਾ ਕਲਗੀਧਰ ਪਾਤਸ਼ਾਹ ਜੀ ਨੇ ਖੁਦ ਆਪ ਸਰੰਦਾ ਲੈ ਕੁਝ-ਇੱਕ ਸਿੰਘਾਂ ਦੀ ਸੰਗਤ ਬਣਾ, ਦੀਵਾਨ ਸਜਾ, ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਤੇ ਨਿਤਾਪ੍ਰਤੀ ਦੀ ਮਰਿਯਾਦਾ ਦੇ ਨੇਮ ਨੂੰ ਮੈਦਾਨ-ਏ-ਜੰਗ ਵਿੱਚ ਵੀ ਨਿਭਾ ਕੇ ਨੇਮ ਦੀ ਮਹਾਨਤਾ ਦੇ ਪੂਰਨੇ ਪਾਏ।

ਗੁਰਸਿੱਖ ਦੇ ਜੀਵਨ ਅੰਦਰ ਨਿੱਤਨੇਮ ਦੀ ਬਹੁਤ ਮਹਾਨਤਾ ਹੈ। ਨਿੱਤਨੇਮ ਆਤਮਿਕ ਜੀਵਨ ਦਾਤਾ ਹੈ। ਜਿੰਦ ਭਾਂਵੇਂ ਮਹਾਨ ਹੈ ਪਰ ਜਿੰਦ ਨਾਲੋਂ ਜੀਵਨ ਦਾਤਾ ਨਿੱਤਨੇਮ, ਜਿੰਦ ਤੋਂ ਵੀ ਮਹਾਨ ਹੈ। ਉੱਪਰ ਆਪਾਂ ਪੜ੍ਹ ਚੁੱਕੇ ਹਾਂ ਕਿ ਕਿਵੇਂ

ਕਲਗੀਧਰ ਪਾਤਸ਼ਾਹ ਜੀ ਨੇ ਰਣਤੱਤੇ ਅੰਦਰ ਜਿਸ ਵੇਲੇ ਚਾਰ-ਚੁਫੇਰੇ ਦੁਸ਼ਮਣ ਹੀ ਦੁਸ਼ਮਣ ਮਾਰ ਮੁਕਾਉਣ ਲਈ ਨਾਹਰੇ ਮਾਰ ਯੁੱਧ ਮਚਾ ਰਹੇ ਹੋਣ ਉਸ ਰਣਤੱਤੇ ਵਿੱਚ ਵੀ ਆਤਮਿਕ ਜੀਵਨ ਦੀ ਪ੍ਰਾਪਤੀ ਲਈ ਸਤਿਗੁਰੂ ਜੀ ਨੇ ਜਿੰਦ ਨਾਲੋਂ ਜੀਵਨ ਦਾਤੀ ਗੁਰਬਾਣੀ ਨੂੰ ਪਹਿਲ ਦੇ ਕੇ ਅਨੋਖੇ ਪੂਰਨੇ ਵਾਹੇ ਤੇ ਪ੍ਰੇਰਨਾ ਦਿੱਤੀ ਕਿ ਗੁਰਸਿੱਖ ਨੂੰ ਜਿੰਦਗੀ ਅੰਦਰ ਵਿਚਰਦਿਆਂ ਜਿੰਨਾਂ ਮਰਜੀ ਔਖਾ ਸਮਾਂ ਆ ਬਣੇ, ਔਖੇ ਸਮੇਂ ਵੀ ਗੁਰਸਿੱਖ ਨੇ ਆਪਣੇ ਆਤਮਿਕ ਜੀਵਨ ਦਾਤਾ ਨਿੱਤਨੇਮ ਦਾ ਤਿਆਗ ਨਹੀਂ ਕਰਨਾ।

ਅੱਜ ਆਪਾਂ ਨੂੰ ਅਜਿਹੀ ਭਾਗਾਂ ਭਰੀ ਧਰਤੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਅਜਿਹੇ ਸਮੇਂ ਆਪਾ ਪੜਚੋਲਣ ਅਤੇ **"ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ"** ਦੀ ਕਾਰ ਕਰਨ ਦੇ ਹੁੰਦੇ ਹਨ। ਅਸੀਂ ਵੀ ਇਸ ਪਾਵਨ ਧਰਤੀ ਤੇ ਸਤਿਗੁਰਾਂ ਨੂੰ ਸਾਮਰਤੱਖ ਜਾਣ ਪੰਜ-ਦਸ ਮਿੰਟ ਦਾ ਸਮਾਂ ਆਪਣੇ ਅੰਦਰ ਦੀ ਪੜਚੋਲ ਕਰੀਏ, ਕੀ ਆਪਾਂ ਸਤਿਗੁਰੂ ਜੀ ਵੱਲੋਂ ਬਖਸ਼ਿਸ਼ ਕੀਤੇ ਆਤਮਿਕ ਜੀਵਨ ਦਾਤਾ ਨਿੱਤਨੇਮ ਦੇ ਧਾਰਨੀ ਹਾਂ, ਜੇ ਮਨ ਹਾਂ ਪੱਖੀ ਉੱਤਰ ਦੇਵੇ ਤਾਂ ਧੰਨਤਾ ਦੇ ਯੋਗ ਹਾਂ। ਜੰਗ-ਯੁੱਧ, ਭੀੜ ਦੇ ਸਮੇਂ ਦੀ ਗੱਲ ਤਾਂ ਇੱਕ ਪਾਸੇ ਰਹੀ, ਜੇ ਸਾਡਾ ਨਿੱਤਨੇਮ, ਘਰ ਆਇਆ ਸੱਜਣ ਜਾਂ ਮਹਿਮਾਨ ਹੀ ਖੋਹ ਲਵੇ ਜਾਂ ਸਾਡਾ ਨਿੱਤਨੇਮ, ਟੈਲੀਵੀਜ਼ਨ ਹੀ ਨਿਗਲ ਜਾਵੇ ਜਾਂ ਸੰਸਾਰ ਦਾ ਕਾਰਜ ਹੀ ਨਿੱਤਨੇਮ ਨੂੰ ਪਿੱਛੇ ਸੁੱਟ ਦੇਵੇ, ਫਿਰ ਆਪਾਂ ਨੂੰ ਵੀਚਾਰ ਕਰਨ ਦੀ ਲੋੜ ਹੈ। ਕਲਗੀਧਰ ਜੀ ਨੇ ਤਾਂ ਸਾਡੇ ਲਈ ਪੂਰਨੇ ਪਾਉਣ ਲਈ ਮੋਹਲੇਧਾਰ ਮੀਂਹ ਵਰਸਦੇ, ਸ਼ੂਕਦੀ ਸਰਸਾ ਨਦੀ ਦੀ ਪ੍ਰਵਾਹ ਕੀਤੇ ਬਗੈਰ ਚਾਰ-ਚੁਫੇਰੇ ਦੁਸ਼ਮਣ ਦੇ ਘੇਰੇ ਵਿੱਚ ਤੀਰਾਂ-ਤੁਫੰਗਾਂ, ਨੇਜੇ, ਭਾਲਿਆਂ, ਤਲਵਾਰਾਂ ਦੀ ਛਾਂ ਹੇਠ ਆਪਣੀ ਜਿੰਦਗੀ ਦੀ ਪ੍ਰਵਾਹ ਨਾ ਕਰਦੇ ਹੋਏ ਅੰਮ੍ਰਿਤ ਵੇਲੇ ਦੇ ਨਿੱਤਨੇਮ ਨੂੰ ਨਿਭਾਅ ਕੇ ਦਰਸਾਇਆ। ਜੇ ਗੁਰਸਿੱਖ ਪਾਸ ਨਿੱਤਨੇਮ ਹੈ ਤਾਂ ਉਸ ਨੂੰ ਲੋਕ-ਪ੍ਰਲੋਕ ਦੀਆਂ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਹਨ, ਜੇ ਗੁਰਸਿੱਖ ਪਾਸ ਨਿੱਤਨੇਮ ਨਹੀਂ ਸਮਝੋ ਉਸ ਪਾਸ ਕੁਝ ਵੀ ਨਹੀਂ। ਨਿੱਤਨੇਮ ਗੁਰਸਿੱਖ ਦੀ ਆਤਮਾਂ ਹੈ। ਨਿੱਤਨੇਮ ਹੀ ਗੁਰਸਿੱਖੀ ਦੀ ਜੜ੍ਹ ਹੈ। ਜੇ ਮੂਲ ਹੀ ਕੋਲ ਨਹੀਂ ਤਦ ਗੁਰਦੇਵ ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ, ਟਾਹਣੀਆਂ ਤੇ ਫੁੱਲ, ਫ਼ਲ ਕਿੱਥੋਂ ਪ੍ਰਾਪਤ ਹੋਣਗੇ? ਭਾਵ ਕਦਾਚਿਤ ਨਹੀਂ। ਸਾਹਿਬਾਂ ਦਾ ਫੁਰਮਾਨ ਹੈ:-

**ਮੂਲ ਬਿਨਾ ਸਾਖਾ ਕਤ ਆਹੈ॥**

ਮ:੫, ਅੰਗ:੧੧੪੯

ਨਿੱਤਨੇਮ ਹੀ ਗੁਰੂ ਬਖਸ਼ਿਸ਼ਾਂ ਦੀ ਕੁੰਜੀ ਹੈ। ਨੇਮ ਦੀ ਕੁੰਜੀ ਨੇ ਹੀ ਪ੍ਰਭੂ ਬਖਸ਼ਿਸ਼ਾਂ ਦਾ ਭੰਡਾਰਾ ਖੋਹਲਣਾ ਹੈ। ਸੋ ਜੇ ਆਪਾਂ ਦੇ ਨਿਜੀ ਜੀਵਨ ਅੰਦਰ ਗੁਰੂ ਦਰਸਾਏ ਆਤਮਿਕ

ਜੀਵਨ ਦਾਤੇ ਨਿੱਤਨੇਮ ਦੀ ਘਾਟ ਹੈ ਤਾਂ ਬਿਨਾਂ ਦੇਰੀ ਉਸ ਨੂੰ ਦੂਰ ਕਰ ਕੇ-

[1]ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥
ਨਾਨਕ ਨਾਮੁ ਤਿਨ੍ਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥੯॥੧੩॥੩੫॥

ਆਸਾ ਮ: ੩, ਅੰਗ: ੪੨੯

ਬਾਣੀ ਨਿੱਤਨੇਮ ਨਾਲ ਜੁੜ ਕੇ ਆਪਣੀ ਆਤਮਾਂ ਨੂੰ ਪਵਿੱਤ੍ਰ ਕਰ ਗੁਰੂ ਦਰ ਵਿੱਚ ਪ੍ਰਵਾਨਗੀ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਈਏ। ਯਤਨ ਅਰੰਭ ਕਰ ਦੇਵਾਂਗੇ, ਅਵੱਸ਼ ਗੁਰੂ ਦਰ ਪ੍ਰਵਾਨ ਹੋ ਜਾਵਾਂਗੇ। ਢਿਲ ਵਰਤਾਂਗੇ, ਮਨ ਆਲਸੀ ਹੁੰਦਾ ਜਾਵੇਗਾ। ਮਨ ਦਾ ਸੁਭਾਅ ਹੈ ਚੰਗੇ ਕੰਮ ਲਈ ਆਲਸ ਕਰਨਾ। ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਮਨੁੱਖ ਮਾਇਆ ਦੀ ਖਾਤਰ ਸਾਰਾ ਦਿਨ ਮਜ਼ਦੂਰੀ ਕਰ ਸਕਦਾ ਹੈ ਪ੍ਰੰਤੂ ਜਦੋਂ ਆਤਮਿਕ ਪੂੰਜੀ ਨਾਮ ਦੀ ਰਾਸ ਵਿਹਾਝਣ ਦਾ ਸਮਾਂ ਆਉਂਦਾ ਹੈ ਤਦੋਂ ਮਨੁੱਖ ਉੱਪਰ ਹਜ਼ਾਰਾਂ ਮਣ ਆਲਸ ਦੇ ਪੱਥਰ ਦਾ ਬੋਝ ਪੈ ਜਾਂਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ:-

ਸਾਰੋ ਦਿਨਸੁ ਮਜੂਰੀ ਕਰੈ॥
ਹਰਿ ਸਿਮਰਨ ਕੀ ਬੇਲਾ ਬਜਰ ਸਿਰਿ ਪਰੈ॥੧॥

ਮ:੫, ਅੰਗ:੧੧੪੩

ਤਥਾ:- ਬੁਰੇ ਕਾਮ ਕਉ ਉਠਿ ਖਲੋਇਆ॥
ਨਾਮ ਕੀ ਬੇਲਾ ਪੈ ਪੈ ਸੋਇਆ॥

ਮ:੫, ਅੰਗ:੭੩੮

ਜਦੋਂ ਮਨ ਆਲਸ ਕਰੇ ਤਦੋਂ ਗੁਰਸਿੱਖ, ਗੁਰੂ ਚਰਨਾਂ ਵਿੱਚ ਅਰਦਾਸ ਕਰੇ:-

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ॥
ਰਾਵਉ ਸਹੁ ਆਪਨੜਾ ਪ੍ਰਭੁ ਸੰਗਿ ਸੋਹੰਤੀ॥

ਮ:੫, ਅੰਗ: ੪੬੦

ਧੁਰ ਅੰਦਰੋਂ ਕੀਤੀ ਅਰਦਾਸ ਅਵੱਸ਼ ਪੂਰੀ ਹੁੰਦੀ ਹੈ।

---

੧.ਜਿਨ੍ਹਾਂ ਨੇ ਆਪਣਾ ਚਿੱਤ ਗੁਰਬਾਣੀ ਨਾਲ ਜੋੜ ਲਿਆ ਗੁਰਬਾਣੀ ਨਾਲ ਚਿੱਤ ਲਾਉਣ ਦੀ ਬਦੌਲਤ ਉਨ੍ਹਾਂ ਦੀ ਆਤਮਾਂ ਪਵਿੱਤ੍ਰ ਹੋ ਕੇ ਪਰਮਾਤਮਾਂ ਦੇ ਦਰ ਵਿੱਚ ਪਰਵਾਨ ਹੋ ਜਾਂਦੀ ਹੈ। ਉਨ੍ਹਾਂ ਨੂੰ ਪਰਮਾਤਮਾਂ ਦਾ ਨਾਮ ਕਦੇ ਨਹੀਂ ਵਿਸਰਦਾ ਅਤੇ ਉਹ ਗੁਰਮੁਖ ਸੱਚੇ ਵਾਹਿਗੁਰੂ ਦੇ ਦਰ ਵਿੱਚ ਸਚਿਆਰ ਬਣ ਕੇ ਪ੍ਰਵਾਣ ਚੜ੍ਹ ਜਾਂਦੇ ਹਨ।

# ੩੯
# ਕੌੜਾ-ਫਿੱਕਾ ਬੋਲ ਬੋਲਣ ਦਾ ਹਸ਼ਰ ਦਰਸਾਉਣ ਵਾਲੀ ਧਰਤ ਅਨੰਦਪੁਰ ਦੇ

ਗੁਰੂ ਘਰ ਵਿਚ ਸੇਵਾ ਦੀ ਬਹੁਤ ਮਹਾਨਤਾ ਹੈ। ਸੇਵਾ ਕਰਨ ਨਾਲ ਮਨ ਵਿੱਚ ਨਿਮ੍ਰਤਾ ਆਉਂਦੀ ਹੈ। ਜਿਸ ਹਿਰਦੇ ਵਿੱਚ ਨਿਮ੍ਰਤਾ ਆ ਜਾਂਦੀ ਹੈ, ਉਸ ਹਿਰਦੇ ਵਿੱਚ ਪਰਮਾਤਮਾਂ ਦੇ ਨਾਮ ਦਾ ਟਿਕਾਉ ਹੋ ਜਾਂਦਾ ਹੈ। ਨਾਮ ਟਿਕਾਉ ਵਾਲੇ ਹਿਰਦੇ ਵਿੱਚ ਪਰਮਾਤਮਾਂ ਪ੍ਰਗਟ ਹੋਕੇ ਨਾਮ ਜਪਣ ਵਾਲੇ ਨੂੰ ਆਪਣਾ ਰੂਪ ਬਣਾ ਲੈਂਦਾ ਹੈ, ਫਿਰ ਨਾਮੀਂ-ਪੁਰਸ਼ ਅਤੇ ਪਰਮਾਤਮਾਂ ਵਿੱਚ ਭੋਰਾ ਜਿੰਨਾਂ ਵੀ ਅੰਤਰ ਨਹੀਂ ਰਹਿੰਦਾ; ਉਹ ਪਰਮਾਤਮਾਂ ਦਾ ਰੂਪ ਹੀ ਬਣ ਜਾਂਦਾ ਹੈ। ਸਤਿਗੁਰੂ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ -

**ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥**
**ਭੇਦ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥**

ਮ:੫ ਅੰਗ ੩੯੮

ਕਈ ਵਾਰੀ ਸੇਵਾ ਕਰਦਾ ਮਨੁੱਖ ਮਨ ਵਿੱਚ ਨਿਮ੍ਰਤਾ ਧਾਰਨ ਕਰਨ ਦੀ ਥਾਂ ਹੰਕਾਰੀ ਬਣ ਜਾਂਦਾ ਹੈ ਕਿ ਮੈਂ ਬਹੁਤ ਵੱਡੀ ਸੇਵਾ ਕਰਦਾ ਹਾਂ। ਜਿਸ ਹਿਰਦੇ ਵਿੱਚੋਂ ਨਿਮ੍ਰਤਾ ਨਿਕਲ ਜਾਂਦੀ ਹੈ, ਨਿਮ੍ਰਤਾ ਤੋਂ ਸੱਖਣੇ ਹਿਰਦੇ ਵਿੱਚ ਪਰਮਾਤਮਾਂ ਦਾ ਨਾਮ ਨਹੀਂ ਟਿਕਦਾ ਕਿਉਂਕਿ:-

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**

(ਵਡਹੰਸ ਮ:੩, ਅੰਗ: ੫੬੦)

ਨਾਮ ਤੋਂ ਖਾਲੀ ਹਿਰਦੇ ਵਾਲਾ ਮਨੁੱਖ ਪਰਮਾਤਮਾਂ ਦੀ ਕ੍ਰਿਪਾ ਦਾ ਪਾਤਰ ਨਹੀਂ ਬਣ ਸਕਦਾ। ਬਾਬਾ ਫਰੀਦ ਜੀ ਨੇ ਆਪਣੀ ਬਾਣੀ ਅੰਦਰ ਬੜਾ ਸੁੰਦਰ ਫੁਰਮਾਨ ਕੀਤਾ ਹੈ ਕਿ ਉਹ ਮਨੁੱਖ ਜਿਸ ਦੇ ਹਿਰਦੇ ਵਿੱਚ ਜੁਆਨੀ ਦਾ, ਧਨ ਦਾ ਅਤੇ ਭਾਂਵੇਂ ਕਿਸੇ ਸ਼ੁੱਭ ਕਰਮ ਦਾ ਹੰਕਾਰ ਵੱਸ ਜਾਵੇ, ਉਹ ਮਨੁੱਖ ਪ੍ਰਮਾਤਮਾਂ ਦੀ ਕ੍ਰਿਪਾ ਤੋਂ ਸੱਖਣਾ ਰਹਿ ਜਾਂਦਾ ਹੈ। ਜਿਵੇਂ ਮੀਂਹ ਪੈਂਦੇ ਵਿੱਚ ਉੱਚੇ ਟਿੱਬੇ ਬਾਰਸ਼ ਤੋਂ ਸੱਖਣੇ ਰਹਿ ਜਾਂਦੇ ਹਨ। ਬਾਰਸ਼ ਦਾ ਪਾਣੀ ਹਮੇਸ਼ਾਂ ਨਿਵਾਣਾਂ ਵਿੱਚ ਆ ਕੇ ਟਿਕਦਾ ਹੈ। ਆਪ ਜੀ ਦਾ ਬੜਾ ਪਿਆਰਾ ਬਚਨ ਹੈ:-

**ਫਰੀਦਾ ਗਰਬ ਜਿਨ੍ਾ ਵਡਿਆਈਆਂ ਧਨਿ ਜੋਬਨਿ ਅਗਾਹ॥**

ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹ॥੧੦੫॥

ਸਲੋਕ ਫਰੀਦ ਜੀ ਅੰਗ:੧੩੮੩

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹੰਕਾਰ ਦੇ ਨੁਕਸਾਨ ਪ੍ਰਤੀ ਬੜਾ ਪਿਆਰਾ ਬਚਨ ਹੈ। ਆਪ ਫੁਰਮਾਨ ਕਰਦੇ ਹਨ ਕਿ ਕੋਈ ਮਨੁੱਖ ਤੀਰਥ ਯਾਤਰਾ ਵੀ ਕਰੇ, ਵਰਤ ਵੀ ਰੱਖੇ, ਦਾਨ ਅਤੇ ਹੋਰ ਪਰਉਪਕਾਰੀ ਕੰਮ ਵੀ ਕਰੇ ਪਰ ਇਹ ਸ਼ੁੱਭ ਕਰਮ ਕਰਨ ਦਾ ਜਿਸ ਦੇ ਮਨ ਵਿੱਚ ਹੰਕਾਰ ਬਣ ਜਾਂਦਾ ਹੈ ਕਿ ਮੈਂ ਇੰਨਾਂ ਦਾਨ ਕੀਤਾ, ਇੰਨੀਂ ਸੇਵਾ ਕੀਤੀ, ਇੰਨੇਂ ਤੀਰਥਾਂ ਦੀ ਯਾਤਰਾ ਕੀਤੀ; ਹੰਕਾਰ ਉਸ ਦੇ ਸਾਰੇ ਸ਼ੁੱਭ ਕਰਮਾਂ ਨੂੰ ਨਾਸ਼ ਕਰ ਦਿੰਦਾ ਹੈ। ਜਿਸ ਤਰ੍ਹਾਂ ਹਾਥੀ ਨੂੰ ਇਸ਼ਨਾਨ ਕਰਵਾਇਆ ਜਾਵੇ, ਜਦੋਂ ਉਸ ਨੂੰ ਖੁੱਲਾ ਛੱਡਿਆ ਜਾਂਦਾ ਹੈ, ਹਾਥੀ ਸੁੰਡ ਨਾਲ ਮੁੜ ਆਪਣੇ ਉੱਪਰ ਮਿੱਟੀ-ਚਿੱਕੜ ਸੁੱਟ ਕੇ ਪਹਿਲਾਂ ਨਾਲੋਂ ਵੀ ਜ਼ਿਆਦਾ ਮੈਲਾ ਹੋ ਜਾਂਦਾ ਹੈ। ਸਾਹਿਬਾਂ ਦਾ ਬਚਨ ਹੈ:-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨ॥੪੬॥

ਮ:੯, ਅੰਗ:੧੪੨੮

ਹੰਕਾਰੀ ਹਿਰਦੇ ਵਿੱਚੋਂ ਕ੍ਰੋਧ ਵੱਸ ਹੋ, ਕਿਸੇ ਦੇ ਮਨ ਨੂੰ ਠੇਸ ਪਹੁੰਚਾਉਣ ਵਾਲੇ ਕੌੜੇ-ਫਿੱਕੇ ਬੋਲ ਵੀ ਨਿਕਲ ਜਾਂਦੇ ਹਨ ਜੋ ਕਿਸੇ ਭਲੇ ਬੰਦੇ ਦੀ ਬਦ-ਦੁਆ ਅਥਵਾ ਬਦ-ਅਸੀਸ ਦਾ ਕਾਰਣ ਬਣ ਜਾਂਦੇ ਹਨ, ਜਿਸ ਬਦ-ਅਸੀਸ ਦਾ ਫ਼ਲ ਦੁੱਖ ਦੇ ਰੂਪ ਵਿੱਚ ਮਨੁੱਖ ਨੂੰ ਭੁਗਤਣਾ ਪੈਂਦਾ ਹੈ।

ਅਜਿਹੀ ਹੀ ਇੱਕ ਘਟਨਾ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਸਾਕਾਰ ਹੋਈ। ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਖ਼ਤ ਤੇ ਸ਼ਸ਼ੋਭਤ ਹੋ ਕੇ ਸੰਗਤਾਂ ਨੂੰ ਦਰਸ਼ਨ ਦੇ ਨਿਹਾਲ ਕਰ ਰਹੇ ਸਨ। ਗੁਰਬਾਣੀ ਦਾ ਬੜਾ ਮਨੋਹਰ ਕੀਰਤਨ ਚੱਲ ਰਿਹਾ ਸੀ। ਸਤਿਗੁਰਾਂ ਦੇ ਦੀਵਾਨ ਵਿੱਚ ਦੋ ਕਲੰਦਰ[੧] ਆਏ, ਇੱਕ ਪਾਸ ਬਾਂਦਰ ਸੀ, ਦੂਸਰੇ ਨੇ ਰਿੱਛ ਨੂੰ ਨਕੇਲ ਪਾ ਉਸ ਦੀ ਰੱਸੀ ਆਪਣੇ ਹੱਥ ਫੜੀ ਹੋਈ ਸੀ। ਦੋਵਾਂ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ, ਸਤਿਗੁਰੂ ਜੀ ਨੇ ਕਲੰਦਰਾਂ ਨੂੰ ਪੁੱਛਿਆ ਭਾਈ ਤੁਸੀਂ ਕਿਸ ਪ੍ਰਯੋਜਨ ਵਾਸਤੇ ਆਏ ਹੋ? ਉਨ੍ਹਾਂ ਦੋਵਾਂ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ! ਸਾਡਾ ਰੋਜ਼ੀ-ਰੋਟੀ ਦਾ ਸਿਲਸਿਲਾ ਬਾਂਦਰਾਂ ਤੇ ਭਾਲੂਆਂ ਦਾ ਤਮਾਸ਼ਾ ਲੋਕਾਂ ਨੂੰ ਵਿਖਾ ਕੇ ਚੱਲਦਾ ਹੈ। ਅਸੀਂ ਸੱਤ ਕੁ ਮਹੀਨੇ ਪਹਿਲਾਂ ਜੰਗਲ ਵਿੱਚੋਂ ਇੱਕ ਰਿੱਛ ਦਾ ਬੱਚਾ ਪਕੜ ਕੇ ਲਿਆਂਦਾ ਸੀ। ਉਸ ਨੂੰ ਬੜੀ ਰੀਝ ਨਾਲ ਪਾਲਿਆ ਤੇ ਨਾਲ ਹੀ ਉਸ ਨੂੰ ਅਨੇਕ ਪ੍ਰਕਾਰ ਦੇ ਕਰਤੱਵ ਕਰਨ ਦੀ ਸਿੱਖਿਆ ਦਿੱਤੀ ਹੈ। ਇਸ ਰਿੱਛ ਨੂੰ ਸਿੱਖਿਆ

੧. ਬਾਂਦਰਾਂ ਆਦਿਕ ਦਾ ਤਮਾਸ਼ਾ ਕਰਾਉਣ ਵਾਲੇ

ਦੇਣ ਤੋਂ ਪਹਿਲਾਂ ਅਸੀਂ ਆਪਣੇ ਮਨ ਵਿੱਚ ਮੰਨਤ ਮੰਨੀ ਸੀ ਕਿ ਲੋਕਾਂ ਨੂੰ ਇਸ ਰਿੱਛ ਦਾ ਤਮਾਸ਼ਾ ਦਿਖਾਲਣ ਤੋਂ ਪਹਿਲਾਂ ਅਸੀਂ ਇਸ ਨੂੰ ਤੁਹਾਡੇ ਦਰਬਾਰ ਵਿੱਚ ਨਚਾ ਕੇ ਤਮਾਸ਼ਾ ਵਿਖਾ ਕੇ ਫਿਰ ਅਗਾਂਹ ਪਿੰਡਾਂ-ਸ਼ਹਿਰਾਂ ਵਿੱਚ ਇਸ ਨੂੰ ਲੋਕ ਤਮਾਸ਼ੇ ਵਾਸਤੇ ਖੜਨਾ ਹੈ; ਕ੍ਰਿਪਾ ਕਰੋ ਸਾਨੂੰ ਕੁਝ ਸਮਾਂ ਦਿਉ ਅਸੀਂ ਆਪ ਜੀ ਅਤੇ ਆਪ ਜੀ ਦੇ ਸਿੱਖਾਂ ਨੂੰ ਰਿੱਛ ਦਾ ਤਮਾਸ਼ਾ ਵਿਖਾਈਏ। ਸਤਿਗੁਰੂ ਜੀ ਨੇ ਕਲੰਦਰਾਂ ਦੀ ਬੇਨਤੀ ਸੁਣ ਕੇ ਬਚਨ ਕੀਤਾ, ਭਾਈ! ਬੈਠ ਜਾਉ, ਥੋੜ੍ਹੇ ਸਮੇਂ ਤੋਂ ਬਾਅਦ ਕੀਰਤਨ ਸਮਾਪਤੀ ਉਪ੍ਰੰਤ ਤੁਹਾਡੀ ਭਾਵਨੀ ਪੂਰੀ ਕੀਤੀ ਜਾਵੇਗੀ, ਕਲੰਦਰ ਬੈਠ ਗਏ। ਦੀਵਾਨ ਦੀ ਸਮਾਪਤੀ ਉਪ੍ਰੰਤ ਸਤਿਗੁਰੂ ਚੋਜੀ ਪ੍ਰੀਤਮ ਜੀ ਨੇ ਕਲੰਦਰਾਂ ਨੂੰ ਇਸ਼ਾਰਾ ਕੀਤਾ ਕਿ ਤੁਸੀਂ ਹੁਣ ਸੰਗਤ ਨੂੰ ਭਾਲੂ ਅਤੇ ਬਾਂਦਰ ਦਾ ਤਮਾਸ਼ਾ ਵਿਖਾਉ। ਸੰਗਤ ਵੀ ਬੜੀ ਹੈਰਾਨ ਸੀ ਕਿ ਕਿੱਥੇ ਕੀਰਤਨ, ਕਿੱਥੇ ਬਾਂਦਰ ਤੇ ਰਿੱਛ ਦਾ ਤਮਾਸ਼ਾ? ਪਰ ਸੰਗਤ ਜਾਣਦੀ ਸੀ ਕਿ ਇਸ ਕੌਤਕ ਪਿੱਛੇ ਵੀ ਸਤਿਗੁਰੂ ਜੀ ਦਾ ਕੋਈ ਸਿੱਖਿਆ-ਦਾਇਕ ਰਾਜ਼ ਛਿਪਿਆ ਹੋਇਆ ਹੈ ਜੋ ਸਮੇਂ ਨਾਲ ਸੰਗਤ ਵਿੱਚ ਪ੍ਰਗਟ ਹੋਵੇਗਾ। ਕਲੰਦਰ ਨੇ ਪਹਿਲਾਂ ਰਿੱਛ ਤੋਂ ਤਰ੍ਹਾਂ-ਤਰ੍ਹਾਂ ਦੇ ਨਾਚ ਅਤੇ ਕਰਤੱਵ ਕਰਾਏ ਉਪ੍ਰੰਤ ਬਾਂਦਰ ਤੇ ਰਿੱਛ ਤੋਂ ਅਨੋਖੇ ਕਰਤੱਵ ਕਰਵਾ ਕੇ ਸਾਰੀ ਸੰਗਤ ਨੂੰ ਚੱਕ੍ਰਿਤ ਕਰ ਦਿੱਤਾ। ਸਾਰੀ ਸੰਗਤ ਬੜੀ ਖੁਸ਼ ਹੋਈ। ਕਲਗੀਧਰ ਪਾਤਸ਼ਾਹ ਜੀ ਨੂੰ ਭਾਈ ਕੀਰਤੀਆ ਜੀ ਚੌਰ ਕਰ ਰਹੇ ਸਨ। ਭਾਈ ਕੀਰਤੀਆ ਤਾਂ ਭਾਲੂ ਦਾ ਤਮਾਸ਼ਾ ਵੇਖ ਕੇ ਇੰਨਾਂ ਖੁਸ਼ ਹੋਇਆ ਕਿ ਹੱਸਦੇ-ਹੱਸਦੇ ਉਸਦੇ ਹੱਥ ਵਿੱਚੋਂ ਚੌਰ ਵੀ ਡਿੱਗ ਪਿਆ। ਸਤਿਗੁਰੂ ਜੀ ਨੇ ਭਾਈ ਕੀਰਤੀਏ ਨੂੰ ਪੁੱਛਿਆ, ਕੀਰਤੀਆ! ਤੂੰ ਬਹੁਤ ਹੱਸਿਆ ਹੈਂ ਤੇ ਹੱਸਦਿਆਂ ਤੈਥੋਂ ਬੇ-ਵੱਸ ਹੋ ਕੇ ਚੌਰ ਵੀ ਹੱਥੋਂ ਡਿੱਗ ਪਿਆ ਹੈ, ਕੀ ਕਾਰਣ ਹੈ? ਭਾਈ ਕੀਰਤੀਆ ਕਹਿਣ ਲੱਗਾ, ਪਾਤਸ਼ਾਹ! ਰਿੱਛ ਨੇ ਨਾਚ ਬੜੇ ਅਜ਼ੀਬ ਕਿਸਮ ਦੇ ਕੀਤੇ ਹਨ, ਮੈਂ ਜ਼ਿੰਦਗੀ ਵਿੱਚ ਭਾਲੂ ਦਾ ਅਜਿਹਾ ਤਮਾਸ਼ਾ ਪਹਿਲੀ ਵਾਰ ਵੇਖਿਆ ਹੈ। ਸਤਿਗੁਰੂ ਜੀ ਭਾਈ ਕੀਰਤੀਏ ਨੂੰ ਸੰਬੋਧਨ ਕਰ ਕੇ ਪੁੱਛਣ ਲੱਗੇ ਕੀਰਤੀਆ! ਤੂੰ ਦੱਸ ਇਹ ਭਾਲੂ ਹੈ ਕੌਣ? ਭਾਈ ਕੀਰਤੀਏ ਨੇ ਬੇਨਤੀ ਕੀਤੀ ਮਹਾਰਾਜ! ਇਹ ਰਿੱਛ ਦਾ ਬੱਚਾ ਹੈ ਤੇ ਕਲੰਦਰ ਨੇ ਇਸ ਨੂੰ ਬੜੀ ਮਿਹਨਤ ਨਾਲ ਨੱਚਣਾ ਸਿਖਾਇਆ ਹੈ। ਸਤਿਗੁਰੂ ਚੋਜੀ ਪ੍ਰੀਤਮ ਜੀ ਨੇ ਮੁੜ ਭਾਈ ਕੀਰਤੀਏ ਨੂੰ ਕਿਹਾ ਕੀਰਤੀਆ! ਧਿਆਨ ਨਾਲ ਵੇਖ ਕੇ ਦੱਸ ਇਹ ਕੌਣ ਹੈ? ਦੁਬਾਰਾ ਫਿਰ ਭਾਈ ਕੀਰਤੀਏ ਨੇ ਉੱਤਰ ਦਿੱਤਾ ਸਤਿਗੁਰੂ! ਇਹ ਰਿੱਛ ਹੈ, ਮੈਂ ਸਾਹਮਣੇ ਵੇਖ ਰਿਹਾ ਹਾਂ। ਸਤਿਗੁਰੂ ਜੀ ਮੁਸਕ੍ਰਾਏ ਤੇ ਭਾਈ ਕੀਰਤੀਏ ਨੂੰ ਕਹਿਣ ਲੱਗੇ, ਕੀਰਤੀਆਂ! ਇਹ ਰਿੱਛ ਨਹੀਂ, ਇਹ ਤੇਰਾ ਬਾਪ ਸੋਭਾ ਰਾਮ ਹੈ। ਭਰੀ ਸੰਗਤ ਵਿੱਚ ਸਤਿਗੁਰਾਂ ਦਾ ਬਚਨ ਸੁਣ ਕੇ ਭਾਈ ਕੀਰਤੀਆ ਆਪਣਾ ਅਪਮਾਨ ਜਾਣ

ਕੇ ਕ੍ਰੋਧਿਤ ਹੋਇਆ ਤੇ ਸਤਿਗੁਰੂ ਜੀ ਉੱਪਰ ਜੋ ਚੌਰ ਕਰ ਰਿਹਾ ਸੀ, ਉਹ ਚੌਰ ਸਤਿਗੁਰੂ ਜੀ ਦੇ ਅੱਗੇ ਧਰ ਬੇਨਤੀ ਕੀਤੀ, ਸਤਿਗੁਰੂ ਜੀ ! ਆਹ ਲਵੋ ਆਪਣਾ ਚੌਰ। ਮੇਰੇ ਬਾਪ ਨੇ ਤੁਹਾਡੀ ਤੇ ਪਹਿਲੇ ਸਤਿਗੁਰਾਂ ਦੀ ਸੇਵਾ ਕੀਤੀ, ਤੁਸੀਂ ਉਸ ਨੂੰ ਰਿੱਛ ਦੀ ਜੂਨ ਵਿੱਚ ਪਾ ਕੇ ਭਾਲੂ ਬਣਾ ਦਿੱਤਾ, ਮੈਂ ਤੁਹਾਡੀ ਸੇਵਾ ਕਰਦਾ ਹਾਂ, ਮੈਨੂੰ ਤੁਸੀਂ ਬਾਂਦਰ ਬਣਾ ਦੇਵੋਗੇ, ਮੈਂ ਅਜਿਹੀ ਸੇਵਾ ਨਹੀਂ ਕਰਨੀ। ਜੇ ਤੁਸੀਂ ਆਪਣੇ ਸੇਵਾਦਾਰਾਂ ਨੂੰ ਰਿੱਛ ਤੇ ਬਾਂਦਰਾਂ ਦੀਆਂ ਜੂਨਾਂ ਵਿੱਚ ਪਾ ਕੇ ਘਰ-ਘਰ ਨਚਾਉਣਾ ਤੇ ਕਲੰਦਰਾਂ ਦੇ ਡੰਡਿਆਂ ਦੀ ਮਾਰ ਹੀ ਮਰਵਾਉਣੀ ਹੈ ਤਦ ਮੈਂ ਅਜਿਹੀ ਸੇਵਾ ਤੇ ਸਿੱਖੀ ਤੋਂ ਉਂਞ ਹੀ ਚੰਗਾ ਹਾਂ। ਨਾ ਅਸੀਂ ਤੁਹਾਨੂੰ ਗੁਰੂ ਮੰਨੀਏ ਨਾ ਤੁਹਾਡੀ ਸੇਵਾ ਕਰੀਏ ਤੇ ਨਾ ਹੀ ਰਿੱਛ ਤੇ ਬਾਂਦਰਾਂ ਦੀਆਂ ਜੂਨਾਂ ਭੁਗਤੀਏ।

ਸਤਿਗੁਰੂ ਜੀ ਨੇ ਮੁਸਕ੍ਰਾ ਕੇ ਭਾਈ ਕੀਰਤੀਏ ਨੂੰ ਕਿਹਾ, ਕੀਰਤੀਆ ! ਗੁੱਸੇ ਵਿੱਚ ਨਾ ਆ, ਤੇਰੇ ਪਿਤਾ ਨੇ ਰਿੱਛ ਜੂਨ ਭੋਗਣ ਵਾਲਾ ਕਰਮ ਕੀਤਾ, ਉਹ ਰਿੱਛ ਬਣ ਗਿਆ। ਜੋ ਬਾਂਦਰ ਜੂਨ ਵਿੱਚ ਪੈਣ ਵਾਲਾ ਕਰਮ ਕਰੇਗਾ ਉਸ ਨੂੰ ਬਾਂਦਰ ਦੀ ਜੂਨ ਭੁਗਤਣੀ ਪਵੇਗੀ। ਇਹ ਅਸਚਰਜ ਮਾਜਰਾ ਵੇਖ ਕੇ ਸੰਗਤ ਬੜੀ ਹੈਰਾਨ ਹੋਈ ਤੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, ਪਾਤਸ਼ਾਹ ! ਭਾਈ ਸੋਭਾ ਰਾਮ ਦੇ ਰਿੱਛ ਜੂਨ ਵਿੱਚ ਪੈਣ ਦਾ ਕਾਰਣ ਦਰਸਾਇਆ ਜਾਵੇ ਤਾਂ ਜੋ ਭਾਈ ਕੀਰਤੀਏ ਦੀ ਅਤੇ ਸੰਗਤ ਦੀ ਵੀ ਨਿਸ਼ਾ ਹੋ ਜਾਵੇ।

ਸੰਗਤ ਦੀ ਬੇਨਤੀ ਮੰਨ ਕੇ ਸਤਿਗੁਰੂ ਜੀ ਨੇ ਸੰਗਤ ਤੇ ਭਾਈ ਕੀਰਤੀਏ ਨੂੰ ਸੰਬੋਧਨ ਕਰ ਕੇ ਬਚਨ ਕੀਤਾ, ਸਾਧ ਸੰਗਤ ! ਠੀਕ ਹੈ, ਭਾਈ ਸੋਭਾ ਰਾਮ ਨੇ ਸਤਵੇਂ, ਅਠਵੇਂ, ਨੌਵੇਂ ਸਤਿਗੁਰੂ ਜੀ ਦੇ ਸਮੇਂ ਸੇਵਾ ਕੀਤੀ ਤੇ ਸਾਡੇ ਸਮੇਂ ਵੀ ਸੇਵਾ ਕਰਦਾ ਰਿਹਾ। ਸੇਵਾ ਕਰਨ ਨਾਲ ਮਨ ਵਿੱਚ ਨਿਮ੍ਰਤਾ ਆਉਣੀ ਚਾਹੀਦੀ ਸੀ ਪਰ ਸੋਭਾ ਰਾਮ ਦੇ ਹਿਰਦੇ ਵਿੱਚ ਨਿਮ੍ਰਤਾ ਦੀ ਥਾਂ ਹੰਕਾਰ ਵੱਧਦਾ ਗਿਆ ਕਿ ਮੈਂ ਚਾਰ ਸਤਿਗੁਰਾਂ ਦੀ ਸੇਵਾ ਕੀਤੀ ਹੈ, ਮੇਰੇ ਵਰਗਾ ਹੋਰ ਕੋਈ ਸੰਗਤ ਵਿੱਚ ਸੇਵਾਦਾਰ ਨਹੀਂ। ਹੰਕਾਰ ਦੇ ਕਾਰਣ ਕ੍ਰੋਧ ਵਸ ਹੋ ਕਈ ਵਾਰੀ ਸੋਭਾ ਰਾਮ ਸੰਗਤ ਨੂੰ ਕੁਬਚਨ ਵੀ ਬੋਲ ਦਿੰਦਾ ਸੀ।

ਇੱਕੇਰਾਂ, ਇੱਕ ਜ਼ਿਮੀਂਦਾਰ ਜਿਸ ਦਾ ਨਾਉਂ ਭਾਈ ਧੰਨਾ ਸੀ ਜੋ ਆਪਣੇ ਜੀਵਨ ਵਿੱਚ ਕ੍ਰਿਸਾਣੀ ਦਾ ਕੰਮ ਕਰਦਾ ਸੀ, ਇਸ ਦੀ ਕ੍ਰਿਤ ਬੜੀ ਸੁੱਚੀ ਸੀ। ਉਹ ਆਪਣੀ ਕਿਰਤ ਵਿੱਚੋਂ ਵਰਤੋਂ ਜੋਗੀ ਫਸਲ ਰੱਖ ਕੇ ਬਾਕੀ ਗੁਰੂ ਕੇ ਲੰਗਰ ਵਿੱਚ ਪਾ ਦਿੰਦਾ ਜਾਂ ਕਿਸੇ ਗ਼ਰੀਬ ਦੀ ਲੋੜ ਪੂਰੀ ਕਰਦਾ। ਇੱਕ ਦਿਨ ਉਹ ਆਪਣੇ ਦਸਵੰਧ ਦੇ ਅਨਾਜ ਦਾ ਗੱਡਾ ਲੱਦ ਕੇ ਅਨੰਦਪੁਰ ਸਾਹਿਬ ਆਇਆ। ਭਾਈ ਧੰਨੇ ਨੇ ਬਲਦਾਂ ਸਮੇਤ ਅਨਾਜ ਦਾ ਗੱਡਾ ਦੀਵਾਨ ਤੋਂ ਬਾਹਰ ਖੜਾ ਕਰ ਦਿੱਤਾ ਅਤੇ ਇਹ ਵੀਚਾਰ ਕੇ ਕਿ ਮੈਂ

ਜਲਦੀ ਨਾਲ ਗੁਰੂ-ਬਖਸ਼ਿਸ਼ ਕੜਾਹ- ਪ੍ਰਸ਼ਾਦ ਲੈ ਆਵਾਂ, ਭਾਈ ਸੋਭਾ ਰਾਮ ਜੋ ਪ੍ਰਸ਼ਾਦ ਵਰਤਾ ਰਿਹਾ ਸੀ ਉਸ ਪਾਸ ਆਇਆ ਤੇ ਜਲਦੀ ਕੜਾਹ-ਪ੍ਰਸ਼ਾਦ ਦੇਣ ਲਈ ਬੇਨਤੀ ਕੀਤੀ। ਭਾਈ ਸੋਭਾ ਰਾਮ ਨੇ ਭਾਈ ਧੰਨੇ ਨੂੰ ਕਾਹਲੀ-ਕਾਹਲੀ ਪ੍ਰਸ਼ਾਦ ਮੰਗਣ ਲਈ ਡਾਂਟ ਪਾਈ ਅਤੇ ਕਿਹਾ ਕਿਉਂ ਐਂਵੇਂ ਰਿੱਛ ਵਾਂਗੂ ਨੱਚੀ ਜਾਨਾਂ, ਪਰ੍ਹੇ ਹੋ ਕੇ ਖੜਾ ਰਹੁ। ਭਾਈ ਧੰਨੇ ਨੇ ਸੋਭੇ ਦਾ ਉੱਤਰ ਸੁਣ ਕੇ ਜ਼ਮੀਨ ਤੇ ਪਏ ਕੜਾਹ ਪ੍ਰਸਾਦ ਦੇ ਕਿਣਕੇ ਇਕੱਠੇ ਕਰ ਕੇ ਛੱਕ ਲਏ ਤੇ ਸੋਭਾ ਰਾਮ ਨੂੰ ਕਿਹਾ ਤੂੰ ਇੰਨੇ ਚਿਰ ਦੀ ਗੁਰੂ ਘਰ ਦੀ ਸੇਵਾ ਕਰਦਾ ਹੈਂ, ਤੈਨੂੰ ਭੋਰਾ ਜਿੰਨੀਂ ਵੀ ਸ਼ਾਤੀ ਨਹੀਂ ਮਿਲੀ? ਜਿਸਤਰ੍ਹਾਂ ਤੂੰ ਨੱਕ ਚੜ੍ਹਾ ਤੇ ਹੱਥ ਘੁਮਾ ਕੇ ਮੈਨੂੰ ਰਿੱਛ ਕਿਹਾ ਹੈ, ਜਾਹ ਤੂੰ ਹੀ ਰਿੱਛ ਦੀ ਜੂਨ ਪੈ ਤੇ ਨੱਕ ਵਿੱਚ ਨਕੇਲ ਪਵਾ ਕੇ ਘਰ-ਘਰ ਨੱਚਦਾ ਫਿਰ। ਉਸ ਨਾਮ ਰਸੀਏ ਦੇ ਕਹੇ ਬਚਨਾਂ ਕਰਕੇ ਸੋਭਾ ਰਾਮ ਨੂੰ ਰਿੱਛ ਦੀ ਜੂਨ ਧਾਰਨ ਕਰਨੀ ਪਈ ਕਿਉਂਕਿ ਨਾਮ ਨਾਲ ਜੁੜੇ ਨਾਮੀਂ ਪੁਰਸ਼ ਦਾ ਕਿਹਾ ਹੋਇਆ ਵਾਕ ਕਦੇ ਵੀ ਟਲਦਾ ਨਹੀਂ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸਾਰੰਗ ਰਾਗ ਅੰਦਰ ਬਚਨ ਦਰਜ ਹੈ। ਭਾਈ! ਦਿਨ, ਰਾਤ, ਤਾਰੇ, ਸੂਰਜ, ਚੰਦਰਮਾਂ ਸਮਾਂ ਪਾ ਕੇ ਨਾਸ਼ ਹੋ ਜਾਣਗੇ। ਇਹ ਵੱਡੇ-ਵੱਡੇ ਪਹਾੜ ਤੇ ਧਰਤੀ, ਚੱਲ ਰਹੀ ਪੌਣ ਤੇ ਵਗ ਰਿਹਾ ਪਾਣੀ ਵੀ ਨਾਸ਼ ਹੋ ਜਾਵੇਗਾ ਪਰ ਸਾਧੂ ਦਾ ਕਿਹਾ ਹੋਇਆ ਬਚਨ ਅਟੱਲ ਰਹੇਗਾ। ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ ਜੰਤੂ, ਜੇਰ ਦੁਆਰਾ ਪ੍ਰਸੂਤ ਹੋਣ ਵਾਲੇ, ਪਸੀਨੇ ਚੋਂ ਪੈਦਾ ਹੋਣ ਵਾਲੇ ਕਿਰਮ ਅਤੇ ਧਰਤੀ ਚੋਂ ਪੈਦਾ ਹੋਈ ਬਨਾਸਪਤੀ ਵੀ ਨਾਸ਼ ਹੋ ਜਾਵੇਗੀ। ਚਾਰ ਵੇਦਾਂ ਦਾ ਤੇ ਛੇ ਸ਼ਾਸਤ੍ਰਾਂ ਦਾ ਗਿਆਨ ਵੀ ਨਾਸ਼ ਹੋ ਜਾਵੇਗਾ ਪਰ ਇੱਕ ਸਾਧੂ ਦਾ ਬਚਨ ਸਦਾ ਅਟੱਲ ਰਹੇਗਾ। ਤਿੰਨੇ ਗੁਣ ( ਰਜੋ, ਤਮੋ ਤੇ ਸਤੋ) ਅਤੇ ਇਨ੍ਹਾਂ ਤਿੰਨਾਂ ਗੁਣਾਂ ਵਿੱਚ ਵਿਚਰਨ ਵਾਲੇ ਸਾਰੇ ਜੀਵ ਜੰਤ ਅਤੇ ਦ੍ਰਿਸ਼ਟ ਮਾਨ ਜੋ ਦਿਸ ਰਿਹਾ ਹੈ ਇਹ ਸਾਰੀ ਦ੍ਰਿਸ਼ਟਮਾਨ ਸਮਗਰੀ ਵੀ ਖੈ ਹੋ ਜਾਵੇਗੀ। ਇੱਕ ਸਾਧੂ ਦਾ ਬਚਨ ਜੋ ਅਗਾਧ ਬੋਧ ਹੈ,ਉਹ ਸਦਾ ਨਿਸ਼ਚਲ ਤੇ ਅਟੱਲ ਰਹੇਗਾ। ਆਪ ਜੀ ਦਾ ਫੁਰਮਾਨ ਹੈ :-

> **ਨਿਸ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥**
> **ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥**
> **ਅੰਡ ਬਿਨਾਸੀ ਜੇਰ ਬਿਨਾਸੀ ਉਤਭਜ ਸੇਤ ਬਿਨਾਦਾ ॥**
> **ਚਾਰਿ ਬਿਨਾਸੀ ਖਟਿਹ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥੨॥**
> **ਰਾਜ ਬਿਨਾਸੀ ਤਾਮ ਬਿਨਾਸੀ ਸਾਕਤੁ ਭੀ ਬੇਨਾਧਾ॥**
> **ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥**

ਮ:੫, ਅੰਗ:੧੨੦੪

ਬਾਕੀ ਜੋ ਭਾਈ ਸੋਭਾ ਰਾਮ ਨੇ ਗੁਰੂ ਘਰ ਦੀ ਸੇਵਾ ਕੀਤੀ ਉਸ ਦਾ ਫ਼ਲ ਸੋਭਾ ਰਾਮ ਨੂੰ ਇਹ ਮਿਲਿਆ ਕਿ ਰਿੱਛ ਜੂਨ ਧਾਰਨ ਕਰਨ ਤੇ ਵੀ ਘਰਾਂ-ਘਰਾਂ ਵਿੱਚ ਨੱਚ ਕੇ ਇਸ ਨੇ ਤਮਾਸ਼ਾ ਨਹੀਂ ਦਿਖਾਇਆ। ਰਿੱਛ ਜੂਨ ਧਾਰਨ ਕਰ ਕੇ ਜੇ ਨੱਚਿਆ ਵੀ ਤਾਂ ਗੁਰੂ ਅੱਗੇ ਅਤੇ ਸੰਗਤ ਅੱਗੇ ਹੀ ਨੱਚਿਆ ਹੈ। ਇਨ੍ਹਾਂ ਬਚਨਾਂ ਉਪ੍ਰੰਤ ਹੀ ਸਤਿਗੁਰੂ ਜੀ ਨੇ ਆਪਣਾ ਸੀਤ-ਪ੍ਰਸਾਦ ਕਲੰਦਰ ਦੇ ਰਿੱਛ ਨੂੰ ਦਿੱਤਾ। ਸਤਿਗੁਰੂ ਜੀ ਦਾ ਸੀਤ-ਪ੍ਰਸ਼ਾਦ ਛਕਦੇ ਹੀ ਰਿੱਛ ਦੇ ਸਰੀਰ ਵਿੱਚੋਂ ਉਸ ਦੇ ਪ੍ਰਾਣ ਨਿਕਲ ਗਏ ਤੇ ਭਾਈ ਸੋਭਾ ਰਾਮ ਦੀ ਆਤਮਾਂ ਪ੍ਰਭੂ ਚਰਨਾਂ ਵਿੱਚ ਜਾ ਪੁੱਜੀ। ਉੱਧਰ ਰਿੱਛ ਦੇ ਮਰਨ ਨਾਲ ਕਲੰਦਰ ਰੋਣ ਲੱਗ ਪਏ ਤੇ ਬੇਨਤੀ ਕੀਤੀ, ਪਾਤਸ਼ਾਹ! ਇਹ ਰਿੱਛ ਹੀ ਤਾਂ ਸਾਡੀ ਰੋਜੀ-ਰੋਟੀ ਦਾ ਸਾਧਨ ਸੀ, ਜਿਸ ਨੂੰ ਅਸੀਂ ਅੱਠ ਮਹੀਨੇ ਪਹਿਲਾਂ ਉਤਰਾਖੰਡ ਕਾਂਸ਼ੀ ਦੇ ਪਹਾੜੀ ਜੰਗਲ ਵਿੱਚੋਂ ਲਿਆ ਕੇ ਪਾਲਿਆ ਸੀ ਤੇ ਤੁਹਾਡੇ ਅੱਗੇ ਪਹਿਲਾ ਤਮਾਸ਼ਾ ਇਸ ਰਿੱਛ ਦਾ ਕਰਨ ਦੀ ਸੁੱਖਣਾ ਕੀਤੀ ਸੀ; ਹੁਣ ਸਾਡਾ ਕੀ ਬਣੇਗਾ? ਚੋਜ਼ੀ ਪ੍ਰੀਤਮ ਜੀ ਨੇ ਕਲੰਦਰਾਂ ਨੂੰ ਕਿਹਾ ਭਾਈ! ਤੁਹਾਡਾ ਇਸ ਰਿੱਛ ਨਾਲ ਇੰਨਾ ਹੀ ਸਬੰਧ ਸੀ। ਸਤਿਗੁਰੂ ਜੀ ਨੇ ਖਜ਼ਾਨਚੀ ਨੂੰ ਕਹਿ ਕੇ ਖਜ਼ਾਨੇ ਵਿੱਚੋਂ ਕਾਫੀ ਮਾਇਆ ਕਲੰਦਰਾਂ ਨੂੰ ਦੁਆ ਦਿੱਤੀ ਤੇ ਕਲੰਦਰ ਖੁਸ਼ੀ-ਖੁਸ਼ੀ ਆਪਣੇ ਘਰ ਨੂੰ ਰੁਖਸਤ ਹੋਏ। ਸਾਰੇ ਸਿੱਖ ਇਹ ਸਾਰਾ ਕੌਤਕ ਵੇਖ ਕੇ ਹੈਰਾਨ ਹੋਏ ਤੇ ਧੰਨ ਕਲਗੀਧਰ ਸਤਿਗੁਰੂ, ਧੰਨ ਕਲਗੀਧਰ ਸਤਿਗੁਰੂ ਉਚਾਰਣ ਲੱਗੇ।

ਉੱਪਰ ਲਿਖੀ ਸਾਖੀ ਜੋ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਵਰਤੀ ਉਸ ਵੇਲੇ ਵੀ ਸਿੱਖਾਂ ਨੂੰ ਦੋ ਉਪਦੇਸ਼ ਪ੍ਰਦਾਨ ਕਰ ਗਈ ਤੇ ਹੁਣ ਸਾਨੂੰ ਵੀ ਉਹੋ ਉਪਦੇਸ਼ਾਂ ਦੀ ਯਾਦ ਆਪਣੀ ਸਿਮ੍ਰਤੀ ਵਿੱਚ ਵਸਾਉਣ ਲਈ ਪ੍ਰੇਰਣਾ ਸ੍ਰੋਤ ਹੈ। ਸੇਵਾ ਹਮੇਸ਼ਾ ਨਿਮ੍ਰਤਾ ਵਿੱਚ ਰਹਿ ਕੇ ਹੀ ਕਰਨੀ ਚਾਹੀਦੀ ਹੈ ਤੇ ਨਾਲ ਹੀ, ਕੀਤੀ ਹੋਈ ਸੇਵਾ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਅਹੰ ਭਾਵ ਵਿੱਚੋਂ ਹੀ ਕ੍ਰੋਧ ਜਨਮ ਲੈਂਦਾ ਹੈ। ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸੋਰਠ ਰਾਗ ਅੰਦਰ ਸੇਵਾ ਕਰਨ ਦਾ ਰਸਤਾ ਦਰਸਾਇਆ ਹੈ ਕਿ ਕਿਵੇਂ ਦੀ ਬਿਰਤੀ ਬਣਾ ਕੇ ਸੇਵਕ ਆਪਣੇ ਮਾਲਕ ਦੀ ਸੇਵਾ ਕਰੇ ਤਦ ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰ ਸਕਦਾ ਹੈ। ਆਪ ਜੀ ਨੇ ਗੁਰਬਾਣੀ ਅੰਦਰ ਦੋ ਉਦਾਹਰਣਾਂ ਤੋਂ ਪ੍ਰੇਰਣਾ ਲੈਣ ਲਈ ਸਾਨੂੰ ਇਸ਼ਾਰਾ ਕੀਤਾ ਹੈ। ਪਹਿਲੀ ਉਦਾਹਰਣ ਸਤਿਗੁਰੂ ਜੀ ਨੇ ਹਾਥੀ ਦੀ ਦਿੱਤੀ ਹੈ ਕਿ ਜਿਵੇਂ ਹਾਥੀ ਮਹਾਵਤ ਦੇ ਕੁੰਡੇ ਅਧੀਨ ਚਲਦਾ, ਆਪਣੇ ਮਨ ਦੀ ਮਰਜੀ ਦਾ ਤਿਆਗ ਕਰ ਦਿੰਦਾ ਹੈ ਤਿਵੇਂ ਉਹੋ ਗੁਰਸਿੱਖ ਹੀ ਗੁਰੂ ਨੂੰ ਚੰਗਾ ਲਗਦਾ ਹੈ ਜੋ ਆਪਣੀ ਮਨ ਮਰਜੀ ਦਾ ਤਿਆਗ ਕਰ ਕੇ ਗੁਰੂ ਆਗਿਆ ਅਨੁਸਾਰ ਚੱਲਦਾ ਹੈ। ਜੋ ਹੁਕਮ ਗੁਰੂ ਕਰੇ ਉਸੇ ਕਾਰ ਨੂੰ ਆਪਣੇ ਭਲੇ ਹਿੱਤ ਜਾਣ ਕੇ ਕਰੇ। ਆਪਣੇ ਮਨ ਦੀ ਮੱਤ ਦਾ ਉੱਕਾ ਹੀ ਤਿਆਗ ਕਰ ਦੇਵੇ। ਦੂਸਰੀ ਉਦਾਹਰਣ

ਸਤਿਗੁਰੂ ਜੀ ਨੇ ਅਹਿਰਣ ਦੀ ਦਿੱਤੀ ਹੈ ਕਿ ਲੁਹਾਰ ਅਹਿਰਣ ਉੱਪਰ ਗਰਮ ਲੋਹਾ ਕੁੱਟੇ ਜਾਂ ਠੰਡਾ, ਵੱਡੇ ਹਥੌੜਿਆਂ ਦੀਆਂ ਸੱਟਾਂ ਮਰਵਾਏ ਜਾਂ ਛੋਟੇ ਹਥੌੜੇ ਨਾਲ ਲੋਹਾ ਕੁੱਟੇ; ਅਹਿਰਣ ਦਾ ਗੁਣ ਹੈ ਉਹ ਅਡੋਲ ਰਹਿੰਦੀ ਹੈ, ਕਦੇ ਡੋਲਦੀ ਨਹੀਂ। ਤਿਵੇਂ ਸੇਵਾ ਕਰਨ ਵਾਲਾ ਸੇਵਕ ਵੀ ਸ਼ਾਂਤ-ਚਿੱਤ, ਅਡੋਲ ਰਹੇ। ਦੁੱਖ ਆਵੇ, ਸੁੱਖ ਆਵੇ ਪ੍ਰੇਸ਼ਾਨੀ ਦਾ ਸਮਾਂ ਆ ਬਣੇ ਸੇਵਕ ਦਾ ਨਿਸ਼ਚਾ ਆਪਣੇ ਗੁਰੂ ਤੇ ਅਡੋਲ ਰਹਿਣਾ ਚਾਹੀਦਾ ਹੈ। ਜੋ ਇਸ ਤਰ੍ਹਾਂ ਮਨ ਤੇ ਤਨ ਗੁਰੂ ਨੂੰ ਅਰਪਣ ਕਰ ਕੇ ਸੇਵਾ ਕਰਦਾ ਹੈ ਉਸ ਦੇ ਅੰਦਰੋਂ ਅਹੰ ਭਾਵ ਖਤਮ ਹੋ ਜਾਂਦਾ ਹੈ ਤੇ ਅਜਿਹੇ ਹਉਮੈਂ ਰਹਿਤ ਸੇਵਕ ਨੂੰ ਸਤਿਗੁਰੂ ਸਾਰੀ ਸ੍ਰਿਸ਼ਟੀ ਦਾ ਰਾਜਾ ਬਣਾ ਦਿੰਦੇ ਹਨ। ਇਸ ਭੇਤ ਦੀ ਸਮਝ ਗੁਰੂ ਅਤੇ ਪ੍ਰਮੇਸ਼ਰ ਦੀ ਰਹਿਮਤ ਨਾਲ ਆਉਂਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ:-

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**
**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥**
**ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥**

ਮ:੩, ਅੰਗ:੬੪੮

ਸਤਿਗੁਰੂ ਨਾਨਕ ਦੇਵ ਜੀ ਦਾ ਗਉੜੀ ਕੀ ਵਾਰ ਅੰਦਰ ਫੁਰਮਾਨ ਹੈ ਕਿ ਸੇਵਕ ਦੀ ਉਹੋ ਸੇਵਾ ਹੀ ਸਤਿਗੁਰੂ ਦੇ ਦਰ ਪ੍ਰਵਾਣ ਹੁੰਦੀ ਹੈ ਜਿਸ ਸੇਵਾ ਕਰਨ ਨਾਲ ਸਤਿਗੁਰੂ ਦਾ ਮਨ ਸੇਵਕ ਉੱਪਰ ਪਤੀਜ ਜਾਵੇ। ਜਦੋਂ ਸਤਿਗੁਰੂ ਜੀ ਦਾ ਮਨ ਸੇਵਕ ਉੱਪਰ ਪਤੀਜ ਜਾਂਦਾ ਹੈ, ਤਦ ਸੇਵਕ ਦੇ ਸਾਰੇ ਪਾਪ ਤੇ ਵਿਕਾਰ ਖਤਮ ਹੋ ਜਾਂਦੇ ਹਨ। ਸਾਹਿਬਾਂ ਦਾ ਫੁਰਮਾਨ ਹੈ:-

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥**

ਪਉੜੀ, ਅੰਗ: ੩੧੪

ਸਤਿਗੁਰੂ ਦੀ ਪਤੀਜਣਾ, ਹਉਮੈ ਰਹਿਤ ਸੇਵਕ ਉੱਪਰ ਹੁੰਦੀ ਹੈ। ਹਉਮੈਂ ਅਧੀਨ ਕੀਤੀ ਸੇਵਾ ਬਿਅਰਥ ਚਲੀ ਜਾਂਦੀ ਹੈ ਤੇ ਸੇਵਾ ਕਰਨ ਵਾਲੇ ਦਾ ਮਨ ਨਾਮ ਦੀ ਰਾਸ ਤੋਂ ਖਾਲੀ ਰਹਿ ਜਾਂਦਾ ਹੈ ਤੇ ਫਿਰ ਨਾਮ ਰਹਿਤ ਹਿਰਦੇ ਵਾਲਾ, ਆਵਾਗਉਣ ਦਾ ਚੱਕਰ ਭੋਗਦਾ ਹੈ:-

**ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਜਨਮਿ ਮਰੈ ਫਿਰਿ ਆਵੈ ਜਾਏ ॥**

ਮ:੪, ਅੰਗ:੧੦੭੧

ਆਪਾ ਭਾਵ ਦਾ ਅਭਾਵ ਕਰ ਹਉਮੈਂ ਰਹਿਤ ਸੇਵਾ ਕਰਨੀ ਬੜੀ ਔਖੀ ਹੈ। ਜੋ ਕਰ ਲੈਂਦਾ ਹੈ ਉਸ ਨੂੰ ਲੋਕ-ਪ੍ਰਲੋਕ ਦੇ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਸਤਿਗੁਰੂ

ਰਾਮਦਾਸ ਜੀ ਦਾ ਫੁਰਮਾਨ ਹੈ:-

**ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰ॥**

ਮ:੪, ਅੰਗ:੧੪੨੨

ਜੇ ਸੇਵਾ ਕਰ ਕੇ ਕੁਝ ਗੁਰੂ ਪਾਸੋਂ ਪ੍ਰਾਪਤ ਕਰਨਾ ਹੈ ਫਿਰ ਗੁਰੂ ਅਰਜਨ ਦੇਵ ਜੀ ਦੇ ਬਚਨ ਦੀ ਕਮਾਈ ਕਰ ਕੇ ਹੀ ਕੁਝ ਖੱਟਿਆ ਜਾ ਸਕਦਾ ਹੈ। ਗੁਰਦੇਵ ਜੀ ਸੇਵਾ ਕਰਨ ਵਾਲੇ ਨੂੰ ਸੰਬੋਧਨ ਕਰ ਕੇ ਅਗਵਾਈ ਦਿੰਦੇ ਹਨ ਕਿ ਐ ਸੇਵਾ ਕਰਨ ਵਾਲਿਆ! ਸੇਵਾ ਕਰਦਾ ਹੋਇਆਂ ਆਪਣੇ ਆਪ ਨੂੰ ਸਾਰਿਆਂ ਦੇ ਪੈਰਾਂ ਹੇਠ ਰੱਖ ਭਾਵ ਮਨ ਵਿੱਚ ਨਿਮ੍ਰਤਾ ਧਾਰ ਕੇ ਸੇਵਾ ਕਰ। ਜੇ ਤੂੰ ਅਜਿਹੀ ਬਿਰਤੀ ਨਾਲ ਸੇਵਾ ਕਰੇਂਗਾ, ਤਦ ਸਤਿਗੁਰੂ ਤੈਨੂੰ ਸਭ ਤੋਂ ਉੱਚਾ ਕਰ ਦੇਵੇਗਾ। ਸੇਵਾ ਕਰਦਿਆਂ ਜਿੱਥੇ ਹੰਕਾਰ ਨਹੀਂ ਕਰਨਾ ਉਥੇ ਕਿਸੇ ਵੱਲ ਵੇਖ ਕੇ ਗਿਲਾਨੀ (ਨਫ਼ਰਤ) ਵੀ ਨਹੀਂ ਕਰਨੀ। ਜੇ ਤੂੰ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣ ਕੇ ਸੇਵਾ ਕਰੇਂਗਾ ਤਾਂ ਤੈਨੂੰ ਜਿੱਥੇ ਸੁੱਖਾਂ ਦੀ ਪ੍ਰਾਪਤੀ ਹੋਵੇਗੀ ਉੱਥੇ ਤੈਨੂੰ ਪਰਮਾਤਮਾਂ ਦੀ ਦਰਗਾਹ ਵਿੱਚ ਵੀ ਥਾਂ ਪ੍ਰਾਪਤ ਹੋ ਜਾਵੇਗੀ। ਆਪ ਜੀ ਦਾ ਬਹੁਤ ਪਿਆਰਾ ਬਚਨ ਹੈ:-

**ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥**
**ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥੧॥**

ਮ:੫, ਅੰਗ: ੮੮੩

"**ਸਭ ਤੇ ਨੀਚੁ ਆਤਮ ਕਰਿ ਮਾਨਉ**" ਦੀ ਬਿਰਤੀ ਵਾਲਾ ਕਦੇ ਵੀ ਕਿਸੇ ਨੂੰ ਕੌੜਾ-ਫਿੱਕਾ ਨਹੀਂ ਬੋਲਦਾ ਕਿਉਂਕਿ ਉਸ ਦੀ ਬਿਰਤੀ ਵਿੱਚ ਬਾਬਾ ਕਬੀਰ ਜੀ ਦਾ ਬਚਨ "**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ**" ਵੱਸ ਗਿਆ ਹੁੰਦਾ ਹੈ। ਆਪ ਕੌੜਾ-ਫਿੱਕਾ ਬੋਲ ਬੋਲਣ ਦੀ ਥਾਂ ਉਹ ਤਾਂ ਦੂਸਰਿਆਂ ਨੂੰ ਵੀ ਪੁਕਾਰ ਕੇ ਕਹਿੰਦਾ ਹੈ ਕਿ ਭਾਈ! ਆਪਣੇ ਮੂੰਹ ਚੋਂ ਇੱਕ ਵੀ ਫਿੱਕਾ-ਕੌੜਾ ਬਚਨ ਕਿਸੇ ਨੂੰ ਨਾ ਕਹੋ ਕਿਉਂਕਿ ਸਾਰਿਆਂ ਦੇ ਹਿਰਦੇ ਵਿੱਚ ਸੱਚਾ ਪਰਮਾਤਮਾਂ ਬੈਠਾ ਹੈ। ਕੌੜਾ-ਫਿੱਕਾ ਬੋਲ, ਬੋਲਕੇ ਕਿਸੇ ਦੇ ਮਨ ਨੂੰ ਠੇਸ ਨਾ ਪਹੁੰਚਾਉ ਕਿਉਂਕਿ ਸਾਰਿਆਂ ਦੇ ਮਨ ਕੀਮਤੀ ਮੋਤੀਆਂ ਨਾਲੋਂ ਵੀ ਬੇ-ਕੀਮਤੀ ਹਨ। ਬਾਬਾ ਫਰੀਦ ਜੀ ਦਾ ਬਚਨ ਹੈ:-

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**

ਫਰੀਦ ਜੀ, ਅੰਗ: ੧੩੮੪

ਨਿਮ੍ਰਤਾ ਦੇ ਧਾਰਨੀ ਨੂੰ ਹਮੇਸ਼ਾ ਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਜੀ ਦੀ ਵਾਰ ਦਾ ਬਚਨ ਯਾਦ ਰਹਿੰਦਾ ਹੈ:-

**ਨਾਨਕ [੧]ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**
**ਫਿਕੋ ਫਿਕਾ ਸਦੀਐ ਫਿਕੇ [੨]ਫਿਕੀ ਸੋਇ ॥**
**ਫਿਕਾ ਦਰਗਹ ਸਟੀਐ [੩]ਮੁਹਿ ਥੁਕਾ ਫਿਕੇ ਪਾਇ ॥**
**ਫਿਕਾ ਮੂਰਖੁ ਆਖੀਐ [੪]ਪਾਣਾ ਲਹੈ ਸਜਾਇ ॥੧॥**

ਮ:੧, ਅੰਗ:੪੭੪

ਕਿਉਂਕਿ ਉਸ ਜਗਿਆਸੂ ਦੇ ਜੀਵਨ ਦਾ ਨਿਸ਼ਾਨਾ ਆਪਣੇ ਮਾਲਕ ਨੂੰ ਮਿਲਣ ਦਾ ਹੁੰਦਾ ਹੈ। ਜਿਸ ਦੀ ਪ੍ਰਾਪਤੀ ਵਾਸਤੇ ਉਹ ਸੇਵਾ ਵੀ ਤੇ ਸਿਮਰਨ ਵੀ ਕਰਦਾ ਹੈ। ਗੁਰੂ ਮਿਹਰ ਨਾਲ ਉਸ ਨੂੰ ਸਤਿਗੁਰੂ ਦਾ ਇਹ ਉਪਦੇਸ਼ ਵੀ ਯਾਦ ਰਹਿੰਦਾ ਹੈ ਕਿ ਪ੍ਰਮਾਤਮਾਂ ਇੱਕ ਦੇਸ਼ੀ ਨਹੀਂ ਹੈ, ਪਰਮਾਤਮਾਂ ਤਾਂ ਹਰ ਥਾਂ, ਹਰ ਜਗ੍ਹਾ, ਹਰ ਹਿਰਦੇ ਵਿੱਚ ਵਸਦਾ ਹੈ,"**ਘਟਿ ਘਟਿ ਮੈ ਹਰ ਜੂ ਵਸੈ ਸੰਤਨ ਕਹਿਓ ਪੁਕਾਰ**" ਦਾ ਉਹ ਸੇਵਕ ਧਾਰਨੀ ਹੁੰਦਾ ਹੈ। ਗੁਰਬਾਣੀ ਪੜ੍ਹਣ ਨਾਲ ਉਸ ਨੂੰ ਇਹ ਵੀ ਸੋਝੀ ਹੋ ਆਉਂਦੀ ਹੈ ਕਿ ਜੇ ਪਰਮਾਤਮਾਂ ਸਾਰਿਆਂ ਘਟਾਂ ਵਿੱਚ ਵੱਸਦਾ ਹੈ ਫਿਰ ਜੇ ਮੈਂ ਕਿਸੇ ਨੂੰ ਕੌੜਾ-ਫਿੱਕਾ ਬੋਲ, ਬੋਲ ਕੇ ਉਸ ਦੇ ਮਨ ਨੂੰ ਠੇਸ ਪਹੁੰਚਾਵਾਂਗਾ ਤਦ ਉਸ ਦੇ ਹਿਰਦੇ ਵਿੱਚ ਵੱਸਦੇ ਰੱਬ ਨੂੰ ਠੇਸ ਪੁੱਜੇਗੀ ਕਿਉਂਕਿ ਮੈਂ ਜਿਸ ਨੂੰ ਕੌੜਾ ਬੋਲ ਰਿਹਾ ਹਾਂ ਉਸ ਦੇ ਹਿਰਦੇ ਵਿੱਚ ਵੀ ਪਰਮਾਤਮਾਂ ਹੀ ਵੱਸਦਾ ਹੈ। ਇਸ ਲਈ ਸਭਨਾ ਦੇ ਮਨ ਮੋਤੀਆਂ ਨਾਲੋਂ ਵੀ ਕੀਮਤੀ ਹਨ, ਇਸ ਲਈ ਕਿਸੇ ਦੇ ਮਨ ਨੂੰ ਕੌੜਾ-ਫਿੱਕਾ ਬੋਲ ਕੇ ਦੁਖੀ ਨਹੀਂ ਕਰਨਾ ਚਾਹੀਦਾ। ਜੇ ਤੈਨੂੰ ਪਿਆਰੇ ਪਰਮਾਤਮਾਂ ਨੂੰ ਮਿਲਣ ਦੀ ਸਿੱਕ ਹੈ ਤਦ ਕਿਸੇ ਦੇ ਮਨ ਨੂੰ ਕੌੜਾ ਬੋਲ ਕੇ ਠੇਸ ਨਾ ਪਹੁੰਚਾ। ਬਾਬਾ ਫਰੀਦ ਜੀ ਦਾ ਫੁਰਮਾਨ ਹੈ:-

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥**

ਫਰੀਦ ਜੀ, ਅੰਗ: ੧੩੮੪

ਜਦੋਂ ਮਨੁੱਖ ਨੂੰ ਇਹ ਸੋਝੀ ਆ ਜਾਵੇ ਕਿ ਪਰਮਾਤਮਾਂ ਸਾਰੀ ਦੁਨੀਆਂ ਵਿੱਚ ਵੱਸਦਾ ਹੈ ਅਤੇ ਦੁਨੀਆਂ ਪਰਮਾਤਮਾਂ ਦੇ ਵਿਰਾਟ ਰੂਪ ਰੂਪ ਵਿੱਚ ਨਿਵਾਸ ਕਰਦੀ ਹੈ ਤਦੋਂ ਮਨੁੱਖ ਕਿਸੇ ਨੂੰ ਮਾੜਾ ਬੋਲ, ਬੋਲ ਕੇ ਦੁਖੀ ਕਰ ਬਦ-ਅਸੀਸ ਦਾ ਭਾਗੀ ਨਹੀਂ ਬਣਦਾ ਕਿਉਂਕਿ ਉਸ ਨੂੰ ਬਾਬਾ ਫਰੀਦ ਜੀ ਦਾ ਬਚਨ ਯਾਦ ਰਹਿੰਦਾ ਹੈ:-

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥**

ਫਰੀਦ ਜੀ, ਅੰਗ: ੧੩੮੧

---

੧. ਰੁੱਖੇ ਬਚਨ ਬੋਲਣ ਨਾਲ ੨.ਉਸ ਦੀ ਲੋਕਾਂ ਵਿੱਚ ਸੋਅ ਵੀ ਰੁੱਖੀ ਹੁੰਦੀ ਹੈ ੩.ਮੂੰਹ ਤੇ ਥੁੱਕਾਂ ਪੈਂਦੀਆਂ ਹਨ। ੪.ਜੁੱਤੀਆਂ ਦੀ ਮਾਰ ਪੈਂਦੀ ਹੈ।

ਅੱਜ ਬਹੁਤਾਤ ਵਿੱਚ ਹਰ ਮਨੁੱਖ ਉਹ ਸੇਵਾ ਕਰਨੀ ਚਾਹੁੰਦਾ ਹੈ ਜਿਸ ਸੇਵਾ ਕਰਨ ਨੂੰ ਉਸ ਦਾ ਆਪਣਾ ਮਨ ਚਾਹੁੰਦਾ ਹੋਵੇ। ਕਈ ਵਾਰੀ ਮਨ ਭਾਉਂਦੀ ਸੇਵਾ ਕਰਨ ਹਿਤ ਸੇਵਾਦਾਰਾਂ ਦਾ ਆਪਸੀ ਝਗੜਾ ਵੀ ਹੋ ਜਾਂਦਾ ਹੈ। ਗੁਰੂ ਘਰ ਦੀ ਸੇਵਾ ਤਨ, ਮਨ, ਧਨ ਨਾਲ ਕੀਤੀ ਜਾ ਸਕਦੀ ਹੈ ਪਰ ਮਾਇਆ ਦਾ ਪ੍ਰਭਾਵ ਐਸਾ ਹੈ ਕਿ ਮਨੁੱਖ ਤਨ ਦੀ ਸੇਵਾ ਦੀ ਵੀ ਪ੍ਰਦਰਸ਼ਨੀ ਕਰਨਾ ਲੋਚਦਾ ਹੈ। ਧਨ ਦੀ ਸੇਵਾ ਲਈ ਵੀ ਬੋਰਡ ਲਗਵਾਉਣ ਦਾ ਇੱਛੁਕ ਹੈ ਤੇ ਮਨ ਦੀ ਸੇਵਾ ਦੀ ਪ੍ਰਦਰਸ਼ਨੀ ਵੀ ਮਨੁੱਖ ਮਾਲਾ ਫੜ ਕੇ ਕਰਦਾ ਹੈ। ਇਸ ਪ੍ਰਦਰਸ਼ਨੀ ਦੁਆਰਾ ਮਨੁੱਖ ਨੂੰ ਵਾਹ ਵਾਹ ਮਿਲਦੀ ਹੈ। ਵਾਹ-ਵਾਹ ਹੀ ਮਨ ਦੀ ਖ਼ੁਰਾਕ ਹੈ। ਜਦੋਂ ਮਨ ਨੂੰ ਖ਼ੁਰਾਕ ਮਿਲਦੀ ਹੈ ਮਨ ਹੋਰ ਖ਼ੁਰਾਕ ਮੰਗਦਾ ਹੈ ਫਿਰ ਇਹ ਵਾਹ-ਵਾਹ ਦੀ ਖ਼ੁਰਾਕ ਹੀ ਹਉਮੈਂ ਦਾ ਰੂਪ ਧਾਰਨ ਕਰ ਲੈਂਦੀ ਹੈ। ਹਉਮੈਂ ਅਧੀਨ ਕੀਤੀ ਸੇਵਾ ਪ੍ਰਭੂ ਦਰ ਪ੍ਰਵਾਨ ਨਹੀਂ ਹੁੰਦੀ। ਸਤਿਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ:-

**ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥**

ਮ:੩, ਅੰਗ: ੫੬੦

ਅੱਜ ਆਪਾਂ ਨਿੱਤ ਦੇ ਜੀਵਨ ਵਿੱਚ ਵੇਖਦੇ ਹਾਂ ਗੁਰੂ ਘਰ ਵਿੱਚ ਬਰਤਨਾਂ ਦੀ ਸੇਵਾ ਕਰੋ, ਕੋਈ ਨਹੀਂ ਰੋਕਦਾ। ਝਾੜੂ ਦਿਉ, ਫਰਸ਼ ਧੋਵੋ ਕੋਈ ਨਹੀਂ ਵਰਜਦਾ ਪਰ ਬਹੁਤ ਘੱਟ ਵਿਰਲੇ ਸੱਜਣ ਹਨ ਜੋ ਅਜਿਹੀ ਸੇਵਾ ਨੂੰ ਸੇਵਾ ਸਮਝ ਕੇ ਕਰਦੇ ਹਨ ਅਤੇ ਸੇਵਾ ਕਰ ਕੇ ਆਪਣੇ ਮਨ ਦੀ ਪਲੀਤਤਾਈ ਦੂਰ ਕਰਨ ਲਈ ਯਤਨਸ਼ੀਲ ਹਨ। ਨਹੀਂ ਤੇ ਹਰ ਮਨੁੱਖ ਦੀ ਖਾਹਿਸ਼ ਹੈ ਕਿ ਮੈਂ ਸੇਵਾਦਾਰ ਦਾ ਲੇਬਲ ਲਾ ਕੇ ਦੂਸਰਿਆਂ ਉੱਪਰ ਹੁਕਮਰਾਨੀ ਕਰਾਂ। ਇਸ ਤਰ੍ਹਾਂ ਦੇ ਸੇਵਾਦਾਰ ਬਣਨ ਲਈ ਭਾਂਵੇਂ ਮਨੁੱਖ ਨੂੰ ਲੱਖਾਂ ਰੁਪਏ ਕਿਉਂ ਨਾ ਖਰਚਣੇ ਪੈਣ, ਬੜੀ ਖੁਸ਼ੀ ਨਾਲ ਖਰਚਦਾ ਹੈ। ਮੁੱਖ ਸੇਵਾਦਾਰ ਬਣਨ ਲਈ ਤਾਂ ਕਰੋੜਾਂ ਰੁਪਏ ਵੀ ਥੋੜ੍ਹੇ ਹਨ। ਇੱਕ ਪਾਸੇ ਮੁਫ਼ਤ ਵਿੱਚ ਸੇਵਾ ਮਿਲਦੀ ਹੋਵੇ ਦੂਜੇ ਪਾਸੇ ਕਰੋੜਾਂ ਰੁਪਏ ਖਰਚ ਕੇ ਸੇਵਾ ਪ੍ਰਾਪਤ ਕਰਨ ਦਾ ਮਤਲਬ ਆਪ ਜੀ ਸਾਰੇ ਸਮਝਦੇ ਹੀ ਹੋ। ਜੇ ਕਿਤੇ ਲੱਖਾਂ ਰੁਪਏ ਜਾਂ ਕ੍ਰੋੜਾਂ ਰੁਪੈ ਖਰਚ ਕਰ ਕੇ ਪ੍ਰਾਪਤ ਕੀਤੀ ਸੇਵਾ ਖੁਸ ਜਾਵੇ ਤਾਂ ਮਾਇਆ ਖਰਚ ਕੇ ਪ੍ਰਾਪਤ ਕੀਤੀ ਸੇਵਾ ਖੁਸਣ ਵਾਲੇ ਨੂੰ ਜਿੰਨਾਂ ਦੁੱਖ ਹੁੰਦਾ ਹੈ ਉਹ ਹੀ ਜਾਣਦਾ ਹੈ ਅਤੇ ਮੁੜ ਉਸ ਸੇਵਾ ਦੀ ਪ੍ਰਾਪਤੀ ਲਈ ਸੰਘਰਸ਼ ਅਰੰਭ ਹੋ ਜਾਂਦਾ ਹੈ। ਖਾਸ ਕਰ ਆਪਣੀ ਸਿੱਖ ਕੌਮ ਵਿੱਚ ਸੇਵਾ ਕਰਨ ਦਾ ਜਜ਼ਬਾ ਬਹੁਤ ਜਿਆਦਾ ਹੈ ਪਰ ਨਿਸ਼ਕਾਮ ਸੇਵਾ ਦੀ ਬਹੁਤ ਘਾਟ ਹੈ ਜਿਸ ਕਾਰਣ ਗੁਰੂ ਘਰਾਂ ਵਿੱਚ ਲੜਾਈ-ਝਗੜਾ, ਈਰਖਾ, ਵੈਰ-ਵਿਰੋਧ ਬਹੁਤ ਜਿਆਦਾ ਵੇਖਣ ਨੂੰ ਮਿਲਦਾ ਹੈ। ਗੁਰੂ ਘਰ ਦੀ ਸੇਵਾ ਨਾਲ ਇਹ ਅਵਗੁਣ ਘਟਣੇ ਚਾਹੀਦੇ ਸਨ ਪਰ ਹਉਮੈਂ ਅਧੀਨ ਹੁਕਮਰਾਨ ਬਣ ਕੇ ਸੇਵਾ ਕਰਾਉਣ ਦੀ ਰੁਚੀ ਦਾ ਦਿਨੋ-ਦਿਨ ਵਾਧਾ ਹੋ ਰਿਹਾ ਹੈ ਜੇ

ਇੰਝ ਕਹਿ ਲਈਏ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਗੁਰੂ ਘਰਾਂ ਦੇ ਪ੍ਰਬੰਧ ਦੀ ਸੇਵਾ ਦਾ ਸਿਆਸੀ-ਕਰਣ ਹੋ ਚੁੱਕਾ ਹੈ, ਜੋ ਸਿੱਖ ਕੌਮ ਲਈ ਬਹੁਤ ਹੀ ਘਾਤਕ ਤੇ ਮੰਦਭਾਗੀ ਰੁਚੀ ਹੈ। ਅਜ ਆਪਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਤਿੰਨ ਸੌ ਪੰਜਾਹਵੀਂ ਸਥਾਪਨਾ ਵਰ੍ਹੇ-ਗੰਢ ਤੇ ਸਤਿਗੁਰੂ ਕਲਗੀਧਰ ਜੀ ਦੇ ਮੁਬਾਰਕ ਚਰਨਾਂ ਨਾਲ ਪਾਵਨ ਹੋਈ ਅਨੰਦਪੁਰ ਸਾਹਿਬ ਦੀ ਪਾਵਨ ਧਰਤ ਨੂੰ ਸਿਜਦਾ ਕਰਨ ਜਾਣਾ ਹੈ। ਅਨੰਦਪੁਰ ਸਾਹਿਬ ਜੀ ਦੇ ਅਸਥਾਨ ਉੱਪਰ ਹੀ, ਉੱਪਰ ਲਿਖੀ ਘਟਨਾ ਵਾਪਰੀ ਸੀ। ਇਸ ਘਟਨਾ ਨੂੰ ਵਾਚ ਕੇ ਆਪਣੇ ਮਨ ਵਿੱਚ ਵੀ ਗੁਰੂ ਕੀ ਬਾਣੀ ਦੀ ਕੰਘੀ ਫੇਰਨੀ ਹੈ ਕਿ ਭਾਈ ਸੋਭਾ ਰਾਮ, ਜਿਸ ਨੇ ਸੱਤਵੇਂ, ਅੱਠਵੇਂ, ਨੌਵੇਂ ਤੇ ਦਸਵੇਂ ਪਾਤਸ਼ਾਹ ਜੀ ਦੇ ਪਰਤੱਖ ਦਰਸ਼ਨ ਦੀਦਾਰ ਕੀਤੇ ਤੇ ਸੋਭਾ ਰਾਮ ਨੂੰ ਗੁਰੂ ਕੇ ਬਚਨ ਸਰਵਣ ਕਰਨ ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਪਰ ਸੋਭਾ ਰਾਮ ਦੇ ਹਿਰਦੇ ਅੰਦਰ ਨਿਮ੍ਰਤਾ ਨਾ ਆਉਣ ਕਾਰਣ ਤੇ ਕੌੜਾ-ਫਿੱਕਾ ਬੋਲਣ ਦੇ ਸੁਭਾਅ ਕਾਰਣ, ਨਾਮ ਰਸੀਏ ਭਾਈ ਧੰਨੇ ਦੇ ਸਰਾਪ ਨਾਲ ਰਿੱਛ ਜੂਨ ਧਾਰਨੀ ਪਈ। ਕਾਰਣ ਸਾਖੀ ਤੋਂ ਸਪੱਸ਼ਟ ਹੋ ਜਾਂਦਾ ਹੈ। ਹੁਕਮਰਾਨੀ ਸੇਵਾ ਕਿ ਮੇਰਾ ਇਹ ਅਧਿਕਾਰ ਹੈ, ਮੈਂ ਜਿਸ ਨੂੰ ਵੀ ਵੱਧ-ਘੱਟ ਬੋਲ ਲਵਾਂ ਮੈਨੂੰ ਮੁਆਫ਼ ਹੈ ਕਿਉਂਕਿ ਮੈਂ ਚਾਰ ਸਤਿਗੁਰਾਂ ਦੀ ਸੇਵਾ ਕੀਤੀ ਹੈ। ਅੱਜ ਆਪਾਂ ਨੂੰ ਵੀ ਅਜਿਹੇ ਵਰਤਾਰੇ ਤੋਂ ਬਚਣ ਲਈ ਧਿਆਨ ਰੱਖਣਾ ਚਾਹੀਦਾ ਹੈ।

ਸੰਸਾਰ ਅੰਦਰ ਧਰਮ ਗ੍ਰੰਥਾਂ ਵਿੱਚ [੧]ਦਸ ਪ੍ਰਕਾਰ ਦੇ ਪਾਪ ਲਿਖੇ ਹਨ; ਤਿੰਨ ਮਨ ਦੇ, ਤਿੰਨ ਤਨ ਦੇ ਅਤੇ ਚਾਰ ਜੀਭ ਦੇ। ਜਿਸ ਦੀ ਜੀਭ ਵੱਸ ਵਿੱਚ ਆ ਗਈ ਉਹ ਚਾਰ ਪਾਪਾਂ ਤੋਂ ਸੁਤੇ ਹੀ ਬਚ ਜਾਵੇਗਾ। ਸੋ ਹਮੇਸ਼ਾ ਬੋਲਣ ਤੋਂ ਪਹਿਲਾਂ ਉਹਨਾਂ ਬੋਲਾਂ ਤੋਂ ਨਿਕਲਣ ਵਾਲੇ ਨਤੀਜੇ ਪ੍ਰਤੀ ਸੋਚੋ। ਸਿਆਣੇ ਇਸੇ ਨੂੰ ਹੀ ਇੱਕ ਕਹਾਵਤ ਰਾਹੀਂ ਬਿਆਨ ਕਰਦੇ ਹਨ, "ਚੱਬੋ-ਚਿੱਥੋ, ਸੁਆਦ ਪਰਖੋ ਫਿਰ ਅੰਦਰ ਲੰਘਾਉ ਜਦੋਂ ਅੰਦਰ ਲੰਘ ਗਿਆ ਮੁੜ ਵਾਪਸ ਨਹੀਂ ਆਉਣਾ"। ਇਸੇ ਤਰ੍ਹਾਂ "ਤੀਰ ਕਮਾਨ ਚੋਂ ਨਿਕਲਿਆ ਤੇ ਬੋਲ ਜ਼ੁਬਾਨ ਚੋਂ [੨]ਨਿਕਲਿਆ ਹੱਥ ਨਹੀਂ ਆਉਂਦਾ"। ਸੋ ਆਪਣੇ ਆਪ ਨੂੰ ਭਾਈ ਗੁਰਦਾਸ ਜੀ ਦੇ ਕਹੇ ਬਚਨਾਂ ਅਨੁਸਾਰ ਚਲਾਉਣ ਦਾ ਯਤਨ ਕਰਨਾ ਚਾਹੀਦਾ

---

**੧.ਮਨ ਦੇ ਤਿੰਨ ਪਾਪ:** ਕਿਸੇ ਦੇ ਤਨ ਪ੍ਰਤੀ ਮਾੜਾ ਸੋਚਣਾ, ਕਿਸੇ ਦੇ ਧਨ ਪ੍ਰਤੀ ਬੁਰਾ ਸੋਚਣਾ, ਕਿਸੇ ਦੀ ਇੱਜਤ ਪ੍ਰਤੀ ਭੈੜੇ ਫੁਰਨੇ ਕਰਨੇ।

**ਤਨ ਦੇ ਤਿੰਨ ਪਾਪ:** ਕਿਸੇ ਦੇ ਤਨ ਨੂੰ ਨੁਕਸਾਨ ਪਹੁੰਚਾਉਣਾ (ਭਾਵ ਕਤਲ ਕਰ ਦੇਣਾ) ਕਿਸੇ ਦੇ ਧਨ ਅਤੇ ਸੰਪਦਾ ਦਾ ਨੁਕਸਾਨ ਕਰ ਦੇਣਾ, ਕਿਸੇ ਦੀ ਸਰੀਰ ਕਰਕੇ ਇੱਜਤ ਲੁੱਟਣੀ ਇਹ ਤਿੰਨ ਤਨ ਦੇ ਪਾਪ ਹਨ।

**ਜ਼ੁਬਾਨ ਦੇ ਚਾਰ ਪਾਪ:** ਜ਼ੁਬਾਨ ਨਾਲ ਅਨਰਥ ਬੋਲਣਾ, ਝੂਠ ਬੋਲਣਾ, ਕੌੜਾ-ਫਿੱਕਾ ਬੋਲਣਾ, ਅਕਾਰਥ ਬੋਲੀ ਜਾਣਾ ਇਹ ਚਾਰ ਪਾਪ ਜ਼ੁਬਾਨ ਦੁਆਰਾ ਹੁੰਦੇ ਹਨ।

੨.ਤੀਰ ਕਮਾਨੋਂ, ਗੱਲ ਜ਼ੁਬਾਨੋਂ

ਹੈ, ਫਿਰ ਲੋਕ ਵੀ ਸੁਖੀ ਪ੍ਰਲੋਕ ਵੀ ਸੁਹੇਲਾ। ਆਪ ਦਾ ਫੁਰਮਾਨ ਹੈ:-

**ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਯਾ॥**

ਵਾਰ ੮, ਪਉੜੀ:੨੪

ਸਤਿਗੁਰੂ ਨਾਨਕ ਦੇਵ ਜੀ ਦੇ ਵੀਚਾਰਾਂ ਅਨੁਸਾਰ ਜ਼ੁਬਾਨ ਦੀ ਮਿਠਾਸ ਤੇ ਮਨ ਦੀ ਨਿਮ੍ਰਤਾ ਸਾਰੇ ਗੁਣਾਂ, ਸਾਰੀਆਂ ਨੇਕੀਆਂ ਦਾ ਸਾਰ ਹੈ। ਆਪ ਜੀ ਦਾ ਆਸਾ ਜੀ ਦੀ ਵਾਰ ਅੰਦਰ ਫੁਰਮਾਨ ਹੈ:-

**ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ॥**

ਆਸਾ ਦੀ ਵਾਰ ਮ:੧, ਅੰਗ:੪੭੧

ਭਗਤ ਫਰੀਦ ਜੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਬਚਨਾਂ ਦੀ ਪ੍ਰੋੜਤਾ ਕਰਦੇ ਫੁਰਮਾਨ ਕਰਦੇ ਹਨ ਕਿ ਜੇ ਮਨੁੱਖ ਮਨ ਵਿੱਚ ਨਿਮ੍ਰਤਾ ਧਾਰਨ ਕਰੇ, ਵਧੀਕੀ ਕਰਨ ਵਾਲੇ ਨੂੰ ਵੀ ਖਿਮਾਂ ਕਰ ਦੇਵੇ ਤੇ ਜ਼ੁਬਾਨ ਤੋਂ ਮਿੱਠੇ ਬਚਨ ਬੋਲੇ ਤਦ ਸੰਸਾਰ ਤਾਂ ਕੀ ਨਿਰੰਕਾਰ ਵੀ ਵੱਸ ਵਿੱਚ ਆ ਜਾਂਦਾ ਹੈ। ਆਪ ਜੀ ਦਾ ਬੜਾ ਪਿਆਰਾ ਬਚਨ ਜ਼ਿੰਦਗੀ ਵਿੱਚ ਧਾਰਨ ਕਰਨ ਵਾਲਾ ਹੈ:-

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥**

ਫਰੀਦ ਜੀ, ਅੰਗ:੧੩੮੪

ਕਲਗੀਧਰ ਜੀ ਕ੍ਰਿਪਾ ਕਰਨ ਸਾਡੇ ਜੀਵਨ ਦਾ ਅਧਾਰ; ਨਿਮ੍ਰਤਾ, ਖਿਮਾਂ ਤੇ ਮਿਠਬੋਲੜਾ ਸੁਭਾਅ ਬਣ ਜਾਵੇ ਕਿਉਂਕਿ ਪਰਮਾਤਮਾਂ ਦਾ ਸੁਭਾਅ ਵੀ ਮਿਠਬੋਲੜਾ ਹੈ:-

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥**
**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥**
**ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥**

ਮ:੫, ਅੰਗ:੭੮੫

ਜਦੋਂ ਜੀਵ ਦਾ ਤੇ ਬ੍ਰਹਮ ਦਾ ਸੁਭਾਅ ਇੱਕ ਬਣ ਗਿਆ, ਸਮਝੋ ਗੱਲ ਰਾਸ ਆ ਗਈ ਅਤੇ ਜੀਵ ਦਾ ਲੋਕ-ਪ੍ਰਲੋਕ ਸੰਵਰ ਗਿਆ।

# ੪੦
# ਗੁਰੂ ਚਰਨ ਛੋਹ ਪ੍ਰਾਪਤ ਗੁਰਧਾਮ ਧਰਤ ਅਨੰਦਪੁਰ ਦੇ

ਉਂਝ ਤਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਦਾ ਜ਼ਰਾ-ਜ਼ਰਾ ਸਤਿਗੁਰੂ ਜੀ, ਮਾਤਾ ਜੀ, ਸਾਹਿਬਜ਼ਾਦਿਆਂ ਤੇ ਗੁਰੂ ਰੂਪ ਹੋਏ ਗੁਰਸਿੱਖਾਂ ਦੀ ਚਰਨ ਛੋਹ ਨਾਲ ਪਵਿੱਤ੍ਰ ਹੋਇਆ ਪਿਆ ਹੈ। ਇਸ ਅਨੰਦਪੁਰ ਦੀ ਧਰਤੀ ਦਾ ਕਣ-ਕਣ, ਗੁਰੂ ਪਰਉਪਕਾਰਾਂ, ਸਤਿਗੁਰੂ ਜੀ ਦੀ ਕੁਰਬਾਨੀ ਤੇ ਸਿੰਘਾਂ ਦੇ ਬਲੀਦਾਨਾਂ ਦੀ ਗਵਾਹੀ ਭਰਦਾ ਆਪਣੇ ਅੰਦਰ ਸਮੇਂ ਦੀ ਬਹੁਤ ਲੰਬੀ ਦਾਸਤਾਨ ਛੁਪਾਈ ਬੈਠਾ ਹੈ। ਕਲਗੀਧਰ ਜੀ ਨੇ ਉਨੱਤੀ ਸਾਲ ਤੋਂ ਵਧੇਰੇ ਦਾ ਸਮਾਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਬਤੀਤ ਕੀਤਾ। ਹਰ ਦਿਨ ਦੇ ਉਪਕਾਰ, ਹਰ ਦਿਨ ਦੇ ਚੋਜ ਤੇ ਬਖਸ਼ਿਸ਼ਾਂ ਜੋ ਥਾਵਾਂ-ਥਾਵਾਂ ਉੱਪਰ ਕੀਤੀਆਂ ਉਸ ਅਨੁਸਾਰ ਸਾਰਾ ਅਨੰਦਪੁਰ ਹੀ ਅਨੰਦ ਦੀ ਪੁਰੀ ਹੈ ਪਰ ਫਿਰ ਵੀ ਕੁਝ ਵਿਸ਼ੇਸ਼ ਅਸਥਾਨ ਹਨ, ਜਿਨ੍ਹਾਂ ਥਾਵਾਂ ਉੱਪਰ ਬੈਠ ਸਤਿਗੁਰੂ ਜੀ ਨੇ ਮਹਾਨ ਪਰਉਪਕਾਰ ਕੀਤੇ। ਸਤਿਗੁਰੂ ਕਲਗੀਧਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਖੁਦ ਆਪ ਭਾਈ ਗੁਰਬਖਸ਼ ਜੀ ਉਦਾਸੀ ਨੂੰ ਆਪਣੇ ਕੋਲ ਸੱਦਿਆ ਤੇ ਖਾਸ ਅਸਥਾਨਾਂ ਉੱਤੇ ਦੀਵਾ-ਵੱਟੀ ਤੇ ਸੇਵਾ ਕਰਕੇ ਉਨ੍ਹਾਂ ਅਸਥਾਨਾਂ ਨੂੰ ਸੁਰੱਖਿਅਤ ਰੱਖਣ ਦਾ ਬਿਖਮ ਕਾਰਜ ਸੌਂਪਿਆ। ਜਿਸ ਨੂੰ ਬਾਬਾ ਗੁਰਬਖਸ਼ ਜੀ ਉਦਾਸੀ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ ਅਨੇਕਾਂ ਕਸ਼ਟ ਸਹਿ ਕਰਕੇ ਇਹਨਾਂ ਗੁਰੂ ਅਸਥਾਨਾਂ ਨੂੰ ਕਾਇਮ ਰੱਖਿਆ। ਇਨ੍ਹਾਂ ਮਹਾਨ ਪਰਉਪਕਾਰੀ ਅਸਥਾਨਾਂ ਤੇ ਮੁਗਲਾਂ ਦੇ ਅਤਿਆਚਾਰ ਖਤਮ ਹੋਣ ਤੋਂ ਉਪਰੰਤ ਸਿੱਖਾਂ ਨੇ ਬੜੇ ਆਲੀਸ਼ਾਨ ਗੁਰਦੁਆਰੇ ਹੋਂਦ ਵਿੱਚ ਲਿਆਂਦੇ ਜੋ ਉਸ ਸਮੇਂ ਦਾ ਇਤਿਹਾਸ ਲੁਕਾਈ ਤੱਕ ਪਹੁੰਚਾਉਣ ਦਾ ਸਾਧਨ ਬਣ ਰਹੇ ਹਨ। ਗੁਰੂ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਕੇ ਸ਼ਰਧਾਲੂ ਗੁਰਸਿੱਖ ਉਨ੍ਹਾਂ ਅਸਥਾਨਾਂ 'ਚੋਂ ਗੁਰੂ ਦੀ ਹਜ਼ੂਰੀ ਮਹਿਸੂਸ ਕਰਕੇ ਜਿੱਥੇ ਆਪਣੇ ਅੰਦਰ ਗੁਰੂ ਹੋਂਦ ਨੂੰ ਵਸਾਉਂਦਾ ਹੈ। ਉੱਥੇ ਉਸ ਅਸਥਾਨ ਤੇ ਬੈਠ, ਜੋ ਲੁਕਾਈ ਦੇ ਭਲੇ ਦੇ ਕਾਰਜ ਸਤਿਗੁਰੂ ਜੀ ਨੇ ਕੀਤੇ ਹੁੰਦੇ ਹਨ, ਉਹ ਸਾਰੇ ਪਰਉਪਕਾਰ ਗੁਰਸਿੱਖ ਦੀ ਸਿਮ੍ਰਤੀ ਵਿੱਚ ਪ੍ਰਗਟ ਹੋ ਕੇ ਜਗਿਆਸੂ ਨੂੰ ਇੱਕ ਅਗੰਮੀ ਰਸ ਤੇ ਛੋਹ ਪ੍ਰਦਾਨ ਕਰ ਜਾਂਦੇ ਹਨ। ਇਸ ਲਈ ਹਰ ਗੁਰਸਿੱਖ ਨੂੰ ਗੁਰੂ ਚਰਨਾਂ ਨਾਲ ਪਵਿੱਤ੍ਰ ਹੋਏ ਅਸਥਾਨ ਜੋ ਗੁਰਦੁਆਰਿਆਂ ਦੇ ਰੂਪ ਵਿੱਚ ਸ਼ੁਸ਼ੋਭਿਤ

ਹਨ, ਇਨ੍ਹਾਂ ਪਾਵਨ ਅਸਥਾਨਾਂ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਜਿਸ ਅਸਥਾਨ ਤੇ ਦਰਸ਼ਨ ਕਰਨ ਲਈ ਜਾਈਏ, ਉਸ ਗੁਰੂ ਘਰ ਵਿੱਚ ਥੋੜ੍ਹਾ ਸਮਾਂ ਬੈਠ ਜੇ ਉਸ ਅਸਥਾਨ ਦਾ ਇਤਿਹਾਸਕ ਪਿਛੋਕੜ ਜੇ ਯਾਦ ਹੈ ਤਾਂ ਆਪਣੀ ਸਿਮ੍ਰਤੀ ਦੁਆਰਾ ਉਸ ਨੂੰ ਮੁੜ ਤਾਜ਼ਾ ਕਰੀਏ, ਜੇ ਉਸ ਗੁਰਧਾਮ ਦੇ ਇਤਿਹਾਸ ਪ੍ਰਤੀ ਸਾਨੂੰ ਕੋਈ ਜਾਣਕਾਰੀ ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਿਰਾ ਭੇਟਾ ਰੱਖ ਮੱਥਾ ਟੇਕ ਕੇ ਵਾਪਿਸ ਨਾ ਆ ਜਾਈਏ ਸਗੋਂ ਉਸ ਅਸਥਾਨ ਦੇ ਸੇਵਾਦਾਰ, ਭਾਈ ਸਾਹਿਬ ਜੀ ਨੂੰ ਬੇਨਤੀ ਕਰਕੇ ਉਸ ਅਸਥਾਨ ਦਾ ਪਾਵਨ ਇਤਿਹਾਸ ਪਿਆਰ ਨਾਲ ਸਰਵਣ ਕਰਕੇ ਉਸ ਗੁਰਦੁਆਰੇ (ਗੁਰੂਧਾਮ) ਦੀ ਜਾਣਕਾਰੀ ਪ੍ਰਾਪਤ ਕਰੀਏ, ਤਦ ਹੀ ਪੂਰਨ ਲਾਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤ ਤੇ ਸੁਸ਼ੋਭਿਤ ਸਤਿਗੁਰੂ ਜੀ ਵੱਲੋਂ ਨਿਰਮਾਣਿਤ ਕਰਵਾਏ ਗਏ ਕਿਲ੍ਹਿਆਂ ਅਤੇ ਗੁਰੂ ਛੋਹ ਨੂੰ ਪ੍ਰਾਪਤ ਗੁਰ ਅਸਥਾਨਾਂ ਦਾ ਸੰਖੇਪ ਇਤਿਹਾਸ ਅਗਲੇਰੇ ਪੰਨਿਆਂ ਵਿੱਚ ਵਰਨਣ ਕੀਤਾ ਗਿਆ ਹੈ ਤਾਂ ਜੋ ਅਸੀਂ ਆਪਣੇ ਕੀਮਤੀ ਇਤਿਹਾਸ ਨੂੰ ਆਪਣੀ ਸਿਮ੍ਰਤੀ ਵਿੱਚ ਤਰੋ ਤਾਜ਼ਾ ਕਰਦੇ ਹੋਏ ਅਨੰਦਪੁਰ ਸਾਹਿਬ ਦੀ ਧਰਤ ਨੂੰ ਨਤਮਸਤਕ ਹੁੰਦੇ ਹੋਏ ਹੋਏ ਇਹਨਾਂ ਅਸਥਾਨਾਂ ਦੀ ਧੂੜ ਮਸਤਕ ਨੂੰ ਲਾ ਸਕੀਏ–

## ਸ੍ਰੀ ਅਨੰਦਪੁਰ ਸਾਹਿਬ ਦੀ ਰਖਵਾਲੀ ਲਈ ਸਤਿਗੁਰੂ ਜੀ ਵੱਲੋਂ ਬਣਵਾਏ ਗਏ ਕਿਲ੍ਹੇ :

**ਤਖ਼ਤ ਸ੍ਰੀ ਕੇਸਗੜ੍ਹ ਸਾਹਿਬ**:– ਸਿੱਖ ਪੰਥ ਦਾ ਇਹ ਪਾਵਨ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਧਰਤੀ ਤੇ ਸੁਸ਼ੋਭਿਤ ਹੈ। ਇਹ ਉਹ ਅਸਥਾਨ ਹੈ ਜਿੱਥੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਰਮੇਸ਼ਵਰੀ ਹੁਕਮ ਵਿੱਚ, ਪ੍ਰਮਾਤਮ ਦੀ ਮੌਜ ਵਿੱਚ "ਖ਼ਾਲਸਾ" ਪ੍ਰਗਟ ਕੀਤਾ। ਇਸੇ ਅਸਥਾਨ ਤੇ ਪੰਜ ਗੁਰਸਿੱਖਾਂ ਨੇ ਆਪਣੇ ਸੀਸ ਭੇਟ ਕਰਕੇ ਸਤਿਗੁਰੂ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸਤਿਗੁਰੂ ਜੀ ਨੇ ਗੁਰੂ ਹੁਕਮ ਮੁਹਰੇ "ਸੀਸ ਭੇਟ" ਕਰਨ ਵਾਲੇ ਇਹਨਾਂ ਪੰਜਾਂ ਮਰਜੀਵੜਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਾ ਕੇ "ਪੰਜਾਂ ਪਿਆਰਿਆਂ" ਦਾ ਲਕਬ ਦੇ ਕੇ ਨਿਵਾਜ਼ਿਆ ਅਤੇ ਫਿਰ "ਗੁਰ ਚੇਲੇ ਦੀ ਸੰਧ" ਮਿਟਾਉਂਦਿਆਂ ਹੋਇਆਂ "ਆਪੇ ਗੁਰ ਚੇਲਾ" ਦੀ ਅਨੂਠੀ ਕਾਰ ਕਰਕੇ ਪੰਜਾਂ ਪਾਸੋਂ ਅੰਮ੍ਰਿਤ ਦੀ ਦਾਤ ਆਪ ਪ੍ਰਾਪਤ ਕਰਕੇ "ਗੋਬਿੰਦ ਰਾਏ" ਤੋਂ "ਗੋਬਿੰਦ ਸਿੰਘ" ਬਣੇ। ਅੱਜ ਦੁਨੀਆਂ ਦੇ ਨਕਸ਼ੇ ਤੇ ਸ੍ਰੀ ਅਨੰਦਪੁਰ ਸਾਹਿਬ ਖ਼ਾਲਸੇ ਦੀ ਜਨਮ ਭੂਮੀ ਕਰਕੇ ਜਾਣਿਆ ਜਾਂਦਾ ਹੈ ਉਥੇ ਸ੍ਰੀ ਕੇਸਗੜ੍ਹ ਸਾਹਿਬ ਦਾ ਅਸਥਾਨ "ਕੇਸਾਧਾਰੀ" ਖ਼ਾਲਸੇ ਦਾ ਸਿਰਜਣਾ ਅਸਥਾਨ ਹੋਣ ਕਰਕੇ ਪੂਜਣਯੋਗ ਹੈ ।

ਖ਼ਾਲਸੇ ਦੇ ਝੂਲਦੇ ਨਿਸ਼ਾਨ, ਸਤਿਗੁਰੂ ਜੀ ਦੀ ਰਿਆਸਤ ਦੀ ਸ਼ਾਨ ਅੱਜ ਵਿਸ਼ਵ ਭਰ ਵਿੱਚ ਚਮਕਾ ਰਹੇ ਹਨ ਅਤੇ ਜਿਸ ਰਿਆਸਤ ਨੇ ਕਲਗੀਧਰ ਪਿਤਾ ਜੀ ਅਤੇ ਉਹਨਾਂ ਦੇ ਪਿਆਰੇ ਖ਼ਾਲਸੇ ਨੂੰ ਆਪਣੀ ਜਨਮ-ਭੂਮੀ ਛੱਡਣ ਲਈ ਮਜ਼ਬੂਰ ਕੀਤਾ ਅੱਜ ਉਹ ਸੈਂਕੜੇ ਸਾਲ ਪੁਰਾਣੀ ਬਿਲਾਸਪੁਰ ਦੀ ਰਿਆਸਤ ਅਤੇ ਉਸਦੇ ਵਾਰਸਾਂ ਦਾ ਨਾਮੋ-ਨਿਸ਼ਾਨ ਵੀ ਇਸ ਧਰਤ ਤੇ ਨਹੀਂ ਦਿਸਦਾ। ਇਹ ਰਿਆਸਤ ਸਤਿਗੁਰੂ ਸ੍ਰੀ ਗੁਰੁ ਗੋਬਿੰਦ ਸਿੰਘ ਸਾਹਿਬ ਜੀ ਦੇ ਨਾਮ ਤੇ ਬਣੇ "ਗੋਬਿੰਦ ਸਾਗਰ" ਦੀ ਤਹਿ ਵਿੱਚ ਸਮਾਂ ਚੁੱਕੀ ਹੈ ਪਰ ਕਲਗੀਧਰ ਪਾਤਸ਼ਾਹ ਜੀ ਦਾ ਖ਼ਾਲਸਾ ਪਰਿਵਾਰ ਜਿੱਥੇ ਸਮੁੱਚੇ ਵਿਸ਼ਵ ਵਿੱਚ ਆਪਣੇ ਖ਼ਾਲਸਾਈ ਨਿਸ਼ਾਨ ਲਹਿਰਾਅ ਰਿਹਾ ਹੈ ਉਥੇ ਆਪਣੇ ਪਿਆਰੇ ਸਤਿਗੁਰੂ ਸਾਹਿਬਾਨ ਵੱਲੋਂ ਵਸਾਈ ਇਸ ਆਪਣੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ੩੫੦ਵੀਂ ਸਾਜਨਾ ਵਰ੍ਹੇ ਗੰਢ ਪੂਰੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾ ਰਿਹਾ ਹੈ।

ਕੇਸਗੜ੍ਹ ਸਾਹਿਬ ਦਾ ਅਸਥਾਨ ਸਤਿਗੁਰੂ ਜੀ ਵੱਲੋਂ ਕਿਲ੍ਹੇ ਦੇ ਰੂਪ ਵਿੱਚ ਵੀ ਵਿਕਸਤ ਕੀਤਾ ਗਿਆ ਸੀ। ਇਹ ਅਤਿ ਮਹਿਫੂਜ਼ ਕਿਲ੍ਹਾ ਸੀ। ਇਸ ਕਿਲ੍ਹੇ ਤੱਕ ਪੁੱਜਣ ਲਈ ਅਗੰਮਗੜ੍ਹ, ਹੋਲਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ ਜਾਂ ਤਾਰਾਗੜ੍ਹ ਜਿਹੇ ਕਿਲ੍ਹਿਆਂ ਨੂੰ ਸਰ ਕਰਨਾ ਜ਼ਰੂਰੀ ਸੀ। ਇਤਿਹਾਸ ਵਿੱਚ ਅਜਿਹਾ ਕਦੀ ਨਹੀਂ ਵਾਪਰਿਆ ਕਿ ਦੁਸ਼ਮਣ ਕਿਸੇ ਸਮੇਂ ਵੀ ਇਸ ਕੇਸਗੜ੍ਹ ਦੇ ਕਿਲ੍ਹੇ ਤੱਕ ਪਹੁੰਚਿਆ ਹੋਵੇ। ਕੇਵਲ ਸਤਿਗੁਰੂ ਜੀ ਦੇ ਅਨੰਦਪੁਰ ਸਾਹਿਬ ਛੱਡ ਜਾਣ ਤੋਂ ਬਾਅਦ ਹੀ ਦੁਸ਼ਮਣ ਫੌਜਾਂ ਨੇ ਇਸ ਅਸਥਾਨ ਦਾ ਨੁਕਸਾਨ ਕੀਤਾ।

ਮੌਜੂਦਾ ਸਮੇਂ ਇਸ ਅਸਥਾਨ ਦੀ ਅਤਿ ਸੁੰਦਰ ਅਤਿ ਮਨਮੋਹਕ ਇਮਾਰਤ ਦੇ ਦਰਸ਼ਨ ਕਰਕੇ ਹਰ ਗੁਰਸਿੱਖ ਦਾ ਸੀਨਾ ਚੌੜਾ ਹੋ ਜਾਂਦਾ ਹੈ ਅਤੇ ਇਸ ਪਾਵਨ ਅਸਥਾਨ ਦੀ ਸਰਦਲ ਤੇ ਨਤਮਸਤਕ ਹੁੰਦਿਆਂ, ਚਰਨਧੂੜੀ ਮੱਥੇ ਨੂੰ ਲੱਗਦਿਆਂ ਹੀ ਸੁਰਤ ਅਗੰਮੀ ਮੰਡਲ ਵਿੱਚ ਜਾ ਚੜ੍ਹਦੀ ਹੈ, ਚੜ੍ਹੇ ਵੀ ਕਿਉਂ ਨਾ? ਕਿਉਂ ਜੁ ਗੁਰਸਿੱਖ ਆਪਣੀ ਜਨਮ ਭੂਮੀ ਤੇ ਆਪਣੇ ਜਨਮ-ਅਸਥਾਨ ਦੀ ਸਰਦਲ ਜੁ ਚੁੰਮ ਰਿਹਾ ਹੁੰਦਾ ਹੈ। ਜਦ ਨੇਤਰ ਖੁੱਲ੍ਹਦੇ ਹਨ ਤਦ ਜੁੱਗੋ ਜੁੱਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਬਿਰਾਜਮਾਨ ਗੁਰਦੇਵ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਵਨ ਦਰਸ਼ਨ ਆਪਣੀ ਸੁਰਤ ਨਾਲ ਕਰਕੇ ਗੁਰੂ ਕਾ ਸਿੱਖ ਧੰਨਭਾਗੀ ਹੋ ਨਿਬੜਦਾ ਹੈ।

ਇਸ ਦੇ ਨਾਲ ਹੀ ਸਤਿਗੁਰੂ ਦੀ ਪਾਵਨ ਛੋਹ ਪ੍ਰਾਪਤ ਸ਼ਸਤਰਾਂ ਦੇ ਦਰਸ਼ਨ ਵੀ ਗੁਰਸਿੱਖ ਨੂੰ ਹੁੰਦੇ ਹਨ ਜਿਨ੍ਹਾਂ ਨੂੰ ਗੁਰਦੇਵ ਜੀ ਨੇ "ਯਹੀ ਹਮਾਰੇ ਪੀਰ" ਕਹਿ ਕੇ

ਸਨਮਾਨਿਆ ਹੈ। ਇਹ ਕੁੱਲ ੧੨ ਸ਼ਸ਼ਤਰ ਹਨ। ਜਿਨ੍ਹਾਂ ਵਿੱਚੋਂ ਛੇ ਸ਼ਸਤਰ ਭਾਈ ਗੁਰਬਖਸ਼ ਸਿੰਘ ਜੀ (ਬਾਬਾ ਬੁੱਢਾ ਸਾਹਿਬ ਜੀ ਦੇ ਜਾਨਸ਼ੀਨ, ਭਾਈ ਰਾਮ ਕੰਵਰ ਜੀ) ਨੇ ਨੰਦੇੜ ਤੋਂ ਲਿਆਂਦੇ ਸਨ ਅਤੇ ਛੇ ਸ਼ਸਤਰ ੧੯੬੬ ਈ. ਵਿੱਚ ਇੰਗਲੈਂਡ ਤੋਂ ਲਿਆਂਦੇ ਗਏ ਸਨ। ਇਹਨਾਂ ਸਾਰਿਆਂ ਦਾ ਵੇਰਵਾ ਇਸ ਪ੍ਰਕਾਰ ਹੈ:-

**੧. ਖੰਡਾ**:- ਇਹ ਉਹੀ ਖੰਡਾ ਹੈ ਜਿਸ ਨਾਲ ਸੀਸ ਭੇਟ ਕੌਤਕ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਖੰਡੇ ਦੀ ਪਾਹੁਲ' ਤਿਆਰ ਕਰਕੇ ਪਹਿਲੇ ਪੰਜ ਸਿੰਘਾਂ (ਪੰਜ ਪਿਆਰਿਆਂ) ਨੂੰ ਛਕਾਈ ਸੀ। ਇਸ ਖੰਡੇ ਨੂੰ ੧੯੪੨ ਵਿੱਚ ਇੱਕ ਵਾਰੀ ਸ੍ਰੀ ਅਕਾਲ ਤਖਤ ਸਾਹਿਬ (ਅੰਮ੍ਰਿਤਸਰ) ਲਿਜਾਇਆ ਗਿਆ ਸੀ ਤੇ ਉਥੋਂ ਇਸ ਨਾਲ ਅੰਮ੍ਰਿਤ ਤਿਆਰ ਕਰਕੇ ਛਕਾਇਆ ਗਿਆ ਸੀ। ਖੰਡੇ ਦੀ ਮਹਾਨਤਾ ਨੂੰ ਮੱਦੇ-ਨਜ਼ਰ ਰੱਖਦਿਆਂ ਇਸ ਨੂੰ ੧੯੪੨ ਤੋਂ ਮਗਰੋਂ ਮੁੜ ਕਦੇ ਵੀ ਨਹੀਂ ਵਰਤਿਆ ਗਿਆ।

**੨. ਕਟਾਰ**:- ਇਹ ਗੁਰੂ ਸਾਹਿਬ ਦੇ ਕਮਰਕੱਸੇ ਦਾ ਸ਼ਸਤਰ ਸੀ। ਇਸ ਨੂੰ ਹੱਥੋ-ਹੱਥੀ ਦੀ ਲੜਾਈ ਵਿੱਚ ਵਰਤਿਆ ਜਾਂਦਾ ਸੀ। ਇਹ ਸੰਜੋਆਂ ਨੂੰ ਤੋੜਨ ਵਿੱਚ ਮਦਦ ਕਰਦਾ ਹੈ। ਜੇ ਹੱਥੋ-ਹੱਥ ਲੜਾਈ ਵਿੱਚ ਇਸ ਨਾਲ ਵਾਰ ਹੋ ਜਾਏ ਤਾਂ ਦੁਸ਼ਮਣ ਬਚ ਨਹੀਂ ਸਕਦਾ।

**੩. ਸੈਫ਼** :-ਇਹ ਦੋ ਧਾਰਾ ਸ਼ਸਤਰ ਹੈ। ਕੁਝ ਸੋਮਿਆਂ ਮੁਤਾਬਕ ਇਹ ਸੈਫ਼ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਭੇਟ ਕੀਤੀ ਸੀ। ਆਖਿਆ ਜਾਂਦਾ ਹੈ ਕਿ ਇਹ ਸੈਫ਼ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ (ਬੀਬੀ ਫ਼ਾਤਿਮਾ ਦੇ ਖਾਵੰਦ) ਹਜ਼ਰਤ ਅਲੀ ਦੀ ਸੀ ਤੇ ਇਸ ਨੂੰ ਹਜ਼ਰਤ ਅਲੀ ਦੇ ਬੱਚਿਆਂ ਹਸਨ ਤੇ ਹੁਸੈਨ ਨੇ ਵੀ ਵਰਤਿਆ ਸੀ। ਇਸ ਮਗਰੋਂ ਇਹ ਸੈਫ਼ ਇਸਲਾਮੀ ਖਲੀਫ਼ਿਆਂ ਕੋਲ ਹੀ ਰਹੀ ਸੀ। ਖਲੀਫ਼ਿਆਂ ਨੇ ਔਰੰਗਜ਼ੇਬ ਦੀ ਇਸਲਾਮ-ਸੇਵਾ ਨੂੰ ਮੁੱਖ ਰੱਖਦਿਆਂ ਉਸ ਨੂੰ ਭੇਟ ਕੀਤੀ ਸੀ। ਔਰੰਗਜ਼ੇਬ ਤੋਂ ਇਹ ਬਹਾਦਰ ਸ਼ਾਹ ਤੱਕ ਪਹੁੰਚੀ ਤੇ ਉਸ ਨੇ ਗੁਰੂ ਸਾਹਿਬ ਨੂੰ ਆਗਰਾ ਵਿਖੇ ਭੇਟ ਕੀਤੀ ਸੀ।

**੪. ਬੰਦੂਕ**: ਇਹ ਬੰਦੂਕ ਲਹੌਰ ਦੇ ਇੱਕ ਸਿੱਖ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਭੇਟ ਕੀਤੀ ਸੀ। ਗੁਰੂ ਸਾਹਿਬ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਮਗਰੋਂ ਸਿੱਖਾਂ ਨੂੰ ਹੁਕਮਨਾਮੇ ਭੇਜੇ ਸਨ ਕਿ ਉਹ ਜਦੋਂ ਵੀ ਚੱਕ ਨਾਨਕੀ (ਅਨੰਦਪੁਰ ਸਾਹਿਬ) ਆਉਣ ਤਾਂ ਆਪਣੇ ਨਾਲ ਚੰਗੇ ਘੋੜੇ, ਸ਼ਸਤਰ ਲੈ ਕੇ ਆਉਣ। ਇਸ ਹੁਕਮਨਾਮੇ ਤੇ ਅਮਲ ਵਜੋਂ ਬਹੁਤ ਸਾਰੇ ਸ਼ਸਤਰ ਅਨੰਦਪੁਰ ਸਾਹਿਬ 'ਚ ਪੁੱਜਿਆ ਕਰਦੇ ਸਨ।

**੫. ਨਾਗਣੀ ਬਰਛਾ**:- ਇਸ ਬਰਛੇ ਦਾ ਅਗਲਾ ਹਿੱਸਾ ਸੱਪਨੀ ਵਾਂਗ ਵੱਲ ਖਾਂਦਾ ਹੋਇਆ ਬਣਿਆ ਹੋਇਆ ਹੈ। ਇਸੇ ਕਰ ਕੇ ਇਸ ਦਾ ਨਾਂ ਨਾਗਣੀ ਬਰਛਾ ਸੀ।

ਇਸ ਦਾ ਵਾਰ ਏਨਾ ਜ਼ਬਰਦਸਤ ਹੁੰਦਾ ਸੀ ਕਿ ਇਸ ਦਾ ਮਾਰਿਆ ਨਾਗਣੀ ਦੇ ਡੰਗ ਮਾਰੇ ਜਾਣ ਵਾਂਗ ਪਾਣੀ ਵੀ ਨਹੀਂ ਸੀ ਮੰਗਦਾ। ਇਸ ਕਰਕੇ ਵੀ ਇਸ ਨੂੰ ਨਾਗਣੀ ਬਰਛਾ ਆਖਿਆ ਜਾਂਦਾ ਸੀ। ਇਹ ਗੁਰੂ ਸਾਹਿਬ ਦਾ ਨਿੱਜੀ ਬਰਛਾ ਸੀ। ਅਜਮੇਰ ਚੰਦ ਤੇ ਹੋਰ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਜਦ ਸ੍ਰੀ ਅਨੰਦਪੁਰ ਸਾਹਿਬ ਤੇ ਹਮਲਾ ਕੀਤਾ, ਤਦ ਕਿਲ੍ਹੇ ਦਾ ਦਰਵਾਜਾ ਤੋੜਨ ਲਈ ਇੱਕ ਸ਼ਰਾਬ ਨਾਲ ਮਦ-ਮਸਤ ਹਾਥੀ ਫੌਜ ਦੇ ਮੁਹਰੇ ਭੇਜਿਆ ਗਿਆ। ਹਾਥੀ ਦੇ ਮੱਥੇ ਤੇ ਫ਼ੌਲਾਦੀ ਤਵੀਆਂ ਬੰਨ੍ਹੀਆਂ ਹੋਈਆਂ ਸਨ। ਗੁਰੂ ਸਾਹਿਬ ਨੇ ਆਪਣਾ ਨਾਗਣੀ ਬਰਛਾ ਭਾਈ ਬਚਿੱਤਰ ਸਿੰਘ ਨੂੰ ਦੇ ਉਸ ਮਦਮਸਤ ਹਾਥੀ ਦਾ ਮੁਕਾਬਲਾ ਕਰਨ ਵਾਸਤੇ ਭੇਜਿਆ। ਭਾਈ ਬਚਿੱਤਰ ਸਿੰਘ ਨੇ ਲੋਹਗੜ੍ਹ ਕਿਲ੍ਹੇ ਦੇ ਦਰਵਾਜ਼ੇ ਤੋਂ ਕੁਝ ਦੂਰੀ ਤੇ ਆ ਰਹੇ ਹਾਥੀ ਵੱਲ ਘੋੜਾ ਭਜਾ ਕੇ ਇਸ ਨਾਗਣੀ ਬਰਛੇ ਨਾਲ ਐਨਾ ਜ਼ਬਰਦਸਤ ਵਾਰ ਕੀਤਾ ਕਿ ਬਰਛਾ ਤਵੀਆਂ ਵਿੰਨ੍ਹਦਾ ਹਾਥੀ ਦੇ ਮੱਥੇ ਵਿੱਚ ਫਸ ਗਿਆ। ਨਾਲ ਹੀ ਭਾਈ ਬਚਿੱਤਰ ਸਿੰਘ ਨੇ ਬਰਛੇ ਨੂੰ ਇੱਕ ਦਮ ਵਾਪਸ ਖਿੱਚ ਲਿਆ। ਹਾਥੀ ਚੰਘਾਰੀਆਂ ਮਾਰਦਾ ਹੋਇਆ ਪਿਛਾਂਹ ਵੱਲ ਮੁੜਿਆ ਅਤੇ ਪਹਾੜੀ ਫੌਜਾਂ ਨੂੰ ਕੁਚਲਦਾ ਹੋਇਆ ਭੱਜ ਗਿਆ।

**੬. ਕਰਪਾ ਬਰਛਾ** :- ਹੱਥ ਦੀ ਤਲੀ ਵਰਗੀ ਚੌੜੀ ਸ਼ਕਲ ਹੋਣ ਕਰਕੇ ਇਸ ਨੂੰ ਕਰਪਾ ਬਰਛਾ ਆਖਿਆ ਜਾਂਦਾ ਹੈ। ਇਹ ਬਰਛਾ ਵੀ ਗੁਰੂ ਸਾਹਿਬ ਦਾ ਆਪਣਾ ਸੀ। ਇਸ ਦੀ ਵਰਤੋਂ ਘੱਟੋ-ਘੱਟ ਦੋ ਤਵਾਰੀਖੀ ਮੌਕਿਆਂ ਤੇ ਹੋਈ ਸੀ। ੧੬੭੩ ਵਿੱਚ ਗੁਰੂ ਸਾਹਿਬ ਦੀ ਕੁੜਮਾਈ ਮਾਤਾ ਜੀਤ ਕੌਰ ਨਾਲ ਹੋਈ ਸੀ। ਮਾਤਾ ਜੀਤ ਕੌਰ ਦੇ ਪਿਤਾ ਦੀ ਖਾਹਿਸ਼ ਸੀ ਕਿ ਗੁਰੂ ਸਾਹਿਬ ਬਾਰਾਤ ਲੈ ਕੇ ਲਾਹੌਰ ਆਉਣ। ਜਦੋਂ ੧੬੭੭ ਵਿੱਚ ਸ਼ਾਦੀ ਦੀ ਗੱਲ ਚੱਲੀ ਤਾਂ ਗੁਰੂ ਸਾਹਿਬ ਨੇ ਬਾਰਾਤ ਲਹੌਰ ਲਿਜਾਣ ਦੀ ਖਾਹਿਸ਼ ਨੂੰ ਪੂਰਾ ਕਰਨ ਵਾਸਤੇ ਅਨੰਦਪੁਰ ਸਾਹਿਬ ਤੋਂ ੧੧ ਕਿਲੋਮੀਟਰ ਦੂਰ"ਗੁਰੂ ਕਾ ਲਾਹੌਰ" ਨਾਂ ਦਾ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ। ਨਵਾਂ ਨਗਰ ਵਸਾਉਣ ਵੇਲੇ ਉਥੇ ਪਾਣੀ ਦੀ ਕਿੱਲਤ ਨਜ਼ਰ ਆਈ ਤਾਂ ਗੁਰੂ ਸਾਹਿਬ ਨੇ ਇਸ ਬਰਛੇ ਨਾਲ ਜ਼ਮੀਨ 'ਚੋਂ ਪਾਣੀ ਦਾ ਝਰਨਾ ਪ੍ਰਗਟ ਕੀਤਾ। ਗੁਰੂ ਸਾਹਿਬ ਨੇ ਇਸ ਬਰਛੇ ਦੇ ਵਾਰ ਨਾਲ ਜ਼ਮੀਨ 'ਚ ਤਿੰਨ ਨਿਸ਼ਾਨ ਪਾਏ। ਇਸ ਨਾਲ ਪਾਣੀ ਦੀਆਂ ਤਿੰਨ ਧਾਰਾਂ ਫੁੱਟ ਪਈਆਂ।

ਇਸ ਕਰਪਾ ਬਰਛੇ ਦਾ ਨਾਂ ਤਵਾਰੀਖ 'ਚ ਇੱਕ ਹੋਰ ਘਟਨਾ ਕਰਕੇ ਆਉਂਦਾ ਹੈ। ਪਹਿਲੀ ਸਤੰਬਰ ੧੭੦੦ ਦੇ ਦਿਨ ਲੋਹਗੜ੍ਹ ਤੇ ਹਮਲਾਵਰ ਪਹਾੜੀ ਫੌਜ ਦਾ ਲੀਡਰ ਕੇਸਰੀ ਚੰਦ (ਅਜਮੇਰ ਚੰਦ ਬਿਲਾਸਪੁਰੀਏ ਦਾ ਮਾਮਾ) ਸੀ। ਉਹ ਤੁਰਨ ਵੇਲੇ ਇਹ ਆਖ ਕੇ ਚੱਲਿਆ ਸੀ ਕਿ "ਜੇ ਮੈਂ ਅੱਜ ਦੀ ਲੜਾਈ ਵਿੱਚ ਹਾਰ ਗਿਆ ਤਾਂ ਵਾਪਿਸ ਆਪਣਾ ਮੂੰਹ ਨਹੀਂ ਦਿਖਾਵਾਂਗਾ।" ਭਾਈ ਉਦੈ ਸਿੰਘ ਨੇ ਗੁਰੂ ਸਾਹਿਬ ਤੋਂ ਇਸ ਦਾ ਮੁਕਾਬਲਾ ਕਰਨ ਵਾਸਤੇ ਥਾਪੜਾ ਲਿਆ। ਗੁਰੂ ਸਾਹਿਬ ਨੇ ਉਸ ਨੂੰ

ਆਪਣਾ ਕਰਪਾ ਬਰਛਾ ਦਿੱਤਾ। ਲੋਹਗੜ੍ਹ ਵੱਲ ਆਉਂਦੇ ਪਹਾੜੀ ਫੌਜ ਦੇ ਅੱਗੇ ਚੱਲ ਰਹੇ ਮਦਮਸਤ ਹਾਥੀ ਨੂੰ ਭਾਈ ਬਚਿੱਤਰ ਸਿੰਘ ਨੇ ਮੋੜਿਆ। ਇਸ ਮਗਰੋਂ ਭਾਈ ਉਦੈ ਸਿੰਘ, ਰਾਜਾ ਕੇਸਰੀ ਚੰਦ ਕੋਲ ਜਾ ਪਹੁੰਚਿਆ ਅਤੇ ਫੁਰਤੀ ਨਾਲ ਉਸ ਦਾ ਸਿਰ ਵੱਢ ਲਿਆ ਅਤੇ ਇਸ ਬਰਛੇ ਤੇ ਟੰਗ ਕੇ ਗੁਰੂ ਸਾਹਿਬ ਕੋਲ ਅਨੰਦਗੜ੍ਹ ਕਿਲ੍ਹੇ ਵਿੱਚ ਪੁੱਜ ਕੇ ਉਨ੍ਹਾਂ ਦੇ ਚਰਨਾਂ ਵਿੱਚ ਕੇਸਰੀ ਚੰਦ ਦਾ ਸਿਰ ਭੇਟ ਕੀਤਾ। ਪਹਾੜੀ ਫ਼ੌਜਾਂ ਨੇ ਕੇਸਰੀ ਚੰਦ ਦਾ ਸਿਰ ਲਿਜਾਂਦੇ ਭਾਈ ਉਦੈ ਸਿੰਘ ਤੇ ਕਈ ਤੀਰ ਚਲਾਏ ਜਿਨ੍ਹਾਂ ਵਿੱਚੋਂ ਕਈ ਬਰਛੇ ਨੂੰ ਵੀ ਵੱਜੇ। ਉਨ੍ਹਾਂ ਦੀਆਂ ਨਿਸ਼ਾਨੀਆਂ ਇਸ ਬਰਛੇ ਤੇ ਲੱਗੀਆਂ ਹੋਈਆਂ ਹਨ। ਇੰਝ ਹੀ ਗੋਲੀ ਦਾ ਵੀ ਇਕ ਅੱਧ ਨਿਸ਼ਾਨ ਨਜ਼ਰ ਆਉਂਦਾ ਹੈ।

## ਇੰਗਲੈਂਡ ਤੋਂ ਆਏ ਸ਼ਸਤਰ :-

**੭.ਵੱਡਾ ਬਰਛਾ ੮.ਛੋਟਾ ਬਰਛਾ ੯.ਸ਼ਮਸ਼ੀਰ-ਏ-ਤੇਗ ੧੦.ਦਾਹੇ-ਆਹਨੀ ੧੧.ਸੁਨਹਿਰੀ ਚੱਕਰ ੧੨.ਗੈਂਡੇ ਦੀ ਖੱਲ ਨਾਲ ਬਣੀ ਹੋਈ ਢਾਲ।**

ਕੇਸਗੜ੍ਹ ਸਾਹਿਬ ਤਖ਼ਤ ਵੀ ਸੀ ਅਤੇ ਇੱਕ ਕਿਲ੍ਹਾ ਵੀ ਸੀ। ਇਸ ਕਿਲ੍ਹੇ ਤੋਂ ਇਲਾਵਾ ਗੁਰੂ ਸਾਹਿਬ ਵੱਲੋਂ ਬਣਾਏ ਗਏ ਹੋਰ ਕਿਲ੍ਹੇ ਹੇਠ ਲਿਖੇ ਸਨ। ਅੱਜ ਕੱਲ੍ਹ ਇਨ੍ਹਾਂ ਕਿਲ੍ਹਿਆਂ ਵਾਲੀਆਂ ਜਗ੍ਹਾ ਤੇ ਗੁਰਦੁਆਰੇ ਬਣੇ ਹੋਏ ਹਨ।

**ਕਿਲ੍ਹਾ ਅਨੰਦਗੜ੍ਹ ਸਾਹਿਬ**:- ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਭ ਤੋਂ ਪਹਿਲਾਂ ਇਹੀ ਕਿਲ੍ਹਾ ਬਣਾਇਆ ਸੀ। ਇਹ ਅਪ੍ਰੈਲ ੧੬੮੯ ਵਿੱਚ ਬਣਨਾ ਸ਼ੁਰੂ ਹੋਇਆ ਸੀ। ਕਿਲ੍ਹਾ ਅਨੰਦਗੜ੍ਹ ਸਾਹਿਬ ਰੋਪੜ ਵੱਲੋਂ ਆਉਂਦਿਆਂ ਸੱਜੇ ਹੱਥ ਆਉਂਦਾ ਹੈ। ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਪੁਰਾਣੀ ਈਮਾਰਤ ਨੂੰ ਅਜਮੇਰ ਚੰਦ ਦੀਆਂ ਫ਼ੌਂਜਾਂ ਨੇ ੧੭੦੫-੦੬ ਵਿੱਚ ਹੀ ਢਾਹ ਢੇਰੀ ਕਰ ਦਿੱਤਾ ਸੀ। ਫਿਰ ਸਿੱਖਾਂ ਨੇ ਕਈ ਸਾਲ ਮਗਰੋਂ ਇਥੇ ਗੁਰਦੁਆਰਾ ਕਾਇਮ ਕੀਤਾ ਸੀ। ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਬਾਉਲੀ ਸ: ਜੱਸਾ ਸਿੰਘ ਆਹਲੂਵਾਲੀਆ ਨੇ ਬਣਾਈ ਸੀ।

ਕਿਲ੍ਹਾ ਅਨੰਦਗੜ੍ਹ ਸਾਹਿਬ ਕਿਲ੍ਹਾ ਲੋਹਗੜ੍ਹ ਤੋਂ ਬਾਅਦ ਦੂਜਾ ਵੱਡਾ ਸੈਂਟਰ ਸੀ। ਕਿਲ੍ਹਾ ਅਨੰਦਗੜ੍ਹ ਦੁਸ਼ਮਣ ਦੇ ਹਮਲੇ ਦੀ ਸੂਰਤ ਵਿੱਚ ਸਭ ਤੋਂ ਵੱਧ ਮਹਿਫੂਜ਼ ਜਗ੍ਹਾ ਸੀ । ਪੋਹ ਦੀਆਂ ਰਾਤਾਂ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਉਹ ਇੱਥੋਂ ਹੀ ਕੀਰਤਪੁਰ ਸਾਹਿਬ ਵੱਲ ਤੁਰੇ ਸਨ। ਅਨੰਦਗੜ੍ਹ ਸਾਹਿਬ ਫ਼ੌਜੀ ਪੱਖ ਤੋਂ ਸੈਂਟਰ ਸੀ ਅਤੇ ਸ਼ਸ਼ਤਰ ਤੇ ਗੋਲਾ ਬਾਰੂਦ ਸਾਰਾ ਏਥੇ ਹੀ ਸਟਾਕ ਕੀਤਾ ਹੁੰਦਾ ਸੀ। ਦੁਸ਼ਮਣਾਂ ਦੀਆਂ ਫ਼ੌਜਾਂ ਨੇ ਇਸ ਕਿਲ੍ਹੇ ਤੇ ਕਈ ਵਾਰ ਹਮਲੇ ਕੀਤੇ ਪਰ ਹਰ ਵਾਰ ਮੂੰਹ ਦੀ ਖਾਧੀ।

**ਕਿਲ੍ਹਾ ਲੋਹਗੜ੍ਹ ਸਾਹਿਬ** :- ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਣਵਾਏ ਕਿਲ੍ਹਿਆਂ ਵਿੱਚੋਂ ਕਿਲ੍ਹਾ ਲੋਹਗੜ੍ਹ ਵੀ ਖਾਸ ਅਹਿਮੀਅਤ ਰੱਖਦਾ ਸੀ। ਇਹ ਕਿਲ੍ਹਾ "ਚੱਕ ਨਾਨਕੀ" ਦੇ ਸਿਰੇ ਤੇ ਚਰਨ ਗੰਗਾ ਦੇ ਕੰਢੇ ਤੇ ਸੀ। ਕਿਲ੍ਹਾ ਲੋਹਗੜ੍ਹ, ਕਿਲ੍ਹਾ ਅਨੰਦਗੜ੍ਹ ਤੋਂ ਬਾਅਦ ਦੂਜੇ ਨੰਬਰ ਤੇ ਵਧੇਰੇ ਤਕੜਾ ਕਿਲ੍ਹਾ ਸੀ। ਇਸ ਵਿੱਚ ਗੁਰੂ ਸਾਹਿਬ ਨੇ ਹਥਿਆਰ ਬਣਾਉਣ ਦਾ ਇੱਕ ਕਾਰਖਾਨਾ ਲਾਇਆ ਹੋਇਆ ਸੀ। ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਦੇ ਸਾਰੇ ਕਿਲ੍ਹਿਆਂ ਤੇ ਹਮਲੇ ਕੀਤੇ ਸਨ ਤੇ ਹਰ ਵਾਰੀ ਹਾਰ ਖਾਧੀ ਸੀ। ਲੋਹਗੜ੍ਹ ਤੇ ਉਹ ਹਮਲਾ ਕਰਨੋਂ ਉਂਝ ਹੀ ਝਿਜਕਦੇ ਸਨ ਕਿਉਂਕਿ ਇਸ ਦਾ ਗੇਟ ਤੋੜਨਾ ਉਨ੍ਹਾਂ ਦੇ ਵੱਸ ਵਿੱਚ ਨਹੀਂ ਸੀ। ਕਿਲ੍ਹਾ ਲੋਹਗੜ੍ਹ ਤੇ ਉਹਨਾਂ ਨੇ ਹਮਲਾ ਕਰਨ ਵਾਸਤੇ ਹੀ ਮਦਮਸਤ ਹਾਥੀ ਨੂੰ ਅੱਗੇ ਕੀਤਾ। ਇਸ ਮਦਮਸਤ ਹਾਥੀ ਨੂੰ ਕਿਲ੍ਹਾ ਲੋਹਗੜ੍ਹ ਦੇ ਗੇਟ ਦੇ ਨੇੜੇ ਭਾਈ ਬਚਿੱਤਰ ਸਿੰਘ ਨੇ ਨਾਗਨੀ ਬਰਛਾ ਮਾਰ ਕੇ ਮੋੜਿਆ ਸੀ। ਇਸੇ ਜਗ੍ਹਾ ਤੇ ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਸਿਰ ਵੱਢਿਆ ਸੀ। ਸਤਿਗੁਰੂ ਜੀ ਦੇ ਅਨੰਦਪੁਰ ਸਾਹਿਬ ਛੱਡ ਜਾਣ ਤੋਂ ਬਾਅਦ ਪਹਾੜੀ ਫ਼ੌਜਾਂ ਨੇ ਇਸ ਕਿਲ੍ਹੇ ਨੂੰ ਵੀ ਢਾਹ ਦਿੱਤਾ ਸੀ।

**ਕਿਲ੍ਹਾ ਹੋਲਗੜ੍ਹ ਤੇ ਅਗੰਮਗੜ੍ਹ ਸਾਹਿਬ**:- ਕਿਲ੍ਹਾ ਹੋਲਗੜ੍ਹ ਗੁਰਦੁਆਰਾ ਪਿੰਡ ਅਗੰਮਪੁਰਾ ਦੀ ਹਦੂਦ ਵਿੱਚ ਬਣਿਆ ਹੋਇਆ ਹੈ। ਇਹ ਅਨੰਦਪੁਰ ਸਾਹਿਬ ਤੋਂ ਤਕਰੀਬਨ ਇੱਕ ਕਿਲੋਮੀਟਰ ਦੂਰ ਹੈ। ਤਵਾਰੀਖ ਦੇ ਕੁਝ ਸੋਮਿਆਂ ਮੁਤਾਬਿਕ ਜਿਸ ਜਗ੍ਹਾ ਗੁਰਦੁਆਰਾ ਕਿਲ੍ਹਾ ਹੋਲਗੜ੍ਹ ਹੈ ਉਥੇ ਕਿਲ੍ਹਾ ਅਗੰਮਗੜ੍ਹ ਹੁੰਦਾ ਸੀ ਅਤੇ ਕਿਲ੍ਹਾ ਹੋਲਗੜ੍ਹ ਚਰਨ ਗੰਗਾ ਦੇ ਦੂਸਰੇ ਪਾਸੇ ਹੁੰਦਾ ਸੀ। ਕਿਲ੍ਹਾ ਹੋਲਗੜ੍ਹ ਦਾ ਨਾਂ 'ਹੋਲਾ ਮਹੱਲਾ' ਨਾਲ ਵੀ ਜੁੜਿਆ ਹੋਇਆ ਹੈ। ਹੋਲੀਆਂ ਦੇ ਦਿਨਾਂ ਵਿੱਚ ਲੋਕ ਇੱਕ ਦੂਜੇ ਤੇ ਰੰਗ ਸੁੱਟ ਕੇ ਕੱਪੜੇ ਖਰਾਬ ਕਰਿਆ ਕਰਦੇ ਸਨ। ਸਿੱਖਾਂ ਨੂੰ ਇਸ ਫ਼ਜ਼ੂਲ ਰਸਮ ਤੋਂ ਹਟਾਉਣ ਵਾਸਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਸ਼ੁਰੂ ਕੀਤਾ ਸੀ। ਇਸ ਜਲੂਸ ਦੇ ਹੋਲਗੜ੍ਹ ਪੁੱਜਣ ਮਗਰੋਂ ਉਥੇ ਘੋੜ-ਸਵਾਰੀ, ਨੇਜ਼ਾਬਾਜੀ, ਤਲਵਾਰਬਾਜ਼ੀ, ਗਤਕਾ ਤੇ ਕੁਸ਼ਤੀਆਂ ਦੇ ਮੁਕਾਬਲੇ ਹੋਇਆ ਕਰਦੇ ਸਨ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹੋਲਗੜ੍ਹ ਕਿਲ੍ਹੇ ਦੇ ਅੱਗੇ ਚਰਨ ਗੰਗਾ ਦਾ ਬੜਾ ਖੁੱਲ੍ਹਾ ਮੈਦਾਨ ਸੀ।

**ਕਿਲ੍ਹਾ ਫ਼ਤਹਿਗੜ੍ਹ ਸਾਹਿਬ**:- ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਹਿਫ਼ਾਜਤ ਵਾਸਤੇ ਇੱਕ ਹੋਰ ਅਹਿਮ ਕਿਲ੍ਹਾ ਅਨੰਦਪੁਰ ਸਾਹਿਬ ਦੇ ਨਾਲ ਸਹੋਟਾ ਪਿੰਡ ਵਿੱਚ ਵੀ ਬਣਾਇਆ ਹੋਇਆ ਸੀ ਜਦੋਂ ਇਹ ਕਿਲ੍ਹਾ ਬਣ ਰਿਹਾ ਸੀ ਤਾਂ ਸਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ ਉਨ੍ਹੀਂ ਦਿਨੀ ਹੋਇਆ ਸੀ। ਆਪ ਨੇ ਇਸ ਦਾ ਨਾਂ ਫ਼ਤਹਿਗੜ੍ਹ ਰੱਖਿਆ ਸੀ। ਪਹਾੜੀ ਫੌਜਾਂ ਨੇ ਇਸ ਕਿਲ੍ਹੇ ਤੇ ਵੀ ਹਮਲਾ ਕੀਤਾ ਤੇ ਹਾਰ ਖਾਧੀ ਸੀ।

**ਕਿਲ੍ਹਾ ਤਾਰਾਗੜ੍ਹ ਸਾਹਿਬ**:- ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਤਕਰੀਬਨ ਪੰਜ ਕਿਲੋਮੀਟਰ ਦੂਰ ਪਿੰਡ ਤਾਰਾਪੁਰ ਦੀ ਹਦੂਦ ਵਿੱਚ ਸੀ। ਇਸ ਕਿਲ੍ਹੇ ਨੂੰ ਬਨਾਉਣ ਦਾ ਮਕਸਦ ਬਿਲਾਸਪੁਰ ਰਿਆਸਤ ਵਾਲੇ ਪਾਸਿਓ ਹੋਣ ਵਾਲੇ ਹਮਲੇ ਨੂੰ ਰੋਕਣਾ ਸੀ। ਇਸ ਕਿਲ੍ਹੇ ਦੀਆਂ ਦੀਵਾਰਾਂ ਤੇ ਚੜ੍ਹ ਕੇ ਕੋਟ ਕਹਿਲੂਰ ਤੇ ਨਿਗਾਹ ਰੱਖੀ ਜਾ ਸਕਦੀ ਸੀ। ਤਾਰਾਗੜ੍ਹ ਕਿਲ੍ਹੇ ਵਾਲੀ ਜਗ੍ਹਾ ਤੇ ਪਹਿਲਾਂ ਕੋਈ ਗੁਰਦੁਆਰਾ ਨਹੀਂ ਸੀ, ਇੱਥੇ ਸਿਰਫ਼ ਇੱਕ ਬਾਉਲੀ ਸੀ। ਹੁਣ ਇੱਥੇ ਇੱਕ ਸ਼ਾਨਦਾਰ ਗੁਰਦੁਆਰਾ ਸਾਹਿਬ ਵੀ ਉਸਰ ਗਿਆ ਹੈ।

## ਸ੍ਰੀ ਅਨੰਦਪੁਰ ਸਾਹਿਬ ਵਿੱਚ ਸਸ਼ੋਭਿਤ ਗੁਰ-ਚਰਨ ਛੋਹ ਪ੍ਰਾਪਤ ਗੁਰ-ਅਸਥਾਨ :

**ਗੁਰਦੁਆਰਾ ਗੁਰੂ ਕੇ ਮਹਿਲ**:- ਇਹ ਗੁਰਦੁਆਰਾ ਬਹੁਤ ਪੁਰਾਤਨ ਹੈ। ਇੱਥੇ ਗੁਰੂ ਤੇਗ ਬਹਾਦਰ ਸਾਹਿਬ ਨੇ ਰਹਿਣ ਵਾਸਤੇ ਮਕਾਨ ਤਾਮੀਰ ਕੀਤਾ ਸੀ। ਇੱਥੇ ਵੱਖ ਵੱਖ ਸਮਿਆਂ ਵਿੱਚ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ, ਮਾਤਾ ਨਾਨਕੀ, ਮਾਤਾ ਗੁਜ਼ਰੀ, ਮਾਤਾ ਬਸੀ, ਮਾਤਾ ਸੁਲੱਖਣੀ, ਮਾਤਾ ਹਰੀ, ਬੀਬੀ ਰੂਪ ਕੌਰ, ਮਾਤਾ ਜੀਤ ਕੌਰ, ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ, ਚਾਰ ਸਾਹਿਬਜ਼ਾਦੇ ਰਹੇ ਹਨ। ਰਾਣੀ ਚੰਪਾ ਤੇ ਰਾਜਾ ਤੀਰ ਚੰਦ ਵੀ ਇਥੇ ਥਾਂ ਆ ਕੇ ਠਹਿਰਦੇ ਰਹੇ ਸਨ। ਗੁਰਦੁਆਰਾ ਭੋਰਾ ਸਾਹਿਬ, ਮੰਜੀ ਸਾਹਿਬ ਅਤੇ ਦਮਦਮਾ ਸਾਹਿਬ ਇਸੇ ਇਮਾਰਤ ਦਾ ਹੀ ਹਿੱਸਾ ਹਨ।

**ਗੁਰਦੁਆਰਾ ਭੋਰਾ ਸਾਹਿਬ**:- ਇਹ ਗੁਰਦੁਆਰਾ "ਗੁਰੂ ਕੇ ਮਹਿਲ" ਵਾਲੀ ਇਮਾਰਤ ਦੇ ਵਿਚਕਾਰ ਹੈ। ਇਸ ਥਾਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ਇੱਕ ਭੋਰਾ ਬਣਵਾਇਆ ਸੀ, ਜਿੱਥੇ ਬੈਠ ਕੇ ਉਹ ਬੰਦਗੀ ਕਰਿਆ ਕਰਦੇ ਸਨ। ਸਤਿਗੁਰਾਂ ਨੇ ਇੱਥੇ ਕੁਝ ਗੁਰਬਾਣੀ ਵੀ ਉਚਾਰੀ ਸੀ।

**ਗੁਰਦੁਆਰਾ ਮੰਜੀ ਸਾਹਿਬ**:- ਇਹ ਗੁਰਦੁਆਰਾ ਵੀ "ਗੁਰੁ ਕੇ ਮਹਿਲ" ਦੇ ਵਿਹੜੇ ਦਾ ਇੱਕ ਹਿੱਸਾ ਹੈ। ਇਸ ਥਾਂ ਉੱਪਰ ਗੁਰੂ ਤੇਗ ਬਹਾਦਰ ਸਾਹਿਬ ਦੀਵਾਨ ਲਾਉਂਦੇ ਸਨ ਅਤੇ ਸੰਗਤਾਂ ਨੂੰ ਸੰਬੋਧਨ ਕਰਿਆ ਕਰਦੇ ਸਨ। ਇਸੇ ਥਾਂ ਤੇ ਕਸ਼ਮੀਰੀ ਪੰਡਿਤਾਂ ਦਾ ਇੱਕ ਜਥਾ ਪੰਡਤ ਕਿਰਪਾ ਦੱਤ ਦੀ ਜਥੇਦਾਰੀ ਹੇਠ, ਗੁਰੂ ਤੇਗ ਬਹਾਦਰ ਸਾਹਿਬ ਕੋਲ ਆ ਫਰਿਆਦੀ ਹੋਇਆ ਸੀ ਤੇ ਔਰੰਗਜ਼ੇਬ ਦੇ ਜ਼ੁਲਮਾਂ ਦੀ ਦਾਸਤਾਨ ਸੁਣਾ ਕੇ ਗੁਰੂ ਸਾਹਿਬ ਤੋਂ ਮਦਦ ਦੀ ਪੁਕਾਰ ਕੀਤੀ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਸ ਕਾਰਜ ਵਾਸਤੇ ਸੀਸ ਦੇਣਾ ਪੈਣਾ ਹੈ।

**ਗੁਰਦੁਆਰਾ ਦਮਦਮਾ ਸਾਹਿਬ**:- ਇਹ ਗੁਰਦੁਆਰਾ ਵੀ "ਗੁਰੂ ਕੇ ਮਹਿਲ" ਦੀ

ਇਮਾਰਤ ਵਿੱਚ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸ ਜਗ੍ਹਾ 'ਤੇ ਬੈਠ ਕੇ ਸੰਗਤਾਂ ਨੂੰ ਦਰਸ਼ਨ ਦੇਂਦੇ ਸਨ। ਸ੍ਰੀ ਗੁਰੂ ਗੋਬਿੰਦ ਸਾਹਿਬ ਨੂੰ ਗੁਰਗੱਦੀ ਵੀ ਇਸੇ ਥਾਂ ਦਿੱਤੀ ਗਈ ਸੀ। ਮਸੰਦਾਂ ਦੀ ਪਰਖ ਵੀ ਇਸੇ ਥਾਂ ਹੋਈ ਸੀ ਅਤੇ ਕਲਗੀਧਰ ਜੀ ਦੁਆਰਾ ਮੁਜ਼ਰਿਮ ਮਸੰਦਾਂ ਨੂੰ ਸਜ਼ਾ ਵੀ ਇਸੇ ਅਸਥਾਨ ਤੇ ਹੀ ਦਿੱਤੀ ਗਈ ਸੀ। ਇਸ ਗੁਰਦੁਆਰੇ ਦੇ ਕੋਲ ਹੀ ਇੱਕ ਖੂਹ ਹੈ, ਜਿਸ ਦੇ ਕੰਢੇ 'ਤੇ ਮੁਜ਼ਰਿਮ ਮਸੰਦਾਂ ਨੂੰ ਸਾੜਿਆ ਗਿਆ ਸੀ।

**ਗੁਰਦੁਆਰਾ ਸੀਸ ਗੰਜ ਸਾਹਿਬ**:- ਇਸੇ ਅਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਦਾ ਸਸਕਾਰ ਕੀਤਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਇਸ ਥਾਂ ਭਾਈ ਗੁਰਬਖਸ਼ ਦਾਸ ਉਦਾਸੀ ਨੂੰ ਸੇਵਾ-ਸੰਭਾਲ ਵਾਸਤੇ ਮੁਕੱਰਰ ਕਰ ਕੇ ਟੁਰੇ ਸਨ।

**ਗੁਰਦੁਆਰਾ ਅਕਾਲ ਬੁੰਗਾ**:- ਇਹ ਉਹੀ ਥਾਂ ਹੈ ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦੇ ਸਸਕਾਰ ਮਗਰੋਂ ਜੁੜੀਆਂ ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਣਾ ਮੰਨਣ, ਤਕੜੇ ਹੋਣ, ਧਰਮ ਦੀ ਰੱਖਿਆ ਕਰਨ ਅਤੇ ਜ਼ੁਲਮ ਦੇ ਖਿਲਾਫ ਜੰਗ ਵਾਸਤੇ ਤਿਆਰ-ਬਰ-ਤਿਆਰ ਹੋਣ ਵਾਸਤੇ ਆਖਿਆ ਸੀ। ਇਹ ਥਾਂ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਿਲਕੁਲ ਨੇੜੇ ਹੈ।

**ਗੁਰਦੁਆਰਾ ਮੰਜੀ ਸਾਹਿਬ (ਦੁਮਾਲਗੜ੍ਹ ਸਾਹਿਬ)**:- ਇਹ ਗੁਰਦੁਆਰਾ ਕੇਸਗੜ੍ਹ ਸਾਹਿਬ ਦੇ ਸਾਹਮਣੇ ਉੱਤਰ ਵੱਲ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਸਾਹਿਬਜ਼ਾਦਿਆਂ ਨੂੰ ਖੇਡਾਂ ਤੇ ਵਰਜਿਸ਼ ਕਰਾਇਆ ਕਰਦੇ ਸਨ। ਇੱਥੇ ਗੁਰੂ ਸਾਹਿਬ ਜਵਾਨਾਂ 'ਤੇ ਬੱਚਿਆਂ ਵਿੱਚ ਕੁਸ਼ਤੀਆਂ ਅਤੇ ਹੋਰ ਮੁਕਾਬਲੇ ਕਰਾਇਆ ਕਰਦੇ ਸਨ। ਜਦ ਅਜਮੇਰ ਚੰਦ ਦੀਆਂ ਫੌਜਾਂ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਸੀ। ਉਸ ਸਮੇਂ ਇਸੇ ਥਾਂ ਗੁਰੂ ਸਾਹਿਬ ਬੋਹੜ ਹੇਠਾਂ ਬੈਠੇ ਸਨ। ਉਸ ਸਮੇਂ ਗੁਰੂ ਸਾਹਿਬ ਦੇ ਨਾਲ ਭਾਈ ਮੋਹਕਮ ਸਿੰਘ, ਭਾਈ ਉਦੈ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਆਲਮ ਸਿੰਘ ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਵੀ ਬੈਠੇ ਸਨ। ਅਜਮੇਰ ਚੰਦ ਦੀਆਂ ਫੌਜਾਂ ਦੇ ਹਮਲੇ ਦਾ ਟਾਕਰਾ ਕਰਨ ਵਾਸਤੇ ਭਾਈ ਮਾਨ ਸਿੰਘ ਨਿਸ਼ਾਨਚੀ ਦੀ ਅਗਵਾਈ ਵਿੱਚ ਸਿੱਖ ਫੌਜਾਂ ਡਟੀਆਂ ਹੋਈਆਂ ਸਨ। ਇਸ ਲੜਾਈ 'ਚ ਭਾਈ ਮਾਨ ਸਿੰਘ ਜਖਮੀ ਹੋ ਕੇ ਡਿੱਗ ਪਏ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਟੁੱਟ ਗਿਆ। ਜਦੋਂ ਗੁਰੂ ਸਾਹਿਬ ਨੂੰ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਉਸੇ ਵੇਲੇ ਆਪਣੀ ਛੋਟੀ ਦਸਤਾਰ (ਕੇਸਕੀ) ਤੋਂ ਇੱਕ ਫ਼ਰਰਾ ਲਾਹਿਆ ਅਤੇ ਦਸਤਾਰ ਵਿੱਚ ਲਗਾ ਲਿਆ। ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਅੱਗੇ ਤੋਂ ਖਾਲਸੇ ਦਾ ਨਿਸ਼ਾਨ ਸਾਹਿਬ ਕਦੇ ਵੀ ਨਹੀਂ

ਟੁੱਟੇਗਾ। ਗੁਰੂ ਸਾਹਿਬ ਨੂੰ ਦੇਖ ਕੋਲ ਬੈਠੇ ਮੁਖੀ ਸਿੱਖਾਂ ਨੇ ਵੀ ਇੰਝ ਫ਼ਰਰੇ ਲਾਹ ਕੇ ਦਸਤਾਰਾਂ 'ਚ ਸਜਾ ਲਏ। ਇਸੇ ਘਟਨਾ ਤੋਂ ਮਗਰੋਂ ਫ਼ਰਰਾ (ਦੁਮਾਲਾ) ਸਜਾਉਣ ਦੀ ਸ਼ੁਰੂਅਤ ਹੋਈ। ਇਸੇ ਕਾਰਨ ਗੁਰਦੁਆਰੇ ਨੂੰ ਦੁਮਾਲਾ ਸਾਹਿਬ ਜਾਂ ਦੁਮਾਲਗੜ੍ਹ ਸਾਹਿਬ ਵੀ ਆਖਿਆ ਜਾਂਦਾ ਹੈ।

**ਗੁਰਦੁਆਰਾ ਸ਼ਹੀਦੀ ਬਾਗ**:- ਇਹ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਦੇ ਐਨ ਸਾਹਮਣੇ ਹੈ। ਇੱਥੇ ਗੁਰੂ ਸਾਹਿਬ ਦਾ ਬਾਗ ਹੁੰਦਾ ਸੀ। ਅਨੰਦਪੁਰ ਸਾਹਿਬ ਦੇ ਲੰਮੇ ਘੇਰੇ ਦੌਰਾਨ ਕਈ ਸਿੰਘ ਸ਼ਹੀਦ ਹੋਏ। ਇਸੇ ਕਾਰਨ ਇਹ 'ਸ਼ਹੀਦੀ ਬਾਗ' ਕਰਕੇ ਮਸ਼ਹੂਰ ਹੋਇਆ।

**ਗੁਰਦੁਆਰਾ ਮਾਤਾ ਜੀਤ ਕੌਰ ਜੀ**:- ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਜੀਤ ਕੌਰ ਜੀ ਦੀ ਯਾਦ ਵਿਚ ਬਣਿਆ ਹੈ। ਮਾਤਾ ਜੀ ਦਾ ਸਸਕਾਰ ਚਰਨ ਗੰਗਾ ਦੇ ਦੂਜੇ ਬੰਨੇ ਪਿੰਡ ਅਗੰਮਪੁਰ ਦੇ ਬਾਹਰ ਕੀਤਾ ਗਿਆ ਸੀ। ਇੱਥੇ ਇੱਕ ਪੁਰਾਤਨ ਪਿੱਪਲ ਬਿਰਛ ਅਤੇ ਦੇਹੁਰਾ ਵੀ ਵਿਦਯਮਾਨ ਹੈ। ਕਾਫ਼ੀ ਸਮੇਂ ਬਾਅਦ ਇਸੇ ਜਗ੍ਹਾ ਦੇ ਨੇੜੇ 'ਗੁਰਦੁਆਰਾ ਮਾਤਾ ਜੀਤ ਕੌਰ' ਬਣਾਇਆ ਗਿਆ ਸੀ। ਮਾਤਾ ਜੀਤ ਕੌਰ ਤੋਂ ਇਲਾਵਾ ਚੱਕ-ਨਾਨਕੀ-ਅਨੰਦਪੁਰ ਦੇ ਹੋਰ ਸਾਰੇ ਵਾਸੀਆਂ ਅਤੇ ਸੋਢੀ ਪਰਿਵਾਰ ਦੇ ਸਸਕਾਰ ਇਸੇ ਥਾਂ ਹੁੰਦੇ ਰਹੇ ਸਨ।

## ਵਿਰਾਸਤ-ਏ-ਖ਼ਾਲਸਾ

ਵਿਰਾਸਤ-ਏ-ਖ਼ਾਲਸਾ ਜਿਸ ਨੂੰ ਆਮ ਬੋਲੀ ਵਿੱਚ ਅਜੂਬਾ ਕਹਿ ਕੇ ਵੀ ਪੁਕਾਰਿਆ ਜਾਂਦਾ ਹੈ, ਸ੍ਰੀ ਅਨੰਦਪੁਰ ਸਾਹਿਬ ਵਿੱਚ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਨਜ਼ਦੀਕ ਸਥਿਤ ਹੈ। ਖ਼ਾਲਸਾ ਪੰਥ ਦੀ ਤਿੰਨ ਸੌ ਸਾਲਾ ਸਿਰਜਣਾ ਵਰ੍ਹੇਗੰਢ ਮੌਕੇ ਖ਼ਾਲਸਾ ਪੰਥ ਦੀ ਆਭਾ ਨੂੰ ਅਤੇ ਸਿੱਖ ਕੌਮ ਦੇ ਇਤਿਹਾਸ ਨੂੰ ਦੁਨੀਆਂ ਦੇ ਸਾਹਮਣੇ ਪ੍ਰਗਟ ਕਰਨ ਲਈ ਕੌਮ ਨੇ ਜਿੱਥੇ ਅਨੇਕਾਂ ਹੋਰ ਜਤਨ ਕੀਤੇ ਉਥੇ ਉਸ ਮੌਕੇ ਸਿੱਖ ਕੌਮ, ਪੰਜਾਬ ਤਥਾ ਪੰਜਾਬੀ ਸਭਿਆਚਾਰ ਦੀ ਉਤਪਤੀ, ਵਿਕਾਸ ਅਤੇ ਇਤਿਹਾਸ ਦੀਆਂ ਗਾਥਾਵਾਂ ਨੂੰ ਮੂਰਤੀਮਾਨ ਕਰਨ ਲਈ ਮੌਕੇ ਦੀ ਅਕਾਲੀ ਸਰਕਾਰ ਨੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਅਸਥਾਨ ਤੇ ਇੱਕ ਅਜੂਬੇ ਦੇ ਰੂਪ ਵਿੱਚ ਸਥਾਨ ਵਿਕਸਤ ਕਰਨ ਦਾ ਸੰਕਲਪ ਲਿਆ ਸੀ ਜੋ ਕਿ ਬਹੁਤ ਹੀ ਸ਼ਲਾਘਾਯੋਗ ਉੱਦਮ ਸੀ।

Museum ਦੇ ਰੂਪ ਵਿੱਚ ਇਸ ਖ਼ਾਲਸਾ ਵਿਰਾਸਤੀ ਕੰਪਲੈਕਸ ਦਾ ਡਿਜ਼ਾਇਨ ਵਿਸ਼ਵ ਪ੍ਰਸਿੱਧ ਆਰਕੀਟੈਕਟ ਮਿ. ਮੋਸ਼ੇ ਸਫ਼ੀਦੀ ਨੇ ਤਿਆਰ ਕੀਤਾ ਅਤੇ ਕਰੀਬਨ ੨੫੦ ਕਰੋੜ ਰੁਪਏ ਖਰਚ ਕੇ ੧੦੦ ਏਕੜ ਵਿੱਚ ਇਸ ਦੀ ਉਸਾਰੀ ਕੀਤੀ ਗਈ

ਜੋ ਕਾਫ਼ੀ ਹੱਦ ਤੱਕ ਸੰਪੂਰਨ ਹੋ ਚੁੱਕੀ ਹੈ। ਇਸ ਵਿੱਚ ਸੱਭਿਆਚਾਰ ਅਤੇ ਇਤਿਹਾਸ ਨਾਲ ਸਬੰਧਤ ਕਾਫ਼ੀ ਕੰਮ ਹੋ ਚੁੱਕਾ ਹੈ ਅਤੇ ਰਹਿੰਦੇ ਕਾਰਜ ਚੱਲ ਰਹੇ ਹਨ।

ਇਸ ਵਿਰਾਸਤੀ ਕੰਪਲੈਕਸ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ੫੪੦ ਫੁੱਟ ਲੰਬਾ ਪੁਲ ਇਸ ਅਜੂਬੇ ਤੱਕ ਲਿਜਾਣ ਲਈ ਦਰਸ਼ਕਾਂ ਦਾ ਪੱਥ ਪਰਦਰਸ਼ਨ ਕਰਦਾ ਹੈ। ਇਸ ਪੁਲ ਦੇ ਆਸੇ-ਪਾਸੇ ਅਤਿ ਮਨਮੋਹਕ ਪਾਣੀ ਦੇ ਤਲਾਬ ਅਤੇ ਸੁੰਦਰ ਨਜ਼ਾਰੇ ਦਰਸ਼ਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ।

ਇਸ ਵਿਰਾਸਤੀ ਕੰਪਲੈਕਸ ਦੇ ਅੰਦਰ ਦਾਖ਼ਲ ਹੁੰਦਿਆਂ ਪੱਛਮੀ ਹਿੱਸੇ ਵਿੱਚ ਦੋ ਮੰਜ਼ਲੀ ਲਾਇਬ੍ਰੇਰੀ ਬਣਾਈ ਗਈ ਹੈ ਅਤੇ ਵੱਡਾ ਆਡੀਟੋਰੀਅਮ ਸਥਾਪਿਤ ਕੀਤਾ ਗਿਆ ਹੈ। ਪੂਰਬੀ ਹਿੱਸੇ ਵਿੱਚ ਪੰਜਾਬ, ਪੰਜਾਬੀ ਸੱਭਿਆਚਾਰ, ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਪੰਥ ਨਾਲ ਸਬੰਧਿਤ ਇਤਿਹਾਸ ਨੂੰ ਰੂਪਮਾਨ ਕਰਨ ਲਈ ਮਲਟੀਮੀਡੀਆ ਅਤੇ ਸੁੰਦਰ ਆਰਟ ਗੈਲਰੀਆਂ ਦੀ ਸਿਰਜਣਾ ਕੀਤੀ ਗਈ ਹੈ। ਇਹਨਾਂ ਗੈਲਰੀਆਂ ਨੂੰ ਸਿੱਖ ਪੰਥ ਵਿੱਚ ਪੰਜ ਦੀ ਮਹੱਤਤਾ ਦਰਸਾਉਣ ਲਈ ਪੰਜ-ਪੰਜ ਦੀ ਗਿਣਤੀ ਵਿੱਚ ਹੀ ਰੱਖਿਆ ਗਿਆ ਹੈ। ਇਹਨਾਂ ਵਿੱਚ ਮਲਟੀਮੀਡੀਆ, ਲਾਈਟ ਅਤੇ ਸਾਊਂਡ ਅਥਵਾ ਅਦਭੁਤ ਚਿੱਤਰਕਾਰੀ ਦੁਆਰਾ ਸਮੁੱਚੇ ਭਾਵ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਪੱਚੀ ਵਿੱਚੋਂ ਪੰਦਰਾਂ ਗੈਲਰੀਆਂ ਤਿਆਰ ਹੋ ਕੇ ਦਰਸ਼ਕਾਂ ਦੀ ਸੇਵਾ ਵਿੱਚ ਅਰਪਣ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਗੈਲਰੀਆਂ ਦਾ ਡਿਜ਼ਾਇਨ ਵੀ ਬਹੁਤ ਵਿਲੱਖਣ ਰੱਖਿਆ ਗਿਆ ਹੈ। ਭਾਂਵੇਂ ਸਮੁੱਚੇ ਪ੍ਰੋਜੈਕਟ ਅਤੇ ਆਰਟ ਗੈਲਰੀਆਂ ਨੂੰ "ਖ਼ਾਲਸਾ" ਵਿਚਾਰਧਾਰਾ ਦੇ ਨੇੜੇ ਲਿਆਉਣ ਲਈ ਕਾਫ਼ੀ ਯਤਨ ਹੋਣੇ ਅਜੇ ਬਾਕੀ ਹਨ ਅਤੇ ਨਿਰਸੰਦੇਹ ਸਿੱਖ ਵਿਦਵਾਨਾਂ ਅਤੇ ਗੁਰਮਤਿ ਜਾਣਕਾਰੀ ਵਿੱਚ ਪਰਪੱਕ ਗੁਰੂ ਪਿਆਰਿਆਂ ਦੇ ਸਹਿਯੋਗ ਨਾਲ ਇਹ ਕਾਰਜ ਸੁਖੈਨ ਰੂਪ ਵਿੱਚ ਸਿਰੇ ਚਾੜ੍ਹ ਕੇ ਇਸ ਖ਼ਾਲਸਾਈ ਵਿਰਾਸਤ ਕੰਪਲੈਕਸ ਨੂੰ ਸਿੱਖ ਅਜੂਬੇ ਦੇ ਰੂਪ ਵਿੱਚ ਦੁਨੀਆਂ ਸਾਹਮਣੇ ਪ੍ਰਗਟ ਕੀਤਾ ਜਾ ਸਕਦਾ ਹੈ।

ਸਮੁੱਚੇ ਰੂਪ ਵਿੱਚ ਪੰਜਾਬ ਦੀ ਅਕਾਲੀ ਸਰਕਾਰ ਅਤੇ ਸ: ਪ੍ਰਕਾਸ਼ ਸਿੰਘ ਬਾਦਲ ਸਾਹਿਬ ਦਾ ਇਹ ਉੱਦਮ ਸ਼ਲਾਘਾਯੋਗ ਹੈ ਅਤੇ ਅਜਿਹੇ ਹੋਰ ਉਪਰਾਲੇ ਸਰਕਾਰੀ ਪੱਧਰ ਤੇ ਕੀਤੇ ਜਾਣੇ ਚਾਹੀਦੇ ਹਨ। ਸਿੱਖ ਸੰਗਤਾਂ ਵਿੱਚ ਇਸ ਵਿਰਾਸਤ-ਏ-ਖ਼ਾਲਸਾ ਨੂੰ ਵੇਖਣ ਲਈ ਕਾਫ਼ੀ ਉਤਸ਼ਾਹ ਪਾਇਆ ਜਾਂਦਾ ਹੈ।

# ੪੧
# ਗੁਰੂ ਕਾ ਲਾਹੌਰ ਅਤੇ ਉਥੋਂ ਦੇ ਗੁਰਦੁਆਰਾ ਸਾਹਿਬਾਨ

ਜਦ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦ ਕਾਰਜ ਦੀ ਗੱਲ ਚੱਲੀ ਤਦ ਮਾਤਾ ਜੀਤੋ ਜੀ ਦੇ ਪਿਤਾ ਜੀ ਦੀ ਖਾਹਿਸ਼ ਸੀ ਕਿ ਸਤਿਗੁਰੂ ਜੀ ਬਾਰਾਤ ਲੈ ਕੇ ਲਹੌਰ ਆਉਣ ਪਰ ਸਮੇਂ ਦੇ ਹਾਲਾਤ ਅਜਿਹਾ ਕਰਨ ਦੀ ਇਜ਼ਾਜ਼ਤ ਨਹੀਂ ਸਨ ਦਿੰਦੇ। ਸੋ ਸਤਿਗੁਰੂ ਜੀ ਨੇ ਉਸ ਪ੍ਰਵਾਰ ਦੀ ਖਾਹਿਸ਼ ਪੂਰੀ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ੧੧ ਕਿਲੋਮੀਟਰ ਤੇ "**ਗੁਰੂ ਕਾ ਲਾਹੌਰ**" ਨਗਰ ਵਸਾ ਦਿੱਤਾ ਤੇ ਆਪ ਸ੍ਰੀ ਗੁਰੂ ਜੀ ਬਰਾਤ ਲੈ ਕੇ ਇਸ ਨਗਰ ਮਾਤਾ ਜੀਤੋ ਜੀ ਨੂੰ ਵਿਆਹੁਣ ਗਏ।

**ਇਸ ਅਸਥਾਨ ਪੁਰ ਸ਼ੁਸ਼ੋਭਿਤ ਗੁਰ-ਅਸਥਾਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-**

**ਗੁਰਦੁਆਰਾ ਤ੍ਰਿਬੈਣੀ ਸਾਹਿਬ**:- "ਗੁਰੂ ਕਾ ਲਾਹੌਰ" ਨਗਰ ਵਸਾਉਣ ਤੇ ਸ੍ਰੀ ਕਲਗੀਧਰ ਪਿਤਾ ਜੀ ਨੇ ਇੱਥੋਂ ਦੀ ਪਾਣੀ ਦੀ ਕਿੱਲਤ ਦੂਰ ਕਰਨ ਲਈ ਇਸ ਅਸਥਾਨ ਤੇ "ਕਰਪਾ ਬਰਛਾ" ਮਾਰਕੇ ਪਾਣੀ ਦੀਆਂ ਤਿੰਨ ਧਾਰਾਂ ਵਗਾਈਆਂ ਸਨ। ਉਨ੍ਹਾਂ ਤਿੰਨਾਂ ਚਸ਼ਮਿਆਂ ਦਾ ਪਾਣੀ ਇੱਕ ਸਰੋਵਰ ਵਿੱਚ ਪੈਂਦਾ ਹੈ। ਇਸ ਜਗ੍ਹਾ ਤੇ ਇੱਕ ਖੂਬਸੂਰਤ ਗੁਰਦੁਆਰਾ ਬਣਿਆ ਹੋਇਆ ਹੈ। ਜਿਸ ਨੂੰ ਤ੍ਰਿਬੈਣੀ ਸਾਹਿਬ ਕਿਹਾ ਜਾਂਦਾ ਹੈ।

**ਗੁਰਦੁਆਰਾ ਪੌੜ ਸਾਹਿਬ**:- ਇਹ ਗੁਰਦੁਆਰਾ ਇੱਕ ਚਸ਼ਮੇ ਤੇ ਬਣਿਆ ਹੋਇਆ ਹੈ। ਇਹ ਚਸ਼ਮਾ ਗੁਰੂ ਸਾਹਿਬ ਦੇ ਘੋੜੇ ਦੀ ਪੌੜ ਨਾਲ ਫੁੱਟਿਆ ਸੀ।

**ਗੁਰਦੁਆਰਾ ਸਿਹਰਾ ਸਾਹਿਬ**:- ਗੁਰੂ ਸਾਹਿਬ ਨੇ ਗੁਰੂ ਕੇ ਲਾਹੌਰ ਵਿੱਚ ਪਹੁੰਚਣ ਤੋਂ ਪਹਿਲਾਂ ਇੱਥੇ ਸਿਹਰਾ ਬੰਨਿਆਂ ਸੀ। ਇਹ ਜਗ੍ਹਾ ਗੁਰੂ ਕਾ ਲਾਹੌਰ ਤੋਂ ਕੁਝ ਫ਼ਾਸਲਾ ਪਹਿਲਾਂ ਪਿੰਡ ਬੱਸੀ ਵਿੱਚ ਹੈ।

**ਗੁਰਦੁਆਰਾ ਅਨੰਦ ਕਾਰਜ ਸਾਹਿਬ**:- ਇਸ ਜਗ੍ਹਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਾਦੀ ਮਾਤਾ ਜੀਤੋ (ਜੀਤ ਕੌਰ ਜੀ) ਨਾਲ ਹੋਈ ਸੀ। ਉਸ ਯਾਦ ਨੂੰ ਸਦਾ ਵਾਸਤੇ ਕਾਇਮ ਰੱਖਣ ਵਾਸਤੇ ਇੱਥੇ ਗੁਰਦੁਆਰਾ ਬਣਾਇਆ ਗਿਆ ਹੈ।

# ੪੨
# ਕੀਰਤਪੁਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ

ਪੰਜਾਬ ਦੇ ਜ਼ਿਲ੍ਹਾ ਰੂਪ ਨਗਰ (ਰੋਪੜ) ਵਿੱਚ ਸ਼ਿਵਾਲਕ ਦੀਆਂ ਪਹਾੜੀਆਂ ਦੇ ਦਾਮਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋ ਰੋਪੜ ਵਾਲੇ ਪਾਸੇ ਕਰੀਬ ੧੦ ਕਿਲੋਮੀਟਰ ਦੀ ਦੂਰੀ ਉੱਪਰ ਕਸਬਾ ਕੀਰਤਪੁਰ ਵਸਿਆ ਹੋਇਆ ਹੈ।

ਕੀਰਤਪੁਰ ਨਗਰ ਦੀ ਜ਼ਮੀਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਹਿਲੂਰ ਦੇ ਰਾਜੇ ਤਾਰਾ ਚੰਦ ਪਾਸੋਂ ਖ਼੍ਰੀਦ ਕੇ ਬਾਬਾ ਗੁਰਦਿੱਤਾ ਜੀ ਦੀ ਰਾਹੀਂ ਇਹ ਨਗਰ ਅਬਾਦ ਕਰਵਾਇਆ। ਇਸ ਨਗਰ ਦੀ ਨੀਂਹ ਬਾਬਾ ਸ੍ਰੀ ਚੰਦ ਜੀ[੧] ਨੇ ੨੩ ਅਪ੍ਰੈਲ ੧੬੨੮ ਨੂੰ ਬਾਉਲੀ ਦਾ ਟੱਕ ਲਾ ਕੇ ਰੱਖੀ ਇਸ ਨਗਰ ਦੇ ਵੱਸਣ ਦਾ ਵਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ। ਜਦੋਂ ਆਪ ਜੀ ਆਪਣੀ ਉਦਾਸੀ ਦੌਰਾਨ ਉਸ ਅਸਥਾਨ ਜਿਥੇ ਗੁਰਦੁਆਰਾ "ਚਰਣ ਕਮਲ" ਹੈ ਠਹਿਰੇ ਤੇ ਸਾਈਂ ਬੁੱਢਣ ਸ਼ਾਹ ਨੂੰ ਜੰਗਲ ਵਿੱਚ ਦਰਸ਼ਨ ਦੇ ਕ੍ਰਿਤਾਰਥ ਕੀਤਾ ਸਾਈਂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਬਕਰੀਆਂ ਦਾ ਦੁੱਧ ਭੇਟ ਕੀਤਾ। ਸਾਈਂ ਬੁੱਢਣ ਸ਼ਾਹ ਜੀ ਦੇ ਪੁੱਛਣ ਤੇ ਕਿ ਸਤਿਗੁਰੂ! ਫਿਰ ਕਦੋਂ ਦਰਸ਼ਨ ਹੋਣਗੇ? ਗੁਰੂ ਨਾਨਕ ਪਾਤਸ਼ਾਹ ਜੀ ਨੇ ਬਚਨ ਕੀਤਾ ਛੇਵੇਂ ਜਾਮੇ ਵਿੱਚ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਰਤਾਪੁਰ ਅਤੇ ਫਗਵਾੜੇ ਦੀਆਂ ਜੰਗਾਂ ਤੋਂ ਬਾਅਦ ਕੀਰਤਪੁਰ ਸਾਹਿਬ ਟਿਕਾਣਾ ਕਰ ਲਿਆ। ਗੁਰੂ ਹਰਿਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਵੀ ਇਸੇ ਨਗਰ ਵਿਚ ਹੋਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਕਈ ਵੇਰ ਇੱਥੇ ਆਏ। ਇਸ ਨਗਰ ਵਿੱਚ ਛੇ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਕਾਇਮ ਹਨ। ਇਨ੍ਹਾਂ ਤੋਂ ਇਲਾਵਾ ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ ਅਤੇ ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿਰਾਇ ਸਾਹਿਬ) ਦੇ ਇਤਿਹਾਸਕ ਅਸਥਾਨ ਵੀ ਬਣੇ ਹੋਏ ਹਨ। ਇਸ ਨਗਰ ਵਿੱਚ ਬਹੁਤ ਸਾਰੇ ਇਤਿਹਾਸਕ ਅਸਥਾਨ ਹਨ। ਜੋ ਇਸ ਪ੍ਰਕਾਰ ਹਨ:-

**ਗੁਰਦੁਆਰਾ ਚਰਨ ਕੰਵਲ ਪਾਤਸ਼ਾਹੀ ਪਹਿਲੀ:-** ਇਸ ਥਾਂ ਗੁਰੂ ਨਾਨਕ ਸਾਹਿਬ ਆਪਣੀ ਇੱਕ ਉਦਾਸੀ ਸਮੇਂ ਬਿਰਾਜੇ ਸਨ। ਉਸ ਸਮੇਂ ਕੀਰਤਪੁਰ ਸਾਹਿਬ ਦਾ ਮੁੱਢ ਨਹੀ ਬੱਝਾ ਸੀ। ਜਦੋਂ ਗੁਰੂ ਨਾਨਕ ਸਾਹਿਬ ਦੇ ਆਉਣ ਦਾ ਪਤਾ ਲੱਗਾ ਤਾਂ

੧.ਭੱਟ ਬਹੀਆਂ ਅਨੁਸਾਰ ਕੀਰਤਪੁਰ ਸਾਹਿਬ ਦੀ ਨੀਂਹ ਬਾਬਾ ਸ੍ਰੀ ਚੰਦ ਜੀ ਨੇ ੧ ਮਈ ੧੬੨੬ ਈ: ਨੂੰ ਰੱਖੀ ਸੀ।

ਇੱਕ ਮੁਸਲਮਾਨ ਸਾਈਂ ਬੁੱਢਣ ਸ਼ਾਹ ਗੁਰੂ ਜੀ ਕੋਲ ਦੁੱਧ ਲੈ ਕੇ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਅੱਧਾ ਦੁੱਧ ਪੀਤਾ ਅਤੇ ਬਾਕੀ ਸਾਈਂ ਜੀ ਨੂੰ ਮੋੜ ਦਿੱਤਾ ਕਿ ਮੇਰਾ ਇਕ ਸਿੱਖ ਆ ਕੇ ਇਸ ਨੂੰ ਪੀਵੇਗਾ। ਇਸ ਸਾਈਂ ਦੀ ਮਜ਼ਾਰ (ਕਬਰ) ਡੇਰਾ ਬਾਬਾ ਗੁਰਦਿੱਤਾ ਜੀ ਤੋਂ ੨੦੦ ਮੀਟਰ ਦੂਰ ਪੂਰਬ ਵੱਲ ਹੈ।

**ਗੁਰਦੁਆਰਾ ਸ਼ੀਸ਼ ਮਹੱਲ**:- ਇਹ ਪਹਿਲੀ ਇਮਾਰਤ ਹੈ, ਜੋ ਕੀਰਤਪੁਰ ਸਾਹਿਬ ਦੀ ਨੀਂਹ ਰੱਖਣ ਮਗਰੋਂ ਬਣੀ ਸੀ। ਦਰਅਸਲ ਇਹ ਬਾਬਾ ਗੁਰਦਿੱਤਾ ਜੀ ਦਾ ਘਰ ਸੀ, ਜਿਸ ਵਿੱਚ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਰਹਿੰਦੇ ਰਹੇ ਹਨ। ਇਸ ਥਾਂ ਨੂੰ ਬਾਅਦ ਵਿੱਚ ਸਮੁੱਚਾ ਗੁਰੂ ਪਰਿਵਾਰ ਆਪਣੀ ਰਿਹਾਇਸ਼ ਵਜੋਂ ਵਰਤਦਾ ਰਿਹਾ। ਗੁਰੂ ਹਰਿਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸੇ ਅਸਥਾਨ ਤੇ ਹੋਇਆ ਸੀ। ਰਾਮ ਰਾਇ ਅਤੇ ਬੀਬੀ ਰੂਪ ਕੌਰ ਦਾ ਜਨਮ ਵੀ ਇਸੇ ਗ੍ਰਿਹਿ ਵਿਖੇ ਹੋਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚੱਕ ਨਾਨਕੀ ਚਲੇ ਜਾਣ ਮਗਰੋਂ ਇਸ ਦੀ ਇਮਾਰਤ ਢਹਿੰਦੀ ਗਈ ਅਤੇ ਆਸ-ਪਾਸ ਲੋਕਾਂ ਨੇ ਕਬਜ਼ਾ ਕਰ ਲਿਆ। ਹੁਣ ਪੁਰਾਣੀ ਇਮਾਰਤ ਢਾਹ ਕੇ ਸੁੰਦਰ ਨਵੀਂ ਇਮਾਰਤ ਉਸਾਰੀ ਗਈ ਹੈ। "ਸ਼ੀਸ਼ ਮਹੱਲ" ਪ੍ਰਸਿੱਧ ਹੋਣ ਕਾਰਨ ਹੀ ਹੁਣ ਨਵੀਂ ਇਮਾਰਤ ਦੇ ਅੰਦਰ ਸ਼ੀਸ਼ੇ ਲਾਏ ਗਏ ਹਨ ਅਤੇ ਦੀਵਾਰਾਂ ਉੱਪਰ ਸੋਨੇ ਦੀ ਪਾਣ ਚਾੜ੍ਹੀ ਗਈ ਹੈ।

**ਗੁਰਦੁਆਰਾ ਤਖਤ ਕੋਟ ਸਾਹਿਬ**:- ਕੀਰਤਪੁਰ ਸਾਹਿਬ ਆਉਣ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਅਸਥਾਨ 'ਤੇ ਆਪਣਾ 'ਤਖ਼ਤ' ਕਾਇਮ ਕੀਤਾ ਸੀ ਅਤੇ ਕਿਲ੍ਹਾ ਬਣਵਾਇਆ ਸੀ। ਗੁਰੂ ਸਾਹਿਬ 'ਅਕਾਲ ਤਖ਼ਤ ਸਾਹਿਬ' ਅੰਮ੍ਰਿਤਸਰ ਦੀ ਕਾਰਵਾਈ ਇਸੇ ਜਗ੍ਹਾ ਤੋਂ ਚਲਾਇਆ ਕਰਦੇ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ 'ਗੱਦੀ ਨਸ਼ੀਨੀ' ਇਸੇ ਥਾਂ ਤੇ ਹੋਈ ਸੀ। ਬਾਹਰਲੀਆਂ ਰਿਆਸਤਾਂ ਤੋਂ ਆਏ ਰਾਜੇ, ਮਹਾਰਾਜੇ ਤੇ ਅਮੀਰ ਇਸੇ ਥਾਂ 'ਤੇ ਆ ਕੇ ਗੁਰੂ ਸਾਹਿਬ ਦੇ ਦਰਸ਼ਨ-ਦੀਦਾਰੇ ਕਰਦੇ ਸਨ।

**ਗੁਰਦੁਆਰਾ ਹਰਿਮੰਦਰ ਸਾਹਿਬ ਪਾਤਸ਼ਾਹੀ ਛੇਵੀ**:- ਇਸ ਥਾਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਇੱਕ ਬਾਗ ਲਗਵਾਇਆ ਹੋਇਆ ਸੀ। ਇਸ ਬਾਗ ਵਿੱਚ ਚਾਰੇ ਪਾਸੇ ਫ਼ੁਹਾਰੇ ਚੱਲਿਆ ਕਰਦੇ ਸਨ। ਬਾਗ ਵਿੱਚ ਕਈ ਕਿਸਮ ਦੇ ਫੁੱਲ ਅਤੇ ਜੜ੍ਹੀ-ਬੂਟੀਆਂ ਦੇ ਦਰੱਖਤ ਲੱਗੇ ਹੋਏ ਸਨ। ਇਸ ਬਾਗ ਨੂੰ 'ਨੌ ਲੱਖਾ' ਬਾਗ ਆਖਿਆ ਜਾਂਦਾ ਸੀ। ਇਸ ਵਿੱਚ ਅੱਠ ਕੋਨਿਆਂ ਵਾਲਾ ਫ਼ੁਹਾਰਾ ਵੀ ਲੱਗਾ ਹੋਇਆ ਸੀ। ਇਸ 'ਨੌ ਲੱਖਾ' ਬਾਗ ਵਿੱਚ ਜਦੋਂ (ਗੁਰੂ) ਹਰਿ ਰਾਇ ਸਾਹਿਬ ਇੱਕ ਵੇਰ ਸੈਰ ਕਰ ਰਹੇ ਸਨ ਤਾਂ ਅਚਾਨਕ ਉਨ੍ਹਾਂ ਦੇ ਚੋਲੇ ਨਾਲ ਇੱਕ ਖ਼ੂਬਸੂਰਤ ਫੁੱਲ ਫਸ ਕੇ ਹੇਠਾਂ ਡਿੱਗ ਗਿਆ

ਸੀ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਕੀਦ ਕੀਤੀ ਕਿ ਧਿਆਨ ਰੱਖਿਆ ਕਰੋ, "ਜਾਮਾ ਸਮੇਟ ਕੇ ਚੱਲੋ"। ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਇਸ ਬਾਗ ਨੂੰ ਚਿੜੀਆ ਘਰ ਵਿੱਚ ਤਬਦੀਲ ਕਰ ਦਿੱਤਾ, ਜਿੱਥੇ ਸ਼ਿਕਾਰ ਕਰਨ ਦੌਰਾਨ ਫੜੇ ਗਏ ਪੰਛੀ ਅਤੇ ਜਾਨਵਰ ਆਦਿ ਰੱਖੇ ਜਾਂਦੇ ਸਨ।

**ਗੁਰਦੁਆਰਾ ਦਮਦਮਾ ਸਾਹਿਬ**:- ਇਸ ਥਾਂ ਤੇ ਗੁਰੂ ਹਰਿ ਰਾਇ ਸਾਹਿਬ ਬਾਹਰੋਂ ਆਈਆਂ ਸੰਗਤਾਂ ਨੂੰ ਦਰਸ਼ਨ ਦੀਦਾਰੇ ਦਿਆ ਕਰਦੇ ਸਨ। ਇਹ ਗੁਰਦੁਆਰਾ, ਗੁਰਦੁਆਰਾ ਸ਼ੀਸ਼ ਮਹੱਲ ਤੋਂ ਵੀਹ ਮੀਟਰ ਦੂਰ ਪੱਛਮ ਵੱਲ ਸਥਿੱਤ ਹੈ। ਗੁਰੂ ਸਾਹਿਬ ਇੱਥੇ ਰੋਜ ਦੀਵਾਨ ਲਗਾਇਆ ਕਰਦੇ ਸਨ।

**ਗੁਰਦੁਆਰਾ ਚੁਬੱਚਾ ਸਾਹਿਬ**:- ਇਹ ਗੁਰਦੁਆਰਾ ਦਮਦਮਾ ਸਾਹਿਬ ਤੋਂ ਦੱਖਣ ਪੱਛਮ ਵੱਲ ਹੈ। ਇਸ ਥਾਂ ਤੇ ਗੁਰੂ ਹਰਿ ਰਾਇ ਸਾਹਿਬ ਦੇ ਘੋੜਿਆਂ ਦਾ ਇੱਕ ਚੁਬੱਚਾ ਹੁੰਦਾ ਸੀ। ਹੁਣ ਇਹ ਇੱਕ ਛੋਟੀ ਜਿਹੀ ਵਲਗਣ ਬਣ ਕੇ ਰਹਿ ਗਿਆ ਹੈ ਅਤੇ ਇਸ ਦੀ ਜ਼ਮੀਨ ਉੱਤੇ ਘਰ ਅਤੇ ਦੁਕਾਨਾਂ ਉੱਸਰ ਚੁੱਕੀਆਂ ਹਨ। ਗੁਰੂ ਹਰਿ ਰਾਇ ਸਾਹਿਬ ਕੋਲ ਬਾਈ ਸੌ ਘੋੜੇ, ਬਹੁਤ ਸਾਰੇ ਹਾਥੀ, ਮੱਝਾਂ ਅਤੇ ਗਊਆਂ ਸਨ ਜੋ ਉਹਨਾਂ ਦੇ ਵੱਖ-ਵੱਖ ਅਸਤਬਲਾਂ ਵਿੱਚ ਰੱਖੇ ਹੋਏ ਸਨ। ਇਨ੍ਹਾਂ ਸਾਰਿਆਂ ਵਾਸਤੇ ਦਾਣੇ ਦਾ ਸਟੋਰ ਇੱਥੇ ਹੀ ਹੋਇਆ ਕਰਦਾ ਸੀ। ਇਹ ਸਟੋਰ ਦਾਣੇ ਨਾਲ ਭਰਪੂਰ ਰਿਹਾ ਕਰਦਾ ਸੀ। ਗੁਰੂ ਸਾਹਿਬ ਦੀ ਫੌਜ ਕੀਰਤਪੁਰ ਦੇ ਦੱਖਣ ਵੱਲ ਛੇ ਕਿਲੋਮੀਟਰ ਦੂਰ ਪਿੰਡ 'ਬੰਗਾ' ਵਿੱਚ ਕਿਆਮ ਕਰਦੀ ਸੀ। ਕਈ ਵਾਰ ਗੁਰੂ ਸਾਹਿਬ ਆਪਣੇ ਹੱਥਾਂ ਨਾਲ ਘੋੜਿਆਂ, ਹਾਥੀਆਂ ਅਤੇ ਮੱਝਾਂ ਨੂੰ ਦਾਣੇ ਪਾਇਆ ਕਰਦੇ ਸਨ।

**ਗੁਰਦੁਆਰਾ ਮੰਜੀ ਸਾਹਿਬ**:- ਇਸ ਥਾਂ ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿ ਰਾਇ ਸਾਹਿਬ) ਦਾ ਘਰ ਸੀ। ਬੀਬੀ ਜੀ ਦੀ ਸ਼ਾਦੀ ਭਾਈ ਖੇਮਕਰਨ (ਵਾਸੀ ਪਸਰੂਰ, ਜ਼ਿਲ੍ਹਾ ਗੁਜਰਾਂਵਾਲਾ) ਨਾਲ ਹੋਈ ਸੀ, ਮਗਰੋਂ ਉਹ ਪਿੰਡ ਕਲਿਆਣਪੁਰ ਵਿੱਚ ਆ ਵੱਸੇ ਸਨ। ਉਦੋਂ ਇਹ ਇਲਾਕਾ ਕਲਿਆਣਪੁਰ ਵਿੱਚ ਸੀ ਤੇ ਹੁਣ ਕੀਰਤਪੁਰ ਸਾਹਿਬ ਵਿਚ ਆ ਗਿਆ ਹੈ। ਇੱਥੇ ਹੀ ਬੀਬੀ ਰੂਪ ਕੌਰ ਦੇ ਬੇਟੇ ਭਾਈ ਅਮਰ ਸਿੰਘ ਦਾ ਜਨਮ ਹੋਇਆ ਸੀ। ਇਸ ਗੁਰਦੁਆਰੇ ਵਿਚ ਬੀਬੀ ਰੂਪ ਕੌਰ ਦਾ ਹੱਥੀਂ ਕੱਢਿਆ ਰੁਮਾਲ, ਗੁਰਬਾਣੀ ਦੇ ਸ਼ਬਦਾਂ ਦੀ ਇੱਕ ਪੋਥੀ, ਇੱਕ ਹੱਥ ਪੱਖੀ ਅਤੇ ਬਾਬਾ ਸ੍ਰੀ ਚੰਦ ਦੀ ਸੇਲੀ ਟੋਪੀ ਪਈਆਂ ਹੋਈਆਂ ਹਨ। ਇਸ ਅਸਥਾਨ ਤੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਕਾਲਾ ਤੋਂ ਆ ਕੇ ਬੀਬੀ ਰੂਪ ਕੌਰ ਦੇ ਭਰਾ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਦੇ ਚਲਾਣੇ ਬਾਰੇ ਪੁੱਛਣ ਆਏ ਸਨ।

**ਗੁਰਦੁਆਰਾ ਬਿਬਾਨਗੜ੍ਹ ਸਾਹਿਬ**:- ਗੁਰੂ ਤੇਗ ਬਹਦਾਰ ਸਾਹਿਬ ਦੀ ਸ਼ਹਾਦਤ ਤੋਂ

ਬਾਅਦ ਭਾਈ ਜੈਤਾ (ਭਾਈ ਜੀਵਨ ਸਿੰਘ) ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਚੱਕ ਨਾਨਕੀ ਲਿਜਾਂਦੇ ਹੋਏ ਇਸ ਥਾਂ ਰੁਕੇ ਸਨ। ਇਸੇ ਅਸਥਾਨ ਤੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਸੰਗਤਾਂ ਪਾਵਨ ਸੀਸ ਨੂੰ ਬਿਬਾਨ ਵਿੱਚ ਰੱਖ ਕੇ ਸ਼ਬਦ ਕੀਰਤਨ ਕਰਦੀਆਂ ਹੋਈਆਂ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਲੈ ਕੇ ਗਈਆਂ ਸਨ ਅਤੇ ਅਗਲੇ ਦਿਨ ਗੁਰਦੁਆਰਾ ਸੀਸ ਗੰਜ ਵਾਲੀ ਥਾਂ 'ਤੇ ਸਸਕਾਰ ਕੀਤਾ ਸੀ।

**ਗੁਰਦੁਆਰਾ ਤੀਰ ਸਾਹਿਬ**:- ਇਹ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਿਤ ਹੈ। ਗੁਰਦੁਆਰਾ ਡੇਰਾ ਬਾਬਾ ਗੁਰਦਿੱਤਾ ਜੀ ਦੇ ਸੱਜੇ ਹੱਥ ਵੱਲ ਇੱਕ ਪਹਾੜੀ ਹੈ, ਜਿੱਥੋਂ ਦਰਿਆ ਸਤਲੁਜ ਦਾ ਮਨਮੋਹਣਾ ਦ੍ਰਿਸ਼ ਨਜ਼ਰੀਂ ਪੈਂਦਾ ਹੈ। ਗੁਰੂ ਸਾਹਿਬ ਇਸ ਪਹਾੜੀ 'ਤੇ ਸਿੱਖਾਂ ਦੇ ਤੀਰ ਕਮਾਨ ਦੇ ਮੁਕਾਬਲੇ ਕਰਾਇਆ ਕਰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਕ ਵਾਰ ਇੱਥੋਂ ਇੱਕ ਤੀਰ ਮਾਰਿਆ, ਜੋ ਸਤਲੁਜ ਦਰਿਆ ਦੇ ਨੇੜੇ ਗੁਰਦੁਆਰਾ ਪਤਾਲਪੁਰੀ ਕੋਲ ਜਾ ਕੇ ਡਿੱਗਿਆ ਸੀ।

**ਗੁਰਦੁਆਰਾ ਪਤਾਲਪੁਰੀ ਸਾਹਿਬ**:- ਇਹ ਗੁਰਦੁਆਰਾ ਦਰਿਆ ਸਤਲੁਜ ਦੇ ਕੰਢੇ 'ਤੇ ਸਸ਼ੋਭਿਤ ਹੈ । ਇਹ ਉਹ ਥਾਂ ਹੈ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦਾ ਸਸਕਾਰ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ (ਜੋ ਦਿੱਲੀ ਵਿੱਚ ਜੋਤੀ ਜੋਤਿ ਸਮਾਏ ਸਨ) ਦੀਆਂ ਅਸਥੀਆਂ ਵੀ ਇੱਥੇ ਹੀ ਜਲ ਪ੍ਰਵਾਹ ਕੀਤੀਆਂ ਗਈਆਂ ਸਨ। ਬਾਬਾ ਅਣੀ ਰਾਏ ਜੀ (ਬੇਟਾ ਗੁਰੂ ਹਰਿਗੋਬਿੰਦ ਸਾਹਿਬ ਜੀ) ਦਾ ਸਸਕਾਰ ਵੀ ਇੱਥੇ ਹੀ ਕੀਤਾ ਗਿਆ ਸੀ। ਉਸ ਮਗਰੋਂ ਵੀ ਮੁਕਾਮੀ ਸਿੱਖਾਂ ਦਾ ਸਸਕਾਰ ਇੱਥੇ ਹੀ ਹੋਇਆ ਕਰਦਾ ਸੀ। ਇਥੇ ਤਿੰਨ ਗੁਰੂ ਸਾਹਿਬਾਨ ਦੇ ਯਾਦਗਾਰੀ ਅਸਥਾਨ ਬਣਾਏ ਗਏ ਹਨ। ਗੁਰੂ ਸਾਹਿਬਾਨ ਦੇ ਸਾਕ-ਸੰਬੰਧੀਆਂ ਦੀਆਂ ਸਮਾਧਾਂ ਵੀ ਉਸਾਰੀਆਂ ਗਈਆਂ ਸਨ, ਜੋ ਢਾਹ ਕੇ ਨਵਾਂ ਗੁਰਦੁਆਰਾ ਉਸਾਰਿਆ ਗਿਆ ਹੈ। ਇਸ ਵਿੱਚ ਬਹੁਤ ਵੱਡਾ ਹਾਲ, ਦਰਿਆ ਦੇ ਸਿਰੇ ਵੱਲ ਬਣਾਇਆ ਗਿਆ ਹੈ। ਇਸ ਵਿੱਚ ਪ੍ਰਕਾਸ਼ ਅਸਥਾਨ ਹੈ, ਜਿੱਥੇ ਗੁਰੂ ਗ੍ਰੰਥ ਸਹਿਬ ਦਾ ਪ੍ਰਕਾਸ਼ ਹੁੰਦਾ ਹੈ। ਪ੍ਰਕਾਸ਼ ਅਸਥਾਨ ਉੱਪਰ ਦੋ ਮੰਜ਼ਲੀ ਇਮਾਰਤ ਅਤੇ ਗੁੰਬਦ ਨਜ਼ਰੀਂ ਪੈਂਦੇ ਹਨ।

**ਗੁਰਦੁਆਰਾ ਬਾਬਾ ਗੁਰਦਿੱਤਾ ਜੀ**:- ਬਾਬਾ ਗੁਰਦਿੱਤਾ ਜੀ ਅਤੇ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿੱਚ ਇਹ ਗੁਰਦੁਆਰਾ ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਪਹਾੜੀ ਉੱਪਰ ਬਣਿਆ ਹੋਇਆ ਹੈ। ਬਾਬਾ ਗੁਰਦਿੱਤਾ ਜੀ ਇਸੇ ਥਾਂ ਅਕਾਲ ਚਲਾਣਾ ਕਰ ਗਏ ਸਨ। ਇਹ ਇਮਾਰਤ ਪੁਰਾਣੇ ਕਿਸਮ ਦੀ ਹੈ। ਇੱਥੇ ਇੱਕ ਨਿੰਮ ਦਾ ਦਰਖਤ ਵੀ ਹੈ। ਜੋ ਬਾਬਾ ਜੀ ਦੇ ਸਮੇਂ ਦਾ ਹੈ। ਇਸ ਥਾਂ ਤੋਂ ਸਾਰਾ ਕੀਰਤਪੁਰ ਸਾਹਿਬ ਦਾ ਆਸ-ਪਾਸ ਨਜ਼ਰ ਆਉਂਦਾ ਹੈ। ਬਾਬਾ ਜੀ ਦੀ ਯਾਦ ਵਿੱਚ ਇੱਕ ਹੋਰ ਗੁਰਦੁਆਰਾ ਪਿੰਡ ਜਿੰਦਬੜੀ ਵਿੱਚ ਵੀ ਹੈ।

ਬਾਉਲੀ ਸਾਹਿਬ:- ਇਸ ਨੂੰ 'ਗੁਰੂ ਕੀ ਬਾਉਲੀ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਬਾਉਲੀ ਦਾ ਆਕਾਰ ਮੁਰੱਬਾ ਕਿਸਮ ਦਾ ਹੈ ਅਤੇ ਪੌੜੀਆਂ ਹੇਠਾਂ ਪਾਣੀ ਤੱਕ ਜਾਂਦੀਆਂ ਹਨ। ਇਹ ਬਾਉਲੀ ਬਾਬਾ ਗੁਰਦਿੱਤਾ ਜੀ ਨੇ ਕੀਰਤਪੁਰ ਦੀ ਨੀਂਹ ਰੱਖਣ ਸਮੇਂ ਖੁਦਵਾਈ ਸੀ। ਇਸ ਬਾਉਲੀ ਨੂੰ ਖੋਦਣ ਦਾ ਟੱਕ ਬਾਬਾ ਸ੍ਰੀ ਚੰਦ ਜੀ ਨੇ ਲਾਇਆ ਸੀ। ਬਾਉਲੀ ਸਾਹਿਬ ਦੇ ਕੋਲ ਹੀ ਬਾਬਾ ਸ੍ਰੀ ਚੰਦ ਜੀ ਦਾ 'ਸੰਤ-ਨਿਵਾਸ ਉਦਾਸੀ ਆਸ਼ਰਮ' ਬਣਿਆ ਹੋਇਆ ਹੈ। ਜਿੱਥੇ ਬਾਬਾ ਜੀ ਨੇ ਉਦਾਸੀ ਲਿਬਾਸ ਬਾਬਾ ਗੁਰਦਿੱਤਾ ਜੀ ਨੂੰ ਬਖਸ਼ਿਸ਼ ਕੀਤਾ ਸੀ।

**ਬਾਬਾ ਬੁੱਢਣ ਸ਼ਾਹ ਦਾ ਤਕੀਆ (ਮਜ਼ਾਰ)**:- ਕੀਰਤਪੁਰ ਸਾਹਿਬ ਤੋਂ ਦੱਖਣ ਵਾਲੇ ਪਾਸੇ ਅੱਧ ਮੀਲ ਦੇ ਕਰੀਬ ਬਾਬਾ ਗੁਰਦਿੱਤਾ ਜੀ ਦੇ ਦਰਬਾਰ ਪਾਸ ਸਾਈਂ ਬੁੱਢਣ ਸ਼ਾਹ ਜੀ ਦਾ ਤਕੀਆ ਹੈ। ਜਿਸ ਥਾਂ ਗੁਰੂ ਨਾਨਕ ਦੇਵ ਜੀ ਤੇ ਬਾਬਾ ਗੁਰਦਿੱਤਾ ਜੀ ਦੇ ਚਰਣ ਪਏ ਸਨ। ਤਕੀਆ ਪੱਕਾ ਬਣਿਆ ਹੋਇਆ ਹੈ। ਜਿਸ ਦੇ ਅੰਦਰ ਸਾਈਂ ਬੁੱਢਣ ਸ਼ਾਹ ਜੀ ਦੀ ਕਬਰ ਹੈ ਤੇ ਕਬਰ ਤੋਂ ਉੱਤਰ ਦਿਸ਼ਾ ਸਾਈਂ ਜੀ ਦੀਆਂ ਬੱਕਰੀਆਂ, ਕੁੱਤੇ ਅਤੇ ਸ਼ੇਰ ਦੀਆਂ ਮੜ੍ਹੀਆਂ ਬਣੀਆਂ ਹੋਈਆਂ ਹਨ।

# ੪੩
# ਵੇਦਨ ਕਹੀਏ ਕਿਸ?

ਗੁਰਬਾਣੀ ਵਿੱਚ ਜੋ ਸੁਨਹਿਰੀ ਉਪਦੇਸ਼ ਸਤਿਗੁਰੂ ਸਾਹਿਬਾਨ ਜੀ ਨੇ ਸਮੁੱਚੀ ਮਾਨਵਤਾ ਨੂੰ ਬਖਸ਼ਿਸ਼ ਕੀਤੇ ਅਥਵਾ ਗੁਰਸਿੱਖਾਂ ਨੂੰ ਜੋ ਅਸੂਲ, ਜੋ ਜੀਵਨ ਜਾਚ ਸਤਿਗੁਰੂ ਜੀ ਨੇ ਦ੍ਰਿੜ ਕਰਵਾਈ ਉਨ੍ਹਾਂ ਉਪਦੇਸ਼ਾਂ, ਉਨ੍ਹਾਂ ਅਸੂਲਾਂ, ਉਨ੍ਹਾਂ ਪਰਉਪਕਾਰਾਂ ਨੂੰ ਪ੍ਰਚਾਰਨ, ਪ੍ਰਸਾਰਣ ਅਤੇ ਕੁੱਲ ਲੁਕਾਈ ਤੱਕ ਪਹੁੰਚਾਉਣ ਲਈ ਸਤਿਗੁਰੂ ਜੀ ਨੇ ਸ਼ਤਾਬਦੀਆਂ ਆਦਿਕ ਦੇ ਰੂਪ ਵਿੱਚ ਅਨੇਕਾਂ ਸਮੇਂ ਸਾਡੀ ਕੌਮ ਨੂੰ ਪ੍ਰਦਾਨ ਕੀਤੇ। ਜੇ ਇਹਨਾਂ ਪਿਛਲੇ ਸਮੇਂ ਵਿੱਚ ਮਨਾਈਆਂ ਗਈਆਂ ਸ਼ਤਾਬਦੀਆਂ (ਜੋ ਕਿ ਕਿਸੇ ਵੀ ਕੌਮ ਲਈ ਅਤਿਅੰਤ ਸੁਨਹਿਰੀ ਮੌਕਾ ਹੁੰਦਾ ਹੈ ਆਪਣੀ ਆਭਾ, ਆਪਣਾ ਜਲੌ ਤੇ ਆਪਣਾ ਸੰਦੇਸ਼ ਦੁਨੀਆਂ ਸਾਹਵੇਂ ਰੱਖਣ ਦਾ ਅਤੇ ਆਪਣੀ ਹੋਂਦ-ਹਸਤੀ ਪ੍ਰਗਟ ਕਰਨ ਦਾ) ਪ੍ਰਤੀ ਦੀਰਘ ਦ੍ਰਿਸ਼ਟੀ ਅਤੇ ਇਨਸਾਫ਼ ਦੀ ਤੱਕੜੀ ਵਿੱਚ ਤੋਲ ਕੇ ਨਿਰਣਾ ਕਰੀਏ ਤਾਂ ਸ਼ਾਇਦ ਅਸੀਂ ਇਹਨਾਂ ਸਮਾਗਮਾਂ ਤੋਂ ਰਾਈ ਮਾਤਰ ਲਾਭ ਹੀ ਪ੍ਰਾਪਤ ਕਰ ਸਕੇ ਹਾਂ।

ਸਿੱਖ ਕੌਮ ਨੂੰ ਅਜੋਕੇ ਸਮੇਂ ਵਿੱਚ ਅਜਿਹੇ ਅਵਸਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ (੧੯੬੯ ਈ:) ਅਤੇ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਪੁਰਬਾਂ (੧੯੬੬ ਈ:) ਤੋਂ ਪ੍ਰਾਪਤ ਹੋਣੇ ਅਰੰਭ ਹੋਏ। ਇਹਨਾਂ ਪਹਿਲੋਂ ਮਨਾਏ ਗਏ ਪੁਰਬਾਂ ਨੂੰ ਜੇ ਇੱਕ ਪਾਸੇ ਰੱਖ ਕੇ ਹਾਲ ਹੀ ਵਿੱਚ ਮਨਾਈਆਂ ਗਈਆਂ ਸ਼ਤਾਬਦੀਆਂ, ਜੋ ਸਾਡੇ ਜ਼ਿਹਨ ਵਿੱਚ ਅਜੇ ਤਰੋਤਾਜ਼ਾ ਹਨ, ਦਾ ਹੀ ਲੇਖਾ ਜੋਖਾ ਕਰ ਲਈਏ ਤਾਂ ਸ਼ਾਇਦ ਆਤਮ ਚਿੰਤਨ ਹੋ ਜਾਵੇਗਾ।

ਖ਼ਾਲਸਾ ਪੰਥ ਦਾ ਤਿੰਨ ਸੌ ਸਾਲਾ ਸਿਰਜਣਾ ਦਿਵਸ ੧੯੯੯ ਵਿੱਚ ਸਮੂਹ ਪੰਥ ਨੇ ਅਤੀ ਜਾਹੋ-ਜਲਾਲ ਅਤੇ ਚੜ੍ਹਦੀਕਲਾ ਵਿੱਚ ਮਨਾਉਣ ਦਾ ਸੰਕਲਪ ਲਿਆ ਤਾਂ ਜੋ ਇਸ ਤੀਸਰ ਪੰਥ ਦੀ ਹੋਂਦ-ਹਸਤੀ ਦਾ ਅਤੇ ਨਿਆਰੇਪਨ ਦਾ ਪ੍ਰਗਟਾਵਾ ਦੁਨੀਆਂ ਸਾਹਵੇਂ ਕਰ ਸਕੀਏ। ਬੜਾ ਚਾਅ ਅਤੇ ਖੁਸ਼ੀ ਮਨ ਵਿੱਚ ਪ੍ਰਗਟੀ, ਹੁੰਦੀ ਵੀ ਕਿਉਂ ਨਾ, ਸ਼ਾਇਦ ੨੦੯੯ ਦਾ ੪੦੦ ਸਾਲਾ ਕਿਸੇ ਦੇ ਭਾਗਾਂ ਵਿੱਚ ਹੋਣਾ ਹੈ ਜਾਂ ਨਹੀਂ, ਸੋ ਤੀਜੀ ਸ਼ਤਾਬਦੀ ਮੌਕੇ ਖ਼ਾਲਸੇ ਦੀ ਆਭਾ ਵਿਸ਼ਵ ਸਾਹਮਣੇ ਪ੍ਰਗਟ ਕਰਨ ਦੀ ਲਾਲਸਾ ਹਰ ਗੁਰਸਿੱਖ ਦੇ ਮਨ ਵਿੱਚ ਪ੍ਰਜੁਅੱਲਤ ਸੀ। ਕੌਮ ਦੀ ਇਹਨਾਂ ਕਾਰਜਾਂ ਵਿੱਚ ਅਗਵਾਈ ਕਰਨ ਵਾਲੇ ਸਾਡੇ ਆਗੂਆਂ ਨੇ ਆਪਣੀ "ਹਉਮੈ" ਦੀ ਪੂਰਤੀ ਲਈ ਐਸੀ ਕੁੱਕੜਖੇਹ ਉਡਾਈ ਅਤੇ ਖ਼ਾਲਸਾ ਪੰਥ ਦੀ ਆਨ ਸ਼ਾਨ ਦੇ ਪ੍ਰਤੀਕ ਸ੍ਰੀ ਅਕਾਲ

ਤਖ਼ਤ ਸਾਹਿਬ ਦੀ ਸਰਵਉੱਚਤਾ ਦਾ ਐਸਾ ਘਾਣ ਕੀਤਾ ਕਿ ਸ਼ਤਾਬਦੀ ਮਨਾਉਣ ਦਾ ਸਾਰਾ ਜੋਰ ਪੰਥ ਦਰਦੀਆਂ ਵੱਲੋਂ ਇਹਨਾਂ ਨਾਮਧਰੀਕ ਆਗੂਆਂ ਵਿੱਚ ਪਈ ਪਾਟੋ ਧਾੜ ਨੂੰ ਮਿਟਾਉਣ ਵਿੱਚ ਹੀ ਲੱਗ ਗਿਆ। ਜਦ ਫਿਰ ਵੀ ਰਾਜ-ਮਦ ਵਾਲਿਆਂ ਦੇ ਮਨ ਸੁਮੱਤਿਆ ਨਾ ਪਈ ਤਦ ਜਿਸ ਅਸਥਾਨ ਤੇ ਖ਼ਾਲਸੇ ਦੀ ਤੀਜੀ ਸ਼ਤਾਬਦੀ ਦੇ ਮੁੱਖ ਸਮਾਗਮ ਹੋਣੇ ਸਨ ਭਾਵ ਸ੍ਰੀ ਅਨੰਦਪੁਰ ਸਾਹਿਬ, ਉੱਥੇ ਦੋ ਸਮਾਗਮ ਹੋਏ ਅਤੇ ਸੰਗਤਾਂ ਵਿੱਚ ਅਜਿਹਾ ਭੰਬਲਭੂਸਾ ਪਿਆ ਕਿ ਜਿੱਥੇ ਖ਼ਾਲਸਾ ਪੰਥ ਦੀ ਸਿਰਜਣਾ ਦੇ ਕੌਤਕ, ਖ਼ਾਲਸੇ ਨੇ ਦੁਨੀਆਂ ਲਈ ਜੋ ਕੁਰਬਾਨੀ ਦੀਆਂ ਉਦਾਹਰਣਾਂ ਪੈਦਾ ਕੀਤੀਆਂ ਸਨ, ਉਹਨਾਂ ਦੀ ਚਰਚਾ, ਸਤਿਗੁਰੂ ਜੀ ਦੇ ਪਰਉਪਕਾਰਾਂ ਨੂੰ ਯਾਦ ਕਰ ਕੇ ਜੋ ਅਸੀਂ ਆਪਾ ਘੋਲ ਘੁਮਾਉਣਾ ਸੀ ਜਾਂ ਖ਼ਾਲਸੇ ਦੀਆਂ ਰਹੁ ਰੀਤਾਂ ਸੰਸਾਰ ਨੂੰ ਦੱਸਣੀਆਂ ਸਨ ਉਹ ਸਭ ਇੱਕ ਪਾਸੇ ਰਹਿ ਗਿਆ ਤੇ ਇਸ ਸ਼ਤਾਬਦੀ ਦਾ ਮੁੱਖ ਆਕਰਸ਼ਣ ਸਰਕਾਰੀ ਤੰਤ੍ਰ ਵੱਲੋਂ ਲਾਇਆ ਗਿਆ ਫਾਇਰ ਪਰੂਫ ਅਤੇ ਏਅਰ ਕੰਡੀਸ਼ਨਡ ਪੰਡਾਲ ਅਤੇ ਤਖ਼ਤ ਸਾਹਿਬ ਉੱਪਰ ਕੀਤਾ ਗਿਆ ਲੇਜ਼ਰ ਸ਼ੋਅ ਜਾਂ ਪੰਥਕ ਆਗੂਆਂ ਦੀ ਆਪਸੀ ਲੜਾਈ ਹੀ ਬਣ ਬੈਠਾ।

ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੀਸਰੀ ਪ੍ਰਕਾਸ਼ ਸ਼ਤਾਬਦੀ, ਧੰਨ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ਤੇ ਫਿਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਦੀ ਤੀਸਰੀ ਸ਼ਤਾਬਦੀ (ਜੋ ਕਿ ਸ੍ਰੀ ਹਜ਼ੂਰ ਸਾਹਿਬ ਮਨਾਈ ਗਈ) ਦੇ ਸਮਾਗਮਾਂ ਦੀ ਲੜੀ ਵਾਰੋ-ਵਾਰ ਸਿੱਖ ਇਤਿਹਾਸ ਦੇ ਪੰਨਿਆਂ ਤੇ ਆਈ। ਇਹਨਾਂ ਸਾਰੀਆਂ ਸ਼ਤਾਬਦੀਆਂ ਦੇ ਸਬੰਧ ਵਿੱਚ ਨਗਰ ਕੀਰਤਨ ਵੀ ਬਹੁਤ ਨਿੱਕਲੇ। ਸੰਗਤਾਂ ਨੇ ਲੱਖਾਂ ਨਹੀਂ ਕਰੋੜਾਂ ਦਾ ਤੇਲ ਫੂਕ ਕੇ ਟ੍ਰੈਕਟਰ-ਟਰਾਲੀਆਂ, ਟਰੱਕਾਂ, ਬੱਸਾਂ, ਕਾਰਾਂ, ਮੋਟਰ-ਸਾਈਕਲਾਂ ਦੇ ਕਾਫਲੇ ਬਣਾ ਕੇ ਸਿੱਖੀ ਹੋਂਦ ਦਾ ਪ੍ਰਗਟਾਵਾ ਕੀਤਾ ਅਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਤਥਾ ਸਬੰਧਿਤ ਸ਼ਤਾਬਦੀਆਂ ਦੇ ਅਧਾਰਿਤ ਨਾਹਰਿਆਂ ਨਾਲ ਅਸਮਾਨ ਗੂੰਜਾ ਦਿੱਤੇ।

ਨਗਰ ਨਿਵਾਸੀ, ਸ਼ਹਿਰੀ ਸੰਗਤ ਨੇ ਵੀ ਸਾਰਾ-ਸਾਰਾ ਦਿਨ ਖਲੋ ਕੇ ਨਗਰ ਕੀਰਤਨਾਂ ਦੀ ਉਡੀਕ ਕੀਤੀ ਤੇ ਹਰ ਢੰਗ ਨਾਲ ਨਗਰ ਕੀਰਤਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰਤ ਸੇਵਾ ਕੀਤੀ; ਜਿਸ ਦੀ ਮਿਸਾਲ ਸ਼ਾਇਦ ਦੁਨੀਆਂ ਅੰਦਰ ਨਾ ਮਿਲ ਸਕੇ। ਸੇਵਾ ਕਰਨ ਵਾਲੀਆਂ ਸੰਗਤਾਂ ਨੇ ਨਗਰ ਕੀਰਤਨ 'ਚ ਸ਼ਾਮਿਲ ਸੰਗਤਾਂ ਨੂੰ ਚਾਹ, ਪਕੌੜੇ, ਸਮੋਸੇ, ਜਲੇਬੀਆਂ ਛਕਾਈਆਂ। ਦਾਲਾਂ, ਸਬਜ਼ੀਆਂ, ਮਟਰ-ਪਨੀਰ ਨਾਲ ਲੰਗਰ ਖੁਆਏ। ਛੋਲੇ-ਪੂੜੀਆਂ, ਚਾਟਾਂ ਦੇ ਸਟਾਲ ਲਾ ਕੇ ਸੰਗਤਾਂ ਨੂੰ ਤ੍ਰਿਪਤ ਕੀਤਾ। ਭਾਵਨੀ ਵਾਲਿਆਂ ਨੇ ਸੰਗਤਾਂ ਨੂੰ ਫਾਸਟਫੂਡ, ਬਰਗਰ, ਨੂਡਲ ਤੇ ਪੀਜ਼ੇ ਛਕਾ ਕੇ ਪ੍ਰਸੰਨਤਾ ਲਈ। ਮਿੱਠੇ ਦੇ ਸ਼ੌਕੀਨ ਨਗਰ ਕੀਰਤਨੀਆਂ ਲਈ ਸੰਗਤਾਂ ਨੇ ਬਰਫ਼ੀ, ਗੁਲਾਬ-ਜਾਮਣਾਂ ਤੇ ਰਸਗੁਲਿਆਂ ਆਦਿਕ ਮਿਸ਼ਟਾਨ ਪਦਾਰਥਾਂ ਦੇ ਅਤੁੱਟ

ਲੰਗਰ ਲਗਾ ਦਿੱਤੇ। ਇਸ ਦੇ ਨਾਲ ਹੀ ਫ਼ਲੋ-ਅਹਾਰੀਆਂ ਲਈ ਸੰਗਤਾਂ ਨੇ ਹਰ ਪ੍ਰਕਾਰ ਦੇ ਫ਼ਲ-ਫ਼ਰੂਟ ਦੀ ਸੇਵਾ ਕਰ ਕੇ ਧੰਨ ਭਾਗ ਸਮਝੇ। ਕਿਸੇ ਨੇ ਨਿੰਬੂ ਦੀ ਸ਼ਕੰਜਵੀਂ ਦੇ ਸਟਾਲ ਲਾਏ, ਕਿਤੇ ਜ਼ਿਮੀਦਾਰਾਂ ਨੇ ਆਪਣੀ ਕਮਾਈ ਸਫ਼ਲਾ ਕਰਨ ਲਈ ਵੇਲਣੇ ਗੱਡ ਨਿੰਬੂ ਵਾਲੀ ਗੰਨਿਆਂ ਦੀ ਰਸ ਪਿਆਈ। ਬਹੁਤ ਥਾਈਂ ਇਸ ਖਾਧੀ ਹੋਈ ਖ਼ੁਰਾਕ ਨੂੰ ਪਚਾਣ ਲਈ ਕੋਕ, ਪੈਪਸੀ, ਲਿਮਕਾ, ਫੈਂਟਾ ਦੇ ਕੈਨ, ਪਾਣੀ ਦੀਆਂ ਬੋਤਲਾਂ ਸੰਗਤਾਂ ਨੇ ਨਗਰ ਕੀਰਤਨ ਵਾਲਿਆਂ ਨੂੰ ਵਰਤਾ ਕੇ ਆਪਣੇ ਧੰਨ ਭਾਗ ਸਮਝੇ। ਛਕਣ ਵਾਲਿਆਂ ਨੇ ਵੀ ਪੇਟ ਦੇ ਜੁਆਬ ਦੇਣ ਉਪ੍ਰੰਤ ਵੀ ਸੰਗਤਾਂ ਦਾ ਪਿਆਰ ਕਬੂਲਿਆ ਤੇ ਕਿਸੇ ਥਾਂ ਵੀ ਛਕਾਉਣ ਵਾਲਿਆਂ ਦੇ ਮਨ ਨੂੰ ਠੇਸ ਨਹੀਂ ਪਹੁੰਚਾਈ ਪਰ ਨਗਰ ਕੀਰਤਨ ਕੱਢਣ ਵਾਲਿਆਂ ਨੇ ਸ਼ਾਇਦ ਸੰਗਤਾਂ ਨੂੰ ਕੁਝ ਨਹੀਂ ਦਿੱਤਾ, ਨਾ ਹੀ ਮਨਾਈ ਜਾ ਰਹੀ ਸ਼ਤਾਬਦੀ ਦੀ ਜਾਣਕਾਰੀ ਦਿੱਤੀ ਤੇ ਨਾ ਹੀ ਕੋਈ ਗੁਰੂ ਉਪਦੇਸ਼ ਦਾ ਕਿਤਾਬਚਾ ਸੰਗਤਾਂ ਨੂੰ ਭੇਟ ਕੀਤਾ ਤਾਂ ਜੋ ਨਗਰ ਕੀਰਤਨ ਦੀ ਵਿਦਾਇਗੀ ਤੋਂ ਉਪ੍ਰੰਤ ਉਹ ਵਿਹਲੇ ਟਾਈਮ ਉਸ ਨੂੰ ਪੜ੍ਹ ਕੇ ਸਤਿਗੁਰਾਂ ਦੇ ਉਪਕਾਰਾਂ ਅਤੇ ਉਪਦੇਸ਼ਾਂ ਤੋਂ ਜਾਣੂੰ ਹੋ ਸਕਦੇ ਜਾਂ ਉਹਨਾਂ ਨੂੰ ਗੁਰਬਾਣੀ ਦੇ ਸੁਨਹਿਰੀ ਅਸੂਲਾਂ ਦਾ ਕੋਈ ਗਿਆਨ ਹੋ ਸਕਦਾ ਜਾਂ ਉਹ ਸਤਿਗੁਰੂ ਜੀ ਦੇ ਉਪਕਾਰ ਹੀ ਯਾਦ ਕਰਦੇ। ਐਸਾ ਕੋਈ ਉਪਰਾਲਾ ਕਿਸੇ ਵੀ ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਉਚੇਚੇ ਰੂਪ ਵਿੱਚ ਕੀਤਾ ਕਿਤੇ ਨਜ਼ਰੀਂ ਨਹੀਂ ਪਿਆ।

ਥੋੜ੍ਹੇ ਸਾਲ ਹੀ ਹੋਏ ਹਨ ਆਪਾਂ ਦੀ ਸਿਮ੍ਰਤੀ ਵਿੱਚ ਅਜੇ ਤਾਜ਼ਾ ਹੋਵੇਗਾ ਜਦ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਿੰਨ ਸੌ ਸਾਲਾ ਗੁਰਤਾ ਗੱਦੀ ਦੀ ਸ਼ਤਾਬਦੀ ਅਸੀਂ ਬੜੇ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਈ। ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਨੰਦੇੜ ਤੋਂ ਸੁੰਦਰ ਬੱਸ ਵਿੱਚ ਪਾਲਕੀ ਸੁਸ਼ੋਭਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ, ਤਕਰੀਬਨ ਅੱਧੇ ਹਿੰਦੁਸਤਾਨ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗਤਾਂ ਨੇ ਦਰਸ਼ਨ ਕੀਤੇ। ਹਰ ਸਿੱਖ ਹਿੰਦੂ ਤੇ ਹੋਰ ਮੱਤਾਂ ਦੀਆਂ ਸੰਗਤਾਂ ਵਿੱਚ ਇੰਨਾਂ ਉਤਸ਼ਾਹ ਸੀ, ਜਿਸ ਨੂੰ ਵਰਣਨ ਕਰਨਾ ਕਲਮ ਦੀ ਪਹੁੰਚ ਤੋਂ ਪਰ੍ਹੇ ਹੈ। ਜਿੱਥੇ ਪਾਲਕੀ ਸਾਹਿਬ ਨੇ ਸ਼ਾਮ ਚਾਰ ਵਜੇ ਪੁੱਜਣਾ ਸੀ, ਉਥੇ ਪਾਲਕੀ ਸਾਹਿਬ ਰਾਤ ਬਾਰਾਂ ਜਾਂ ਇੱਕ ਵਜੇ ਪੁੱਜੀ ਪਰ ਕੀ ਮਜਾਲ ਕਿ ਸੰਗਤ ਦੇ ਉਤਸ਼ਾਹ ਵਿੱਚ ਕੋਈ ਫਰਕ ਪਿਆ ਹੋਵੇ। ਉਹ ਆਪਣੇ ਗੁਰੂ ਦੇ ਦੀਦਾਰ ਕਰਨ ਅਤੇ ਸ਼ਰਧਾ ਭੇਟ ਕਰਨ ਵਾਸਤੇ ਉਸੇ ਉਤਸ਼ਾਹ ਨਾਲ ਉਡੀਕ ਕਰਦੀਆਂ ਰਹੀਆਂ। ਸਤਿਗੁਰਾਂ ਨੂੰ ਮਾਇਆ, ਰੁਮਾਲੇ ਅਰਪਣ ਕਰਨ ਵਾਲਿਆਂ ਦੀ ਵਾਰੀ ਨਹੀਂ ਸੀ ਆਉਂਦੀ। ਸੰਗਤਾਂ ਜੋ ਨਗਰ ਕੀਰਤਨ ਵਿੱਚ ਸ਼ਾਮਲ ਸਨ ਉਹਨਾਂ ਦੀ ਖਾਤਰਦਾਰੀ, ਘਰ ਆਏ ਨਜ਼ਦੀਕੀ ਮਹਿਮਾਨਾਂ ਨਾਲੋਂ ਜਿਆਦਾ ਸੇਵਾ ਕਰ ਕੇ ਸੰਗਤਾਂ ਆਪਣੇ ਧੰਨ ਭਾਗ ਸਮਝ ਰਹੀਆਂ ਸਨ। ਪਰ ਨਗਰ ਕੀਰਤਨ

ਵਾਲਿਆਂ ਕੀ ਦਿੱਤਾ? ਇੱਕ ਗਾਇਆ ਹੋਇਆ ਸ਼ਤਾਬਦੀ ਨਾਲ ਸਬੰਧਿਤ ਗੀਤ:-

**ਤਿੰਨ ਸੌ ਸਾਲ ਗੁਰੂ ਦੇ ਨਾਲ। ਹਰ ਵੇਲੇ ਹਰ ਦਮ ਗੁਰੂ ਦੇ ਨਾਲ।**

ਇਹ ਇੱਕੋ ਟਿਊਨ ਹੀ, ਆਦਿ ਤੋਂ ਲੈ ਕੇ ਅੰਤ ਤੱਕ ਵੱਜਦੀ ਸੁਣਦੀ ਰਹੀ। ਸੰਗਤਾਂ ਨੂੰ ਉਸ ਸ਼ਤਾਬਦੀ ਦੀ ਕੀ ਜਾਣਕਾਰੀ ਮਿਲੀ? ਬਹੁਤਿਆਂ ਨੂੰ ਇਹ ਨਹੀਂ ਪਤਾ ਲੱਗ ਸਕਿਆ ਕਿ ਇਹ ਸ਼ਤਾਬਦੀ ਮਨਾਉਣ ਦਾ ਕੀ ਮੰਤਵ ਤੇ ਮਨੋਰਥ ਹੈ? ਜਿਸ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿੰਨ ਸੌ ਸਾਲਾ ਗੁਰਤਾਗੱਦੀ ਸਮਾਗਮਾਂ 'ਚ ਆਪਾਂ ਇਤਨੀ ਸ਼ਰਧਾ ਨਾਲ ਸ਼ਾਮਿਲ ਹੋ ਰਹੇ ਹਾਂ ਜਾਂ ਜੋ ਸਮਾਗਮ ਸਾਰਾ ਸਿੱਖ ਜਗਤ ਮਨਾ ਰਿਹਾ ਹੈ ਉਸ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ, ਕਿੰਨੇ ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਦਰਜ਼ ਹੈ? ਗੁਰੂ ਗ੍ਰੰਥ ਸਾਹਿਬ ਜੀ ਨੇ ਮਨੁੱਖਤਾ ਨੂੰ ਕੀ ਉਪਦੇਸ਼ ਦਿੱਤੇ ਹਨ? ਕੋਈ ਉਪਰਾਲਾ ਨਹੀਂ ਹੋ ਸਕਿਆ। ਜੇ ਕਿਤੇ ਇੱਕ ਦਿਨ ਦੀ ਗੋਲਕ ਦੀ ਮਾਇਆ ਨਾਲ ਦੋ-ਤਿੰਨ ਲੱਖ ਕਿਤਾਬਚਾ ਛਪਾ ਲਿਆ ਜਾਂਦਾ ਤੇ ਉਸ ਨੂੰ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿੱਚ ਛਪਵਾ ਕੇ ਜਿਸ ਵੀ ਸੂਬੇ ਵਿੱਚ ਦੀ ਨਗਰ ਕੀਰਤਨ ਜਾਂਦਾ, ਉਥੇ ਸੰਗਤਾਂ ਨੂੰ ਖੁੱਲਾ ਵੰਡਿਆ ਜਾਂਦਾ। ਲੋਕਾਂ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਸ਼ਾਦਿ ਜਾਣ ਕੇ ਬੜੇ ਪ੍ਰੇਮ ਨਾਲ ਪੜ੍ਹਨਾ ਵੀ ਸੀ ਤੇ ਬੜੇ ਸਤਿਕਾਰ ਨਾਲ ਉਸ ਕਿਤਾਬਚੇ ਨੂੰ ਘਰ ਸਾਂਭ ਕੇ ਰੱਖਣਾ ਵੀ ਸੀ। ਉਸ ਕਿਤਾਬਚੇ ਨੇ ਪਤਾ ਨਹੀਂ ਲੁਕਾਈ ਵਿੱਚ ਕਿੰਨਾਂ ਕੁ ਪ੍ਰਚਾਰ ਅਤੇ ਗੁਰਸਿੱਖੀ ਦੀ ਜਾਣਕਾਰੀ ਛੱਡ ਜਾਣੀ ਸੀ ਪਰ ਬਦਕਿਸਮਤੀ ਨਾਲ ਅਜਿਹਾ ਹੋ ਨਹੀਂ ਸਕਿਆ। ਇਹ ਵਰਤਾਰਾ ਕੇਵਲ ਇਸ ਸ਼ਤਾਬਦੀ ਵਿੱਚ ਹੀ ਨਹੀਂ ਵਰਤਿਆ, ਪੰਜਾਬ ਦੀ ਧਰਤੀ ਤੇ ਮਨਾਏ ਗਏ ਸਮਾਗਮ ਸ਼ਾਇਦ ਇਸ ਤੋਂ ਵੀ ਘਾਟੇ ਵਿੱਚ ਰਹੇ ਹੋਣ ਜਿੱਥੇ ਆਪਣੇ ਭਾਈਵਾਲਾਂ ਨੂੰ, ਜਿੰਨ੍ਹਾਂ ਦੀ ਨਿਗਾਹ ਵਿੱਚ ਖ਼ਾਲਸਾ ਪੰਥ ਦੀ ਚੜ੍ਹਦੀਕਲਾ ਹਰ ਸਮੇਂ ਰੜਕਦੀ ਹੈ ਅਤੇ ਸ਼ਾਇਦ ਖ਼ਾਲਸੇ ਦਾ ਵਜ਼ੂਦ ਉਨ੍ਹਾਂ ਦੀ ਹਿੱਕ ਤੇ ਸੱਪ ਬਣ ਕੇ ਲੇਟਦਾ ਹੋਵੇ, ਅਜਿਹੇ ਰਾਜਨੀਤਕਾਂ ਦੀ ਖੁਸ਼ਾਮਦੀ ਕਰ ਕੇ ਖੁਸ਼ੀ ਲੈਣ ਲਈ ਅਸੀਂ ਮੁੱਖ ਸਮਾਗਮਾਂ ਦੇ ਸਮੇਂ ਵੀ ਬਦਲ ਦਿੱਤੇ ਅਤੇ ਉੱਥੇ ਹੋਣ ਵਾਲੇ ਗੁਰਸਿੱਖੀ ਦੇ ਪ੍ਰਚਾਰ, ਪ੍ਰਸਾਰ ਨੂੰ ਵੀ ਸੀਮਿਤ ਕਰ ਲਿਆ ਤਾਂ ਜੋ ਸਾਡੇ ਆਕਾ ਗੁਰਸਿੱਖੀ ਸਿਧਾਂਤ ਅਤੇ ਖ਼ਾਲਸੇ ਦੇ ਨਿਆਰੇਪਨ ਦਾ ਪ੍ਰਚਾਰ ਸੁਣ ਕੇ ਨਰਾਜ਼ ਨਾ ਹੋ ਜਾਣ। ਜਦ ਪ੍ਰਬੰਧਕਾਂ ਨੇ ਸੰਗਤਾਂ ਤੱਕ ਗਿਆਨ ਪਹੁੰਚਾਉਣ ਦਾ ਕੋਈ ਯਤਨ ਹੀ ਨਹੀਂ ਕੀਤਾ ਫਿਰ ਸੰਗਤਾਂ ਵੀ ਕੀ ਕਰਦੀਆਂ, ਉਨ੍ਹਾਂ ਦਾ ਵੀ ਕੀ ਕਸੂਰ? ਸੰਗਤਾਂ ਪੰਜ-ਪੰਜ ਛੇ-ਛੇ ਦਿਨ ਮੌਜ ਮੇਲਾ ਕਰ ਜਿਵੇਂ ਗਈਆਂ ਸਨ ਤਿਵੇਂ ਘਰਾਂ ਨੂੰ ਵਾਪਸ ਆ ਪਰਤੀਆਂ। ਜੇ ਘਰ ਆਇਆਂ ਨੂੰ ਕਿਸੇ ਪੁੱਛਿਆ ਵੀ ਕਿ ਕਿੱਥੋਂ ਆਏ ਹੋ? ਅੱਗੋਂ ਉੱਤਰ ਮਿਲਿਆ ਜੀ ! ਸ਼ਤਾਬਦੀ ਮਨਾ ਕੇ, ਕਿਹੜੀ ਸ਼ਤਾਬਦੀ, ਕੀਹਦੀ ਸ਼ਤਾਬਦੀ ਤੇ ਸ਼ਤਾਬਦੀ ਕੀ ਸੀ? ਇਹ ਜਾਣੇ ਬਲਾ।

ਜ਼ਰੂਰਤ ਸੀ ਕਿ ਸਮਾਗਮ ਨਾਲ ਸਬੰਧਤ, ਗੁਰੂ ਉਪਦੇਸ਼ ਨੂੰ ਦ੍ਰਿੜ ਕਰਵਾਉਣ ਵਾਲੇ ਸਤਿਗੁਰੂ ਸਾਹਿਬਾਨ ਜੀ ਦੇ ਪਰਉਪਕਾਰਾਂ ਨੂੰ ਯਾਦ ਕਰਵਾਉਣ ਵਾਲੀਆਂ ਪੁਸਤਕਾਂ, ਕਿਤਾਬਚੇ, ਸੀ.ਡੀ, ਡੀ.ਵੀ.ਡੀ. ਵਗੈਰਾ ਸੰਗਤਾਂ ਨੂੰ ਭੇਟਾ ਰਹਿਤ ਵੰਡੀਆਂ ਜਾਂਦੀਆਂ। ਕਾਰਣ ਇਹ ਹੈ ਕਿ ਸਾਡੀ ਕੌਮ ਵਿੱਚ ਪੜ੍ਹਨ ਅਤੇ ਸੁਚੱਜੀ ਜਾਂ ਚੰਗੀ ਸਿੱਖਿਆ ਸੁਣਨ ਦੀ ਰੁਚੀ ਘੱਟ ਹੈ। ਚੰਗਾ ਸਾਹਿਤ ਪੜ੍ਹਨ ਦੀ ਤੇ ਗੁਰੂ ਉਪਦੇਸ਼ ਸੁਣਨ ਲਈ ਚੇਟਕ ਲਾਉਣ ਹਿਤ ਮੁਫ਼ਤ ਸਾਹਿਤ ਵੰਡਣਾ ਤੇ ਸੀਡੀਜ਼ ਦੇਣੀਆਂ ਵੀ ਘਾਟੇਵੰਦਾ ਸੌਦਾ ਨਹੀਂ ਸਗੋਂ ਲਾਹੇਵੰਦ ਸੌਦਾ ਹੈ ਅਤੇ ਸਮੇਂ ਦੀ ਲੋੜ ਹੈ। ਲੰਗਰ ਪ੍ਰਸ਼ਾਦ ਤੇ ਪੇਟ ਦੀ ਪੂਰਤੀ ਲਈ ਹਰ ਬੰਦਾ ਆਪਣੇ ਵਿੱਤ ਅਨੁਸਾਰ ਛਕਦਾ ਹੈ ਤੇ ਛਕਣਾ ਪੈਂਦਾ ਹੈ ਪਰ ਆਤਮਿਕ ਅਹਾਰ ਤੇ ਚੰਗੇ ਕਿਰਦਾਰ ਦੇ ਧਾਰਨੀ ਬਣਨ ਲਈ ਚੰਗਾ ਸਾਹਿਤ, ਗੁਰੂ ਸਿਖਿਆਵਾਂ, ਗੁਰੂ ਬਾਣੀ ਪੜ੍ਹਨੀ ਸੁਣਨੀ ਅਤਿ ਲਾਜ਼ਮੀਂ ਹੈ। ਅੱਜ ਤੱਕ ਜਿਤਨੇ ਵੀ ਸਮਾਗਮ ਸ਼ਤਾਬਦੀਆਂ ਆਦਿਕ ਦੇ ਰੂਪ ਵਿੱਚ ਮਨਾਏ ਗਏ ਹਨ, ਉਹ ਵੀ ਇਸੇ ਤਰਜ਼ ਤੇ ਮਨਾ ਕੇ ਸਮਾਪਤੀ ਹੋਈ ਹੈ।

ਹੁਣ ਜੂਨ ੨੦੧੫ ਵਿੱਚ ਸ੍ਰੀ ਅਨੰਦਪੁਰ ਸਾਹਿਬ ਜੀ ਦੀ ੩੫੦ਵੀਂ (ਤਿੰਨ ਸੌ ਪੰਜਾਹਵੀਂ) ਸਥਾਪਨਾ ਵਰ੍ਹੇਗੰਢ ਸੰਗਤਾਂ ਬੜੇ ਉਤਸ਼ਾਹ ਸਹਿਤ ਮਨਾਉਣ ਲਈ ਕਮਰਕੱਸੇ ਕਰ ਰਹੀਆਂ ਹਨ। ਕੁਝ ਨਗਰ ਕੀਰਤਨ ਥਾਵਾਂ-ਥਾਵਾਂ ਤੋਂ ਨਿਕਲ ਚੁੱਕੇ ਹਨ ਅਤੇ ਬਾਕੀਆਂ ਦੀ ਤਿਆਰੀ ਹੋ ਰਹੀ ਹੈ। ਮਤਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਤਿੰਨ ਸੌ ਪੰਜਾਹਵੇਂ ਸਥਾਪਨਾ ਦਿਵਸ ਦੀ ਵਰ੍ਹੇਗੰਢ ਵੀ ਕਿਤੇ ਪਹਿਲੀਆਂ ਸ਼ਤਾਬਦੀਆਂ ਵਾਂਗ ਹੀ ਨਾ ਨਿਕਲ ਜਾਵੇ, ਇਸ ਤੋਂ ਸਾਵਧਾਨ ਹੋ ਕੇ ਸਤਿਗੁਰੂ ਜੀ ਨੇ ਜੋ ਪਰਉਪਕਾਰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਇਸ ਸੁਭਾਗੀ ਧਰਤ ਤੋਂ ਲੁਕਾਈ ਉੱਪਰ ਕੀਤੇ ਹਨ ਜਿੱਥੇ ਉਹਨਾਂ ਪਰਉਪਕਾਰਾਂ ਨੂੰ ਆਪਣੀ ਸਿਮ੍ਰਤੀ ਵਿੱਚ ਤਰੋਤਾਜਾ ਕਰ ਕੇ ਸਤਿਗੁਰੂ ਜੀ ਦੇ ਚਰਨਾਂ ਤੋਂ ਆਪਾ ਘੋਲ ਘੁਮਾਉਣ ਦੀ ਜ਼ਰੂਰਤ ਹੈ ਉੱਥੇ ਇਹਨਾਂ ਮਾਨਵਤਾ ਦੇ ਭਲੇ ਲਈ ਕੀਤੇ ਕਾਰਜਾਂ ਨੂੰ ਸਮੁੱਚੀ ਲੁਕਾਈ ਸਾਹਵੇਂ ਉਜਾਗਰ ਕਰਨ ਦੀ ਜਰੂਰਤ ਹੈ।

ਇਸ ਭਾਵਨਾ ਅਧੀਨ ਹੀ ਹਥਲੀ ਪੁਸਤਕ ਸਤਿਗੁਰੂ ਜੀ ਅਤੇ ਉਹਨਾਂ ਦੀ ਪਿਆਰੀ ਸੰਗਤ ਦੀ ਭੇਟਾ ਕਰਨ ਦਾ ਨਿਮਾਣਾ ਜਿਹਾ ਯਤਨ ਗੁਰੂ ਮਿਹਰ ਸਦਕਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਕੋਸ਼ਿਸ਼ ਗੁਰੂ ਮਿਹਰ ਦੀ ਉਸੇ ਲੜੀ ਦਾ ਇੱਕ ਹਿੱਸਾ ਹੈ ਜਿਸ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਤੇ "**ਸਬਦੁ ਗੁਰ ਪੀਰਾ**" ੫੪੮ ਪੰਨਿਆਂ ਦੀ ਪੁਸਤਕ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ਤੇ "**ਗੁਰੁ ਅਰਜੁਨੁ ਪਰਤਖ੍ ਹਰਿ**" ਕਿਤਾਬਚਾ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਤਿੰਨ ਸੌ ਸਾਲਾ ਗੁਰਤਾ ਗੱਦੀ ਤੇ ਬਿਰਾਜਮਾਨ ਹੋਣ ਦੀ ਤੀਸਰੀ ਸ਼ਤਾਬਦੀ ਦੇ ਸਮੇਂ "**ਗੁਰੂ ਗ੍ਰੰਥ ਸਾਹਿਬ**

**ਦਰਸ਼ਨ**" ੩੨੦ ਪੰਨਿਆਂ ਦੀ ਪੁਸਤਕ ਅਤੇ ਗੁਰ ਸਾਗਰ (ਗੁਰ ਉਪਦੇਸ਼) ਜੋ ਕਿ ੧੨੦ ਪੰਨਿਆਂ ਦੀ ਪੁਸਤਕ ਹੈ, ਇਹ ਦੋਵੇਂ ਪੁਸਤਕਾਂ ਸੰਗਤਾਂ ਦੀ ਭੇਟਾ ਕੀਤੀਆਂ ਸਨ। ਗੁਰੂ ਮਿਹਰ ਨਾਲ ਇਹ ਸਾਰੀਆਂ ਪੁਸਤਕਾਂ ਹਜ਼ਾਰਾਂ ਦੀ ਗਿਣਤੀ ਵਿੱਚ ਭੇਟਾ ਰਹਿਤ ਹੀ ਸੰਗਤ ਦੀ ਸੇਵਾ ਵਿੱਚ ਵਰਤਾਈਆਂ ਗਈਆਂ ਸਨ ਤੇ ਹੁਣ ਵੀ ਵਰਤਾਈਆਂ ਜਾਂਦੀਆਂ ਹਨ। ਸੋ ਐਤਕਾਂ ਵੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਤਿੰਨ ਸੌ ਪੰਜਾਹਵੀਂ ਸਥਾਪਨਾ ਵਰ੍ਹੇਗੰਢ ਜੋ ਜੂਨ ਮਹੀਨੇ ਵਿੱਚ ਆ ਰਹੀ ਹੈ, ਇਸ ਅਵਸਰ ਤੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਦੇ ਪਰਉਪਕਾਰਾਂ ਨੂੰ ਨਤਮਸਤਕ ਹੋਣ ਲਈ ਇਹ ਹੱਥਲੀ ਪੁਸਤਕ ਸੰਗਤਾਂ ਵਿੱਚ ਮੋਖ ਰਹਿਤ ਵੰਡਣ ਦਾ ਯਤਨ ਕੀਤਾ ਹੈ ਤਾਂ ਜੋ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਦੇ ਪਰਉਪਕਾਰਾਂ ਤੋਂ ਜਾਣੂੰ ਹੋ, ਸਤਿਗੁਰੂ ਜੀ ਦੇ ਪਰਉਪਕਾਰ ਦਾ ਧੰਨਵਾਦ ਕਰ ਸਕਣ ਤੇ ਨਾਲ ਹੀ ਜੋ ਅਸੂਲ ਰਹਿਣੀ ਰਹਿਤ ਤੇ ਅੰਮ੍ਰਿਤ ਦੀ ਦਾਤ ਖ਼ਾਲਸਾ ਪੰਥ ਨੂੰ ਸਤਿਗੁਰਾਂ ਇਸ ਅਸਥਾਨ ਤੋਂ ਪ੍ਰਦਾਨ ਕਰ ਕੇ ਮਹਾਨ ਪਰਉਪਕਾਰ ਕੀਤਾ ਹੈ ਉਸ ਉਪਕਾਰ ਤੋਂ ਹਰ ਪ੍ਰਾਣੀ ਲਾਭ ਲੈ, ਅੰਮ੍ਰਿਤ ਛਕ ਰਹਿਤ ਰਹਿਣੀ ਦਾ ਧਾਰਨੀ ਬਣ, ਖ਼ਾਲਸਾ ਸੱਜ, ਗੁਰੂ ਪ੍ਰਵਾਰ ਦਾ ਮੈਂਬਰ ਬਣ ਕੇ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਕਰੇ।

ਕਲਗੀਧਰ ਜੀ ਨੇ ਜੋ-ਜੋ ਉਪਕਾਰ ਇਸ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਕੀਤੇ ਉਨ੍ਹਾਂ ਦੀ ਗਿਣਤੀ ਜ਼ੁਬਾਨ ਜਾਂ ਕਲਮ ਰਾਹੀਂ ਨਹੀਂ ਕੀਤੀ ਜਾ ਸਕਦੀ, ਕੇਵਲ ਇਸ ਪੁਸਤਕ ਰਾਹੀਂ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਉਣ ਤੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਨੂੰ ਸਿੱਜਦਾ ਕਰਨ ਦਾ ਨਿਮਾਣਾ ਜਿਹਾ ਯਤਨ ਹੀ ਕੀਤਾ ਗਿਆ ਹੈ। ਉਮੀਦ ਹੈ ਸੰਗਤਾਂ ਪਿਛਲੇ ਯਤਨਾਂ ਵਾਂਗ ਇਸ ਨੂੰ ਵੀ ਪ੍ਰਵਾਨ ਕਰ ਕੇ ਅਸੀਸ ਪ੍ਰਦਾਨ ਕਰਨਗੀਆਂ।

ਉਪ੍ਰੋਕਤ ਵੇਦਨ ਵਿੱਚ ਆਪਣੇ ਮਨ ਦੇ ਪ੍ਰਗਟ ਕੀਤੇ ਖਿਆਲਾਂ ਰਾਹੀਂ ਕਿਸੇ ਵੀ ਗੁਰੂ ਪਿਆਰੇ ਦੇ ਮਨ ਨੂੰ ਠੇਸ ਪਹੁੰਚਾਉਣ ਦੀ ਹਰਗਿਜ਼ ਵੀ ਭਾਵਨਾ ਨਹੀਂ ਹੈ। ਕਿਸੇ ਵੀ ਗੁਰੂ ਪਿਆਰੇ ਨੂੰ ਇਹਨਾਂ ਸ਼ਬਦਾਂ ਰਾਹੀਂ ਠੇਸ ਪੁੱਜੀ ਹੋਵੇ ਤਾਂ ਦਾਸ ਹੱਥ ਜੋੜ ਖਿਮਾਂ ਜਾਚਨਾ ਕਰਦਾ ਹੈ। ਜੋ ਕਾਰਜ ਪ੍ਰਬੰਧਕਾਂ ਨੇ ਜਾਂ ਸੰਗਤਾਂ ਨੇ ਗੁਰੂ ਦਰ ਹਾਜ਼ਰੀ ਲਵਾਉਣ ਲਈ ਕੀਤੇ ਸਭ ਨੂੰ ਨਮਸਕਾਰ ਹੈ ਸਾਰੇ ਉੱਦਮ ਸ਼ਲਾਘਾਯੋਗ ਹਨ ਪਰ ਜੇ ਅਸੀਂ ਇਸ ਵੇਦਨ ਵਿੱਚ ਸਾਂਝੇ ਕੀਤੇ "ਸਾਹਿਤਕ ਪ੍ਰਸਾਰ" ਦੇ ਪੱਖ ਨੂੰ ਅਪਨਾਉਣ ਦਾ ਉੱਦਮ ਵੀ ਆਪਣੇ ਯਤਨਾਂ ਵਿੱਚ ਸ਼ਾਮਿਲ ਕਰ ਲਈਏ ਤਾਂ ਨਿਸ਼ਚੇ ਹੀ ਸਤਿਗੁਰੂ ਜੀ ਦਾ ਸਿਧਾਂਤ ਅਤੇ ਉਪਦੇਸ਼ ਘਰ-ਘਰ ਤੱਕ ਪਹੁੰਚਾਉਣ ਵਿੱਚ ਜ਼ਰੂਰ ਮਦਦ ਮਿਲੇਗੀ।

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥**